# ਸੱਚ ਦੀ ਭਾਲ ਵਿੱਚ

**ਡਾ. ਦਲਜੀਤ ਸਿੰਘ**

*ਡੀ.ਐੱਸ-ਸੀ., ਐੱਮ.ਐੱਸ.*

## smrpx

*ਸੱਚਾਈ ਦੀ ਭਾਲ ਕਰਨ ਵਾਲਿਆਂ*

*ਅਤੇ*

*ਸੱਚ ਪ੍ਰਸਾਰਨ ਵਾਲਿਆਂ*

*ਨੂੰ*

# ਤਤਕਰਾ


*ਅਗਾਊਂ ਸ਼ਬਦ* 9

*ਸਾਡੇ ਸਮਿਆਂ ਦੇ ਸੱਚ ਦਾ ਚਿਤੇਰਾ : ਡਾ. ਦਲਜੀਤ ਸਿੰਘ* 13

- ਜੰਗਾਂ ਦੇ ਭਾਂਬੜ 19
- ਆਜ਼ਾਦ ਦੇਸ ਦਾ ਆਜ਼ਾਦ ਮੀਡੀਆ 24
- ਸਮਾਂ ਸਮਝਣਾ ਮੰਗਦਾ ਹੈ 28
- ਬਿੱਲਾ ਗਿਆ, ਬਾਘੜ ਬਿੱਲਾ ਆਇਆ 32
- ਪੁਆੜੇ ਦੀ ਜੜ੍ਹ 36
- ਇਰਾਕ ਤੋਂ ਅਣ-ਸੁਖਾਵੇਂ ਸੰਕੇਤ 45
- ਸੂਦ ਦਰ ਸੂਦ 50
- ਇਕ ਇਤਿਹਾਸਕ ਡਾਇਰੀ ਦਾ ਸੱਚ—ਨਕਲੀ ਸੀ 57
- ਸ੍ਰੀ ਹਜ਼ੂਰ ਦਾ ਖੇਡ-ਮੈਦਾਨ—ਤਿੱਬਤ 61
- ਐੱਚ.ਆਈ.ਵੀ. ਅਤੇ ਏਡਜ਼ ਦਾ ਹਊਆ 66

- ...ਸੱਚ ਕੀ ਬੇਲਾ 71
- ਰੌਥਚਾਈਲਡ ਟੱਬਰ ਦੀਆਂ ਮਹਾਨ ਪ੍ਰਾਪਤੀਆਂ 75
- ਲੋਹੇ ਨਾਲ ਟੱਕਰ—ਡੇਨੀਅਲ ਐਲਜ਼ਬਰਗ 97
- ਸਾਮਰਾਜੀ 'ਲੋਕ-ਰਾਜ' ਦਾ ਪਰਸਾਰ 102
- ਇਰਾਕ ਉੱਤੇ ਅਮਰੀਕਾ ਦਾ ਪਹਿਲਾ ਧਾਵਾ 107
- ਕਥਿੱਤ ਸਹਿਮਵਾਦ ਦਾ ਨਵਾਂ ਚਿਹਰਾ : ਇੰਟਰਨੈੱਟ 112
- ਅੱਡਿਆਂ ਦਾ ਸਾਮਰਾਜੀ ਪਰਛਾਵਾਂ 116
- ਕਿਉਂ ਜ਼ੁਲਮ ਕਮਾਉਂਦਾ ਏਂ ਜ਼ਾਲਮਾ, ਰਾਜ ਸਦਾ ਨਹੀਂ ਰਹਿਣਾ! 120
- ਸਾਮਰਾਜ ਸੱਚ, ਝੂਠ ਅਤੇ ਖ਼ਲਕਤ 123
- ਬੈਂਕਰ ਚੁੜੇਲਾਂ : ਬੇਖ਼ਬਰ ਦੁਨੀਆਂ 129
- ਸ਼ਕਤੀ ਦੇ ਸੋਮੇ 136
- ਹਥਿਆਰਾਂ ਅਤੇ ਖ਼ਿਆਲਾਂ ਦੀ ਜੰਗ 148
- ਦੋ ਸ਼ਹਿਰਾਂ ਦੀ ਅਚਰਜ ਕਥਾ 152
- ਪ੍ਰਮਾਣੂ ਜੰਗ ਕੋਈ ਖੇਡ ਨਹੀਂ 156
- ਚਰਨੋਬਿਲ ਹਾਦਸੇ ਦੀ ਚੇਤਾਵਨੀ 162
- ਟਾਈਟੈਨਿਕ ਨੂੰ ਕਿਵੇਂ ਡੋਬਿਆ ਗਿਆ 168
- ਭੇਡ-ਬਿਰਤੀ ਕਿ ਸੂਝ ਬਿਰਤੀ ? 174
- ਵੀਅਤਨਾਮ ਦੀਆਂ ਸੁਰੰਗਾਂ 178
- ਇਕ ਨਵੇਂ ਦੱਖਣੀ ਏਸ਼ੀਆ ਦੀ ਰੂਪ-ਰੇਖਾ 184
- ਰਿੰਗਵਰਮ ਚਿਲਡਰਨ ਅਰਥਾਤ 'ਧੱਦਰ ਵਾਲੇ ਬੱਚੇ' 188
- ਰੌਥਚਾਈਲਡ ਆਕਟੋਪਸ/ਤੇਂਦੂਆ ਅਤੇ ਭੂਗੋਲਿਕ ਸਮਾਜ 192
- ਇਸਰਾਈਲ 195
- ਰੌਥਚਾਈਲਡ, ਵੈਟੀਕਨ ਅਤੇ ਨਵਾਂ ਵਿਸ਼ਵ ਢਾਂਚਾ 198
- ਜੰਗ ਖ਼ਾਤਮੇ ਉਪਰੰਤ ਜਰਮਨੀ ਵਿਚ ਨਰ-ਸੰਘਾਰ 204

# ਅਗਾਊਂ ਸ਼ਬਦ

ਖ਼ਬਰਾਂ ਜਾਨਣ ਦੀ ਚੇਟਕ ਤਾਂ ਮੈਨੂੰ ਛੋਟੀ ਉਮਰੇ ਹੀ ਲੱਗ ਗਈ ਸੀ। ਮੇਰੇ ਪਿਤਾ ਪ੍ਰੋ. ਸਾਹਿਬ ਸਿੰਘ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਪੜ੍ਹਾਉਂਦੇ ਸਨ ਅਤੇ ਅਸੀਂ ਕਵਾਟਰ ਨੰਬਰ 24 ਵਿਚ ਰਹਿੰਦੇ ਸਾਂ। 1943 ਵਿਚ ਮੈਂ ਨੌਂ ਸਾਲ ਦਾ ਸੀ, ਜਦੋਂ ਮੈਨੂੰ ਘਰ ਅੰਦਰ ਇਕ ਛੋਟੇ ਜਿਹੇ ਫਿਲਿਪਸ ਰੇਡੀਓ ਦੀ ਮਹੱਤਤਾ ਦੀ ਸਮਝ ਆਈ। ਦੂਜੀ ਜੰਗ ਜ਼ੋਰਾਂ 'ਤੇ ਸੀ। ਖ਼ਬਰਾਂ ਦਾ ਸੋਮਾ ਤਾਂ ਕੇਵਲ ਬੀ.ਬੀ.ਸੀ. ਹੀ ਸੀ, ਜੋ ਲਾਹੌਰ ਤੋਂ ਰੀਲੇਅ ਹੁੰਦਾ ਸੀ। ਕਦੇ-ਕਦਾਈਂ ਰਾਤ ਵੇਲੇ ਰੇਡੀਓ ਬਰਲਿਨ ਲਗਾ ਕੇ ਉਧਰ ਦੀਆਂ ਖ਼ਬਰਾਂ ਵੀ ਸੁਣੀਆਂ ਜਾਂਦੀਆਂ ਸਨ। ਦੇਸਾਂ ਦੇ, ਜੰਗ ਦੇ ਇਲਾਕਿਆਂ ਦੇ ਨਕਸ਼ਿਆਂ ਵੱਲ ਧਿਆਨ ਰਹਿੰਦਾ ਸੀ। ਅਖ਼ਬਾਰਾਂ ਪ੍ਰਚਲਿਤ ਸਨ; *ਸਿਵਲ ਐਂਡ ਮਿਲਟਰੀ ਗਜ਼ਟ* ਅਤੇ *ਟ੍ਰਿਬਿਊਨ* (ਅੰਗਰੇਜ਼ੀ) ਅਤੇ ਇਕ ਦੋ ਅਖ਼ਬਾਰਾਂ ਉਰਦੂ ਵਿਚ ਹੁੰਦੀਆਂ ਸਨ। ਸਮਝ ਆਵੇ ਨਾ ਆਵੇ, ਖ਼ਾਲਸਾ ਕਾਲਜ ਦੀ ਲਾਇਬ੍ਰੇਰੀ ਵਿਚ ਜਾ ਕੇ ਅਖ਼ਬਾਰਾਂ ਨੂੰ ਮੂੰਹ ਮਾਰਨਾ ਨਿੱਤ ਦੀ ਆਦਤ ਬਣ ਗਈ। ਐਟਮ ਬੰਬ ਦੇ ਟੈਸਟ ਦੀ ਖ਼ਬਰ ਅਤੇ ਹੀਰੋਸ਼ੀਮਾ ਨਾਗਾਸਾਕੀ ਉੱਤੇ ਸੁੱਟੇ ਜਾਣ ਦੀਆਂ ਖ਼ਬਰਾਂ ਤਾਂ ਮੇਰੇ ਦਿਮਾਗ਼ ਉੱਤੇ ਛਪ ਗਈਆਂ।

ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਅੰਦਰ ਦੇਸ ਆਜ਼ਾਦ ਹੋਣ ਤੋਂ ਕਈ ਚਿਰ ਪਹਿਲਾਂ ਤੋਂ, ਕਈ ਤਰ੍ਹਾਂ ਦੀਆਂ ਸਿਆਸੀ ਲਹਿਰਾਂ ਚਲਦੀਆਂ ਆ ਰਹੀਆਂ ਸਨ। ਕੁਆਟਰਾਂ ਵਿਚ ਰਹਿੰਦੇ ਸਕੂਲ ਅਤੇ ਕਾਲਜ ਦੇ ਅਧਿਆਪਕਾਂ ਦੀਆਂ ਛੋਟੀਆਂ ਛੋਟੀਆਂ ਟੋਲੀਆਂ, ਰੋਜ਼ਾਨਾ ਖ਼ਬਰਾਂ ਉੱਤੇ ਟਿੱਪਣੀਆਂ ਕਰਦੀਆਂ ਅਤੇ ਕਿਆਫ਼ੇ ਲਾਉਂਦੀਆਂ ਸਨ। ਉਨ੍ਹਾਂ ਦੇ ਕੋਲ ਖੜ੍ਹੋ ਕੇ ਸੁਣਨਾ ਮੈਨੂੰ ਚੰਗਾ ਲੱਗਦਾ ਸੀ। ਬਰਤਾਨਵੀ ਸਰਕਾਰ-ਵਿਰੋਧੀ ਵਿਦਿਆਰਥੀ ਵੀ ਲੰਘਦੇ ਰਹਿੰਦੇ ਸਨ। ਹੱਥ-ਲਿਖਤ ਜਾਂ ਉਨ੍ਹਾਂ ਜ਼ਮਾਨਿਆਂ ਦੇ ਦੇਸੀ ਤਰੀਕੇ ਦੇ 'ਫੋਟੋਸਟੈਟ' ਕਾਗ਼ਜ਼ ਵੀ ਹੱਥ ਆਉਂਦੇ ਰਹਿੰਦੇ ਸਨ, ਜਿਹੜੇ ਮਸਾਂ ਹੀ ਪੜ੍ਹੇ ਜਾਂਦੇ ਸਨ। ਫ਼ਾਰਸੀ ਦੇ ਮਾਹਰ ਪ੍ਰੋ. ਦੀਵਾਨ ਸਿੰਘ ਸਾਡੇ ਗਵਾਂਢੀ ਸਨ। ਤਿੰਨ ਘਰ ਛੱਡ ਕੇ ਇਕ ਪਾਸੇ ਪ੍ਰੋ. ਗੰਡਾ ਸਿੰਘ ਇਤਿਹਾਸਕਾਰ

ਅਤੇ ਦੂਜੇ ਪਾਸੇ ਪ੍ਰੋ. ਕਰਮ ਸਿੰਘ ਇਕੋਨਾਮਿਕਸ ਵਾਲੇ ਰਹਿੰਦੇ ਸਨ। ਪ੍ਰੋ. ਕਰਮ ਸਿੰਘ ਤੋਂ ਮੈਨੂੰ ਵਿੱਤੀ ਮਾਮਲਿਆਂ ਅਤੇ ਉਨ੍ਹਾਂ ਦੇ ਸਿਆਸਤ ਅਤੇ ਇਤਿਹਾਸ ਨਾਲ ਸੰਬੰਧਾਂ ਦੀ ਸਮਝ ਆਉਣੀ ਸ਼ੁਰੂ ਹੋਈ।

1947 ਵਿਚ ਦੇਸ ਵੰਡ ਹੋਈ ਤਾਂ ਖ਼ਾਲਸਾ ਕਾਲਜ ਅੰਦਰ ਸ਼ਰਨਾਰਥੀਆਂ ਦਾ ਹੜ੍ਹ ਆ ਗਿਆ। ਮੇਰੇ ਨਾਨਕਿਆਂ ਅਤੇ ਦਾਦਕਿਆਂ ਵੱਲੋਂ ਸਭ ਲੋਕ ਆ ਗਏ। ਥੋੜ੍ਹੀ ਦੇਰ ਸਿਰ ਲੁਕਾ ਕੇ, ਅੱਗੇ ਨਵੇਂ ਸ਼ਹਿਰਾਂ ਅਤੇ ਟਿਕਾਣਿਆਂ ਨੂੰ ਤੁਰ ਗਏ। ਦੇਸ ਵੰਡ/ਆਜ਼ਾਦੀ ਦੇ ਪਿੱਛੋਂ ਕੁਲ ਦੁਨੀਆਂ ਤੋਂ ਰੰਗ-ਬਰੰਗੇ ਰਸਾਲੇ ਅਤੇ ਕਿਤਾਬਾਂ ਮਾਰਕਿਟ ਅੰਦਰ ਆ ਗਈਆਂ, ਜਿਸ ਨਾਲ ਕਿਸੇ ਇਕ ਵਿਸ਼ੇ ਨੂੰ ਕਈ ਪਾਸਿਆਂ ਤੋਂ ਘੋਖਣਾ ਸੰਭਵ ਹੋ ਸਕਿਆ। ਦੂਜੀ ਵਿਸ਼ਵ ਜੰਗ ਖ਼ਤਮ ਹੋਇਆਂ ਅਜੇ ਕੁਝ ਹੀ ਸਾਲ ਹੋਏ ਸਨ ਕਿ ਕੋਰੀਆ ਅੰਦਰ ਅਮਰੀਕਾ ਨੇ ਭਾਰੀ ਜੰਗ ਸ਼ੁਰੂ ਕਰ ਦਿੱਤੀ।

1951 ਵਿਚ ਮੈਂ ਅੰਮ੍ਰਿਤਸਰ ਮੈਡੀਕਲ ਕਾਲਜ ਵਿਚ ਦਾਖ਼ਲ ਹੋ ਗਿਆ। 1952 ਵਿਚ ਮੇਰੇ ਪਿਤਾ ਰਿਟਾਇਰ ਹੋ ਗਏ ਅਤੇ ਅਸੀਂ ਖ਼ਾਲਸਾ ਕਾਲਜ ਛੱਡ ਕੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਆ ਗਏ, ਜਿਥੇ ਉਨ੍ਹਾਂ ਨੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਸਾਡੇ ਗੁਆਂਢ ਮਾਸਟਰ ਤਾਰਾ ਸਿੰਘ ਅਤੇ ਇਕ ਆਜ਼ਾਦੀ ਘੁਲਾਟੀਏ ਭਾਈ ਪਰਮਾਨੰਦ ਝਾਂਸੀ ਰਹਿੰਦੇ ਸਨ। ਪਰ ਇਨ੍ਹਾਂ ਦੋਹਾਂ ਨਾਲ ਕਦੇ ਇਕ ਵੀ ਨਿੱਜੀ ਮੁਲਾਕਾਤ ਨਹੀਂ ਹੋਈ। ਮੈਡੀਕਲ ਦੀ ਪੜ੍ਹਾਈ ਖ਼ੂਨ ਚੂਸਣ ਵਾਲੀ ਸੀ। ਅਗਲਿਆਂ ਕੁਝ ਸਾਲਾਂ ਵਿਚ ਇਤਿਹਾਸ ਨੇ ਬਹੁਤ ਤੇਜ਼ੀ ਦੇ ਨਾਲ ਕਰਵਟ ਬਦਲੀ—ਰਾਕਟ, ਬੈਲਿਸਟਿਕ ਮਿਸਾਈਲਾਂ, ਜੈਟ ਫ਼ਾਈਟਰਾਂ ਅਤੇ ਜੈੱਟ ਸਵਾਰੀ ਜਹਾਜ਼ਾਂ ਦਾ ਨਿਰਮਾਣ! ਐਟਮ ਅਤੇ ਹਾਈਡਰੋਜਨ ਬੰਬਾਂ ਦਾ ਕਈ ਦੇਸਾਂ ਦੇ ਹੱਥ ਆ ਜਾਣਾ! ਠੰਡੀ ਜੰਗ ਦੀ ਸ਼ੁਰੂਆਤ ਅਤੇ ਚੜ੍ਹਤ, ਸਟਾਲਿਨ ਦਾ ਮਰਨਾ ਅਤੇ ਖਰੁਸ਼ਚੇਵ ਦਾ ਆਉਣਾ! ਨਹਿਰੂ, ਟੀਟੋ ਅਤੇ ਨਾਸਰ ਦਾ ਰਲ ਕੇ ਗੁੱਟ-ਨਿਰਪੇਖ ਦੇਸਾਂ ਦਾ ਜੁੱਟ ਬਣਾਉਣਾ ਅਤੇ ਅਗਵਾਈ ਕਰਨੀ! 1949 ਤੋਂ ਚੀਨ ਅੰਦਰ ਨਵੀਂ ਕਮਿਊਨਿਸਟ ਸਰਕਾਰ ਦੇ ਨਾਲ ਦੋਸਤੀ ਤੋਂ ਚੱਲਦੇ ਚੱਲਦੇ ਅਖ਼ੀਰ 1962 ਵਿਚ ਸਰਹੱਦ ਦੇ ਉਪਰ ਟਕਰਾਉ!

ਰੂਸ ਵੱਲੋਂ ਧਰਤੀ ਦੁਆਲੇ ਪਹਿਲਾ ਉਪਗ੍ਰਹਿ ਛੱਡਣਾ, ਛੇਤੀ ਹੀ ਪਿੱਛੋਂ ਇਕ ਕੁੱਤਾ 'ਲੈਕਾ' ਦਾ ਜਾਣਾ ਅਤੇ ਕੁਝ ਚਿਰ ਹੋਰ ਪਿੱਛੋਂ ਯੂਰੀ ਗੈਗਰੀਨ ਦਾ ਪੁਲਾੜ ਵਿਚ ਧਰਤੀ ਦਾ ਚੱਕਰ ਲਗਾ ਕੇ ਸਹੀ ਸਲਾਮਤ ਵਾਪਸ ਆ ਜਾਣਾ, ਵੱਡੀਆਂ ਪ੍ਰਾਪਤੀਆਂ ਸਨ। ਅਮਰੀਕਾ ਵੀ ਪੁਲਾੜ ਦੀ ਰੇਸ ਵਿਚ ਠਿੱਲ੍ਹ ਪਿਆ। ਨਾਲ ਹੀ ਨਾਲ ਅਮਰੀਕਾ ਵੀਅਤਨਾਮ ਅੰਦਰ ਕੇਵਲ ਫ਼ਰਾਂਸ ਦੀ ਸਹਾਇਤਾ ਲਈ ਹੀ ਨਹੀਂ ਉਤਰਿਆ, ਸਗੋਂ ਪਿੱਛੋਂ ਆਪ ਹੀ ਵੀਅਤਨਾਮੀ ਜੰਗ ਦੀ ਦਲਦਲ ਦੇ ਅੰਦਰ ਫਸ ਗਿਆ। ਅਮਰੀਕਾ ਦਾ ਅਕਸ ਅਤੇ ਦਬਦਬਾ ਡਿੱਗਣ ਲੱਗਾ ਤਾਂ ਪ੍ਰਧਾਨ ਕੈਨੇਡੀ ਦੇ ਹੁਕਮਾਂ ਅਨੁਸਾਰ ਅਮਰੀਕਨ ਸਪੇਸ ਏਜੰਸੀ ਨਾਸਾ ਨੇ ਚੰਦਰਮਾ ਉੱਤੇ ਇਨਸਾਨ ਭੇਜਣ ਦਾ ਨਿਰਣਾ ਲੈ ਲਿਆ। 1969 ਵਿਚ ਅਮਰੀਕਾ ਨੇ ਬੰਦਿਆਂ ਦਾ ਪਹਿਲਾ ਜਥਾ ਚੰਦਰਮਾ ਉੱਤੇ ਉਤਰਦਾ 'ਵਿਖਾ' ਦਿੱਤਾ। ਨੀਲ ਆਰਮਸਟ੍ਰਾਂਗ ਨੂੰ ਚੰਦਰਮਾ ਉੱਤੇ ਇਨਸਾਨੀ ਪੈਰ ਦਾ ਨਿਸ਼ਾਨ ਪਾਉਂਦਿਆਂ 'ਵਿਖਾ' ਦਿੱਤਾ। ਚੰਦਰਮਾ ਉੱਤੇ ਜਾਣ ਅਤੇ ਸਹੀ ਸਲਾਮਤ ਵਾਪਸ ਆਉਣ ਦੀ ਫ਼ਤਹਿ ਅਮਰੀਕਾ ਦੀ ਬਹੁਤ ਵੱਡੀ 'ਪ੍ਰਾਪਤੀ' ਬਣ ਗਈ, ਜੋ ਉਸ ਨੇ 1972 ਤਕ ਬਾਰ ਬਾਰ ਦੁਹਰਾਈ।

ਪਿਛਲੀ ਸਦੀ ਦੇ ਆਖ਼ਰੀ ਦਹਾਕੇ ਵਿਚ ਕੁਲ ਦੁਨੀਆਂ ਦੇ ਅੰਦਰ ਕੰਪਿਊਟਰ ਦੀ ਵਰਤੋਂ ਨਾ ਕੇਵਲ ਆਮ ਹੋ ਗਈ, ਬਲਕਿ ਸਭ ਤੋਂ ਵੱਡਾ ਇਨਕਲਾਬ ਇਹ ਆਇਆ ਕਿ ਇੰਟਰਨੈੱਟ ਨੇ ਲੋਕਾਂ ਨੂੰ ਆਪੋ ਵਿਚ ਜੋੜ ਦਿੱਤਾ, ਜਿਸ ਨਾਲ ਇਹ ਸੰਭਵ ਹੋ ਸਕਿਆ ਕਿ ਹਰ ਵਿਅਕਤੀ ਆਪਣਾ ਨਿੱਜੀ ਤਜਰਬਾ ਜਾਂ ਵਾਕਫ਼ੀ ਹੋਰ ਬੇਅੰਤ ਲੋਕਾਂ ਤਕ ਪੁਚਾ ਸਕੇ। ਇਸਦਾ ਸਭ ਤੋਂ ਜ਼ਿਆਦਾ ਅਸਰ ਹੋਇਆ ਨੇੜਲੇ ਜਾਣੇ-ਪਛਾਣੇ ਇਤਿਹਾਸ ਉੱਪਰ। ਮੇਰੇ ਲਈ ਸਭ ਤੋਂ ਪਹਿਲੀ ਅੱਖਾਂ ਖੋਲ੍ਹਣ ਵਾਲੀ ਗੱਲ ਸੀ ਚੰਦਰਮਾ ਉੱਤੇ ਇਨਸਾਨ ਦਾ ਜਾਣਾ, ਜੋ ਅਸਲ ਵਿਚ ਕੇਵਲ ਇਕ ਮਹਾਨ ਝੂਠਾ ਪ੍ਰਚਾਰ ਸੀ। ਉਸਦੇ ਨਾਲ ਸੰਬੰਧਿਤ ਤਸਵੀਰਾਂ ਅਤੇ ਫ਼ਿਲਮਾਂ, ਇਕ ਵਿਸ਼ਾਲ ਸਟੂਡੀਓ ਅੰਦਰ ਤਿਆਰ ਕੀਤੀਆਂ ਗਈਆਂ ਸਨ। ਅਸਲੀਅਤ ਇਹ ਹੈ ਕਿ ਇਨਸਾਨ ਅੱਜ ਦੀ ਟੈਕਨਾਲੋਜੀ ਦੇ ਆਸਰੇ ਵੀ ਚੰਦਰਮਾ ਉੱਤੇ ਪੈਰ ਨਹੀਂ ਧਰ ਸਕਦਾ। ਹਾਂ, ਸਾਇੰਸੀ ਉਪਕਰਣ ਜ਼ਰੂਰ ਭੇਜ ਸਕਦਾ ਹੈ।

ਇੰਟਰਨੈੱਟ, ਫਰੋਲਦਿਆਂ ਮੈਨੂੰ ਕਈ ਸਾਲ ਹੋ ਗਏ ਹਨ। ਜੋ ਵਾਕਫ਼ੀ ਮੈਂ ਪੂਰੀ ਉਮਰ ਵਿਚ ਨਹੀਂ ਪਾ ਸਕਿਆ, ਉਹ ਪਿਛਲੇ ਪੰਜ ਸਾਲਾਂ ਵਿਚ ਮਿਲ ਗਈ ਹੈ। ਉਨ੍ਹਾਂ ਕਾਲੀਆਂ ਸ਼ਕਤੀਆਂ ਦਾ ਪਤਾ ਲੱਗਾ ਹੈ ਜੋ ਸਾਰੀ ਦੁਨੀਆਂ ਉੱਤੇ ਨਵੀਂ ਕਿਸਮ ਦੇ ਸਾਮਰਾਜ ਦੀ ਸਥਾਪਨਾ ਲਈ ਤੁਲੀਆਂ ਹੋਈਆਂ ਹਨ। ਇਹੋ ਸ਼ਕਤੀਆਂ ਪਿਛਲੇ ਸਵਾ ਦੋ ਸੌ ਸਾਲਾਂ ਅੰਦਰ ਦੁਨੀਆਂ ਭਰ ਅੰਦਰ ਹੋਈਆਂ ਜੰਗਾਂ, ਦੇਸਾਂ ਦੇ ਜੋੜ-ਤੋੜ, ਬੇਅੰਤ ਦੇਸਾਂ ਵਿਚ ਭੁੱਖ ਮਰੀ ਦੇ ਨਾਲ ਜਨ-ਸੰਘਾਰ ਆਦਿ ਲਈ

ਜ਼ਿੰਮੇਵਾਰ ਹਨ। ਇਹ ਸ਼ਕਤੀਆਂ ਇਕ ਦਰਜਨ ਦੇ ਕਰੀਬ ਅੰਤਰਰਾਸ਼ਟਰੀ ਬੈਂਕਰਾਂ ਦੀਆਂ ਹਨ, ਜੋ ਬਹੁਤੇ ਦੇਸਾਂ ਦੇ ਖ਼ਜ਼ਾਨੇ, ਨੇਤਾਵਾਂ ਅਤੇ ਹਕੂਮਤਾਂ ਦੇ ਉੱਤੇ ਹਾਵੀ ਹਨ ਅਤੇ ਉਨ੍ਹਾਂ ਨੂੰ ਆਪਣੀਆਂ ਉਂਗਲਾਂ ਉੱਤੇ ਨਚਾਉਂਦੀਆਂ ਹਨ। ਇਹ ਸ਼ਕਤੀਆਂ ਨਿਹਾਇਤ ਖ਼ੁਫ਼ੀਆ ਢੰਗ ਨਾਲ ਤਰੱਕੀ ਕਰਦੀਆਂ ਹੋਈਆਂ ਏਥੇ ਤੱਕ ਪਹੁੰਚੀਆਂ ਹਨ ਕਿ ਸੰਨ 2020 ਤਕ ਆਖ਼ਰੀ ਛੜੱਪਾ ਮਾਰਨ ਦੇ ਦਾਅ ਵਿਚ ਹਨ। ਇਨ੍ਹਾਂ ਦਾ ਟੀਚਾ ਹੈ—ਭੂਗੋਲ ਦੇ ਅੰਦਰ ਇਨ੍ਹਾਂ ਦੇ ਆਪਣੇ ਕਬਜ਼ੇ ਹੇਠ ਇੱਕੋ ਇਕ ਸਰਕਾਰ "ਨਿਊ ਵਰਲਡ ਆਰਡਰ"। ਇਨ੍ਹਾਂ ਦਾ ਧਰਤੀ ਉੱਤੇ ਇਨਸਾਨ ਦੀ ਆਬਾਦੀ ਦਾ ਟੀਚਾ ਹੈ 500 ਮਿਲੀਅਨ ਲੋਕ, ਭਾਵ ਅੱਜ ਤੋਂ ਬਾਰ੍ਹਵਾਂ ਹਿੱਸਾ। ਆਪਣੇ ਮਕਸਦ ਵਿਚ ਕਾਮਯਾਬ ਹੋਣ ਲਈ, ਉਹ ਦੇਸਾਂ ਦੇ ਵਿਚਕਾਰ ਪ੍ਰਮਾਣੂ ਜੰਗਾਂ ਕਰਵਾਉਣ ਤੋਂ ਵੀ ਨਹੀਂ ਝਕਣਗੀਆਂ। ਸਦੀਵੀ ਨਰ-ਸੰਘਾਰ ਲਈ ਉਨ੍ਹਾਂ ਨੇ ਬੌਸਨੀਆ, ਅਫ਼ਗਾਨਿਸਤਾਨ, ਇਰਾਕ ਅਤੇ ਗਾਜ਼ਾ ਪੱਟੀ ਵਿਚ ਇਕ ਹੋਰ ਢੰਗ ਦਾ ਯੂਰੇਨੀਅਮ (ਡੀ. ਯੂ.) ਹਥਿਆਰ ਵਰਤ ਕੇ ਬਹੁਤ ਵੱਡੀ ਅਤੇ ਵਿਸ਼ਾਲ ਪਰਮਾਣੂ ਜੰਗ ਕੀਤੀ ਹੈ। ਅੰਤਰਰਾਸ਼ਟਰੀ ਨਜ਼ਰਾਂ ਵਿਚ ਇਨ੍ਹਾਂ ਜੰਗਾਂ ਦੇ ਨੇਤਾ ਮਹਾਂ-ਕਤਲ ਦੇ ਦੋਸ਼ੀ ਹਨ ਅਤੇ ਮੌਤ ਦੀ ਸਜ਼ਾ ਦੇ ਭਾਗੀ ਹਨ। ਪਰ ਅੱਜ ਦੇ ਦਿਨ ਉਨ੍ਹਾਂ ਦੀ ਚੜ੍ਹਤ ਹੈ ਅਤੇ ਉਨ੍ਹਾਂ ਦੇ ਗਲ ਵਿਚ ਟੱਲੀ ਪਾਉਣੀ ਔਖੀ ਹੈ।

ਅੱਜ ਲੋੜ ਹੈ ਕਿ ਧਰਤੀ ਦਾ ਹਰ ਇਨਸਾਨ ਧਰਤੀ ਨੂੰ ਉਜਾੜ ਰਹੀਆਂ ਕਾਲੀਆਂ ਸ਼ਕਤੀਆਂ ਬਾਰੇ ਜਾਣੂ ਹੋਵੇ। ਲੋਕ ਆਪਣੇ ਬੱਚਿਆਂ ਨੂੰ ਇਨ੍ਹਾਂ ਸ਼ਕਤੀਆਂ ਦੀਆਂ ਫ਼ੌਜਾਂ ਅੰਦਰ ਜਾਣ ਤੋਂ ਰੋਕਣ। ਫ਼ੌਜਾਂ ਦੇ ਅੰਦਰ ਫਸੇ ਹੋਏ ਫ਼ੌਜੀਆਂ ਅੰਦਰ ਸਾਹਸ ਪੈਦਾ ਹੋਵੇ ਕਿ ਉਹ ਆਕ੍ਰਮਕ ਜੰਗਾਂ ਵਿਚ ਭਾਗ ਲੈਣ ਤੋਂ ਇਨਕਾਰੀ ਹੋ ਜਾਣ। ਧਰਤੀ ਦੀ ਮੁਕਤੀ ਉਸ ਦਿਨ ਹੋਣੀ ਹੈ, ਜਦੋਂ ਬੈਂਕਰਾਂ ਦੀਆਂ ਕਾਲੀਆਂ ਸ਼ਕਤੀਆਂ ਦੁਨੀਆਂ ਨੂੰ ਜੰਗਾਂ ਵਿਚ ਉਲਝਾਉਣ ਅਤੇ ਆਪਣਾ ਉੱਲੂ ਸਿੱਧਾ ਕਰਨ ਦੀ ਥਾਂ ਆਪ ਕਟਹਿਰੇ ਦੇ ਅੰਦਰ ਖੜ੍ਹੀਆਂ ਹੋ ਕੇ ਆਪਣੀ ਫਾਂਸੀ ਦਾ ਹੁਕਮ ਸੁਣਨਗੀਆਂ। ਧਰਤੀ ਦੀ ਮੁਕਤੀ ਆਪਣੇ ਆਪ ਨਹੀਂ ਹੋ ਜਾਣੀ। ਏਸ ਕੰਮ ਲਈ ਕੁਲ ਖ਼ਲਕਤ ਨੇ ਆਪ ਖ਼ਾਲਕ ਬਣ ਕੇ ਵਿਖਾਉਣਾ ਹੈ।

ਏਸ ਕਿਤਾਬ ਦਾ ਇੱਕੋ ਇਕ ਮੰਤਵ ਹੈ—ਆਪ ਜਾਗੋ, ਹੋਰਨਾਂ ਨੂੰ ਜਗਾਉ, ਕੁਲ ਦੁਨੀਆਂ ਨੂੰ ਜਗਾਉ।

57, ਜੋਸ਼ੀ ਕਾਲੋਨੀ, **ਦਲਜੀਤ ਸਿੰਘ** (**ਡਾ**.)
ਅੰਮ੍ਰਿਤਸਰ

# ਸਾਡੇ ਸਮਿਆਂ ਦੇ ਸੱਚ ਦਾ ਚਿਤੇਰਾ : ਡਾ. ਦਲਜੀਤ ਸਿੰਘ

ਡਾ. ਦਲਜੀਤ ਸਿੰਘ ਬਹੁਪੱਖੀ ਪ੍ਰਤਿਭਾ ਦੀ ਸੁਆਮੀ ਸ਼ਖ਼ਸੀਅਤ ਦਾ ਨਾਂ ਹੈ। ਸਭ ਜਾਣਦੇ ਹਨ ਕਿ ਉਹ ਇਕ ਅੰਤਰਰਾਸ਼ਟਰੀ ਪ੍ਰਸਿੱਧੀ ਦਾ ਮਾਲਕ ਅੱਖਾਂ ਦਾ ਡਾਕਟਰ ਹੈ। ਇਸ ਖੇਤਰ ਵਿਚ ਉਸ ਇੱਕੋ ਵੇਲੇ ਨਿੱਠ ਕੇ ਨੇਤਰ-ਸਰਜਰੀ ਅਤੇ ਖੋਜ ਦਾ ਕਾਰਜ ਕੀਤਾ ਹੈ। ਉਸ ਦੇ ਇਸ ਖੇਤਰ ਵਿਚਲੇ ਕਾਰਜਾਂ ਦੀ ਥੋੜ੍ਹੀ-ਬਹੁਤ ਟੋਹ ਰੱਖਣ ਵਾਲਿਆਂ ਦੇ ਚੇਤਿਆਂ ਵਿਚ ਉਸ ਦੇ ਗਿਆਨ ਤੇ ਅਨੁਭਵ ਦਾ ਨਿਚੋੜ ਦੋ ਪੁਸਤਕਾਂ *ਨਰੋਈ ਅੱਖ* (1966) ਅਤੇ *ਨੇਤਰ ਰੋਗ* (1974) ਸਹਿਜ ਰੂਪ ਵਿਚ ਟਿਕੀਆਂ ਹੋਈਆਂ ਹਨ। ਇਨ੍ਹਾਂ ਪੁਸਤਕਾਂ ਵਿਚ ਉਸ ਆਪਣੇ ਕਿੱਤੇ ਦੇ ਅਨੁਭਵ ਤੇ ਗਿਆਨ ਨੂੰ ਜਿੰਨੇ ਸਹਿਜ ਤੇ ਸੁਖੈਨਤਾ ਨਾਲ ਪ੍ਰਸਤੁਤ ਕੀਤਾ, ਉਸ ਵਿੱਚੋਂ ਉਸਦੀ ਪੱਕੀ-ਪੀਡੀ ਭਾਸ਼ਾਈ ਯੋਗਤਾ ਤੇ ਸਮਰੱਥਾ ਦੀ ਟੋਹ ਵੀ ਪ੍ਰਾਪਤ ਹੋ ਗਈ।

ਡਾ. ਦਲਜੀਤ ਸਿੰਘ ਦੀ ਸ਼ਖ਼ਸੀਅਤ ਦਾ ਦੂਸਰਾ ਮਹੱਤਵਪੂਰਨ ਪਾਸਾਰ ਉਸ ਸਮੇਂ ਸਾਹਮਣੇ ਆਇਆ, ਜਦ ਉਸ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਦੇ ਨਾਲ-ਨਾਲ ਸਾਹਿਤ ਸਿਰਜਣਾ ਵਿਚ ਵੀ ਦਿਲਚਸਪੀ ਲੈਣੀ ਸ਼ੁਰੂ ਕੀਤੀ। 1970 ਈ: ਵਿਚ ਇੱਕਾ-ਦੁੱਕਾ ਕਹਾਣੀਆਂ ਤੋਂ ਆਰੰਭ ਹੋਈ ਇਹ ਦਿਲਚਸਪੀ ਪਹਿਲਾਂ 1978 ਈ: ਵਿਚ ਇਕ ਕਾਵਿ-ਰਚਨਾ 'ਧਰਤੀ ਤ੍ਰਿਹਾਈ' ਵਿਚ ਢਲੀ ਅਤੇ ਮੁੜ ਇਸ ਨੇ ਪੂਰਾ ਫੈਲਾਓ ਹਾਸਲ ਕਰ ਕੇ ਦੋ ਕਾਵਿ-ਪੁਸਤਕਾਂ *ਸਿਧਰੇ ਬੋਲ* (1998) ਅਤੇ *ਬਾਵਰੇ ਬੋਲ* (2001) ਦਾ ਸਰੂਪ ਧਾਰਨ ਕਰ ਲਿਆ। ਪਹਿਲੀ ਪੁਸਤਕ ਨੂੰ ਉਸ ਖ਼ੁਦ 'ਨਿੱਘਰੇ ਸਮਾਜ ਦੇ ਉਪਰ ਇਕ ਤਿੱਖੀ ਟਿੱਪਣੀ' ਦਾ ਨਾਂ ਦਿੱਤਾ ਅਤੇ ਦੂਸਰੀ ਨੂੰ 'ਵਧੀਆ ਸਮਾਜ, ਵਧੀਆ ਇਨਸਾਨ। ਧਰਤੀ ਤੇ ਸਵਰਗ, ਅਰਮਾਨ ਹੈ ਇਸ ਵਿਚ' ਵਰਗੇ ਕਾਵਿਕ ਬੋਲਾਂ ਰਾਹੀਂ ਆਪਣੀ ਕਾਵਿ-ਸਿਰਜਣਾ ਦੇ ਮੰਤਵ ਨੂੰ ਸਪੱਸ਼ਟ ਕਰ ਦਿੱਤਾ। *ਬਾਵਰੇ ਬੋਲ* ਦੇ ਆਰੰਭ ਵਿਚ

'ਨਚੋੜ' ਦੇ ਉਨਵਾਨ ਹੇਠ ਦਰਜ ਇਕ ਨਜ਼ਮ ਦੀਆਂ ਹੇਠ ਲਿਖੀਆਂ ਉਕਤੀਆਂ ਉਸ ਦੀ ਸਿਰਜਣਾ ਤੇ ਮਨੋਰਥ ਨੂੰ ਹੋਰ ਵਧੇਰੇ ਸਪੱਸ਼ਟ ਕਰ ਦਿੰਦੀਆਂ ਹਨ :

*ਆਪਣਾ-ਆਪ, ਇਸ ਦਾ ਵਿਸ਼ਾ ਨਹੀਂ,*
*ਕਿਸੇ ਦਾਰੂ, ਕਿਸੇ ਨਾਮ ਦਾ ਨਸ਼ਾ ਨਹੀਂ,*
*ਉਲਝੇ ਹੋਏ ਮਸਲੇ, ਸਮਝਣ ਦੀ ਕੋਸ਼ਿਸ਼ ਏ,*
*ਕਾਲੇ ਤੇ ਚਿੱਟੇ, ਉਘਾੜਨ ਦੀ ਕੋਸ਼ਿਸ਼ ਏ,*
*ਜਹਾਲਤ ਦੇ ਪਰਦੇ, ਪਾੜਨ ਦੀ ਕੋਸ਼ਿਸ਼ ਏ।*

ਇਸ ਸ਼ਾਇਰੀ ਦੇ ਜੁੱਸੇ ਵਿੱਚੋਂ ਗੁਜ਼ਰਨ ਉਪਰੰਤ ਇਸਦੇ ਸਿਰਜਕ ਸ਼ਾਇਰ ਨੂੰ ਸੋਹਣੇ ਦਿਲ ਵਾਲਾ ਇਨਸਾਨ, ਚਾਨਣ ਬੀਜਣ ਵਾਲਾ ਕਵੀ, ਸੁਹਿਰਦ ਮਨੁੱਖਵਾਦੀ ਤੇ ਪ੍ਰਗਤੀਸ਼ੀਲ ਕਵੀ, ਜ਼ਿੰਦਗੀ ਦੇ ਉਲਾਰ ਪੱਖਾਂ ਨੂੰ ਉਭਾਰਨ ਵਾਲਾ ਕਵੀ ਅਤੇ ਤਨਜ਼ੀਆ ਬੋਲਾਂ ਵਾਲਾ ਸ਼ਾਇਰ ਜਹੇ ਲਕਬ ਪ੍ਰਾਪਤ ਹੋਏ। ਨਿਸਚੇ ਹੀ ਇਸ ਸ਼ਾਇਰੀ ਨੇ ਵੱਖੋ-ਵੱਖਰੀ ਭਾਂਤ ਦੇ ਕੁਹਜਾਂ ਤੇ ਬੁਰਾਈਆਂ ਨੂੰ ਨਸ਼ਰ ਕਰਨ ਦੀ ਦੁਰਲੱਭ ਦਲੇਰੀ ਅਤੇ ਜੁਰਅਤ ਦਾ ਪ੍ਰਗਟਾਵਾ ਕੀਤਾ।

ਏਸੇ ਵਰ੍ਹੇ ਯਾਨੀ 2010 ਈ: ਵਿਚ ਡਾ. ਦਲਜੀਤ ਸਿੰਘ ਦੀ ਇਕ ਵਾਰਤਕ ਰਚਨਾ *ਦੂਜਾ ਪਾਸਾ* ਸਾਹਮਣੇ ਆਈ ਤਾਂ ਇਸ ਰਚਨਾ ਨੇ ਉਸਦੀ ਸ਼ਖ਼ਸੀਅਤ ਦੇ ਇਕ ਨਵੇਕਲੇ ਰੰਗ ਅਤੇ ਜਲੌਅ ਨੂੰ ਸਾਹਮਣੇ ਲੈ ਆਂਦਾ। ਮਨੋਰਥ ਪੱਖੋਂ ਇਹ ਸਿਰਜਣਾ ਉਸ ਦੀ ਕਾਵਿ-ਰਚਨਾ ਨਾਲ ਸਾਂਝ ਰੱਖਦੀ ਹੈ ਅਤੇ ਵਿਧਾ ਪੱਖੋਂ ਵੱਖਰਤਾ। ਇਸ ਪੁਸਤਕ ਵਿਚ ਉਸ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉਪਰ ਵਾਪਰ ਰਹੀਆਂ ਛੋਟੀਆਂ ਵੱਡੀਆਂ ਘਟਨਾਵਾਂ ਪ੍ਰਤਿ ਸਾਡੀ ਸਮਝ-ਸ਼ਕਤੀ ਅਤੇ ਪਰਖ ਕਸਵੱਟੀਆਂ ਉੱਪਰ ਸੁਆਲੀਆ ਨਿਸ਼ਾਨ ਲਾਇਆ। ਉਸ ਦੇ ਅਜਿਹਾ ਕਰਨ ਨਾਲ ਲੋਕਤੰਤਰ ਦਾ ਚੌਥਾ ਥੰਮ੍ਹ ਸਵੀਕਾਰਿਆ ਜਾਂਦਾ ਮੀਡੀਆ (ਰੇਡੀਓ, ਅਖ਼ਬਾਰਾਂ ਅਤੇ ਟੈਲੀਵਿਯਨ) ਮੰਤਵ-ਮੁਖ, ਝੂਠ ਦੇ ਰਚੇਤੇ ਵਜੋਂ ਉੱਭਰ ਕੇ ਸਾਹਮਣੇ ਆਇਆ। ਉਸ ਨੇ ਇਸ ਪੁਸਤਕ ਵਿਚ ਨਾ-ਸਿਰਫ਼ ਮੀਡੀਏ ਦੇ ਮੱਕੜ ਜਾਲ ਵਿੱਚੋਂ ਨਿਕਲ ਕੇ ਆਪਣੀ ਸੋਚ ਵਿੱਚੋਂ ਕੁਲ ਕੂੜਾ ਕਰਕਟ ਕੱਢਣ ਲਈ ਆਖਿਆ ਬਲਕਿ ਇਸ 'ਧਰਤੀ ਅਤੇ ਜ਼ਿੰਦਗੀ ਉੱਤੇ ਤਾਜ਼ਗੀ ਦੇ ਨਾਲ ਨਵੀਂ ਝਾਤ ਮਾਰਨ' ਦੀ ਲੋੜ ਉਪਰ ਵੀ ਬਲ ਦਿੱਤਾ। ਇਸ ਸਮੁੱਚੀ ਪੁਸਤਕ ਵਿਚਲੇ ਕੁਲ ਲੇਖਾਂ ਵਿਚ ਸੱਚ ਦੀ ਭਾਲ ਹੀ ਉਸ ਦਾ ਇਕਲੌਤਾ ਮਨੋਰਥ ਸੀ, ਜਿਸ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਪਰ ਵਾਪਰੀਆਂ ਘਟਨਾਵਾਂ ਦੇ ਮਹੀਨ ਅਧਿਐਨ ਅਤੇ ਘੋਖ ਨਾਲ ਉਸ ਸਾਹਮਣੇ ਲੈ ਆਂਦਾ। ਬੇਸ਼ੱਕ ਇੰਟਰਨੈੱਟ ਵੀ ਭੰਬਲਭੂਸਿਆਂ ਵਿਚ ਉਲਝਾਉਣ, ਗ਼ਲਤ ਸੂਚਨਾ, ਰਹੱਸ ਜਾਂ ਧੁੰਦ ਫੈਲਾਉਣ ਅਤੇ ਸੱਚਾਈ ਨੂੰ ਲੁਕਾਉਣ ਵਿਚ ਚੋਖੀ ਸਰਗਰਮ ਭੂਮਿਕਾ ਨਿਭਾਅ ਰਿਹਾ ਹੈ ਅਤੇ ਇਸਦੀ ਵਾਗਡੋਰ ਸਚਮੁੱਚ 'ਝੂਠ ਦੇ ਵਪਾਰੀਆਂ' ਜਾਂ 'ਸਾਮਰਾਜੀ ਸ਼ਕਤੀਆਂ' ਦੇ ਹੱਥ ਵਿਚ ਹੈ, ਪ੍ਰੰਤੂ ਡਾ. ਦਲਜੀਤ ਸਿੰਘ ਇਸਦੀ ਬਣਤਰ ਅਤੇ ਤੌਰ ਤਰੀਕਿਆਂ ਵਿੱਚੋਂ 'ਦੂਜੇ ਪਾਸੇ' ਅਥਵਾ ਸੱਚਾਈ ਨੂੰ ਫਰੋਲਣ ਦਾ ਤਰੀਕਾ ਸਮਝਾਉਂਦਾ ਹੈ। ਡਾ. ਦਲਜੀਤ ਸਿੰਘ ਦਾ ਵੱਡਾ ਫ਼ਿਕਰ ਲੋਕਾਈ ਨੂੰ ਝੂਠ, ਵਿਸ਼ਵ-ਵਿਆਪੀ ਝੂਠ ਪ੍ਰਚਾਰ ਅਤੇ ਮਾਰੂ ਹਥਿਆਰਾਂ ਅਥਵਾ ਜੰਗ ਤੋਂ ਬਚਾਉਣਾ, ਸੂਝਵਾਨ ਇਨਸਾਨ ਦੀ ਸੋਚ ਦੀ ਦਿਸ਼ਾ ਨੂੰ ਸਮਿਆਂ ਦੇ ਸੱਚ ਦੀ ਪਛਾਣ ਵੱਲ ਮੋੜਨਾ ਅਤੇ ਸਾਮਰਾਜੀ ਕਾਰਪੋਰੇਸ਼ਨਾਂ ਦੀ ਮਲਕੀਅਤ ਬਣੀ ਧਰਤੀ ਨੂੰ ਉਨ੍ਹਾਂ ਦੇ ਪੰਜਿਆਂ ਵਿੱਚੋਂ ਕੱਢ ਲੋਕਾਈ ਨੂੰ ਸੌਂਪਣਾ ਹੈ। ਇਸ ਮਕਸਦ ਲਈ ਉਹ ਆਪਣੀ ਕਲਮੀ-ਸ਼ਕਤੀ ਦਾ ਪੂਰੀ ਸੁਹਿਰਦਤਾ, ਈਮਾਨਦਾਰੀ ਅਤੇ ਪ੍ਰਤਿਬੱਧਤਾ ਨਾਲ ਇਸਤੇਮਾਲ ਕਰਦਾ ਦਿਖਾਈ ਦਿੰਦਾ ਹੈ।

ਡਾ. ਦਲਜੀਤ ਸਿੰਘ ਦੀਆਂ ਤਿੰਨੇ ਕਾਵਿ-ਪੁਸਤਕਾਂ ਵਿਚਲੇ ਸਰੋਕਾਰ ਜਿਵੇਂ ਇਕ ਪੂਰਕ ਰਿਸ਼ਤੇ ਵਿਚ ਬੱਝੇ ਹੋਏ ਹਨ, ਠੀਕ ਉਂਜ ਹੀ ਉਸਦੀ ਦੂਸਰੀ ਵਾਰਤਕ ਰਚਨਾ *ਸੱਚ ਦੀ ਭਾਲ ਵਿੱਚ* ਦੇ ਸਰੋਕਾਰ ਵੀ ਪਹਿਲੀ ਪੁਸਤਕ *ਦੂਜਾ ਪਾਸਾ* ਨਾਲ ਗਹਿਰੀ ਸਾਂਝ ਰੱਖਦੇ ਹਨ। ਹਕੀਕਤ ਤਾਂ ਇਹ ਹੈ ਕਿ *ਦੂਜਾ ਪਾਸਾ* ਵਿਚ ਵੀ ਉਹ ਝੂਠ-ਫ਼ਰੇਬ ਹੇਠ ਲੁਕੇ 'ਸੱਚ ਦੀ ਭਾਲ ਵਿੱਚ' ਹੈ ਅਤੇ *ਸੱਚ ਦੀ ਭਾਲ ਵਿੱਚ* ਵੀ ਜੋ ਕੁਝ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਪਰ ਵਾਪਰ ਰਿਹਾ ਹੈ ਅਤੇ ਉਸਨੂੰ ਜਿਵੇਂ ਪੇਸ਼ ਕੀਤਾ ਜਾ ਰਿਹਾ ਹੈ ਉਸਦੇ 'ਦੂਸਰੇ ਪਾਸੇ' ਨੂੰ ਦਿਖਾਉਂਦਾ ਹੈ। ਹਰ ਯੁੱਗ ਦਾ ਆਪਣਾ ਸੱਚ ਹੁੰਦਾ ਹੈ ਅਤੇ ਉਸਦੀ ਆਪਣੀ ਅਉਧ ਹੁੰਦੀ ਹੈ। ਹਰ ਯੁੱਗ ਵਿਚ ਝੂਠ-ਫ਼ਰੇਬ ਅਤੇ ਭੇਖ ਨੂੰ ਸੱਚਾਈ ਜਾਂ ਅਸਲੀਅਤ ਵਜੋਂ ਪੇਸ਼ ਕੀਤਾ ਜਾਂਦਾ ਹੈ ਅਤੇ ਲੋਕਾਈ ਦੇ ਦਰਦ ਨਾਲ ਇਕਸੁਰ, ਅਹਿਸਾਸ ਦੀ ਸ਼ਕਤੀ ਰੱਖਣ ਵਾਲੇ ਅਦੀਬ ਅਤੇ ਰੌਸ਼ਨ ਜ਼ਿਹਨਾਂ ਵਾਲੇ ਚਿੰਤਕ ਸੱਚ ਨੂੰ ਟੋਲਦੇ ਅਤੇ ਲੋਕਾਈ ਨੂੰ ਜਗਾਉਂਦੇ ਹਨ। ਇਹੀ ਕਾਰਜ ਕੀਤਾ ਹੈ ਪੂਰੀ ਸੁਹਿਰਦਤਾ ਅਤੇ ਪ੍ਰਤਿਬੱਧਤਾ ਨਾਲ ਡਾ. ਦਲਜੀਤ ਸਿੰਘ ਨੇ ਆਪਣੀਆਂ ਦੋਵਾਂ ਪੁਸਤਕਾਂ ਵਿਚ ਦਰਜ ਲੇਖਾਂ ਨਾਲ।

ਡਾ. ਦਲਜੀਤ ਸਿੰਘ ਦੀ ਇਹ ਵਾਰਤਕ ਰਚਨਾ *ਸੱਚ ਦੀ ਭਾਲ ਵਿੱਚ*, ਉਸਦੀ ਪਹਿਲੀ ਪੁਸਤਕ ਵਾਂਗ, ਪੰਜਾਬੀ ਭਾਸ਼ਾ ਵਿਚ ਲਿਖੀਆਂ ਉਨ੍ਹਾਂ ਮੁੱਢਲੀਆਂ ਰਚਨਾਵਾਂ ਵਿੱਚੋਂ ਹੈ ਜਿਹੜੀਆਂ ਸਾਡੇ ਸਮਿਆਂ ਦੇ ਸੱਚ ਅਤੇ ਅਸਲੋਂ ਵੱਖਰੇ ਮਸਲਿਆਂ ਅਤੇ ਚਿੰਤਾਵਾਂ ਉਪਰ ਧਿਆਨ ਟਿਕਾਉਂਦੀਆਂ ਹਨ। ਇਹ ਰਚਨਾ ਜਿਸ ਸੱਚ ਦੀ ਭਾਲ ਵਿਚ ਹੈ ਉਸਦਾ ਸੰਬੰਧ ਰੁਮਾਂਸ, ਰਹੱਸ ਜਾਂ ਅਧਿਆਤਮਕ ਮੁਕਤੀ ਨਾਲ ਨਹੀਂ, ਇਹ ਤਾਂ ਸਾਡੀ ਸੋਚ, ਸੂਝ ਅਤੇ ਸਮਝ ਦੇ ਨਵੇਂ ਦੁਆਰਾਂ ਨੂੰ ਖੋਲ੍ਹਣ ਲਈ ਵੰਗਾਰਦੀ ਅਤੇ ਪ੍ਰੇਰਦੀ ਹੈ। ਇਸ ਵਿਚਲੇ 'ਸੱਚ ਦੀ ਭਾਲ' ਦਾ ਸੰਬੰਧ ਕੇਵਲ ਪੰਜਾਬ ਜਾਂ ਭਾਰਤ ਨਾਲ ਨਹੀਂ ਸਗੋਂ ਸਮੁੱਚੇ ਸੰਸਾਰ ਦੇ ਹਾਲਾਤ ਅਤੇ ਵਾਪਰੀਆਂ ਵੱਡੀਆਂ ਇਤਿਹਾਸਕ ਘਟਨਾਵਾਂ ਪਿੱਛੇ ਕੰਮ ਕਰਦੇ ਕਾਰਨਾਂ ਦੀ ਤਲਾਸ਼ ਨਾਲ ਹੈ। ਇਸ ਸੱਚ ਦੀ ਭਾਲ ਦਾ ਸੰਬੰਧ 'ਨਵੇਂ ਆਲਮੀ ਨਿਜ਼ਾਮ' ਜਾਂ 'ਨਵੇਂ ਵਿਸ਼ਵ ਰਾਜ' ਦੀ ਅਸਲੀਅਤ ਨੂੰ ਸਮਝਣਯੋਗ ਬਣਾਉਣਾ ਹੈ। ਇਸ ਮਕਸਦ ਦੀ ਪੂਰਤੀ ਲਈ ਤੱਥ, ਤਰਕ, ਦਰੁਸਤ ਸੂਚਨਾ ਅਤੇ ਸਵਾਲ ਇਸਦੇ ਪ੍ਰਮੁੱਖ ਹਥਿਆਰ ਹਨ। ਇਨ੍ਹਾਂ ਹਥਿਆਰਾਂ ਦੀ ਸਹਾਇਤਾ ਨਾਲ ਇਹ ਨਵੇਂ, ਮੌਲਿਕ, ਆਪਣੇ ਅਤੇ ਸੱਜਰੇ ਨਜ਼ਰੀਏ ਦੀ ਉਸਾਰੀ ਲਈ ਆਖਦੀ ਹੈ। ਇਹ ਨਜ਼ਰੀਆ ਗੱਪਸ਼ੱਪ ਨਹੀਂ, ਮਿਹਨਤ ਨਾਲ ਬਣਦਾ ਹੈ। ਲੇਖਕ ਜਿਥੇ ਇਸ ਨਜ਼ਰੀਏ ਨੂੰ ਅਪਣਾਉਣ ਲਈ ਆਖਦਾ ਹੈ ਉਥੇ ਉਹ ਪ੍ਰਚਲਿਤ 'ਰੱਬ ਦੀ ਰਜ਼ਾ ਵਿਚ ਰਹਿਣ' ਅਤੇ 'ਭਾਣਾ ਮੰਨਣ' ਵਰਗੀਆਂ ਧਾਰਨਾਵਾਂ ਦਾ ਵਿਰੋਧ ਕਰਦਾ ਹੈ। ਉਹ ਤਾਂ ਸਗੋਂ ਇਨ੍ਹਾਂ ਮਿਥਿਕ ਧਾਰਨਾਵਾਂ ਦਾ ਬਾਰ-ਬਾਰ ਜ਼ੋਰਦਾਰ ਖੰਡਨ ਕਰਦਾ ਹੈ। ਮਸਲੇ ਨੂੰ ਬੜੇ ਹੀ ਸਰਲ, ਸਹਿਜ, ਸਪੱਸ਼ਟ ਅਤੇ ਸਿੱਧੇ ਢੰਗ ਨਾਲ ਪਕੜ ਕੇ ਅਸਲੀਅਤ ਨੂੰ ਪੇਸ਼ ਕਰਨਾ ਉਸਦੀ ਗੱਦ ਰਚਨਾ/ਲੇਖਾਂ ਦੀ ਖ਼ੂਬੀ ਹੈ। ਜਿਵੇਂ :

> ਸਵਾ ਦੋ ਸੌ ਸਾਲ ਤੋਂ ਇਕ ਬੈਂਕਰਾਂ ਦੇ ਪਰਿਵਾਰ ਨੇ, ਆਪਣੀ ਚਤੁਰਾਈ ਦੇ ਨਾਲ ਲਗਭਗ ਕੁਲ ਦੁਨੀਆਂ ਦੀ ਬੈਂਕ ਪ੍ਰਣਾਲੀ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ। ਦੇਸਾਂ ਅਤੇ ਲੋਕਾਂ ਵਿਚ ਫੁੱਟ, ਹਥਿਆਰਾਂ ਦੀ ਦੌੜ ਅਤੇ ਸਭ ਜੰਗਾਂ ਦੇ ਪਿੱਛੇ ਏਨ੍ਹਾਂ ਦਾ ਹੀ ਹੱਥ ਹੈ। ਦੁਨੀਆਂ ਦੇ ਕੁਲ ਪ੍ਰਚਾਰ ਮਾਧਿਅਮ ਟੀ.ਵੀ., ਅਖ਼ਬਾਰ, ਪੁਸਤਕ ਵਪਾਰ, ਫ਼ਿਲਮ ਅਤੇ ਸੰਗੀਤ ਜਗਤ ਉੱਤੇ ਏਨ੍ਹਾਂ ਦਾ ਮੋਟੇ ਤੌਰ 'ਤੇ ਕਬਜ਼ਾ ਹੈ। ਏਨ੍ਹਾਂ ਦਾ ਸਾਥ ਦੇ ਰਹੇ ਹਨ ਸਦੀਆਂ ਤੋਂ ਚਲੇ ਆ ਰਹੇ ਬੇਅੰਤ ਹਾਕਮ ਪਰਿਵਾਰ।

ਇਸ ਅਸਲੀਅਤ ਦੀ ਭਾਲ ਅਤੇ ਪਛਾਣ ਕਰਕੇ ਉਹ ਵਿਸ਼ਵੀਕਰਣ, ਭੂਗੋਲੀਕਰਣ ਦੀ ਇਕ ਚਕਾਚੌਂਧ ਕਰਨ ਵਾਲੀ ਹਕੀਕਤ ਵਜੋਂ ਪਛਾਣੀ ਜਾ ਰਹੀ ਸ਼ੈਅ ਦੇ ਭਰਮ ਨੂੰ ਤੋੜਦਾ ਹੈ। ਭਰਮ ਅਤੇ ਮਿੱਥਾਂ ਨੂੰ ਤੋੜਨਾ ਅਤੇ ਅਸਲੀਅਤ ਦੀ ਭਾਲ ਕਰਨਾ ਹੀ ਇਸ ਕਿਰਤ ਦਾ ਮੂਲ ਸੁਭਾਅ ਹੈ।

*ਸੱਚ ਦੀ ਭਾਲ ਵਿੱਚ* ਦੋ ਸ਼ਕਤੀਆਂ ਦਾ ਵਿਰੋਧ ਉੱਭਰ ਕੇ ਸਾਹਮਣੇ ਆਇਆ ਹੈ। ਕਾਲੀਆਂ ਸ਼ਕਤੀਆਂ ਅਤੇ ਲੋਕ ਪੱਖੀ/ਹਿੱਤੀ ਸ਼ਕਤੀਆਂ। ਕਾਲੀਆਂ ਸ਼ਕਤੀਆਂ ਇਕ ਨਵੀਂ ਕਿਸਮ ਦੇ ਸਾਮਰਾਜ ਦੀ ਸਥਾਪਨਾ ਲਈ ਤੁਲੀਆਂ ਹੋਈਆਂ ਹਨ। ਲੇਖਕ ਇਨ੍ਹਾਂ ਸ਼ਕਤੀਆਂ ਦੇ ਸਦੀਆਂ ਤੋਂ ਕੀਤੇ ਜਾ ਰਹੇ ਕਾਰਿਆਂ (ਜੰਗਾਂ, ਦੇਸ਼ਾਂ ਦੇ ਤੋੜ ਜੋੜ, ਲੁੱਟ ਖਸੁੱਟ, ਗ਼ਲਤ ਪ੍ਰਾਪੇਗੰਡਾ ਅਤੇ ਜਨ-ਸੰਘਾਰ ਆਦਿ) ਅਤੇ ਉਜਾੜਿਆਂ ਤੋਂ ਜਾਣੂ ਕਰਵਾਉਂਦਾ ਹੈ ਅਤੇ ਉਨ੍ਹਾਂ ਤੋਂ ਮੁਕਤ ਹੋਣ ਲਈ ਸੁਚੇਤ ਕਰਦਾ ਹੈ। ਇਨ੍ਹਾਂ ਸ਼ਕਤੀਆਂ ਦੇ ਕਾਰਿਆਂ ਅਤੇ ਉਜਾੜਿਆਂ ਨੂੰ ਨਸ਼ਰ ਕਰਨ ਲਈ ਉਹ ਇਤਿਹਾਸਕ ਘਟਨਾਵਾਂ (ਚਾਹੇ ਉਹ ਟਾਈਟੈਨਿਕ ਦੇ ਡੁੱਬਣ ਦੀ ਘਟਨਾ ਹੋਵੇ, 9/11 ਦੀ ਪਹੇਲੀ, ਵੱਖ-ਵੱਖ ਦੇਸਾਂ ਉੱਪਰ ਹਮਲਿਆਂ ਦੀਆਂ ਘਟਨਾਵਾਂ ਜਾਂ ਕੋਈ ਹੋਰ ਹਾਦਸਾ) ਦੀ ਵਿਆਖਿਆ ਦਾ ਸਹਾਰਾ ਲੈਂਦਾ ਹੈ। ਅਮਨ-ਪਸੰਦ ਦੇਸ਼ਾਂ ਅਤੇ ਬੁੱਧੀਜੀਵੀ ਵਰਗ ਦੀ ਇਸ ਸਭ ਕੁਝ ਪ੍ਰਤਿ ਖ਼ਾਮੋਸ਼ੀ ਉਸਨੂੰ ਨਾ-ਪਸੰਦ ਹੈ। ਧਰਤੀ ਉੱਤੇ ਅਮਨ, ਬਰਾਬਰੀ ਅਤੇ ਸੱਚੀ ਆਜ਼ਾਦੀ ਦੀ ਖ਼ੁਸ਼ਬੂ ਲਈ ਉਹ ਲੋਕ-ਪੱਖੀ ਸ਼ਕਤੀਆਂ ਨੂੰ ਹਲੂਣਦਾ, ਜਗਾਉਂਦਾ ਅਤੇ ਦੂਸਰਿਆਂ ਨੂੰ ਜਗਾਉਣ ਦਾ ਹੋਕਾ ਦਿੰਦਾ ਹੈ। ਉਹ ਇਸ ਦੂਸਰੀ ਧਿਰ ਨੂੰ ਸੋਚਣ, ਸਮਝਣ ਅਤੇ ਸਹੀ ਵਿਸ਼ਲੇਸ਼ਣ ਕਰਨ ਦੀ ਵਿਹਲ ਕੱਢਣ ਲਈ ਆਖਦਾ ਹੈ। *ਸੱਚ ਦੀ ਭਾਲ ਵਿੱਚ* ਬੁੱਧੀਜੀਵੀ ਲਈ ਲੋਕ-ਪੱਖੀ ਸੰਦੇਸ਼ ਹੈ ਕਿ ਉਹ :

(ੳ) ਦੇਸ਼ ਦੀ ਹਰ ਪਾਸਿਓਂ ਹੁੰਦੀ ਲੁੱਟ ਖਸੁੱਟ ਦਾ ਤਿੱਖਾ ਵਿਰੋਧ ਕਰੇ;
(ਅ) ਅੰਦਰੋਂ ਬਾਹਰੋਂ ਹੋ ਰਹੇ ਵਿੱਤੀ ਹਮਲਿਆਂ ਨੂੰ ਸਮਝੇ ਅਤੇ ਨਸ਼ਰ ਕਰੇ;
(ੲ) ਜ਼ਰਾਇਤੀ ਪੈਦਾਵਾਰ ਉੱਤੋਂ ਅਤੇ ਸਿਹਤ ਤੇ ਸਿੱਖਿਆ ਉੱਤੋਂ ਬਦੇਸ਼ੀ ਗਲਬੇ ਨੂੰ ਰੋਕੇ;
(ਸ) ਭੂਗੋਲੀਕਰਣ ਦੀ ਆੜ ਹੇਠ ਸਾਡੀ ਸਨਅਤ ਅਤੇ ਜ਼ਰਾਇਤ ਦਾ ਕੁਤਰਾ ਕਰਨੋਂ ਰੋਕੇ;
(ਹ) ਦੇਸ਼ ਅੰਦਰ ਫੁੱਟਪਾਊ ਸ਼ਕਤੀਆਂ ਦੀਆਂ ਚਾਲਾਂ ਸਮਝੇ ਤੇ ਰੋਕੇ;
(ਕ) ਸਦਾ ਸੱਚ ਦਾ ਸਾਥ ਦੇਵੇ।

ਅਜੇਹੀ ਸੋਝੀ ਤੋਂ ਵਿਰਵੇ 'ਬੁੱਧੀਜੀਵੀ' ਨੂੰ ਉਹ 'ਬੁੱਧੂਜੀਵੀ' ਦੀ ਸੰਗਿਆ ਪ੍ਰਦਾਨ ਕਰਦਾ ਹੈ। ਇਹ ਲਿਖਤ ਆਪਣੇ ਲੋਕ-ਪੱਖੀ ਮਨੋਰਥ ਨੂੰ ਵੱਖ-ਵੱਖ ਲੇਖਾਂ ਵਿਚ ਮੁੜ-ਮੁੜ ਦੁਹਰਾਉਣ ਤੋਂ ਗੁਰੇਜ਼ ਨਹੀਂ ਕਰਦੀ। ਇਹ ਰਚਨਾ ਇਸ ਸੱਚ ਨੂੰ ਦਲੀਲ ਦੇ ਹਥਿਆਰ ਨਾਲ ਮੁੜ-ਮੁੜ ਦੁਹਰਾਉਂਦੀ ਹੈ ਕਿ "ਸਰਮਾਏਦਾਰੀ ਤਰੱਕੀ ਦੇ ਨਾਲੋਂ, ਧਰਤੀ ਮਾਂ ਦੇ ਹੱਕ ਕਿਤੇ ਉਪਰ ਹਨ, ਮੌਤ ਦੀ ਸਭਿਅਤਾ ਦੇ ਮੁਕਾਬਲੇ ਜ਼ਿੰਦਗੀ ਨੂੰ ਬਚਾਉਣਾ ਜ਼ਰੂਰੀ ਹੈ।" ਇਸ ਲਈ ਧਰਤੀ ਦੇ ਹੱਕਾਂ ਦੀ ਰਾਖੀ ਹੀ ਇਸ ਰਚਨਾ ਦਾ ਮੂਲ ਸਰੋਕਾਰ ਹੈ।

*ਸੱਚ ਦੀ ਭਾਲ ਵਿੱਚ* ਡਾ. ਦਲਜੀਤ ਸਿੰਘ ਜਿਥੇ ਇਕ ਪਾਸੇ ਸਾਡੇ ਸਮਿਆਂ ਦੇ ਹਾਣੀ ਗੌਰਵਸ਼ਾਲੀ ਪੱਥ ਨੂੰ ਪ੍ਰਸਤੁਤ ਕਰਦਾ ਹੈ, ਉਥੇ ਇਸ ਨਾਜ਼ੁਕ ਸਮੇਂ ਵਿਚ ਹਰ ਸੂਝਵਾਨ ਨੂੰ ਆਪਣਾ ਸੱਚ ਖ਼ੁਦ ਸਿਰਜਣ ਲਈ ਪ੍ਰੇਰਦਾ ਹੈ। ਇਨ੍ਹਾਂ ਲੇਖਾਂ ਵਿਚ 'ਅੰਤਿਮ ਸੱਚ' ਜਾਂ 'ਹਰਫ਼ੇ ਆਖ਼ਿਰ' ਵਜੋਂ ਕੁਝ ਵੀ ਹਾਜ਼ਰ ਨਹੀਂ। ਸਾਡੇ ਸਮਿਆਂ ਦੀ ਜਟਿਲ ਹਕੀਕਤ ਨੂੰ ਉਹ ਇਕਹਿਰੇ ਢੰਗ ਨਾਲ ਨਹੀਂ, ਬਲਕਿ ਬਹੁ-ਕੋਣਾਂ ਤੋਂ ਘੋਖਦਾ ਅਤੇ ਸਮਝਣਯੋਗ ਬਣਾਉਂਦਾ ਹੈ। ਵਿਸ਼ਵੀਕਰਣ ਜਾਂ ਭੂਗੋਲੀਕਰਣ ਦੇ ਅਰਥ ਇਸ ਲਈ ਸਪੱਸ਼ਟ ਰੂਪ ਵਿਚ ਨਵ-ਬਸਤੀਵਾਦ ਦੇ ਹਨ। ਸੂਚਨਾ ਤਕਨਾਲੋਜੀ ਨੂੰ ਹਾਂ-ਪੱਖੀ ਬਣਾ ਕੇ ਲੋਕ-ਹਿੱਤਾਂ ਲਈ ਕਿਵੇਂ ਵਰਤਿਆ ਜਾ ਸਕਦਾ ਹੈ, ਇਹ ਇਸ ਸਾਹਵੇਂ ਮੁੱਖ ਸਵਾਲ ਹੈ। ਸ਼ਰਧਾ, ਵਿਸ਼ਵਾਸ, ਅਕੀਦੇ ਨਾਲ ਪਿਛਾਂਹ ਝਾਕਣ ਅਤੇ ਘੂਕ ਸੁੱਤੇ ਰਹਿਣ ਦੀ ਬਜਾਏ ਇਹ ਲੇਖ ਬਾਹਰ ਦੇਖਣ, ਦਿਮਾਗ਼ਾਂ ਨੂੰ ਤਰਲ ਤੇ ਚੇਤੰਨ ਕਰਨ, ਬਾਹਰਲੀਆਂ ਸ਼ਕਤੀਆਂ ਤੇ ਬਦਲੀਆਂ ਚੁਣੌਤੀਆਂ ਨੂੰ ਸਮਝਣ ਤੇ ਉਨ੍ਹਾਂ ਦਾ ਟਾਕਰਾ ਕਰਨ ਦੀ ਸ਼ਕਤੀ ਹਾਸਲ ਕਰਨ ਅਤੇ ਸਮੁੱਚੇ ਤੌਰ ਉਪਰ ਚੇਤੰਨ ਹੋਣ ਦਾ ਸੁਨੇਹਾ ਆਪਣੇ ਅੰਦਰ ਸਮੋਈ ਬੈਠੇ ਹਨ। ਅਜੇਹੀ ਸੋਚ ਹੀ ਨਵ-ਪੂੰਜੀਵਾਦ ਨੂੰ ਅੰਤਿਮ ਸੱਚ ਵਜੋਂ ਸਥਾਪਿਤ ਕਰਨ ਤੋਂ ਹੋੜ ਸਕਦੀ ਹੈ ਅਤੇ ਨਾਲ ਹੀ ਇਸ ਦੇ ਮੁਕਾਬਲੇ ਲਈ ਸਹੀ ਸੇਧ ਪ੍ਰਦਾਨ ਕਰ ਸਕਦੀ ਹੈ।

ਅੱਖਾਂ ਖੋਲ੍ਹਣ, ਜਗਾਉਣ, ਚੇਤਨਾ ਨੂੰ ਹਲੂਣਾ ਦੇਣ ਅਤੇ ਬੁੱਧੀਜੀਵੀਆਂ ਦਾ ਮਾਰਗ-ਦਰਸ਼ਨ ਕਰਨ ਵਾਲੀ ਇਸ ਰਚਨਾ ਦਾ ਸੁਆਗਤ ਸਾਡੀ ਨੈਤਿਕ ਅਤੇ ਅਕਾਦਮਿਕ ਜ਼ਿੰਮੇਵਾਰੀ ਬਣਦੀ ਹੈ।

15 ਅਗਸਤ, 2010

**ਹਰਿਭਜਨ ਸਿੰਘ ਭਾਟੀਆ**

*(ਪ੍ਰੋਫ਼ੈਸਰ)*

ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

# ਜੰਗਾਂ ਦੇ ਭਾਂਬੜ

ਭਾਰਤ ਅਤੇ ਪਾਕਿਸਤਾਨ ਦੀ ਦੋ ਵਾਰ ਜੰਗ ਹੋਈ—1965 ਅਤੇ 1971 ਵਿਚ। ਯਥਾ-ਸ਼ਕਤੀ ਦੋਹਾਂ ਪਾਸਿਆਂ ਤੋਂ ਹਵਾਈ ਹਮਲੇ ਕੀਤੇ ਗਏ, ਜ਼ਿਆਦਾਤਰ ਹਵਾਈ ਅੱਡਿਆਂ ਅਤੇ ਜੰਗ ਦੇ ਮੈਦਾਨ ਅੰਦਰ। ਇਕ ਹਮਲੇ ਸਮੇਂ ਚਾਰ-ਛੇ ਜਹਾਜ਼ਾਂ ਤੱਕ ਦੀ ਵਰਤੋਂ ਕੀਤੀ ਜਾਂਦੀ ਸੀ, ਜੋ ਹੇਠੋਂ ਚੱਲਦੇ ਹਵਾਈ-ਮਾਰ ਗੋਲਿਆਂ ਦੀ ਬੁਛਾੜ ਤੋਂ ਪੱਛੜ ਕੇ ਮਿੰਟਾਂ ਅੰਦਰ ਵਾਪਸ ਪਰਤ ਜਾਂਦੇ ਸਨ। ਪੰਜਾਬ ਦੇ ਸ਼ਹਿਰਾਂ ਅੰਦਰ ਹਵਾਈ ਹਮਲੇ ਦੇ ਸਾਇਰਨ ਤਾਂ ਜ਼ਰੂਰ ਵੱਜਦੇ ਸਨ ਪਰ ਇਕ ਉਦਾਹਰਣ ਨੂੰ ਛੱਡ ਕੇ, ਕਿਸੇ ਸ਼ਹਿਰ ’ਤੇ ਬੰਬਾਰੀ ਨਹੀਂ ਹੋਈ। 1965 ਦੀ ਜੰਗਬੰਦੀ ਦੇ ਐਲਾਨ ਤੋਂ ਦੋ ਘੰਟੇ ਪਿੱਛੋਂ ਦੋ ਪਾਕਿਸਤਾਨੀ ਸੇਬਰ ਜੈੱਟ, ਛੇਹਰਟੇ (ਅੰਮ੍ਰਿਤਸਰ) ਦੇ ਆਬਾਦ ਇਲਾਕੇ ਦੇ ਨੇੜੇ ਚਾਰ ਬੰਬ ਸੁੱਟ ਗਏ। ਸ਼ਾਇਦ ਸੌ ਕਿਲੋ ਵਜ਼ਨ ਦੇ ਬੰਬ ਸਨ ਪਰ ਛੇਹਰਟੇ ਅੰਦਰ ਆਫ਼ਤ ਆ ਗਈ। ਪੰਜਾਹ ਸੱਠ ਲੋਕ ਮਾਰੇ ਗਏ ਅਤੇ ਕਈ ਹੋਰ ਜ਼ਖ਼ਮੀ ਹੋਏ। ਧਮਾਕਿਆਂ ਦੀ ਸ਼ਕਤੀ ਦੇ ਨਾਲ ਇਨਸਾਨੀ ਸਰੀਰਾਂ ਦੇ ਪੁਰਜ਼ੇ ਉੱਡ ਕੇ ਦੂਰ-ਦੂਰ ਡਿੱਗੇ; ਦਰੱਖ਼ਤਾਂ ਅਤੇ ਤਾਰਾਂ ਉੱਤੇ ਅਟਕੇ ਵੇਖੇ ਗਏ। ਕੁਲ ਅੰਮ੍ਰਿਤਸਰ ਸ਼ਹਿਰ ਦੀ ਸਿਹਤ ਸੇਵਾ ਨੂੰ ਵਖਤ ਪੈ ਗਿਆ। ਇਕ ਗੱਲ ਸਮਝ ਅੰਦਰ ਆ ਗਈ ਕਿ ਜੇ ਸਾਡੇ ਕਿਸੇ ਸ਼ਹਿਰ ਉੱਤੇ ਹਵਾਈ ਹਮਲਾ ਹੋ ਜਾਵੇ, ਜਿਸ ਵਿਚ ਹਜ਼ਾਰਾਂ ਲੋਕ ਜ਼ਖ਼ਮੀ ਹੋ ਜਾਣ ਤਾਂ ਸੇਵਾ-ਸੰਭਾਲ ਦਾ ਕੰਮ ਲਗਭਗ ਅਸੰਭਵ ਹੋ ਜਾਂਦਾ ਹੈ। ਇਹ ਵੀ ਸ਼ੁਕਰ ਹੈ ਕਿ ਗ਼ਰੀਬ ਦੇਸਾਂ ਵਿਚਲੀਆਂ ਜੰਗਾਂ ਵਿਚ ਵਰਤਿਆ ਜਾਂਦਾ ਅਸਲਾ ਵੀ ਝੱਟ ਹੀ ਮੁੱਕਣ ਉੱਤੇ ਆ ਜਾਂਦਾ ਹੈ। ਖ਼ਜ਼ਾਨੇ ਵੀ ਖ਼ਾਲੀ ਹੋ ਜਾਂਦੇ ਨੇ ਅਤੇ ਜੰਗ ਪਿੱਛੋਂ ਨਿੱਤ ਵਰਤੋਂ ਦਾ ਸਾਮਾਨ ਵੀ ਬੇਅੰਤ ਮਹਿੰਗਾ ਹੋ ਜਾਂਦਾ ਹੈ।

ਵਿਕਸਤ ਕਹਿੰਦੇ ਕਹਾਉਂਦੇ ‘ਸਭਿਅ’ ਪੱਛਮੀ ਦੇਸਾਂ ਦੀਆਂ ਹਵਾਈ ਸੈਨਾਵਾਂ ਨੇ ਅਜੇਹੇ-ਅਜੇਹੇ ਕਾਰਨਾਮੇ ਕੀਤੇ ਹਨ ਜਿਨ੍ਹਾਂ ਨੇ ਹਰ ਵਾਰੀ ਨਵੇਂ ਤੋਂ ਨਵਾਂ ਇਤਿਹਾਸ ਸਿਰਜਿਆ ਹੈ। ਮੈਂ ਮੁਕਾਬਲੇ ਦੀਆਂ ਹਵਾਈ ਜੰਗਾਂ ਦਾ ਏਥੇ ਜ਼ਿਕਰ ਨਹੀਂ ਕਰਨਾ, ਕੇਵਲ ਕੁਝ ਕੁ ਸ਼ਹਿਰੀ ਹਮਲਿਆਂ ਬਾਰੇ ਦੱਸਣਾ ਹੈ। ਜਨ-ਸੰਘਾਰ ਦੀਆਂ ਕੁਝ ਕੁ ਉਦਾਹਰਣਾਂ ਦੇਣੀਆਂ ਹਨ।

ਹਵਾਈ ਬੰਬਾਂ ਦੀਆਂ ਬੇਅੰਤ ਕਿਸਮਾਂ ਵਿਕਸਿਤ ਹੋ ਗਈਆਂ ਹਨ—ਛੋਟੇ ਬੰਬ, ਵੱਡੇ ਬੰਬ, ਰਾਕੇਟ, ਮਿਸਾਈਲਾਂ, ਗੁੱਛਾ ਬੰਬ, ਭੁਚਾਲੀ ਬੰਬ, ਨੇਪਾਮ ਬੰਬ, ਫ਼ਾਸਫ਼ੋਰਸ ਬੰਬ, ਮਿਨੀ-ਨਿਊਕ, ਐਟਮ ਬੰਬ, ਹਾਈਡ®ਜਨ ਬੰਬ ਅਤੇ ਹੋਰ ਪਤਾ ਨਹੀਂ ਕੀ-ਕੀ। ਬੰਬਾਂ ਦੀ ਲਿਸਟ ਤੋਂ ਹੀ ਪਤਾ ਚੱਲ ਜਾਂਦਾ ਹੈ ਕਿ ਇਹ ਕੁੱਲ ਹਥਿਆਰ ਬੇ-ਹਥਿਆਰੇ ਸ਼ਹਿਰੀਆਂ ਉੱਤੇ ਵਰਤਣ

ਲਈ ਹੀ ਬਣੇ ਹਨ। 'ਸਭਿਅ' ਦੇਸਾਂ ਦੇ ਗ਼ੈਰ ਨਿਊਕਲੀਆਈ ਹਥਿਆਰਾਂ ਅੰਦਰ ਇਕ ਭਾਰੀ ਤਬਦੀਲੀ ਲਿਆਂਦੀ ਗਈ ਹੈ; ਉਹ ਹੈ—ਹਰ ਗੋਲੀ ਸਿੱਕੇ, ਬੰਬ ਅੰਦਰ ਡਿਪਲੀਟਿਡ ਯੂਰੇਨੀਅਮ ਦੀ ਵਰਤੋਂ। ਡੀ.ਯੂ. ਦੇ ਰੇਡੀਆਈ ਕਣ ਹਵਾ, ਪਾਣੀ ਅਤੇ ਮਿੱਟੀ ਵਿਚ ਰਲ ਕੇ ਉਨ੍ਹਾਂ ਨੂੰ ਸਦਾ ਲਈ ਜ਼ਹਿਰੀਲਾ ਕਰ ਦੇਂਦੇ ਹਨ। ਡੀ.ਯੂ. ਹਥਿਆਰ ਕੇਵਲ ਜਨ-ਸੰਘਾਰ ਨਹੀਂ ਕਰਦੇ, ਸਗੋਂ ਧਰਤੀ ਮਾਂ ਨੂੰ ਵੀ ਜ਼ਖ਼ਮੀ ਕਰਦੇ ਹਨ। ਫ਼ਾਸਫ਼ੋਰਸ ਬੰਬ ਹਰ ਸਿੱਲ੍ਹੀ ਚੀਜ਼ ਨੂੰ ਸਾੜ ਦੇਂਦੇ ਹਨ। ਇਨਸਾਨ ਦੇ ਕੱਪੜਿਆਂ ਨੂੰ ਕੁਝ ਨਹੀਂ ਹੁੰਦਾ, ਪਰ ਉਸ ਦੀ ਕੁੱਲ ਚਮੜੀ ਅਤੇ ਸਾਹ ਲੈਣ ਦੇ ਰਸਤੇ ਅਤੇ ਫੇਫੜੇ ਪਲਾਂ ਵਿਚ ਹੀ ਸੜ ਕੇ ਸੁਆਹ ਹੋ ਜਾਂਦੇ ਹਨ। ਇਸ ਸਮੇਂ ਵੱਡੇ ਐਟਮ ਅਤੇ ਹਾਈਡ੍ਰੋਜਨ ਬੰਬਾਂ ਨੂੰ ਛੱਡ ਕੇ ਹਰ ਉੱਪਰ ਦੱਸੇ ਬੰਬ ਅਮਰੀਕਾ-ਨਾਟੋ ਅਤੇ ਇਤਿਹਾਦੀਆਂ ਵੱਲੋਂ ਅਫ਼ਗ਼ਾਨਿਸਤਾਨ, ਇਰਾਕ ਵਿਚ ਖੁੱਲ੍ਹ ਕੇ ਅਤੇ ਕਿਸੇ ਹੱਦ ਤਕ ਪਾਕਿਸਤਾਨ ਉੱਤੇ ਵਰਤੇ ਜਾ ਰਹੇ ਹਨ। ਪਾਕਿਸਤਾਨ ਜਿਹੜਾ ਜ਼ਾਹਰੀ ਤੌਰ 'ਤੇ ਨਾ ਇਧਰ ਦਾ ਹੈ, ਨਾ ਓਧਰ ਦਾ ਹੈ, ਸਾਲ 2009 ਵਿਚ ਕਰੀਬ ਇਕ ਹਜ਼ਾਰ ਸ਼ਹਿਰੀ ਮਰਵਾ ਚੁੱਕਿਆ ਹੈ। ਇਹ ਤਾਂ ਕੁਝ ਵੀ ਨਹੀਂ, ਜੇ ਤੁਲਨਾ ਕਰੀਏ ਵੀਅਤਨਾਮ ਨਾਲ, ਜਿਥੇ ਬਾਰ੍ਹਾਂ ਸਾਲਾਂ ਦੇ ਸਮੇਂ ਵਿਚ ਅਮਰੀਕੀ ਹਵਾਈ ਹਮਲਿਆਂ ਨਾਲ ਕਰੀਬ 30 ਲੱਖ, ਜ਼ਿਆਦਾਤਰ ਪੇਂਡੂ ਲੋਕਾਂ (ਉਨ੍ਹਾਂ ਨੂੰ ਇਨਸਾਨ ਨਹੀਂ, 'ਗੂਕ' ਕਿਹਾ ਜਾਂਦਾ ਸੀ ਤਾਂ ਜੋ ਮਾਰਨ ਵਾਲੇ ਦੀ ਆਤਮਾ ਉੱਤੇ ਭਰੀਟ ਨਾ ਪਵੇ) ਦਾ ਉਨ੍ਹਾਂ ਨੂੰ 'ਬਣਾਉਣ ਵਾਲੇ' ਦੇ ਨਾਲ ਮਿਲਾਪ ਕਰਵਾਇਆ। ਸਾਲ 2004 ਵਿਚ ਚਾਲੂ, ਅਕਾਰਨ ਇਰਾਕੀ ਹਮਲੇ ਦੌਰਾਨ, ਅਮਰੀਕੀ (ਇਤਿਹਾਦੀ) ਫ਼ੌਜਾਂ ਅਤੇ ਹਵਾਈ ਹਮਲਿਆਂ ਨੇ ਤਿੰਨ ਲੱਖ ਵੱਸੋਂ ਵਾਲੇ ਖ਼ੂਬਸੂਰਤ ਸ਼ਹਿਰ 'ਫਲੂਜਾ' ਨੂੰ ਖੰਡਰ ਬਣਾ ਦਿੱਤਾ। ਯੂਰੇਨੀਅਮ ਹਥਿਆਰਾਂ ਦੀ ਬੇਅੰਤ ਵਰਤੋਂ ਹੋਣ ਕਾਰਨ ਇਹ ਸ਼ਹਿਰ ਰਹਿਣਯੋਗ ਹੀ ਨਹੀਂ ਰਿਹਾ।

ਅੱਜ (12 ਫ਼ਰਵਰੀ ਨੂੰ) ਮੈਂ ਯਾਦ ਕਰਨਾ ਚਾਹੁੰਦਾਂ, 13 ਅਤੇ 14 ਫ਼ਰਵਰੀ, 1945 ਦੀ ਰਾਤ ਨੂੰ ਹੋਏ ਜਰਮਨੀ ਦੇ ਸ਼ਹਿਰ ਡ੍ਰੈਸਡਨ ਦੇ ਸ਼ਹਿਰੀਆਂ ਉੱਤੇ ਹੋਏ ਹਵਾਈ ਹਮਲੇ ਨੂੰ। ਉਸ ਸਮੇਂ ਜਰਮਨ ਫ਼ੌਜਾਂ ਨੂੰ ਹਰ ਪਾਸਿਉਂ ਹਾਰ ਹੋ ਰਹੀ ਸੀ, ਖ਼ਾਸ ਕਰਕੇ ਰੂਸੀ ਮੁਹਾਜ਼ ਉੱਤੇ। ਡ®ੈਸਡਨ ਜਰਮਨ ਆਰਟ ਅਤੇ ਕਲਚਰ ਦਾ ਕੇਂਦਰ ਸੀ। ਪੰਜ ਸਾਲਾਂ ਦੀ ਜੰਗ ਅੰਦਰ ਇਸ ਉੱਤੇ ਕਦੇ ਹਵਾਈ ਹਮਲਾ ਨਹੀਂ ਸੀ ਹੋਇਆ। ਸਭ ਪਾਸਿਆਂ ਤੋਂ ਸ਼ਰਨਾਰਥੀ ਇਕੱਠੇ ਹੋਣ ਕਾਰਨ ਇਹ ਸ਼ਹਿਰ ਲੋਕਾਂ ਨਾਲ ਤੂੜਿਆ ਹੋਇਆ ਸੀ। ਸ਼ਹਿਰ ਦੀ ਉਸਾਰੀ ਜ਼ਿਆਦਾਤਰ ਲੱਕੜ ਦੀ ਸੀ। ਰਾਤ ਦੇ ਦਸ ਵਜੇ ਪਿੱਛੋਂ ਇਤਿਹਾਦੀ ਹਮਲੇ ਸ਼ੁਰੂ ਕੀਤੇ ਗਏ। ਪਹਿਲੀ ਲਹਿਰ ਵਿਚ ਸੈਂਕੜੇ ਬਰਤਾਨਵੀ ਜਹਾਜ਼ਾਂ ਨੇ ਹਮਲਾ ਕੀਤਾ। ਇਸ ਪਿੱਛੋਂ ਦੋ ਹੋਰ ਵੱਡੇ ਹਮਲੇ ਅਮਰੀਕਾ ਅਤੇ ਬਰਤਾਨੀਆ ਦੇ ਬੰਬਾਰਾਂ ਨੇ ਰਲ ਕੇ ਕੀਤੇ। ਕੁਲ 1000 ਦੇ ਕਰੀਬ ਹਵਾਈ ਜਹਾਜ਼ ਸ਼ਾਮਲ ਹੋਏ। ਇਤਿਹਾਸ ਵਿਚ ਅਜੇ ਤਕ ਇਸ ਤੋਂ ਖ਼ੌਫ਼ਨਾਕ ਅਤੇ ਮਾਰੂ ਹਮਲਾ ਕਿਤੇ ਨਹੀਂ ਹੋਇਆ, ਏਥੋਂ ਤਕ ਕਿ ਆਉਂਦੇ ਸਮੇਂ ਵਿਚ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਐਟਮੀ ਹਮਲਿਆਂ ਨਾਲ ਵੀ ਏਨੇ ਲੋਕ ਨਹੀਂ ਸਨ ਮਰੇ। ਜੇ ਸੌ ਸੌ ਕਿਲੋ ਦੇ ਬੰਬ ਗਿਣੀਏ ਤਾਂ 30000 ਬੰਬ ਸੁੱਟੇ ਗਏ। ਇਨ੍ਹਾਂ ਦੇ ਨਾਲ ਹੀ ਲੱਖਾਂ ਹੀ ਛੋਟੇ-ਛੋਟੇ ਫ਼ਾਸਫ਼ੋਰਸ ਬੰਬ ਸਨ ਜਿਨ੍ਹਾਂ ਨੇ ਕੁਲ ਸ਼ਹਿਰ ਅੰਦਰ ਅੱਗ ਦੇ ਭਾਂਬੜ ਮਚਾ ਦਿੱਤੇ। ਲੱਕੜ ਤੋਂ ਬਣੇ ਸ਼ਹਿਰ ਨੂੰ ਇਕ ਤੇਜ਼ ਅੱਗ ਦੀ ਹਨੇਰੀ ਖਾ ਗਈ। ਇਹ ਹਜ਼ਾਰ ਡਿਗਰੀ ਸੈਂਟੀਗ੍ਰੇਡ ਦੀ ਅੱਗ, ਸੌ ਮੀਲ ਦੀ ਰਫ਼ਤਾਰ ਨਾਲ ਆਪਣੇ ਅੰਦਰ ਖਿੱਚ ਕੇ ਲੋਕਾਂ ਨੂੰ ਸਾੜਦੀ ਗਈ। ਉਨ੍ਹਾਂ ਦੇ ਨਾਲ ਜੋ ਬੀਤੀ, ਬਿਆਨ ਤੋਂ ਬਾਹਰ ਹੈ। ਜਿਨ੍ਹਾਂ ਨੇ ਦਰਿਆ ਵਿਚ ਛਾਲਾਂ ਮਾਰ ਕੇ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਦਾ ਪਾਣੀਓਂ ਬਾਹਰਲਾ ਹਿੱਸਾ ਪਲਾਂ ਵਿਚ ਸੜ ਭੁੱਜ ਗਿਆ। ਸ਼ਹਿਰ ਅਤੇ ਲੋਕਾਂ ਦਾ ਕੁਝ ਨਹੀਂ ਰਿਹਾ। ਇਕ ਹਫ਼ਤਾ ਅੱਗਾਂ ਬਲਦੀਆਂ ਰਹੀਆਂ ਅਤੇ ਮਹੀਨਾ ਭਰ ਧੂੰਆਂ ਨਿਕਲਦਾ ਰਿਹਾ। ਜਰਮਨ, ਆਰਟ ਅਤੇ ਕਲਚਰ ਲੁੱਟਣ ਦਾ, ਲੋਥਾਂ ਨੂੰ ਦਫ਼ਨਾਉਣ ਅਤੇ ਸਮੂਹਕ ਚਿਤਾਵਾਂ ਦਾ ਕੰਮ ਤਿੰਨ ਮਹੀਨੇ ਚੱਲਦਾ ਰਿਹਾ। ਏਸ ਕੰਮ ਲਈ ਥੋੜੇ ਹੀ ਲੋਕ ਬਚੇ ਸਨ। ਪੂਰੀ ਜੰਗ ਦੌਰਾਨ ਜਿੰਨੇ ਜਰਮਨ ਮਰੇ ਸਨ, ਉਸ ਦਾ ਪੰਜ ਫ਼ੀਸਦੀ ਹਿੱਸਾ ਡ®ੈਸਡਨ ਦੇ ਸ਼ਹਿਰੀਆਂ ਦਾ ਸੀ। "ਅਮਨ ਦੇ ਫੁੱਲ" ਵਰਸਾਉਂਦੀ ਅਮਰੀਕੀ ਬਰਤਾਨਵੀ ਕਮਾਨ ਨੂੰ ਪੂਰੀ ਖ਼ਬਰ ਸੀ ਕਿ ਇਹ ਸ਼ਹਿਰ ਕੋਈ ਫ਼ੌਜੀ ਨਿਸ਼ਾਨਾ ਨਹੀਂ ਸੀ।

ਸਵਾਲ ਇਹ ਹੈ ਕਿ ਯਸੂ ਮਸੀਹ ਦੇ ਮੰਨਣ ਵਾਲਿਆਂ ਨੇ ਬੇਬੱਸ, ਬੇਹਥਿਆਰ ਈਸਾਈ ਲੋਕਾਈ ਦਾ ਖ਼ੂਨ ਕਿਉਂ ਕੀਤਾ ?

ਫ਼ਰਵਰੀ 4 ਤੋਂ 11 ਤਕ ਯਾਲਟਾ (ਕ੍ਰੀਮੀਆ, ਸੋਵੀਅਤ ਸੰਘ) ਅੰਦਰ ਅਮਰੀਕੀ ਪ੍ਰਧਾਨ ਰੂਜ਼ਵੈਲਟ, ਬਰਤਾਨਵੀ ਪ੍ਰਧਾਨ ਮੰਤਰੀ ਚਰਚਿਲ ਅਤੇ ਸੋਵੀਅਤ ਪ੍ਰਧਾਨ ਮੰਤਰੀ ਸਟਾਲਿਨ ਵਿਚਕਾਰ ਮੀਟਿੰਗ ਹੋਈ, ਜਿਸ ਵਿਚ ਤੈਅ ਕੀਤਾ ਗਿਆ

ਕਿ ਸੋਵੀਅਤ ਅਤੇ ਐਂਗਲੋ-ਅਮਰੀਕਨ ਫ਼ੌਜਾਂ ਆਪੋ-ਆਪਣੇ ਪਾਸਿਓਂ ਜਰਮਨੀ ਦੇ ਅੰਦਰ ਕਿਹੜੀ ਹੱਦ ਉੱਤੇ ਰੁਕਣਗੀਆਂ।

ਜਰਮਨੀ ਦੀ ਹਾਰ ਤਾਂ ਨਿਸਚਿਤ ਸੀ ਪਰ ਐਂਗਲੋ-ਅਮਰੀਕਨ ਧੜੇ ਦਾ ਅਗਲਾ ਦੁਸ਼ਮਨ ਵੀ ਨਿਸਚਿਤ ਸੀ ਅਤੇ ਉਹ ਸੀ ਸੋਵੀਅਤ ਸੰਘ। "ਆਪ੍ਰੇਸ਼ਨ ਥੰਡਰ ਕਲੈਪ" ਜਾਂ ਬਿਜਲਈ ਗਰਜ ਨਾਂ ਦਾ ਭਿਆਨਕ ਹਮਲਾ ਚਰਚਿਲ ਦੀ ਸੋਚ ਵਿੱਚੋਂ ਉਤਪੰਨ ਹੋਇਆ। ਉਹ ਚਾਹੁੰਦਾ ਸੀ ਕਿ ਜਦੋਂ ਸੋਵੀਅਤ ਫ਼ੌਜਾਂ ਡ੍ਰੈਸਡਨ ਪਹੁੰਚਣ ਤਾਂ ਸਟਾਲਿਨ ਅਤੇ ਉਸ ਦੀ ਫ਼ੌਜ ਨੂੰ ਪਤਾ ਚੱਲ ਜਾਵੇ ਕਿ ਐਂਗਲੋ-ਅਮਰੀਕੀ ਤਾਕਤ ਕਿਸ ਨੂੰ ਕਹੀਦਾ ਹੈ। ਰੂਸ ਨੂੰ ਸਬਕ ਸਿਖਾਉਣ ਦਾ ਜ਼ਿਕਰ ਆਰਥਰ ਹੈਰਿਸ ਨੇ ਆਪਣੀ ਸ੍ਵੈ-ਜੀਵਨੀ ਵਿਚ ਕੀਤਾ ਹੈ। ਸਰ ਹੈਰਿਸ ਰਾਇਲ ਏਅਰ ਫ਼ੋਰਸ ਦਾ ਮਾਰਸ਼ਲ ਸੀ ਅਤੇ ਕੁਦਰਤੀ ਤੌਰ 'ਤੇ ਪ੍ਰਧਾਨ ਮੰਤਰੀ ਚਰਚਿਲ ਦੇ ਬਹੁਤ ਨੇੜੇ ਸੀ। ਅਮਰੀਕਾ ਨੇ ਵੀ ਸਾਥ ਦਿੱਤਾ, ਇਸ ਲਈ ਕਿਹਾ ਜਾ ਸਕਦਾ ਹੈ ਕਿ ਚਰਚਿਲ ਨੇ ਪ੍ਰਧਾਨ ਰੂਜ਼ਵੈਲਟ ਨੂੰ ਵੀ ਮਨਾ ਕੇ ਨਾਲ ਕਰ ਲਿਆ।

ਹਮਲੇ 'ਤੇ ਜਾਣ ਵਾਲੇ ਹਵਾਈ ਜੱਥਿਆਂ ਨੂੰ ਬੰਬਾਰੀ ਮਿਸ਼ਨ 'ਤੇ ਜਾਣ ਤੋਂ ਪਹਿਲਾਂ ਕਿਹਾ ਗਿਆ ਕਿ ਜਦੋਂ ਰੂਸੀ ਏਥੇ ਪਹੁੰਚਣ ਤਾਂ "ਉਹ ਆਪਣੀਆਂ ਅੱਖਾਂ ਦੇ ਨਾਲ ਵੇਖ ਲੈਣ ਕਿ ਸਾਡੀ ਬੰਬਾਰ ਕਮਾਨ ਕੀ ਕੁਝ ਕਰਨ ਦੇ ਕਾਬਲ ਹੈ। ਜੇ ਤੁਸੀਂ ਬੰਦੇ ਦੇ ਪੁੱਤ ਨਾ ਬਣੇ ਤਾਂ ਤੁਹਾਡੇ ਸ਼ਹਿਰਾਂ ਨਾਲ ਵੀ ਅਜੇਹਾ ਵਾਪਰ ਸਕਦਾ ਹੈ।" ਉਨ੍ਹਾਂ ਨੇ ਸ਼ਹਿਰ ਵੀ ਅਜੇਹਾ ਚੁਣਿਆ ਜਿਸ ਨੂੰ ਪਹਿਲਾਂ ਕਦੇ ਹੱਥ ਨਹੀਂ ਸੀ ਲਾਇਆ ਗਿਆ।

6 ਅਤੇ 8 ਅਗਸਤ, 1945 ਨੂੰ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਪਹਿਲਾਂ ਅਣਛੋਹੇ ਸ਼ਹਿਰਾਂ ਉੱਤੇ ਐਟਮ ਬੰਬਾਂ ਨਾਲ ਮੁਕੰਮਲ ਤਬਾਹੀ ਲਿਆ ਕੇ ਵੀ, ਸਟਾਲਿਨ ਨੂੰ ਇਹ ਜਤਲਾਇਆ ਗਿਆ ਕਿ ਐਂਗਲੋ-ਅਮਰੀਕਨ ਧੜਾ ਕਿੰਨਾ ਤਾਕਤਵਰ ਹੈ।

ਡ੍ਰੈਸਡਨ, ਹੀਰੋਸ਼ੀਮਾ ਅਤੇ ਨਾਗਾਸਾਕੀ ਦੀ ਬੰਬਾਰੀ ਨੇ ਸੰਸਾਰ ਅੰਦਰ ਰੂਸੀ ਧੜੇ ਅਤੇ ਪੱਛਮੀ ਧੜੇ ਵਿਚਕਾਰ ਇਕ ਲੰਮੀ ਠੰਡੀ ਜੰਗ ਸ਼ੁਰੂ ਕਰ ਦਿੱਤੀ। ਸੋਵੀਅਤ ਸੰਘ ਨੂੰ ਜਾਨ ਦੇ ਲਾਲੇ ਪੈ ਗਏ। ਉਸ ਦੀ ਕੁੱਲ ਸਾਇੰਸੀ ਅਤੇ ਵਿੱਤੀ ਸ਼ਕਤੀ ਐਟਮ ਬੰਬ ਬਣਾਉਣ ਉੱਤੇ ਲੱਗ ਗਈ। 29 ਅਗਸਤ, 1949 ਨੂੰ ਉਨ੍ਹਾਂ ਪਹਿਲਾ ਐਟਮ ਬੰਬ ਟੈੱਸਟ ਕੀਤਾ। 1951 ਵਿਚ ਅਮਰੀਕਾ ਦੇ (ਯੂ.ਐੱਨ. ਦੇ ਬੁਰਕੇ ਅੰਦਰ) ਉੱਤਰੀ ਕੋਰੀਆ ਦੇ ਹਮਲੇ ਵੇਲੇ ਜਨਰਲ ਮੈਕਾਰਥਰ ਨੇ ਐਟਮ ਬੰਬ ਦੀ ਵਰਤੋਂ ਲਈ ਜ਼ੋਰ ਲਗਾਇਆ, ਪਰ ਰੂਸ ਵੱਲੋਂ (ਜੋ ਉੱਤਰੀ ਕੋਰੀਆ ਦਾ ਸਮਰਥਕ ਸੀ) ਜਵਾਬੀ ਕਾਰਵਾਈ ਦੇ ਡਰ ਤੋਂ ਅਜੇਹਾ ਹੋ ਨਹੀਂ ਸਕਿਆ। ਨਵੰਬਰ 1952 ਵਿਚ ਅਮਰੀਕਾ ਨੇ ਹਾਈਡ੍ਰੋਜਨ ਬੰਬ ਦਾ ਸਫਲ ਪ੍ਰੀਖਣ ਕੀਤਾ। ਉਸ ਦੇ ਪਿੱਛੇ-ਪਿੱਛੇ 12 ਅਗਸਤ, 1953 ਨੂੰ ਸੋਵੀਅਤ ਰੂਸ ਵੀ ਨਾਲ ਮਿਲ ਗਿਆ। ਅੱਜ ਦੁਨੀਆਂ ਅੰਦਰ ਭਾਰਤ ਸਮੇਤ ਨੌਂ ਦੇਸਾਂ ਦੇ ਕੋਲ ਨਿਊਕਲੀਆਈ ਹਥਿਆਰ ਹਨ, ਜਿਨ੍ਹਾਂ ਨੂੰ ਮਿਲਾ ਕੇ ਕੁਲ ਗਿਣਤੀ 23300 ਦੇ ਕਰੀਬ ਹੈ। ਭਾਰਤ ਅਤੇ ਪਾਕਿਸਤਾਨ ਦੇ ਕੋਲ ਕਰੀਬ ਪੰਜ-ਸੱਤ ਦਰਜਨ ਅਤੇ ਚੀਨ ਕੋਲ ਅਠਾਰਾਂ ਦਰਜਨ ਐਟਮੀ ਹਥਿਆਰ ਹਨ।

ਕਈ ਦੇਸਾਂ ਦੇ ਫ਼ੌਜੀ ਕਮਾਂਡਰ ਐਟਮੀ ਹਥਿਆਰਾਂ ਦੀ ਗੱਲ ਇੰਜ ਕਰਦੇ ਹਨ ਜਿਵੇਂ ਕੋਈ ਲੱਡੂ ਜਲੇਬੀਆਂ ਹੋਣ। ਸਾਮਰਾਜੀ ਫ਼ਰੰਗੀ ਤਾਕਤਾਂ (ਅਮਰੀਕਾ, ਇੰਗਲੈਂਡ ਅਤੇ ਪਿੱਛੇ ਲੁਕਿਆ ਇਸਰਾਈਲ) ਨੇ ਬੇਅੰਤ ਕਿਸਮ ਦੇ ਐਟਮੀ ਹਥਿਆਰ ਤਿਆਰ ਕੀਤੇ ਅਤੇ ਇਰਾਕ ਦੇ ਅੰਦਰ ਸੱਚਮੁੱਚ ਵਰਤੇ ਹਨ—ਇਹ ਮਿਨੀ ਨਿਊਕ ਹਨ। 11 ਸਤੰਬਰ, 2001 ਵਿਚ ਟਾਵਰਾਂ ਦੀ ਅੰਦਰਲੀ ਸਖ਼ਤ ਰੀੜ੍ਹ ਕੱਢਣ ਲਈ ਵੀ ਮਿਨੀ ਨਿਊਕਾਂ ਦੀ ਵਰਤੋਂ ਹੋਈ ਲੱਗਦੀ ਹੈ। ਫ਼ੌਜੀ ਅਫ਼ਸਰਾਂ ਦੇ ਮੂੰਹੋਂ ਐਟਮੀ ਬੰਬਾਂ ਦੀਆਂ ਟਾਹਰਾਂ ਅਤੇ ਉਨ੍ਹਾਂ ਦੀ ਦੂਰ-ਮਾਰੀ ਦੇ ਦਮਗਜੇ, ਕਿਸੇ ਦੇਸ ਲਈ ਵੀ ਨਹੀਂ ਸੋਭਦੇ। ਐਟਮੀ ਸ਼ਕਤੀ ਹੋਣਾ, ਬਾਹਰੀ ਦੇਸਾਂ ਦੀ ਬਲੈਕਮੇਲ ਤੋਂ ਬਚਾਉਂਦਾ ਹੈ। ਇਸ ਤੋਂ ਵੱਧ ਇਸ ਦਾ ਕਿਸੇ ਨੂੰ ਲਾਭ ਨਹੀਂ। ਐਟਮੀ ਜੰਗ ਲਈ ਲਲਕਾਰਨਾ ਜਾਂ ਫੜ੍ਹ ਮਾਰਨੀ ਕੋਈ ਸਿਆਣਪ ਦੀ ਗੱਲ ਨਹੀਂ। ਉੱਤਰੀ ਕੋਰੀਆ ਜੇ ਅੱਜ ਤਕ ਅਮਰੀਕਨ ਹਮਲੇ ਤੋਂ ਬਚਿਆ ਹੋਇਆ ਹੈ ਤਾਂ ਐਟਮ ਬੰਬ ਅਤੇ ਰਾਕਟਾਂ ਦੀ ਹੋਂਦ ਕਰਕੇ। ਇਰਾਕ ਮਰਿਆ ਤਾਂ ਬੇਹਥਿਆਰਾ ਹੋਣ ਕਰਕੇ। ਐਸ ਵੇਲੇ ਫ਼ਰੰਗੀ ਐਟਮੀ ਗਿਰਜਾਂ ਈਰਾਨ ਦੇ ਦੁਆਲੇ ਮੰਡਰਾ ਰਹੀਆਂ ਹਨ। ਈਰਾਨ, ਇਰਾਕ ਵਾਂਗੂੰ ਪੂਰੀ ਤਰ੍ਹਾਂ ਬੇਬੱਸ ਅਤੇ ਬੇਹਥਿਆਰਾ ਨਹੀਂ ਹੈ, ਪਰ ਉਸ ਕੋਲ ਐਟਮੀ ਹਥਿਆਰ ਨਹੀਂ। ਉਸ ਕੋਲ ਰਾਕਟ ਹਨ, ਰਸਮੀ ਹਥਿਆਰਾਂ ਦੇ ਨਾਲ। ਉਸ ਦੇ ਕੋਲ ਹਵਾ ਅਤੇ ਸਮੁੰਦਰ ਉੱਤੇ ਰੱਖਿਆ ਰਾਕਟ ਹਨ। ਮੱਧ ਏਸ਼ੀਆ ਦੇ ਖੇਤਰ ਨੂੰ ਫ਼ਰੰਗੀਆਂ ਨੇ ਰਣ-ਖੇਤਰ ਵਾਂਗ ਲੈਸ ਕਰ ਦਿੱਤਾ ਹੈ। ਈਰਾਨ ਨੂੰ ਬਾਲਣ ਲਈ ਬਾਹਰੀ ਦੇਸਾਂ ਤੋਂ ਆਉਂਦੀ ਗੈਸ ਵੀ ਰੋਕਣੀ ਸ਼ੁਰੂ ਕਰ ਦਿੱਤੀ ਹੈ। ਜੰਗ ਜਹੀ ਹਾਲਤ

ਪੈਦਾ ਹੋ ਚੁੱਕੀ ਹੈ। ਮੱਧ ਏਸ਼ੀਆ ਦੀ ਭੱਠੀ ਏਨੀ ਭਖਾ ਦਿੱਤੀ ਗਈ ਹੈ ਕਿ ਫ਼ਰੰਗੀਆਂ ਦਾ ਵਾਪਸ ਪਰਤ ਜਾਣਾ ਅਸੰਭਵ ਲੱਗਦਾ ਹੈ। ਇਸ ਜੰਗ ਵਿਚ ਕਿੰਨੇ ਡ੍ਰੈਸਡਨ ਵਾਂਗ ਸ਼ਹਿਰ ਸਾੜੇ ਜਾਣਗੇ, ਇਹ ਤਾਂ ਸਮਾਂ ਹੀ ਦੱਸੇਗਾ।

ਏਸ ਭਿਆਨਕ ਸਮੇਂ ਫ਼ਰੰਗੀ ਜੁੰਡਲੀ ਦੇ ਅੰਗੂਠੇ ਹੇਠਾਂ ਬੇਅੰਤ 'ਅਮਨ-ਪਸੰਦ' ਦੇਸਾਂ ਦੇ ਮੂੰਹ ਸੀਤੇ ਪਏ ਹਨ। ਕੋਈ ਉਭਾਸਰ ਨਹੀਂ ਸਕਦਾ ਕਿ ਭਾਈ, ਇਹ ਮੰਦਾ ਕਾਰਾ ਕਿਉਂ ਕਰਨ ਉੱਤੇ ਤੁਲੇ ਹੋਏ ਹੋ ? ਸਾਡੇ ਜਹੇ 'ਆਜ਼ਾਦ' ਦੇਸਾਂ ਨੇ ਜੰਗ ਦੀ ਸੂਰਤ ਵਿਚ ਬੇਅੰਤ ਮੰਦੀ ਦੇ ਵਿਚ ਫਸ ਜਾਣਾ ਹੈ, ਇਸ ਵਿਚ ਰਤਾ ਵੀ ਸ਼ੱਕ ਨਹੀਂ।

ਚਲੋ ਜੇ ਬਿਫ਼ਰੇ ਸਾਹਨਾਂ ਨੂੰ ਕੁਝ ਕਹਿਣ ਤੋਂ ਡਰਦੇ ਹਨ ਤਾਂ ਪਰਮਾਤਮਾ ਨੂੰ ਹੀ ਅਰਦਾਸ ਕਰ ਦੇਣ ਕਿ ਹੇ ਰੱਬ ਜੀ, ਏਨ੍ਹਾਂ ਅੱਥਰਿਆਂ ਵਿਗੜਿਆਂ ਨੂੰ ਸੁਮੱਤ ਦੇਵੋ ਤਾਂ ਜੋ ਧਰਤੀ ਉੱਤੇ ਅਮਨ ਦੀ ਮਿੱਠੀ ਖ਼ੁਸ਼ਬੋ ਖਿੱਲਰੀ ਰਹੇ!

# ਆਜ਼ਾਦ ਦੇਸ ਦਾ ਆਜ਼ਾਦ ਮੀਡੀਆ

ਕੁਲ ਦੇਸਾਂ ਦੇ ਅੰਦਰ ਰੇਡੀਓ, ਟੀ.ਵੀ. ਅਤੇ ਵੱਡੇ ਅਖ਼ਬਾਰ, ਲੋਕਾਂ ਅੰਦਰ ਆਮ ਰਾਇ ਪੈਦਾ ਕਰਨ ਅਤੇ ਵਿਚਾਰਾਂ ਨੂੰ ਕਾਬੂ ਹੇਠ ਰੱਖਣ ਦਾ ਕੰਮ ਕਰਦੇ ਹਨ। ਵਿਚਾਰ ਖਿਲਾਰ ਦੀਆਂ ਹੱਦਾਂ, ਦੇਸਾਂ ਦੀਆਂ ਸਰਕਾਰਾਂ, ਸਿਆਸੀ ਪਾਰਟੀਆਂ ਅਤੇ ਸ਼ਕਤੀਸ਼ਾਲੀ ਕਾਰੋਬਾਰੀਆਂ ਵੱਲੋਂ, ਅਣਲਿਖੇ ਮਿਥੀਆਂ ਜਾਂਦੀਆਂ ਹਨ। ਇਨ੍ਹਾਂ ਸਭਨਾਂ ਦੇ ਉੱਤੇ ਗੁਆਂਢੀ ਅਤੇ ਦੂਰ-ਦੁਰਾਡੇ ਦੇਸਾਂ ਦੀਆਂ ਵਪਾਰਕ ਅਤੇ ਫ਼ੌਜੀ ਸ਼ਕਤੀਆਂ ਦਾ ਪਰਛਾਵਾਂ ਪਿਆ ਰਹਿੰਦਾ ਹੈ। ਘਰੇਲੂ ਖ਼ਬਰਾਂ ਦੇ ਰੁਖ਼ ਤਾਂ ਸੂਬਾਈ ਜਾਂ ਕੁਲ-ਦੇਸੀ, ਕੁਰਸੀ ਮੱਲਣ ਦੀਆਂ ਖੇਡਾਂ ਵੱਲ ਲੱਗੇ ਰਹਿੰਦੇ ਹਨ। ਸ਼ਹਿਰਾਂ ਦੀ ਪੱਧਰ ਉੱਤੇ ਇਕ ਦੂਜੇ ਉੱਤੇ ਚਿੱਕੜ ਉਛਾਲਣਾ ਹੀ ਇਕ ਪ੍ਰਾਪਤੀ ਬਣਦੀ ਰਹਿੰਦੀ ਹੈ।

ਅਖ਼ਬਾਰਾਂ ਨੂੰ ਪੂਰੀ ਤਰ੍ਹਾਂ ਪੜ੍ਹਨ ਅਤੇ ਘੋਖਣ ਲਈ ਬੇਅੰਤ ਸਮੇਂ ਦੀ ਲੋੜ ਹੁੰਦੀ ਹੈ। ਰੀਟਾਇਰ ਲੋਕ, ਛੋਟੇ ਦੁਕਾਨਦਾਰ ਅਤੇ ਪੇਂਡੂ ਲੋਕ—ਜੋ ਵੀ ਇਕ-ਅੱਧੀ ਅਖ਼ਬਾਰ ਖ਼ਰੀਦਦੇ ਹਨ, ਉਸ ਦਾ ਪੂਰਾ ਸਤ ਕੱਢ ਕੇ ਹਟਦੇ ਹਨ। ਇਕ ਪਰਚੇ ਨੂੰ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਗੁਆਂਢੀ ਵੀ ਮੰਗ ਕੇ ਪੜ੍ਹ ਲੈਂਦੇ ਹਨ। ਮੀਡੀਆ ਦੇ ਮਜਬੂਰੀ ਵੱਸ ਚੁੱਪ-ਚਾਪੀ ਕਾਨੂੰਨ, ਖ਼ਬਰਾਂ ਨੂੰ ਕੁਖ਼ਬਰਾਂ ਬਣਾਉਂਦੇ ਹਨ। ਕਿਸੇ ਖ਼ਬਰ ਨੂੰ ਕਾਗ਼ਜ਼ ਤਕ ਪਹੁੰਚਾਉਣ ਵਿਚ ਉਸ ਦਾ ਹੁਲੀਆ ਹੀ ਬਦਲ ਜਾਂਦਾ ਹੈ। ਬੇਅਰਥ ਖ਼ਬਰਾਂ ਸੁਰਖ਼ੀਆਂ ਬਣ ਕੇ ਉਭਰਦੀਆਂ ਹਨ। ਪਲਾਂ ਦੇ ਅੰਦਰ ਦੇਸਾਂ ਵਿਚ ਤਨਾਓ ਪੈਦਾ ਹੋ ਜਾਂਦਾ ਹੈ, ਸਿਆਸੀ ਨੇਤਾ ਤ੍ਰਭਕ ਉੱਠਦੇ ਹਨ ਅਤੇ ਮਾਹੌਲ ਵਿਗੜ ਜਾਂਦਾ ਹੈ। ਸੂਬਿਆਂ ਅਤੇ ਸ਼ਹਿਰਾਂ ਦੇ ਅੰਦਰ ਹਾਲਾਤ ਵਿਗਾੜਨ ਲਈ, ਵਿਕਰੀ ਵਧਾਉਣ ਲਈ, ਮਿਰਚ ਮਸਾਲਾ ਲਗਾ ਕੇ ਖ਼ਬਰਾਂ ਪੇਸ਼ ਕਰਨ ਵਾਲੀਆਂ ਅਖ਼ਬਾਰਾਂ ਵੀ ਹੁੰਦੀਆਂ ਹਨ—ਨਤੀਜੇ ਵਜੋਂ ਜਲੂਸ ਨਿਕਲਦੇ ਹਨ, ਪਥਰਾਓ ਹੁੰਦਾ ਹੈ, ਅੱਗਾਂ ਲੱਗਦੀਆਂ ਹਨ, ਗੋਲੀ ਚੱਲਦੀ ਹੈ ਅਤੇ ਕਰਫ਼ਿਊ ਲੱਗਦਾ ਹੈ। ਸਾਲਾਂ ਅਤੇ ਦਹਾਕਿਆਂ ਤੋਂ ਚੱਲੇ ਆਉਂਦੇ ਮਾਹੌਲ-ਵਿਗਾੜੂ ਖ਼ਬਰ-ਢੰਗਾਂ ਦੇ ਨਾਲ ਪਬਲਿਕ ਨੂੰ ਤਣਾਓਪੂਰਵਕ ਮਾਨਸਿਕ ਸਥਿਤੀ

ਅੰਦਰ ਰਹਿਣ ਦੀ ਆਦਤ ਪੈ ਗਈ ਹੈ। ਜ਼ਰਾ ਕੋਈ ਗੱਲ ਹੋਈ, ਝੱਟ ਗਲੀਆਂ ਬਾਜ਼ਾਰਾਂ ਅੰਦਰ ਨਿਕਲ ਆਏ। ਮੋਬਾਇਲ ਫ਼ੋਨ ਅਤੇ ਦੋ-ਪਹੀਆ ਮਸ਼ੀਨੀ ਗੱਡੀਆਂ ਪਲਾਂ ਵਿਚ ਮਾਹੌਲ ਨੂੰ ਉਬਾਲੇ ਉੱਤੇ ਲੈ ਆਉਂਦੇ ਹਨ।

ਬਹੁਤ ਠਰ੍ਹੰਮੇ ਦੀ ਲੋੜ ਹੈ। ਬੇਅੰਤ ਧਰਮਾਂ ਅਤੇ ਡੇਰਿਆਂ ਦੇ ਨਾਵਾਂ ਉੱਤੇ ਲੁੱਟ ਦੇ ਬਾਜ਼ਾਰ ਖੁੱਲ੍ਹੇ ਹੋਏ ਹਨ। ਕੋਈ ਕਾਨੂੰਨ ਨਹੀਂ, ਕੋਈ ਰੋਕ-ਟੋਕ ਨਹੀਂ, ਕੋਈ ਪੁੱਛ-ਪੜਤਾਲ ਨਹੀਂ, ਕੋਈ ਹਿਸਾਬ ਕਿਤਾਬ ਨਹੀਂ, ਕੋਈ ਆਮਦਨ ਟੈਕਸ ਨਹੀਂ, ਕੋਈ ਟੈਕਸ-ਧਾਵਾ ਨਹੀਂ। ਜਿਧਰ ਵੇਖੋ, ਬਾਬੇ ਹੀ ਬਾਬੇ, ਡੇਰੇ ਹੀ ਡੇਰੇ, ਇਕ ਤਗੜੀ ਘਰੇਲੂ ਸਨਅਤ। ਏਨ੍ਹਾਂ ਦੀਆਂ ਖ਼ਬਰਾਂ ਅਤੇ ਇਸ਼ਤਿਹਾਰ ਮੀਡੀਆ ਉੱਤੇ ਛਾਏ ਹੋਏ ਹਨ। ਇਨ੍ਹਾਂ ਦੀ ਪਹੁੰਚ ਹਰ ਉੱਚੇ ਅਫ਼ਸਰ ਅਤੇ ਵਜ਼ੀਰ ਤਕ ਹੈ। ਸਿਆਸੀ ਨੇਤਾ ਅੱਗੇ ਪਿੱਛੇ ਗੇੜੇ ਲਾਉਂਦੇ ਹਨ, ਕਿਧਰੇ ਇਲੈਕਸ਼ਨਾਂ ਵੇਲੇ ਬਾਬਾ ਜੀ ਦੇ ਅਸ਼ੀਰਵਾਦ ਖੁਣੋਂ ਵੋਟਾਂ ਹੀ ਨਾ ਖੁੱਸ ਜਾਣ। ਸਾਡੇ ਸਮਾਜ ਦੀ ਬੇਅੰਤ ਇਨਸਾਨੀ ਸ਼ਕਤੀ ਅਤੇ ਸਰਮਾਇਆ ਅਜਾਈਂ ਜਾ ਰਿਹਾ ਹੈ। ਉਸ ਤੋਂ ਵੀ ਉੱਪਰ ਤਬਾਹੀ ਹੋ ਰਹੀ ਹੈ ਮਨੋ-ਬਿਰਤੀਆਂ ਵਿਗੜਨ ਦੀ—ਕਰੋੜਾਂ ਲੋਕ ਅੰਨ੍ਹੀ ਨਿਸ਼ਠਾ ਨਾਲ ਅਕਲ ਦੇ ਖ਼ਾਨੇ ਬੰਦ ਕਰੀ ਬੈਠੇ ਨੇ, ਜਿਨ੍ਹਾਂ ਨੂੰ 'ਕਰਮਾਂ ਦੇ ਫਲ' ਦੀਆਂ ਬੇੜੀਆਂ ਕੁਝ ਵੇਖਣ ਸੁਣਨ ਨਹੀਂ ਦੇਂਦੀਆਂ। 'ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ' ਦਾ ਪ੍ਰਚਾਰ ਕਰਨ ਵਾਲੇ ਗੋਲਕਾਂ ਭਰੀ ਅਤੇ ਲੁੱਟੀ ਜਾਂਦੇ ਹਨ। ਪਿੰਡ ਪਿੰਡ ਦੁਕਾਨਾਂ ਖੁੱਲ੍ਹੀਆਂ ਹੋਈਆਂ ਹਨ। ਅਨਪੜ੍ਹ ਮਾਈਆਂ ਬੀਬੀਆਂ ਦੀ ਵੇਖੋ-ਵੇਖੀ, ਪੜ੍ਹੀਆਂ ਲਿਖੀਆਂ ਵੀ ਚਾੜ੍ਹੀ ਜਾਂਦੀਆਂ ਹਨ ਚੜ੍ਹਾਵੇ ਉੱਤੇ ਚੜ੍ਹਾਵਾ।

ਮੀਡੀਆ ਕੀ ਕਰੇ ? ਅਖ਼ਬਾਰਾਂ ਨੂੰ ਤਾਂ ਵਖਤ ਪਿਆ ਰਹਿੰਦੈ ਅਗਲੇ ਦਿਨ ਦਾ ਮਸਾਲਾ ਇਕੱਠਾ ਕਰਨ ਦਾ। ਅਖ਼ਬਾਰ ਭਰਨ, ਛਾਪਣ ਅਤੇ ਵੰਡਣ ਦਾ। ਸੋਚਣ ਸਮਝਣ ਅਤੇ ਵਿਸ਼ਲੇਸ਼ਣ ਕਰਨ ਦੀ ਵਿਹਲ ਕਿਸ ਕੋਲ ਹੈ ? ਅਖ਼ਬਾਰ ਇਕ ਵੱਡਾ ਕਾਰੋਬਾਰ ਹੈ, ਬੇਅੰਤ ਆਮਦਨ ਅਤੇ ਸ਼ਕਤੀ ਦਾ ਸੋਮਾ ਹੈ। ਕੁੱਲ ਪਾਰਟੀਆਂ ਪਾਣੀ ਭਰਦੀਆਂ ਹਨ। ਇਸ ਵੱਡੀ ਮਸ਼ੀਨ ਦਾ ਇਕ ਇਕ ਪੁਰਜ਼ਾ ਸਮੇਂ ਸਿਰ ਚੱਲਦਾ ਹੈ। ਇਸ ਦੇ ਗੱਲੇ ਦੇ ਵਿਚ ਸਭ ਸੱਚ ਝੂਠ ਧੜਾ-ਧੜ ਪਾਇਆ ਜਾਂਦੈ। ਮਸ਼ੀਨ ਵਿੱਚੋਂ ਲੰਘਦਾ ਲੰਘਦਾ ਖਿਲਰਦਾ ਮਸਾਲਾ, ਸੰਵਰ ਕੇ, ਨਿੱਖਰ ਕੇ, ਖ਼ੂਬਸੂਰਤ ਸਫ਼ੇ ਬਣ ਕੇ ਨਿਕਲਦਾ ਅਤੇ ਪੈਕ ਹੋ ਕੇ ਦਿਨ ਚੜ੍ਹਨ ਤੋਂ ਪਹਿਲਾਂ ਘਰਾਂ ਦੀਆਂ ਦਹਿਲੀਜ਼ਾਂ ਉੱਤੇ ਪਹੁੰਚ ਜਾਂਦਾ ਹੈ।

ਖ਼ਬਰਾਂ ਦੇ ਸੋਮੇ ਲਗਭਗ ਉਹੀ ਹੁੰਦੇ ਹਨ, ਇਸ ਲਈ ਕੁਲ ਅਖ਼ਬਾਰਾਂ ਅੰਦਰ ਉਹੀ ਖ਼ਬਰਾਂ ਹੁੰਦੀਆਂ ਹਨ। ਜੇ ਕੋਈ ਫ਼ਰਕ ਹੁੰਦਾ ਹੈ ਤਾਂ ਸੰਪਾਦਕੀਆਂ ਅਤੇ ਲੇਖਾਂ ਦੇ ਵਿਚ। ਉਹ ਵੀ ਬਹੁਤ ਜ਼ਿਆਦਾ ਨਹੀਂ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਸੰਪਾਦਕ ਇਕ (ਜਾਂ ਇਕ ਅੱਧਾ ਭਰੋਸੇਯੋਗ ਸਹਿਯੋਗੀ) ਅਤੇ ਵਿਸ਼ੇ ਹਜ਼ਾਰ। ਹਰ ਰੋਜ਼ ਏਡਾ ਵੱਡਾ ਕਾਲਮ। ਜ਼ਾਹਿਰ ਹੈ, ਕੋਈ ਅਕਲਮੰਦੀ ਦੀ ਮਸ਼ੀਨ ਏਸ ਕਾਲਮ ਨੂੰ ਇੰਜ ਨਹੀਂ ਭਰ ਸਕਦੀ ਜੋ ਰੋਜ਼ ਹਰ ਕਿਸੇ ਦੀਆਂ ਅੱਖਾਂ ਖੁੱਲ੍ਹਦੀਆਂ ਜਾਣ।

ਕਈ ਪਰਚਿਆਂ ਦੀ ਸੋਚ ਸੌੜੀ ਹੁੰਦੀ ਹੈ। ਉਨ੍ਹਾਂ ਦੇ ਸੰਪਾਦਕੀ ਕਿਸੇ ਇਕ ਫ਼ਿਰਕੇ/ਗੁੱਟ ਦੀ ਪ੍ਰਤਿਨਿਧਤਾ ਕਰਦੇ ਹਨ। ਉਨ੍ਹਾਂ ਲਈ ਵਾਦ-ਵਿਵਾਦ ਖੜੇ ਕਰਨੇ ਅਤੇ ਕਾਲਮ ਭਰਨੇ ਨਿੱਤ ਦਾ ਕੰਮ ਹੈ, ਉਨ੍ਹਾਂ ਦੇ ਫ਼ਿਰਕੇ-ਬੱਝ ਪਾਠਕ ਖ਼ੂਬ ਆਨੰਦ ਲੈਂਦੇ ਹਨ। ਦੇਸ ਦੀ ਪੱਧਰ ਉੱਤੇ ਚੱਲਣ ਵਾਲੇ ਅਖ਼ਬਾਰ ਕਿਸੇ ਹੱਦ ਤਕ ਵੱਡੇ ਵੱਡੇ ਸਨਅਤੀ ਘਰਾਂ ਦੇ ਨਾਲ ਜੁੜੇ ਹੋਏ ਹਨ—ਬੇਅੰਤ ਸੂਬਿਆਂ ਵਿਚ ਇੱਕੋ ਸਮੇਂ ਛਪਦੇ ਹਨ ਪਰ ਉਨ੍ਹਾਂ ਦੀ ਸੋਚ ਦੀ ਤਾਰ ਮਾਲਕਾਂ ਦੇ ਇਸ਼ਾਰੇ ਉੱਤੇ ਚੱਲਣ ਵਾਲੇ ਇਕ ਐਡੀਟਰ ਕੋਲ ਹੁੰਦੀ ਹੈ। ਉਹ ਜਾਂ ਉਸ ਦੇ ਕੋਈ ਮਾਤਹਿਤ ਸਹਿਯੋਗੀ, ਇਕ ਅਜਿਹਾ ਸੋਚ ਦਾ ਧੁਰਾ ਬਣਾਉਂਦੇ ਹਨ ਕਿ ਐਡੀਟੋਰੀਅਲ ਪੜ੍ਹਨ ਤੋਂ ਪਹਿਲਾਂ ਹੀ ਸੂਝਵਾਨ ਪਾਠਕ ਜਾਣਦਾ ਹੈ ਕਿ ਕਿਸੇ ਖ਼ਾਸ ਵਿਸ਼ੇ ਉੱਤੇ ਸੰਪਾਦਕੀ ਨੇ ਕਿਹੜਾ ਰੁਖ਼ ਅਪਣਾਉਣਾ ਹੈ। ਐਡੀਟਰ ਕੀ ਕਰਨ ? ਪਾਠਕ ਤਾਂ ਲੱਖਾਂ ਹਨ, ਇਹ ਸੰਪਾਦਕੀ ਸਭਨਾਂ ਦੀਆਂ ਆਸ਼ਾਵਾਂ ਅਤੇ ਸੋਚਾਂ ਉੱਤੇ ਕਿਵੇਂ ਪ੍ਰਵਾਨ ਚੜ੍ਹ ਸਕਦੀ ਹੈ। ਐਡੀਟਰ ਕੋਈ ਰੱਬ ਤਾਂ ਨਹੀਂ ਜੋ ਹਰ ਸੱਚ ਝੂਠ ਦਾ ਨਿਤਾਰਾ ਕਰ ਸਕੇ, ਉਹ ਵੀ ਹਰ ਰੋਜ਼ ? ਆਂਢੀ-ਗੁਆਂਢੀ ਜਾਂ ਦੂਰ ਪਾਰ ਦੇਸਾਂ ਦੀਆਂ ਨੀਤੀਆਂ ਦੇ ਉਲਟ ਨੇਤਾਵਾਂ ਦੀਆਂ ਧੂੰਆਂਧਾਰ ਤਕਰੀਰਾਂ ਲਈ ਆਮ ਤੌਰ 'ਤੇ ਸ਼ਲਾਘਾਯੋਗ ਸ਼ਬਦਾਂ ਦੀ ਵਰਤੋਂ ਹੁੰਦੀ ਹੈ। ਕੋਈ ਸੰਤੁਲਨ ਜਾਂ ਅਮਨ ਦੀ ਗੱਲ ਨੂੰ ਉਠਾਉਣਾ ਕਾਇਰਤਾ ਨਾਲ ਤੁਲਣਾ ਕੀਤੇ ਜਾਣ ਦਾ ਡਰ ਰਹਿੰਦਾ ਹੈ। ਭਾਰਤੀ ਖ਼ਬਰ ਏਜੰਸੀਆਂ ਦੀ ਪਹੁੰਚ ਜ਼ਿਆਦਾਤਰ ਦੇਸ ਦੇ ਅੰਦਰ ਹੀ ਹੈ। ਬਾਹਰਲੇ ਦੇਸਾਂ ਤੋਂ ਆਉਂਦੀਆਂ ਖ਼ਬਰਾਂ ਕੁਝ ਕੁ ਹੀ ਅੰਗਰੇਜ਼ੀ ਬੋਲਦਿਆਂ ਦੇਸਾਂ ਤੋਂ ਆਉਂਦੀਆਂ ਹਨ। ਛੋਟੇ ਵੱਡੇ ਲੇਖ ਵੀ ਏਥੋਂ ਆਉਂਦੇ ਹਨ ਜਿਨ੍ਹਾਂ ਨੂੰ ਬਿਨਾਂ ਕਿਸੇ ਘੋਖ ਦੇ ਇਨ-ਬਿਨ ਚੇਪ ਦਿੱਤਾ ਜਾਂਦਾ ਹੈ। ਇਹ ਉਲਾਰ ਖ਼ਬਰਾਂ ਅਤੇ ਲੇਖਾਂ ਦਾ ਸਿਲਸਿਲਾ ਸਾਧਾਰਨ ਪਾਠਕਾਂ ਨੂੰ ਕਦੇ ਸਮਝ ਆਉਂਦਾ ਹੈ, ਕਦੇ ਨਹੀਂ। ਪਰ ਇਨ੍ਹਾਂ ਦੇ ਬਾਰ-ਬਾਰ ਵੱਖ-ਵੱਖ ਢੰਗਾਂ ਨਾਲ ਛਪੀ ਜਾਣ ਨਾਲ ਖ਼ਬਰਾਂ, ਪ੍ਰਚਾਰ ਹੀ ਬਣ ਜਾਂਦੀਆਂ ਹਨ। ਜ਼ਾਹਿਰ ਹੈ ਕਿ ਸੰਪਾਦਕੀਆਂ ਉੱਤੇ ਵੀ

ਬਾਰ-ਬਾਰ ਦੁਹਰਾਏ ਕੂੜ ਪ੍ਰਚਾਰ ਦੀ ਛਾਪ ਲੱਗ ਜਾਂਦੀ ਹੈ। ਕੀ ਫ਼ਰਕ ਪੈਂਦਾ ਹੈ, ਖ਼ਬਰਾਂ ਨਿੱਤ ਬਦਲਦੀਆਂ ਨੇ, ਪਰਚੇ ਚੱਲੀ ਜਾਂਦੇ ਨੇ। ਵੱਡੇ ਪਰਚਿਆਂ ਅਤੇ ਪਾਠਕਾਂ ਦੇ ਵਿਚਕਾਰ ਕੋਈ ਗਾੜ੍ਹਾ ਸੰਬੰਧ ਬਣਦਾ ਨਹੀਂ। ਐਡੀਟਰ ਨੂੰ ਲਿਖੀਆਂ ਚਿੱਠੀਆਂ ਵੀ ਕੇਵਲ ਓਹੀ ਛਪਦੀਆਂ ਹਨ ਜੋ ਸਾਡੇ ਦੇਸ ਦੀ ਗਰਦਨ ਉੱਤੇ ਸਾਹ ਲੈਂਦੀਆਂ ਐੱਮਬੈਸੀਆਂ ਦੇ ਘੋਖਕਾਂ ਦੀ ਆਸ਼ਾ ਅਨੁਕੂਲ ਹੋਣ, ਨਹੀਂ ਤਾਂ ਮਾਲਕ-ਸਨਅਤਾਂ ਦੇ ਵਪਾਰ ਅੰਦਰ ਵਿਘਨ ਪੈਣ ਦਾ ਖ਼ਤਰਾ ਹੁੰਦਾ ਹੈ।

ਸੂਬਿਆਂ ਦੇ ਅੰਦਰ ਲੋਕਲ ਪਰਚਿਆਂ ਦੀ ਸਥਿਤੀ ਹੋਰ ਤਰ੍ਹਾਂ ਦੀ ਹੈ। ਵੱਡੇ ਪਰਚਿਆਂ ਦੇ ਸੰਪਾਦਕਾਂ ਦੇ ਟਾਕਰੇ ਲੋਕਲ ਪਰਚਿਆਂ ਦੇ ਸੰਪਾਦਕ ਸਭ ਦੇ ਜਾਣੇ-ਪਛਾਣੇ ਹੁੰਦੇ ਹਨ ਅਤੇ ਬੇਅੰਤ ਨਿਕਟ-ਵਰਤੀ ਹੁੰਦੇ ਹਨ। ਜ਼ਿਆਦਾਤਰ ਸੰਪਾਦਕ/ਮਾਲਕ ਹਨ, ਜਿਨ੍ਹਾਂ ਨੂੰ ਕੁਲ ਪਾਸਿਆਂ ਦੇ ਨੇਤਾਵਾਂ ਅਤੇ ਲੋਕਾਂ ਦੀਆਂ ਆਸ਼ਾਵਾਂ, ਭਾਵਨਾਵਾਂ ਅਤੇ ਉਮੀਦਾਂ ਉੱਤੇ ਪੂਰਾ ਉਤਰਨਾ ਪੈਂਦਾ ਹੈ। ਸੂਬਿਆਂ ਅਤੇ ਜ਼ਿਲ੍ਹਿਆਂ ਅੰਦਰੋਂ ਖ਼ਬਰਾਂ ਲੈਣ ਅਤੇ ਛਾਪਣ ਉੱਤੇ ਏਨ੍ਹਾਂ ਦਾ ਕੋਈ ਵੱਡਾ ਪਰਚਾ ਮੁਕਾਬਲਾ ਨਹੀਂ ਕਰ ਸਕਦਾ। ਇਨ੍ਹਾਂ ਪਰਚਿਆਂ ਦੀ ਬਹੁਪੱਖੀ ਸਮਾਜੀ, ਸਿਆਸੀ, ਧਾਰਮਿਕ ਅਤੇ ਸਾਹਿਤਕ ਸਰਗਰਮੀਆਂ ਨਾਲ ਸਾਂਝ ਰਹਿੰਦੀ ਹੈ ਅਤੇ ਇਨ੍ਹਾਂ ਅੰਦਰ, ਲੋਕਾਂ ਦੇ ਦਿਲਾਂ ਦੀ ਧੜਕਣ ਪਹਿਚਾਨਣ ਦੀ ਸ਼ਕਤੀ ਹੈ। ਵਿਸ਼ੇਬੱਧ ਸਪੈਸ਼ਲ ਅੰਕ ਤਾਂ ਹੁਣ ਹਰ ਪਰਚੇ ਦਾ ਹਿੱਸਾ ਬਣ ਗਏ ਹਨ। ਇਸ਼ਤਿਹਾਰਾਂ ਦੀ ਬਹੁਤਾਤ, ਪੜ੍ਹੇ ਜਾਣ ਵਾਲੇ ਮੈਟਰ ਨੂੰ ਕਾਫ਼ੀ ਘੁੱਟ ਕੇ ਰੱਖਦੀ ਹੈ। ਲੋਕਲ ਖ਼ਬਰਾਂ ਦੀ ਅਗਾੜੀ-ਪਿਛਾੜੀ, ਸਥਾਨਕੀਆਂ ਵਿਚ ਠੀਕ-ਠਾਕ ਹੁੰਦੀ ਹੈ ਪਰ ਵਿਦੇਸ਼ੀ ਖ਼ਬਰਾਂ ਅੰਦਰ ਬੇਅੰਤ ਉਲਾਰਪਨ ਰਹਿੰਦਾ ਹੈ। ਸ਼ਾਇਦ ਪਰਚਿਆਂ ਨੂੰ ਵਧੇਰੇ ਸਾਇੰਸੀ, ਸਿਆਸੀ, ਵਿੱਤੀ ਜਾਂ ਸਮਾਜੀ ਆਪਣੇ ਘੋਖਕਾਰ ਨਹੀਂ ਮਿਲਦੇ, ਜੋ ਕੋਈ ਸੰਤੁਲਨ ਜਾਂ ਸੇਧ ਲਿਆ ਸਕਣ ਅਤੇ ਜਾਂ ਫਿਰ ਸ਼ਾਇਦ 'ਸਭ ਠੀਕ' ਚੱਲ ਰਿਹਾ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਅੰਦਰ ਬੇਅੰਤ ਅਜੇਹੇ ਵਿਸ਼ੇਸ਼ੱਗ ਵਿਅਕਤੀ ਹਨ ਜੋ ਆਪਣੇ ਆਪਣੇ ਖੇਤਰ ਅੰਦਰੋਂ ਖੋਜ ਕਰਕੇ ਪੱਤਰਕਾਰੀ ਨੂੰ ਭਾਰਤ ਦੇ ਅੰਦਰ ਚੋਟੀ ਉੱਤੇ ਲਿਜਾ ਸਕਦੇ ਹਨ। ਗੱਲ ਉਨ੍ਹਾਂ ਨੂੰ ਇਕ ਵਾਰ ਮੌਕਾ ਦੇਣ ਅਤੇ ਆਹਰੇ ਲਾਉਣ ਦੀ ਹੈ। ਬੇਅੰਤ ਵਿਸ਼ੇ ਫੁੱਟ ਫੁੱਟ ਕੇ ਬਾਹਰ ਆਉਣਾ ਲੋਚਦੇ ਹਨ ਪਰ ਉਸ ਪਾਸੇ ਬਿਰਤੀਆਂ ਨਹੀਂ ਲਾਈਆਂ ਜਾਂਦੀਆਂ। ਅਖ਼ਬਾਰ ਦਿਨੋ-ਦਿਨ ਸਟੀਰੀਓ ਟਾਈਪ ਹੁੰਦੇ ਜਾ ਰਹੇ ਹਨ, ਤਾਜ਼ਗੀ ਘਟਦੀ ਜਾ ਰਹੀ ਹੈ। ਅੱਖਾਂ ਲੇਖਾਂ ਦੇ ਉੱਤੋਂ ਸਰਕਦੀਆਂ ਜਾਂਦੀਆਂ ਹਨ, ਟਿਕਦੀਆਂ ਨਹੀਂ, ਦਿਲ ਜੰਮਦਾ ਨਹੀਂ।

ਨਿੱਤ ਆਉਂਦੀਆਂ ਬਦਲਦੀਆਂ ਖ਼ਬਰਾਂ ਅਤੇ ਰੁਝਾਨਾਂ ਨਾਲ ਲਗਾਤਾਰ ਜੋੜਨ ਨਾਲ, ਪਾਠਕਾਂ ਦਾ ਸਮੂਹ ਇਕ ਸੋਚ ਦਾ ਧੁਰਾ ਗ੍ਰਹਿਣ ਕਰ ਲੈਂਦਾ ਹੈ। ਚਾਹੀਦਾ ਹੈ ਕਿ ਇਸ ਦਾ ਰੁਖ਼, ਦੇਸ ਦੀ ਹਰ ਪਾਸਿਓਂ ਹੁੰਦੀ ਲੁੱਟ ਖਸੁੱਟ ਦੇ ਵਿਰੋਧ ਵਿਚ ਹੋਵੇ, ਅੰਦਰੋਂ ਬਾਹਰੋਂ ਵਿੱਤੀ ਹਮਲਿਆਂ ਨੂੰ ਸਮਝੇ, ਜ਼ਰਾਇਤੀ ਪੈਦਾਵਾਰ ਉੱਤੋਂ ਅਤੇ ਸਿਹਤ ਅਤੇ ਸਿੱਖਿਆ ਉੱਤੋਂ ਬਦੇਸ਼ੀ ਗ਼ਲਬੇ ਨੂੰ ਰੋਕੇ, ਭਗੋਲੀਕਰਨ ਦੀ ਆੜ ਹੇਠ ਸਾਡੀ ਸਨਅਤ ਅਤੇ ਜ਼ਰਾਇਤ ਦਾ ਕੁਤਰਾ ਕਰਨੋਂ ਰੋਕੇ, ਦੇਸ ਅੰਦਰ ਫੁੱਟ-ਪਾਊ ਸ਼ਕਤੀਆਂ ਦੀਆਂ ਚਾਲਾਂ ਸਮਝੇ ਤੇ ਰੋਕੇ, ਸਦਾ ਸੱਚ ਦਾ ਸਾਥ ਦੇਵੇ।

ਅਖ਼ਬਾਰ ਦਾ ਖ਼ਬਰੀ ਅਤੇ ਸੰਪਾਦਕੀ ਢਾਂਚਾ ਇਕ ਤਰ੍ਹਾਂ ਦਾ ਚੌਖਟਾ ਹੁੰਦਾ ਹੈ, ਜਿਸ ਤੋਂ ਸ਼ੁਰੂ ਹੋ ਕੇ ਹਰ ਪਾਠਕ ਨੇ ਆਪਣੀ ਸੋਚ ਅਤੇ ਖੋਜ ਦੇ ਨਾਲ ਆਪਣਾ ਰਾਹ ਲੱਭਣਾ ਹੁੰਦਾ ਹੈ। ਜਿਹੋ ਜਿਹਾ ਪਾਠਕ, ਉਹੋ ਜੇਹਾ ਅਖ਼ਬਾਰ—ਸਮੂਹਕ ਸੋਚ ਦਾ ਇਕ ਦੇਸੀ ਸ਼ੀਸ਼ਾ—ਜੋ ਮੰਗੋਗੇ, ਸੋਈ ਪਾਵੋਗੇ। ਆਓ, ਅਸੀਂ ਸਭਨਾਂ ਤੋਂ ਉੱਚੀਆਂ ਬੁਲੰਦੀਆਂ ਦੀ ਮੰਗ ਕਰੀਏ!

# ਸਮਾਂ ਸਮਝਣਾ ਮੰਗਦਾ ਹੈ

ਧਰਤੀ ਉੱਤੇ ਕੋਈ ਵੀ ਮਾਂ-ਪਿਓ, ਆਪਣੇ ਜਾਏ ਨੂੰ ਜੰਗ ਵਿਚ ਖ਼ਤਰੇ ਸਹੇੜਨ ਲਈ, ਭੇਜਣ ਲਈ ਰਾਜ਼ੀ ਨਹੀਂ। ਦੁਨੀਆਂ ਦੀ ਉਤਪਾਦਨ ਸ਼ਕਤੀ ਏਨੀ ਵਧ ਗਈ ਹੈ ਕਿ ਹਰ ਇਨਸਾਨ ਨੂੰ ਤਸੱਲੀਬਖ਼ਸ਼ ਸਹੂਲਤਾਂ ਦੇ ਕੇ ਉਸ ਕੋਲੋਂ ਉਸ ਦੀ ਮਰਜ਼ੀ ਦਾ ਕੰਮ ਖ਼ੁਸ਼ੀ-ਖ਼ੁਸ਼ੀ ਲਿਆ ਜਾ ਸਕਦਾ ਹੈ। ਏਸ ਵੇਲੇ ਏਨੀ ਦੌਲਤ ਪੈਦਾ ਹੋ ਰਹੀ ਹੈ (ਨੋਟਾਂ ਵਾਲੀ ਨਹੀਂ, ਬਲਕਿ ਖ਼ੁਰਾਕ ਅਤੇ ਵਰਤੋਂ ਦਾ ਸਾਮਾਨ) ਕਿ ਕੁੱਲ ਧਰਤੀ ਨੂੰ ਇਕ ਫੁੱਲਵਾੜੀ ਵਾਂਗ ਲਾਡ ਦੇ ਨਾਲ ਪਾਲ ਕੇ ਸਜਾਇਆ ਜਾ ਸਕਦਾ ਹੈ। ਧਰਤੀ ਦੇ ਕੁਦਰਤੀ ਵਸੀਲਿਆਂ ਨਾਲ ਬਿਨਾਂ ਜ਼ਹਿਰੀਲੀਆਂ ਦਵਾਈਆਂ ਅਤੇ ਹਾਨੀਕਾਰਕ ਕੀਮਿਆਈ ਖਾਦਾਂ ਦੇ, ਚੋਖੀ ਅਤੇ ਵਧੀਆ ਖ਼ੁਰਾਕ ਪੈਦਾ ਕੀਤੀ ਜਾ ਸਕਦੀ ਹੈ। ਇਕ ਵੀ ਇਨਸਾਨ ਜਾਂ ਹੈਵਾਨ ਨੂੰ ਭੁੱਖਿਆਂ ਸੌਣ ਦੀ ਲੋੜ ਨਹੀਂ। ਦੁਨੀਆਂ ਇਕ ਪਿਆਰ ਮੁਹੱਬਤ ਅਤੇ ਦੋਸਤੀ ਦਾ ਸਵਰਗ ਬਣ ਸਕਦਾ ਹੈ, ਜਿਥੇ ਕੁੱਲ ਨਵੀਆਂ ਖੋਜਾਂ ਜ਼ਿੰਦਗੀ ਨੂੰ ਲਗਾਤਾਰ ਹੁਸੀਨ-ਤਰੀਨ ਮੰਜ਼ਿਲਾਂ ਵੱਲ ਲਿਜਾ ਸਕਦੀਆਂ ਹਨ। ਧਰਤੀ ਵਿਚ ਕੁਦਰਤੀ ਖ਼ਜ਼ਾਨੇ ਭਰਪੂਰ ਪਏ ਹਨ। ਉਨ੍ਹਾਂ ਪਿੱਛੇ ਝਗੜੇ ਲੜਾਈਆਂ ਦੀ ਉੱਕੀ ਲੋੜ ਨਹੀਂ ਹੈ। ਕੁਦਰਤੀ ਖ਼ਜ਼ਾਨਿਆਂ ਨੂੰ ਸਦਾ ਸਦਾ ਲਈ ਮਾਲਾ-ਮਾਲ ਰੱਖਿਆ ਜਾ ਸਕਦਾ ਹੈ, ਜੇਕਰ ਹਰ ਟੁੱਟ ਭੱਜ ਨੂੰ ਸੰਭਾਲ ਕੇ, 'ਰੀ-ਸਾਈਕਲ' ਕਰ ਕੇ ਮੁੜ ਨਵੇਂ ਸਿਰਿਓਂ ਵਰਤੋਂ ਵਿਚ ਲਿਆਂਦਾ ਜਾਵੇ।

ਕੁਦਰਤੀ ਨਿਯਮਾਂ ਵਿਚ ਪਸ਼ੂ ਅਤੇ ਬਨਸਪਤੀ-ਸੰਸਾਰ, ਇਕ ਦੂਜੇ ਨੂੰ ਪਾਲ ਕੇ ਧਰਤੀ ਦੇ ਜੀਵਨ-ਨਿਜ਼ਾਮ ਨੂੰ ਇਕ ਸੰਤੁਲਤ ਢੰਗ ਨਾਲ ਸਦਾ ਲਈ ਕਾਇਮ ਰੱਖ ਸਕਦੇ ਹਨ। ਪਰ ਹੁਣ ਏਸ ਨਿਜ਼ਾਮ ਅੰਦਰ ਇਕ ਗ਼ੈਰ-ਕੁਦਰਤੀ, ਹਰ ਤਰ੍ਹਾਂ ਦੀ ਬਨਸਪਤੀ, ਪਸ਼ੂ ਸੰਸਾਰ ਦੀ ਹਾਨੀ ਕਰਨ ਲਈ ਆ ਗਈ ਹੈ, ਜਿਸ ਨੂੰ ਕਹਿੰਦੇ ਹਨ ਸਨਅਤਕਾਰੀ। ਸਨਅਤਕਾਰੀ ਵਿਚ ਲੋਭ, ਲੁੱਟ-ਖਸੁੱਟ, ਧੋਖਾ-ਫ਼ਰੇਬ ਅਤੇ ਹਰ ਪਾਸੇ ਤਬਾਹੀ ਕਰਨ ਦੀ ਸ਼ਕਤੀ ਹੈ। ਇਸ ਦਾ ਇੱਕੋ ਹੀ ਟੀਚਾ ਹੈ ਲੁੱਟ ਅਤੇ ਹੋਰ ਲੁੱਟ ਅਤੇ ਇਹ ਸਰਪਟ ਭੱਜਦੀ ਹੈ ਇਕ ਬੇਲਗਾਮ ਘੋੜੇ ਵਾਂਗ ਜਿਹੜੀ ਕੁੱਲ ਸਮਾਜ ਦੇ ਕਾਬੂ ਤੋਂ ਬਾਹਰ ਹੈ।

ਬਨਸਪਤੀ ਅਤੇ ਪਸ਼ੂ ਸੰਸਾਰ, ਸਨਅਤਕਾਰੀ ਅਤੇ ਧਰਤੀ ਮਾਂ ਦੇ ਬੇਅੰਤ ਕੁਦਰਤੀ ਵਸੀਲਿਆਂ ਦਾ ਇਕ ਨਿਰੰਤਰ ਬੈਲੈਂਸ/ਸੰਤੁਲਨ ਰੱਖਣਾ ਅਤਿਅੰਤ ਜ਼ਰੂਰੀ ਹੈ। ਇਸ ਨੂੰ ਖਾ-ਮੁਕਾ, ਲੁਟਾ-ਤਬਾਹ ਕਰਨ ਦੀਆਂ ਰੁਚੀਆਂ ਇਕ ਲੋਟੂ ਸਮਾਜ ਅਤੇ ਸੰਸਥਾਵਾਂ ਦੀਆਂ ਸੂਚਕ ਹਨ। 'ਲੋਟੂ ਸਮਾਜ' ਨੂੰ ਗਾਲ੍ਹ ਕੱਢ ਕੇ ਹੱਥ ਝਾੜ ਕੇ ਬਹਿ ਜਾਣਾ ਕਾਫ਼ੀ ਨਹੀਂ ਹੈ। ਇਸ ਤਰ੍ਹਾਂ ਸਾਡੀ 'ਕੱਲੇ 'ਕੱਲੇ ਦੀ ਜ਼ਿੰਮੇਵਾਰੀ ਅਤੇ ਰਲ ਕੇ ਕੁੱਲ ਸਮਾਜ ਦੀ, ਸਾਡੀਆਂ ਆਉਂਦੀਆਂ ਪੀੜ੍ਹੀਆਂ ਵੱਲ ਜ਼ਿੰਮੇਵਾਰੀ ਖ਼ਤਮ ਨਹੀਂ ਹੋ ਜਾਂਦੀ। ਅੱਜ ਸਾਨੂੰ ਸਮਝਣ ਦੀ ਲੋੜ ਹੈ ਕਿ ਸਾਥੋਂ ਪਹਿਲੇ ਵੱਡਿਆਂ-ਵਡੇਰਿਆਂ, ਰਾਜਿਆਂ ਮਹਾਰਾਜਿਆਂ, ਹਕੂਮਤਾਂ ਆਦਿ ਨੇ ਆਮ ਤੌਰ 'ਤੇ ਅਮਨ-ਚੈਨ, ਚੌ-ਪਾਸੜ ਤਰੱਕੀ ਅਤੇ ਬੁਨਿਆਦੀ ਸੰਤੁਲਨ ਵੱਲ ਧਿਆਨ ਨਹੀਂ ਦਿੱਤਾ। ਸਾਡੇ ਪੀਰ ਪੈਗ਼ੰਬਰ ਤਾਂ ਕੇਵਲ ਇਸ਼ਾਰਿਆਂ, ਪਾਠਾਂ ਅਤੇ ਗ੍ਰੰਥਾਂ ਰਾਹੀਂ ਮਾਰਗ-ਦਰਸ਼ਨ ਕਰਾਉਣ ਦੇ ਜਤਨ ਕਰਦੇ ਰਹੇ ਹਨ। ਅਖ਼ੀਰ ਵਿਚ ਵੇਖਦੇ ਹਾਂ ਕਿ ਸਭ ਧਰਮ ਕਾਰੋਬਾਰੀ, ਸਿਆਸੀ ਅਤੇ ਸਵਾਰਥੀ ਨੇਤਾਵਾਂ ਦੇ ਹੱਥ ਵਿਚ ਲੁਟੇਰ-ਪੰਥ ਬਣ ਕੇ ਰਹਿ ਗਏ ਹਨ, ਜੋ ਇਨਸਾਨ ਨੂੰ ਜੋੜਨ ਦੀ ਥਾਂ ਤੋੜਨ ਲਈ ਵਰਤੇ ਜਾਂਦੇ ਹਨ। ਧਰਮੀ ਟੂਕਾਂ, ਸਮਾਜਾਂ ਅੰਦਰ ਬਿਖੇੜੇ ਪਾਉਣ ਅਤੇ ਦੇਸਾਂ ਅੰਦਰ ਜੰਗਾਂ ਜਾਰੀ ਰੱਖਣ ਲਈ, ਦਲੀਲਾਂ ਦੇ ਨੂੰਮ੍ਹਣੇ ਬਣ ਕੇ ਰਹਿ ਜਾਂਦੀਆਂ ਹਨ।

ਦੁਨੀਆਂ ਵਿਚ ਜਿਥੇ ਵੀ ਜਾਉ, ਹਰ ਕਿਤੇ ਲੋਕ ਆਪਣੇ ਅਮੀਰ ਵਿਰਸੇ 'ਤੇ ਫ਼ਖ਼ਰ ਕਰਦੇ ਹਨ। ਅਮੀਰ ਪੱਛਮੀ ਦੇਸ ਅਤੇ ਕੁੱਲ ਦੱਬੇ ਹੋਏ ਦੇਸਾਂ ਦੇ ਅੰਦਰ ਵਿਰਸੇ ਦਾ ਫ਼ਖ਼ਰ ਵੱਖਰੇ ਅੰਦਾਜ਼ ਵਾਲਾ ਹੈ। ਪੱਛਮੀ ਦੇਸਾਂ ਦੀਆਂ ਪ੍ਰਾਪਤੀਆਂ ਹਨ ਕੁੱਲ ਦੁਨੀਆਂ ਦੇ ਕੁਦਰਤੀ ਵਸੀਲਿਆਂ 'ਤੇ ਕਾਬੂ ਪਾਉਣਾ ਅਤੇ ਬਾਕੀ ਦੇ ਸਮੂਹ ਦੇਸਾਂ ਉੱਤੇ ਸਿੱਧਾ ਰਾਜ ਕਰਨਾ (ਬਸਤੀਵਾਦ) ਅਤੇ ਅਸਿੱਧੇ ਆਪਣੇ ਹੱਥ-ਠੋਕਿਆਂ ਰਾਹੀਂ ਰਾਜ ਕਰਨਾ (ਨਵ-ਬਸਤੀਵਾਦ)। ਇਕ ਦੇਸ ਦਾ ਕਿਸੇ ਦੂਜੇ ਦੇਸ ਉੱਤੇ ਰਾਜ ਕਰਨ ਦਾ ਕੋਈ ਮਤਲਬ ਨਹੀਂ ਨਿਕਲਦਾ। ਦਰਅਸਲ ਇਹ ਕੁਲ ਕੰਟਰੋਲ ਉਨ੍ਹਾਂ ਵੱਲੋਂ ਆਪਣੇ ਦੇਸਾਂ ਦੀਆਂ 'ਈਸਟ ਇੰਡੀਆ ਕੰਪਨੀਆਂ' ਵਾਸਤੇ ਕੀਤੇ ਜਾਂਦੇ ਹਨ। ਪੱਛਮੀ ਹਕੂਮਤਾਂ, ਆਪਣੀਆਂ ਕੰਪਨੀਆਂ ਪਿੱਛੇ, ਕੁਝ ਆਪਣਿਆਂ ਅਤੇ ਲੱਖਾਂ ਹੀ ਬੇਗਾਨਿਆਂ ਦੀਆਂ ਜਾਨਾਂ ਦੀ ਆਹੂਤੀ ਕਿਉਂ ਲਈ ਜਾ ਰਹੀਆਂ ਹਨ ? ਏਸ ਲਈ ਕਿ ਕੰਪਨੀਆਂ ਹੀ ਹਕੂਮਤ ਉੱਤੇ ਕਾਬਜ਼ ਰਹਿਣ, ਦੇਸ ਦੇ ਨੇਤਾ ਤਾਂ ਕੇਵਲ ਵਰਤੋ-ਸੁੱਟੋ ਟਾਇਲਟ ਪੇਪਰ ਹਨ। ਇਹ ਕਾਬਜ਼ ਦੇਸ ਮਹਾਨ ਲੋਕਤੰਤਰਾਂ ਦੇ ਨਾਂ ਨਾਲ ਜਾਣੇ ਜਾਂਦੇ ਹਨ—ਮਹਾਨ ਡੈਮੋਕ੍ਰੇਸੀਆਂ। ਬਾਕੀ ਦੁਨੀਆਂ ਅੰਦਰ ਉਨ੍ਹਾਂ ਦੀ ਛਤਰ-ਛਾਇਆ ਹੇਠ ਔਖੇ ਸਾਹ ਲੈਂਦੇ ਦੇਸਾਂ ਨੂੰ ਡੈਮੋਕ੍ਰੇਸੀਆਂ ਕਹਿੰਦੇ ਹਨ। ਜਿਹੜੇ ਦੇਸ਼ ਆਪਣੀ ਆਜ਼ਾਦੀ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਲਈ ਚੋਣਵੇਂ ਸ਼ਬਦ ਹਨ 'ਬਦੀ ਦੇ ਧੁਰੇ' ਅਤੇ ਅੱਤਵਾਦੀ ਡਿਕਟੇਟਰਸ਼ਿਪ ਆਦਿ। ਅੱਜ-ਕੱਲ੍ਹ ਏਸ ਲਿਸਟ ਵਿਚ ਮੋਟੇ ਨਾਂ ਹਨ—ਈਰਾਨ, ਉੱਤਰੀ ਕੋਰੀਆ, ਵੈਨਜ਼ੁਏਲਾ ਅਤੇ ਕਿਊਬਾ। ਇਹ ਨਾਂ ਬਾਰ-ਬਾਰ ਉਛਾਲੇ ਜਾ ਰਹੇ ਹਨ ਕਿਉਂਕਿ ਪੱਛਮੀ ਸਾਮਰਾਜ ਦੀ ਸਿੱਧੀ ਹਮਲਾਵਰੀ ਮਿਹਰਬਾਨ ਨਜ਼ਰ, ਇਨ੍ਹਾਂ ਯਤੀਮ ਜਿਹੇ ਦੇਸਾਂ ਵੱਲ ਹੈ। ਪੱਛਮੀ ਸਾਂਝੀ ਫ਼ੌਜੀ ਮਸ਼ੀਨ ਜਿਥੋਂ ਦੀ ਲੰਘ ਜਾਂਦੀ ਹੈ, ਸਭ ਕੁਝ ਦਰੜ ਜਾਂਦੀ ਹੈ—ਲੋਕਾਂ ਨੂੰ, ਬਸਤੀਆਂ ਨੂੰ, ਸ਼ਹਿਰਾਂ ਨੂੰ, ਵਿਰਸੇ ਨੂੰ ਅਤੇ ਕੁਦਰਤ ਨੂੰ। ਇਸ ਦੇ ਵਹਿਸ਼ੀਪਨ ਨੂੰ ਸਮਝਣ ਲਈ ਸਭ ਨੂੰ ਆਪਣੇ ਦਿਮਾਗ਼ ਦੇ ਅੰਦਰ ਇਕ ਵੱਖਰਾ ਖ਼ਾਨਾ ਖੋਲ੍ਹਣਾ ਪੈਣਾ ਹੈ। ਪਿਛਲੇ ਕਈ ਸਾਲਾਂ ਅੰਦਰ ਜੋ ਬਰਬਾਦੀ ਫ਼ਲਸਤੀਨ, ਲੈਬਨਾਨ, ਅਫ਼ਗ਼ਾਨਿਸਤਾਨ ਅਤੇ ਇਰਾਕ ਅੰਦਰ ਹੋਈ ਹੈ, ਜੇ ਅਸੀਂ ਅੱਖੋਂ ਪਰੋਖੇ ਕਰ ਗਏ ਤਾਂ ਸਾਡੀ ਇਕ ਜਾਨ-ਲੇਵਾ ਭੁੱਲ ਹੋਵੇਗੀ। ਇਸ ਖ਼ੂਨੀ ਜੰਗੀ ਮਸ਼ੀਨ ਦੇ ਪੰਜੇ (ਬਲੈਕਟਾਵਰ ਕੰਪਨੀ ਦੇ ਭਾੜੇ ਦੇ ਕਾਤਲ) ਅੱਜ-ਕੱਲ੍ਹ ਪਾਕਿਸਤਾਨੀ ਸ਼ਹਿਰਾਂ ਅੰਦਰ ਕਾਰਵਾਈਆਂ ਕਰ ਰਹੇ ਹਨ। ਸਾਡੇ ਨਾਲ ਲੱਗਦੇ ਸਰਹੱਦੋਂ ਪਾਰ ਸ਼ਹਿਰ ਲਾਹੌਰ ਅੰਦਰ ਭਿਆਨਕ ਵਿਸਫ਼ੋਟ ਹੋ ਚੁੱਕੇ ਹਨ। ਪਾਕਿਸਤਾਨੀ ਸਰਕਾਰ, ਪ੍ਰਧਾਨ (ਅਤੇ ਉਸ ਦੀ ਫ਼ੌਜ) ਅਤੇ ਆਈ.ਐਸ.ਆਈ., ਨਾਟੋ ਦੇ 'ਚਾਲੀ ਚੋਰ', ਵੱਡੇ ਸਰਦਾਰ ਦੀ ਜੇਬ ਵਿਚ ਹਨ। ਹੁਣ ਤਾਂ ਇਹ ਸਾਫ਼ ਹੀ ਦਿਸ ਰਿਹਾ ਹੈ ਕਿ ਉਸ ਦੇਸ ਦਾ ਤਾਂ ਰੱਬ ਹੀ ਰਾਖਾ ਹੈ। ਤਬਾਹਕਾਰ ਪੱਛਮੀ ਮਸ਼ੀਨ ਜਦੋਂ ਸਾਡੇ ਦੇਸ ਵੱਲ ਵੇਖਦੀ ਹੈ ਤਾਂ ਉਸ ਸਮੇਂ ਉਹ ਅੰਨ੍ਹੀ ਤਾਂ ਨਹੀਂ ਹੁੰਦੀ। ਉਸ ਦੀਆਂ ਕਾਰਸਤਾਨੀਆਂ ਓਨੀ ਦੇਰ ਗੁੱਝੀਆਂ ਰਹਿਣੀਆਂ ਹਨ, ਜਦੋਂ ਤਕ ਉਹ ਸਕੀਮਾਂ ਨੂੰ ਅਮਲ ਵਿਚ ਨਹੀਂ ਲੈ ਆਉਂਦੀ।

ਪਾਠਕ ਜੀ, ਹੁਣ ਸਮਾਂ ਆ ਗਿਆ ਹੈ ਕਿ ਆਪਣੇ ਅੰਦਰਲੇ ਕੁੰਭਕਰਨ ਨੂੰ ਚੂੰਢੀ ਵੱਢ ਕੇ ਜਗਾਇਆ ਜਾਵੇ। ਸਭ ਤੋਂ ਪਹਿਲਾਂ ਦੁਨੀਆਂ ਦਾ ਇਕ ਵਿਚਲੇ ਸਾਈਜ਼ ਦਾ ਨਕਸ਼ਾ ਲੈ ਕੇ ਆਪਣੇ ਘਰ ਦੇ ਅੰਦਰ ਸ਼ਿੰਗਾਰ ਲਵੋ। ਅੱਗੇ ਤਾਂ ਅਸੀਂ ਸਕੂਲ ਦੀ ਕਲਾਸ ਪਾਸ ਕਰਨ ਲਈ ਨਕਸ਼ਾ ਵੇਖਦੇ ਸਾਂ, ਹੁਣ ਸਾਨੂੰ ਆਪਣੇ ਪਰਿਵਾਰ, ਆਪਣੇ ਦੇਸ, ਗੁਆਂਢੀ ਦੇਸ ਅਤੇ ਦੁਨੀਆਂ ਨੂੰ ਸਮਝਣ ਅਤੇ ਬਚਾਉਣ ਲਈ ਪੜ੍ਹਨਾ ਹੀ ਨਹੀਂ, ਸਗੋਂ ਘੋਖਣਾ ਪਵੇਗਾ। ਸਾਡੇ ਆਲੇ-ਦੁਆਲੇ ਝੁੱਲਦੀ ਜੰਗੀ ਹਨੇਰੀ ਨੇ

ਵਾਹਗਾ ਬਾਰਡਰ ਉੱਤੇ ਨਹੀਂ ਰੁਕ ਜਾਣਾ। ਸਾਡੇ ਪਾਸੇ ਵੀ ਇਕ ਹਨੇਰੀ ਝੁੱਲੀ ਹੋਈ ਹੈ—ਵਿੱਤੀ, ਸਮਾਜੀ, ਸਿਆਸੀ ਅਤੇ ਰੂਹਾਨੀ। ਰੱਬ ਕਰੇ ਇਹ ਦੋਵੇਂ ਹਨੇਰੀਆਂ ਕਿਤੇ ਜੱਫੀ ਨਾ ਪਾ ਲੈਣ।

ਅੱਜ ਦੇ ਬੱਚੇ ਅਤੇ ਜਵਾਨ, ਜੇ ਸਚਮੁੱਚ ਪੜ੍ਹੇ ਹੋਣ ਤਾਂ ਦੁਨੀਆਂ ਦੇ ਨਕਸ਼ੇ ਨੂੰ ਸੌਖਾ ਪੜ੍ਹ ਸਕਦੇ ਹਨ। ਜੇ ਆਪ ਨੂੰ ਪਤਾ ਨਾ ਲੱਗੇ ਤਾਂ ਉਨ੍ਹਾਂ ਦੀ ਮਦਦ ਲੈ ਲੈਣੀ ਚਾਹੀਦੀ ਹੈ।

ਜੇ ਪੈਗ਼ੰਬਰਾਂ ਦੇ ਕਥਨਾਂ ਅਨੁਸਾਰ ਅਸਾਂ ਆਪਣੀ ਜ਼ਿੰਦਗੀ ਸਕਾਰਥ ਕਰਨੀ ਹੈ ਤਾਂ ਹਰ ਪ੍ਰਾਣੀ ਨੂੰ, ਚਾਹੇ ਉਹ ਕਿਸੇ ਵੀ ਉਮਰ ਦਾ ਹੋਵੇ, ਕਿੰਨੀ ਵੀ ਸਮਝ ਦਾ ਮਾਲਕ ਹੋਵੇ, ਆਪਣੇ ਅੰਦਰ ਇਕ ਸੋਚ ਦਾ ਸੂਰਜ ਪੈਦਾ ਕਰਨਾ ਪੈਣਾ ਹੈ। ਸੋਚ ਦਾ ਸੂਰਜ ਬਸ ਏਨਾ ਹੀ ਹੈ ਕਿ ਜਦੋਂ ਕੋਈ ਅਮਨ ਵਿਰੋਧੀ (ਦੇਸੀ ਜਾਂ ਬਦੇਸੀ) ਕਾਰਵਾਈ ਦੀ ਖ਼ਬਰ ਪੜ੍ਹੀਏ ਤਾਂ ਇਹ ਸੋਚੀਏ—ਜਿਸ ਦੇ ਨਾਂ ਇਹ ਕਾਰਵਾਈ ਮੜ੍ਹੀ ਜਾ ਰਹੀ ਹੈ, ਉਸ ਨੂੰ ਏਸ ਦਾ ਕੀ ਫ਼ਾਇਦਾ ਹੋਇਆ ਹੈ ਜਾਂ ਹੋਵੇਗਾ ?

ਦੁਨੀਆਂ ਦੇ ਅੰਦਰ ਹੁੰਦੀਆਂ ਕੁੱਲ ਘਟਨਾਵਾਂ ਕਿਸੇ ਹਾਦਸੇ ਨਾਲ ਨਹੀਂ ਹੁੰਦੀਆਂ, ਬਲਕਿ ਕਰਵਾਈਆਂ ਜਾਂਦੀਆਂ ਹਨ, ਇੰਜ ਜਿਵੇਂ ਸਟੇਜ ਦੇ ਉੱਤੇ ਨਾਟਕ ਖੇਡਿਆ ਜਾਂਦਾ ਹੈ। ਇਕ ਮਹਾਂ ਖ਼ੁਫ਼ੀਆ ਸੰਸਥਾ ਹੈ ਜਿਸ ਨੇ ਧਰਤੀ ਦੀ ਇੱਕੋ ਇਕ ਮਹਾਂਸ਼ਕਤੀ ਅਤੇ ਉਸ ਦੇ ਕੁੱਲ ਨਾਟੋ-ਸ਼ਾਟੋ ਚਮਚਾ ਦੇਸਾਂ ਦੀਆਂ ਬੈਂਕਿੰਗ ਸੇਵਾਵਾਂ ਨੂੰ ਆਪਣੀ ਮੁੱਠੀ ਵਿਚ ਕੀਤਾ ਹੋਇਆ ਹੈ। ਇਸ ਸੰਸਥਾ ਨੂੰ ਕਹਿੰਦੇ ਹਨ ‘ਇਲਿਊਮੀਨਾਟੀ’ ਭਾਵ ‘ਚਾਨਣ ਬਰਦਾਰ’। ਕੁਲ ਦੁਨੀਆਂ ਅੰਦਰ ਇਸ ਬਦ ਸੰਸਥਾ ਨੇ 1776 ਤੋਂ ਭੜਥੂ ਪਾਇਆ ਹੋਇਆ ਹੈ। ਪਹਿਲੀ ਅਤੇ ਦੂਜੀ ਵਿਸ਼ਵ ਜੰਗ, ਦੋਵੇਂ ਏਸੇ ਦੀਆਂ ਚਤੁਰਾਈਆਂ ਨੇ ਸ਼ਤਰੰਜ ਦੀ ਖੇਡ ਵਾਂਗ ਖੇਡੀਆਂ ਸਨ। ਹੁਣ ਤੀਜੀ ਵਿਸ਼ਵ ਜੰਗ ਲਈ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। ਏਸ ਸੰਸਥਾ ਦੀ ਵਾਇਰਸ, ਇਨਸਾਨੀ ਮਾਹਰਾਂ, ਸਿਆਸਤਦਾਨਾਂ, ਉੱਚੇ ਕਾਰੋਬਾਰੀਆਂ ਅਤੇ ਸਨਅਤਕਾਰਾਂ ਦੀ ਸ਼ਕਲ ਵਿਚ, ਸਰਕਾਰਾਂ ਦੇ ਫ਼ੈਸਲਾਕੁੰਨ ਇਰਾਦਿਆਂ ਅੰਦਰ ਘੁਸਪੈਠ ਕਰ ਕੇ ਦੇਸਾਂ ਨੂੰ ਸਿਉਂਕ ਵਾਂਗ ਖਾਈ ਜਾ ਰਹੀ ਹੈ। ਸਾਡੇ ਦੇਸ ਅੰਦਰ ਵੀ ਕਿਤੇ ਨਾ ਕਿਤੇ ਇਹ ਸਿਉਂਕ ਲਾਜ਼ਮੀ ਲੱਗੀ ਹੋਈ ਹੈ।

ਕਿੰਨਿਆਂ ਕੁ ਨੇ ‘ਇਲਿਊਮੀਨਾਟੀ’ ਦਾ ਨਾਂ ਸੁਣਿਆ ਹੋਇਆ ਹੈ ? ਇਹ ਤਾਂ ਸਦਾ ਹੀ ਮਹਾਂ ਖ਼ੁਫ਼ੀਆ ਸੰਸਥਾ ਰਹੀ ਹੈ। ਕੇਵਲ ਪਿਛਲੇ ਕੁਝ ਸਾਲਾਂ ਅੰਦਰ, ਇੰਟਰਨੈੱਟ ਰਾਹੀਂ ਮਸਾਂ ਹੀ ਇਸ ਦਾ ਭਾਂਡਾ ਫੁੱਟਣਾ ਸ਼ੁਰੂ ਹੋਇਆ ਹੈ। ਜੇ ਅਸੀਂ ਹੁਣ ਵੀ ਆਪਣੀਆਂ ਅੱਖਾਂ ਚੰਗੀ ਤਰ੍ਹਾਂ ਖੋਲ੍ਹ ਲਈਏ ਤਾਂ ਇਸ ਬਦ ਸੰਸਥਾ ਦੇ ਡੂੰਘੇ ਮਨਸੂਬੇ ਜਲਦੀ ਹੀ ਸਮਝ ਵਿਚ ਆਉਣੇ ਸ਼ੁਰੂ ਹੋਣਗੇ।

# ਬਿੱਲਾ ਗਿਆ, ਬਾਘੜ ਬਿੱਲਾ ਆਇਆ

ਕੋਈ ਕਾਹਲੀ ਨਹੀਂ, ਉਹ ਇਕੱਲਾ ਹੀ ਸ਼ਿਕਾਰੀ ਹੈ ਅਤੇ ਸ਼ਿਕਾਰ ਵੀ ਉਸ ਦੀ ਸ਼ਕਤੀਸ਼ਾਲੀ ਅੱਖ ਦੇ ਨਾਲ ਕੀਲਿਆ ਪਿਆ ਹੈ ਅਤੇ ਹਿੱਲਣ ਤੋਂ ਅਸਮਰੱਥ ਹੈ।

ਪੰਜ ਸੌ ਸਾਲ ਤੋਂ ਪਹਿਲਾਂ ਯੂਰਪ ਵਿਚ ਸਨਅਤੀ ਦੌਰ ਦੇ ਨਾਲ-ਨਾਲ ਦੂਰ-ਦੁਰਾਡੇ ਦੇਸਾਂ ਉੱਤੇ ਕਬਜ਼ੇ ਕਰਨ ਦੀ ਇਕ ਨਵੀਂ ਲਹਿਰ ਚੱਲ ਪਈ। ਇਸ ਲਹਿਰ ਵਿਚ ਮੋਢੀ ਸਨ—ਸਪੇਨ, ਫ਼ਰਾਂਸ, ਪੁਰਤਗਾਲ, ਇੰਗਲੈਂਡ ਅਤੇ ਹਾਲੈਂਡ। ਇਨ੍ਹਾਂ ਦੀ ਮਾਰ ਦੁਨੀਆਂ ਦੇ ਹਰ ਕੋਨੇ ਉੱਤੇ ਪਹੁੰਚ ਗਈ। ਕਬਜ਼ੇ ਬੜੇ ਆਸਾਨ ਸਨ, ਕਿਉਂਕਿ ਹਮਲਾਵਰਾਂ ਪਾਸ ਬੰਦੂਕਾਂ ਅਤੇ ਤੋਪਾਂ ਸਨ ਜਦਕਿ ਦੂਜੇ ਪਾਸੇ ਸਨ ਬਿਲਕੁਲ ਨਿਹੱਥੇ ਲੋਕ। ਕੁਲ ਦੁਨੀਆਂ ਉੱਤੇ ਚੋਣਵੇਂ ਸਾਮਰਾਜ ਪੈਦਾ ਹੋ ਗਏ। ਫਿਰ ਪੈਦਾ ਹੋ ਗਿਆ ਸਭਨਾਂ ਦਾ ਬਾਪ, ਅਮਰੀਕਨ ਸਾਮਰਾਜ ਜਿਸ ਨੇ ਦੋ ਸਦੀਆਂ ਦੇ ਅੰਦਰ-ਅੰਦਰ ਕੁਲ ਸਾਮਰਾਜਾਂ ਨੂੰ ਆਪਣੇ ਟੁੱਕੜ-ਬੋਚ ਪਿਛਲੱਗ ਬਣਾ ਲਿਆ। ਦੂਜੀ ਵਿਸ਼ਵ ਜੰਗ ਤੋਂ ਪਿੱਛੋਂ ਸਾਡੇ ਜਿਹੇ ਬੇਅੰਤ ਦੇਸ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਆਜ਼ਾਦ ਹੋ ਗਏ। ਬਿੱਲਿਆਂ ਦਾ ਰਾਜ ਖ਼ਤਮ ਹੋ ਗਿਆ। ਦੇਸੀਆਂ ਦਾ ਆ ਗਿਆ। ਮਹਾਤਮਾ ਗਾਂਧੀ ਦੀਆਂ ਹੁਸ਼ਿਆਰ ਨੀਤੀਆਂ ਜਾਂ ਦੂਜੀ ਜੰਗ ਵਿਚ ਅੰਗਰੇਜ਼ ਰਾਜ ਦਾ ਦੀਵਾਲੀਆਪਨ ਜਾਂ ਦੇਸੀ ਫ਼ੌਜਾਂ ਵਿਚ ਉਠਦੀਆਂ ਬਗ਼ਾਵਤਾਂ ਦਾ ਅਸਰ ਕਹਿ ਲਵੋ, ਸਾਡਾ ਦੇਸ ਸੱਚਮੁੱਚ ਬਿਨਾਂ ਕਿਸੇ ਹਥਿਆਰਬੰਦ ਟੱਕਰ ਦੇ ਆਜ਼ਾਦ ਹੋ ਗਿਆ। ਬਿੱਲੇ ਦਾ 200 ਸਾਲਾਂ ਦਾ ਕਬਜ਼ਾ ਇਕ ਪਲ ਵਿਚ ਉੱਡ ਗਿਆ। ਇਕ ਕਰਾਮਾਤ ਹੋਈ ਜਿਸ ਦਾ ਵਰਣਨ ਬਿਆਨ ਤੋਂ ਬਾਹਰ ਹੈ।

ਸ਼ੁਰੂ ਵਿਚ ਦੇਸ ਦੀ ਕਮਾਨ, ਜਾਪਦਾ ਸੀ ਸਾਫ਼ ਸੁਥਰੇ ਦੇਸ-ਭਗਤ ਨੇਤਾਵਾਂ ਦੇ ਹੱਥ ਵਿਚ ਸੀ। ਜਲਦੀ ਹੀ ਉਨ੍ਹਾਂ ਦੇ ਅੰਦਰ ਲੋਭ ਅਤੇ ਲੁੱਟ ਦਾ ਦੀਵਾ ਜਗ ਪਿਆ ਅਤੇ ਦੇਸ ਦੀ ਆਜ਼ਾਦੀ ਦੀ ਰੌਸ਼ਨੀ ਘਟਣੀ ਸ਼ੁਰੂ ਹੋ ਗਈ। ਹੁਣ ਤਾਂ ਹਰ ਭਾਰਤੀ ਨੂੰ ਸ਼ੱਕ ਰਹਿੰਦਾ ਹੈ ਕਿ ਲਗਭਗ ਹਰ ਨੇਤਾ ਜਾਂ ਤਾਂ ਚੋਰ ਹੈ ਜਾਂ ਚੋਰਾਂ ਦਾ ਯਾਰ ਹੈ। ਐਵੇਂ ਤਾਂ ਨਹੀਂ ਅਰਬਾਂ ਰੁਪਏ ਇਲੈਕਸ਼ਨ-ਮੁਹਿੰਮਾਂ ਉੱਤੇ ਖ਼ਰਚੇ ਜਾਂਦੇ ? ਉਨ੍ਹਾਂ ਮੁਹਿੰਮਾਂ ਵਿਚ ਹਰ ਭ੍ਰਿਸ਼ਟ ਨੇਤਾ ਕੁਰੱਪਸ਼ਨ ਵਿਰੁੱਧ ਜੰਗ ਛੇੜਨ ਦਾ ਪ੍ਰਣ ਲੈਂਦਾ ਹੈ।

ਜਦੋਂ ਪੈਸੇ ਨਾਲ ਨੇਤਾ ਬਣਨੇ ਹੋਣ, ਉਦੋਂ ਕੀ ਫ਼ਰਕ ਪੈਂਦਾ ਹੈ ਕਿ ਪੈਸੇ ਚਿੱਟੇ ਹਨ ਜਾਂ ਕਾਲੇ, ਆਪਣੇ ਹਨ ਜਾਂ ਚੋਰੀ ਡਾਕੇ ਦੇ, ਦੇਸ ਤੋਂ ਇਕੱਠੇ ਕੀਤੇ ਹਨ ਜਾਂ ਬਦੇਸ਼ਾਂ ਤੋਂ ਮੰਗਵਾਏ ਹਨ, ਦੇਸੀਆਂ ਨੇ ਬਦੇਸੋਂ ਭੇਜੇ ਹਨ ਜਾਂ...ਜ਼ਰਾ ਸਾਹ ਲੈ ਲਵੋ—ਬਦੇਸੀਆਂ ਨੇ ਦੇਸ ਅੰਦਰੋਂ ਜਾਂ ਬਾਹਰੋਂ ਲੁਕੀ ਛੁਪੀ ਮਦਦ ਕੀਤੀ ਹੈ। ਇਲੈਕਸ਼ਨਾਂ ਪਿੱਛੋਂ ਕਿਹੜੀਆਂ ਨੀਤੀਆਂ ਵਾਲੀ ਸਰਕਾਰ ਬਣਨੀ ਹੈ, ਇਸ ਦਾ ਬਹੁਤਾ ਧਿਆਨ ਬਦੇਸੀਆਂ ਨੂੰ ਹੁੰਦਾ ਜਾਪਦਾ ਹੈ।

1947 ਵਿਚ ਬਿੱਲੇ ਦਾ ਰਾਜ ਖ਼ਤਮ ਹੋਇਆ। ਉਸ ਦੇ ਝੱਟ ਪਿੱਛੋਂ ਏਸ ਖਿੱਤੇ ਵਿਚ ਪਹੁੰਚ ਗਿਆ ਇਕ ਬਾਘੜ ਬਿੱਲਾ। ਉਸ ਨੇ ਇਕ ਸਾਲ ਦੇ ਅੰਦਰ-ਅੰਦਰ ਪਾਕਿਸਤਾਨ ਨੂੰ ਆਪਣੇ ਫ਼ੌਜੀ ਗਠਬੰਧਨ ਵਿਚ ਪ੍ਰੋ ਕੇ ਕੰਧ ਉੱਤੇ ਟੰਗ ਦਿੱਤਾ। ਇਸ ਪਿੱਛੋਂ ਉਸ ਦੇਸ ਦੇ ਅੰਦਰ ਜੋ ਵੀ ਚੰਗਾ ਮਾੜਾ ਹੋਇਆ, ਜੋ ਵੀ ਭਾਰਤੀ ਕਸ਼ਮੀਰ, ਭਾਰਤ ਅਤੇ ਅਫ਼ਗ਼ਾਨਿਸਤਾਨ ਨਾਲ ਛੇੜ-ਛਾੜ, ਤੋੜ-ਭੰਨ ਜਾਂ ਲੜਾਈ ਕੀਤੀ ਗਈ, ਚਾਤਰ ਬਾਘੜ ਬਿੱਲੇ ਦੀ ਸਵੀਕ੍ਰਿਤੀ ਪਹਿਲਾਂ ਸੀ। ਸਿਖਲਾਈ ਵੀ ਉਸੇ ਨੇ ਦੇਣੀ ਹੈ, ਹਥਿਆਰ ਵੀ ਉਸੇ ਨੇ ਦੇਣੇ ਹਨ। ਐਸ ਵੇਲੇ ਕੁਲ ਨਾਟੋ ਦਾ ਗਠਬੰਧਨ ਅਫ਼ਗ਼ਾਨੀ ਕੇਕ ਕੱਟਣ ਵਿਚ ਰੁੱਝਿਆ ਹੋਇਆ ਹੈ। ਨਾਟੋ ਦੀ ਕਿਸਮਤ ਮਾੜੀ, ਅਫ਼ਗਾਨੀ ਤਾਂ ਧੁਰੋਂ ਹੀ ਖਾੜਕੂ ਲੋਕ ਹਨ, ਉਨ੍ਹਾਂ ਦਾ ਕੁਲ ਇਤਿਹਾਸ ਬਦੇਸੀ ਧਾੜਵੀਆਂ ਨਾਲ ਟੱਕਰ ਦਾ ਇਤਿਹਾਸ ਹੈ। ਬਿੱਲੇ ਨੇ ਪਿਛਲੀਆਂ ਸਦੀਆਂ ਵਿਚ ਉਥੇ ਚੋਖੀ ਮਾਰ ਖਾਧੀ ਸੀ, ਉਹ ਭੁੱਲ ਗਈ ਜਾਪਦੀ ਹੈ। ਹੁਣ ਉਹੀ ਬਿੱਲਾ ਨਾਟੋ ਦਾ ਖੱਫਣ ਵਲ੍ਹੇਟ ਕੇ, ਨਵੇਂ ਹਥਿਆਰਾਂ ਦੇ ਨਾਲ ਲੈਸ ਹੋ ਕੇ ਵੀ, ਅਮਰੀਕੀ ਸਾਮਰਾਜ ਦੀ ਛਤਰ ਛਾਇਆ ਹੇਠ ਇਕ ਵਾਰ ਫੇਰ ਅਫ਼ਗਾਨੀ ਛਿੱਤਰ ਖਾ ਰਿਹਾ ਹੈ।

ਸੈਂਟੋ, ਸੀਟੋ, ਮੀਡੋ ਅਤੇ ਨਾਟੋ ਫ਼ੌਜੀ ਗਠਬੰਧਨਾਂ ਦੀਆਂ ਸੁਨਹਿਰੀ ਜ਼ੰਜੀਰਾਂ ਅੰਦਰ ਲਿਸ਼ਕਦਾ ਪਾਕਿਸਤਾਨੀ ਕੋਹਿਨੂਰੀ ਨਗ ਅਮਰੀਕੀ ਪ੍ਰਧਾਨ ਦੇ ਮੇਜ਼ ਉੱਤੇ ਸਜਿਆ ਆ ਰਿਹਾ ਹੈ। ਦੇਸ ਦੇ ਪ੍ਰਧਾਨ, ਪ੍ਰਧਾਨ ਮੰਤਰੀ, ਫ਼ੌਜ ਅਤੇ ਆਈ.ਐਸ.ਆਈ. ਸਭ ਨੂੰ ਚਲਾਉਣ ਵਾਲੀਆਂ ਕੁੰਜੀਆਂ ਜਾਂ ਵਾਸ਼ਿੰਗਟਨ ਵਿਚ ਹਨ ਅਤੇ ਜਾਂ ਇਸਲਾਮਾਬਾਦ ਸਥਿਤ ਸਫ਼ਾਰਤਖ਼ਾਨੇ ਅੰਦਰ। ਪਾਕਿਸਤਾਨ ਦੇ ਅੰਦਰ ਹੁੱਲੜ ਮਚਾਉਣ, ਵਿਸਫੋਟ ਕਰਨ, ਸਿਆਸੀ ਨੇਤਾਵਾਂ ਨੂੰ ਕਤਲ ਕਰਨ ਅਤੇ ਦਹਿਸ਼ਤ ਫੈਲਾਉਣ ਲਈ ਅਤੇ ਮਾਲਕਾਂ ਦੀ ਰੱਖਿਆ ਕਰਨ ਲਈ ਇਕ ਮਹਾਨ ਕਾਲੇ ਕਾਰਨਾਮਿਆਂ ਵਾਲੀ ਕਾਲੀ ਤਨਜ਼ੀਮ ਹੈ ਜਿਸ ਦਾ ਨਾਂ ਹੈ 'ਬਲੈਕ ਵਾਟਰ' (ਕਾਲਾ ਪਾਣੀ)। ਇਹ ਤਨਜ਼ੀਮ ਠੇਕੇ ਉੱਤੇ ਲੜਾਕੂ ਤਿਆਰ ਅਤੇ ਭਰਤੀ ਕਰਦੀ ਹੈ ਅਤੇ ਤਨਖ਼ਾਹ ਵੀ ਚੋਖੀ ਦੇਂਦੀ ਹੈ। ਏਸ ਦੇ ਕਾਲੇ ਬਿੱਲਿਆਂ ਉੱਤੇ ਕੋਈ ਵੀ ਸਥਾਨਕ ਕਾਨੂੰਨ ਲਾਗੂ ਨਹੀਂ ਹੁੰਦਾ। ਕੋਈ ਵੱਡੇ ਵਿਸਫੋਟਕ ਕਾਰਨਾਮੇ ਕਰਨ ਜਾਂ ਕੋਈ ਸਿਆਸੀ ਕਤਲ ਲਈ, ਦੇਸ ਦਾ ਕੋਈ ਕਾਨੂੰਨ ਪੋਹ ਨਹੀਂ ਸਕਦਾ। ਬਲੈਕ ਵਾਟਰ ਅਤੇ ਅਮਰੀਕਨ ਸਫ਼ਾਰਤਖ਼ਾਨੇ ਦੇ ਹੁੰਦਿਆਂ ਪਾਕਿਸਤਾਨੀ ਪ੍ਰਧਾਨ, ਸੰਵਿਧਾਨ ਅਤੇ ਕੁਲ ਜਨਤਾ ਨੂੰ ਆਪਣੀ ਰੱਖਿਆ ਦਾ ਫ਼ਿਕਰ ਕਰਨ ਦੀ ਕੋਈ ਲੋੜ ਨਹੀਂ। ਸ਼ੁਰੂ ਸ਼ੁਰੂ ਵਿਚ ਜੋ ਦਹਿਸ਼ਤ ਮਹਿਸੂਸ ਹੁੰਦੀ ਹੈ ਉਹ ਅਵੱਸ਼ ਅਮਨ-ਅਮਾਨ ਦੇ ਸੰਨਾਟੇ ਵਿਚ ਬਦਲ ਜਾਂਦੀ ਹੈ। ਇਹ ਫ਼ਾਰਮੂਲਾ ਕਈ ਦੇਸਾਂ ਅੰਦਰ ਬਾਖ਼ੂਬੀ ਅਜ਼ਮਾਇਆ ਜਾ ਚੁੱਕਿਆ ਹੈ। ਅੱਜ ਦੇ ਦਿਨ ਕਰੀਬ ਡੇਢ ਲੱਖ 'ਕਾਲੇ ਪਾਣੀ' ਤਨਜ਼ੀਮ ਦੇ ਭਾੜੇ ਉੱਤੇ ਕਰਮੀ, ਓਨੇ ਕੁ ਹੀ ਅਮਰੀਕੀ ਫ਼ੌਜੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਇਰਾਕ ਦੇ ਅੰਦਰ ਸੱਤ ਸਾਲਾਂ ਤੋਂ ਅਮਨ ਅਮਾਨ ਲਿਆਉਣ ਅਤੇ ਇਰਾਕ ਦਾ ਸੁਨਹਿਰਾ ਇਤਿਹਾਸ ਲਿਖਣ ਵਿਚ ਰੁੱਝੇ ਹੋਏ ਹਨ।

ਜੇ ਗੱਲ ਪਾਕਿਸਤਾਨ ਤਕ ਹੀ ਸੀਮਤ ਰਹਿ ਜਾਂਦੀ ਤਾਂ ਕਿੰਨਾ ਚੰਗਾ ਜਾਪਦਾ! ਅਸੀਂ ਕਹਿਣ ਜੋਗੇ ਹੁੰਦੇ, "ਸਾਡੇ ਪਾਸੇ ਨਾ ਅਜਿਹਾ ਕਦੇ ਹੋਇਐ, ਨਾ ਹੀ ਹੋ ਸਕਦੈ।" ਪਰ ਕੀ ਅਸੀਂ ਇਹ ਗੱਲ ਦਾਅਵੇ ਨਾਲ ਕਹਿ ਸਕਦੇ ਹਾਂ ? ਆਪ ਹੀ ਜਵਾਬ ਲੱਭਣ ਦੀ ਕੋਸ਼ਿਸ਼ ਕਰੋ ਜਨਾਬ। ਜਦੋਂ ਬਾਘੜ ਬਿੱਲੇ ਦੀਆਂ ਰਾਲਾਂ ਸਾਡੀਆਂ ਸਰਹੱਦਾਂ ਉੱਤੇ ਵਗ ਰਹੀਆਂ ਹੋਣ, ਉਸ ਸਮੇਂ ਸਾਡੇ ਵੱਲੋਂ ਬਚਾਅ ਦੀ ਕੀ ਤਿਆਰੀ ਹੈ ? ਬਾਘੜ ਬਿੱਲੇ ਦਾ ਕੋਈ ਏਜੰਟ, ਜੇ ਕਿਸੇ ਸਾਡੇ ਲਈ 'ਸੁਖਾਵੇਂ', ਧਰਮ ਦੀ ਆੜ ਹੇਠ ਸਾਡੀ ਸਰਹੱਦ ਦੇ ਕੋਲ, ਬਿੱਲੇ ਪੜ੍ਹਾਉਣ ਲਈ ਸਕੂਲ ਖੋਲ੍ਹ ਲਵੇ ਤਾਂ ਸਾਡੀ ਛਾਤੀ ਫ਼ਖ਼ਰ ਨਾਲ ਫੁੱਲ ਜਾਂਦੀ ਹੈ! ਇਹ ਹੱਦ ਜੇ ਸਾਡੀ ਹੁਸ਼ਿਆਰੀ ਦੀ!

ਕਈ ਸਾਲ ਪਹਿਲਾਂ ਮੇਰੇ ਇਕ ਜੰਮੂ ਦੇ ਰਹਿਣ ਵਾਲੇ ਮਰੀਜ਼ ਨੇ ਬੇਨਤੀ ਕੀਤੀ ਕਿ ਮੈਂ ਉਸ ਦੇ ਪੁੱਤਰ ਦੀ ਨੌਕਰੀ ਲਈ ਉਥੋਂ ਦੇ ਵੱਡੇ ਪੁਲੀਸ ਅਫ਼ਸਰ ਨੂੰ ਟੈਲੀਫ਼ੋਨ ਕਰਾਂ। ਮੈਂ ਕਿਹਾ, ਭਾਈ, ਮੈਂ ਤਾਂ ਉਸ ਨੂੰ ਜਾਣਦਾ ਨਹੀਂ ਅਤੇ ਜੇ ਜਾਣਦਾ ਵੀ ਹੁੰਦਾ ਤਾਂ ਵੀ ਭਰਤੀ ਤਾਂ ਕਾਇਦੇ ਕਾਨੂੰਨ ਅਨੁਸਾਰ ਹੋਣੀ ਹੈ। ਉਸ ਜਵਾਬ ਦਿੱਤਾ ਕਿ ਲੜਕੇ ਦੀ ਚੋਣ ਤਾਂ ਹੋ ਚੁੱਕੀ ਹੈ ਪਰ ਨਿਯੁਕਤੀ-ਪੱਤਰ ਤਾਂ ਮਿਲੇਗਾ ਜੇ ਉਹ ਪੰਜਾਹ ਹਜ਼ਾਰ ਤਾਰ ਦੇਵੇ। ਮੈਂ ਪੁੱਛਿਆ ਕਿ ਕਿੰਨੀ ਭਰਤੀ ਹੋਣ ਵਾਲੀ ਹੈ ? ਜਵਾਬ ਸੀ 700, ਬਾਕੀ ਆਪੇ ਹੀ ਸੋਚ ਲਵੋ।

ਮੇਰਾ ਇਕ ਨਿਹਾਇਤ ਸਿਹਤਮੰਦ ਸ਼ਰੀਫ਼ ਕਾਰ ਡਰਾਈਵਰ ਸੈਕੰਡਰੀ ਪਾਸ ਹੈ। ਮੈਂ ਉਸ ਨੂੰ ਆਉਂਦਿਆਂ ਹੀ ਪੁੱਛਿਆ ਕਿ ਇਸ ਤੁੱਛ ਨੌਕਰੀ ਉੱਤੇ ਲੱਗਣ ਦੀ ਥਾਂ ਕਿਸੇ ਅਜਿਹੇ ਅਦਾਰੇ ਵਿਚ ਕਿਉਂ ਨਹੀਂ ਕੋਸ਼ਿਸ਼ ਕਰਦਾ ਜਿਥੇ ਅਗਲੀਆਂ ਮੰਜ਼ਲਾਂ ਉੱਤੇ ਤਰੱਕੀ ਹੁੰਦੀ ਹੋਵੇ। ਉਸ ਦੱਸਿਆ ਕਿ ਉਸ ਨੇ ਫ਼ੌਜ ਵਿਚ ਭਰਤੀ ਹੋਣ ਦੀ ਕੋਸ਼ਿਸ਼ ਕੀਤੀ ਸੀ ਪਰ ਕਾਮਯਾਬੀ ਨਹੀਂ ਮਿਲੀ। ਮੈਂ ਕਿਹਾ ਕਿ ਜੇ ਪਹਿਲੀ ਵਾਰ ਕਾਮਯਾਬੀ ਨਹੀਂ ਮਿਲੀ ਤਾਂ ਇਕ ਵਾਰ ਫੇਰ ਕੋਸ਼ਿਸ਼ ਕਰ ਲਵੇ। ਪਰ ਹੁਣ ਉਹ ਭਰਤੀ ਦੀ ਆਯੂ ਸੀਮਾ ਟੱਪ ਚੁੱਕਿਆ ਸੀ। ਕੁਝ ਦਿਨ ਪਹਿਲਾਂ ਮੈਂ ਫੇਰ ਉਸ ਦੀ ਭਰਤੀ ਦਾ ਕਿੱਸਾ ਛੋਹ ਲਿਆ—ਪਈ ਕਿਸ ਪੜਾਅ ਉੱਤੇ ਉਸ ਦੀ ਭਰਤੀ ਫ਼ੇਲ੍ਹ ਹੋਈ ਸੀ ? ਉਸਨੇ ਦੱਸਿਆ ਕਿ ਚੋਣ ਤਾਂ ਹੋ ਗਈ ਸੀ, ਪਰ ਭਰਤੀ ਵਾਲਿਆਂ ਨੇ ਆਖਿਆ ਕਿ ਪੰਜਾਹ ਹਜ਼ਾਰ ਰੁਪਿਆ ਜਮ੍ਹਾ ਕਰਵਾ ਲੈ ਅਤੇ ਨਿਯੁਕਤੀ-ਪੱਤਰ ਲੈ ਜਾ। ਮੇਰੇ ਅਤੇ ਮੇਰੇ ਕੁੱਲ ਟੱਬਰ ਕੋਲ ਏਨੇ ਪੈਸਿਆਂ ਦਾ ਵਸੀਲਾ ਨਹੀਂ ਸੀ। ਪੰਜਾਹ ਹਜ਼ਾਰ ਰੁਪਏ ਇਕ ਸਾਲ ਦੀ ਤਨਖ਼ਾਹ ਬਣਦੀ ਸੀ।

ਕਿੰਨਾ ਇਕਸਾਰ ਮਿਆਰ ਹੈ ਸਰਕਾਰੀ ਭਰਤੀ ਦੇ ਵੇਲੇ, ਮਹਿਕਮਾ ਕੋਈ ਵੀ ਹੋਵੇ, ਪੈਸੇ ਦੀ ਲੋੜ ਹਰ ਥਾਂ ਪੈਂਦੀ ਹੈ। ਕਿਤੇ ਵੱਧ, ਕਿਤੇ ਹੋਰ ਵੱਧ ਅਤੇ ਕਿਤੇ ਵੱਧ ਤੋਂ ਵੱਧ। ਸਾਡੀ ਕੁੱਲ ਸਰਕਾਰੀ ਮਸ਼ੀਨ ਅਜੇਹੇ ਪੁਖ਼ਤਾ ਢਾਂਚੇ ਦੇ ਵਿਚ ਢਲ ਕੇ ਦੇਸ ਦੀ ਅੰਦਰਲੀ ਅਤੇ ਬਾਹਰਲੀ ਸੁਰੱਖਿਆ ਦੇ ਪੂਰਨ ਪ੍ਰਬੰਧ ਕਰਦੀ ਹੈ ਅਤੇ ਤਰੱਕੀ ਦੀਆਂ ਮੰਜ਼ਿਲਾਂ ਵੱਲ ਲਿਜਾਂਦੀ ਹਰ ਪਾਸਿਓਂ ਧੱਕੇ ਅਤੇ ਠੁੱਡੇ ਮਾਰਦੀ ਹੈ। ਏਸ ਉਪਰੋਂ ਹੇਠਾਂ ਤਕ ਮੁਲਾਇਮ ਚੱਲਦੀ ਮਸ਼ੀਨ ਅੰਦਰ ਜੇ ਕਿਤੇ ਕੋਈ ਦੇਸ-ਭਗਤ ਕਚਰਾ ਰੜਕਦਾ ਹੋਵੇ ਤਾਂ ਉਸ ਮੰਦਭਾਗੇ ਨੂੰ ਜਲਦੀ ਹੀ ਇਕ ਪਾਸੇ ਖੁੱਡੇ ਲਾਈਨ ਲਗਾ ਦਿੱਤਾ ਜਾਂਦਾ ਹੈ। ਹਿਫ਼ਾਜ਼ਤੀ ਪ੍ਰਸ਼ਾਸਕੀ ਤੇ ਸਿਆਸੀ ਹਲਕੇ ਖ਼ੂਬ ਤਾਲਮੇਲ ਦੇ ਨਾਲ ਦੇਸ ਦੀ ਹਰਿਆਲੀ ਉੱਤੇ ਅਮਰਵੇਲ ਵਾਂਗ ਛਾ ਰਹੇ ਅਤੇ ਮੁਸਕਰਾ ਰਹੇ ਹਨ।

ਏਸ ਅਮਰਵੇਲ ਨੂੰ ਬਾਘੜ ਬਿੱਲੇ ਤੋਂ ਕੀ ਖ਼ਤਰਾ ਹੋ ਸਕਦਾ ਹੈ ? ਦੇਸ ਨੂੰ ਖ਼ਿੱਤਿਆਂ ਵਿਚ, ਫ਼ਿਰਕਿਆਂ ਵਿਚ, ਜ਼ਬਾਨਾਂ ਵਿਚ, ਧਰਮਾਂ ਕੁਧਰਮਾਂ ਵਿਚ ਵੰਡ ਕੇ, ਆਪੋ ਵਿਚ ਖੜਕਾ ਕੇ, ਲਹੂ ਵਹਾ ਕੇ, ਜਕੜਬੰਦ ਮਜ਼ਬੂਤ ਰੱਖਣੀ, ਦੋਹਾਂ ਦਾ ਇੱਕੋ ਜਿਹਾ ਕਿਰਦਾਰ ਹੈ।

ਓਬਾਮਾ ਦੇਸ ਦੀ ਨਾਟੋ ਮਸ਼ੀਨ ਜੋ ਯੂਰਪ ਦੀ ਰੱਖਿਆ ਲਈ ਬਣਾਈ ਗਈ ਸੀ, ਅੱਜ ਹਿਟਲਰੀ ਮਸ਼ੀਨ ਬਣ ਕੇ, ਇਕ ਪਿੱਛੋਂ ਅਗਲੇ ਦੇਸ ਉੱਤੇ ਕਾਬਜ਼ ਹੁੰਦੀ ਜਾ ਰਹੀ ਹੈ। ਮਾਨੋ ਅੱਜ ਦਾ ਚੰਗੇਜ਼ ਖ਼ਾਂ ਉਲਟਾ ਸਫ਼ਰ ਕਰ ਕੇ ਭਾਰਤ ਅਤੇ ਚੀਨ ਦੀਆਂ ਸਰਹੱਦਾਂ ਨੂੰ ਟੋਹ ਵੀ ਰਿਹੈ ਅਤੇ ਅੰਦਰੋਂ ਵੀ ਪੋਲਾ ਕਰਨ ਦੀ ਕੋਸ਼ਿਸ਼ ਵਿਚ ਹੈ। ਚੀਨ ਦੀਆਂ ਤਾਂ ਚੀਨ ਹੀ ਜਾਣੇ, ਪਰ ਭਾਰਤ ਬਾਰੇ ਤਾਂ ਭਾਰਤੀਆਂ ਨੂੰ ਹੀ ਸੋਚਣਾ ਪਵੇਗਾ।

ਨਿਹਾਇਤ ਬੇਬਸੀ ਅੰਦਰ, ਅੱਜ ਇਹ ਸਮਝ ਨਹੀਂ ਆਉਂਦੀ ਕਿ ਕਿਸ ਹਾਕਮ ਨੂੰ ਪੁੱਛੀਏ ਕਿ ਉਸ ਨੂੰ ਬਾਘੜ ਬਿੱਲਾ ਵਿਖਾਈ ਦੇਂਦਾ ਹੈ ਕਿ ਨਹੀਂ ? ਜੇ ਨਹੀਂ ਦਿੱਸਦਾ ਤਾਂ ਸਾਡਾ ਵੀ ਭਰਮ ਦੂਰ ਕਰੇ, ਮੰਨਣਯੋਗ ਸਬੂਤਾਂ ਦੇ ਨਾਲ। ਜੇ ਦਿੱਸਦਾ ਹੈ ਤਾਂ ਦੱਸਿਆ ਕਿਉਂ ਨਹੀਂ ਜਾ ਰਿਹਾ ? ਕੀ ਹਾਕਮ ਜਮਾਤ ਉਸ ਨਾਲ ਪਹਿਲਾਂ ਹੀ ਭਿਆਲੀ ਪਾ ਕੇ, ਸਾਨੂੰ ਭੰਬਲ-ਭੂਸਿਆਂ ਵਿਚ ਤਾਂ ਨਹੀਂ ਪਾ ਰਹੀ ?

# ਪੁਆੜੇ ਦੀ ਜੜ੍ਹ

ਏਸ ਧਰਤੀ ਉੱਤੇ ਇਨਸਾਨ ਨੂੰ ਕਿਹੜੀ ਚੀਜ਼ ਦੀ ਕਮੀ ਹੈ ? ਧਰਤੀ ਮਾਲਾ ਮਾਲ ਹੈ—ਬਨਸਪਤੀ, ਜੀਵ ਜੰਤੂਆਂ, ਖਣਿਜ ਪਦਾਰਥਾਂ ਦੇ ਨਾਲ। ਮੀਡੀਆ ਅੰਦਰ ਐਹ ਮੁੱਕ ਗਿਆ ਏ, ਐਹ ਮੁੱਕਣ ਵਾਲਾ ਜੇ...ਦਾ ਸਹਿਮ ਪ੍ਰਚਾਰ ਸਰਾਸਰ ਝੂਠ ਹੈ। ਸਾਇੰਸ ਅਤੇ ਕੰਪਿਊਟਰ ਯੁੱਗ ਅੰਦਰ ਇਨਸਾਨ ਲਈ, ਕੁੱਲ ਜਾਨਦਾਰਾਂ ਅਤੇ ਧਰਤੀ ਦੀ ਵਧੀਆ ਸੇਵਾ-ਸੰਭਾਲ ਕਰਨਾ ਇਕ ਅਤਿ ਜ਼ਰੂਰੀ ਪਰ ਅਤਿ ਆਸਾਨ ਕੰਮ ਹੈ। ਫਿਰ ਇਹ ਮਾਰੋ, ਲੁੱਟੋ, ਸਾਂਭੋ ਦਾ ਰੌਲਾ ਕਿਉਂ ਪੈ ਰਿਹੈ, ਸਦੀਆਂ ਤੋਂ। ਕਿਹੜੀਆਂ ਸ਼ਕਤੀਆਂ ਹਨ ਜੋ ਧਰਤੀ ਨੂੰ ਸਵਰਗ ਬਣਾਉਣ ਦੀ ਰਾਹ ਵਿਚ ਅੜਿੱਕਾ ਹਨ ?

ਆਦਿ ਇਨਸਾਨ ਇਕ ਬਨ-ਮਾਣਸ ਸੀ। ਨਾ ਕੋਈ ਕੱਪੜਾ ਲੱਤਾ, ਨਾ ਕੋਈ ਘਰ। ਛੋਟੇ ਝੁੰਡਾਂ ਦੇ ਵਿਚ ਫਿਰਦਾ ਸੀ। ਬਨਸਪਤੀਆਂ ਦੀਆਂ ਕਰੂੰਬਲਾਂ, ਕੂਲੇ ਬੂਟੇ ਅਤੇ ਜੜ੍ਹਾਂ ਉਸ ਦੀ ਖ਼ੁਰਾਕ ਸਨ। ਜੇ ਕੋਈ ਛੋਟਾ ਜਾਨਵਰ ਹੱਥ ਆ ਜਾਵੇ ਤਾਂ ਉਸ ਨੂੰ ਵੀ ਰਗੜ ਜਾਂਦਾ ਸੀ। ਕੁੱਲ ਪਾਸਿਆਂ ਵਿਚ ਹੋਰ ਵੀ ਬੇਅੰਤ ਕਿਸਮ ਦੇ ਜਾਨਵਰ ਸਨ ਜੋ ਬਨਸਪਤੀ ਖਾਂਦੇ ਸਨ ਅਤੇ ਮਾਸਾਹਾਰੀ ਖ਼ਤਰਨਾਕ ਦਿਸਦੇ ਜਾਨਵਰ ਵੀ ਸਨ। ਪਿਛਲੇਰਿਆਂ ਤੋਂ ਬਚਣ ਲਈ ਬੇਅੰਤ ਉਪਰਾਲੇ ਕਰਨੇ ਪੈਂਦੇ ਸਨ ਜਾਂ ਲੁਕਣਾ ਪੈਂਦਾ ਸੀ। ਕਾਢੂ ਆਦਿ ਇਨਸਾਨ ਨੇ ਪਹਿਲੜਿਆਂ ਨੂੰ ਮਾਰਨ ਲਈ ਭਾਰੀਆਂ ਤੇ ਤਿੱਖੀਆਂ ਡਾਂਗਾਂ ਦੀ ਵਰਤੋਂ ਸ਼ੁਰੂ ਕੀਤੀ। ਕੁਦਰਤ ਨੇ ਉਸ ਨੂੰ ਹੱਥ ਬਖ਼ਸ਼ੇ ਸਨ ਅਤੇ ਉਹ ਹੋਰਨਾਂ ਚੌਪਾਇਆਂ ਦੇ ਨਾਲੋਂ ਵੱਖਰਾ ਹੋ ਕੇ ਦੋ ਪੈਰਾਂ ਉੱਤੇ ਚੱਲਦਾ ਅਤੇ ਭੱਜਦਾ ਸੀ। ਮਾਨਸ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਸ ਦੇ ਦਿਮਾਗ਼ ਅਤੇ ਹੱਥਾਂ ਨੇ ਵਿਕਸਤ ਹੋਣਾ ਸ਼ੁਰੂ ਕੀਤਾ। ਜਵਾਲਾਮੁਖੀਆਂ ਨੇ ਉਸ ਨੂੰ ਅੱਗ ਦੇ ਭੇਦ ਦੱਸੇ। ਅਗਨੀ ਦੇਵੀ ਤੋਂ ਉਸ ਨੇ ਮਾਸ ਭੁੰਨ ਕੇ ਖਾਣਾ ਸਿੱਖਿਆ, ਲੰਮੀਆਂ ਅਤੇ ਤਿੱਖੀਆਂ ਹੱਡੀਆਂ ਤੋਂ ਹਥਿਆਰ ਅਤੇ ਮਾਰੇ ਜਾਨਵਰਾਂ ਦੀਆਂ ਖੱਲਾਂ ਤੋਂ ਆਪਣੇ ਲਈ ਉਛਾੜ ਜਾਂ ਵਸਤਰ। ਸਰਦੀ ਅਤੇ ਗਰਮੀ ਤੋਂ ਬਚਣ ਲਈ ਪਹਾੜਾਂ ਅੰਦਰ ਡੂੰਘੀਆਂ ਗੁਫ਼ਾਵਾਂ, ਜਿਥੇ ਸਵੱਛ ਪਾਣੀ ਦੀ ਧਾਰ ਜਾਂ ਨਦੀ ਡੂੰਗੇ ਵਿਚ ਮਿਲਦੀ ਸੀ। ਸਭਿਅਤਾਵਾਂ ਦਾ ਆਰੰਭ ਏਹੀ ਗੁਫ਼ਾਵਾਂ ਸਨ। ਮਾਰੂ ਜਾਨਵਰਾਂ ਤੋਂ ਬਚਣ ਲਈ, ਗੁਫ਼ਾ ਦੇ ਮੂੰਹ ਉੱਤੇ ਪੱਥਰ, ਹੱਥ ਵਿਚ ਪੱਥਰ

ਅਤੇ ਤਿੱਖੇ ਪੱਥਰ-ਲੈਸ ਸਿੱਧੀਆਂ ਟਾਹਣੀਆਂ ਦੇ ਬਰਛੇ। ਗੁਫ਼ਾ ਦੇ ਅੰਦਰ ਬੱਚਿਆਂ ਦੀ ਪਾਲਣਾ ਅਤੇ ਮਾਰਨ ਅਤੇ ਬਚਣ ਲਈ 'ਫ਼ੌਜੀ' ਸਿਖਲਾਈ ਹੁੰਦੀ ਸੀ। ਮਾਸ ਅਤੇ ਬਨਸਪਤੀ ਤੋਂ ਭੋਜਨ ਦੀ ਤਿਆਰੀ ਹੁੰਦੀ ਸੀ। ਏਥੇ ਕਲਾਕਾਰ ਵੀ ਪੈਦਾ ਹੋਏ, ਜਿਨ੍ਹਾਂ ਨੇ ਦੁਨੀਆਂ ਦੇ ਬੇਅੰਤ ਹਿੱਸਿਆਂ ਵਿਚ ਗੁਫ਼ਾਵਾਂ ਦੀਆਂ ਕੰਧਾਂ ਦੇ ਉਪਰ ਆਦਿ ਪੁਰਖ ਅਤੇ ਉਸ ਦੇ ਸ਼ਿਕਾਰੀ ਕੰਮਾਂ ਦੇ ਚਿੱਤਰ ਬਣਾਏ। ਖ਼ੂਬਸੂਰਤ ਜਾਨਵਰਾਂ ਦੇ ਚਿੱਤਰ ਵੀ ਬਣ ਗਏ। ਜਦੋਂ ਪੰਛੀ ਅਤੇ ਜਾਨਵਰ ਆਪਣੇ ਲਈ ਆਲ੍ਹਣੇ ਅਤੇ ਘੁਰਨੇ ਬਣਾ ਲੈਂਦੇ ਸਨ ਤਾਂ ਆਦਿ ਮਾਨਸ ਲਈ ਕੀ ਮੁਸ਼ਕਿਲ ਸੀ : ਪੱਥਰਾਂ, ਟਾਹਣੀਆਂ, ਖੱਲਾਂ ਅਤੇ ਗਾਰੇ ਆਦਿ ਨਾਲ ਘਰ ਬਣਾਉਣ ਵਿਚ। ਧਰਤੀ ਵਿਸ਼ਾਲ ਸੀ ਅਤੇ ਜੰਗਲ ਬੇਅੰਤ ਸਨ, ਖ਼ੁਰਾਕ ਦੇ ਨਾਲ ਮਾਲਾ-ਮਾਲ। ਬਦਲਦੇ ਮੌਸਮਾਂ ਦੇ ਨਾਲ ਮਾਨਸ, ਖ਼ਾਸ ਤੌਰ 'ਤੇ ਠੰਢ ਤੋਂ ਬਚਣ ਲਈ ਉਪਰਾਲੇ ਕਰਨ ਲੱਗਾ। ਉਸ ਨੇ ਕਈ ਜਾਨਵਰ ਘੇਰ ਕੇ, ਪੁਚਕਾਰ ਕੇ ਪਾਲਤੂ ਬਣਾ ਲਏ ਅਤੇ ਉਨ੍ਹਾਂ ਨੂੰ ਆਪਣੇ ਨਾਲ ਹੀ ਲਈ ਫਿਰਦਾ ਸੀ। ਕੁੱਤਾ ਸ਼ਾਇਦ ਉਸ ਦਾ ਪਹਿਲਾ ਸਾਥੀ ਸੀ।

ਧਰਤੀ ਉੱਤੇ ਜਾਣੇ-ਪਛਾਣੇ ਦੋ ਅਜੇਹੇ ਥਾਂ ਸਨ ਜਿਥੇ ਇਨਸਾਨ ਨੇ ਟਿਕ ਕੇ ਵਿਕਾਸ ਕੀਤਾ। ਇਕ ਸੀ ਅੱਜ ਦੇ ਇਰਾਕ ਅੰਦਰ ਦਰਿਆ ਯੂਫ੍ਰੇਟਸ ਅਤੇ ਦੂਜਾ ਹਰਿਆਣੇ ਅੰਦਰ ਘੱਗਰ ਨਦੀ ਦੇ ਆਲੇ-ਦੁਆਲੇ। ਦੁਨੀਆਂ ਦੇ ਅੰਦਰ ਹੋਰ ਵੀ ਕਈ ਥਾਂ ਜ਼ਰੂਰ ਹੋਣਗੇ ਪਰ ਉਨ੍ਹਾਂ ਬਾਰੇ ਬਹੁਤਾ ਲਿਖਿਆ ਨਹੀਂ ਗਿਆ। ਉਨ੍ਹਾਂ ਪੁਰਾਣੇ ਸਮਿਆਂ ਵਿਚ ਮਾਨਸ ਕੇਵਲ ਹੱਥਾਂ ਦੇ ਜ਼ੋਰ ਨਾਲ ਹੀ ਕੁਝ ਤੋੜ ਜਾਂ ਰੇੜ੍ਹ ਸਕਦਾ ਸੀ। ਜੰਗਲ ਧਰਤੀ ਦੇ ਚੱਪੇ ਚੱਪੇ ਉੱਤੇ ਸਨ। ਕੇਵਲ ਉਪਰ ਦੱਸੇ ਦੋ ਥਾਵਾਂ ਉੱਤੇ, ਨਦੀ ਦੇ ਆਲੇ-ਦੁਆਲੇ ਜੰਗਲ ਨਹੀਂ ਬਲਕਿ ਉਪਜਾਊ ਮਿੱਟੀ ਅਤੇ ਹਲਕੀ ਬਨਸਪਤੀ ਸੀ। ਘੱਗਰ (ਜਿਸ ਦਾ ਪਹਿਲਾ ਨਾਂ ਸਰਸਵਤੀ ਹੋ ਸਕਦਾ ਹੈ) ਅਤੇ ਯੂਫ੍ਰੇਟਸ ਨਦੀਆਂ ਮੱਛੀ ਅਤੇ ਮਗਰਮੱਛ ਨਾਲ ਵੀ ਮਾਲਾ-ਮਾਲ ਸਨ। ਪਾਣੀ, ਖ਼ੁਰਾਕ ਵਰਤਣਯੋਗ ਧਰਤੀ ਅਤੇ ਚੰਗੇ ਮੌਸਮ ਕਾਰਨ ਮਾਨਸ ਟੱਬਰ ਦੂਰ-ਦੂਰ ਤਕ ਵੱਸ ਗਏ। ਬਨਸਪਤੀ ਨੂੰ ਮਾਨਸ ਨੇ ਪਾਲਤੂ ਕਰ ਲਿਆ। ਆਪਣੀ ਮਰਜ਼ੀ ਨਾਲ ਉਗਾਉਣ ਲੱਗ ਪਿਆ। ਵਾਹੁਣ-ਬੀਜਣ ਯੋਗ ਧਰਤੀ ਸ਼ੁਰੂ ਵਿਚ ਏਥੇ ਹੀ ਸੀ। ਜਦੋਂ ਅੱਗ ਨੂੰ ਹੱਥ ਵਿਚ ਲਿਆਂਦਾ ਤਾਂ ਉਸ ਨੇ ਝੱਟ ਲੱਭ ਲਿਆ ਕਿ ਕਈ ਪੱਥਰਾਂ ਨੂੰ ਭਖਾ ਕੇ ਅੰਦਰੋਂ ਇਕ ਨਵੀਂ ਚੀਜ਼ ਨਿਕਲਦੀ ਹੈ—ਧਾਤ। ਲੱਕੜ ਬਾਲੋ, ਕਾਲੇ ਪੱਥਰ (ਕੋਲਾ) ਬਾਲੋ ਤਾਂ ਇਕ ਨਹੀਂ, ਕਈ ਧਾਤਾਂ ਨਿਕਲਣਗੀਆਂ। ਪਰ ਸ਼ੁਰੂ ਵਿਚ ਤਾਂ ਰਲੀਆਂ-ਮਿਲੀਆਂ ਧਾਤਾਂ ਦੀ ਹੀ ਧਾਤ ਨਿਕਲਦੀ ਸੀ, ਉਹ ਸੀ ਕੈਂਹ। ਪੱਥਰਾਂ ਦੇ ਯੁੱਗ ਪਿੱਛੋਂ ਕੈਂਹ ਦਾ ਯੁੱਗ ਆਇਆ। ਰਸੋਈ ਦੇ, ਖੇਤੀ ਦੇ ਅਤੇ ਲੜਾਈ/ਰੱਖਿਆ ਦੇ ਸੰਦ ਬਣਨ ਲੱਗੇ। ਅੱਗ ਅਤੇ ਖੇਤੀ-ਸੰਦਾਂ ਦੇ ਨਾਲ ਜੰਗਲਾਂ ਦਾ ਸਫ਼ਾਇਆ ਸ਼ੁਰੂ ਹੋ ਗਿਆ। ਮਾਨਸ-ਬਸਤੀਆਂ, ਝੁੱਗੀਆਂ ਅਤੇ ਘਰ ਬਣਨ ਲੱਗੇ। ਪੱਥਰਾਂ ਦੀ ਥਾਂ ਮਿੱਟੀ ਤੋਂ ਪੱਥੀਆਂ ਇੱਟਾਂ, ਪਹਿਲਾਂ ਕੱਚੀਆਂ ਅਤੇ ਝੱਟ ਪਿੱਛੋਂ ਪੱਕੀਆਂ ਦੀ ਵਰਤੋਂ ਚਾਲੂ ਹੋ ਗਈ।

ਇਨਸਾਨ ਦੀ ਹਰ ਨਵੀਂ ਖੋਜ, ਹਰ ਨਵੀਂ ਪ੍ਰਾਪਤੀ ਕਿਤੇ ਪੇਟੈਂਟ ਨਹੀਂ ਹੋਈ, ਸਗੋਂ ਤੇਜ਼ੀ ਨਾਲ ਇਸ ਦਾ ਗਿਆਨ ਖਿਲਰਦਾ ਗਿਆ। ਕੁਲ ਦੁਨੀਆਂ ਦੇ ਅੰਦਰ ਬੇਅੰਤ ਸਭਿਅਤਾਵਾਂ ਖੜੀਆਂ ਹੋ ਗਈਆਂ। ਹਰ ਸਭਿਅਤਾ ਆਪਣੇ ਆਪ ਵਿਚ ਮਹਾਨ ਸੀ, ਕਿਉਂਕਿ ਉਹ ਆਪਣੇ ਖ਼ਾਸ ਮਾਹੌਲ, ਮੌਸਮ ਅਤੇ ਸਥਾਨਕ ਕੁਦਰਤੀ ਵਸੀਲਿਆਂ ਦੇ ਨਾਲ ਵਿਕਸਿਤ ਹੋਈ ਸੀ।

ਆਦਿ ਮਨੁੱਖ ਤੋਂ 'ਲੋਕ' ਬਣ ਗਏ। ਜੰਗਲਾਂ ਵਿਚ ਭਟਕਣ ਦੀ ਥਾਂ ਉਹ ਜੰਗਲਾਂ ਅਤੇ ਨਦੀਆਂ ਦੇ ਨਾਲ-ਨਾਲ ਰਹਿਣ ਲੱਗ ਪਏ। ਛੋਟੇ-ਛੋਟੇ ਸਮੂਹ ਬਸਤੀਆਂ ਵਿਚ ਰਹਿਣ ਲੱਗ ਪਏ। ਇਹ ਬਸਤੀਆਂ ਅੱਜ ਵਾਂਗ ਨੇੜੇ-ਨੇੜੇ ਨਹੀਂ ਬਲਕਿ ਦੂਰ ਹੁੰਦੀਆਂ ਸਨ। ਆਣ-ਜਾਣ ਦਾ ਸਾਧਨ ਜਾਂ ਪੈਦਲ ਅਤੇ ਜਾਂ ਗਧੇ ਦੀ ਸਵਾਰੀ ਹੁੰਦੀ ਸੀ। ਭਿੰਨ-ਭਿੰਨ ਪੈਦਾਵਾਰਾਂ ਹੁੰਦੀਆਂ ਸਨ। ਬਸਤੀਆਂ ਦੇ ਵਿਚਾਲੇ ਜਹੇ ਇਕੱਠ ਹੁੰਦੇ ਸਨ, ਜਿਥੇ ਲੋਕ ਆਪੋ-ਆਪਣੀ ਪੈਦਾਵਾਰ ਦਾ ਵੱਟਾ ਸੱਟਾ
ਕਰਦੇ ਸਨ। ਧਾਤਾਂ, ਜਿਣਸ, ਡੰਗਰ-ਵੱਛਾ ਆਦਿ ਹੱਥ ਵਟਾਉਂਦੇ ਸਨ। ਹਰ ਪੈਦਾ-ਕਰਤਾ ਆਪ ਹੀ ਵਪਾਰੀ ਹੁੰਦਾ ਸੀ, ਗਿਣਤੀ ਵਿਚ ਵੀ ਤਾਂ ਥੋੜੇ ਹੀ ਸਨ। ਏਸ ਮੰਡੀ ਵਿਚ ਸਾਮਾਨ ਆਪੇ ਹੀ ਲਿਜਾਣਾ ਪੈਂਦਾ ਅਤੇ ਆਪੇ ਹੀ ਲਿਆਉਣਾ ਪੈਂਦਾ ਸੀ। ਮੁਸ਼ੱਕਤ ਹੌਲੀ ਕਰਨ ਲਈ ਮਾਹਰ ਪੈਦਾ ਹੋ ਗਏ, ਜੋ ਦੂਜਿਆਂ ਵਾਸਤੇ ਮੰਡੀ ਵਿਚ ਜਾਂਦੇ ਸਨ ਅਤੇ ਵੱਟੇ ਵਿਚ ਕੁਝ ਹਿੱਸਾ ਉਨ੍ਹਾਂ ਨੂੰ ਉਜਰਤ ਦੇ ਰੂਪ ਵਿਚ ਮਿਲ ਜਾਂਦਾ ਸੀ।

ਆਦਿ ਮੰਡੀਆਂ ਛੋਟੇ-ਛੋਟੇ ਇਲਾਕਿਆਂ ਅੰਦਰ ਜ਼ਿੰਦਗੀ ਨੂੰ ਸਰਲ ਬਣਾਉਂਦੀਆਂ ਸਨ। ਲੋਕਾਂ ਦਾ ਜਿਊਣ ਮਰਨ ਕੁਦਰਤ ਦੀਆਂ ਮਿਹਰਾਂ ਅਤੇ ਕ੍ਰੋਪੀਆਂ ਨਾਲ ਜੁੜਿਆ ਹੁੰਦਾ ਸੀ। ਭੜੋਲੀਆਂ ਵਿਚ ਦਾਣੇ ਅਤੇ ਵਿਹੜੇ ਵਿਚ ਡੰਗਰ ਹੀ ਜਾਇਦਾਦ ਹੁੰਦੇ ਸਨ। ਹੱਡ-ਭੰਨਵੀਂ ਮਿਹਨਤ ਦੇ ਨਾਲ-ਨਾਲ ਸੰਦਾਂ ਦੀਆਂ ਕਾਢਾਂ ਸ਼ੁਰੂ ਹੋ ਗਈਆਂ। ਬਹੁਤੇ ਲੋਕ ਤਾਂ ਇੱਕੋ

ਜਿਹੇ ਹੁੰਦੇ ਸਨ ਪਰ ਨਾ-ਬਰਾਬਰੀਆਂ ਹੋਣੀਆਂ ਕੁਦਰਤੀ ਸਨ। ਸਥਾਨਕ ਹਾਲਤਾਂ ਇਕਸਾਰ ਨਾ ਹੋਣ ਕਾਰਨ ਇੱਕੋ ਜਿਹੇ ਪ੍ਰਫੁੱਲਤ ਨਹੀਂ ਸਨ ਹੁੰਦੇ। ਡੰਗਰ ਵੱਛੇ ਦੀ ਚੋਰੀ ਚਕਾਰੀ ਤਾਂ ਮੁੱਢੋਂ ਹੀ ਸੀ। ਰੱਖ-ਰਖਾਅ ਲਈ ਚੌਕੀਦਾਰ, ਲੱਠਬਾਜ਼ ਪੈਦਾ ਹੋ ਗਏ। ਇਲਾਕਿਆਂ ਦੇ ਸਰਦਾਰ ਬਣ ਗਏ, ਉਨ੍ਹਾਂ ਦੇ ਉਪਰ ਰਾਜੇ ਮਹਾਰਾਜੇ ਆ ਗਏ। ਮੰਤਵ ਸੀ ਚੋਰਾਂ ਅਤੇ ਧਾੜਵੀਆਂ ਤੋਂ ਇਲਾਕੇ ਦੀ ਰੱਖਿਆ। ਜਿਹੜੇ ਵਧੇਰੇ ਸ਼ਕਤੀਵਰ ਹੁੰਦੇ ਸਨ, ਉਹ ਆਪ ਧਾੜਵੀ ਬਣ ਜਾਂਦੇ ਸਨ ਅਤੇ ਆਪਣੇ ਅਧੀਨ ਰਾਜ ਨੂੰ ਉਥੋਂ ਤਕ ਲੈ ਜਾਂਦੇ ਸਨ ਜਿਥੇ ਕੁਦਰਤ ਕੋਈ ਸਮੁੰਦਰੀ ਜਾਂ ਬਰਫ਼ਾਨੀ ਰੁਕਾਵਟ ਨਾਲ ਰੋਕ ਨਾ ਦੇਵੇ।

ਧਰਤੀ ਬੇਅੰਤ ਸੀ, ਲੋਕ ਥੋੜੇ ਸਨ। ਉਨ੍ਹਾਂ ਦੀ ਜਾਇਦਾਦ ਹੁੰਦੀ ਸੀ ਵੱਡੇ ਪਰਿਵਾਰ ਅਤੇ ਕਾਮਾ-ਸ਼ਕਤੀ। ਸਰਦਾਰ, ਰਾਜੇ-ਮਹਾਰਾਜੇ ਏਨ੍ਹਾਂ ਵਿੱਚੋਂ ਹੀ ਆਪਣੇ ਸਿਪਾਹੀ ਭਰਤੀ ਕਰਦੇ ਸਨ। ਛੋਟੇ ਸਰਦਾਰਾਂ ਤੋਂ ਲੈ ਕੇ ਪੰਜ ਹਜ਼ਾਰੀ, ਦਸ ਹਜ਼ਾਰੀ ਇਲਾਕਿਆਂ ਦੀ ਰੱਖਿਆ ਕਰਦੇ ਅਤੇ ਟੈਕਸ ਉਗਰਾਹੁੰਦੇ ਸਨ। ਥਾਂ-ਥਾਂ ਉੱਤੇ ਅੰਨ ਭੰਡਾਰ ਬਣਾਏ ਗਏ ਤਾਂ ਜੋ ਔੜ ਦੇ ਸਮੇਂ ਕੰਮ ਆ ਸਕਣ।

ਹਾਲਾਂ ਤਕ ਮੈਂ ਇਕ ਚੀਜ਼ ਦਾ ਨਾਂ ਨਹੀਂ ਲਿਆ ਜਿਸ ਨਾਲ ਕੁਲ ਦੇਸਾਂ ਅੰਦਰ ਹਕੂਮਤਾਂ ਚੱਲਦੀਆਂ ਹਨ ਅਤੇ ਇਕ ਦੂਜੇ ਨਾਲ ਖਹਿੰਦੀਆਂ ਖੜਕਦੀਆਂ ਹਨ। ਉਸ ਚੀਜ਼ ਦਾ ਨਾਂ ਹੈ 'ਨਕਦੀ' ਜਾਂ 'ਸਿੱਕਾ'। ਜੇ ਕਿਸੇ ਰਾਜੇ ਦਾ ਜ਼ਿਕਰ ਆਵੇ ਤਾਂ ਪੁੱਛਿਆ ਜਾਂਦਾ ਹੈ ਕਿ 'ਸਿੱਕਾ' ਕਿਸ ਦਾ ਚੱਲਦਾ ਸੀ ? ਸਿੱਕਾ ਇਕ ਮਹਾਂ-ਬੁਨਿਆਦੀ ਚੀਜ਼ ਸੀ ਜੋ ਕਿਸੇ ਵੀ ਰਾਜ ਦੀ ਸ਼ਕਤੀ ਦਾ ਮਾਪ ਸੀ। ਗ੍ਰੰਥਾਂ ਵਿਚ ਅਤੇ ਆਮ ਬੋਲੀ ਵਿਚ 'ਮਾਇਆ' ਸ਼ਬਦ ਖੁੱਲ੍ਹ ਕੇ ਵਰਤਿਆ ਜਾਂਦਾ ਹੈ ਪਰ ਅਸਲ ਵਿਚ ਉਹ ਹੈ ਕੀ ?

ਸਿੱਕਾ ਮਾਇਕ ਸ਼ਕਤੀ ਦਾ ਇਕ ਮਾਪ ਹੈ। ਜਿੰਨੀ ਨਾਯਾਬ/ਮਹਿੰਗੀ ਧਾਤ, ਓਨੀ ਉੱਚੀ ਕੀਮਤ। ਸਭ ਤੋਂ ਉਪਰ ਸੋਨਾ, ਫਿਰ ਚਾਂਦੀ ਅਤੇ ਫਿਰ ਤਾਂਬਾ ਜਾਂ ਪਿੱਤਲ। ਸਿੱਕੇ ਸਰਕਾਰੀ ਟਕਸਾਲ ਅੰਦਰ ਬਣਦੇ ਹਨ ਅਤੇ ਸ਼ੁੱਧਤਾ ਦੀ ਗਰੰਟੀ ਦੇਂਦੇ ਹਨ।

ਹੁਣ ਚੱਲੀਏ ਆਦਿ ਮੰਡੀਆਂ ਵੱਲ। ਜਿਣਸ ਦੇ ਬਦਲੇ ਕੋਈ ਹੋਰ ਜਿਣਸ, ਜਾਨਵਰ, ਕੱਪੜਾ ਜਾਂ ਭਾਂਡਾ ਹੱਥ ਬਦਲਦੇ ਹਨ। ਜੇ ਕਿਸੇ ਨੇ ਜਿਣਸ ਵੇਚਣੀ ਹੋਵੇ, ਪਰ ਖ਼ਰੀਦਣਾ ਕੁਝ ਨਾ ਹੋਵੇ ? ਅੱਜ ਤਾਂ ਇਸ ਦਾ ਜਵਾਬ ਸਭ ਜਾਣਦੇ ਹਨ—ਚੈੱਕ ਲੈ ਲਵੋ। ਨੋਟ ਲੈ ਕੇ ਜੇਬ ਵਿਚ ਪਾ ਲਵੋ। ਪਰ ਉਹ ਇਹ ਨਹੀਂ ਜਾਣਦੇ ਕਿ ਇਕ ਸੌ ਦੇ ਨੋਟ ਅੰਦਰ ਖ਼ਰੀਦ-ਸ਼ਕਤੀ ਕਿੰਨੀ ਹੈ। 1960 ਵਿਚ ਸੌ ਦੇ ਨੋਟ ਨਾਲ ਇਕ ਤੋਲਾ ਸੋਨਾ ਆਉਂਦਾ ਸੀ। ਅੱਜ ਸੌ ਦੇ ਨੋਟ ਨਾਲ ਸੁਨਿਆਰ ਦੀ ਦੁਕਾਨ ਉੱਤੇ ਨਹੀਂ ਚੜ੍ਹਿਆ ਜਾ ਸਕਦਾ। ਮੰਗਤੇ ਵੀ ਇਕ ਜਾਂ ਦੋ ਦੇ ਨੋਟ ਨੂੰ ਹੱਥ ਨਹੀਂ ਲਾਉਂਦੇ। ਹੁਣ ਤਾਂ ਕਲਹਿ ਹੀ ਮੁੱਕ ਗਈ ਹੈ, ਇਹ ਨੋਟ ਤਾਂ ਲੱਭਦੇ ਹੀ ਨਹੀਂ। ਸੋਨਾ ਇਕ ਅਜਿਹੀ ਵਸਤੂ ਹੈ ਜਿਸ ਦੀ ਖ਼ਰੀਦ-ਸ਼ਕਤੀ ਅੰਦਰ ਕੋਈ ਬਦਲ ਨਹੀਂ ਆਉਂਦਾ। ਸੰਨ 1900 ਵਿਚ ਦਸ ਰੁਪਿਆਂ ਦੇ ਨਾਲ ਇਕ ਟੱਬਰ ਦਾ ਮਹੀਨੇ ਦਾ ਖ਼ਰਚਾ ਚੱਲ ਜਾਂਦਾ ਸੀ। ਅੱਜ ?

ਜਦੋਂ ਸੋਨੇ ਚਾਂਦੀ ਦੇ ਸਿੱਕੇ ਚੱਲਦੇ ਸਨ ਤਾਂ ਕੀਮਤਾਂ ਸਥਿਰ ਸਨ। ਓਹੀ ਸਿੱਕਾ, ਉਹੀ ਜਿਣਸ, ਉਹੀ ਹੋਰ ਸਭ ਕੁਝ। ਇਥੇ ਇਕ ਹੋਰ ਸਮੱਸਿਆ ਖੜੀ ਹੋ ਗਈ—ਸਿੱਕੇ ਚੋਰੀ ਹੋਣ ਦਾ ਡਰ। ਲੋਕਾਂ ਨੇ ਸਿੱਕਿਆਂ ਨੂੰ ਘੜੇ 'ਚ ਪਾ ਕੇ ਧਰਤੀ ਹੇਠ ਦੱਬ ਦੇਣਾ। ਇਹ ਘੜੇ ਕੁਲ ਦੁਨੀਆਂ ਵਿਚ ਅਜੇ ਵੀ ਲੱਭੇ ਜਾ ਰਹੇ ਹਨ। ਰਾਜੇ ਨੇ ਤਾਂ ਆਪਣੇ ਸੋਨਾ ਭੰਡਾਰ, ਸਿੱਕਿਆਂ ਆਦਿ ਉੱਤੇ ਪਹਿਰਾ ਲਾ ਲਿਆ। ਹਕੂਮਤ ਚਲਾਉਣ ਲਈ ਉਸ ਨੂੰ ਸਦਾ ਖ਼ਜ਼ਾਨੇ ਦੀ ਲੋੜ ਸੀ—ਫ਼ੌਜਾਂ ਅਤੇ ਅਹਿਲਕਾਰਾਂ ਦੀਆਂ ਤਨਖ਼ਾਹਾਂ ਅਤੇ ਹੋਰ ਬੇਅੰਤ ਖ਼ਰਚੇ। ਇਸ ਤੋਂ ਇਲਾਵਾ ਕੇਂਦਰੀ ਜਾਂ ਬਦੇਸੀ ਸਰਕਾਰਾਂ ਦੀ ਜਬਰੀ ਵਸੂਲੀ। ਸਿੱਕਾ ਇਕ ਹੀ ਚੱਲਦਾ ਸੀ—ਸੋਨੇ ਦਾ।

ਵੱਖ-ਵੱਖ ਸਮਿਆਂ ਉੱਤੇ ਕੁੱਲ ਦੁਨੀਆਂ ਅੰਦਰ ਸੋਨਾ ਚਾਂਦੀ ਸਮੇਟਣ ਅਤੇ ਬਚਾਉਣ ਦੇ ਢੰਗ ਲੱਭੇ ਗਏ। ਭਾਰਤ ਅੰਦਰ ਹੁੰਡੀ ਦੀ ਵਰਤੋਂ ਕਈ ਸਦੀਆਂ ਤੋਂ ਚੱਲ ਰਹੀ ਹੈ, ਪਰ ਇਸ ਦੇ ਸਹੀ ਇਤਿਹਾਸ ਦੀ ਖੋਜ ਨਹੀਂ ਹੋਈ। ਚੀਨ ਅੰਦਰ ਨਕਦੀ ਦੀ ਸ਼ਕਤੀ ਵਾਲੇ ਨੋਟ ਸੰਨ 960 ਵਿਚ 'ਛਪਣੇ' ਸ਼ੁਰੂ ਹੋਏ। ਯੂਰਪ ਵਿਚ ਸਵੀਡਨ ਅੰਦਰ 1860 ਵਿਚ ਪਹਿਲੀ ਵਾਰ ਕਾਗ਼ਜ਼ੀ ਨੋਟ ਛਾਪੇ ਗਏ। ਅੱਜ ਕੁਲ ਦੁਨੀਆਂ ਵਿਚ ਸਰਮਾਇਆ ਕਾਗ਼ਜ਼ੀ ਨੋਟਾਂ ਦੀ ਸ਼ਕਲ ਵਿਚ ਹੈ। ਕ੍ਰੈਡਿਟ ਕਾਰਡ/ਪਲਾਸਟਿਕ ਮਨੀ ਨੇ ਤਾਂ ਕਾਗ਼ਜ਼ੀ ਨੋਟਾਂ ਦੀ ਲੋੜ ਵੀ ਮੁਕਾ ਦਿੱਤੀ ਹੈ। ਸੋਨੇ ਚਾਂਦੀ ਦੇ ਸਿੱਕੇ ਵੇਖਣ ਨੂੰ ਵੀ ਨਹੀਂ ਮਿਲਦੇ। 1947 ਦੀ ਦੇਸ-ਵੰਡ ਦੇ ਚਾਂਦੀ ਦੇ ਰੁਪਏ ਦੀ ਕੀਮਤ ਅੱਜ 300 ਰੁਪਏ ਤੋਂ ਵੱਧ ਹੈ।

ਯੂਰਪ ਵਿਚ ਕੀਮਤੀ ਮਾਲ ਸੰਭਾਲਣ ਲਈ ਇਕ ਹੋਰ ਢੰਗ ਚਾਲੂ ਹੋਇਆ, ਉਹ ਸੀ ਭਰੋਸੇਯੋਗ ਬੈਂਕਰਾਂ ਦੇ ਕੋਲ ਜਮ੍ਹਾ ਕਰਵਾਉਣਾ। 1769 ਵਿਚ ਮੋਢੀ ਸ਼ਾਹੂਕਾਰਾ ਬੈਂਕ ਸੀ ਰੌਥਚਾਈਲਡ, ਜੋ ਹੁਸ਼ਿਆਰੀ, ਮੱਕਾਰੀ ਅਤੇ ਰਿਸ਼ਵਤਾਂ ਰਾਹੀਂ ਦੇਸਾਂ ਦੇ

ਫ਼ੌਜੀ ਜਰਨੈਲਾਂ ਅਤੇ ਬਾਦਸ਼ਾਹਾਂ ਤਕ ਪਹੁੰਚ ਗਿਆ। ਯੂਰਪ ਦੇ ਕਈ ਦੇਸਾਂ ਅੰਦਰ ਬੈਂਕ ਕਾਇਮ ਕੀਤੇ ਗਏ। ਉਸ ਨੇ ਸੂਦ ਉੱਤੇ ਸਰਕਾਰਾਂ ਅਤੇ ਸਾਮਰਾਜਾਂ ਨੂੰ ਕਰਜ਼ਾ ਦੇਣਾ ਸ਼ੁਰੂ ਕੀਤਾ ਤਾਂ ਜੋ ਉਹ ਜੰਗੀ ਮੁਹਿੰਮਾਂ ਚੜ੍ਹਾ ਕੇ ਹੋਰ ਮਾਲਦਾਰ ਹੋ ਜਾਣ ਅਤੇ ਆਪਣੇ ਮੁਨਾਫ਼ੇ ਅੰਦਰੋਂ ਉਸ ਨੂੰ ਸੂਦ ਸਮੇਤ ਮਾਲ ਵਾਪਸ ਕਰ ਦੇਣ। ਕਰਜ਼ੇ ਦੀ ਰਜ਼ਾਮੰਦੀ ਅੰਦਰ ਇਕ ਮਦ ਇਹ ਵੀ ਹੁੰਦੀ ਸੀ ਕਿ ਹਾਰੀ ਹੋਈ ਧਿਰ ਦੇ ਕਰਜ਼ਿਆਂ ਦੀ ਅਦਾਇਗੀ ਵੀ ਜੇਤੂ ਨੂੰ ਕਰਨੀ ਪਵੇਗੀ। ਯਾਦ ਰਹੇ, ਉਨ੍ਹਾਂ ਵਕਤਾਂ ਵਿਚ ਫ਼ੌਜਾਂ ਨੂੰ ਤਨਖ਼ਾਹ ਦਾ ਭੁਗਤਾਨ ਸੋਨੇ ਚਾਂਦੀ ਦੇ ਸਿੱਕਿਆਂ ਵਿਚ ਕੀਤਾ ਜਾਂਦਾ ਸੀ। ਯੂਰਪ ਅੰਦਰ ਸਨਅਤੀ ਇਨਕਲਾਬ ਨੇ ਸ਼ਾਹੂਕਾਰੇ ਨੂੰ ਬਹੁਤ ਉੱਚਾ ਚੁੱਕਿਆ। ਅੱਜ ਵਾਂਗ ਅੱਯਾਸ਼ੀ ਦੇ ਸਾਮਾਨ ਨਹੀਂ ਸਨ। ਕੇਵਲ ਉੱਚੇ ਸ਼ਕਤੀਵਰ ਲੋਕ ਹੀ ਕੀਮਤੀ ਗਹਿਣਿਆਂ ਅਤੇ ਰਿਹਾਇਸ਼ਗਾਹਾਂ ਵੱਲ ਧਿਆਨ ਦੇਂਦੇ ਸਨ। ਇਨ੍ਹਾਂ ਸੈਂਕੜੇ ਹਜ਼ਾਰਾਂ ਅਦਭੁੱਤ ਮਹੱਲਾਂ ਨੂੰ ਵੇਖ ਕੇ ਅੱਜ ਦਾ ਇਨਸਾਨ ਦੰਗ ਰਹਿ ਜਾਂਦਾ ਹੈ। ਇਹ ਵੱਡੇ ਲੋਕ ਪੈਦਾ ਹੋਏ, ਜੰਗੀ ਮੁਹਿੰਮਾਂ ਦੇ ਨਾਲ, ਜਿਨ੍ਹਾਂ ਦੀ ਪਿੱਠ ਪਿੱਛੇ ਸੀ ਬੈਂਕਰਾਂ ਦਾ ਬਾਦਸ਼ਾਹ ਰੌਥਚਾਈਲਡ। ਦੁਨੀਆਂ ਦੀਆਂ ਹੁਣ ਤਕ ਦੀਆਂ ਕੁੱਲ ਜੰਗਾਂ ਦੇ ਪਿੱਛੇ ਰਹੇ ਹਨ ਇਹ ਨਿੱਜੀ ਬੈਂਕ। ਖ਼ੂਬੀ ਇਹ ਹੈ ਕਿ ਵਿਖਾਈ ਨਹੀਂ ਦੇਂਦੇ। ਕੋਈ ਇਕ ਦਰਜਨ ਪੁਰਾਣੇ ਬੈਂਕਰ ਅੰਤਰਰਾਸ਼ਟਰੀ ਬੈਂਕਿੰਗ ਪ੍ਰਣਾਲੀ ਉੱਤੇ ਛਾਏ ਹੋਏ ਹਨ। ਯੂਰਪ ਤਾਂ ਸ਼ੁਰੂ ਤੋਂ ਹੀ ਇਨ੍ਹਾਂ ਦੀ ਮੁੱਠੀ ਵਿਚ ਸੀ। 1913 ਵਿਚ ਅਮਰੀਕਾ ਉੱਤੇ ਵੀ ਕਾਬਜ਼ ਹੋ ਗਏ।

ਨਿੱਜੀ ਬੈਂਕਰਾਂ ਨੇ ਪ੍ਰਧਾਨ ਵੂਡਰ ਵਿਲਸਨ ਦੀ ਪ੍ਰਧਾਨਗੀ ਮੁਹਿੰਮ ਵਿਚ ਵਧ ਚੜ੍ਹ ਕੇ ਮਾਇਕ ਹਿੱਸਾ ਪਾਇਆ, ਜਿਸ ਸਦਕਾ ਉਸ ਦੀ ਜਿੱਤ ਹੋਈ। ਉਸ ਨੇ ਬੈਂਕਰਾਂ ਦੇ ਭੁਚਲਾਵੇ ਵਿਚ ਆ ਕੇ, 1913 ਵਿਚ ਕੁਲ-ਰਾਸ਼ਟਰੀ ਬੈਂਕ, ਉਨ੍ਹਾਂ ਦੇ ਹਵਾਲੇ ਕਰ ਦਿੱਤੇ। ਬਾਰਾਂ ਬੈਂਕਰਾਂ ਨੇ ਬਣਾਇਆ 'ਫ਼ੈਡਰਲ ਰੀਜ਼ਰਵ' ਜੋ ਵੇਖਣ ਸੁਣਨ ਨੂੰ ਜਾਪਦਾ ਹੈ ਕਿ ਸਰਕਾਰੀ ਹੋਵੇ ਜਾਂ ਸਰਕਾਰ ਅਧੀਨ ਹੋਵੇ, ਪਰ ਅਸਲ ਵਿਚ ਹੈ ਪੂਰਨ ਰੂਪ ਵਿਚ ਨਿੱਜੀ। ਇਹ ਬੈਂਕ ਕੀ ਕਰਦੇ ਹਨ ? ਅਮਰੀਕਨ ਟਕਸਾਲਾਂ ਅੰਦਰ ਛਾਪੇ ਗਏ ਡਾਲਰ, ਕਾਗ਼ਜ਼ ਅਤੇ ਛਪਾਈ ਦੇ ਲੱਗੇ ਭਾਅ ਖ਼ਰੀਦ ਲੈਂਦੇ ਹਨ ਅਤੇ ਅੱਗੋਂ ਆਪਣੇ ਮੈਂਬਰ ਬੈਂਕਾਂ ਦੇ ਰਾਹੀਂ ਸੂਦ ਉੱਤੇ ਚਾੜ੍ਹਦੇ ਹਨ। ਅਮਰੀਕੀ ਸਰਕਾਰ ਵੀ ਇਨ੍ਹਾਂ ਤੋਂ ਸੂਦ ਉੱਤੇ ਨਕਦੀ ਹਾਸਲ ਕਰਦੀ ਹੈ। ਭਾਵ ਇਹ ਕਿ ਅਮਰੀਕਾ ਦੇ ਅੰਦਰ ਪ੍ਰਵੇਸ਼ ਕਰਦਾ ਹਰ ਨਵਾਂ ਡਾਲਰ ਕਰਜ਼ੇ ਦੇ ਉੱਤੇ ਆਉਂਦਾ ਹੈ। ਦੁਨੀਆਂ ਦੇ ਅੰਦਰ ਬੇਅੰਤ ਜੰਗੀ ਮੁਹਿੰਮਾਂ ਵਿਚ ਲਏ ਅਤੇ ਖ਼ਰਚੇ ਜਾ ਰਹੇ ਡਾਲਰਾਂ ਦੇ ਕਾਰਨ, ਅੱਜ ਦੇ ਦਿਨ ਹਰ ਨਵੇਂ ਅਮਰੀਕਨ ਜਨਮੇ ਬੱਚੇ ਦੇ ਉੱਪਰ ਬੇਅੰਤ ਡਾਲਰਾਂ ਦਾ ਕਰਜ਼ਾ ਹੈ, ਜੋ ਸਰਕਾਰ ਨੇ ਨਿੱਜੀ ਫ਼ੈਡਰਲ ਰੀਜ਼ਰਵ ਨੂੰ ਵਾਪਸ ਕਰਨਾ ਹੈ। ਇਸ ਸਮੇਂ ਅਮਰੀਕੀ ਸਰਕਾਰ ਦੇ ਉੱਤੇ 12 ਟ੍ਰਿਲੀਅਨ ਤੋਂ ਵੱਧ ਦਾ ਕਰਜ਼ਾ ਹੈ, ਜੋ ਅਕਾਰਨ ਅਨੇਕਾਂ ਥਾਵਾਂ ਉੱਤੇ ਜਾਰੀ ਜੰਗਾਂ ਸਦਕਾ ਨਿੱਤ ਵਧਦਾ ਹੀ ਜਾਂਦਾ ਹੈ।

ਅਮਰੀਕਨ ਬੈਂਕਾਂ ਦੇ ਨਿੱਜੀਕਰਨ ਤੋਂ ਕਈ ਚਿਰ ਪਿੱਛੋਂ ਪ੍ਰਧਾਨ ਵਿਲਸਨ ਨੇ ਆਪਣਾ ਪਛਤਾਵਾ ਇੰਜ ਪ੍ਰਗਟ ਕੀਤਾ—"ਮੈਨੂੰ ਘੋਰ ਉਦਾਸੀ ਹੈ। ਮੈਂ ਬੇਸਮਝੀ ਵਿਚ ਆਪਣਾ ਦੇਸ ਉਜਾੜ ਦਿੱਤਾ ਹੈ। ਸਾਡਾ ਮਹਾਨ ਸਨਅਤੀ ਦੇਸ ਕਰਜ਼ੇ ਦੀ ਜਕੜ ਹੇਠ ਹੈ। ਕਰਜ਼ਾ-ਪ੍ਰਣਾਲੀ ਕੁਝ ਕੁ ਲੋਕਾਂ ਦੇ ਹੱਥ ਵਿਚ ਆ ਗਈ ਹੈ। ਏਸ ਲਈ ਸਾਡੇ ਦੇਸ ਦੀਆਂ ਕੁੱਲ ਗਤੀਵਿਧੀਆਂ ਉਨ੍ਹਾਂ ਦੇ ਹੱਥ ਚਲੀਆਂ ਗਈਆਂ ਹਨ। ਸਭਿਅ ਦੇਸਾਂ ਦੇ ਅੰਦਰ ਸਾਡਾ ਰਾਜ ਸਭ ਤੋਂ ਵਧੀਆ ਹੈ, ਜਿਸ ਉੱਤੇ ਬਾਹਰਲੀ ਸ਼ਕਤੀ ਦਾ ਗ਼ਲਬਾ ਪੈ ਗਿਆ ਹੈ। ਇਹ ਸਰਕਾਰ ਹੁਣ ਲੋਕਾਂ ਦੀ ਬਹੁਗਿਣਤੀ ਨਾਲ ਚੁਣੀ, ਕਿਸੇ ਵਿਸ਼ਵਾਸ ਵਾਲੀ ਨਹੀਂ, ਬਲਕਿ ਉਨ੍ਹਾਂ ਕੁਝ ਕੁ ਹੱਥਾਂ ਵਿਚ ਹੈ, ਜਿਨ੍ਹਾਂ ਦੀ ਪੂਰੀ ਧੌਂਸ ਹੈ।" ਵਿਲਸਨ ਨੇ ਜੋ ਓਦੋਂ ਕਿਹਾ, ਉਹ ਅੱਜ ਵੀ ਸੱਚ ਹੈ।

ਫ਼ੈਡਰਲ ਰੀਜ਼ਰਵ (ਪ੍ਰਾਈਵੇਟ ਅਦਾਰੇ) ਦੇ ਕਰਜ਼ੇ ਵਾਪਸ ਕਰਨ ਖ਼ਾਤਰ 1933 ਵਿਚ ਅਮਰੀਕੀ ਪ੍ਰਧਾਨ ਦੇ ਹੁਕਮ ਨਾਲ, ਅਮਰੀਕਨ ਸ਼ਹਿਰੀਆਂ ਦਾ ਕੁੱਲ ਸੋਨਾ ਕੁਰਕ ਕਰ ਲਿਆ ਗਿਆ। (ਅੱਜ ਤੋਂ ਕਈ ਸਾਲ ਪਹਿਲਾਂ ਤੋਂ ਵੀ ਬੈਂਕਾਂ ਨੂੰ ਹਦਾਇਤਾਂ ਗਈਆਂ ਹੋਈਆਂ ਹਨ ਕਿ ਇਸ਼ਾਰਾ ਮਿਲਣ ਉੱਤੇ ਬੈਂਕਾਂ ਦੇ ਲਾਕਰ ਖੋਲ੍ਹਣ ਨਹੀਂ ਦਿੱਤੇ ਜਾਣਗੇ) ਲੋਕਾਂ ਦੀ ਪਲੀ-ਪਲੀ ਜੋੜੀ ਦੌਲਤ ਅਣਚੁਣੇ ਨਿੱਜੀ ਬੈਂਕਰਾਂ ਦੀ ਝੋਲੀ ਵਿਚ ਪਾ ਦਿੱਤੀ ਗਈ।

ਪ੍ਰਧਾਨ ਜੈਫਰਸਨ (1861—1865) ਨੇ ਕਿੰਨਾ ਚਿਰ ਪਹਿਲਾਂ ਚੇਤਾਵਨੀ ਦਿੱਤੀ ਹੋਈ ਸੀ, "ਮੈਨੂੰ ਪੱਕਾ ਵਿਸ਼ਵਾਸ ਹੈ ਕਿ ਨਿੱਜੀ ਅਦਾਰਿਆਂ ਦੇ ਹੱਥ ਵਿਚ ਨਕਦੀ ਬਣਾਉਣ ਅਤੇ ਤੋਰਨ ਦੀ ਸ਼ਕਤੀ ਸਾਡੀ ਆਜ਼ਾਦੀ ਲਈ ਵੱਡੀਆਂ ਫ਼ੌਜਾਂ ਤੋਂ ਵੱਧ ਖ਼ਤਰਨਾਕ ਹੈ...ਕਾਗ਼ਜ਼ੀ ਨਕਦੀ ਗ਼ੁਰਬਤ ਹੈ...ਇਹ ਦੌਲਤ ਦਾ ਇਕ ਪਰਛਾਵਾਂ ਹੈ, ਅਸਲੀ ਦੌਲਤ ਨਹੀਂ...ਜਦੋਂ ਮੈਂ ਇਕ ਚੈੱਕ ਕਟਦਾਂ ਤਾਂ ਮੇਰੇ ਖ਼ਾਤੇ ਵਿਚ ਪੈਸਾ ਹੋਣਾ ਚਾਹੀਦਾ ਹੈ ਪਰ ਜਦੋਂ ਪ੍ਰਾਈਵੇਟ ਬੈਂਕ ਚੈੱਕ ਕੱਟਦਾ ਹੈ ਤਾਂ ਉਸ ਦਾ ਬੈਂਕ

ਦੇ ਅੰਦਰ ਖ਼ਾਤੇ ਦਾ ਭਰਿਆ ਹੋਣਾ ਲਾਜ਼ਮੀ ਨਹੀਂ। ਪ੍ਰਾਈਵੇਟ ਬੈਂਕ ਚੈੱਕ ਕੱਟ ਕੇ ਦੌਲਤ ਪੈਦਾ ਕਰ ਦੇਂਦਾ ਹੈ।" ਸਭ ਕੁਝ ਜਾਣਦਿਆਂ ਬੁਝਦਿਆਂ ਅੱਜ, ਫ਼ੈਡਰਲ ਰੀਜ਼ਰਵ ਦਾ ਭੋਗ ਕਿਉਂ ਨਹੀਂ ਪਾ ਦਿੱਤਾ ਜਾਂਦਾ ?

ਰੌਥਚਾਈਲਡ ਭਰਾਵਾਂ ਨੇ 1863 ਵਿਚ ਲੰਡਨ ਵਿਖੇ ਇਸ ਦਾ ਜੁਆਬ ਇੰਜ ਦਿੱਤਾ, "ਜਿਹੜੇ ਵੀ ਥੋੜੇ ਜਿਹੇ ਲੋਕ ਏਸ ਪ੍ਰਣਾਲੀ ਨੂੰ ਸਮਝ ਲੈਣਗੇ, ਉਨ੍ਹਾਂ ਦੀ ਰੁਚੀ ਹੋਵੇਗੀ ਕਿ ਇਸ ਵਿੱਚੋਂ ਲਾਭ ਉਠਾ ਲਿਆ ਜਾਵੇ ਜਾਂ ਫਿਰ ਇਸ ਦੀਆਂ ਬਖ਼ਸ਼ਿਸ਼ਾਂ ਦੇ ਭਾਰ ਹੇਠਾਂ ਏਨੇ ਨੱਪੇ ਜਾਣਗੇ ਕਿ ਉਹ ਵਿਰੋਧ ਨਹੀਂ ਕਰਨਗੇ।" ਅੱਜ ਦੇ ਕੁਲ ਅਮਰੀਕੀ ਸਿਆਸਤਦਾਨ, ਕੁਝ ਟਾਵੇਂ ਛੱਡ ਕੇ, ਬੈਂਕਰਾਂ ਦੀ ਜੇਬ ਅੰਦਰ ਹਨ, ਭਾਵੇਂ ਉਹ ਕਿਸੇ ਵੀ ਪਾਰਟੀ ਅਤੇ ਕਿਸੇ ਵੀ ਅਹੁਦੇ ਉੱਤੇ ਕਿਉਂ ਨਾ ਹੋਣ।

ਸਮੱਸਿਆ ਇਹ ਹੈ ਕਿ ਫ਼ੈਡਰਲ ਰੀਜ਼ਰਵ ਦਾ ਇਹ ਜ਼ਰੂਰੀ ਵਿਸ਼ਾ ਸਕੂਲਾਂ, ਕਾਲਜਾਂ ਅੰਦਰ ਪੜ੍ਹਾਇਆ ਨਹੀਂ ਜਾਂਦਾ। ਬੈਂਕਰਾਂ ਦਾ ਰਾਜ਼ ਤਾਂ ਅਗਿਆਨ ਦੇ ਵਾਤਾਵਰਣ ਅੰਦਰ ਹੀ ਪੱਲਰਦਾ ਹੈ। ਸਾਡੇ ਵਧੇਰੇ ਵਿੱਤੀ ਗਿਆਨ ਦੇ ਮਾਹਰਾਂ ਅਤੇ ਬੈਂਕਾਂ ਅੰਦਰਲੇ ਅਫ਼ਸਰਾਂ ਨੇ ਕਦੇ ਫ਼ੈਡਰਲ ਰੀਜ਼ਰਵ ਦਾ ਨਾਂ ਵੀ ਨਹੀਂ ਸੁਣਿਆ ਹੁੰਦਾ। ਮੈਂ ਬੜੀ ਵਾਰ ਪਰਤਾਅ ਕੇ ਵੇਖਿਆ ਹੈ। ਗੱਲ ਬੜੀ ਸਿੱਧੀ ਹੈ ਜੇ ਅਸੀਂ ਆਪਣੇ ਉੱਤੇ ਜੋੜ ਕੇ ਵੇਖੀਏ। ਅੱਜ ਦੇ ਭਾਰਤ ਅੰਦਰ ਕੁੱਲ ਨਕਦੀ ਦੇ ਨੋਟ ਸਰਕਾਰ ਅਧੀਨ ਖ਼ਜ਼ਾਨੇ ਅੰਦਰ ਛਪਦੇ ਹਨ। ਸਰਕਾਰ ਦੀ ਮਰਜ਼ੀ ਹੁੰਦੀ ਹੈ ਕਿ ਕਿੰਨੇ ਨਵੇਂ ਨੋਟ ਛਾਪ ਕੇ ਦੇਸ ਦੇ ਅੰਦਰ ਖਿਲਾਰੇ ਜਾਣ, ਬਾਜ਼ਾਰ ਅੰਦਰ ਵਧਦੇ ਭਾਅ ਦਾ ਨੋਟਾਂ ਦੇ ਪਾਸਾਰ/ਖਿਲਾਰ ਨਾਲ ਸਿੱਧਾ ਸੰਬੰਧ ਹੈ। ਜਿੰਨਾ 'ਸਿੱਕੇ ਦਾ ਫੈਲਾਅ' ਵਧੇਗਾ, ਓਨਾ ਹੀ ਕੁਲ ਚੀਜ਼ਾਂ ਦਾ ਭਾਅ ਵਧੇਗਾ। ਚੀਜ਼ਾਂ ਤਾਂ ਉਹੀ ਰਹਿੰਦੀਆਂ ਹਨ, ਕੇਵਲ ਮੰਡੀ ਦੇ ਅੰਦਰ ਪੈਸਾ ਵਧ ਜਾਂਦਾ ਹੈ ਅਤੇ ਇੰਜ ਪੈਸੇ ਦੀ ਖ਼ਰੀਦ-ਸ਼ਕਤੀ ਘਟ ਜਾਂਦੀ ਹੈ। ਆਏ ਦਿਨ ਵਧਦੀ ਮਹਿੰਗਾਈ ਦੇ ਖ਼ਿਲਾਫ਼ ਜਲਸੇ ਜਲੂਸ ਕੱਢੇ ਜਾਂਦੇ ਹਨ, ਨਵੀਂ ਇਲੈਕਸ਼ਨ ਵਿਚ ਪਹਿਲੀ ਪਾਰਟੀ ਨੂੰ ਕੀਮਤਾਂ ਵਧਾਉਣ ਦੇ ਦੋਸ਼ ਵਿਚ ਲਾਹ ਕੇ ਦੂਜੀ ਪਾਰਟੀ ਦੇ ਹੱਥ ਕਮਾਨ ਦਿੱਤੀ ਜਾਂਦੀ ਹੈ। ਕੀ ਉਹ ਕੁਝ ਕਰਦੀ ਹੈ ? ਉਹ ਕੁਝ ਕਰ ਹੀ ਨਹੀਂ ਸਕਦੀ ਕਿਉਂਕਿ ਨੋਟਾਂ ਦੀ ਭਰਮਾਰ ਤਾਂ ਕੇਂਦਰ ਵੱਲੋਂ ਆਉਂਦੀ ਹੈ। ਇਹ ਸਿਲਸਿਲਾ ਜਿਹੋ ਜੇਹਾ ਵੀ ਹੈ, ਮਾੜਾ ਹੈ ਚੰਗਾ ਹੈ, ਲੋਕਾਂ ਦੀ ਚੁਣੀ ਹੋਈ ਨੁਮਾਇੰਦਾ ਸਰਕਾਰ ਦੇ ਹੱਥ ਵਿਚ ਹੀ ਹੈ ਨਾ। ਫ਼ਰਜ਼ ਕਰੋ, ਜਿਵੇਂ ਅੱਜ ਅਮਰੀਕਾ ਦੇ ਅੰਦਰ ਹੈ; ਏਥੇ ਵੀ ਇਕ ਪ੍ਰਾਈਵੇਟ ਬੈਂਕ ਆ ਜਾਵੇ, ਜਿਸ ਦਾ ਨਾਂ ਹੋਵੇ 'ਭਾਰਤੀ ਰਿਜ਼ਰਵ ਬੈਂਕ'। ਕਰੰਸੀ ਨੋਟਾਂ ਦੀ ਕੁੱਲ ਛਪਾਈ ਅਤੇ ਸਪਲਾਈ ਏਹੀ ਬੈਂਕ ਕਰਦਾ ਹੋਵੇ। ਅਮਰੀਕਾ ਵਾਂਗ ਭਾਰਤ ਦੀ ਸਰਕਾਰ ਵੀ ਏਸ ਬੈਂਕ ਕੋਲੋਂ ਸੂਦ ਉੱਤੇ ਕਰਜ਼ਾ ਲੈ ਕੇ ਦੇਸ ਨੂੰ ਚਲਾਵੇ ਤਾਂ ਕਿਵੇਂ ਲੱਗੇਗਾ ? ਏਸ ਤੋਂ ਉਪਰ ਜਾਵੋ। ਜੇ ਏਸ 'ਭਾਰਤੀ ਰੀਜ਼ਰਵ ਬੈਂਕ' ਉੱਤੇ ਜਿਵੇਂ ਅਮਰੀਕਾ ਅੰਦਰ ਹੈ, ਪਾਰਲੀਮੈਂਟ ਜਾਂ ਸਰਕਾਰ ਦਾ ਕੋਈ ਵੀ ਕੰਟਰੋਲ ਨਾ ਹੋਵੇ ਤਾਂ ? ਜੇ ਇਹ ਨਿੱਜੀ ਰੀਜ਼ਰਵ ਬੈਂਕ ਦੂਜਿਆਂ ਦੇਸਾਂ ਅੰਦਰਲੇ ਬੈਂਕਾਂ ਨਾਲ ਕਰੰਸੀ ਦਾ ਵਪਾਰ ਕਰਦਾ ਹੋਵੇ ਤਾਂ ? ਜੇ ਏਹੀ ਰੀਜ਼ਰਵ ਬੈਂਕ ਦੂਜੇ ਦੇਸਾਂ, ਏਥੋਂ ਤੱਕ ਕਿ ਵਿਰੋਧੀ ਦੇਸਾਂ ਨੂੰ ਵੀ ਕਰੰਸੀ ਕਰਜ਼ੇ ਉੱਤੇ ਦੇਵੇ ਤਾਂ ? ਅਮਰੀਕਾ ਅੰਦਰ ਇਹ ਸਭੋ ਕੁਝ ਹੋ ਰਿਹਾ ਹੈ। ਕੁੱਲ ਸਿਆਸੀ ਨੇਤਾਵਾਂ ਦਾ ਪੈਸੇ ਨਾਲ ਕਾਣੇ ਹੋਣ ਕਰਕੇ 'ਫ਼ੈਡਰਲ ਰੀਜ਼ਰਵ' ਦਾ ਕਰੰਸੀ ਉੱਤੇ ਰਾਜ ਹੈ। ਬੇਅੰਤ ਜਾਣਕਾਰ ਅਮਰੀਕੀ ਲੋਕ ਰੌਲਾ ਪਾਉਂਦੇ ਹਨ ਅਤੇ ਮਜਬੂਰੀ ਅੰਦਰ ਦੰਦ ਪੀਂਹਦੇ ਹਨ। ਪਾਰਟੀਆਂ ਇਕ ਸੋਚੀ ਸਮਝੀ ਸਕੀਮ ਅੰਦਰ ਕੇਵਲ ਦੋ ਹੀ ਰੱਖੀਆਂ ਗਈਆਂ ਹਨ। ਦੋਵੇਂ ਬੈਂਕਰਾਂ ਦੀ ਜੇਬ ਵਿਚ ਹਨ। ਪ੍ਰਧਾਨ ਕਿਸੇ ਵੀ ਪਾਰਟੀ ਦਾ ਹੋਵੇ, ਨੀਤੀ ਬੈਂਕਰਾਂ ਦੀ ਚੱਲੇਗੀ—ਹਰ ਪ੍ਰਧਾਨ ਜੰਗ ਦਾ ਏਜੰਡਾ ਵਧਾਵੇਗਾ, ਫ਼ੌਜੀ ਕਾਰਵਾਈਆਂ ਲਈ ਹੋਰ ਕਰਜ਼ੇ ਲਵੇਗਾ ਅਤੇ ਸਰਕਾਰ ਲੋਕਾਂ 'ਤੇ ਟੈਕਸ ਲਗਾ ਕੇ ਕਰਜ਼ੇ ਦੇ ਸੂਦ ਤਾਰੇਗੀ। ਯਾਦ ਰਹੇ, ਕੁਲ ਬੈਂਕਰ ਅਕਸ਼ਨਾਜ਼ੀ ਯਹੂਦੀ ਹਨ ਜਿਨ੍ਹਾਂ ਦਾ ਨਾੜੂ ਇਸਰਾਈਲ ਦੇਸ ਨਾਲ ਜੁੜਿਆ ਹੋਇਆ ਹੈ। ਕੋਈ ਸਮਾਂ ਸੀ ਜਦੋਂ ਅਮਰੀਕਨ ਸਰਮਾਇਆਦਾਰੀ ਦੀ ਲਗਾਤਾਰ ਚੜ੍ਹਤ ਨਾਲ ਲੋਕ ਮਾਲਾ-ਮਾਲ ਸਨ। ਬਾਹਰੀ ਅਮਰੀਕਨ ਫ਼ੌਜੀ ਮੁਹਿੰਮਾਂ, ਜਿੱਤਾਂ ਅਤੇ ਲੁੱਟਾਂ ਬਾਰੇ ਲੋਕ ਘੱਟ ਸੋਚਦੇ ਹਨ, ਕਿਉਂਕਿ ਖ਼ੁਸ਼ਹਾਲੀ ਵਧਦੀ ਜਾਪਦੀ ਹੁੰਦੀ ਸੀ। ਕੁੱਲ ਮੀਡੀਆ ਪ੍ਰਸਾਰ, ਅਮਰੀਕਨ ਸਭਿਆਚਾਰ ਅਤੇ ਸਮਾਜ, ਫ਼ੌਜੀ ਮੁਹਿੰਮਾਂ ਦੀਆਂ ਵਧੀਆ ਰਿਪੋਰਟਾਂ ਦੇ ਨਾਲ ਦਿਲ-ਪ੍ਰਚਾਵਾ ਕਰਦਾ ਸੀ। ਹੁਣ ਹਾਲਾਤ ਬਦਲ ਗਏ ਹਨ—ਅਮਰੀਕਨ ਲੋਕ ਟੈਕਸਾਂ ਦੇ ਨਾਲ ਪੁੱਟੇ ਗਏ ਹਨ। ਬੇਰੁਜ਼ਗਾਰੀ ਸਿਖਰਾਂ 'ਤੇ ਹੈ ਅਤੇ ਵਧਦੀ ਜਾ ਰਹੀ ਹੈ। ਮੋਟੇ ਤੌਰ 'ਤੇ ਹਰ ਪੰਜਵਾਂ ਕੰਮ ਲੱਭਣ ਵਾਲਾ ਬੇਰੁਜ਼ਗਾਰ ਹੈ। ਫ਼ੈਡਰਲ ਰਿਜ਼ਰਵ ਦਾ ਕਰਜ਼ਾ ਏਨਾ ਵਧ ਗਿਆ ਹੈ ਕਿ ਸੂਦ ਦੀ ਅਦਾਇਗੀ ਕਰਨੀ ਵੀ ਔਖੀ ਹੋ ਰਹੀ ਹੈ। ਯਾਦ ਰਹੇ, ਅਮਰੀਕਾ ਦਾ ਫ਼ੈਡਰਲ ਰਿਜ਼ਰਵ, ਅਮਰੀਕਨ ਲੋਕਾਂ, ਭਾਵ ਸਰਕਾਰ ਦਾ ਨਹੀਂ ਹੈ ਬਲਕਿ ਬੈਂਕਰਾਂ ਦਾ ਇਕ ਨਿੱਜੀ ਅਦਾਰਾ ਹੈ—ਕੋਈ ਮਰੇ, ਕੋਈ ਜੀਵੇ, ਫ਼ੈਡਰਲ ਰਿਜ਼ਰਵ ਘੋਲ ਪਤਾਸੇ ਪੀਵੇ।

"ਰੱਬ ਨੇ ਇੱਕੋ ਹੀ ਸ਼ਰਤ ਉੱਤੇ ਆਜ਼ਾਦੀ ਦਿੱਤੀ ਹੈ, ਉਹ ਹੈ ਸਦਾ ਸਦਾ ਲਈ ਚੇਤੰਨਤਾ। ਜੇ ਇਹ ਟੁੱਟ ਗਈ ਤਾਂ ਗ਼ੁਲਾਮੀ ਦੀਆਂ ਜ਼ੰਜੀਰਾਂ ਏਸ ਗੁਨਾਹ ਦੀ ਸਜ਼ਾ ਹੋਣਗੀਆਂ।" —ਜੌਹਨ ਕੂਰਨ

ਫ਼ੈਡਰਲ ਰਿਜ਼ਰਵ ਦੇ ਮਾਲਕ ਕੌਣ ਹਨ ? ਉਹ ਹਨ ਲੰਡਨ ਅਤੇ ਬਰਲਿਨ ਦੇ ਰੌਥਚਾਈਲਡ; ਪੈਰਿਸ ਦੇ ਲਜ਼ਾਰਡ ਬ੍ਰਦਰਜ਼, ਇਟਲੀ ਤੇ ਇਸਰਾਈਲ ਦੇ ਮੌਸਿਜ਼ ਅਤੇ ਸੀਫ; ਕੋਹਨ ਲੋਇਬ ਅਤੇ ਵਾਰਬਰਗ ਜਰਮਨੀ ਦੇ; ਲਿਹਮੈਨ ਬ੍ਰਦਰਜ਼, ਗੋਲਡਮੈਨ, ਸੈਚਸ ਅਤੇ ਰਾਕਫੈਲਰ ਟੱਬਰ ਨਿਊਯਾਰਕ ਤੋਂ। ਇਨ੍ਹਾਂ ਦੀ ਕੇਂਦਰੀ ਬੈਂਕਕਾਰੀ ਜਮਾਤ ਮੁਨਾਫ਼ੇ ਕਮਾਉਣ ਲਈ ਬਣੀ ਹੈ। ਫ਼ੈਡਰਲ ਰੀਜ਼ਰਵ ਨਾ ਤਾਂ ਫ਼ੈਡਰਲ (ਭਾਵ ਸਰਕਾਰੀ) ਹੈ ਅਤੇ ਨਾ ਇਸ ਦੇ ਕੋਲ ਪਿੱਛੇ ਕੋਈ ਰੀਜ਼ਰਵ (ਭਾਵ ਖ਼ਜ਼ਾਨਾ) ਹੈ। ਇਹ ਕੇਵਲ ਕਾਗ਼ਜ਼ਾਂ ਉੱਤੇ ਡਾਲਰ ਛਾਪਣ ਦੀ ਤੇਜ਼ ਮਸ਼ੀਨ ਹੈ।

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਅਮਰੀਕਾ ਦੇ ਅੰਦਰ ਫੈਡਰਲ ਰੀਜ਼ਰਵ ਇੱਕੋ ਇਕ ਅਦਾਰਾ ਹੈ ਜਿਸ ਦੇ ਮੁਨਾਫ਼ਿਆਂ ਉੱਤੇ ਕੋਈ ਪ੍ਰਾਂਤੀ ਜਾਂ ਕੇਂਦਰੀ ਟੈਕਸ ਨਹੀਂ ਲੱਗਦਾ। ਹਰ ਸਾਲ ਕਰੀਬ ਇਕ ਟ੍ਰਿਲੀਅਨ ਡਾਲਰ ਦਾ ਲਾਭ ਉੱਪਰ ਲਿਖੇ ਟੱਬਰਾਂ ਦੇ ਅੰਦਰ ਵੰਡਿਆ ਜਾਂਦਾ ਹੈ, ਭਾਵ ਇਕ 'ਆਜ਼ਾਦ' ਦੇਸ ਅਮਰੀਕਾ ਉੱਪਰ ਦਿਨ ਦਿਹਾੜੇ ਡਾਕਾ! ਜਾਣਕਾਰਾਂ ਦੀ ਗਿਣਤੀ ਥੋੜੀ ਹੈ ਅਤੇ ਜਿਹੜੇ ਡਾਕਾ ਰੋਕ ਸਕਦੇ ਨੇ, ਉਹ ਸਿਆਸੀ ਨੇਤਾ, ਬੈਂਕਰਾਂ ਦੀ ਮਿਹਰ ਨਾਲ ਮਾਲਾ-ਮਾਲ ਹਨ। ਕੌਣ ਆਖੇ ਬੈਂਕਰਾਂ ਨੂੰ ਕਿ ਇੰਜ ਨਹੀਂ ਤੂੰ ਇੰਜ ਕਰ ? ਜਦੋਂ ਕਾਨੂੰਨ ਬਣਾਉਣ ਅਤੇ ਲਾਗੂ ਕਰਨ ਵਾਲੇ ਰਜਾਏ ਜਾਂਦੇ ਹੋਣ ਤਾਂ ਸਮਗਲਿੰਗ ਅਤੇ ਦੇਸ ਦੀ ਜੜ੍ਹ-ਕਟਾਈ ਕੌਣ ਰੋਕ ਸਕਦਾ ਹੈ ?

4 ਜੂਨ, 1963 ਅਮਰੀਕਾ ਲਈ ਇਕ ਇਨਕਲਾਬੀ ਦਿਨ ਸੀ, ਜਿਸ ਬਾਰੇ ਸਭ ਲੋਕ ਲਗਭਗ ਬੇਖ਼ਬਰ ਹਨ। ਏਸ ਦਿਨ ਪ੍ਰਧਾਨ ਜੌਹਨ ਕੈਨੇਡੀ ਨੇ ਨਿੱਜੀ ਬੈਂਕਰਾਂ ਦੇ ਉਲਟ ਇਕ ਬਹੁਤ ਵੱਡਾ 'ਜੁਰਮ' ਕੀਤਾ ਸੀ। ਉਹ ਸੀ ਉਸ ਦਾ ਪ੍ਰਸ਼ਾਸਨੀ ਹੁਕਮ ਨੰਬਰ 11110 (ਮਿਤੀ 4 ਜੂਨ, 1963)। ਏਸ ਹੁਕਮ ਨੂੰ ਅੱਜ ਤਕ ਨਾ ਵਾਪਸ ਲਿਆ ਗਿਆ ਹੈ, ਨਾ ਹੀ ਇਸ ਵਿਚ ਕੋਈ ਸੋਧ ਕੀਤੀ ਗਈ ਹੈ ਅਤੇ ਨਾ ਹੀ ਇਸ ਦੀ ਥਾਂ ਕੋਈ ਹੋਰ ਹੁਕਮ ਜਾਰੀ ਹੋਇਆ, ਭਾਵ ਇਹ ਪ੍ਰਸ਼ਾਸਨੀ ਹੁਕਮ, ਠੋਸ ਆਪਣੀ ਥਾਂ ਉੱਤੇ ਹੈ ਅਤੇ ਲਾਗੂ ਹੈ। ਕੇਵਲ ਇਸ ਉੱਤੇ ਕੋਈ ਅਮਲ ਨਹੀਂ ਹੋ ਰਿਹਾ।

ਹੁਕਮ ਇਹ ਸੀ ਕਿ ਅਮਰੀਕਨ ਖ਼ਜ਼ਾਨੇ ਦੇ ਅੰਦਰ ਜਿੰਨੀ ਚਾਂਦੀ ਹੈ, ਉਸ ਦੇ ਵੱਡੇ ਵੱਡੇ ਚਾਂਦੀ-ਸਰਟੀਫ਼ਿਕੇਟ ਜਾਰੀ ਕੀਤੇ ਜਾਣ, ਭਾਵ ਇਹ ਇਕ ਨਵੀਂ ਕਰੰਸੀ ਉਹ ਹੋਵੇਗੀ ਜਿਸ ਦੀ ਪਿੱਠ ਉੱਤੇ ਉਸ ਦੇ ਬਰਾਬਰ ਦੀ ਚਾਂਦੀ ਖ਼ਜ਼ਾਨੇ ਦੇ ਅੰਦਰ ਹੋਵੇਗੀ। ਏਸ ਗ਼ਰਜ਼ ਲਈ ਦੋ ਅਤੇ ਪੰਜ ਡਾਲਰ ਦੇ ਨਵੇਂ ਨੋਟ, ਚਾਰ ਬਿਲੀਅਨ ਮੁੱਲ ਦੀ ਚਾਂਦੀ ਦੇ ਬਰਾਬਰ ਵਰਤੋਂ ਵਿਚ ਆ ਗਏ। ਦਸ ਅਤੇ ਵੀਹ ਡਾਲਰ ਦੇ ਨੋਟ ਛਪਾਈ ਹੇਠ ਸਨ, ਜਦੋਂ ਕੈਨੇਡੀ ਨੂੰ 22 ਨਵੰਬਰ, 1963 ਨੂੰ ਕਤਲ ਕਰ ਦਿੱਤਾ ਗਿਆ। ਕੈਨੇਡੀ ਦਾ ਕਤਲ ਕਿਉਂ ਹੋਇਆ ? ਏਸ ਲਈ ਕਿ ਬੇਵਕੂਫ਼ ਲੀ ਔਸਵਾਲਡ ਨੇ ਸਕੂਲ ਦੀ ਉਪਰਲੀ ਮੰਜ਼ਿਲ ਤੋਂ ਗੋਲੀ ਮਾਰੀ ਸੀ ? ਮੀਤ ਪ੍ਰਧਾਨ ਨੂੰ ਕੈਨੇਡੀ ਕਤਲ ਦੀ ਗੋਂਦ ਦਾ ਪੂਰਾ ਪਤਾ ਸੀ, ਏਸ ਲਈ ਨਹੀਂ ਕਿ ਉਹ ਕਰਵਾਉਣ ਵਾਲਾ ਸੀ, ਬਲਕਿ ਏਸ ਲਈ ਕਿ ਕਤਲ ਤੋਂ ਪਿੱਛੋਂ ਉਸ ਨੂੰ ਵਰਤਿਆ ਜਾਣਾ ਸੀ ਅਤੇ ਜ਼ਰੂਰੀ ਸੀ ਕਿ ਉਸ ਦੀਆਂ ਹੋਣ ਵਾਲੀਆਂ ਸਭ ਹਰਕਤਾਂ ਅਤੇ ਸਪੀਚਾਂ ਪਹਿਲਾਂ ਤੋਂ ਠੀਕ ਸਮਝੀਆਂ ਬੁੱਝੀਆਂ ਹੋਣ।

ਕੈਨੇਡੀ ਦਾ ਕਤਲ ਸੀ.ਆਈ.ਏ. ਨੇ ਕੀਤਾ। ਇਸ ਵਿਚ ਰਤਾ ਵੀ ਸ਼ੱਕ ਨਹੀਂ। ਇਸ ਦੀ ਕੁੱਲ ਮਸ਼ਕ ਕੀਤੀ ਗਈ ਸੀ। ਕੈਨੇਡੀ ਦੀ ਕਾਰ ਦਾ ਰਸਤਾ ਬਦਲਿਆ ਗਿਆ, ਉਸ ਦੇ ਪਿੱਛੇ ਆਉਂਦੀਆਂ ਖ਼ੁਫ਼ੀਆ ਕਾਰਾਂ ਰੋਕ ਦਿੱਤੀਆਂ ਗਈਆਂ। ਉਸ ਦੀ ਆਪਣੀ ਕਾਰ ਪਿੱਛੇ ਖੜੇ ਲਾਜ਼ਮੀ ਅੰਗ-ਰੱਖਿਅਕ ਉਤਾਰ ਦਿੱਤੇ ਗਏ। ਇੰਜ ਮੈਦਾਨ ਸਾਫ਼ ਕਰਨ ਪਿੱਛੋਂ ਉਸ ਦਾ ਕਤਲ ਨਿਹਾਇਤ ਸੌਖੇ ਢੰਗ ਨਾਲ ਕੀਤਾ ਗਿਆ। ਕਾਰ ਦੇ ਸੀ.ਆਈ.ਏ. ਡਰਾਈਵਰ ਵਿਲੀਅਮ ਗਰੀਅਰ ਨੇ ਪਿੱਛੇ ਸਿਰ ਘੁਮਾ ਕੇ ਆਪਣੇ ਮੋਢੇ ਦੇ ਉਪਰੋਂ ਗੋਲੀਆਂ ਦਾਗੀਆਂ ਜਿਸ ਦੇ ਨਾਲ ਕੈਨੈਡੀ ਦੀ ਖੋਪਰੀ ਉੱਡ ਗਈ। ਉਸ ਦੇ ਦਿਮਾਗ਼ ਦਾ ਇਕ ਟੋਟਾ ਪਿੱਛੇ ਡਿੱਗਾ ਜਿਸ ਨੂੰ ਉਸ ਦੀ ਪਤਨੀ ਨੇ ਝਪਕ ਕੇ ਆਪਣੇ ਹੱਥ ਵਿਚ ਫੜ ਲਿਆ। ਕੈਨੇਡੀ ਕਤਲ ਦੇ ਖੋਜ ਕਮਿਸ਼ਨ ਨੇ ਕਈ ਸਾਲ ਲਗਾ ਕੇ ਏਸ ਕਤਲ ਬਾਰੇ ਇਕ ਰਿਪੋਰਟ ਲਿਖੀ ਜੋ ਕਤਲ ਦੇ 47 ਸਾਲਾਂ ਬਾਅਦ ਤਕ ਵੀ ਨਹੀਂ ਛਾਪੀ ਗਈ। ਪਿਛਲੇ ਸਾਲ ਪ੍ਰਧਾਨ ਬੁਸ਼ ਨੇ ਉਸ ਨੂੰ ਅਗਲੇ 70 ਸਾਲਾਂ ਲਈ ਹੋਰ ਬੰਦ ਰੱਖਣ ਦਾ ਹੁਕਮ ਜਾਰੀ ਕੀਤਾ ਹੋਇਆ ਹੈ। ਕਾਤਲ ਵਿਲੀਅਮ ਗਰੀਅਰ 1973 ਵਿਚ ਕੁਦਰਤੀ ਕਾਰਨ ਕੈਂਸਰ ਤੋਂ ਮਰਿਆ।

ਕਤਲ ਸੀ.ਆਈ. ਨੇ ਕੀਤਾ। ਸੀ.ਆਈ.ਏ. ਨੇ ਇਹ ਕੰਮ ਬੈਂਕਰਾਂ ਦੀ ਬਾਂਦੀ ਬਣ ਕੇ ਕੀਤਾ, ਜਿਵੇਂ ਕੁੱਲ ਪ੍ਰਧਾਨ ਅਤੇ ਸੈਨੇਟਰ ਆਦਿ ਉਨ੍ਹਾਂ ਲਈ ਕੁਝ ਵੀ ਕਰਨ ਲਈ ਤਿਆਰ ਰਹਿੰਦੇ ਆ ਰਹੇ ਹਨ।

ਪ੍ਰਧਾਨ ਜੌਹਨ ਕੈਨੇਡੀ ਨੇ ਆਪਣੇ ਦੇਸ ਲਈ ਅਤੇ ਸ਼ਾਇਦ ਦੁਨੀਆਂ ਦੇ ਕੁੱਲ ਪੁਆੜਿਆਂ ਦੀ ਜੜ੍ਹ ਲੱਭ ਲਈ ਸੀ। ਪਰ ਉਸ ਦਾ ਇਹ ਭੁਲੇਖਾ ਸੀ ਕਿ ਉਹ ਇਕ ਕਾਗ਼ਜ਼ ਦੇ ਉੱਤੇ ਦਸਤਖ਼ਤ ਕਰ ਕੇ ਦੇਸ ਅਤੇ ਦੁਨੀਆਂ ਦੀ ਕਿਸਮਤ ਬਦਲ ਦੇਵੇਗਾ। ਪੁਆੜੇ ਦੀ ਜੜ੍ਹ ਦੀ ਜਕੜ ਤਾਂ ਅੱਜ ਪਹਿਲਾਂ ਨਾਲੋਂ ਵੀ ਮਜ਼ਬੂਤ ਹੈ।

ਯੂਨੀਵਰਸਿਟੀਆਂ ਵਿਚ ਉੱਚੀਆਂ ਕੁਰਸੀਆਂ ਉੱਤੇ ਬੈਠੇ ਵਿੱਤੀ ਅਤੇ ਸਿਆਸੀ ਮਾਹਰਾਂ ਅਤੇ ਮੈਦਾਨ ਵਿਚ ਉਤਰੇ ਹਾਕਮ ਅਤੇ ਵਿਰੋਧੀ ਸਿਆਸੀ ਨੇਤਾਵਾਂ ਵਿੱਚੋਂ ਕਿੰਨਿਆਂ ਕੁ ਨੂੰ ਖ਼ਬਤ ਹੈ ਕਿ ਉਹ ਪੁਆੜੇ ਦੀ ਜੜ੍ਹ ਨੂੰ ਸਮਝਣ ਅਤੇ ਨਜਿੱਠਣ ?

# ਇਰਾਕ ਤੋਂ ਅਣ-ਸੁਖਾਵੇਂ ਸੰਕੇਤ

ਡਾ. ਕਰਮ ਸਿੰਘ ਗਿੱਲ ਮਹਾਨ ਅਰਥ-ਸ਼ਾਸਤਰੀ ਹੋਏ ਹਨ। ਉਹ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਐੱਮ.ਏ. ਕਲਾਸਾਂ ਨੂੰ ਪੜ੍ਹਾਉਂਦੇ ਸਨ। ਮੈਨੂੰ ਬਚਪਨ ਤੋਂ ਹੀ ਉਨ੍ਹਾਂ ਦਾ ਸਾਥ, ਸਿੱਖਿਆ ਅਤੇ ਦੋਸਤੀ ਮਿਲੀ—ਸਾਡੇ ਗੁਆਂਢੀ ਜੁ ਸਨ। ਪਲਾਨਿੰਗ ਕਮਿਸ਼ਨ ਵਿਚ ਡਾਇਰੈਕਟਰ ਰਹਿ ਕੇ ਉਨ੍ਹਾਂ ਨੇ ਸੱਠਵਿਆਂ ਵਿਚ ਇਕ ਪੰਜ-ਸਾਲਾ ਯੋਜਨਾ ਦਾ ਮਸੌਦਾ ਤਿਆਰ ਕੀਤਾ। ਕਈ ਸਾਲ ਤੁਰਕੀ ਵਿਚ ਅਤੇ ਪਿੱਛੋਂ ਇਰਾਕ ਵਿਚ ਅਰਥ-ਸਲਾਹਕਾਰ ਲੱਗੇ ਰਹੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੀ ਰਹੇ ਸਨ। 1954 ਵਿਚ ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਦੀ ਵਿਕਾਸ ਦਰ 10% ਤੋਂ ਘੱਟ ਨਹੀਂ ਹੋਣੀ ਚਾਹੀਦੀ ਅਤੇ ਲਗਾਤਾਰ ਏਸ ਦਰ ਤੋਂ ਹੇਠਾਂ ਨਹੀਂ ਜਾਣੀ ਚਾਹੀਦੀ। ਵਧਦੀ ਆਬਾਦੀ ਅਤੇ ਉੱਤਮ ਹੁੰਦੀ ਟੈਕਨਾਲੋਜੀ ਦੇ ਨਾਲ ਅਜਿਹਾ ਕਰਨਾ ਸੰਭਵ ਸੀ, ਪਰ ਹੋਇਆ ਨਹੀਂ। ਇਰਾਕ ਤੋਂ ਵਾਪਸ ਆਉਣ ਉੱਤੇ ਮੈਂ ਉਥੋਂ ਦੇ ਹਾਲਾਤ ਬਾਰੇ ਪੁੱਛਿਆ। ਕਹਿਣ ਲੱਗੇ ਕਿ ਉਥੇ ਜੋਕਾਂ-ਸਮਾਨ ਸੋਸ਼ਲਿਜ਼ਮ ਹੈ। ਸੱਦਾਮ ਹੁਸੈਨ ਉਸ ਸਮੇਂ ਉਥੋਂ ਦਾ ਮੀਤ ਪ੍ਰਧਾਨ ਸੀ ਅਤੇ ਡਾ. ਗਿੱਲ ਦਾ ਸੰਬੰਧ ਉਸ ਦੇ ਯੋਜਨਾ ਵਿਭਾਗ ਨਾਲ ਰਹਿੰਦਾ ਸੀ। ਉਨ੍ਹਾਂ ਦੇ ਮਹਿਕਮੇ ਅੰਦਰ ਬਥੇਰੀਆਂ ਪੜ੍ਹੀਆਂ-ਲਿਖੀਆਂ ਔਰਤਾਂ ਸਨ, ਜੋ ਕਦੇ ਟਾਈਮ ਸਿਰ ਕੰਮ 'ਤੇ ਨਹੀਂ ਸਨ ਆਉਂਦੀਆਂ, ਥੋੜ੍ਹਾ ਹੀ ਚਿਰ ਬੈਠਦੀਆਂ ਸਨ ਤੇ ਜਲਦੀ ਛੁੱਟੀ ਕਰ ਜਾਂਦੀਆਂ ਸਨ। ਡਾ. ਗਿੱਲ ਨੇ ਸੱਦਾਮ ਹੁਸੈਨ ਨਾਲ ਇਸ ਬਾਰੇ ਗਿਲਾ ਕੀਤਾ ਤਾਂ ਸੱਦਾਮ ਨੇ ਜੁਆਬ ਇਹ ਦਿੱਤਾ ਕਿ ਮੈਂ ਇਨ੍ਹਾਂ ਔਰਤਾਂ ਮਾਵਾਂ ਨੂੰ ਆਜ਼ਾਦੀ ਮਾਨਣ ਲਈ ਰੱਖਿਆ ਹੈ। ਇਨ੍ਹਾਂ ਨੇ ਦੇਸ਼ ਦੀ ਸੰਤਾਨ ਪਾਲਣੀ ਹੈ, ਮੈਂ ਏਨ੍ਹਾਂ ਨੂੰ ਕੁਝ ਨਹੀਂ ਕਹਿਣਾ। ਮਿਸਟਰ ਗਿੱਲ, ਤੁਸੀਂ ਦੱਸੋ ਕਿ ਤੁਹਾਡੀ ਯੋਜਨਾ ਲਈ ਕਿੰਨੀ ਨਕਦੀ ਚਾਹੀਦੀ ਹੈ ? ਅਸੀਂ ਹੋਰ ਤੇਲ ਵੇਚ ਕੇ ਉਹ ਨਕਦੀ ਪੈਦਾ ਕਰ ਲਵਾਂਗੇ।

ਤੇਲ ਦੇ ਸਿਰ ਉੱਤੇ ਇਰਾਕ ਨੇ ਬੇਅੰਤ ਤਰੱਕੀ ਕੀਤੀ। ਔਰਤਾਂ ਨੂੰ ਬਰਾਬਰ ਦੇ ਹੱਕ ਮਿਲੇ। ਮੱਧ ਏਸ਼ੀਆ ਦੇ ਅੰਦਰ ਜਿਵੇਂ ਇਕ ਚਾਨਣ-ਮੁਨਾਰਾ ਖੜ੍ਹਾ ਹੋ ਗਿਆ। ਪ੍ਰੰਤੂ ਸੱਦਾਮ ਹੁਸੈਨ ਅਮਰੀਕੀ ਸ਼ਹਿ ਕਾਰਣ ਪ੍ਰਧਾਨ ਨੂੰ ਪਾਸੇ ਕਰਕੇ ਆਪ ਪ੍ਰਧਾਨ ਬਣ ਗਿਆ। ਅਮਰੀਕਾ ਦਾ ਹੱਥ-ਠੋਕਾ ਬਣ ਕੇ ਉਸ ਨੇ ਈਰਾਨ ਦੇ ਨਾਲ ਲੰਮੀ ਜੰਗ ਸ਼ੁਰੂ ਕਰ ਲਈ, ਜੋ ਦਸ ਸਾਲਾਂ ਤੋਂ ਵੱਧ ਚੱਲਦੀ ਰਹੀ। ਅਮਰੀਕਾ ਤੋਂ ਮਿਲੀਆਂ ਜ਼ਹਿਰੀਲੀਆਂ ਗੈਸਾਂ ਅਤੇ ਹੋਰ ਬੇਅੰਤ ਲੋਕਾਈ-ਮਾਰੂ ਹਥਿਆਰਾਂ ਦੀ ਵਰਤੋਂ ਕੀਤੀ। ਏਸ ਜੰਗ ਅੰਦਰ ਕਰੀਬ 10 ਲੱਖ ਈਰਾਨੀ ਫ਼ੌਜੀ ਅਤੇ ਸ਼ਹਿਰੀ ਮਾਰੇ ਗਏ। ਇਕ ਗੱਲ ਸਦਾ ਯਾਦ ਰਹਿਣੀ ਚਾਹੀਦੀ ਹੈ ਕਿ ਢੇਰ ਸਮਿਆਂ ਤੋਂ ਅਮਰੀਕਾ ਦੀਆਂ ਸੈਨੇਟਾਂ ਅਤੇ ਪ੍ਰਧਾਨ, ਵਿਸ਼ਵ ਉੱਤੇ ਗ਼ਲਬਾ ਪਾਈ ਜਾਂਦੇ 'ਚਾਨਣ-ਬਰਦਾਰਾਂ' ਦੀ ਜਕੜ ਵਿਚ ਰਹਿ ਕੇ ਉਨ੍ਹਾਂ ਦੇ ਇਸ਼ਾਰਿਆਂ ਉੱਤੇ ਨੱਚ ਰਹੇ ਹਨ। ਚਾਨਣ-ਬਰਦਾਰਾਂ ਜਾਂ 'ਇਲਿਊਮੀਨਾਟੀ' ਵੱਡੇ ਵੱਡੇ ਬੈਂਕਾਂ ਦੇ ਮਾਲਕ ਹਨ ਜੋ ਤਮਾਮ ਯੂਰਪ ਅਤੇ ਅਮਰੀਕਾ ਦੇ ਅਰਥਚਾਰੇ ਨੂੰ ਉਂਗਲਾਂ 'ਤੇ ਨਚਾ ਕੇ ਕੁੱਲ ਦੁਨੀਆਂ ਉੱਤੇ ਛਾ ਜਾਣ ਦੇ ਯਤਨ ਕਰ ਰਹੇ ਹਨ। ਉਹ ਅਮਰੀਕਾ ਸਮੇਤ ਕਿਸੇ ਦੇ ਸਕੇ ਨਹੀਂ ਹਨ। ਕੁੱਲ ਦੁਨੀਆਂ ਵਿਚ ਬਲਦੇ ਭਾਂਬੜਾਂ ਪਿੱਛੇ ਉਨ੍ਹਾਂ ਦਾ ਹੱਥ ਹੈ। ਗਿਣਤੀ ਦੇ ਹੀ ਕੁਝ ਘਰਾਣੇ ਹਨ, ਜਿਨ੍ਹਾਂ ਦਾ ਮੋਢੀ ਹੈ ਰੌਥਚਾਈਲਡ। ਇਨ੍ਹਾਂ ਦਾ ਪਿਛੋਕੜ ਹੈ ਅਕਸ਼ਨਾਜ਼ੀ ਯਹੂਦੀ, ਜੋ ਅੱਜ-ਕੱਲ੍ਹ ਦੇ ਜਿਓਰਜੀਆ ਦੇਸ ਤੋਂ ਸ਼ੁਰੂ ਹੋਏ, 1400 ਸਾਲ ਪਹਿਲਾਂ। 'ਚਾਨਣ-ਬਰਦਾਰਾਂ' ਨੂੰ ਸਮਝੇ ਬਿਨਾਂ ਅੱਜ ਦੀ ਪੇਚੀਦਾ ਵਿਸ਼ਵ ਕਹਾਣੀ ਦੀ ਸਮਝ ਨਹੀਂ ਆ ਸਕਦੀ। ਜੇ ਇੰਟਰਨੈੱਟ ਨਾ ਹੁੰਦਾ ਤਾਂ ਇਨ੍ਹਾਂ ਖ਼ੁਫ਼ੀਆ ਤਾਕਤਾਂ ਦਾ ਕਦੇ ਵੀ ਪਤਾ ਨਾ ਲੱਗਦਾ। ਐਸ ਵੇਲੇ ਇਸਰਾਈਲ ਉੱਤੇ ਉਨ੍ਹਾਂ ਦਾ ਮੁਕੰਮਲ ਕਬਜ਼ਾ ਅਤੇ ਉਹੀ ਗੜ੍ਹ ਹੈ।

ਸ਼ਤਰੰਜੀ ਚਾਲਾਂ ਦੇ ਨਾਲ 'ਇਕ ਦੁਨੀਆਂ' ਦੇ ਟੀਚੇ ਵੱਲ ਧੱਕੇ ਲਾਉਂਦਿਆਂ ਅਤੇ ਇਸਰਾਈਲ ਦੀ ਚੜ੍ਹਤ ਬਣਾਈ ਰੱਖਣ ਲਈ, ਇਰਾਕ ਦੀ ਤਬਾਹੀ ਨਿਸਚਿਤ ਸੀ, ਜੋ ਆਰੰਭ ਕਰ ਦਿੱਤੀ ਗਈ 2003 ਵਿਚ। ਏਸ ਤੋਂ ਪਹਿਲਾਂ ਅਫ਼ਗ਼ਾਨਿਸਤਾਨ ਅੰਦਰ 2001 ਵਿਚ ਪੇਸ਼-ਕਦਮੀ ਕੀਤੀ ਗਈ। ਅਮਰੀਕਾ ਦੀ ਜੰਗੀ ਮਸ਼ੀਨ ਦੇ ਬੇਅੰਤ ਖ਼ਰਚਿਆਂ ਨੇ ਅਮਰੀਕਨਾਂ ਦੀਆਂ ਜੇਬਾਂ ਨੂੰ ਕੁਤਰਨਾ ਅਤੇ ਉਨ੍ਹਾਂ ਦੀ ਮਿਹਨਤ ਦੀ ਕਮਾਈ ਨੂੰ ਫੂਕਣਾ ਸ਼ੁਰੂ ਕਰ ਦਿੱਤਾ। ਆਪਣੇ ਖ਼ਰਚੇ ਘਟਾਉਣ ਅਤੇ ਜ਼ਖ਼ਮੀਆਂ/ਮੌਤਾਂ ਦੀ ਗਿਣਤੀ ਨੂੰ ਘੱਟ ਰੱਖਣ ਲਈ ਉਨ੍ਹਾਂ ਨੇ ਇਕ ਨਵੀਂ ਕਿਸਮ ਦੀ ਫ਼ੌਜ ਬਣਾਈ ਜਿਸ ਨੂੰ ਕਹਿੰਦੇ ਹਨ—'ਕੰਟਰੈਕਟਰ' ਭਾਵ ਠੇਕੇ ਉੱਤੇ। ਜਿੰਨੇ ਅਮਰੀਕਨ ਫ਼ੌਜੀ ਨੇ (ਡੇਢ ਲੱਖ) ਓਨੇ ਹੀ ਠੇਕੇ ਉੱਤੇ ਹਨ। ਇਹ ਲੋਕ ਅਮਰੀਕਾ ਦੇ ਵਾਸੀ ਨਹੀਂ, ਸਗੋਂ ਦੁਨੀਆਂ ਦੇ ਕੁੱਲ ਗ਼ਰੀਬ ਦੇਸਾਂ ਤੋਂ ਭਰਤੀ ਕੀਤੇ ਹੋਏ ਹਨ। ਇਨ੍ਹਾਂ ਨੂੰ ਤਨਖ਼ਾਹਾਂ ਘੱਟ ਪਰ ਡਿਊਟੀਆਂ ਵਧੇਰੇ ਖ਼ਤਰਨਾਕ ਦਿੱਤੀਆਂ ਹੋਈਆਂ ਹਨ ਅਤੇ ਅਮਰੀਕਨ ਕਮਾਨ ਹੇਠ ਕੰਮ ਕਰਦੇ ਹਨ।

ਭਾਰਤ ਇਕ ਸਮੇਂ ਗੁੱਟ-ਨਿਰਪੇਖ ਦੇਸਾਂ ਦਾ ਮੋਢੀ ਹੋਇਆ ਕਰਦਾ ਸੀ ਅਤੇ ਅਮਰੀਕਾ ਤੇ ਸੋਵੀਅਤ ਸੰਘ ਵਿਚਕਾਰ ਆਪਣੇ ਆਪ ਨੂੰ ਸੰਤੁਲਤ ਰੱਖਦਾ ਸੀ। ਸਮੇਂ ਦੀ ਚਾਲ ਨੇ ਸਾਡੀ ਪਹਿਲੀ ਸਾਖ਼ ਨਹੀਂ ਰਹਿਣ ਦਿੱਤੀ। ਚਿਰਾਂ ਤੋਂ ਖ਼ਬਰਾਂ ਆ ਰਹੀਆਂ ਹਨ ਕਿ ਕਿਵੇਂ ਮੋਢੇ ਨਾਲ ਮੋਢਾ ਨਹੀਂ ਤਾਂ ਘੱਟੋ-ਘੱਟ ਕਦਮ ਨਾਲ ਕਦਮ ਮਿਲਾ ਕੇ ਭਾਰਤ ਅਮਰੀਕਾ ਅਤੇ ਨਾਟੋ ਦੇਸਾਂ ਦੇ ਨਾਲ ਅਫ਼ਗ਼ਾਨਿਸਤਾਨ ਅੰਦਰ 'ਸ਼ਹਿਰੀ' ਅਤੇ 'ਉਸਾਰੀ' ਦੇ ਕੰਮ ਕਰ ਰਿਹਾ ਹੈ। ਅਫ਼ਗ਼ਾਨਿਸਤਾਨ ਤੋਂ ਪਰਤਦੇ ਭਾਰਤੀ ਕਾਮੇ ਅਕਸਰ ਮੇਰੇ ਹਸਪਤਾਲ ਆਏ ਹਨ ਅਤੇ ਆਪਣੇ ਤਜਰਬੇ ਦੱਸਦੇ ਹਨ। ਇਰਾਕ ਅੰਦਰ ਭਾਰਤੀਆਂ ਦੀ ਅਮਰੀਕਾ ਦੀ ਫ਼ੌਜ ਨੂੰ ਬੇਅੰਤ ਸਹਾਇਤਾ ਬਾਰੇ ਹੌਲੀ-ਹੌਲੀ ਪਤਾ ਲੱਗ ਰਿਹਾ ਹੈ।

ਆਪਣੇ ਰੁੱਝੇ ਹਸਪਤਾਲ ਵਿਚ ਮੈਂ ਇਕ ਕਸ਼ਮੀਰੀ ਜਾਣ-ਪਛਾਣ ਵਾਲੇ ਇੰਜੀਨੀਅਰ ਨੂੰ ਪੁੱਛਿਆ—"ਤੈਨੂੰ ਪਤਾ ਏ ਕਿ ਜੌੜੇ ਟਾਵਰ 2001 ਵਿਚ ਕਿਵੇਂ ਡਿੱਗੇ ਸਨ ?" ਉਸ ਨੇ ਕਿਹਾ—"ਨਹੀਂ।" ਕੋਲ ਬੈਠੇ ਇਕ ਹੱਟੇ ਕੱਟੇ ਪੇਂਡੂ ਜਾਪਦੇ, ਵਧੀਆ ਕੱਪੜਿਆਂ ਵਿਚ ਤੀਹ ਪੈਂਤੀ ਸਾਲ ਦੇ ਸਰਦਾਰ ਨੇ ਕਿਹਾ, "ਮੈਨੂੰ ਪਤਾ ਏ, ਇਹ ਕਿਵੇਂ ਹੋਇਆ ਏ। ਇਹ ਟਾਵਰ ਮੁਸਲਮਾਨਾਂ ਨੇ ਢਾਹੇ ਹਨ।" ਮੈਂ ਉਸ ਨੂੰ ਪੁੱਛਿਆ—"ਤੂੰ ਇਹ ਗੱਲ ਦਾਅਵੇ ਨਾਲ ਕਿਵੇਂ ਕਹਿ ਸਕਦੈਂ ?" ਉਸਨੇ ਜੁਆਬ ਦਿੱਤਾ ਕਿ ਮੈਂ ਅਮਰੀਕੀ ਫ਼ੌਜ ਅੰਦਰ ਹਾਂ ਤੇ ਸਭ ਜਾਣਦਾਂ। ਉਸ ਜੁਆਨ ਨੂੰ ਮੈਂ ਰੁਕਣ ਦੀ ਬੇਨਤੀ ਕੀਤੀ ਤਾਂ ਜੋ ਖੁੱਲ੍ਹ ਕੇ ਗੱਲਬਾਤ ਕੀਤੀ ਜਾ ਸਕੇ। ਜੋ ਗੱਲਾਂ ਉਸ ਨੇ ਦੱਸੀਆਂ, ਮੈਨੂੰ ਭਿਣਕ ਤਾਂ ਪਹਿਲਾਂ ਹੀ ਸੀ, ਪਰ ਜ਼ੋਰਦਾਰ ਪ੍ਰੋੜ੍ਹਤਾ ਹੋ ਗਈ।

ਗੁਲਾਬ ਸਿੰਘ (ਬਦਲਿਆ ਨਾਂ) ਦੀ ਪਤਨੀ ਵੀ ਕੋਲ ਹੀ ਬੈਠੀ ਸੀ। ਉਸ ਨੇ ਮੈਨੂੰ ਅਮਰੀਕੀ ਫ਼ੌਜੀ ਹੋਣ ਦਾ ਆਈ.ਡੀ. ਕਾਰਡ ਵਿਖਾਇਆ—ਲਾਲ ਰੰਗ ਦੇ ਕਾਰਡ ਜਿਸ ਵਿਚ ਉਸ ਦੀ ਨੰਗੇ ਸਿਰ ਵਾਲੀ ਤਸਵੀਰ ਸੀ। ਬਾਰ-ਕੋਡ ਉੱਤੇ ਉਂਗਲ ਫੇਰ ਕੇ ਉਸ ਨੇ ਕਿਹਾ ਕਿ ਮੇਰੀ ਕੁੱਲ ਹਿਸਟਰੀ ਇਨ੍ਹਾਂ ਲਕੀਰਾਂ ਅੰਦਰ ਹੈ। ਇਕ ਡੱਬੀ ਵਿਚ ਪਾ ਕੇ ਕੰਪਿਊਟਰ ਉੱਤੇ ਸਭ ਕੁਝ ਪੜ੍ਹ ਲੈਂਦੇ ਨੇ।

ਗੁਲਾਬ ਸਿੰਘ ਮੈਨੂੰ ਕੇਵਲ ਫ਼ੌਜੀ ਟ੍ਰਾਂਸਪੋਰਟ ਬਾਰੇ ਹੀ ਦੱਸ ਸਕਦਾ ਸੀ ਜਿਸ ਵਿਭਾਗ ਦੇ ਅੰਦਰ ਉਹ ਸੀ। ਉਸ ਦਾ ਮੁੱਖ ਅੱਡਾ ਕੁਵੇਤ ਹੈ ਜਿਥੇ ਅਮਰੀਕੀ ਨੇਵੀ ਆਪਣਾ ਸਾਮਾਨ ਲੈ ਕੇ ਪਹਿਲਾਂ ਆਉਂਦੀ ਹੈ ਅਤੇ ਅੱਗੋਂ ਟਰਾਲਿਆਂ ਉੱਤੇ ਇਰਾਕ ਅੰਦਰ ਭੇਜਦੀ ਹੈ। ਟਰਾਲਾ ਚਲਾਉਣ ਲਈ ਗੁਲਾਬ ਸਿੰਘ ਨੂੰ ਕਿਸੇ ਗੋਰੀ ਫ਼ਰਮ ਨੇ ਕਿਸੇ ਦੇਸੀ ਏਜੰਟ ਰਾਹੀਂ, ਦਿੱਲੀ ਦੇ ਅੰਦਰ ਭਰਤੀ ਕਰਾਇਆ। ਤਨਖ਼ਾਹ ਮੁਕੱਰਰ ਹੋਈ 32000 ਰੁਪਏ ਮਹੀਨਾ। ਉਸ ਦੇ ਕਹਿਣ ਮੁਤਾਬਕ ਅਮਰੀਕੀ ਫ਼ੌਜੀ ਟ੍ਰਾਂਸਪੋਰਟ ਵਿਚ ਕੁਲ ਪੰਜਾਬੀ ਛਾਏ ਹੋਏ ਹਨ। ਉਸ ਦਾ ਅੰਦਾਜ਼ਾ ਸੀ ਕਿ ਪੰਜਾਬੀ ਡਰਾਈਵਰਾਂ ਦੀ ਗਿਣਤੀ 5000 ਤੋਂ ਉੱਪਰ ਸੀ। ਮੈਂ ਉਸ ਨੂੰ ਗਿਣਤੀ ਘਟਾਉਣ ਲਈ ਬੜਾ ਜ਼ੋਰ ਲਾਇਆ ਪਰ ਉਸ ਨੇ ਕਿਹਾ ਕਿ ਵੱਧ ਹੋ ਸਕਦੇ ਹਨ, ਘੱਟ ਨਹੀਂ। ਮੈਂ ਪੁੱਛਿਆ ਕਿ ਸਾਡੀ ਸਰਕਾਰ ਨੂੰ ਪਤਾ ਹੈ ਕਿ ਤੁਸੀਂ ਅਮਰੀਕੀ ਫ਼ੌਜ ਅੰਦਰ ਕੰਮ ਕਰਦੇ ਹੋ। ਉਸ ਨੇ ਜਵਾਬ ਦਿੱਤਾ ਕਿ ਕੁਵੇਤ ਸਥਿਤ ਐਂਬੈਸੀ ਸਭ ਕੁਝ ਜਾਣਦੀ ਹੈ। ਮੈਨੂੰ ਇਸ ਗੱਲ ਉੱਤੇ ਪੂਰੀ ਤਰ੍ਹਾਂ ਯਕੀਨ ਨਹੀਂ ਆਉਂਦਾ, ਪਰ ਅੰਤਰਰਾਸ਼ਟਰੀ ਸਿਆਸਤ, ਮਜਬੂਰਨ ਸਾਂਝਾਂ ਅਤੇ ਅਤਿਅੰਤ ਵਿੱਤੀ ਦਬਾਅ ਅਤੇ ਧੌਂਸ ਹੇਠ, ਤੀਸਰੇ ਦੇਸਾਂ ਕੋਲੋਂ ਕੁਝ ਵੀ ਕਰਵਾ ਲਿਆ ਜਾਂਦਾ ਹੈ। ਸਾਡੇ ਅੰਦਰ ਏਨੀ ਸੇਧ, ਸ਼ਕਤੀ ਅਤੇ ਸ੍ਵੈ-ਵਿਸ਼ਵਾਸ ਨਹੀਂ ਕਿ ਅਸੀਂ ਕਿਸੇ ਨਹਿਰੂ ਜਾਂ ਗਾਂਧੀ ਦੇ 'ਪੁਰਾਣੇ' ਅਸੂਲ ਲੈ ਕੇ ਆਕੜ ਜਾਈਏ।

ਕੁਵੇਤ ਅੰਦਰ ਉਸ ਨੂੰ ਫ਼ੌਜੀ ਕਵਾਰਟਰ ਮਿਲਿਆ ਹੋਇਆ ਹੈ। ਉਸ ਦੇ ਟਰਾਲੇ ਉੱਤੇ ਟੈਂਕ, ਤੋਪਾਂ, ਬਕਤਰਬੰਦ ਗੱਡੀਆਂ ਜਾਂ ਕੰਟੇਨਰ (ਪਤਾ ਨਹੀਂ ਉਨ੍ਹਾਂ ਅੰਦਰ ਕੀ ਹੁੰਦਾ ਹੈ) ਲੱਦਿਆ ਜਾਂਦਾ ਹੈ। ਪੰਜਾਹ ਤੋਂ ਡੇਢ ਸੌ ਟਰਾਲਿਆਂ ਦਾ ਕਾਫ਼ਲਾ ਕੇਵਲ ਰਾਤ ਵੇਲੇ ਹੀ ਚੱਲਦਾ ਹੈ। ਕੁਲ ਸਫ਼ਰ 1400 ਕਿਲੋਮੀਟਰ ਦਾ ਹੁੰਦਾ ਹੈ। ਹਰ ਇਕ ਡਰਾਈਵਰ ਨੇ ਗੋਲੀ-ਰੋਕੂ ਜੈਕਟ ਅਤੇ ਹੈਲਮਿਟ ਪਾਈ ਹੁੰਦੀ ਹੈ। ਕਿਸੇ ਵੀ ਸਮੇਂ ਬਾਹਰ ਉਤਰਨ ਦੀ ਇਜਾਜ਼ਤ ਨਹੀਂ। ਰੁਕਣ ਸਮੇਂ ਖਾਣਾ ਸੌਣਾ ਅੰਦਰ ਹੀ ਹੁੰਦਾ ਹੈ। ਉੱਪਰ ਚਾਰ ਹੈਲੀਕਾਪਟਰ ਰਹਿੰਦੇ ਹਨ। ਕੁਲ ਸਫ਼ਰ ਹਨੇਰੇ ਵਿਚ ਹੁੰਦਾ ਹੈ। ਜਿਥੇ ਲਾਲ ਬੱਤੀ ਨਾਲ ਰੁਕਾਵਟ ਹੋਵੇ, ਜਦੋਂ ਤਕ ਸੜਕ ਅੱਗੋਂ ਸਾਫ਼ ਨਾ ਹੋ ਜਾਵੇ, ਉਥੇ ਹੀ ਰਹਿਣਾ ਪੈਂਦਾ ਹੈ। ਜੇ ਟਰਾਲੇ ਦਾ ਟਾਇਰ ਪੰਕਚਰ ਜਾਂ ਮਸ਼ੀਨ ਵਿਚ ਨੁਕਸ ਪੈ ਜਾਵੇ ਤਾਂ ਕੇਵਲ ਐਮਰਜੈਂਸੀ ਲਾਈਟ ਕਰਕੇ ਅੰਦਰ ਹੀ ਰਹਿਣਾ ਹੁੰਦਾ ਹੈ। ਰੀਪੇਅਰ ਵਾਲੇ ਬਾਹਰੋਂ ਹੀ ਸਭ ਕੁਝ ਕਰ ਜਾਂਦੇ ਹਨ। ਸਫ਼ਰ ਦੌਰਾਨ ਪਾਸਿਆਂ ਤੋਂ ਇਰਾਕੀ ਗੋਲੀਆਂ ਵੀ ਚੱਲਦੀਆਂ ਰਹਿੰਦੀਆਂ ਹਨ। ਸਵਾ ਦੋ ਸਾਲ ਦੇ ਅੰਦਰ ਚਾਲੀ ਤੋਂ ਵੱਧ ਫੇਰਿਆਂ ਵਿਚ ਕਰੀਬ ਪੰਦਰਾਂ ਡਰਾਈਵਰ ਮਾਰੇ ਗਏ ਹਨ। ਅਮਰੀਕੀ ਬਹੁਤ ਚੰਗੇ ਨੇ ਜੀ, ਜੋ ਜ਼ਖ਼ਮੀ ਹੋ ਜਾਂਦੈ, ਉਸ ਦੀ ਬਹੁਤ ਮਦਦ ਕਰਦੇ ਨੇ। ਇਰਾਕੀ ਸ਼ਰਾਰਤ ਤੋਂ ਬਾਜ਼ ਨਹੀਂ ਆਉਂਦੇ। ਨੱਬੇ ਫ਼ੀਸਦੀ ਕੰਟਰੋਲ ਹੋ ਗਏ ਨੇ। ਮੈਂ ਪੁੱਛਿਆ—ਬਾਈ ਜੇ ਕੱਲ੍ਹ ਨੂੰ ਅਮਰੀਕੀ ਟਰਾਲੇ ਪੰਜਾਬ ਅੰਦਰ ਚੱਲ ਰਹੇ ਹੋਣ (ਹੁਣ ਤਾਂ ਸੜਕਾਂ ਟਰਾਲਿਆਂ ਯੋਗ ਬਣਦੀਆਂ ਜਾ ਰਹੀਆਂ ਨੇ) ਅਤੇ ਉਨ੍ਹਾਂ ਨੂੰ ਚਲਾਉਣ ਲਈ ਇਰਾਕੀ/ਅਮਰੀਕੀ ਫ਼ੌਜੀ ਹੋਣ, ਫੇਰ ਕੀ ਹੋਊ ?

ਫੇਰ ਕੀ ਹੋਣੈ—ਤੁਸੀਂ ਆਪੇ ਜਾਣਦੇ ਹੋ, ਉਸ ਕਿਹਾ।

ਮੈਨੂੰ ਪਤੈ ਏਥੇ ਕੁਝ ਨਹੀਂ ਹੋਣਾ। ਸੱਦਾਮ ਹੁਸੈਨ ਦੇ ਇਰਾਕੀਆਂ ਨੇ ਪਤਾ ਨਹੀਂ ਕੀ ਗੁੜ੍ਹਤੀ ਲਈ ਹੈ। ਸੱਤ ਸਾਲਾਂ ਤੋਂ ਨਿਹਾਇਤ ਮਾਰੂ ਅਤੇ ਆਧੁਨਿਕ ਅਮਰੀਕੀ ਮਸ਼ੀਨਰੀ ਨਾਲ ਏ.ਕੇ. ਸੰਤਾਲੀ ਅਤੇ ਨਿੱਕੇ ਰਾਕਟਾਂ ਦੇ ਨਾਲ ਟੱਕਰ ਲਈ ਜਾ ਰਹੇ ਹਨ। ਇਰਾਕੀ ਫ਼ੌਜ ਤਾਂ ਅਮਰੀਕੀ ਹਮਲੇ ਦੇ ਕੁਝ ਹੀ ਦਿਨਾਂ ਅੰਦਰ ਖੁਰ ਗਈ ਸੀ। ਇਰਾਕੀ ਸ਼ਹਿਰੀਆਂ/ਸਾਬਕਾ ਫ਼ੌਜੀਆਂ ਦਾ ਸਾਲੋ-ਸਾਲ ਟਾਕਰਾ ਕਰੀ ਜਾਣਾ ਇਕ ਬੜਾ ਗੌਰਵਮਈ ਇਤਿਹਾਸ ਬਣਾ ਰਿਹਾ ਹੈ। ਸਵਾਲ ਇਹ ਹੈ ਕਿ ਇਤਿਹਾਸ ਇਰਾਕੀਆਂ ਵੱਲੋਂ ਪੜ੍ਹਿਆ ਜਾਂਦਾ ਹੈ ਜਾਂ ਉਨ੍ਹਾਂ ਦੇ ਉਲਟੇ ਪਾਸਿਓਂ ?

ਗੁਲਾਬ ਸਿੰਘ ਮੁਤਾਬਕ ਅਮਰੀਕੀ ਫ਼ੌਜੀਆਂ ਦਾ ਮਨੋਬਲ ਬਹੁਤ ਨੀਵਾਂ ਹੈ। "ਉਹ ਹੈਣ ਹੀ ਬਹੁਤ ਕਮਦਿਲੇ, ਬਹੁਤ ਜਲਦੀ ਸਹਿਮ ਜਾਂਦੇ ਹਨ।" ਇਸ ਤੋਂ ਵੱਧ ਉਸ ਦੀ ਜਾਣਕਾਰੀ ਨਹੀਂ। ਅਮਰੀਕਨ ਫ਼ੌਜੀ 18-20 ਸਾਲਾਂ ਦੀ ਉਮਰ ਤੋਂ ਵੱਡੀ ਉਮਰ ਤਕ ਦੇ ਹਨ। ਗੋਰੇ ਫ਼ੌਜੀ ਜਾਂ ਫ਼ੌਜਣਾਂ ਕਦੇ ਕਦਾਈਂ ਉਸ ਕੋਲੋਂ ਚਾਹ ਬਣਵਾ ਕੇ ਮਜ਼ਾ ਲੈਂਦੇ ਹਨ। ਉਨ੍ਹਾਂ ਫ਼ੌਜੀਆਂ ਵਿਚ ਉਸ ਨੂੰ ਪੰਜਾਬੀ-ਅਮਰੀਕੀ ਲੜਕੇ ਲੜਕੀਆਂ ਵੀ ਨਜ਼ਰ ਆਏ ਨੇ। ਜਦਕਿ ਗੋਰੇ ਫ਼ੌਜੀ ਡਰਾਈਵਰਾਂ ਦੇ ਨੇੜੇ ਆ ਜਾਂਦੇ ਨੇ, ਗੱਲਬਾਤ ਵੀ ਕਰ ਲੈਂਦੇ ਨੇ, ਪੰਜਾਬੀ ਫ਼ੌਜੀ ਬਿਲਕੁਲ ਪ੍ਰਹੇਜ਼ ਕਰਦੇ ਨੇ ਨੇੜੇ ਆਉਣ ਤੋਂ।

ਗੁਲਾਬ ਸਿੰਘ ਨੇ ਠੋਸ ਜਾਣਕਾਰੀ ਦਿੱਤੀ ਕਿ ਕਿਹੜੇ-ਕਿਹੜੇ ਫ਼ੌਜੀ ਅੱਡਿਆਂ ਵਿਚ ਉਹ ਮਾਲ ਲੈ ਕੇ ਗਿਆ ਸੀ। ਉਹ ਹਨ ਐਨਾਕੋਂਡਾ, ਲੈਪ, ਤਾਜੀ, ਇਕਾਡਮ, ਕਿਊਵੈਸਟ, ਨਾਸਰੀਆ, ਤਲੀਲ, ਕਲਸੂ, ਜਾਰਾ ਅਤੇ ਅਬੂ ਗ਼ਰੀਬ। ਪਹਿਲੇ ਅਤੇ ਆਖ਼ਰੀ ਅੱਡਿਆਂ ਦੇ ਨਾਂ ਮੈਂ ਪਹਿਲਾਂ ਸੁਣੇ ਹੋਏ ਸਨ। ਮੈਂ ਕਿਹਾ—ਐਨਾਕੋਂਡਾ ਅੰਦਰ ਲੱਗੀ ਅੱਗ ਅਤੇ ਬੇਅੰਤ

ਭੜਾਕੇ, ਕੁਝ ਸਾਲ ਪਹਿਲਾਂ ਮੈਂ ਇੰਟਰਨੈੱਟ ਉੱਤੇ ਵੇਖੇ ਸਨ। ਉਸਨੇ ਕਿਹਾ ਕਿ ਅੱਡਿਆਂ ਉੱਤੇ ਅਕਸਰ ਹਮਲੇ ਹੁੰਦੇ ਰਹਿੰਦੇ ਹਨ।

ਉਸ ਨੇ ਅੱਗੇ ਦੱਸਿਆ ਕਿ ਅਮਰੀਕਨ ਗੋਲੀ ਸਿੱਕੇ ਨੂੰ ਛੂਹਣ ਦੀ ਸਖ਼ਤ ਮਨਾਹੀ ਹੈ। ਉਸ ਤੋਂ ਕੋਈ ਅਜਿਹੀ ਚੀਜ਼ ਸਰੀਰ ਨੂੰ ਲੱਗ ਜਾਂਦੀ ਹੈ ਜੋ ਖ਼ਤਰਨਾਕ ਹੈ। ਉਨ੍ਹਾਂ ਦੇ ਜ਼ਖ਼ਮੀ ਟੈਂਕ ਜਾਂ ਬਕਤਰਬੰਦ ਗੱਡੀਆਂ ਟਰਾਲਿਆਂ ਉੱਤੇ ਚਾੜ੍ਹਨ ਵੇਲੇ ਖ਼ਾਸ ਤਰ੍ਹਾਂ ਦੇ ਗਾਊਨ, ਅਰਕਾਂ ਤੱਕ ਜਾਂਦੇ ਦਸਤਾਨੇ, ਮੂੰਹ ਉੱਤੇ ਵੱਡਾ ਗੋਲ ਮਾਸਕ ਅਤੇ ਅੱਖਾਂ ਉੱਤੇ ਖ਼ਾਸ ਐਨਕਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਜੋ ਖ਼ਤਰਨਾਕ ਜ਼ਹਿਰੀਲਾ ਮਾਦਾ ਸਰੀਰ ਅੰਦਰ ਪ੍ਰਵੇਸ਼ ਨਾ ਕਰ ਜਾਵੇ। ਜ਼ਹਿਰੀਲੇ ਮਾਦੇ ਦਾ ਨਾਂ ਕੀ ਹੈ ਬਈ ? 'ਏਸ ਨੂੰ ਡੀ.ਯੂ. ਕਰ ਕੇ ਕਹਿੰਦੇ ਹਨ।' ਡੀ.ਯੂ. ਦਾ ਅਰਥ ਹੈ ਡਿਪਲੀਟਿਡ ਯੂਰੇਨੀਅਮ। ਇਹ ਇਕ ਤਰ੍ਹਾਂ ਦਾ ਨਿਊਕਲੀਆਈ/ਪ੍ਰਮਾਣੂ ਲੋਕਾਈ-ਮਾਰ ਹਥਿਆਰ ਹੈ, ਜਿਸ ਦੀ ਵਰਤੋਂ ਉਪਰ ਅੰਤਰਰਾਸ਼ਟਰੀ ਪਾਬੰਦੀ ਹੈ। ਇਰਾਕ ਅਤੇ ਅਫ਼ਗਾਨਿਸਤਾਨ ਅੰਦਰ ਏਸ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ ਹੈ। ਇਸ ਦਾ ਇਕ ਵੀ ਕਣ ਕੈਂਸਰ ਅਤੇ ਬੇਅੰਤ ਹੋਰ ਰੋਗਾਂ ਦਾ ਕਾਰਨ ਬਣ ਕੇ ਜਾਨ-ਲੇਵਾ ਹੋ ਸਕਦਾ ਹੈ। ਡੀ.ਯੂ. ਨੇ ਅਮਰੀਕੀ ਫ਼ੌਜ ਦਾ ਚੋਖਾ ਘਾਣ ਕੀਤਾ ਹੈ। ਜਿਨ੍ਹਾਂ ਇਰਾਕੀਆਂ ਉੱਤੇ ਡੀ.ਯੂ. ਦਾ ਗੋਲੀ ਸਿੱਕਾ ਵਰਤਿਆ ਜਾਂਦਾ ਹੈ, ਉਨ੍ਹਾਂ ਦੀ ਤਾਂ ਪੁੱਛੋ ਹੀ ਕੁਝ ਨਾ।

ਏਸ ਸਮੇਂ 'ਚਾਨਣ-ਬਰਦਾਰਾਂ' ਭਾਵ ਇਲਿਊਮੀਨਾਟੀ ਦੀ ਚੜ੍ਹਤ ਹੈ। ਉਹ ਦੇਸਾਂ ਨੂੰ, ਲੋਕਾਂ ਨੂੰ, ਭਰਾਵਾਂ ਅਤੇ ਗੁਆਂਢੀਆਂ ਨੂੰ ਆਪੋ ਵਿਚ ਲੜਾਉਂਦੇ ਹਨ। ਦੇਸਾਂ ਅੰਦਰ ਉੱਥਲ-ਪੁੱਥਲ ਕਰਦੇ ਹਨ। ਉਨ੍ਹਾਂ ਦਾ ਸਭ ਤੋਂ ਵੱਡਾ ਹੱਥ-ਠੋਕਾ ਏਸ ਸਮੇਂ ਅਮਰੀਕਾ ਹੈ ਜਿਸ ਦੀ ਬੇਅੰਤ ਸ਼ਕਤੀ ਦੂਜੇ ਦੇਸਾਂ ਨੂੰ ਤਬਾਹ ਅਤੇ ਕਬਜ਼ੇ ਕਰਨ ਲਈ ਵਰਤੀ ਜਾ ਰਹੀ ਹੈ। ਦੁਨੀਆਂ ਦੇ ਜਾਣੇ-ਪਛਾਣੇ ਫ਼ੌਜੀ ਗੁੱਟ, ਚਾਨਣ-ਬਰਦਾਰਾਂ ਦੀਆਂ ਉਂਗਲਾਂ ਉੱਤੇ ਨੱਚਦੇ ਹਨ। ਕਹਿੰਦੀ ਕਹਾਉਂਦੀ ਮਹਾਂ-ਸ਼ਕਤੀ ਅਮਰੀਕਾ ਨੂੰ ਕੁਵਰਤ ਕੇ, ਉਸ ਦੀਆਂ ਵਿੱਤੀ, ਸਮਾਜੀ ਅਤੇ ਸਿਆਸੀ ਜੜ੍ਹਾਂ ਤਬਾਹ ਕੀਤੀਆਂ ਜਾ ਚੁੱਕੀਆਂ ਹਨ।

ਭਾਰਤ ਮਹਾਨ ਦੀ ਆਪਾ ਪਛਾਣ, ਭਾਰਤੀਆਂ ਦੇ ਮਨਾਂ ਅੰਦਰ ਬਹੁਤ ਅਸਪੱਸ਼ਟ ਅਤੇ ਧੁੰਦਲੀ ਹੈ। ਇਕ ਸਾਫ਼, ਸਮਝ ਆਉਂਦੀ, ਉਤਸ਼ਾਹਜਨਕ ਸੇਧ ਅਤੇ ਦ੍ਰਿਸ਼ਟੀ ਦੀ ਬੇਅੰਤ ਲੋੜ ਹੈ।

# ਸੂਦ ਦਰ ਸੂਦ

ਹੀਰੋਨੀਮਸ ਬੌਸ਼ ਨਾਂ ਦੇ ਕਲਾਕਾਰ ਨੇ 1510 ਵਿਚ ਇਕ ਪੇਂਟਿੰਗ ਬਣਾਈ ਸੀ "ਸਵਰਗ-ਨਰਕ"। 18×45 ਇੰਚ ਇਹ ਪੇਂਟਿੰਗ, ਮੈਡਰਿਡ (ਸਪੇਨ) ਦੇ ਇਕ ਅਜਾਇਬ ਘਰ ਅੰਦਰ ਲੱਗੀ ਹੋਈ ਹੈ। ਸਪੇਨ ਉਸ ਸਮੇਂ ਨਿਹਾਇਤ ਸ਼ਕਤੀਸ਼ਾਲੀ ਅਤੇ ਉਥੋਂ ਦੇ ਕੋਲੰਬਸ ਨੇ ਅਮਰੀਕਾ ਦੀ ਧਰਤੀ ਲੱਭ ਲਈ ਹੋਈ ਸੀ। ਵਾਪਸੀ ਸਫ਼ਰ ਸਮੇਂ 'ਦੇਸੀ ਅਮਰੀਕਨਾਂ' ਦੇ ਪਹਿਲੇ 500 ਦੇ ਜਥੇ ਨਾਲ ਬੰਦੀ-ਵਪਾਰ ਸ਼ੁਰੂ ਹੋ ਚੁੱਕਿਆ ਸੀ। ਗੁਰੂ ਨਾਨਕ ਦੇਵ ਜੀ ਦੀ ਦੂਸਰੀ ਉਦਾਸੀ ਦਾ ਸਮਾਂ ਸੀ।

ਸਵਰਗ-ਨਰਕ ਪੇਂਟਿੰਗ ਵਿਚ ਵਿਖਾਇਆ ਹੈ ਕਿ ਰੱਬ ਦੇ ਫ਼ਰਿਸ਼ਤੇ ਬਾਗ਼ੀ ਫ਼ਰਿਸ਼ਤਿਆਂ ਨੂੰ ਵਗਾਹ ਕੇ ਸੁੱਟਦੇ ਹਨ ਅਤੇ ਉਹ ਡਿੱਗਦਿਆਂ ਹੀ ਕੀੜੇ ਮਕੌੜੇ ਬਣ ਜਾਂਦੇ ਹਨ। ਅਗਲਾ ਦ੍ਰਿਸ਼ ਹੈ ਆਦਿ ਮਨੁੱਖ ਅਤੇ ਆਦਿ ਇਸਤਰੀ ਦਾ ਬਣਨਾ। ਤੀਜੇ ਦ੍ਰਿਸ਼ ਵਿਚ ਸੱਪ (ਇਕ ਸਵਰਗੋਂ ਕੱਢਿਆ ਫ਼ਰਿਸ਼ਤਾ) "ਨੇਕੀ ਬਦੀ ਦੀ ਜਾਣਕਾਰੀ" ਦੇ ਰੁੱਖ ਦਾ ਫਲ ਦੋਹਾਂ ਨੂੰ ਦੇਂਦਾ ਹੈ। ਸਭ ਤੋਂ ਹੇਠਾਂ ਫ਼ਰਿਸ਼ਤਾ ਇਸ ਦੋਸ਼ ਕਾਰਨ, ਦੋਹਾਂ ਨੂੰ ਸਵਰਗ ਦੇ ਬਾਗ਼ (ਗਾਰਡਨ ਆਫ਼ ਈਡਨ) ਵਿੱਚੋਂ ਬਾਹਰ ਕੱਢਦਾ ਵਿਖਾਇਆ ਹੈ। ਇਨਸਾਨ ਇੰਜ ਗਿਰ ਜਾਂਦਾ ਹੈ ਅਤੇ ਆਪਣੇ ਨੰਗੇਜ ਤੋਂ ਸ਼ਰਮਸਾਰ ਹੁੰਦਾ ਹੈ।

ਸਵਰਗ ਤੋਂ ਨਿਕਲਿਆ ਇਨਸਾਨ ਬੇਅੰਤ ਮਿਹਨਤ ਦੇ ਨਾਲ ਮਸਾਂ ਹੀ ਆਪਣੀ ਖ਼ੁਰਾਕ ਅਤੇ ਰਿਹਾਇਸ਼ ਦਾ ਇੰਤਜ਼ਾਮ ਕਰਨ ਜੋਗਾ ਹੁੰਦਾ ਹੈ। ਉਸ ਦੀ ਮੰਦਹਾਲੀ ਉੱਤੇ ਰੱਬ ਨੂੰ ਤਰਸ ਆ ਜਾਂਦਾ ਹੈ ਤਾਂ ਉਹ ਇਕ ਨਿਹਾਇਤ ਪਿਆਰਾ ਫ਼ਰਿਸ਼ਤਾ ਭੇਜਦਾ ਹੈ, ਜਿਸ ਦਾ ਨਾਂ ਹੈ 'ਕਾਢ ਦੀ ਆਤਮਾ'। ਇਹ ਫ਼ਰਿਸ਼ਤਾ ਸਿਖਾਉਂਦਾ ਹੈ ਕਿਵੇਂ ਗੁਣਕਾਰੀ ਸੰਦ ਬਣਾਉਣੇ

ਹਨ, ਕਿਵੇਂ ਜਾਨਵਰਾਂ ਨੂੰ ਪਾਲਤੂ ਬਣਾਉਣਾ ਹੈ, ਕਿਵੇਂ ਪਾਣੀਆਂ ਨੂੰ ਕਾਬੂ ਕਰਨੈ, ਕਿਵੇਂ ਹਵਾ ਤੋਂ ਸ਼ਕਤੀ ਲੈਣੀ ਹੈ ਅਤੇ ਕਿਵੇਂ ਭਾਫ਼ ਦੇ ਨਾਲ ਮਸ਼ੀਨਾਂ ਚਲਾਉਣੀਆਂ ਹਨ।

ਇੰਜ ਲੱਗਦਾ ਸੀ ਕਿ ਇਨਸਾਨ ਦੀ ਜੁਗਾਂ-ਜੁਗਾਂਤਰਾਂ ਤੋਂ ਇਕ ਸੁਨਹਿਰੀ ਯੁੱਗ ਦੀ ਭੁੱਖ ਪੂਰੀ ਹੋ ਰਹੀ ਸੀ। ਅਜਿਹਾ ਯੁੱਗ, ਜਿਸ ਦੀ ਕਲਪਨਾ ਅਮੀਰ ਤੋਂ ਅਮੀਰ ਵੀ ਨਹੀਂ ਸਨ ਕਰ ਸਕਦੇ। ਪਰ ਉਹ ਸ਼ੈਤਾਨ ਸੱਪ ਜਿਸ ਦੇ ਕਾਰਨ ਇਨਸਾਨ ਨੂੰ ਸਵਰਗ ਤੋਂ ਧੱਕਾ ਮਿਲਿਆ ਸੀ, ਧਰਤੀ ਉੱਤੇ ਸਵਰਗ ਦੀ ਸਥਾਪਨਾ ਹੁੰਦੀ ਵੇਖ ਕੇ ਸਾੜਾ ਖਾ ਗਿਆ। ਸ਼ੈਤਾਨ ਨੂੰ ਜਾਪਿਆ ਜਿਵੇਂ ਉਸ ਦੀ ਹੋਂਦ ਬੇਅਰਥ ਹੁੰਦੀ ਜਾ ਰਹੀ ਹੈ।

ਇਨਸਾਨ ਦੀਆਂ ਬੇਵਕੂਫ਼ੀਆਂ ਅੰਦਰ ਇਕ ਨਿੱਕਾ ਜਿਹਾ ਨਟਖਟ ਬੌਣਾ ਸੀ ਜਿਸ ਦਾ ਨਾਂ ਸੀ 'ਸੂਦ'। ਉਹ ਸ਼ੈਤਾਨ ਦੀ ਨਜ਼ਰੀਂ ਪੈ ਗਿਆ। "ਸੂਦ, ਤੈਨੂੰ ਕੀ ਦੁੱਖ ਹੈ, ਜੋ ਉਦਾਸ ਜਿਹਾ ਲਗਦੈਂ ?", ਉਸ ਪੁੱਛਿਆ। "ਗੁਰੂ, ਮੈਂ ਕਿਉਂ ਉਦਾਸ ਹੋਣੈ, ਮੈਂ ਤਾਂ ਤੇਰੇ ਚੋਣਵਿਆਂ ਸਿਪਾਹੀਆਂ 'ਚੋਂ ਇਕ ਹਾਂ। ਤੇਰੀ ਰਹਿਨੁਮਾਈ ਹੇਠ ਮੈਂ ਸਦਾ ਜਿੱਤਾਂ ਨਹੀਂ ਪ੍ਰਾਪਤ ਕੀਤੀਆਂ ?" ਪਰ ਸ਼ੈਤਾਨ ਉਦਾਸ ਜਿਹਾ ਹੋ ਕੇ ਬੋਲਿਆ—"ਤੂੰ ਕਾਢ ਦੀ ਆਤਮਾ ਦੇ ਸਾਹਵੇਂ ਕੁਝ ਵੀ ਨਹੀਂ।" ਤਾਂ ਨਟਖਟ ਬੌਣਾ ਕਹਿਣ ਲੱਗਾ ਕਿ ਮੇਰਾ ਟਾਕਰਾ ਤਾਂ ਕਰਾਓ ਗੁਰੂ ਜੀ, ਫੇਰ ਵੇਖਣਾ ਮੈਨੂੰ।

"ਬਚੜਿਆ, ਤੂੰ ਕੀ ਕਰਨ ਜੋਗਾ ਏਂ ਕਾਢ ਦੇ ਫ਼ਰਿਸ਼ਤੇ ਸਾਹਮਣੇ...ਜਿਸ ਨੇ ਮੇਰੀ ਕੁਲ ਸੈਨਾ ਪਛਾੜ ਦਿੱਤੀ ਏ ?" ਸ਼ੈਤਾਨ ਹੱਸਿਆ।

"ਮੈਂ ਤਾਂ ਇਕੱਲਾ ਹੀ ਜਿੱਤ ਪ੍ਰਾਪਤ ਕਰ ਸਕਦਾਂ, ਪਰ ਮੇਰੀ ਇਕ ਮੰਗ ਹੈ। ਉਹ ਇਹ ਕਿ ਮੇਰੇ ਪੁੱਤਰ 'ਸੂਦ ਦਰ ਸੂਦ' ਨੂੰ ਮੇਰੀ ਮਦਦ ਉੱਤੇ ਆਉਣ ਦਿਉ।" ਬੌਣਾ ਸੂਦ ਬੋਲਿਆ, "ਤੁਸੀਂ ਵੇਖਣਾ ਕਿਵੇਂ ਤਕਨਾਲੋਜੀ ਦੀਆਂ ਕਾਢ ਮਸ਼ੀਨਾਂ, ਕੁੱਲ ਇਨਸਾਨ ਨੂੰ, ਵਰ ਦੀ ਥਾਂ ਇਕ ਸਰਾਪ ਬਣ ਕੇ ਚੰਬੜਨਗੀਆਂ।"

ਸ਼ੈਤਾਨ ਦੀ ਦੇਖ-ਰੇਖ ਹੇਠ 'ਕਾਢ ਦੀ ਆਤਮਾ' ਫ਼ਰਿਸ਼ਤੇ ਅਤੇ 'ਸੂਦ ਦਰ ਸੂਦ' ਬਚੂੰਗੜੇ ਦੀ ਜੰਗ ਸ਼ਤਰੰਜ ਹੋ ਗਈ।

ਸ਼ੁਰੂ ਦੇ ਪੜਾਵਾਂ ਵਿਚ ਦੇਵਤਾ/ਫ਼ਰਿਸ਼ਤਾ ਆਪਣਾ ਹਾਸਾ ਨਹੀਂ ਰੋਕ ਸਕਿਆ। ਵੀਹ ਪੜਾਅ ਟੱਪੇ ਜਾ ਸਕਦੇ ਸਨ, ਪਰ ਹਾਲਾਂ ਉਸ ਦੀਆਂ ਕਾਢ-ਸ਼ਕਤੀਆਂ ਉੱਤੇ ਕੋਈ ਅਸਰ ਨਹੀਂ ਸੀ ਪ੍ਰਤੀਤ ਹੋ ਰਿਹਾ। ਸ਼ੈਤਾਨ ਬੌਣਾ ਰਤਾ ਨਹੀਂ ਬੋਲਿਆ, ਉਹ ਚੁੱਪ ਕਰ ਕੇ ਆਪਣੇ ਆਹਰੇ ਲੱਗਾ ਰਿਹਾ। ਹਰ ਪੜਾਅ ਉੱਤੇ ਉਹ ਆਪਣੀ ਫ਼ੌਜ ਦੂਣੀ ਕਰਦਾ ਗਿਆ। ਤੇਤੀਵੇਂ ਪੜਾਅ ਉੱਤੇ ਜਾ ਕੇ ਖੋਜ-ਕਾਢ ਫ਼ਰਿਸ਼ਤੇ ਦਾ ਹਾਸਾ ਥਾਂ ਹੀ ਰੁਕ ਗਿਆ, ਜਦ ਉਸਨੇ ਵੇਖਿਆ ਕਿ ਉਹ ਤਾਂ ਬਾਜ਼ੀ ਹਾਰ ਚੁੱਕਾ ਸੀ।

"ਨਿਕਚੂ ਜੀ, ਮੈਂ ਤੁਹਾਨੂੰ ਛੁਟਿਆਉਣ ਵਿਚ ਹੀ ਰੁੱਝਾ ਰਿਹਾ ਪਰ ਤੁਸਾਂ ਮੇਰੀ ਹੈਂਕੜ ਤੋੜ ਦਿੱਤੀ ਹੈ। ਮੈਨੂੰ ਸਮਝ ਆ ਗਈ ਹੈ ਕਿ 'ਕਾਢੂ ਆਤਮਾ' ਦੇ ਤੁੱਲ 'ਸੂਦ ਦੈਂਤ' ਕਿਤੇ ਵੱਧ ਸ਼ਕਤੀਸ਼ਾਲੀ ਹੈ। ਮੈਂ ਤੁਹਾਡਾ ਗੋੱਲਾ ਬਣ ਕੇ ਹਰ ਸੇਵਾ ਦੇ ਲਈ ਤਿਆਰ ਹਾਂ।"

ਖ਼ੁਸ਼ਕ ਜਿਹਾ ਜਵਾਬ ਦਿੱਤਾ ਨਟਖਟ ਬੌਣੇ ਨੇ, "ਮੈਂ ਤਾਂ ਆਪਣੇ ਮਾਲਕ ਦੇ ਚਰਨਾਂ ਜੋਗਾ ਹਾਂ। ਔਹ ਆ ਰਿਹੈ ਮਾਲਕ, ਜੋ ਆਪਣੇ ਹੁਕਮ ਦੇਵਸੀ।"

ਤਾਂ ਸੱਪ ਸ਼ੈਤਾਨ ਨੇ ਇਹ ਹੁਕਮਨਾਮਾ ਕੱਢਿਆ—"ਦੇਵਤਾ ਆਪਣੀਆਂ ਸੈਨਾਵਾਂ ਦੇ ਨਾਲ ਕੰਮ ਕਰਦਾ ਜਾਵੇ। ਪੂਰਾ ਜ਼ੋਰ ਲਗਾ ਕੇ ਇਨ੍ਹਾਂ ਦੀ ਗਿਣਤੀ ਵਧਾਉਂਦਾ ਜਾਵੇ ਤਾਂ ਜੋ ਕੁੱਲ ਲੋਕਾਈ, ਜਿਸ ਨੂੰ ਇਹ ਪਤਾ ਨਹੀਂ ਹੋਵੇਗਾ ਕਿ ਉਸ ਦਾ ਟਾਕਰਾ ਕਿਸ (ਸ਼ੈਤਾਨ) ਦੇ ਨਾਲ ਹੈ, ਹਮੇਸ਼ਾ ਏਸੇ ਭਰਮ ਅੰਦਰ ਰਹੇਗੀ ਕਿ ਨਵੇਂ ਫ਼ੌਜੀਆਂ ਦੇ ਆ ਜਾਣ ਨਾਲ ਉਹ ਕਾਮਯਾਬੀ ਦੇ ਰਸਤੇ ਪੈ ਜਾਣਗੇ। ਪਰ ਜਿਵੇਂ ਹੀ ਉਨ੍ਹਾਂ ਦੀ ਗਿਣਤੀ ਵਧੇਗੀ, 'ਸੂਦ ਦੈਂਤ' ਉਸ ਤੋਂ ਵੀ ਵੱਡ-ਗਿਣਤੀ ਫ਼ੌਜ ਨਾਲ ਨਵੇਂ ਫ਼ੌਜੀਆਂ ਨੂੰ ਫੜਦੀ ਜਾਵੇਗੀ, ਬੰਦੀ ਬਣਾਏਗੀ। ਇਸ ਤਰ੍ਹਾਂ ਆਦਮ-ਜਾਤ ਨੂੰ ਫ਼ਾਇਦਾ ਤਾਂ ਦੂਰ ਦੀ ਗੱਲ, ਉਸ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਹੋਰ ਭਾਰੀਆਂ ਹੋ ਜਾਣਗੀਆਂ।"

ਏਹੀ ਸ਼ਤਰੰਜ ਦੀ ਖੇਡ ਸਰਮਾਏ ਅਤੇ ਕਾਮਾ-ਸ਼ਕਤੀ ਦੇ ਵਿਚਕਾਰ ਲਗਾਤਾਰ ਖੇਡੀ ਜਾਂਦੀ ਹੈ। 'ਸੂਦ ਦਰ ਸੂਦ' ਤੇਜ਼ੀ ਨਾਲ ਵਧ ਕੇ ਪਦਾਰਥਾਂ, ਸਰਮਾਏ, ਧਰਤੀ ਬਲਕਿ ਕਾਮਿਆਂ ਨੂੰ ਵੀ ਹੜੱਪ ਕਰ ਲੈਂਦਾ ਹੈ। 'ਸੂਦ ਦਰ ਸੂਦ' ਏਡੀ ਮਹਾਨ ਸ਼ਕਤੀ ਹੈ ਜਿਸ ਦੀ ਤੁਲਨਾ ਪ੍ਰਮਾਣੂ ਸ਼ਕਤੀ ਨਾਲ ਹੀ ਕੀਤੀ ਜਾ ਸਕਦੀ ਹੈ।

1913 ਵਿਚ ਯੂਰਪ ਵਿਚ ਪਹਿਲਾਂ ਹੀ ਛਾਏ ਹੋਏ ਰੌਥਚਾਈਲਡ ਬੈਂਕ ਨੇ ਅਮਰੀਕਾ ਦੀ ਸਰਕਾਰੀ ਬੈਂਕ-ਪ੍ਰਣਾਲੀ ਆਪਣੇ ਹੱਥ ਵਿਚ ਕਰ ਲਈ—ਉਸ ਦਾ ਨਾਂ ਧਰਿਆ 'ਫ਼ੈਡਰਲ ਰੀਜ਼ਰਵ' ਭਾਵ ਕੇਂਦਰੀ ਖ਼ਜ਼ਾਨਾ। ਭਾਰਤ ਦੇਸ ਅੰਦਰ ਸਾਡੀ ਆਪਣੀ ਕੇਂਦਰੀ ਸਰਕਾਰ ਕਰੰਸੀ ਛਾਪਦੀ ਹੈ, ਪਰ ਅਮਰੀਕਾ ਅੰਦਰ ਇਹ ਕਰੰਸੀ ਨਿੱਜੀ ਏਜੰਸੀ ਛਾਪਦੀ ਹੈ। ਇਸ ਦਾ ਬਾਹਰੀ ਨਾਂ 'ਫ਼ੈਡਰਲ' ਇਕ ਮਖੌਟਾ ਹੈ, ਕਿਉਂਕਿ ਇਹ ਪੂਰਨ ਰੂਪ ਵਿਚ ਨਿੱਜੀ ਹੈ, ਸਰਕਾਰੀ ਨਹੀਂ।

1815 ਵਿਚ ਨਾਥਨ ਰੌਥਚਾਈਲਡ ਨੇ ਇੰਗਲੈਂਡ ਅੰਦਰ ਮਸ਼ਹੂਰ ਬਿਆਨ ਦਿੱਤਾ ਸੀ, "ਮੈਨੂੰ ਕੋਈ ਪਰਵਾਹ ਨਹੀਂ ਕਿ ਕਿਹੜੀ ਕਠਪੁਤਲੀ ਇੰਗਲੈਂਡ ਦੇ ਤਖ਼ਤ ਉੱਤੇ ਬੈਠਦੀ ਹੈ, ਜਿਸ ਦੇ ਸਾਮਰਾਜ ਵਿਚ ਕਦੇ ਸੂਰਜ ਅਸਤ ਨਹੀਂ ਹੁੰਦਾ। ਜੋ ਸ਼ਖ਼ਸ ਪੈਸੇ ਦੀ ਸਪਲਾਈ ਕੰਟਰੋਲ ਕਰਦਾ ਹੈ, ਉਹੀ ਬ੍ਰਿਟਿਸ਼ ਸਾਮਰਾਜ ਨੂੰ ਕੰਟਰੋਲ ਕਰਦਾ ਹੈ।" 1913 ਵਿਚ ਕਈ ਹੱਥਕੰਡਿਆਂ ਦੇ ਨਾਲ ਅਮਰੀਕੀ ਬੈਂਕਕਾਰੀ ਉੱਤੇ ਪ੍ਰਾਈਵੇਟ ਕਬਜ਼ਾ ਹੋ ਗਿਆ। ਅੱਜ ਤਕ ਇਹ ਕਬਜ਼ਾ ਜਾਰੀ ਹੈ। 'ਫ਼ੈਡਰਲ ਰੀਜ਼ਰਵ' ਡਾਲਰ ਛਾਪਦਾ ਹੈ ਅਤੇ ਅਮਰੀਕੀ ਸਰਕਾਰ ਨੂੰ ਸੂਦ ਉੱਤੇ ਦੇਂਦਾ ਹੈ। ਏਸ ਤੋਂ ਵੱਡੀ ਲੁੱਟ ਹੋਰ ਕੀ ਹੋ ਸਕਦੀ ਹੈ ? ਸਿਆਣੇ ਪੜ੍ਹੇ-ਲਿਖੇ ਅਮਰੀਕੀ ਲੋਕਾਂ ਦੀਆਂ ਅੱਖਾਂ ਦੇ ਸਾਹਮਣੇ ਉਨ੍ਹਾਂ ਦੇ ਆਪਣੇ ਚੁਣੇ ਹੋਏ ਕੁੱਲ ਸੈਨੇਟਰ ਨੁਮਾਇੰਦੇ ਬੈਂਕਰਾਂ ਦੇ ਮੁੱਲ-ਖ਼ਰੀਦ ਗ਼ੁਲਾਮ ਹਨ। ਇਹ ਇਕ ਕੌੜੀ ਸੱਚਾਈ ਹੈ। ਪ੍ਰਧਾਨ ਕੋਈ ਵੀ ਹੋਵੇ—ਫ਼ੋਰਡ, ਕਲਿੰਟਨ, ਬੁਸ਼ ਜਾਂ ਓਬਾਮਾ। ਅਮਰੀਕਾ ਦੀ ਹਰ ਦੇਸ ਅੰਦਰ ਜਾਂ ਅੰਤਰਰਾਸ਼ਟਰੀ ਚਾਲ ਜਾਂ ਜੰਗ ਪਿੱਛੇ ਨਿੱਜੀ ਫ਼ੈਡਰਲ ਰੀਜ਼ਰਵ/ਰੌਥਚਾਈਲਡ ਬੈਂਕਾਂ ਦੇ ਜੁੱਟ ਦਾ ਹੱਥ ਹੈ। ਉਹੀ ਅਮਰੀਕਾ ਵਿਚ ਨੇ, ਉਹੀ ਇੰਗਲੈਂਡ ਅਤੇ ਬੇਅੰਤ ਯੂਰਪੀ ਦੇਸਾਂ ਅੰਦਰ ਨੇ, ਸਭ ਵੱਡੇ ਬੈਂਕਰਾਂ ਦਾ ਪਿਛੋਕੜ ਅਕਸ਼ਨਾਜ਼ੀ ਯਹੂਦੀ ਹੈ ਅਤੇ ਜੜ੍ਹਾਂ ਇਸਰਾਈਲ ਅੰਦਰ ਹਨ।

ਇਕ ਲਫ਼ਜ਼ ਹੈ 'ਜੀਓਨਿਜ਼ਮ' ਜਿਸ ਦਾ ਅਰਥ ਏਸ ਸਮੇਂ ਸਮਝਣ ਦੀ ਲੋੜ ਹੈ। ਜੀਓਨਿਜ਼ਮ ਲਹਿਰ ਦਾ ਮੰਤਵ ਸੀ ਯਹੂਦੀ ਕੌਮ (ਇਸ ਵੇਲੇ ਇਸਰਾਈਲ) ਨੂੰ ਵਧਾਉਣਾ ਅਤੇ ਉਸ ਦੀ ਰੱਖਿਆ ਕਰਨੀ। 1897 ਵਿਚ ਇਸ ਨੂੰ ਥੀਓਡੋਰ ਹਰਜ਼ਲ ਦੀ ਅਗਵਾਈ ਹੇਠ ਇਕ ਸਿਆਸੀ ਲਹਿਰ ਵਾਂਗ ਜਥੇਬੰਦ ਕੀਤਾ। ਅੰਤਰਰਾਸ਼ਟਰੀ ਮਸਲਿਆਂ ਵਿਚ ਬੇਅੰਤ ਨਾਵਾਂ ਅਤੇ ਥਾਵਾਂ ਨੇ ਬਾਰ-ਬਾਰ ਉਭਰਨਾ ਹੈ। ਇਸ ਲਈ ਪਾਠਕਾਂ ਨੂੰ ਸਿਆਸੀ ਭੂਗੋਲ ਅਤੇ ਦੂਜੇ ਦੇਸਾਂ ਦੇ ਇਤਿਹਾਸ ਵਿਚ ਦਿਲਚਸਪੀ ਲੈਣੀ ਚਾਹੀਦੀ ਹੈ। ਭਾਰਤਵਾਸੀਆਂ ਦਾ ਆਮ ਰੁਝਾਨ ਅੰਤਰਮੁਖੀ ਹੈ। ਆਪੋ-ਆਪਣੇ ਅਕੀਦੇ ਅਨੁਸਾਰ ਉਨ੍ਹਾਂ ਨੂੰ ਜੇ ਬਾਹਰਲੀ ਬਾਰੀ ਖੋਲ੍ਹਣ ਲਈ ਕਹੀਏ ਤਾਂ ਅਜਿਹਾ ਜੁਆਬ ਮਿਲਦਾ ਹੈ—'ਸਾਡੇ ਫਲਾਣੇ ਗ੍ਰੰਥ ਵਿਚ ਜੋ ਲਿਖਿਆ ਹੈ, ਉਹ ਆਦਿ-ਜੁਗਾਦਿ ਤੋਂ ਸੱਚ ਹੈ ਅਤੇ ਸਦਾ ਸੱਚ ਰਹੇਗਾ। ਉਸ ਤੋਂ ਬਾਹਰ ਜਾਨਣ ਦੀ ਨਾ ਲੋੜ ਹੈ, ਨਾ ਕੋਈ ਲਾਭ।' ਲੋਕਾਂ ਉੱਤੇ ਬਚਪਨ ਦੀਆਂ ਸਕੂਲ-ਪਾਠ-ਪੁਸਤਕਾਂ ਦੇ ਅੱਧ ਗਿਆਨ ਦੀ ਨਹੀਂ, ਚੱਪੇ ਤੋਂ ਵੀ ਘੱਟ ਗਿਆਨ ਦੀ ਏਨੀ ਡੂੰਘੀ ਛਾਪ ਲੱਗੀ ਦਿੱਸਦੀ ਹੈ, ਜਿਵੇਂ ਪੱਥਰ ਉੱਤੇ ਡੂੰਘੀ ਲਕੀਰ। ਦਿਮਾਗ਼ਾਂ ਨੂੰ ਤਰਲ ਅਤੇ ਚੇਤੰਨ ਕਰਨ ਦੀ ਲੋੜ ਹੈ ਭਈ ਤਾਂ ਜੋ ਨਿੱਤ ਬਦਲਦੀਆਂ ਚੁਣੌਤੀਆਂ ਨੂੰ ਸਮਝਣ ਅਤੇ ਟਾਕਰਾ ਕਰਨ ਦੀ ਸ਼ਕਤੀ ਪੈਦਾ ਹੋ ਸਕੇ।

ਬੈਂਕਰਾਂ ਦੀ ਸਭ ਤੋਂ ਵੱਧ ਕਮਾਈ ਹੁੰਦੀ ਹੈ ਸਰਕਾਰਾਂ ਕੋਲੋਂ, ਜੋ ਵੱਡੀਆਂ ਵੱਡੀਆਂ ਰਕਮਾਂ ਦਾ ਕਰਜ਼ ਲੈਂਦੀਆਂ ਹਨ। ਸਰਕਾਰਾਂ ਦਾ ਕਰਜ਼ਾ ਕਦੇ ਡੁੱਬਦਾ ਨਹੀਂ, ਕਿਉਂਕਿ ਉਨ੍ਹਾਂ ਨੇ ਤਾਂ ਲੋਕਾਂ ਉੱਤੇ ਟੈਕਸਾਂ ਦਾ ਬੋਝ ਪਾ ਕੇ ਪੈਸਾ ਕੱਢ ਹੀ ਲੈਣਾ ਹੈ। ਇਹ ਕਰਜ਼ਾ ਨਿਰੇ ਅੱਜ ਦੇ ਲੋਕਾਂ ਉੱਤੇ ਹੀ ਨਹੀਂ ਬਲਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੁਸ਼ਤਾਂ ਉੱਤੇ ਚੱਲਦਾ ਰਹਿੰਦਾ ਹੈ। ਅਮਰੀਕਾ ਨੇ ਜੰਗਸਾਜ਼ੀ ਅਤੇ ਦੂਜੇ ਦੇਸਾਂ ਉੱਤੇ ਲਗਾਤਾਰ ਚੱਲੀ ਆਉਂਦੀ ਜੰਗਬਾਜ਼ੀ ਦੇ ਨਾਲ ਏਨਾ ਉਜਾੜਾ ਕੀਤਾ ਹੈ ਕਿ ਅੱਜ ਹਰ ਨਵੇਂ ਜੰਮੇ ਬਾਲ ਦੇ ਉੱਪਰ 2,50,000 ਡਾਲਰਾਂ ਦਾ ਕਰਜ਼ਾ ਹੈ। ਅਮਰੀਕਾ ਦੇ ਸੈਨੇਟਰ ਅਤੇ ਸਰਕਾਰਾਂ, ਬੈਂਕਰਾਂ ਦੀਆਂ ਕੱਠਪੁਤਲੀਆਂ ਹਨ। ਉਨ੍ਹਾਂ ਨੂੰ ਅਮਰੀਕਾ ਦੇਸ ਨਾਲ ਕੋਈ ਪਿਆਰ ਨਹੀਂ। ਕੱਠਪੁਤਲੀਆਂ, ਬੈਂਕਰਾਂ ਦੇ ਰਾਹੀਂ ਇਸਰਾਈਲ ਦੇ 'ਜੀਓਨਿਸਟਾਂ' (ਲਫ਼ਜ਼ 'ਕਮਿਊਨਿਸਟਾਂ' ਦੇ ਮੇਲ ਦਾ ਹੈ) ਦੀ ਮੁੱਠੀ ਵਿਚ ਹਨ।

ਵਾਟਰਲੂ ਦੀ ਮਸ਼ਹੂਰ ਜੰਗ ਸਮੇਂ ਰੌਥਚਾਈਲਡ ਬੈਂਕਰਾਂ ਨੇ ਬਰਤਾਨਵੀ ਵਲਿੰਗਟਨ ਅਤੇ ਫ਼ਰਾਂਸੀਸੀ ਨੈਪੋਲੀਅਨ, ਦੋਹਾਂ ਨੂੰ ਭਾਰੇ ਕਰਜ਼ੇ ਦੇ ਕੇ, ਤਗੜੇ ਕਰਕੇ ਲੜਾਈ ਦੀ ਭੱਠੀ ਵਿਚ ਝੋਂਕ ਦਿੱਤਾ। ਸ਼ਰਤ ਇਹ ਸੀ ਕਿ ਜਿੱਤਣ ਵਾਲਾ ਹਾਰੇ ਹੋਏ ਦੇ ਕਰਜ਼ੇ ਜ਼ਰੂਰ ਉਤਾਰੇਗਾ। ਦੁਸ਼ਮਣ ਨੇਤਾਵਾਂ ਨੂੰ ਬਿਲਕੁਲ ਖ਼ਬਰ ਨਹੀਂ ਸੀ ਕਿ ਦੋਵੇਂ ਪਾਸੇ ਬਲੀ ਦੇ ਬੱਕਰੇ ਤਿਆਰ ਕਰਨ ਵਾਲੇ ਰੌਥਚਾਈਲਡ ਭਰਾਵਾਂ ਦੇ ਯੂਰਪੀ ਬੈਂਕ ਹਨ। ਜੇ ਇਹ ਜਾਣਕਾਰੀ ਨੇਤਾਵਾਂ ਨੂੰ ਹੁੰਦੀ ਤਾਂ ਜੰਗ ਹੋਣੀ ਹੀ ਨਹੀਂ ਸੀ।

1913 ਵਿਚ ਜਦੋਂ ਅਮਰੀਕਾ ਮੁੱਠੀ ਵਿਚ ਆਇਆ ਤਾਂ ਐਟਲਾਂਟਿਕ ਦੇ ਆਰ-ਪਾਰ ਸ਼ੈਤਾਨਾਂ ਦੇ ਹੱਥਕੰਡੇ ਸ਼ੁਰੂ ਹੋ ਗਏ। ਜੀਓਨਿਸਟ ਯਹੂਦੀ ਗੋਂਦਾਂ ਨੇ ਪਹਿਲੀ ਵਿਸ਼ਵ ਜੰਗ ਸ਼ੁਰੂ ਕਰਵਾ ਦਿੱਤੀ। ਯੂਰਪ ਅਤੇ ਅਮਰੀਕਾ ਦੀ ਜਵਾਨੀ ਤੋਪਾਂ

ਦਾ ਬਾਰੂਦ ਬਣਾ ਕੇ ਵਰਤੀ ਗਈ। ਇਸ ਜੰਗ ਦੇ ਫਲਸਰੂਪ ਚਾਰ ਸਾਮਰਾਜ ਤਬਾਹ ਕੀਤੇ ਗਏ–ਤਿੰਨ ਈਸਾਈ ਅਤੇ ਇਕ ਇਸਲਾਮੀ। ਉਹ ਸਨ : ਰੋਮਨ ਕੈਥੋਲਿਕ ਜਰਮਨ ਤੇ ਆਸਟਰੀਆ–ਹੰਗਰੀ ਅਤੇ ਰੂਸੀ ਰਵਾਇਤੀ ਈਸਾਈ ਮਤ। ਚੌਥਾ ਸਾਮਰਾਜ ਜੋ ਤਬਾਹ ਕੀਤਾ ਗਿਆ, ਇਸਲਾਮੀ ਸੀ : ਓਟੋਮਾਨ ਸਾਮਰਾਜ। ਚੜ੍ਹਤ ਕਿਸ ਦੀ ਰਹੀ ? ਯਹੂਦੀਆਂ ਦੀ। ਉਹ ਕਿਵੇਂ ? ਯਹੂਦੀ ਬੈਂਕਰ ਯੂਰਪ ’ਤੇ ਵੀ ਛਾ ਗਏ। ਜੰਗ ਦੇ ਦੌਰਾਨ ਹੀ ਬਰਤਾਨੀਆ ਸਰਕਾਰ ਤੋਂ ਐਲਾਨ ਕਰਵਾਇਆ ਗਿਆ, ਜਿਸ ਨੂੰ ‘ਬਾਲਫੋਰ ਐਲਾਨ’ ਕਿਹਾ ਜਾਂਦੈ, ਭਾਵ ਫ਼ਲਸਤੀਨ ਅੰਦਰ ਯਹੂਦੀ ਦੇਸ ਕਾਇਮ ਕੀਤਾ ਜਾਣਾ ਚਾਹੀਦੈ। ਇੰਗਲੈਂਡ ਵਿਚ ਰਲਿਆਂ/ਵੱਸਦਿਆਂ ਯਹੂਦੀਆਂ ਨੇ ਏਸ ਐਲਾਨ ਦੀ ਵਿਰੋਧਤਾ ਕੀਤੀ, ਪਰ ਉਨ੍ਹਾਂ ਨੂੰ ਕੌਣ ਪੁੱਛਦਾ ਸੀ। ਅਖ਼ੀਰ ਇਸਰਾਈਲ ਦੇਸ 1948 ਵਿਚ ਇਕ ਛੁਰੇ ਦੇ ਵਾਂਗ ਮੱਧ ਏਸ਼ੀਆ ਦੀ ਛਾਤੀ ਅੰਦਰ ਗੱਡ ਦਿੱਤਾ ਗਿਆ। ਅੱਜ ਇਸ ਐਟਮੀ ਹਥਿਆਰਾਂ ਦੇ ਨਾਲ ਲੈਸ ਦੇਸ ਨੇ, ਯਹੂਦੀ ਬੈਂਕਰਾਂ ਦੀ ਮਿਲੀਭੁਗਤ ਨਾਲ ਅਮਰੀਕਾ ਸਮੇਤ ਕੁਲ ਦੁਨੀਆਂ ਨੂੰ ਆਪਣੀਆਂ ਉਂਗਲਾਂ ਉੱਤੇ ਨਚਾ ਰੱਖਿਆ ਹੈ।

ਰੂਸ ਅੰਦਰ ਬੋਲਸ਼ਵਿਕ ਇਨਕਲਾਬ ਦੇ ਪਿੱਛੇ ਵੀ ‘ਚਾਨਣ-ਬਰਦਾਰ’ (ਰੌਥਚਾਈਲਡ ਬੈਂਕ ਦੇ ਮੋਹਰੇ) ਸਨ–ਅਮਰੀਕੀ ਸ਼ਿਫ, ਵਾਰਬਰਗ, ਮੋਰਗਨ, ਮੈਲਨ, ਕਾਰਨੀਗ ਅਤੇ ਰਾਕਫ਼ੈਲਰ ਘਰਾਣਿਆਂ ਦਾ ਪੈਸਾ। ਬੋਲਸ਼ਵਿਕ ਜੁੱਟ ਉਸੇ ਹੀ ਇਮਾਰਤ ਅੰਦਰ ਬਿਰਾਜਮਾਨ ਸਨ, ਜਿਥੇ ਨਿਊਯਾਰਕ ਫ਼ੈਡਰਲ ਰੀਜ਼ਰਵ ਸੀ। ਜਦੋਂ ਰੂਸੀ ਜ਼ਾਰ ਨੇ 1917 ਵਿਚ ਆਪਣਾ ਤਖ਼ਤ ਛੱਡਿਆ ਤਾਂ ਚਾਨਣ-ਬਰਦਾਰਾਂ ਨੇ ਟ੍ਰਾਟਸਕੀ ਅਤੇ ਉਸ ਦਾ ਕਮਿਊਨਿਸਟ ਜਥਾ, ਆਪਣੇ ਖ਼ਰਚ ’ਤੇ ਰੂਸ ਭੇਜਿਆ ਤਾਂ ਜੋ ਆਰਜ਼ੀ ਹਕੂਮਤ ਨੂੰ ਉਲਟਾਉਣ ਲਈ ਉਹ ਲੈਨਿਨ ਦੀ ਮਦਦ ਕਰ ਸਕੇ।

ਬੋਲਸ਼ਵਿਜ਼ਮ ਰੂਸੀ ਯਹੂਦੀ ਬੁੱਧੀਜੀਵੀਆਂ ਦੀ ਉਪਜ ਸੀ। ਜ਼ਾਰ ਦੇ ਸਾਮਰਾਜ ਨੂੰ ਮਲੀਆਮੇਟ ਕਰਨ ਅੰਦਰ ਕਰੀਬ ਦੋ ਕਰੋੜ (ਜੀ ਹਾਂ ਦੋ ਕਰੋੜ) ਰੂਸੀ ਈਸਾਈਆਂ ਨੂੰ ਮਾਰ ਮੁਕਾਇਆ। “ਅਸੀਂ ਮਾਰੇ ਗਏ, ਸਾਨੂੰ ਮਾਰ ਦਿੱਤਾ ਗਿਆ” ਕੂਕਣ ਵਾਲੇ ਜੀਓਨਿਸਟ ‘ਹਾਲੋਕਾਸਟ’ ਵਾਲੇ ਏਸ ਅਸਲੀ ਘੱਲੂਘਾਰੇ ਦੀ ਭਿਣਕ ਨਹੀਂ ਨਿਕਲਣ ਦੇਂਦੇ। ਰੂਸੀ ਖ਼ਾਨਾਜੰਗੀ ਵਿਚ ਟ੍ਰਾਟਸਕੀ ਦਸ ਲੱਖ ਦੀ ਫ਼ੌਜ ਦਾ ਕਮਾਂਡਰ ਸੀ।

ਟ੍ਰਾਟਸਕੀ ਇਕ ਯਹੂਦੀ ਸੀ, ਜਿਸ ਦਾ ਅਸਲੀ ਨਾਂ ਸੀ ਡੇਵਡ ਬ੍ਰਾਨਸਟੀਨ। ਉਹ ਨਿਊਯਾਰਕ ਵਿਚ ਯਹੂਦੀ ਫ਼ਿਲਮਾਂ ਅੰਦਰ ਅਦਾਕਾਰੀ ਕਰਦਾ ਹੁੰਦਾ ਸੀ। ਉਸ ਦਾ ਆਪਣਾ ਲੰਮ ਚੌੜਾ ਇਤਿਹਾਸ ਹੈ, ਜਿਸ ਵਿਚ ਖ਼ਾਸ ਹੈ ਉਸ ਦੇ ਸਟਾਲਿਨ ਦੇ ਨਾਲ ਸਿੱਧਾਂਤਕ ਮੱਤਭੇਦ, ਜੋ ਅਖ਼ੀਰ ਵਿਚ ਉਹਦੇ ਲਈ ਜਾਨ-ਲੇਵਾ ਸਾਬਤ ਹੋਏ। ਇਸ ਵੇਲੇ ਵੇਖੀਏ ਉਸਦੇ ਕਮਾਂਡਰ ਦੇ ਤੌਰ ’ਤੇ ਵਿਚਾਰ। ਉਹ ਸ੍ਵੈ-ਜੀਵਨੀ ਵਿਚ ਲਿਖਦਾ ਹੈ :

“ਬਦਲਾ ਲੈਣ ਦੀ ਭਾਵਨਾ ਤੋਂ ਬਿਨਾਂ ਫ਼ੌਜ ਨਹੀਂ ਖੜੀ ਕੀਤੀ ਜਾ ਸਕਦੀ। ਲੋਕਾਂ ਦੇ ਸਮੂਹ ਨੂੰ ਮੌਤ ਦੇ ਮੂੰਹ ਵਿਚ ਨਹੀਂ ਧਕੇਲਿਆ ਜਾ ਸਕਦਾ, ਜੇ ਫ਼ੌਜ ਦੀ ਕਮਾਨ ਕੋਲ ਮੌਤ ਦੀ ਸਜ਼ਾ ਦਾ ਸਭ ਤੋਂ ਵੱਡਾ ਹਥਿਆਰ ਨਾ ਹੋਵੇ। ਇਹ ਬਿਨ-ਪੂਛਲ ਬਾਂਦਰ, ਜਿਨ੍ਹਾਂ ਨੂੰ ਆਦਮੀ ਕਹੀਦਾ ਹੈ, ਜੋ ਆਪਣੇ ਆਪ ਨੂੰ ਬੜੇ ਚਤੁਰ ਸਮਝਦੇ ਹਨ, ਇਨ੍ਹਾਂ ਨੂੰ ਫੜ ਕੇ ਅਸੀਂ ਫ਼ੌਜਾਂ ਬਣਾਉਂਦੇ ਹਾਂ ਅਤੇ ਜੰਗਾਂ ਕਰਦੇ ਹਾਂ। ਫ਼ੌਜੀ ਕਮਾਨ ਇਨ੍ਹਾਂ ਨੂੰ ਦੋ ਮੌਤਾਂ ਦੇ ਵਿਚਕਾਰ ਲਟਕਾ ਕੇ ਰੱਖਦੀ ਹੈ–ਇਕ ਮੌਤ ਜੰਗ ਦੇ ਮੁਹਾਜ਼ ਉੱਤੇ ਹੋ ਸਕਦੀ ਹੈ ਅਤੇ ਦੂਜੀ ਅਵੱਸ਼ ਮੌਤ ਜੋ ਉਨ੍ਹਾਂ ਨੂੰ ਪਿੱਛੇ ਉਡੀਕਦੀ ਹੈ।”

ਪੱਛਮੀ ਬੈਂਕਰਾਂ ਦੀ ਤੀਬਰ ਇੱਛਾ ਸੀ ਕਿ ਉਹ ਸੋਵੀਅਤ ਸੰਘ ਦੀ ਬੈਂਕ ਪ੍ਰਣਾਲੀ ਉੱਤੇ ਕਬਜ਼ਾ ਕਰ ਲੈਣ ਅਤੇ ਰਾਕਫੈਲਰ ਬਾਕੂ ਦੇ ਤੇਲ-ਖ਼ਜ਼ਾਨਿਆਂ ਨੂੰ ਹਥਿਆ ਲੈਣ। ਜਦੋਂ ਲੈਨਿਨ ਮਰ ਗਿਆ ਅਤੇ ਟ੍ਰਾਟਸਕੀ ਬਿਮਾਰ ਪੈ ਗਿਆ ਤਾਂ ਸਟਾਲਿਨ ਨੇ ਇਕ ਅੱਡਰਾ ਰਾਹ ਅਪਣਾ ਲਿਆ। ਉਹ ਸੀ ‘ਇਕ ਦੇਸ ਅੰਦਰ ਸਮਾਜਵਾਦ’। ਇਹ ਰਸਤਾ ਟ੍ਰਾਟਸਕੀ ਅਤੇ ਚਾਨਣ-ਬਰਦਾਰਾਂ ਦੇ ਵਿਚਾਰਾਂ ਤੋਂ ਉਲਟ ਸੀ, ਜੋ ਕੁਲ ਦੁਨੀਆਂ ਨੂੰ ਇਕ ਕਰਨਾ ਚਾਹੁੰਦੇ ਸਨ। ਇਕ ਨਵੀਂ ਦੁਨੀਆਂ ਦੇ ਨਿਜ਼ਾਮ ਦਾ ਏਜੰਡਾ ਅਜੇ ਵੀ ਕਾਇਮ ਹੈ। ਇਸ ਨੂੰ ਜਾਨਣ ਲਈ ਇਕ ਡਾਲਰ ਦੇ ਨੋਟ ਦੇ ਖੱਬੇ ਪਿੱਛਲੇ ਪਾਸੇ ਵੇਖ ਲਵੋ–ਕੀ ਲਿਖਿਆ ਹੈ ? ਇਕ ਪਿਰਾਮਿਡ ਹੈ ਜਿਸ ਦੇ ਉੱਪਰ ਇਕ ਗ਼ੈਬੀ ਅੱਖ ਹੈ। ਉਸ ਦੇ ਉੱਪਰ ਲਾਤੀਨੀ ਭਾਸ਼ਾ ਵਿਚ ਲਿਖਿਆ ਹੈ–“ਜੋ ਸ਼ੁਰੂ ਕੀਤਾ ਹੈ ਉਸ ਦੇ ਹੱਕ ਵਿਚ”। ਹੇਠਾਂ ਲਿਖਿਆ ਹੈ–“ਸਦਾ ਦੇ ਲਈ ਇਕ ਨਵਾਂ ਨਿਜ਼ਾਮ”। ਪਿਰਾਮਿਡ ਦੇ ਹੇਠਲੇ ਪੱਥਰ ਉੱਤੇ ਲਾਤੀਨੀ ਵਿਚ ਲਿਖਿਆ ਹੈ 1776। ਸੰਨ 1776 ਵਿਚ ਚਾਨਣ-ਬਰਦਾਰਾਂ ਨੇ ਰਾਜਸੀ ਤੌਰ ’ਤੇ ਆਪਣੀ ਖ਼ੁਫ਼ੀਆ ਕਾਰਵਾਈ ਸ਼ੁਰੂ ਕੀਤੀ ਸੀ, ਰੌਥਚਾਈਲਡ ਦੀ ਮਿਹਰ ਭਰੀ ਅਗਵਾਈ ਦੇ ਹੇਠ।

ਬੈਂਕਰਾਂ ਦੀ ਇਤਿਹਾਸ ਉੱਤੇ ਪਕੜ ਅਤੇ ਛਾਪ, ਹਿਟਲਰ ਦੀ ਕਹਾਣੀ ਤੋਂ ਪਤਾ ਲੱਗਦੀ ਹੈ। ਵੀਆਨਾ ਅੰਦਰ ਨਾਥਨ ਰੌਥਚਾਈਲਡ ਦੀ ਘਰੇਲੂ ਨੌਕਰ ਸੀ ਮੇਰੀਆ। ਉਸ ਦਾ ਚਾਨਣ-ਬਰਦਾਰਾਂ ਦੇ ਇਕ ਖ਼ੁਫ਼ੀਆ ਸ਼ੈਤਾਨੀ ਰਿਵਾਜੀ ਇਕੱਠ ਅੰਦਰ ਬਲਾਤਕਾਰ ਕੀਤਾ ਗਿਆ, ਜਿਥੋਂ ਹਿਟਲਰ ਦੇ ਦਾਦੇ ਨੇ ਜਨਮ ਲਿਆ। ਏਸ ਤਰ੍ਹਾਂ ਹਿਟਲਰ, ਇਕ ਚੌਥਾਈ ਯਹੂਦੀ ਬਣਿਆ। ਰੌਥਚਾਈਲਡ ਆਪਣੀ ਹਰਾਮੀ ਔਲਾਦ ਦਾ ਬਹੁਤ ਧਿਆਨ ਰੱਖਦੇ ਸਨ। 1912-13 ਵਿਚ ਹਿਟਲਰ ਨੂੰ ਇੰਗਲੈਂਡ ਵਿਚ ਖ਼ਾਸ ਸਿਖਲਾਈ ਦਿੱਤੀ ਗਈ—ਤਕਰੀਰਾਂ ਦੇ ਨਾਲ ਵੱਡੇ ਸਰੋਤਿਆਂ ਦੇ ਇਕੱਠਾਂ ਨੂੰ ਕੀਲਣ ਦੀ। ਰੌਥਚਾਈਲਡ ਦਾ ਪੋਤਰਾ ਕੋਈ ਐਵੇਂ ਕੈਵੇਂ ਦੀ ਚੀਜ਼ ਨਹੀਂ ਸੀ, ਉਸ ਦੇ ਛੁਪੇ ਹੋਏ ਹੱਥ ਨੇ ਹਿਟਲਰ ਨੂੰ ਗਏ ਗਵਾਚੇ ਹਨੇਰਿਆਂ ਅੰਦਰੋਂ ਚੁੱਕ ਕੇ ਤਾਕਤ ਦੀ ਕੁਰਸੀ ਉੱਤੇ ਬਿਠਾ ਦਿੱਤਾ। ਕੁੱਲ ਦੂਜੀ ਵਿਸ਼ਵ ਜੰਗ ਬੈਂਕਰਾਂ ਦੇ ਪਾਏ ਹੋਏ ਪੂਰਨਿਆਂ ਉੱਤੇ ਲੜੀ ਗਈ। ਇਕ ਪਾਸੇ ਇੰਗਲੈਂਡ ਅਤੇ ਅਮਰੀਕਾ ਬੈਂਕਰਾਂ ਦੀ ਮੁੱਠੀ ਅੰਦਰ ਅਤੇ ਦੂਜੇ ਪਾਸੇ ਹਿਟਲਰ ਦੀ ਨਾਜ਼ੀ ਮਸ਼ੀਨ ਲਈ ਪੂਰਨ ਮਦਦ। ਲੜਾਈ ਦਾ ਅੰਤ ਵੀ ਪਹਿਲਾਂ ਤੋਂ ਨਿਸਚਿਤ ਸੀ—ਨਾਜ਼ੀਆਂ ਦੀ ਹਾਰ। ਨਾਜ਼ੀ ਫ਼ੌਜ ਨੇ ਤਾਂ ਪਹਿਲੀ ਹੀ ਝੜਪ ਨਾਲ ਮਈ 1940 ਵਿਚ ਬ੍ਰਿਟੇਨ ਦੇ ਗੋਡੇ ਲਵਾ ਦਿੱਤੇ ਸਨ ਪਰ ਏਨੀ ਜਲਦੀ ਜੰਗ ਖ਼ਤਮ ਹੋਣ ਨਾਲ ਬੈਂਕਰਾਂ ਨੂੰ ਕੀ ਮਿਲਣਾ ਸੀ ? ਏਸੇ ਲਈ 'ਡਨਕਰਕ' ਵਿਚ ਘਿਰੇ, ਸਾਢੇ ਤਿੰਨ ਲੱਖ ਫ਼ੌਜੀਆਂ ਨੂੰ ਸਹੀ ਸਲਾਮਤ ਬ੍ਰਿਟੇਨ ਜਾਣ ਦਿੱਤਾ ਗਿਆ।

ਦੂਜੀ ਵਿਸ਼ਵ ਜੰਗ ਵਿਚ ਹਰ ਪਾਸਿਆਂ ਤੋਂ ਜਿੱਤਾਂ ਹਾਰਾਂ ਅਤੇ ਅਜੀਬੋ ਗ਼ਰੀਬ ਉਚਾਈਆਂ ਨੀਚਾਈਆਂ ਦੇ ਪਿੱਛੇ ਉਹੀ ਸਨ। ਬੇਅੰਤ ਸਵਾਲ ਉੱਠਦੇ ਰਹੇ—ਫਲਾਂ ਦੇਸ ਨੇ ਐਸਾ ਕਿਉਂ ਨਹੀਂ ਕੀਤਾ ਜਾਂ ਐਸਾ ਪਾਗਲਪਨ ਐਸੇ ਸਮੇਂ ਕਿਉਂ ਕੀਤਾ ? ਦੋਵੇਂ ਪਾਸੇ ਕਠਪੁਤਲੀਆਂ ਦੀਆਂ ਤਣਾਵਾਂ ਖਿੱਚਣ ਵਾਲੇ ਬੈਂਕਰ ਹੀ ਸਨ।

ਰੌਥਚਾਈਲਡ ਦੇ ਪੋਤਰੇ ਹਿਟਲਰ ਨੂੰ ਮਾਰਨ ਵਾਲਾ ਕੌਣ ਜੰਮਿਆ ਸੀ ? ਉਸ ਦੀ ਮੌਤ ਇਕ ਛਲਾਵਾ ਸੀ ਜਿਸ ਵਿਚ ਇਕ ਰਲਦੇ-ਮਿਲਦੇ ਮਨੁੱਖ ਨੂੰ ਮਾਰਿਆ ਗਿਆ ਸੀ। ਬਰਲਿਨ ਤੋਂ ਨਿਕਲ ਕੇ ਹਿਟਲਰ ਬਾਰਸੀਲੋਨਾ (ਸਪੇਨ) ਵਿਚ ਰਹਿੰਦਾ ਰਿਹਾ, ਜਿਥੇ 1950 ਵਿਚ ਮਿਹਦੇ ਦੇ ਕੈਂਸਰ ਨਾਲ ਉਸ ਦੀ ਮੌਤ ਹੋ ਗਈ।

ਇਤਿਹਾਸ ਦੇ ਪੰਨੇ ਚਾਨਣ-ਬਰਦਾਰਾਂ (ਬੈਂਕਰਾਂ) ਦੀਆਂ ਗਿਣੀਆਂ ਮਿਥੀਆਂ ਚਾਲਾਂ ਦੇ ਨਾਲ ਖੋਲ੍ਹੇ ਅਤੇ ਲਿਖੇ ਜਾਂਦੇ ਹਨ। ਜੰਗਾਂ ਦੇ ਪਲਾਟ ਕਈ ਦਹਾਕੇ ਪਹਿਲਾਂ ਤੈਅ ਕੀਤੇ ਜਾਂਦੇ ਅਤੇ ਕਿਸੇ ਸਮੂਹ-ਗਾਣ ਦੇ ਵਾਂਗ ਦੇਸਾਂ ਅਤੇ ਆਬਾਦੀਆਂ ਦਾ ਸਤਿਆਨਾਸ ਕਰਦੇ ਜਾਂਦੇ ਹਨ, ਹੋਰ 'ਸੂਦ ਦਰ ਸੂਦ' ਮੁਨਾਫ਼ੇ ਅਤੇ ਹੋਰ ਵਧੇਰੇ ਸ਼ਕਤੀਸ਼ਾਲੀ ਬਣਨ ਲਈ।

ਉਹ ਮਹਾਂ-ਅਮੀਰ ਕੁਲ ਲੋਕਾਈ ਨੂੰ ਸਦਾ ਲਈ ਕਾਬੂ ਕਰਨ ਲਈ ਗਿਰਝਾਂ ਵਾਂਗ ਨੋਚ ਰਹੇ ਹਨ। ਕਾਗ਼ਜ਼ ਅਤੇ ਸਿਆਹੀ ਦੇ ਮੁੱਲ 'ਤੇ ਤਿਆਰ ਕੀਤੀ ਹੋਈ ਨਕਦੀ ਦੇ ਨਾਲ ਉਨ੍ਹਾਂ ਨੇ ਦੁਨੀਆਂ ਦੇ ਬੇਅੰਤ ਦੇਸਾਂ ਨੂੰ ਸੂਦੀ ਸੰਖਾਂ ਅਸੰਖਾਂ ਦੇ ਕਰਜ਼ਿਆਂ ਹੇਠ ਦਬੋਚਿਆ ਹੋਇਆ ਹੈ। ਅਜਿਹੀ ਹਾਲਤ ਜਾਰੀ ਰੱਖਣ ਜਾਂ ਅੱਗੇ ਵਧਾਉਣ ਲਈ ਇਹ ਸ਼ੈਤਾਨ, ਸਮਾਜ ਅਤੇ ਉਸ ਅੰਦਰ ਵਿਚਰਦੇ ਖ਼ਿਆਲਾਂ ਨੂੰ ਕਾਬੂ ਹੇਠ ਕਰਨ ਲਈ ਨਿਹਾਇਤ ਸ਼ਕਤੀਸ਼ਾਲੀ ਸਾਇੰਸੀ ਢੰਗ ਅਪਣਾਉਂਦੇ ਹਨ। "ਭੈਅ ਵਿਰੁੱਧ ਜੰਗ" ਕੋਈ "ਮੁਸਲਮਾਨ ਭੈਅਵਾਦੀਆਂ" ਦੇ ਖ਼ਿਲਾਫ਼ ਨਹੀਂ ਹੈ। ਇਸਦਾ ਅਸਲੀ ਨਿਸ਼ਾਨਾ ਅਸੀਂ ਅਤੇ ਤੁਸੀਂ ਹਾਂ। ਚੋਣ ਸਾਡੀ ਆਪਣੀ ਹੈ—ਘੂਕ ਸੁੱਤੇ ਰਹਿਣਾ ਹੈ ਜਾਂ ਚੇਤੰਨ ਹੋਣਾ ਹੈ।

# ਇਕ ਇਤਿਹਾਸਕ ਡਾਇਰੀ ਦਾ ਸੱਚ—ਨਕਲੀ ਸੀ

ਅਮਰੀਕਾ ਅੰਦਰ ਇਕ ਬੀਬੀ 'ਹੈਰੀਅਟ ਸਟੋਈ' ਨੇ ਕਿਤਾਬ ਲਿਖੀ : *ਅੰਕਲ ਟੌਮ ਦਾ ਕੈਬਿਨ* । ਲਿਖੀ ਤਾਂ ਉਸ ਨੇ ਸ਼ਾਇਦ ਬੜੀਆਂ ਉੱਚੀਆਂ ਭਾਵਨਾਵਾਂ ਨਾਲ ਸੀ ਪਰ ਹੋ ਅਨਰਥ ਗਿਆ। ਇਹ ਕਿਤਾਬ ਬੇਅੰਤ ਪੜ੍ਹੀ ਗਈ ਅਤੇ ਹਰ ਪਾਸੇ ਭਾਵਨਾਵਾਂ ਦੇ ਭਾਂਬੜ ਬਾਲਦੀ ਗਈ। ਭਰਾ ਭਰਾ ਦੇ, ਪਿਤਾ ਪੁੱਤਰ ਦੇ ਦੁਸ਼ਮਣ ਹੋ ਗਏ। ਅਮਰੀਕਾ ਦੇ ਇਤਿਹਾਸ ਅੰਦਰ ਇਕ ਨਿਹਾਇਤ ਖ਼ੂਨੀ ਜੰਗ ਹੋਈ। ਜੇ ਕਿਤਾਬ ਅੰਦਰ ਭਾਵਨਾਵਾਂ ਜਗਾਉਣ ਦੀ ਥਾਂ ਦਲੀਲ ਤੋਂ ਕੰਮ ਲਿਆ ਗਿਆ ਹੁੰਦਾ ਤਾਂ ਸਾਰਾ ਮੁਆਮਲਾ ਸ਼ਾਂਤੀ ਨਾਲ ਨਜਿੱਠਿਆ ਜਾਣਾ ਸੀ। 1863 ਵਿਚ ਹੈਰੀਅਟ ਦੀ ਮੁਲਾਕਾਤ ਅਬਰਾਹਮ ਲਿੰਕਨ ਨਾਲ ਹੋਈ। ਉਸ ਨੇ ਆਪ ਲਿੰਕਨ ਦੇ ਸ਼ਬਦ ਇੰਜ ਲਿਖੇ ਹਨ : "ਸੋ ਤੂੰ ਹੀ ਹੈਂ ਉਹ ਨਿੱਕੀ ਜਿਹੀ ਔਰਤ, ਜਿਸ ਦੀ ਕਿਤਾਬ ਨੇ ਏਡੀ ਵੱਡੀ ਜੰਗ ਕਰਵਾਈ।"

ਪ੍ਰਾਪੇਗੰਡਾ ਜਾਂ ਕੂੜ ਪ੍ਰਚਾਰ ਇਕ ਸ਼ਕਤੀਸ਼ਾਲੀ ਮਨੋਵਿਗਿਆਨਕ ਹਥਿਆਰ ਹੈ, ਜਿਸਦੀ ਵਰਤੋਂ ਅੱਜ ਦੇ ਯੁੱਗ ਵਿਚ ਖੁੱਲ੍ਹ ਕੇ ਹੁੰਦੀ ਹੈ, ਪਰ ਜੇ ਕੂੜ ਪ੍ਰਚਾਰ ਦਾ ਭੇਤ ਹੀ ਖੁੱਲ੍ਹ ਜਾਵੇ ਤਾਂ ਫਿਰ ਉਹ ਹਥਿਆਰ ਕੀ ਹੋਇਆ ? ਏਸ ਸ਼੍ਰੇਣੀ ਦੇ ਅੰਦਰ ਆ ਜਾਂਦੀ ਹੈ ਇਕ ਮੰਨੀ-ਪ੍ਰਮੰਨੀ ਕਿਤਾਬ—*ਐਨ ਫ਼੍ਰੈਂਕ ਦੀ ਡਾਇਰੀ* । ਏਸ ਨੂੰ ਪਾਠਕਾਂ ਦੇ ਸਾਹਮਣੇ ਇਕ ਜਵਾਨ ਯਹੂਦੀ ਕੁੜੀ ਦੀ ਸਚਮੁੱਚ ਦੀ ਡਾਇਰੀ ਵਾਂਗ ਪੇਸ਼ ਕੀਤਾ ਗਿਆ, ਜੋ ਦੋ ਸਾਲ ਜਰਮਨ ਨਾਜ਼ੀ ਕੈਂਪਾਂ ਅੰਦਰ ਖੱਜਲ ਖ਼ੁਆਰ ਹੋ ਕੇ ਮਰੀ। ਉਸ ਦੀ ਦਿਲ ਹਿਲਾਉਣ ਵਾਲੀ ਆਪ-ਬੀਤੀ ਮੈਂ ਪਹਿਲੀ ਵਾਰ 1955 ਵਿਚ ਪੜ੍ਹੀ ਅਤੇ ਉਸ ਤੋਂ ਪਿੱਛੋਂ ਕਈ ਵਾਰ।

ਅੱਜ ਮੇਰਾ ਪੋਤਰਾ ਦੱਸਦਾ ਹੈ ਕਿ ਐਨ ਫ੍ਰੈਂਕ ਦੀ ਕਹਾਣੀ ਉਸ ਦੀ ਪਾਠ ਪੁਸਤਕ ਅੰਦਰ ਵੀ ਹੈ। ਕੁੱਲ ਦੁਨੀਆਂ ਅੰਦਰ ਇਸ ਕਹਾਣੀ ਦੇ ਪੜ੍ਹੇ ਜਾਣ ਨਾਲ ਲੋਕਾਂ ਦੇ ਅੰਦਰ ਇਸ ਕਹਾਣੀ ਨੇ ਬੇਅੰਤ ਭਾਵਨਾਵਾਂ ਉਜਾਗਰ ਕੀਤੀਆਂ ਹੋਣਗੀਆਂ।

1959 ਵਿਚ ਸਵੀਡਨ ਦੇ ਅਖ਼ਬਾਰ *ਫ੍ਰਾਇਓ ਓਰਡ* ਦੇ 15 ਅਪ੍ਰੈਲ ਦੇ ਅੰਕ ਅੰਦਰ ਇੰਜ ਲਿਖਿਆ ਹੈ—"ਇਤਿਹਾਸ ਅੰਦਰ ਬੇਅੰਤ ਉਦਾਹਰਣਾਂ ਹਨ ਕਿ ਇਕ ਮਿੱਥ, ਸੱਚਾਈ ਦੇ ਟਾਕਰੇ ਵਿਚ ਜ਼ੋਰਦਾਰ ਅਤੇ ਲੰਮੇ ਸਮੇਂ ਤਕ ਚੱਲੀ ਹੈ। ਪੱਛਮੀ ਦੁਨੀਆਂ *ਐਨ ਫ਼੍ਰੈਂਕ ਦੀ ਡਾਇਰੀ* ਦੇ ਨਾਲ ਕਈ ਚਿਰ ਤੋਂ ਪਰਿਚਿਤ ਰਹੀ ਹੈ। ਕਿਸੇ ਵੀ ਸਾਹਿਤਿਕ ਘੋਖਣ ਦੇ ਨਾਲ ਪਤਾ ਲੱਗ ਜਾਂਦਾ ਹੈ ਕਿ ਅਜਿਹੀ ਕਿਤਾਬ ਇਕ ਅੱਲ੍ਹੜ ਬਾਲੜੀ ਨਹੀਂ ਲਿਖ ਸਕਦੀ। ਇਸ ਖ਼ਿਆਲ ਦੀ ਪ੍ਰੋੜ੍ਹਤਾ ਮਿਲਦੀ ਹੈ ਨਿਊਯਾਰਕ ਸੁਪਰੀਮ ਕੋਰਟ ਦੇ ਧਿਆਨਯੋਗ ਫ਼ੈਸਲੇ ਤੋਂ। ਇਸ ਫ਼ੈਸਲੇ ਅਨੁਸਾਰ "ਜਾਣੇ-ਪਛਾਣੇ ਅਮਰੀਕੀ ਲਿਖਾਰੀ ਮੇਅਰ ਲੈਵਿਨ ਦਾ ਹੱਕ ਬਣਦਾ ਹੈ ਕਿ ਐਨ ਫ਼੍ਰੈਂਕ ਦਾ ਪਿਤਾ ਉਸ ਨੂੰ *ਐਨ ਫ਼੍ਰੈਂਕ ਦੀ ਡਾਇਰੀ* ਉੱਤੇ ਕੰਮ ਕਰਨ ਬਦਲੇ 50,000 ਡਾਲਰ ਭਰੇ।" ਸਵਿਟਜ਼ਰਲੈਂਡ ਅੰਦਰ ਓਟੋ ਫ਼੍ਰੈਂਕ ਨੇ ਸਿਰ ਕੱਢਵੇਂ ਯਹੂਦੀ ਲੇਖਕ ਮੇਅਰ ਲੈਵਿਨ ਨੂੰ ਘੱਟੋ-ਘੱਟ 50,000 ਅਮਰੀਕੀ ਡਾਲਰ ਦੇਣਾ ਮੰਨਿਆ ਸੀ, ਕਿਉਂਕਿ ਓਟੋ ਨੇ ਲੈਵਿਨ ਦੇ ਪੂਰੇ ਕੰਮ ਨੂੰ, ਪਬਲਿਸ਼ਰ ਨੂੰ ਇਹ ਕਹਿ ਕੇ ਛਪਵਾਇਆ ਕਿ ਲਿਖਤ ਉਸ ਦੀ ਵਿਛੜੀ ਹੋਈ ਧੀ ਐਨ ਫ਼੍ਰੈਂਕ ਦੀ ਸੀ। ਇਸ ਕੇਸ ਦਾ ਫ਼ਾਈਲ ਨੰਬਰ ਨਿਊਯਾਰਕ ਕਊਂਟੀ ਕਲਰਕ ਦੇ ਦਫ਼ਤਰ ਦਾ ਹੈ—2241-1956। *ਨਿਊਯਾਰਕ ਲਾਅ ਜਰਨਲ* ਅੰਦਰ ਇਹ ਰਿਪੋਰਟ 1960 ਵਿਚ ਛਪੀ ਸੀ।

*ਐਨ ਫ਼੍ਰੈਂਕ ਦੀ ਡਾਇਰੀ* ਪਹਿਲੀ ਵਾਰ 1952 ਵਿਚ ਛਪੀ। ਇਸ ਦੀਆਂ ਬੇਅੰਤ ਐਡੀਸ਼ਨਾਂ ਛਪ ਚੁੱਕੀਆਂ ਹਨ ਅਤੇ ਕੁੱਲ ਦੁਨੀਆਂ ਅੰਦਰ ਇਸ ਨੇ ਬੇਅੰਤ ਹਿਰਦਿਆਂ ਨੂੰ ਟੁੰਬਿਆ ਹੈ। ਐਨ ਦਾ ਪਿਤਾ ਓਟੋ ਫ਼੍ਰੈਂਕ ਕਿਤਾਬ ਦੀ ਵਿਕਰੀ ਤੋਂ ਮਾਲਾ-ਮਾਲ ਹੋ ਗਿਆ ਸੀ। ਸੱਚ ਕੀ ਹੈ ? ਸੱਚ ਹੈ ਜਾਂ ਇਕ ਕੂੜ-ਪ੍ਰਚਾਰ ? ਐਨ ਦੇ ਪਿਤਾ ਨੇ ਤਾਂ ਮੇਅਰ ਲੈਵਿਨ ਦੇ ਨਾਲ ਮੁਆਮਲਾ ਕਚਹਿਰੀ ਤੋਂ ਬਾਹਰ ਹੀ ਰਫ਼ਾ-ਦਫ਼ਾ ਕਰ ਲਿਆ ਸੀ। *ਐਨ ਫ਼੍ਰੈਂਕ ਦੀ ਡਾਇਰੀ* ਤੋਂ ਇਲਾਵਾ ਹੋਰ ਵੀ ਕਈ ਕਿਤਾਬਾਂ ਛਪੀਆਂ ਸਨ, ਜਿਨ੍ਹਾਂ ਅੰਦਰ ਫ਼ਰਜ਼ੀ ਕਹਾਣੀ ਨੂੰ ਸੱਚ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ। ਇਕ ਲੇਖਕ ਕੋਸਿਨਸਕੀ ਦੀ ਕਿਤਾਬ *ਦ ਪੇਂਟਿੰਡ ਬਰਡ* ਦਾ ਪਰਦਾ ਫ਼ਾਸ਼ ਹੋਣ ਪਿੱਛੋਂ ਲੇਖਕ ਨੇ ਖ਼ੁਦਕੁਸ਼ੀ ਕਰ ਲਈ।

*ਐਨ ਫ੍ਰੈਂਕ ਦੀ ਡਾਇਰੀ* ਸਮਝਣ ਲਈ ਉਸ ਦੇ ਟੱਬਰ ਦਾ ਪਿਛੋਕੜ ਵੇਖਣਾ ਚਾਹੀਦਾ ਹੈ। ਫ਼੍ਰੈਂਕ ਟੱਬਰ ਉੱਚੇ ਜਰਮਨ ਯਹੂਦੀ ਘਰਾਣਿਆਂ ਵਿੱਚੋਂ ਸੀ। ਐਨ ਦੇ ਪਿਤਾ ਦੀ ਪੜ੍ਹਾਈ ਬੜੇ ਉੱਚੇ ਸਕੂਲਾਂ ਅਤੇ ਯੂਨੀਵਰਸਿਟੀ ਵਿਚ ਹੋਈ। 1909 ਵਿਚ 20 ਸਾਲਾ ਓਟੋ ਫ਼੍ਰੈਂਕ ਨਿਊਯਾਰਕ ਗਿਆ, ਜਿਥੇ ਮਸ਼ਹੂਰ 'ਓਪਨ ਹੀਅਰ' ਖ਼ਾਨਦਾਨ ਅੰਦਰ ਰਿਹਾ। 1925 ਵਿਚ ਐਨ ਦੇ ਮਾਤਾ-ਪਿਤਾ ਵਿਆਹੇ ਗਏ ਅਤੇ ਉਨ੍ਹਾਂ ਆਪਣਾ ਟਿਕਾਣਾ ਫ਼੍ਰੈਂਕਫ਼ਰਟ ਜਰਮਨੀ ਵਿਚ ਬਣਾਇਆ। ਫ਼੍ਰੈਂਕ ਟੱਬਰ ਵਪਾਰੀ ਸੀ—ਬੈਂਕ ਚਲਾਉਂਦਾ ਸੀ ਤੇ ਖੰਘ ਦੀ ਦਵਾਈ ਬਣਾਉਂਦਾ ਸੀ। ਐਨ 1929 ਵਿਚ ਪੈਦਾ ਹੋਈ। 1934 ਵਿਚ ਓਟੋ ਫ਼੍ਰੈਂਕ ਟੱਬਰ ਹਾਲੈਂਡ ਚਲਾ ਗਿਆ, ਜਿਥੇ ਉਸ ਨੇ ਮਸਾਲਿਆਂ ਦਾ ਕੰਮ ਸ਼ੁਰੂ ਕੀਤਾ। ਉਸ ਨੇ 'ਪੈਕਟੀਨ' ਬਣਾਈ ਜਿਸ ਦੇ ਨਾਲ ਖਾਣ ਵਾਲੀ ਜੈਲੀ ਬਣਦੀ ਹੈ।

1940 ਵਿਚ ਜਰਮਨੀ ਨੇ ਹਾਲੈਂਡ ਉੱਤੇ ਕਬਜ਼ਾ ਕਰ ਲਿਆ। ਓਟੋ ਦੇ ਕਈ ਰਿਸ਼ਤੇਦਾਰ ਸਵਿਟਜ਼ਰਲੈਂਡ ਚਲੇ ਗਏ, ਪਰ ਉਹ ਐਮਸਟਰਡਮ ਡਟਿਆ ਰਿਹਾ। ਉਸ ਦੀ ਕੰਪਨੀ 1939 ਤੋਂ 1944 ਤਕ ਜਰਮਨ ਫ਼ੌਜ ਨੂੰ ਮਸਾਲਾ ਅਤੇ ਪੈਕਟੀਨ ਦੇਂਦੀ ਰਹੀ। ਪੈਕਟੀਨ ਬੇਅੰਤ ਕੰਮ ਆਉਂਦੀ ਸੀ, ਦਵਾਈ ਤੋਂ ਲੈ ਕੇ ਬੰਬ ਬਣਾਉਣ ਤਕ। ਡੱਚ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਨਾਜ਼ੀਆਂ ਦਾ ਸਾਥੀ ਸੀ।

6 ਜੁਲਾਈ, 1939 ਨੂੰ ਉਹ ਆਪਣਾ ਟੱਬਰ ਇਕ 'ਖ਼ੁਫ਼ੀਆ ਅਨੈਕਸੀ" ਵਿਚ ਲੈ ਗਿਆ। ਇਹ ਇਕ ਤਿੰਨ-ਮੰਜ਼ਿਲਾ ਵੱਡਿਆਂ ਸ਼ੀਸ਼ਿਆਂ ਵਾਲਾ ਸ਼ਹਿਰੀ ਘਰ ਸੀ, ਪੰਜਾਹ ਹੋਰ ਅਜੇਹੇ ਘਰਾਂ ਦੇ ਵਾਂਗ, ਜਿਨ੍ਹਾਂ ਦਾ ਇਕ ਸਾਂਝਾ ਬਗ਼ੀਚਾ (ਪਾਰਕ) ਸੀ। ਕਹਿਣ ਨੂੰ ਤਾਂ ਓਟੋ ਏਥੇ ਲੁਕਿਆ ਹੋਇਆ ਸੀ ਪਰ ਉਸ ਦਾ ਕਾਰੋਬਾਰ ਤਾਂ ਏਥੋਂ ਹੀ ਚੱਲਦਾ ਸੀ। ਪੌੜੀਆਂ ਉਤਰ ਕੇ ਆਪਣੇ ਦਫ਼ਤਰ ਜਾਣਾ, ਰਾਤਾਂ ਨੂੰ ਅਤੇ ਛੁੱਟੀ ਵਾਲੇ ਦਿਨ ਵੀ। ਐਨ ਅਤੇ ਹੋਰ ਵੀ ਕਈ ਮਿੱਤਰ ਉਹਦੇ ਨਾਲ ਦਫ਼ਤਰ ਜਾਂਦੇ ਸਨ ਜਿਥੇ ਉਹ ਲੰਡਨ ਰੇਡੀਉ ਨੂੰ ਸੁਣਦੇ ਸਨ।

ਏਥੋਂ ਸ਼ੁਰੂ ਹੁੰਦੀ ਹੈ ਡਾਇਰੀ ਦੀ ਗੱਲ। ਓਟੋ ਕਹਿੰਦਾ ਹੈ ਕਿ ਤੇਰ੍ਹਾਂ ਸਾਲਾਂ ਦੀ ਐਨ ਨੇ ਰੇਡੀਓ ਤੋਂ ਸੁਣਿਆ ਕਿ 'ਆਪਣੀ ਡਾਇਰੀ ਲਿਖੋ, ਜੋ ਅਸੀਂ ਜੰਗ ਪਿੱਛੋਂ ਛਾਪਾਂਗੇ।' ਐਨ 12 ਜੂਨ, 1942 ਤੋਂ ਦਸੰਬਰ 5, 1942 ਤਕ ਡਾਇਰੀ

ਲਿਖਦੀ ਰਹੀ। ਪਾਪਾ ਦੇ ਕਹਿਣ ਮੁਤਾਬਕ ਉਸ ਨੇ ਨਿੱਜੀ ਕਾਗ਼ਜ਼ ਤੇ ਚਿੱਠੀਆਂ ਵੀ ਰਲਾਈਆਂ। ਕਿਤਾਬ ਦਾ ਆਕਾਰ ਸੀ 6 ਇੰਚ × 4 ਇੰਚ × 1/4 ਇੰਚ। ਉਹ ਕਹਿੰਦਾ ਹੈ ਕਿ ਡਾਇਰੀ ਨੂੰ 1944 ਵਿਚ ਨਵੇਂ ਸਿਰਿਓਂ ਲਿਖਿਆ ਗਿਆ।

1944 ਵਿਚ ਹਾਲੈਂਡ ਅੰਦਰ ਜਰਮਨ ਸ਼ਾਸਨ ਨੇ ਓਟੋ ਫ਼੍ਰੈਂਕ ਉੱਤੇ ਫ਼ੌਜੀ ਠੇਕਿਆਂ ਵਿਚ ਭਾਰੀ ਹੇਰਾ-ਫੇਰੀ ਦਾ ਦੋਸ਼ ਲਾਇਆ। ਉਸ ਦੇ ਘਰ ਅਤੇ ਪੜਛੱਤੀ (ਐਟਿਕ) ਵਿੱਚੋਂ ਅੱਠ ਯਹੂਦੀ ਫੜ ਕੇ ਜਬਰੀ ਕੰਮਾਂ ਵਾਲੇ ਕੈਂਪਾਂ ਵਿਚ ਭੇਜ ਦਿੱਤੇ ਗਏ। ਓਟੋ ਨੂੰ ਮਹਾਂ ਬਦਨਾਮ ਆਸ਼ਵਿਟਜ਼ ਕੈਂਪ ਵਿਚ ਭੇਜਿਆ ਗਿਆ। ਐਨ, ਉਸ ਦੀ ਭੈਣ ਮਾਗਾਟ ਅਤੇ ਮਾਂ ਕਿਸੇ ਹੋਰ ਕੈਂਪ ਵਿਚ ਭੇਜੀਆਂ ਗਈਆਂ, ਜਿਥੇ ਉਹ 'ਟਾਈਫਸ' ਰੋਗ ਨਾਲ ਮਰ ਗਈਆਂ।

1945 ਵਿਚ ਓਟੋ ਜਰਮਨਾਂ ਤੋਂ ਛੁੱਟ ਕੇ ਐਮਸਟਰਡਮ ਆਇਆ, ਜਿਥੇ ਉਹ ਕਹਿੰਦਾ ਹੈ ਕਿ ਐਨ ਦੀ ਡਾਇਰੀ ਸ਼ਤੀਰੀਆਂ ਅੰਦਰ ਲੁਕਾਈ ਹੋਈ ਲੱਭੀ। ਇਕ ਹੋਰ ਵਿਥਿਆ ਇਹ ਵੀ ਹੈ ਕਿ ਇਕ ਡੱਚ ਦੋਸਤ ਮੀਪਗੀਸ ਕੋਲ ਐਨ ਦੇ ਕਾਗ਼ਜ਼ ਸਨ, ਜਿਹੜੇ ਉਸ ਨੇ ਓਦੋਂ ਫ਼੍ਰੈਂਕ ਨੂੰ ਦੇ ਦਿੱਤੇ।

ਓਟੋ ਕਹਿੰਦਾ ਹੈ ਕਿ ਉਸ ਨੇ ਐਨ ਦੀਆਂ ਚਿੱਠੀਆਂ ਅਤੇ ਟੂਕਾਂ (ਨੋਟਸ) ਸੋਧ ਕੇ ਆਪਣੀ ਸੈਕਟਰੀ ਈਸਾ ਕੈਵਰਨ ਨੂੰ ਦਿੱਤੇ। ਈਸਾ ਅਤੇ ਉਸ ਦੇ ਪਤੀ ਐਲਬਰਟ ਨੇ ਪਹਿਲੀ ਡਾਇਰੀ ਤਿਆਰ ਕੀਤੀ। ਕਈ ਪਬਲਿਸ਼ਰਾਂ ਨੇ ਸਵਾਲ ਕੀਤਾ ਕਿ ਉਨ੍ਹਾਂ ਨੇ ਐਨ ਦੀ ਆਪਣੀ ਲਿਖਤ ਨੂੰ ਵਰਤਿਆ ਹੈ ਜਾਂ ਉਨ੍ਹਾਂ ਨੇ ਓਟੋ ਫ਼੍ਰੈਂਕ ਦੇ ਲਿਖਾਏ ਹੋਏ ਖਰੜੇ ਨੂੰ ਵਰਤਿਆ ਹੈ ? ਮੇਅਰ ਲੈਵਿਨ ਨੇ ਤੀਜੀ ਅਤੇ ਆਖ਼ਰੀ ਐਡੀਸ਼ਨ ਲਿਖੀ। ਲੈਵਿਨ ਇਕ ਲੇਖਕ ਅਤੇ ਪੱਤਰਕਾਰ ਸੀ ਜੋ ਓਟੋ ਨੂੰ ਫ਼੍ਰਾਂਸ ਵਿਚ 1949 ਦੇ ਨੇੜੇ ਮਿਲਿਆ ਸੀ। 1905 ਦਾ ਜੰਮਿਆ ਲੈਵਿਨ ਓਦੋਂ ਤਕ ਕਈ ਕਾਮਯਾਬ ਕਿਤਾਬਾਂ ਛਾਪ ਚੁੱਕਿਆ ਸੀ। ਲੈਵਿਨ ਨੇ 50000 ਡਾਲਰ ਤਾਂ ਹਾਸਲ ਕਰ ਲਏ ਪਰ *ਐਨ ਫ਼੍ਰੈਂਕ ਦੀ ਡਾਇਰੀ* ਨੂੰ ਡਰਾਮੇ/ਪਲੇਅ ਦੇ ਰੂਪ ਵਿਚ ਵੇਚਣ ਦੇ ਸੁਨਹਿਰੀ ਸੁਪਨੇ ਪੂਰੇ ਨਹੀਂ ਕਰ ਸਕਿਆ। ਉਹ 1981 ਵਿਚ ਗੁਜ਼ਰ ਗਿਆ।

1980 ਵਿਚ ਦੋ ਜਰਮਨਾਂ ਰੋਮਰ ਅਤੇ ਗਾਈਸ ਨੇ ਐਨ ਦੀ ਡਾਇਰੀ ਨੂੰ ਇਕ ਠੱਗੀ-ਫ਼ਰੇਬ ਕਹਿ ਕੇ ਲਿਖਤ ਰੂਪ 'ਚ ਭੰਡਣਾ ਸ਼ੁਰੂ ਕੀਤਾ। ਓਟੋ ਉਨ੍ਹਾਂ ਨੂੰ ਕਚਹਿਰੀ ਵਿਚ ਧੂਹ ਲਿਆਇਆ। ਮੁਕੱਦਮੇ ਦੀ ਕਾਰਵਾਈ ਵਿਚ ਹੱਥ-ਲਿਖਤ ਮਾਹਿਰ ਨੇ ਦੱਸਿਆ ਕਿ ਡਾਇਰੀ ਵਿਚ ਜੋ ਵੀ ਲਿਖਿਆ ਹੋਇਆ ਸੀ, ਇੱਕੋ ਹੀ ਸ਼ਖ਼ਸ ਦੀ ਲਿਖਤ ਸੀ। 324 ਖੁੱਲ੍ਹੇ ਪੱਤਰੇ ਕਾਨੂੰਨੀ ਮਾਹਰਾਂ ਨੇ ਜਾਂਚੇ। ਉਨ੍ਹਾਂ ਨੇ ਇਹ ਸਿੱਟਾ ਕੱਢਿਆ ਕਿ ਲਿਖਤ ਦਾ ਚੋਖਾ ਹਿੱਸਾ, ਖ਼ਾਸਕਰ ਚੌਥੀ ਜਿਲਦ ਬਾਲ-ਪੁਆਇੰਟ ਪੈੱਨ ਨਾਲ ਲਿਖੀ ਹੋਈ ਸੀ। ਕਿਉਂਕਿ ਬਾਲ ਪੁਆਇੰਟ ਪੈੱਨ 1951 ਵਿਚ ਹੋਂਦ ਵਿਚ ਆਏ ਸਨ, ਇਸ ਲਈ ਇਹ ਲਿਖਤ 1944 ਵਿਚ ਮਰਨ ਵਾਲੀ ਐਨ ਫ਼੍ਰੈਂਕ ਦੀ ਨਹੀਂ ਸੀ ਹੋ ਸਕਦੀ। ਅਖ਼ੀਰ ਉੱਤੇ ਜਰਮਨ ਜੁਰਮ ਖੋਜ ਵਿਭਾਗ ਨੇ ਇਹ ਵੀ ਲੱਭ ਲਿਆ ਕਿ ਕਿਤਾਬ ਦੇ ਖਰੜੇ ਦੀ ਲਿਖਤ ਕਿਸੇ ਵੀ ਐਨ ਫ਼੍ਰਾਂਕ ਦੀ ਜਾਣੀ ਹੋਈ ਲਿਖਤ ਨਾਲ ਮੇਲ ਨਹੀਂ ਸੀ ਖਾਂਦੀ।

ਜਰਮਨ ਅਖ਼ਬਾਰ *ਦਰ ਸਪੀਗਲ* ਨੇ ਕੁੱਲ ਕਹਾਣੀ ਦਾ ਸੰਖੇਪ ਇੰਜ ਕੀਤਾ—1. ਕੁਝ ਐਡਿਟਿੰਗ 1951 ਤੋਂ ਪਿੱਛੋਂ ਦੀ ਸੀ, 2. ਕੁੱਲ ਲਿਖਾਈ ਇੱਕੋ ਹੱਥ ਦੀ ਸੀ, 3. ਪੂਰੀ ਡਾਇਰੀ ਨਕਲੀ ਸੀ।

ਯਹੂਦੀ ਸਮਾਜ ਦੇ ਭਾਰੀ ਦਬਾਅ ਹੇਠ ਜਰਮਨ ਖੋਜ ਵਿਭਾਗ ਦੀ ਰਿਪੋਰਟ ਐਡਿਟ ਕਰਨ ਲਈ ਦੱਬ ਲਈ ਗਈ। ਪਰ ਪਿੱਛੋਂ ਕਿਸੇ ਗ਼ਲਤੀ ਦੇ ਨਾਲ ਅਮਰੀਕਾ ਅੰਦਰ ਕੰਮ ਕਰਦੇ ਖੋਜੀਆਂ ਲਈ ਛੱਡ ਦਿੱਤੀ ਗਈ। ਨਤੀਜਾ ਇਹ ਕਿ ਘੁੰਮਦੀ ਘੁਮਾਉਂਦੀ ਕੁੱਲ ਕਹਾਣੀ ਸਾਡੇ ਕੋਲ ਵੀ ਆ ਗਈ।

# ਸ੍ਰੀ ਹਜ਼ੂਰ ਦਾ ਖੇਡ-ਮੈਦਾਨ—ਤਿੱਬਤ

ਤਿੱਬਤ ਧਰਤੀ ਦਾ ਸਭ ਤੋਂ ਉੱਚਾ ਵੱਸੋਂ ਵਾਲਾ ਇਲਾਕਾ ਹੈ। ਹਿਮਾਲਿਆ ਪਰਬਤ ਸਿਲਸਿਲਿਆਂ ਦੇ ਉੱਤਰ ਵੱਲ ਇਹ ਇਕ ਵਿਸ਼ਾਲ ਉੱਚ-ਪੱਧਰੀ ਧਰਤੀ ਹੈ, ਜਿਸ ਦੀ ਔਸਤ ਉਚਾਈ 16000 ਫ਼ੁੱਟ (4980 ਮੀਟਰ) ਹੈ। ਤਿੱਬਤ ਨੂੰ 'ਧਰਤੀ ਦੀ ਛੱਤ' ਵੀ ਕਿਹਾ ਜਾਂਦੈ। ਇਸ ਦਾ ਖੇਤਰਫਲ ਕਰੀਬ 25 ਲੱਖ ਸੁਕੇਅਰ ਕਿਲੋਮੀਟਰ ਹੈ। ਏਥੋਂ ਚਾਲੂ ਹੋਈਆਂ ਬੇਅੰਤ ਮਹਾਨ ਨਦੀਆਂ ਭਾਰਤ, ਪਾਕਿਸਤਾਨ ਅਤੇ ਚੀਨ ਨੂੰ ਸਿੰਜਦੀਆਂ ਹਨ। ਦੁਨੀਆਂ ਵਿਚ ਕੁਲ ਜੰਮੇ ਹੋਏ ਪਾਣੀ ਦਾ ਤੀਜਾ ਹਿੱਸਾ ਤਿੱਬਤ ਵਿਚ ਹੈ। ਕੁਝ ਇਲਾਕੇ ਬਹੁਤ ਠੰਢੇ ਹਨ, ਪਰ ਬਹੁਤੀ ਥਾਂ ਉੱਤਰੀ ਅਮਰੀਕਾ ਅਤੇ ਯੂਰਪ ਦੇ ਤੁਲ ਕਿਤੇ ਘੱਟ ਠੰਡੀ ਅਤੇ ਸੌਖੀ ਰਹਿਣਯੋਗ ਹੈ। ਭਾਰਤ ਦਾ ਖੇਤਰਫਲ 33 ਲੱਖ ਵਰਗ ਕਿਲੋਮੀਟਰ ਹੈ ਅਤੇ ਇਸ ਦੀ ਤਿੱਬਤ (ਚੀਨ) ਨੂੰ ਛੂੰਹਦੀ ਸਰਹੱਦ 3488 ਕਿਲੋਮੀਟਰ (2167 ਮੀਲ) ਲੰਮੀ ਹੈ। ਸੰਨ 1737 ਵਿਚ ਕੀਤੀ ਗਈ ਗਿਣਤੀ ਮੁਤਾਬਿਕ ਤਿੱਬਤ ਦੀ ਕੁੱਲ ਆਬਾਦੀ ਸਵਾ ਗਿਆਰਾਂ ਲੱਖ ਦੇ ਕਰੀਬ ਸੀ। ਉਸ ਸਮੇਂ ਭਾਰਤ ਦੀ ਆਬਾਦੀ ਕਰੀਬ ਡੇਢ ਕਰੋੜ ਸੀ। ਏਸ ਸਮੇਂ ਤਿੱਬਤ ਦੀ ਆਬਾਦੀ ਪੰਝੀ ਲੱਖ ਦੇ ਲਗਭਗ ਹੈ, ਜਦਕਿ ਅਸੀਂ 117 ਕਰੋੜ ਟੱਪ ਚੁੱਕੇ ਹਾਂ।

ਤੇਰ੍ਹਵੀਂ ਸਦੀ ਵਿਚ ਸਿਆਣੇ ਤਿੱਬਤੀ ਨੇਤਾਵਾਂ ਨੇ ਮੰਗੋਲੀਆ ਦੇ ਹਾਕਮ ਚੰਗੇਜ਼ ਖ਼ਾਂ ਕੋਲ ਆਪਣੇ ਏਲਚੀ ਭੇਜ ਕੇ ਈਨ ਮੰਨ ਲਈ। ਏਸ ਤਰ੍ਹਾਂ ਤਿੱਬਤ ਅਤੇ ਮੰਗੋਲੀਆ ਵਿਚਕਾਰ ਇਕ ਨਿੱਘਾ ਰਿਸ਼ਤਾ ਬਣ ਗਿਆ। ਤਿੱਬਤ ਦੇ ਬੋਧੀ ਪ੍ਰਚਾਰਕ ਮੰਗੋਲੀਆ ਅੰਦਰ ਸਿੱਖ ਮੱਤ ਦੇਂਦੇ ਸਨ, ਜਦਕਿ ਤਿੱਬਤ ਦੀ ਰਾਖੀ ਦਾ ਜ਼ਿੰਮਾ ਮੰਗੋਲੀਆ ਦੇ ਸਿਰ ਉੱਤੇ ਹੋ ਗਿਆ।

ਤਿੱਬਤ ਅੰਦਰ ਬੋਧੀਆਂ ਦੀਆਂ ਕਈ ਸੰਪਰਦਾਵਾਂ ਕਾਇਮ ਸਨ, ਜਿਨ੍ਹਾਂ ਵਿੱਚੋਂ ਇਕ ਸੀ—'ਸੋਨਮ ਗਿਆਤਸੋ'। ਸੋਲ੍ਹਵੀਂ ਸਦੀ ਦੇ ਅਖ਼ੀਰ ਵਿਚ ਇਹ ਸੰਪਰਦਾਇ ਮੰਗੋਲੀਆ ਦੇ ਅਲਤਾਨ ਖ਼ਾਨ ਦੀ ਨਿਕਟਵਰਤੀ ਹੋ ਗਈ। ਮੰਗੋਲੀਆ ਦੇ ਸ਼ਾਸਕ ਨੇ ਬੋਧੀਆਂ ਨੂੰ ਖੁੱਲ੍ਹ ਕੇ ਪ੍ਰਚਾਰ ਕਰਨ ਦੀ ਆਗਿਆ ਦਿੱਤੀ। ਸੋਨਮ ਗਿਆਤਸੋ ਵਾਸਤੇ ਉਸ ਨੇ ਖ਼ਿਤਾਬ ਦਿੱਤਾ—'ਦਲਾਈ ਲਾਮਾ'। ਮੰਗੋਲੀ ਭਾਸ਼ਾ ਵਿਚ ਦਲਾਈ ਦਾ ਅਰਥ ਹੈ ਸਾਗਰ ਅਤੇ ਲਾਮਾ ਦਾ ਅਰਥ ਹੈ ਅਧਿਆਪਕ। ਦਲਾਈ ਲਾਮਾ ਦਾ ਅਰਥ ਹੈ—'ਸਿਆਣਪ ਦਾ ਸਾਗਰ'। ਏਹੀ ਉਪਾਧੀ ਸੋਨਮ ਤੋਂ ਪਹਿਲਾਂ ਹੋ ਚੁੱਕੇ ਬੋਧੀਆਂ ਨੂੰ ਮਰਨ ਉਪਰੰਤ ਦਿੱਤੀ ਗਈ। ਇੰਜ ਪਹਿਲਾ ਦਲਾਈ ਲਾਮਾ ਅਸਲ ਵਿਚ ਤੀਜਾ ਸੀ।

ਦੇਵਨੇਤ ਨਾਲ ਚੌਥੇ ਦਲਾਈਲਾਮਾ ਦੀ ਰੂਹ ਅਲਤਾਨ ਖ਼ਾਨ ਦੇ ਪੜਪੋਤਰੇ ਅੰਦਰ ਆ ਗਈ। ਏਸ ਤਰ੍ਹਾਂ ਮੰਗੋਲੀਆ ਦੇ ਖ਼ਾਨਾਂ ਅਤੇ ਤਿੱਬਤ ਦੇ ਦਲਾਈ ਲਾਮਾ ਦਾ ਰਿਸ਼ਤਾ ਪ੍ਰਪੱਕ ਹੋ ਗਿਆ। 1617 ਵਿਚ 27 ਸਾਲ ਦੀ ਉਮਰੇ ਇਹ ਦਲਾਈ ਲਾਮਾ ਗੁਜ਼ਰ ਗਿਆ।

ਪੰਜਵਾਂ ਦਲਾਈ ਲਾਮਾ 1682 ਤਕ ਰਿਹਾ। ਏਸ ਨੇ ਲ੍ਹਾਸਾ ਦੇ ਆਲੀਸ਼ਾਨ ਮਹੱਲ 'ਪੋਤਲਾ' ਦੀ ਉਸਾਰੀ ਸ਼ੁਰੂ ਕੀਤੀ, ਜੋ ਉਸ ਤੋਂ ਅਗਲੇ ਦਲਾਈ ਲਾਮਾ ਨੇ ਸੰਪੂਰਨ ਕੀਤੀ।

ਹੁਣ ਤੋਂ ਪਹਿਲਾਂ ਵਾਲੇ ਤੇਰ੍ਹਵੇਂ ਦਲਾਈ ਲਾਮਾ ਨੇ ਗੱਦੀ ਸੰਭਾਲੀ 1879 ਵਿਚ। ਉਸ ਨੇ ਸਿਆਸੀ ਅਤੇ ਫ਼ੌਜੀ ਤਾਕਤ ਵੀ ਬਣਾਈ। ਹੁਣ ਵਾਲੇ ਚੌਦ੍ਹਵੇਂ ਦਲਾਈ ਲਾਮਾ (ਲਹਾਮੋ ਢੌਂਡਪ) ਨੇ 1950 ਵਿਚ 15 ਸਾਲ ਦੀ ਉਮਰ ਵਿਚ ਗੱਦੀ ਸੰਭਾਲੀ। 'ਹਿਜ਼ ਹੋਲੀਨੈੱਸ' ਦੀ ਉਪਾਧੀ ਪਤਾ ਨਹੀਂ ਕਦੋਂ ਉਸ ਦੇ ਨਾਲ ਜੁੜ ਗਈ। ਪੰਜਾਬੀ ਵਿਚ ਏਸ ਦੇ ਵਾਸਤੇ 'ਸ੍ਰੀ ਹਜ਼ੂਰ' ਕਾਫ਼ੀ ਫਬਦਾ ਜਾਪਦਾ ਹੈ। ਸ੍ਰੀ ਹਜ਼ੂਰ 1954 ਵਿਚ ਬੀਜਿੰਗ ਗਏ, ਜਿਥੇ ਮਾਓ ਜ਼ੇ ਤੁੰਗ ਅਤੇ ਚੂ ਐਨ ਲਾਈ ਅਤੇ ਹੋਰ ਨੇਤਾਵਾਂ ਨਾਲ ਮੁਲਾਕਾਤ ਹੋਈ। 1954 ਵਿਚ ਸ੍ਰੀ ਹਜ਼ੂਰ ਨੇ ਮਾਓ 'ਤੇ ਇਕ ਕਵਿਤਾ ਲਿਖੀ ਜਿਸ ਵਿਚ ਮਾਓ ਨੂੰ ਭਗਵਾਨ/ਰਚੇਤਾ ਨਾਲ ਤੁਲਨਾ ਕੀਤੀ ਗਈ ਹੈ। ਇਹ ਹੱਥ-ਲਿਖਤ ਲੰਮੀ ਕਵਿਤਾ, ਅੱਜ ਦੇ ਬੀਜਿੰਗ ਅੰਦਰ ਇਕ ਬੋਧੀ ਮੰਦਰ ਵਿਚ ਸ਼ੋਭਾ ਦੇ ਰਹੀ ਹੈ। ਇਹ ਕਵਿਤਾ 'ਉਪਰੋਂ' ਲਿਖੀ ਗਈ ਜਾਂ 'ਅੰਦਰੋਂ' ਲਿਖੀ ਗਈ, ਕੇਵਲ ਸ੍ਰੀ ਹਜ਼ੂਰ ਹੀ ਜਾਣਦੇ ਹਨ।

ਏਡੇ ਵਿਸ਼ਾਲ ਤਿੱਬਤ (1000×2500 ਕਿੱਲੋਮੀਟਰ) ਅੰਦਰ ਆਉਣ-ਜਾਣ ਦੇ ਸਾਧਨ ਸਨ, ਪੈਦਲ ਜਾਂ ਘੋੜੇ ਖੱਚਰਾਂ। ਟੈਲੀਫ਼ੋਨ, ਮੋਟਰ ਗੱਡੀ ਕੋਈ ਨਹੀਂ ਸੀ। ਹਾਂ, ਪੋਟਲਾ ਮਹੱਲ ਦੇ ਅੰਦਰ ਇਕ ਕਾਰ ਸੀ, ਅੰਦਰ ਹੀ ਅੰਦਰ ਚਲਾਉਣ ਲਈ। ਪੂਰੇ ਤਿੱਬਤ ਅੰਦਰ ਕਰੀਬ 800 ਬਸਤੀਆਂ ਸਨ, ਜਿਨ੍ਹਾਂ ਉੱਤੇ ਸਥਾਨਕ ਲਾਮਿਆਂ ਦੀ ਪਕੜ ਸੀ। ਸਥਾਨਕ ਸ਼ਕਤੀਵਰ ਲਾਮੇ ਜਾਂ ਉਨ੍ਹਾਂ ਦੇ ਮੱਠ ਹਰ ਕੁਦਰਤੀ ਵਸੀਲੇ ਦੇ ਮਾਲਕ ਸਨ।

ਤਿੱਬਤੀ ਲਾਮਵਾਦ ਬੇਅੰਤ ਸਰਦਾਰਾਂ ਅਤੇ ਮੱਠਾਂ ਉੱਤੇ ਅਧਾਰਿਤ ਸੀ, ਜਿਨ੍ਹਾਂ ਦਾ ਮੋਢੀ ਦਲਾਈ ਲਾਮਾ ਹੀ ਸਮਝਿਆ ਜਾਂਦਾ ਸੀ। 1949 ਵਿਚ ਚੀਨ ਅੰਦਰ ਕਮਿਊਨਿਸਟ ਰਾਜ ਹੋ ਜਾਣ ਨਾਲ ਉਨ੍ਹਾਂ ਨੂੰ ਆਪਣੀ ਹੋਂਦ ਲਈ ਖ਼ਤਰਾ ਜਾਪਣ ਲੱਗ ਪਿਆ। ਅਗਲੇ ਦਸ ਸਾਲਾਂ ਦੇ ਅੰਦਰ ਕਈ ਘਟਨਾਵਾਂ ਹੋ ਗਈਆਂ। ਕੋਰੀਆ ਅੰਦਰ ਚੀਨ ਨੇ ਅਮਰੀਕਨ ਫ਼ੌਜਾਂ ਨੂੰ ਪਛਾੜ ਦਿੱਤਾ। ਤਿੱਬਤ ਅੰਦਰ ਚੀਨ ਨੇ ਸੜਕਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਸਥਾਨਕ ਲੇਬਰ ਨੂੰ ਪਹਿਲੀ ਵਾਰ ਬਰਾਬਰੀ ਦਾ ਅਹਿਸਾਸ ਹੋਇਆ। ਜਗੀਰੂ ਸਮਾਜ ਦੀਆਂ ਜੜ੍ਹਾਂ ਹਿੱਲਣ ਲੱਗੀਆਂ। ਅਮਰੀਕਨ ਸੀ. ਆਈ. ਏ. ਐਨ ਵਕਤ ਸਿਰ ਸ੍ਰੀ ਹਜ਼ੂਰ ਅਤੇ ਸਾਥੀਆਂ ਦੀ ਮਦਦ ਉੱਤੇ ਆਈ। ਬੇਅੰਤ ਅਸਲਾ ਏਅਰ-ਡ੍ਰਾਪ ਕੀਤਾ ਗਿਆ। ਤਿੱਬਤੀਆਂ ਨੂੰ ਅਮਰੀਕਾ ਅੰਦਰ ਕੋਲੋਰੋਡੋ ਅੰਦਰ ਸਿਖਲਾਈ ਦੇ ਕੇ ਨੇਪਾਲ ਰਾਹੀਂ ਤਿੱਬਤ ਭੇਜਿਆ ਗਿਆ। ਸ੍ਰੀ ਹਜ਼ੂਰ ਦੇ ਭਰਾ ਨੇ ਸਭ ਕੰਮਾਂ ਅੰਦਰ ਅਗਵਾਈ ਕੀਤੀ। ਸ੍ਰੀ ਹਜ਼ੂਰ ਅਤੇ ਸਾਥੀ 1959 ਵਿਚ ਆਪਣੇ ਕੀਮਤੀ ਖ਼ਜ਼ਾਨੇ ਅਤੇ ਸਾਥੀਆਂ ਨਾਲ ਸੀ. ਆਈ. ਏ. ਦੀ ਪੂਰਨ ਨਿਗਰਾਨੀ ਹੇਠ ਲ੍ਹਾਸਾ ਤੋਂ ਨਿਕਲ ਕੇ ਭਾਰਤ ਅੰਦਰ ਪਹੁੰਚ ਗਏ। ਭਾਰਤ ਸਰਕਾਰ ਨੇ ਪੂਰੇ ਸਨਮਾਨ ਨਾਲ ਉਨ੍ਹਾਂ ਨੂੰ ਸ਼ਰਨ ਦਿੱਤੀ। ਧਰਮਸ਼ਾਲਾ ਉਨ੍ਹਾਂ ਦਾ ਮੁੱਖ ਟਿਕਾਣਾ ਹੈ, ਜਿਥੇ ਉਨ੍ਹਾਂ ਨੇ ਦੇਸੋਂ ਬਾਹਰ ਤਿੱਬਤੀ ਸਰਕਾਰ ਬਣਾਈ ਹੋਈ ਹੈ। ਏਥੋਂ ਉਹ ਭਾਰਤ ਅੰਦਰ ਤਿੱਬਤੀ ਲੋਕਾਂ ਦੀ ਦੇਖ-ਭਾਲ ਅਤੇ ਤਿੱਬਤੀ ਅਤੇ ਅੰਤਰਰਾਸ਼ਟਰੀ ਮੰਚ ਉੱਤੇ ਤਿੱਬਤ ਦੀ ਆਜ਼ਾਦੀ ਲਈ ਲਗਾਤਾਰ ਸੰਘਰਸ਼ ਕਰਦੇ ਰਹਿੰਦੇ ਹਨ। ਤਿੱਬਤ ਦੇ ਅੰਦਰ ਗੁਰੀਲਾ ਜੰਗ 1975 ਤਕ ਚਲਾਉਂਦੇ ਰਹੇ ਹਨ ਅਤੇ ਇਸ ਵਿਚ ਬੇਅੰਤ ਜਿੱਤਾਂ ਪ੍ਰਾਪਤ ਕੀਤੀਆਂ। ਅਖ਼ੀਰ ਜਦੋਂ ਅਮਰੀਕਾ ਅਤੇ ਚੀਨ ਵਿਚਕਾਰ ਇਕ ਤਰ੍ਹਾਂ ਦੀ ਸੁਲਹ ਹੋ ਗਈ ਤਾਂ ਸ੍ਰੀ ਹਜ਼ੂਰ ਦੀ ਤਿੱਬਤ ਲਹਿਰ ਨੂੰ ਬਹੁਤ ਧੱਕਾ ਲੱਗਾ। ਸਭ ਤੋਂ ਵੱਡੀ ਗੱਲ ਇਹ ਸੀ ਕਿ ਅਮਰੀਕਾ ਨੇ ਤਿੱਬਤ ਨੂੰ

ਚੀਨ ਦਾ ਹਿੱਸਾ ਕਰ ਕੇ ਮੰਨਿਆ। ਤਾਂ ਵੀ ਸੀ. ਆਈ. ਏ. ਵੱਲੋਂ ਤਿੱਬਤ ਸੰਗਠਨ ਅਤੇ ਆਪ ਸ੍ਰੀ ਹਜ਼ੂਰ ਜੀ ਨੂੰ ਮਾਇਕ ਸਹਾਇਤਾ ਹੁਣ ਤਕ ਮਿਲ ਰਹੀ ਹੈ। ਵੇਲੇ-ਕੁਵੇਲੇ ਤਿੱਬਤੀਆਂ ਨੂੰ ਵਰਤ ਵੀ ਲਿਆ ਜਾਂਦਾ ਹੈ, ਜਿਵੇਂ 2008 ਦੀਆਂ ਬੀਜਿੰਗ ਉਲੰਪਿਕਸ ਖੇਡਾਂ ਦੇ ਵਿਰੋਧ ਵਿਚ ਤਿੱਬਤੀ ਸੰਗਠਨਾਂ ਵੱਲੋਂ ਕੁਲ ਦੁਨੀਆਂ ਅੰਦਰ ਜਲੂਸ ਕੱਢਣ ਅਤੇ ਭਗਦੜ ਕੀਤੀ ਗਈ। ਚਲੋ, ਇਤਿਹਾਸ ਇੰਜ ਹੀ ਚੱਲਦਾ ਹੈ ਬੇਅੰਤ ਵਲਵਲੇਵਿਆਂ ਵਿਚ। ਜਿਵੇਂ ਨੋਬੇਲ ਇਨਾਮ ਦਿੱਤੇ ਜਾਂਦੇ ਨੇ, ਓਵੇਂ ਸ੍ਰੀ ਹਜ਼ੂਰ ਨੂੰ ਵਿਸ਼ਵ ਸ਼ਾਂਤੀ ਦੇ ਨਾਂ ਉੱਤੇ ਪੁਰਸਕਾਰ ਮਿਲਿਆ 1989 ਵਿਚ। ਏਸ ਤਰ੍ਹਾਂ ਸ੍ਰੀ ਹਜ਼ੂਰ ਦਾ ਰੁਤਬਾ ਹੋਰ ਉੱਚਾ ਹੋਇਆ। ਆਪ ਜੋ ਵੀ ਫ਼ੁਰਮਾਉਂਦੇ ਹਨ, ਕੁੱਲ ਪੱਛਮੀ ਦੇਸਾਂ ਦੇ ਅਖ਼ਬਾਰ ਅਤੇ ਮੀਡੀਆ ਪੂਰੇ ਜ਼ੋਰ ਨਾਲ ਪ੍ਰਚਾਰ ਕਰਦੇ ਹਨ।

ਸ੍ਰੀ ਹਜ਼ੂਰ ਨੇ ਪੁਰਾਣੇ ਬਾਦਸ਼ਾਹਾਂ ਦੇ ਵਾਂਗ ਰੂਹਾਨੀ ਅਤੇ ਦੁਨਿਆਵੀ, ਦੋਵੇਂ ਤਾਜ ਆਪਣੇ ਉੱਪਰ ਰੱਖੇ ਹਨ। ਉਹ ਜੋ ਵੀ ਕਹਿੰਦੇ ਹਨ, ਸੱਚ ਮੰਨ ਕੇ ਤਾਮੀਲ ਹੋਈ ਸਮਝੀ ਜਾਣੀ ਚਾਹੀਦੀ ਹੈ। ਪਰ ਕਈ ਥਾਂ ਉਨ੍ਹਾਂ ਦੇ ਬਿਆਨ ਸੱਚਾਈ ਨਾਲ ਮੇਲ ਨਹੀਂ ਖਾਂਦੇ। ਤਿੱਬਤ ਬਾਰੇ ਉਨ੍ਹਾਂ ਦੇ ਸਦਾ ਦੇ ਬਿਆਨ ਕਹਿੰਦੇ ਹਨ ਕਿ ਤਿੱਬਤ ਦਲਾਈ ਲਾਮਿਆਂ ਦੇ ਸਮਾਜ ਅੰਦਰ ਇਕ ਜੰਨਤ ਦੀ ਤਸਵੀਰ ਸੀ, ਜਿਸ ਅੰਦਰ ਇਕ ਇਕ ਤਿੱਬਤੀ ਸੰਤੁਸ਼ਟ ਸੀ ਅਤੇ ਕੁਦਰਤ ਨਾਲ ਇਕ ਸੁਰ ਹੋ ਕੇ ਜ਼ਿੰਦਗੀ ਦਾ ਆਨੰਦ ਮਾਣਦਾ ਸੀ। ਹੋ ਸਕਦੈ ਕਿ ਸ੍ਰੀ ਹਜ਼ੂਰ ਪਟੋਲਾ ਮਹੱਲ ਅੰਦਰ ਰਹਿ ਕੇ ਇਤਿਹਾਸਕ ਅਤੇ ਆਪਣੇ ਸਮੇਂ ਦੇ ਤਿੱਬਤ ਨੂੰ ਠੀਕ ਤਰ੍ਹਾਂ ਪੜ੍ਹ ਨਹੀਂ ਸਕੇ ਅਤੇ ਜਾਂ ਸਮੇਂ ਦੇ ਵੇਗ ਨੇ ਉਨ੍ਹਾਂ ਨੂੰ ਉਸ ਥਾਂ ਲੈ ਆਂਦਾ ਹੈ ਕਿ ਉਨ੍ਹਾਂ ਲਈ ਸੱਚ ਅਤੇ ਝੂਠ ਕੋਈ ਮਾਇਨਾ ਨਹੀਂ ਰੱਖਦੇ। ਪ੍ਰਚਾਰ ਮੁੱਖ ਮੰਤਵ ਹੈ ਜਿਸ ਦੇ ਲਈ ਦੁਨੀਆਂ ਦਾ ਮੀਡੀਆ ਉਨ੍ਹਾਂ ਅੱਗੇ ਸਿਰ ਝੁਕਾਈ ਖੜੋਤਾ ਹੈ।

ਹੁਣ ਵੇਖੀਏ ਕਿ 1949 ਤੋਂ ਪਹਿਲਾਂ ਤਿੱਬਤੀ ਸਮਾਜ ਕਿਹੋ ਜਿਹਾ ਸੀ। ਏਸ ਨੂੰ ਘੋਖਣ ਲਈ ਬੇਅੰਤ ਲਿਖਤਾਂ ਲੱਭਦੀਆਂ ਨੇ, ਜਿਨ੍ਹਾਂ ਵਿਚ ਅੱਖੀਂ ਡਿੱਠੇ ਹਾਲਾਤ ਦਰਜ ਨੇ। ਮੁੱਖ ਤੌਰ ਉੱਤੇ ਇੰਜ ਸਮਝ ਆਉਂਦੀ ਹੈ।

ਤਿੱਬਤ ਇਕ ਜਾਗੀਰਦਾਰੀ ਸਮਾਜ ਸੀ। ਇਸ ਸਮਾਜ ਅੰਦਰ ਦੋ ਹੀ ਵਰਗ ਸਨ—ਸਰਦਾਰ ਮਾਲਕ ਅਤੇ ਖੇਤੀ ਕਾਮੇ। ਸਰਦਾਰ ਮਾਲਕ ਅਤੇ ਮੱਠ ਮਾਲਕ ਕੁਲ ਜ਼ਮੀਨ, ਡੰਗਰਾਂ ਅਤੇ ਲੋਕਾਂ ਦੇ ਮਾਲਕ ਸਨ। ਕਾਮੇ ਨਿਹਾਇਤ ਘਟੀਆ ਸਮਝੇ ਜਾਂਦੇ ਸਨ। ਉਹ ਮਾਲਕ ਦੇ ਭਾਂਡੇ ਵਰਤਣ ਜਾਂ ਉਸ ਦੇ ਬਰਾਬਰ ਰਹਿਣ ਦੀ ਗੱਲ ਤਾਂ ਬਹੁਤ ਦੂਰ ਦੀ ਹੈ, ਉਹ ਮਾਲਕ ਦੀ ਬੋਲੀ ਵੀ ਨਹੀਂ ਸਨ ਬੋਲ ਸਕਦੇ। ਮਾਲਕ ਦੀ ਕਿਸੇ ਸ਼ੈਅ ਨੂੰ ਹੱਥ ਲਾਉਣ ਪਿੱਛੋਂ ਚਾਬਕਾਂ ਵੱਜਦੀਆਂ ਸਨ। ਕਾਮੇ ਨੂੰ ਕਦੇ ਵੀ ਗ਼ੁਲਾਮ ਵਿਚ ਬਦਲ ਕੇ, ਉਸ ਨੂੰ ਕੰਮ ਨਾਲ ਹਫਾ-ਹਫਾ ਕੇ ਮਾਰਿਆ ਜਾਂਦਾ ਸੀ। ਲ੍ਹਾਸਾ ਅੰਦਰ ਬੱਚਿਆਂ ਦੀ ਵਿਕਰੀ ਆਮ ਸੀ। ਤਿੱਬਤ ਦਾ ਕੋਈ ਵੀ ਵਾਸੀ ਮਾਲਕ ਤੋਂ ਬਿਨਾਂ ਨਹੀਂ ਸੀ ਹੋ ਸਕਦਾ। ਤਿੱਬਤੀ ਵਿਚ ਔਰਤ ਦਾ ਅਰਥ ਹੈ ਘਟੀਆ ਪੈਦਾਇਸ਼। ਹਰ ਬਦੀ ਅਤੇ ਗੁਨਾਹ ਨੂੰ ਔਰਤ ਨਾਲ ਜੋੜਿਆ ਜਾਂਦਾ ਸੀ। ਉਨ੍ਹਾਂ ਨੂੰ ਮਰਦ ਦੇ ਗੋਡੇ ਤੋਂ ਉੱਪਰ ਵੇਖਣ ਦੀ ਮਨਾਹੀ ਸੀ। ਕਦੇ ਕਿਸੇ ਔਰਤ ਨੇ ਕਿਸੇ ਵੱਡੇ ਮੱਠ ਜਾਂ ਦਲਾਈ ਲਾਮਾ ਦੇ ਮਹੱਲ ਨੇੜੇ ਕਦਮ ਰੱਖ ਕੇ ਨਹੀਂ ਸੀ ਵੇਖਿਆ। ਜੁੜਵੇਂ ਬੱਚੇ ਪੈਦਾ ਹੋਣਾ ਇਕ ਵੱਡਾ ਅਪਸ਼ਗਨ ਮੰਨਿਆ ਜਾਂਦਾ ਸੀ, ਜਿਸ ਪਿੱਛੇ ਪਿੰਡਾਂ ਅੰਦਰ ਮਾਂ ਅਤੇ ਦੋਵਾਂ ਬੱਚਿਆਂ ਨੂੰ ਇਕੱਠਿਆਂ ਸਾੜ ਦਿੱਤਾ ਜਾਂਦਾ ਸੀ। ਅਮੀਰ ਕਈ ਕਈ ਔਰਤਾਂ ਰੱਖਦੇ ਸਨ। ਗ਼ਰੀਬਾਂ ਦੇ ਅੰਦਰ ਕਈ ਭਰਾਵਾਂ ਦੀ ਇੱਕੋ ਸਾਂਝੀ ਔਰਤ ਹੁੰਦੀ ਸੀ। ਕਾਮੇ ਦੀ ਪਤਨੀ ਜਾਂ ਧੀ ਨਾਲ ਬਲਾਤਕਾਰ ਤਾਂ ਮਾਲਕਾਂ ਲਈ ਸ਼ੁਗ਼ਲ ਸੀ।

ਉਪਰਲਾ ਤਬਕਾ ਕੇਵਲ ਦੋ ਫ਼ੀਸਦੀ ਸੀ, ਤਿੰਨ ਫ਼ੀਸਦੀ ਸਨ ਉਨ੍ਹਾਂ ਦੇ ਮਦਦਗਾਰ, ਮੈਨੇਜਰ, ਫ਼ੌਜਾਂ ਆਦਿ। ਕੇਵਲ 626 ਲੋਕ ਮਾਲਕ ਸਨ, 93 ਪ੍ਰਤੀਸ਼ਤ ਜ਼ਮੀਨ ਅਤੇ 70 ਪ੍ਰਤੀਸ਼ਤ ਮਾਲ ਡੰਗਰ ਦੇ। ਕਿਸੇ ਕਾਮੇ ਨੂੰ ਕੰਮ ਪਿੱਛੋਂ ਉਜਰਤ ਨਹੀਂ ਸੀ ਦਿੱਤੀ ਜਾਂਦੀ। ਕਾਮੇ 16 ਤੋਂ 18 ਘੰਟੇ ਰੋਜ਼ ਕੰਮ ਕਰਦੇ ਸਨ। ਹੁਕਮ ਸੀ ਕਿ "ਜੋ ਉਂਗਲ ਪੁਜਾਰੀ ਅੱਗੇ ਉੱਠੇ, ਉਹ ਕੱਟ ਦਿੱਤੀ ਜਾਵੇ, ਜੋ ਮੰਦਾ ਬੋਲੇ, ਉਸ ਦੇ ਬੁੱਲ੍ਹ ਕੱਟ ਦਿੱਤੇ ਜਾਣ ਅਤੇ ਜਿਸ ਦੀਆਂ ਅੱਖਾਂ ਗੁਸਤਾਖ਼ ਹੋਣ, ਉਹ ਕੱਢ ਲਈਆਂ ਜਾਣ"।

ਜਿਵੇਂ ਅੱਜ-ਕੱਲ੍ਹ ਵੈਟੀਕਨ ਚਰਚ, ਕੁਲ ਦੁਨੀਆਂ ਅੰਦਰ ਮੁੰਡਿਆਂ/ਬੱਚਿਆਂ ਦੇ ਬਲਾਤਕਾਰ ਦੇ ਘੇਰੇ ਵਿਚ ਫਸਿਆ ਹੋਇਆ ਹੈ, ਤਿੱਬਤੀ ਮੱਠਾਂ ਅੰਦਰ ਕੋਈ ਸਮੱਸਿਆ ਨਹੀਂ ਸੀ। ਉਥੇ ਤਾਂ ਰੋਜ਼ ਦਾ ਹੀ ਕੰਮ ਸੀ ਅਤੇ ਪੁੱਛਣ ਵਾਲਾ ਕੋਈ ਨਹੀਂ ਸੀ। ਪ੍ਰਚਾਰ ਤਰਸ ਦਾ ਹੁੰਦਾ ਸੀ, ਪਰ ਚਾਬਕਾਂ ਤਾਂ ਰੋਜ਼ ਮਾਰੀਆਂ ਜਾਂਦੀਆਂ ਸਨ।

ਦਲਾਈ ਲਾਮਿਆਂ ਦੇ ਦੇਸ ਅੰਦਰ ਸਫ਼ਾਈ, ਸਵੱਛਤਾ ਅਤੇ ਜਰਾਸੀਮਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ। ਸਾਧਾਰਨ ਲੋਕਾਂ ਲਈ ਕੋਈ ਵੀ ਥਾਂ ਪੇਟ ਦਾ ਭਾਰ ਹਲਕਾ ਕਰਨ ਲਈ ਠੀਕ ਸੀ। ਉਨ੍ਹਾਂ ਨੂੰ ਪੜ੍ਹਾਇਆ ਜਾਂਦਾ ਸੀ, ਬਿਮਾਰੀ ਅਤੇ ਮੌਤ ਦੇ ਕਾਰਨ ਅਧਰਮੀ ਜੀਵਨ ਸਨ ਅਤੇ ਉਨ੍ਹਾਂ ਤੋਂ ਬਚਾਉਣ ਲਈ ਕਾਗ਼ਜ਼ੀ ਤਵੀਤ ਨਿਗਲਣੇ ਅਤੇ ਮੰਤਰਾਂ ਦੇ ਜਾਪ ਅਤਿਅੰਤ ਜ਼ਰੂਰੀ ਸਨ। ਬੇਅੰਤ ਬੱਚੇ ਇਕ ਸਾਲ ਤੋਂ ਪਹਿਲਾਂ ਹੀ ਮਰ ਜਾਂਦੇ ਸਨ। ਕਈ ਦਲਾਈ ਲਾਮੇ ਵੀ ਪੰਝੀ ਸਾਲ ਨਹੀਂ ਟੱਪ ਸਕੇ। ਜਗੀਰਦਾਰੀ ਜ਼ੋਰ ਜ਼ਬਰਦਸਤੀ ਕਾਰਨ, ਮੱਠਾਂ ਦੇ ਅੰਦਰ ਵੀ ਲਿੰਗ-ਰੋਗਾਂ ਦੀ ਬਹੁਤਾਤ ਸੀ।

ਪ੍ਰਚਾਰ ਅਹਿੰਸਾ ਦਾ ਕੀਤਾ ਜਾਂਦਾ ਸੀ। ਸਭ ਲਾਮਿਆਂ ਅਤੇ ਮੱਠਾਂ ਨੇ ਲੋਹੇ ਦੇ ਡੰਡੇ ਵਾਲੇ ਗੁੰਡੇ ਰੱਖੇ ਹੋਏ ਸਨ, ਜੋ ਰੋਜ਼ ਹੀ ਕਾਮਿਆਂ ਨੂੰ ਸੋਧਦੇ ਰਹਿੰਦੇ ਸਨ। ਜਦੋਂ ਕੋਈ ਕਾਮਾ ਭੱਜ ਜਾਂਦਾ ਤਾਂ ਇਹ ਗੁੰਡੇ ਵਾਪਸ ਫੜ ਲਿਆਉਂਦੇ ਸਨ। ਖ਼ੂਬ ਤਸੀਹੇ ਦਿੱਤੇ ਜਾਂਦੇ—ਅੱਖਾਂ ਅੰਦਰ ਮਿਰਚਾਂ ਅਤੇ ਨਹੁੰਆਂ ਹੇਠ ਕਿੱਲ, ਬੇਅੰਤ ਹੋਰ ਢੰਗਾਂ ਦੇ ਤਸੀਹੇ ਦੇ ਕੇ, ਅਧਮੋਏ ਨੂੰ ਸੁੱਟ ਦਿੱਤਾ ਜਾਂਦਾ ਸੀ। ਅਖ਼ੀਰ ਉੱਤੇ ਜਦੋਂ ਉਹ ਮਰਦਾ ਸੀ ਤਾਂ ਇਹ ਤਾਂ ਰੱਬ ਦਾ ਭਾਣਾ ਹੁੰਦਾ ਸੀ। ਉਸ ਨੂੰ ਗੁੰਡਿਆਂ ਨੇ ਤਾਂ ਮਾਰਿਆ ਹੀ ਨਹੀਂ ਸੀ ਹੁੰਦਾ।

# ਐੱਚ.ਆਈ.ਵੀ. ਅਤੇ ਏਡਜ਼ ਦਾ ਹਊਆ

ਪਿਛਲੀ ਸਦੀ ਦੇ ਸ਼ੁਰੂ ਅੱਸੀਆਂ ਤੋਂ ਇਕ ਭਿਆਨਕ ਮਹਾਂ-ਮਾਰੀ ਦੇ ਸੰਕੇਤ ਪ੍ਰੈੱਸ ਅਤੇ ਟੀ.ਵੀ. ਉੱਤੇ ਆਉਣੇ ਸ਼ੁਰੂ ਹੋਏ। ਪਹਿਲਾਂ ਆਇਆ ਕਿ ਇਹ ਰੋਗ ਕੇਵਲ ਸਮਲਿੰਗੀ ਰੁਚੀਆਂ ਵਾਲੀ ਨਰ-ਸ਼੍ਰੇਣੀ ਵਿਚ ਹੀ ਵੇਖਣ ਵਿਚ ਆਇਆ ਹੈ, ਸਾਧਾਰਨ ਨਰ-ਮਾਦਾ ਰਿਸ਼ਤੇ ਵਾਲਿਆਂ ਵਿਚ ਨਹੀਂ। ਫਿਰ ਕਿਹਾ ਗਿਆ ਕਿ ਇਸ ਦਾ ਅਮਰੀਕਨ ਕਾਲੇ ਲੋਕਾਂ ਵਿਚ ਖਿਲਾਰ ਦਾ ਮੁੱਖ ਕਾਰਨ ਹੈ—ਇੱਕੋ ਹੀ ਸੂਈ ਨਾਲ ਕਈ ਲੋਕਾਂ ਦਾ ਨਸ਼ੇ ਦੇ ਟੀਕੇ ਲਗਾਉਣਾ। ਫਿਰ ਦੱਸਿਆ ਗਿਆ ਕਿ ਨਰ ਜਾਂ ਮਾਦਾ ਦੋਹਾਂ ਵੱਲੋਂ ਇਹ ਰੋਗ ਖਿੱਲਰ ਸਕਦਾ ਹੈ। ਅਖ਼ੀਰ ਉੱਤੇ ਆਇਆ ਕਿ ਵੇਸਵਾਵਾਂ ਇਸ ਰੋਗ ਨੂੰ ਖਿਲਾਰਨ ਦਾ ਬਹੁਤ ਵੱਡਾ ਕਾਰਨ ਹਨ।

ਏਡਜ਼ (AIDS) ਦਾ ਪੂਰਾ ਮਤਲਬ ਹੈ Acquired Immune Deficiency Syndrome ਭਾਵ ਕਿ ਸਰੀਰ ਦੀ ਰੱਖਿਆ-ਪ੍ਰਣਾਲੀ ਹਾਰ ਜਾਣੀ, ਇੰਨੀ ਮਰਨਾਊ ਹੋ ਜਾਣੀ ਕਿ ਰੋਗੀ ਸਰੀਰ ਬੈਕਟੀਰੀਆ, ਵਾਇਰਸ ਜਾਂ ਫੰਗਸ/ਉੱਲੀ ਦੇ ਨਾਲ ਗ੍ਰਸਤ ਹੋ ਕੇ ਰੋਜ਼-ਬ-ਰੋਜ਼ ਨਿੱਘਰਦਾ ਜਾਵੇ ਅਤੇ ਅੰਤ ਵਿਚ ਉਸ ਨੂੰ ਬੇਵਕਤ ਮੌਤ ਆ ਜਾਵੇ।

ਸਾਇੰਸਦਾਨਾਂ ਵੱਲੋਂ ਏਡਜ਼ ਦੇ ਕਾਰਨ ਲੱਭਣ ਦੇ ਯਤਨ ਸ਼ੁਰੂ ਹੋ ਗਏ। ਜੇ ਕੋਈ ਬੈਕਟੀਰੀਆ ਜਾਂ ਫੰਗਸ ਇਸ ਦਾ ਕਾਰਨ ਹੁੰਦਾ ਤਾਂ ਦਿਨਾਂ ਵਿਚ ਹੀ ਲੱਭ ਜਾਣਾ ਸੀ; ਕੋਈ ਅਜਿਹਾ ਹਮਲਾਵਰ ਨਹੀਂ ਲੱਭਿਆ, ਜਿਸ ਦੀ ਵਾਕਫ਼ੀ ਪਹਿਲਾਂ ਨਹੀਂ ਸੀ, ਇਸ ਲਈ ਏਡਜ਼ ਦੀ ਵਾਇਰਸ ਲੱਭਣ ਵੱਲ ਯਤਨ ਸ਼ੁਰੂ ਹੋ ਗਏ।

ਪਾਸਚਰ ਇੰਸਟੀਚਿਊਟ, ਪੈਰਿਸ ਅੰਦਰ ਕੰਮ ਕਰਦਿਆਂ ਫ੍ਰਾਂਸਵਾ-ਬਰੇ-ਸਨੂਜ਼ੀ ਅਤੇ ਲੁਕ ਮੋਨਟਾਨੀਅਰ ਨੇ 1983 ਈ. ਵਿਚ ਇਕ ਨਵੀਂ ਵਾਇਰਸ ਏਡਜ਼ ਦੇ ਰੋਗੀਆਂ ਅੰਦਰ ਲੱਭੀ, ਜਿਸ ਦਾ ਨਾਂ HIV ਰੱਖਿਆ ਗਿਆ। ਇਸ ਵਾਇਰਸ ਦਾ ਇਕ ਨਮੂਨਾ ਅਮਰੀਕਾ ਅੰਦਰ ਵਾਸ਼ਿੰਗਟਨ ਸਥਿਤ ਰਾਬਰਟ ਗੈਲੋ ਨੂੰ ਪ੍ਰੋੜ੍ਹਤਾ ਲਈ ਭੇਜਿਆ ਗਿਆ। ਗੈਲੋ ਨੇ ਕੁਝ ਹੀ ਚਿਰ ਪਿੱਛੋਂ ਉਸ ਨਮੂਨੇ ਨੂੰ ਆਪਣਾ ਕਹਿ ਕੇ ਐਲਾਨ ਕਰ ਦਿੱਤਾ ਕਿ ਏਡਜ਼ ਦਾ ਕਾਰਨ HIV ਵਾਇਰਸ, ਉਸ ਨੇ ਲੱਭੀ ਹੈ ਅਤੇ ਉਸ ਨੂੰ ਲੋਕਾਂ ਅੰਦਰ ਲੱਭਣ ਲਈ ਇਕ ਟੈਸਟ ਵੀ ਪੈਦਾ ਕਰ ਲਿਆ ਗਿਆ ਹੈ। ਇਸ ਉੱਤੇ ਫ਼ਰਾਂਸ ਅਤੇ ਅਮਰੀਕਾ ਅੰਦਰ ਇਕ ਕਾਨੂੰਨੀ ਜੰਗ ਸ਼ੁਰੂ ਹੋ ਗਈ, ਜਿਸ ਵਿਚ ਅਮਰੀਕਾ ਦੇ ਪ੍ਰਧਾਨ ਅਤੇ ਫ਼ਰਾਂਸ ਦੇ ਪ੍ਰਧਾਨ ਮੰਤਰੀ ਨੇ ਆਪਣੀਆਂ-ਆਪਣੀਆਂ ਧਿਰਾਂ ਨੂੰ ਥਾਪੜਾ ਦੇਣਾ ਸ਼ੁਰੂ ਕਰ ਦਿੱਤਾ। ਅੰਤ 1987 ਈ. ਵਿਚ ਇਹ ਫ਼ੈਸਲਾ ਲਿਆ ਗਿਆ ਕਿ ਦੋਹਾਂ ਧਿਰਾਂ ਨੂੰ ਬਰਾਬਰ ਦਾ ਮੰਨ ਲਿਆ ਜਾਵੇ। ਫ਼ਸਾਦ ਦੀ ਜੜ੍ਹ ਸੀ HIV ਟੈਸਟਾਂ ਵਿੱਚੋਂ ਹੋਣ ਵਾਲੀ ਕਮਾਈ, ਜਿਸ ਨੇ ਅਰਬਾਂ ਡਾਲਰਾਂ ਤਕ ਪਹੁੰਚਣਾ ਸੀ।

ਸਾਲ 2008 ਵਿਚ ਫ਼ਰਾਂਸੀਸੀ ਖੋਜੀਆਂ ਨੂੰ ਐਚ.ਆਈ.ਵੀ. ਵਾਇਰਸ ਲੱਭਣ ਲਈ ਨੋਬੇਲ ਪੁਰਸਕਾਰ ਮਿਲਿਆ। ਅਮਰੀਕਨ ਖੋਜੀ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ।

20-22 ਸਾਲਾਂ ਤੋਂ ਏਡਜ਼ ਨੂੰ ਲੈ ਕੇ ਬੇਅੰਤ ਪ੍ਰਚਾਰ ਕੀਤਾ ਗਿਆ ਹੈ ਕਿ ਇਸ ਰੋਗੀ ਦੀ ਪਰਲੋਅ ਨਾਲ ਦੁਨੀਆਂ ਦੀ ਅੱਧੀਓਂ ਵੱਧ ਆਬਾਦੀ ਨੇ ਉੱਡ-ਪੁੱਡ ਜਾਣਾ ਹੈ, ਆਦਿ। ਇਸ ਤੋਂ ਬਚਣ ਲਈ, ਕਿਹਾ ਗਿਆ ਕਿ ਐਚ.ਆਈ.ਵੀ. ਟੈਸਟ ਕਰਵਾਉਣਾ ਜ਼ਰੂਰੀ ਹੈ ਅਤੇ ਜਿਸ ਕਿਸੇ ਦੇ ਅੰਦਰ ਵੀ HIV ਐਂਟੀਬਾਡੀ ਲੱਭੇ, ਇਲਾਜ ਐਂਟੀਰੀਟਰੋਵਾਇਰਲ ਦਵਾਈਆਂ ਨਾਲ ਕੀਤਾ ਜਾਵੇ। HIV ਇਕ ਰੀਟਰੋਵਾਇਰਸ ਹੈ। ਹਰ ਖ਼ੂਨ ਦੀ ਬੋਤਲ ਇਸ ਵਾਇਰਸ ਲਈ ਟੈਸਟ ਕੀਤੀ ਜਾਵੇ। ਹਰ ਟੈਸਟ ਦੇ ਪਿੱਛੇ ਗੈਲੋ ਨੂੰ ਕਮਿਸ਼ਨ ਜਾਂਦਾ ਹੈ। ਇਲਾਜ ਕਰਨ ਲਈ ਵਰਤੀ ਜਾਂਦੀ ਦਵਾਈ 'ਵੈੱਲਕਮ' ਕੰਪਨੀ ਰਾਕਫ਼ੈਲਰ ਦੀ ਮਲਕੀਅਤ ਹੈ। ਰਾਕਫ਼ੈਲਰ ਪਰਿਵਾਰ ਦੁਨੀਆਂ ਅੰਦਰ ਇਕ ਨਵਾਂ ਨਿਜ਼ਾਮ ਲਿਆਉਣ ਵਿਚ ਕਈਆਂ ਸ਼ਕਤੀਆਂ ਦੇ ਨਾਲ ਸਾਂਝੀਵਾਲ ਹੈ।

ਏਡਜ਼ ਦੇ ਹਊਏ ਦਾ ਦੂਜਾ ਪਾਸਾ ਕੀ ਹੈ ? ਉਹ ਹੈ ਇਹ : HIV ਨਾਲ ਏਡਜ਼ ਨਹੀਂ ਹੁੰਦੀ। HIV ਨਾਲ ਕੋਈ ਹੋਰ ਰੋਗ ਵੀ ਨਹੀਂ ਹੁੰਦਾ। 'ਕੈਦੀ' ਸਾਇੰਸੀ ਅਦਾਰਿਆਂ ਵੱਲੋਂ HIV ਹੀ ਏਡਜ਼ ਦਾ ਇਕ-ਮਾਤਰ ਕਾਰਨ ਦੱਸ ਕੇ ਜਨਤਾ ਨੂੰ ਭੁਚਲਾਇਆ ਗਿਆ ਹੈ। HIV ਏਨੀ ਕਮਜ਼ੋਰ ਵਾਇਰਸ ਹੈ ਕਿ ਸਰੀਰ ਦੀ ਰੋਗ-ਰੋਕੂ ਸ਼ਕਤੀ ਨੂੰ ਉਖਾੜ ਨਹੀਂ ਸਕਦੀ। ਏਡਜ਼ ਦਾ ਰੋਗ ਸੈਕਸ ਰਾਹੀਂ ਨਹੀਂ ਹੁੰਦਾ।

ਵਾਇਰਸ ਦੋ ਕਿਸਮ ਦੀ ਹੁੰਦੀ ਹੈ। ਜੇ ਇਕ ਹਵਾਈ ਜਹਾਜ਼ ਦੀ ਉਦਾਹਰਣ ਲਈਏ ਤਾਂ ਇਕ ਵਾਇਰਸ ਉਹ ਹੈ ਜਿਸ ਨੂੰ ਕਹਿ ਸਕਦੇ ਹਾਂ ਕਿ 'ਪਾਇਲਟ' ਜਾਂ ਜਹਾਜ਼ ਚਾਲਕ ਹੈ ਜੋ ਟਾਕਰਾ ਕਰਦੇ ਸੈੱਲ ਦੀ ਬਿਮਾਰੀ ਵਾਲੇ ਪਾਸੇ ਮੁਹਾਰ ਮੋੜ ਦੇਂਦਾ ਹੈ, ਭਾਵ ਬੀਮਾਰ ਕਰਦਾ ਹੈ। ਅਜਿਹਾ ਕਰਨ ਵਿਚ ਵਾਇਰਸ ਨੂੰ ਜ਼ਿਆਦਾ ਦੇਰ ਨਹੀਂ ਲੱਗਦੀ। ਦੂਜੀ ਵਾਇਰਸ ਹੈ ਇਕ ਸਵਾਰੀ ਦੇ ਵਾਂਗ, ਜੋ ਸੈੱਲ ਦੇ ਉੱਤੇ ਸਵਾਰ ਰਹਿੰਦੀ ਹੈ, ਉਸ ਦੇ ਉੱਤੇ ਜਿਊਂਦੀ ਹੈ ਪਰ ਵਾਰ ਕਰਕੇ ਬੀਮਾਰ ਨਹੀਂ ਕਰਦੀ। HIV ਇਕ 'ਸਵਾਰੀ' ਵਾਇਰਸ ਹੈ, ਬੀਮਾਰੀ ਵਾਇਰਸ ਨਹੀਂ ਹੈ।

HIV ਵਾਇਰਸ ਨੂੰ ਏਨਾ ਭਿਅੰਕਰ ਕਿਵੇਂ ਬਣਾ ਦਿੱਤਾ ਗਿਆ ? ਇੰਜ ਉਦੋਂ ਹੋਇਆ ਜਦੋਂ ਅਮਰੀਕਨ ਡਾਕਟਰ ਗੈਲੋ ਨੇ ਇਹ ਐਲਾਨ ਕੀਤਾ ਕਿ HIV ਹੀ ਏਡਜ਼ ਦਾ ਕਾਰਨ ਹੈ। ਹੁਣ ਗੈਲੋ ਉੱਤੇ ਇਲਜ਼ਾਮ ਲੱਗ ਚੁੱਕੇ ਹਨ ਕਿ ਉਸ ਨੇ ਆਪਣੇ ਕਿੱਤੇ ਵਿਚ ਜਾਣਦੇ-ਬੁਝਦੇ ਗ਼ਲਤ ਕੀਤਾ ਹੈ। ਉਸ ਦੇ ਨਾਲ ਕੰਮ ਕਰਦੇ ਦੋ ਅਫ਼ਸਰਾਂ ਨੂੰ ਜੁਰਮੀ ਸਜ਼ਾਵਾਂ ਵੀ ਹੋ ਚੁੱਕੀਆਂ ਹਨ।

ਹਰ ਸਾਲ ਕਰੋੜਾਂ ਲੋਕਾਂ ਦਾ HIV ਐਂਟੀਬਾਡੀ ਟੈਸਟ ਹੁੰਦਾ ਹੈ। ਇਹ 'ਟੈਸਟ' ਗੈਲੋ ਦਾ ਪੇਟੈਂਟ ਹੈ ਅਤੇ ਹਰ ਟੈਸਟ ਪਿੱਛੇ ਉਸ ਨੂੰ ਕਮਿਸ਼ਨ ਮਿਲਦਾ ਹੈ। ਲੁਕ ਮੋਨਟਾਨੀਅਰ ਜਿਸ ਨੇ ਸ਼ੁਰੂ 'ਚ ਗੈਲੋ ਦੀ "HIV ਏਡਜ਼ ਦਾ ਕਾਰਨ" ਦੇ ਵਿਚ ਹਾਂ ਮਿਲਾਈ ਸੀ, 1989 ਈ. ਦੇ ਵਿਚ ਮੰਨਿਆ "HIV ਵਿਚ ਸਮਰੱਥਾ ਨਹੀਂ ਕਿ ਉਹ ਰੋਗ-ਰੋਕੂ ਇਮਿਊਨ ਪ੍ਰਣਾਲੀ ਨੂੰ ਇੰਜ

ਤਬਾਹ ਕਰ ਦੇਵੇ, ਜੈਸਾ ਕਿ ਏਡਜ਼ ਦੇ ਰੋਗੀਆਂ ਵਿਚ ਵੇਖਿਆ ਜਾਂਦਾ ਹੈ।” ਯਾਦ ਰਹੇ ਮੋਨਟਾਨੀਅਰ ਨੂੰ HIV ਵਾਇਰਸ ਲੱਭਣ ਉੱਤੇ ਨੋਬੇਲ ਇਨਾਮ ਮਿਲਿਆ ਹੋਇਆ ਹੈ। ਪੰਜ ਸੌ ਤੋਂ ਵੱਧ ਸਾਇੰਸਦਾਨ ਮੋਨਟਾਨੀਅਰ ਦੇ ਇਸ ਬਿਆਨ ਦੀ ਪ੍ਰੋੜ੍ਹਤਾ ਕਰਦੇ ਹਨ।

ਡਾ. ਰਾਬਰਟ ਵਿਲਨਰ ਨੇ ਕਿਤਾਬ ਲਿਖੀ ਹੈ ਜਿਸ ਦਾ ਨਾਂ ਹੈ *The Deadly Deception*। ਉਸ ਨੇ ਡਟ ਕੇ ਕਿਹਾ ਹੈ ਕਿ “HIV ਨਾਲ ਕਦਾਚਿਤ ਏਡਜ਼ ਨਹੀਂ ਹੋ ਸਕਦੀ।” ਸਬੂਤ ਦੇ ਹੱਕ ਵਿਚ, ਸਪੇਨ ਅੰਦਰ ਇਕ ਟੈਲੀਵੀਜ਼ਨ ਗੱਲਬਾਤ ਸਮੇਂ ਉਸ ਨੇ ਸਭ ਦੇ ਸਾਹਮਣੇ ਆਪਣੇ-ਆਪ ਨੂੰ HIV ਵਾਇਰਸ ਦਾ ਟੀਕਾ ਲਗਾਇਆ। ਏਨਾ ਸ੍ਵੈ-ਵਿਸ਼ਵਾਸ ਸੀ ਉਸ ਦਾ।

ਸੋ ਚੰਗੀ ਖ਼ਬਰ ਇਹ ਹੈ ਕਿ HIV ਏਡਜ਼ ਦਾ ਰੋਗ ਨਹੀਂ ਕਰਦੀ। ਮਾੜੀ ਖ਼ਬਰ ਇਹ ਹੈ ਕਿ ਉਡਾਰੀ ਲਵਾਉਣ ਵਾਲੇ ਨਸ਼ੇ ਅਤੇ AZT ਦਵਾਈ ਨਾਲ ਏਡਜ਼ ਦੇ ਇਲਾਜ ਹੀ ਏਡਜ਼ ਕਰਦੇ ਹਨ। ਏਡਜ਼ ਦਾ ਅਰਥ ਹੁੰਦਾ ਹੈ ਸਰੀਰ ਦੀ ਰੋਗਾਂ ਦਾ ਟਾਕਰਾ ਕਰਨ ਦੀ ਸ਼ਕਤੀ ਦਾ ਵਿਨਾਸ਼। ਕਹਿੰਦਾ ਕਹਾਉਂਦਾ AZT ਨਾਲ ਇਲਾਜ ਰੋਗ-ਟਾਕਰਾ ਸ਼ਕਤੀ ਸਗੋਂ ਖੋਹ ਲੈਂਦਾ ਹੈ, ਭਾਵ ਏਡਜ਼ ਕਰਦਾ ਹੈ। AZT ਦਾ ਇਲਾਜ ਜ਼ਿੰਦਗੀ ਬਖ਼ਸ਼ਦਾ ਨਹੀਂ, ਬਲਕਿ ਖੋਂਹਦਾ ਹੈ। ਕਹਾਣੀ ਇੰਜ ਬਣਦੀ ਹੈ :

ਜ਼ੋਰਦਾਰ ਪ੍ਰਚਾਰ ਦੇ ਨਾਲ ਮੈਡੀਕਲ ਦੁਨੀਆਂ ਅਤੇ ਲੋਕਾਂ ਨੂੰ ਮਨਾਇਆ ਜਾ ਚੁਕੈ, ਕਿ HIV (ਜੋ ਇਕ ‘ਯਾਤਰੂ’ ਵਾਇਰਸ ਹੈ ਅਤੇ ਕੁਝ ਵੀ ਨਹੀਂ ਕਰਦੀ) ਏਡਜ਼ ਦਾ ਕਾਰਨ ਹੈ। ਰੋਗ ਦੀ ਪਛਾਣ ਅਤੇ ‘ਇਲਾਜ’ ਦੀ ਮਿੱਥ ਏਸੇ ਦੇ ਉਦਾਲੇ-ਪੁਦਾਲੇ ਚੱਲਦੀ ਹੈ। ਡਾਕਟਰ ਕਹਿੰਦਾ ਹੈ : “ਭਈ ਤੇਰਾ HIV ਟੈਸਟ ਪਾਜ਼ਿਟਿਵ ਨਿਕਲਿਆ ਹੈ।” ਏਥੇ ਇਹ ਸਾਫ਼ ਤੌਰ ’ਤੇ ਸਮਝ ਲੈਣਾ ਚਾਹੀਦਾ ਹੈ ਕਿ ਟੈਸਟ ਦਰਅਸਲ ਇਹ ਤੈਅ ਕਰਦਾ ਹੈ ਕਿ ਸਰੀਰ ਅੰਦਰ HIV ਦਾ ਟਾਕਰਾ ਕਰਨ ਵਾਲੀ ਐਂਟੀਬਾਡੀ ਹੈ। ਕੋਈ ਵੀ ਟੈਸਟ HIV ਵਾਇਰਸ ਦੀ ਹੋਂਦ ਦਾ ਟੈਸਟ ਨਹੀਂ ਕਰਦਾ।

ਏਡਜ਼ ਦਾ ਹਊਆ ਪ੍ਰਚਾਰ ਏਨਾ ਜ਼ੋਰਦਾਰ ਹੈ ਕਿ HIV ਪਾਜ਼ਿਟਿਵ ਸੁਣਦਿਆਂ ਹੀ ਇਨਸਾਨ ਦੇ ਹੋਸ਼-ਹੱਵਾਸ ਉੱਡ ਜਾਂਦੇ ਹਨ ਅਤੇ ਝੱਟ ਹੀ ਮੰਨ ਲਿਆ ਜਾਂਦੈ ਕਿ ਮੌਤ ਦਾ ਫੰਦਾ ਗਲ ਵਿਚ ਪੈ ਗਿਐ। ਕੁੱਲ ਟੱਬਰ ਸੋਗ ਵਿਚ ਡੁੱਬ ਜਾਂਦਾ ਹੈ। ਰਿਸ਼ਤੇ ਤਬਾਹ ਹੋ ਜਾਂਦੇ ਹਨ। ਕਈ ਆਤਮਘਾਤ ਕਰ ਲੈਂਦੇ ਹਨ। ਮੌਤ ਦੇ ਸਹਿਮ ਕਾਰਨ ਉਨ੍ਹਾਂ ਨੂੰ ਜੋ ਵੀ ਇਲਾਜ ਪੇਸ਼ ਕੀਤਾ ਜਾਵੇ, ਉਹਨੂੰ ਮੰਨਦਿਆਂ ਦੇਰ ਨਹੀਂ ਲੱਗਦੀ। ਇਲਾਜ ਵੀ ਉਹ ਜਿਸ ਬਾਰੇ ਪ੍ਰਚਾਰ ਕਹਿੰਦਾ ਹੈ : AZT ਹੀ ਇਕ ਮਾਤਰ ਇਲਾਜ ਹੈ, ਜੋ ਸਰਾਸਰ ਝੂਠ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਇਹ ਖੇਡ ਰਾਕਫ਼ੈਲਰਾਂ ਦੀ ਹੈ। ਉਨ੍ਹਾਂ ਦੀ ਆਪਣੀ ‘ਵੈੱਲਕਮ’ ਕੰਪਨੀ, AZT ਬਣਾਉਂਦੀ ਹੈ। AZT ਉਨ੍ਹਾਂ ਦਾ ਪੇਟੈਂਟ ਹੈ, ਹੋਰ ਕੋਈ ਬਣਾ ਨਹੀਂ ਸਕਦਾ। ਜੇ ਸਚਮੁੱਚ ਏਡਜ਼ ਖ਼ਤਮ ਕਰਨ ਵਿਚ ਇਹ ਦਵਾਈ ਸਹਾਇਕ ਹੁੰਦੀ, ਤਾਂ ਕੁਲ ਦੁਨੀਆਂ ਦੇ ਅੰਦਰ ਐਸਪ੍ਰੀਨ ਵਾਂਗ ਬਣਾ ਕੇ ਨਿਹਾਇਤ ਸਸਤੀ ਵੇਚੀ ਜਾ ਸਕਦੀ ਸੀ। ਪਰ ਰਾਕਫ਼ੈਲਰਾਂ ਦਾ ਕੰਮ ਦਾਨ ਕਰਨਾ ਨਹੀਂ ਹੈ, ਲੁੱਟਣਾ ਹੈ ਅਤੇ ਜੇ ਇਲਾਜ ਹੀ ਮੌਤ ਦਾ ਕਾਰਨ ਬਣੇ ਤਾਂ ਉਨ੍ਹਾਂ ਦੀ ਬਲਾ ਨੂੰ। ਏਡਜ਼ ਦਾ ਹਊਆ ਐਨ ਉਸੇ ਤਰ੍ਹਾਂ ਹੈ ਜਿਵੇਂ ਅਮਰੀਕਾ ਦਾ ਇਰਾਕ ਵਿਚ ਕਥਿਤ ਲੋਕਾਈ ਘਾਤਕ ਹਥਿਆਰ ਮੁਕਾਉਣ ਅਤੇ ‘ਲੋਕਰਾਜ’ ਸਥਾਪਤ ਕਰਨ ਲਈ ਹਮਲਾ। ਇਰਾਕ ਉੱਤੇ ਹਮਲਾ, ਉਥੋਂ ਦੇ ਚੌਦਾਂ ਲੱਖ ਲੋਕਾਂ ਦਾ ਕਤਲ ਅਤੇ ਬੇਅੰਤ ਹੋਰਾਂ ਦਾ ਉਜਾੜਾ ਤਾਂ ਨਜ਼ਰ ਆ ਹੀ ਜਾਂਦਾ ਹੈ। ਇਸ ਦੇ ਟਾਕਰੇ ਵਿਚ ਏਡਜ਼ ਦੇ ਹਊਏ ਰਾਹੀਂ ਕੁਲ ਦੁਨੀਆਂ ਦੇ ਉੱਤੇ ਧਾਵਾ ਬੋਲਿਆ ਜਾ ਚੁੱਕੈ, ਜੋ ਵਿਖਾਈ ਨਹੀਂ ਦੇਣਾ। ਜ਼ੋਰਦਾਰ ਲੁੱਟ ਜਾਰੀ ਹੈ—ਪਹਿਲਾਂ ਟੈਸਟ ਦੇ ਨਾਲ ਅਤੇ ਪਿੱਛੋਂ ਮੌਤ ਵਰਗੇ ਇਲਾਜ ਦੇ ਨਾਲ।

ਹੁਣ AZT ਬਾਰੇ ਕੁਝ ਜਾਣ ਲਈਏ। ਇਹ ਦਵਾਈ ਕੈਂਸਰ ਦੇ ਇਲਾਜ ਲਈ ਬਣਾਈ ਗਈ ਸੀ, ਪਰ ਪਤਾ ਲੱਗਿਆ ਕਿ ਅਤਿਅੰਤ ਜ਼ਹਿਰੀਲੀ ਸੀ। ਇਹ ਸੈੱਲਾਂ ਦਾ ਕਤਲ ਕਰਦੀ ਹੈ, ਸੈੱਲ ਭਾਵੇਂ ਕੋਈ ਵੀ ਹੋਣ—ਸਿਹਤਮੰਦ ਜਾਂ ਕੈਂਸਰ ਵਾਲੇ। ਸਵਾਲ ਉੱਠਦਾ ਸੀ ਕਿ AZT ਨਾਲ ਸਰੀਰ ਦੇ ਬੇਅੰਤ ਸਿਹਤਮੰਦ ਸੈੱਲਾਂ ਦੀ ਤਬਾਹੀ (ਅਤੇ ਮੌਤ) ਪਹਿਲਾਂ ਹੋਵੇਗੀ ਜਾਂ ਕੈਂਸਰ ਸੈੱਲਾਂ ਦੀ ? ਜੁਆਬ ਸਾਫ਼ ਸੀ। ਏਸੇ ਲਈ ਇਸ ਦੀ ਵਰਤੋਂ ਕੈਂਸਰ ਰੋਗੀਆਂ ਲਈ ਨਹੀਂ ਹੋਈ। ਹੁਣ ਉਸੇ ਹੀ ਦਵਾਈ ਨਾਲ HIV ਦਾ ‘ਇਲਾਜ’ ਹੋ ਰਿਹੈ। ਇਹ ਦਵਾਈ ਸਰੀਰ ਦੀ ਇਮਿਊਨ ਟਾਕਰਾ ਸ਼ਕਤੀ ਮਾਰ ਮੁਕਾਉਂਦੀ ਹੈ, ਭਾਵ ਏਡਜ਼ ਦਾ ਰੋਗ ਪੈਦਾ ਕਰਦੀ ਹੈ, HIV ਦਾ ਇਲਾਜ ਨਹੀਂ ਕਰਦੀ।

ਏਡਜ਼ ਕੀ ਹੈ ? ਇਹ ਹੈ ਰੋਗਾਂ ਦਾ ਟਾਕਰਾ ਕਰਨ ਵਾਲੀ ਇਮਿਊਨ ਸ਼ਕਤੀ ਦੀ ਤੋੜ ਫੋੜ। ਇਹ ਹਾਲਤ ਬੇਅੰਤ ਕਾਰਨਾਂ ਤੋਂ ਪੈਦਾ ਹੁੰਦੀ ਹੈ, ਜਿਨ੍ਹਾਂ ਦੇ ਅੰਦਰ ‘ਸੈਕਸ’ ਉੱਕਾ ਹੀ ਕਾਰਨ ਨਹੀਂ। ‘ਸੈਕਸ’ ਨੂੰ ਕਾਰਨ ਦੱਸ ਕੇ ਕੌਂਡੋਮ/ਨਿਰੋਧ ਦੀ

ਸਨਅਤ ਨੇ ਬੇਅੰਤ ਕਮਾਈ ਕੀਤੀ ਹੈ ਅਤੇ ਕਰ ਰਹੇ ਹਨ। ਸੈਕਸ ਵੀ ਅਤਿਅੰਤ ਇਬਰਤਨਾਕ ਰੱਬ ਦਾ ਕਹਿਰ ਬਣਾ ਦਿੱਤਾ ਗਿਐ।

ਏਡਜ਼ ਨਾਲ ਮੌਤਾਂ ਕਿਉਂ ਹੋ ਰਹੀਆਂ ਨੇ ? ਹੋਇਆ ਇਹ ਹੈ ਕਿ ਜਿਹੜਾ ਵੀ ਸਰੀਰ ਦੀ ਕਿਸੇ ਵੀ ਇਮਿਊਨ ਟਾਕਰਾ-ਸ਼ਕਤੀ ਦੀ ਕਮਜ਼ੋਰੀ ਨਾਲ ਮਰਦਾ ਹੈ, ਉਹ ਇਕ ਲੰਮੇ ਚੌੜੇ ਅਰਥਾਂ ਵਾਲੇ ਲਫ਼ਜ਼ 'ਏਡਜ਼' ਦੇ ਘੇਰੇ ਵਿਚ ਆ ਜਾਂਦਾ ਹੈ। ਰੋਗ-ਪਛਾਣ ਅੰਦਰ ਵੀ ਇਸ ਦੀ ਰੱਜ ਕੇ ਕੁ-ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ HIV ਵਾਇਰਸ ਨਾਲ ਕੋਈ ਰੋਗ ਉਤਪੰਨ ਨਹੀਂ ਹੁੰਦਾ। ਪਰ ਜੇ ਕੋਈ HIV ਪਾਜ਼ਿਟਿਵ ਹੋਵੇ ਅਤੇ ਟੀ.ਬੀ., ਨਮੋਨੀਆ ਜਾਂ ਹੋਰ ਪੰਜਾਹ ਵੱਖਰੀਆਂ ਬਿਮਾਰੀਆਂ ਵਿੱਚੋਂ ਕਿਸੇ ਇਕ ਨਾਲ ਮਰ ਜਾਵੇ ਤਾਂ ਮੌਤ ਦੇ ਕਾਰਨ ਦੀ ਰੋਗ-ਪਛਾਣ 'ਏਡਜ਼' ਕਰਕੇ ਮੰਨੀ ਜਾਂਦੀ ਹੈ। HIV ਟੈਸਟ ਨੈਗੇਟਿਵ ਹੋਵੇ, ਤਾਂ ਮੌਤ ਦਾ ਕਾਰਨ ਉਹੀ ਬਿਮਾਰੀਆਂ ਦੱਸੀਆਂ ਜਾਂਦੀਆਂ ਹਨ, ਏਡਜ਼ ਨਹੀਂ। ਬਿਮਾਰੀਆਂ ਦੇ ਅੰਕੜੇ ਇੰਜ ਤੋੜੇ-ਮੋੜੇ ਜਾਂਦੇ ਹਨ ਕਿ ਜਾਪੇ HIV ਪਾਜ਼ਿਟਿਵ ਹੀ ਏਡਜ਼ ਦੇ ਕਾਰਨ ਮਰਦੇ ਹਨ। ਇਹ ਸਰਾਸਰ ਝੂਠ ਹੈ।

ਏਡਜ਼ ਹੈ ਇਮਿਊਨ ਟਾਕਰਾ ਸ਼ਕਤੀ ਦੀ ਕਮਜ਼ੋਰੀ। ਬੇਅੰਤ ਲੋਕ ਅਜਿਹੀ ਏਡਜ਼ ਤੋਂ ਮਰਦੇ ਹਨ, ਜੋ HIV ਪਾਜ਼ਿਟਿਵ ਨਹੀਂ। ਏਡਜ਼ ਬਲਾ ਦੀ ਪਰਲੋ ਦੀਆਂ ਭਵਿੱਖਬਾਣੀਆਂ ਸੱਚ ਸਾਬਤ ਨਹੀਂ ਹੋਈਆਂ। ਦੁਨੀਆਂ ਅੰਦਰ ਬੇਅੰਤ ਲੋਕ ਹਨ, ਜਿਨ੍ਹਾਂ ਅੰਦਰ HIV ਐਂਟੀਬਾਡੀ ਹੈ ਪਰ ਉਨ੍ਹਾਂ ਕਦੇ ਟੈਸਟ ਨਹੀਂ ਕਰਵਾਇਆ ਅਤੇ ਪੂਰਨ ਸਿਹਤ ਨਾਲ ਜ਼ਿੰਦਗੀ ਮਾਣ ਰਹੇ ਹਨ। ਉਨ੍ਹਾਂ ਨੂੰ ਨਾ ਏਡਜ਼ ਹੋਈ ਹੈ ਅਤੇ ਨਾ ਹੀ ਹੋਵੇਗੀ। ਕਾਰਨ ? HIV ਦਾ ਏਡਜ਼ ਨਾਲ ਕੋਈ ਸੰਬੰਧ ਨਹੀਂ ਹੈ।

ਕੋਈ ਵੀ ਤੱਤ ਜਿਸ ਦੇ ਨਾਲ ਇਮਿਊਨ ਸ਼ਕਤੀ ਨੂੰ ਸੱਟ ਲੱਗੇ, ਏਡਜ਼ ਦਾ ਕਾਰਨ ਬਣ ਸਕਦੀ ਹੈ। ਸਭ ਤੋਂ ਵੱਡਾ ਕਾਰਨ ਹਨ ਨਸ਼ੀਲੀਆਂ ਦਵਾਈਆਂ। ਅਮਰੀਕਾ ਅੰਦਰ ਸਮਲਿੰਗੀ ਸੈਕਸ ਵਾਲੇ, ਨਸ਼ਿਆਂ ਦੀ ਬੇਅੰਤ ਵਰਤੋਂ ਕਰਦੇ ਹਨ, ਜਿਨ੍ਹਾਂ ਨੂੰ ਸਹੀ ਸੋਚ ਵਾਲੇ ਡਾਕਟਰ, ਏਡਜ਼ ਦਾ ਕਾਰਨ ਮੰਨਦੇ ਹਨ। ਜੋ ਵੇਸਵਾਵਾਂ ਨਸ਼ਿਆਂ ਦੀ ਵਰਤੋਂ ਕਰਦੀਆਂ ਹਨ, ਉਹ ਏਡਜ਼ ਦਾ ਸ਼ਿਕਾਰ ਹੁੰਦੀਆਂ ਹਨ। ਏਡਜ਼ ਦਾ ਪ੍ਰਸਾਰ ਨਸ਼ਿਆਂ ਦੇ ਵਪਾਰ ਨਾਲ ਜੁੜਿਆ ਹੋਇਆ ਹੈ। ਦੁਨੀਆਂ ਦੇ ਕੁਲ ਨਸ਼ਾ-ਪ੍ਰਸਾਰ ਵਿਚ ਸੀ.ਆਈ.ਏ. ਦਾ ਹਮੇਸ਼ਾ ਵੱਡਾ ਹੱਥ ਰਿਹਾ ਹੈ। ਭਾਰਤ ਦੇ ਕੁੱਲ ਉੱਤਰ ਪੂਰਬੀ ਇਲਾਕਿਆਂ ਅੰਦਰ 'ਏਡਜ਼' ਦਾ ਪਰਕੋਪ ਕਿਹਾ ਜਾਂਦੈ। ਕਾਰਨ ਨਸ਼ੇ ਦੇ ਟੀਕੇ ਦੱਸੇ ਜਾਂਦੇ ਹਨ। ਜ਼ੋਰ ਨਸ਼ੇ ਦੀ ਸਾਂਝੀ ਵਰਤੀ ਜਾਂਦੀ ਸੂਈ ਉੱਤੇ ਦਿੱਤਾ ਜਾਂਦਾ ਹੈ, ਪਈ ਸੂਈ ਹੀ ਏਡਜ਼ ਖਿਲਾਰਦੀ ਹੈ। ਨਸ਼ੇ ਹੀ ਏਡਜ਼ ਦਾ ਕਾਰਨ ਹਨ, ਏਧਰ ਧਿਆਨ ਦੇਣ ਦੀ ਲੋੜ ਹੈ। ਗ਼ਰੀਬਾਂ ਦੀ ਇਮਿਊਨ ਸ਼ਕਤੀ ਨੂੰ ਖੋਰਾ ਲੱਗਦਾ ਹੈ, ਮਾੜੀ ਖ਼ੁਰਾਕ, ਭੈੜਾ ਪਾਣੀ ਅਤੇ ਰੋਜ਼-ਬ-ਰੋਜ਼ ਛੋਟੀਆਂ ਵੱਡੀਆਂ ਬਿਮਾਰੀਆਂ ਅੰਦਰ ਫਸੇ ਰਹਿਣ ਕਾਰਨ। ਅਜਿਹੀ ਏਡਜ਼ ਤੋਂ ਬੇਅੰਤ ਲੋਕ ਅਫ਼ਰੀਕਾ, ਭਾਰਤ ਸਮੇਤ ਕਈ ਏਸ਼ੀਆਈ ਦੇਸ਼ਾਂ ਅਤੇ ਲਾਤੀਨੀ ਅਮਰੀਕਾ ਵਿਚ ਪੀੜਤ ਹੋ ਕੇ ਮਰ ਰਹੇ ਹਨ। ਪਰ ਉਨ੍ਹਾਂ ਦੇ ਕੋਲ ਕੋਈ ਦੌਲਤ ਨਹੀਂ ਜਿਨ੍ਹਾਂ ਨੂੰ ਡਾਕਟਰੀ ਪੇਸ਼ਾ ਜਾਂ ਦਵਾਈ ਕੰਪਨੀਆਂ ਲੁੱਟ ਲੈਣ। ਅਜਿਹੇ ਲੋਕਾਂ ਦੀਆਂ ਮੌਤਾਂ ਦੀ ਕਦੇ ਉੱਘ-ਸੁੱਘ ਨਹੀਂ ਨਿਕਲਦੀ।

ਬੇਅੰਤ ਲੋਕ ਜਿਨ੍ਹਾਂ ਦਾ HIV ਟੈਸਟ ਪਾਜ਼ਿਟਿਵ ਆਇਆ ਹੈ, ਐਵੇਂ ਹੀ ਸਹਿਮ ਦੇ ਨਾਲ ਮਰੇ ਪਏ ਹਨ ਕਿ ਏਡਜ਼ ਦੇ ਰੋਗ ਨੇ ਕਿਸੇ ਵੀ ਦਿਨ ਘੇਰ ਲੈਣਾ ਹੈ। AZT ਦਾ ਇਲਾਜ ਮਾਰੂ ਹੈ। ਇਸ ਦੇ ਨਾਲ ਇਕ ਵੀ ਰੋਗੀ ਠੀਕ ਨਹੀਂ ਹੋਇਆ। ਏਸ ਮਹਿੰਗੀ ਦਵਾਈ ਦੇ ਨਾਲ ਲੋਕਾਂ ਦੇ ਘਰ ਖ਼ਾਲੀ ਅਤੇ ਕੰਪਨੀਆਂ ਅਤੇ ਰੋਕਫ਼ੈਲਰ ਦੇ ਕੋਠੇ ਮਾਲੋ-ਮਾਲ ਹੋ ਗਏ ਹਨ।

HIV ਦੀ ਖੋਜ ਪਿੱਛੇ ਨੋਬੇਲ ਪੁਰਸਕਾਰਿਤ ਡਾ. ਲੁਕ ਮੋਨਟਾਨੀਅਰ ਦਾ ਕੀ ਕਹਿਣਾ ਹੈ : "ਸਾਡੇ ਸਰੀਰ ਅੰਦਰ ਜਿੰਨੀ ਵਾਰ ਚਾਹੋ HIV ਪਾ ਦਿਉ, ਜੇ ਸਾਡੀ ਇਮਿਊਨ ਪ੍ਰਣਾਲੀ ਸਹੀ ਹੈ, ਤਾਂ ਇਨਫ਼ੈਕਸ਼ਨ ਹੋ ਹੀ ਨਹੀਂ ਸਕਦੀ। ਸਾਡਾ ਇਮਿਊਨ ਸਿਸਟਮ ਕੁਝ ਸਾਤਿਆਂ ਵਿਚ HIV ਵਿਰੋਧੀ ਐਂਟੀਬਾਡੀ ਤਿਆਰ ਕਰ ਦੇਂਦਾ ਹੈ।"

HIV ਪਾਜ਼ਿਟਿਵ ਹੋਣਾ, ਕਿਸੇ ਵੀ ਬਿਮਾਰੀ ਦਾ ਸੂਚਕ ਨਹੀਂ, ਸਮੇਤ ਏਡਜ਼ ਦੇ। HIV ਪਾਜ਼ਿਟਿਵ ਦੇ ਨਾਂ ਉੱਤੇ ਸਮਾਜ ਦੇ ਅੰਦਰ ਨਾ-ਰੋਗੀ ਚੰਗੇ ਭਲੇ ਲੋਕਾਂ ਉੱਤੇ ਵਿਤਕਰਾ ਕੀਤਾ ਜਾਂਦਾ ਹੈ। ਸਾਡੀ ਸਰਕਾਰ ਅੰਦਰ, ਸਿਹਤ ਵਿਭਾਗ ਦੇ ਕਾਰਿੰਦਿਆਂ, ਅਫ਼ਸਰਾਂ ਅਤੇ ਵਜ਼ੀਰਾਂ ਨੂੰ ਜਗਾਉਣ ਦੀ ਲੋੜ ਹੈ। HIV ਅਤੇ ਏਡਜ਼ ਨੂੰ ਸਹੀ ਢੰਗ ਨਾਲ ਸਮਝਣ ਅਤੇ ਵਿਚਾਰਨ ਦੀ ਲੋੜ ਹੈ। HIV ਪਾਜ਼ਿਟਿਵ ਹੋਣਾ ਕਿਸੇ ਰੋਗ ਦਾ ਸੂਚਕ ਨਹੀਂ ਹੈ। ਕੀ ਏਸ ਟੈਸਟ ਉੱਤੇ ਪਾਬੰਦੀ ਨਹੀਂ ਲੱਗਣੀ ਚਾਹੀਦੀ ? HIV ਪਾਜ਼ਿਟਿਵ ਦਾ ਲੇਬਲ ਅਤੇ ਖ਼ੌਫ਼ ਹਰ ਵਿਅਕਤੀ ਦੇ ਉੱਤੋਂ ਉਤਾਰ ਨਹੀਂ ਦੇਣਾ ਚਾਹੀਦਾ ?

# ...ਸੱਚ ਕੀ ਬੇਲਾ

ਅੱਧ ਦਸੰਬਰ 2009 ਵਿਚ ਕੋਪਨਹੈਗਨ (ਡੈਨਮਾਰਕ) ਵਿਚ ਖ਼ੂਬ ਰੌਣਕਾਂ ਸਨ। ਕੁੱਲ ਦੁਨੀਆਂ ਤੋਂ ਕਰੀਬ ਚਾਲ੍ਹੀ ਹਜ਼ਾਰ ਲੋਕਾਂ ਨੂੰ ਖ਼ੌਫ਼ਨਾਕ ਮੌਸਮ-ਬਦਲੀ ਬਾਰੇ ਕਾਨਫ਼ਰੰਸ ਉੱਤੇ ਬੁਲਾਇਆ ਗਿਆ ਸੀ। ਸਭ ਦੇਸਾਂ ਦੇ ਮੁਖੀ ਇਸ ਵਿਸ਼ੇ ਉੱਤੇ ਗੋਸ਼ਟੀ ਲਈ ਹਾਜ਼ਰ ਹੋਏ ਅਤੇ ਭੂਗੋਲਿਕ-ਗਰਮੀ ਦੇ ਵਿਸ਼ੇ ਉੱਤੇ ਲੰਮੀਆਂ ਚੌੜੀਆਂ ਤਕਰੀਰਾਂ ਕੀਤੀਆਂ। ਇਨ੍ਹਾਂ ਵਿੱਚੋਂ ਇਕ ਤਕਰੀਰ ਈਵੋ ਮੋਰੇਲ (Evo Morale) ਦੀ ਸੀ ਜੋ ਦੱਖਣੀ ਅਮਰੀਕਾ ਦੇ ਇਕ ਗ਼ਰੀਬ ਦੇਸ ਬੋਲੀਵੀਆ ਦਾ ਪ੍ਰਧਾਨ ਹੈ। 1980 ਈ. ਵਿਚ ਬੋਲੀਵੀਆ ਤੋਂ ਇਕ ਅੱਖਾਂ ਦਾ 'ਡਾਕਟਰ ਓਲਮੋਸ' ਮੇਰੇ ਪਾਸ ਇਕ ਮਹੀਨਾ ਰਿਹਾ ਸੀ। ਉਹ ਆਪਣੇ ਦੇਸ ਦੀ ਤੈਰਾਕੀ ਦੀ ਓਲੰਪਿਕ ਟੀਮ ਦਾ ਵੀ ਖਿਡਾਰੀ ਸੀ। ਉਸ ਨੇ ਮੈਨੂੰ ਦੱਸਿਆ ਕਿ ਬੋਲੀਵੀਆ ਭਾਰਤ ਨਾਲੋਂ ਅੱਧੇ ਰਕਬੇ ਵਾਲਾ, ਬੇਅੰਤ ਧਾਤਾਂ ਅਤੇ ਗੈਸ ਨਾਲ ਮਾਲਾ ਮਾਲ, ਕੁੱਲੀਆਂ ਦਾ ਦੇਸ ਹੈ। ਆਬਾਦੀ ਪੰਜਾਹ ਲੱਖ ਦੇ ਕਰੀਬ ਹੈ ਅਤੇ ਲੋਕ ਮਜ਼ਦੂਰ/ਕੁੱਲੀ ਹਨ ਜਿਹੜੇ ਅਮਰੀਕੀ ਕੰਪਨੀਆਂ ਲਈ ਕੰਮ ਕਰਦੇ ਹਨ। ਪੜ੍ਹਾਈ ਅਤੇ ਸਿਹਤ ਸੇਵਾਵਾਂ ਨਾਂਹ ਜਿੰਨੀਆਂ ਹਨ। ਬੋਲੀਵੀਆ ਅੰਦਰ ਕੋਈ ਮਸ਼ੀਨਰੀ ਨਹੀਂ ਆਉਣ ਦਿੱਤੀ ਜਾਂਦੀ। ਕੁਲ ਦਵਾਈਆਂ, ਐਨਕਾਂ ਆਦਿ ਮਹਿੰਗੇ ਭਾਅ ਅਮਰੀਕਾ ਤੋਂ ਆਉਂਦੀਆਂ ਹਨ ਜੋ ਕੇਵਲ ਉਪਰਲਿਆਂ ਤਕ ਹੀ ਪਹੁੰਚਦੀਆਂ ਹਨ। ਡੇਢ ਸੌ ਸਾਲ ਤੋਂ ਦੇਸ ਉੱਤੇ ਕੰਪਨੀਆਂ ਦਾ ਰਾਜ ਹੈ (ਈਸਟ ਇੰਡੀਆ ਕੰਪਨੀ ਭਾਰਤ ਵਿਚ ਹੋਇਆ ਕਰਦੀ ਸੀ) ਅਤੇ ਸਦਾ ਹੀ ਗੋਰੇ ਪ੍ਰਧਾਨ ਰਹੇ ਹਨ। ਕਹਿਣ ਨੂੰ ਆਜ਼ਾਦ ਦੇਸ ਹੈ।

ਕੁਝ ਸਾਲ ਪਹਿਲਾਂ ਚੋਣਾਂ ਵਿਚ ਇਕ ਦੇਸੀ ਆਦਮੀ ਈਵੋ ਮੋਰੇਲ ਦੇਸ ਦਾ ਪ੍ਰਧਾਨ ਬਣ ਗਿਆ। ਜਾਣੋ ਦੇਸ ਆਜ਼ਾਦ ਹੋ ਗਿਆ। ਉਸ ਦੇ ਚੋਣ-ਪ੍ਰੋਗਰਾਮ ਵਿਚ ਦੇਸੀ ਲੋਕਾਂ ਨੂੰ ਉੱਚਾ ਚੁੱਕਣਾ ਅਤੇ ਬਦੇਸ਼ੀ ਜੂਲੇ ਨੂੰ ਉਤਾਰਨਾ ਸੀ। ਝੱਟ ਹੀ ਉਸ ਨੇ ਬੇਅੰਤ ਐਸੇ ਕਦਮ ਚੁੱਕੇ ਜੋ ਦੇਸ ਲਈ ਸੱਚਮੁੱਚ ਹੀ ਪਹਿਲੀ ਵਾਰ ਲਾਭਦਾਇਕ ਸਾਬਿਤ ਹੋਏ ਸਨ। ਏਸ ਕਾਰਨ ਉਹ ਕੰਪਨੀਆਂ ਦੇ ਦੇਸ ਅਮਰੀਕਾ ਦੀਆਂ ਅੱਖਾਂ ਵਿਚ ਰੜਕਦਾ ਰਹਿੰਦਾ ਹੈ। ਉਸ ਦੇ ਸ਼ਾਸਨ ਨੂੰ ਉਲਟਾਉਣ ਦੇ ਲਗਾਤਾਰ ਜਤਨ ਹੁੰਦੇ ਰਹਿੰਦੇ ਹਨ।

ਜਦੋਂ ਈਵੋ ਮੋਰੇਲ ਨੇ ਕੋਪਨਹੈਗਨ ਵਿਖੇ ਤਕਰੀਰ ਸ਼ੁਰੂ ਕੀਤੀ ਤਾਂ ਉਸ ਸਮੇਂ ਪੱਛਮੀ ਦੇਸਾਂ ਦੇ ਕੁੱਲ ਨੁਮਾਇੰਦੇ ਉੱਠ ਕੇ ਬਾਹਰ ਚਲੇ ਗਏ। ਈਵੋ ਦੀ ਤਕਰੀਰ ਇਕ ਸੱਚ ਦਾ ਬਿਗਲ ਹੈ। ਉਸ ਦਾ ਕਹਿਣਾ ਹੈ ਕਿ ਸਰਮਾਇਆਦਾਰੀ ਤਰੱਕੀ ਦੇ ਨਾਲੋਂ, ਧਰਤੀ ਮਾਂ ਦੇ ਹੱਕ ਕਿੱਤੇ ਉੱਪਰ ਹਨ; ਮੌਤ ਦੀ ਸਭਿਅਤਾ ਦੇ ਮੁਕਾਬਲੇ ਜ਼ਿੰਦਗੀ ਨੂੰ ਬਚਾਉਣਾ ਜ਼ਰੂਰੀ ਹੈ।

ਬੋਲੀਵੀਆ ਦੇ ਪ੍ਰਧਾਨ ਈਵੋ ਮੋਰੇਲ ਦੀ ਤਕਰੀਰ ਵਿੱਚੋਂ ਚੋਣਵੇਂ ਅੰਸ਼ ਇੰਜ ਸਨ :

"ਜਦੋਂ ਅਸੀਂ ਕਾਨਫ਼ਰੰਸ ਦੀ ਮੇਜ਼ਬਾਨ ਬਾਰੇ ਪੁੱਛਦੇ ਹਾਂ ਤਾਂ ਕਿਹਾ ਜਾਂਦਾ ਹੈ ਸੰਯੁਕਤ ਰਾਸ਼ਟਰ। ਜਦੋਂ ਅਸੀਂ ਸੰਯੁਕਤ ਰਾਸ਼ਟਰ ਨੂੰ ਪੁੱਛ ਪਾਉਂਦੇ ਹਾਂ ਤਾਂ ਉਹ ਕਹਿੰਦੇ ਹਨ ਡੈਨਮਾਰਕ (ਜਿਸ ਦੇਸ਼ ਵਿਚ ਮੀਟਿੰਗ ਹੋਈ), ਏਸ ਲਈ ਸਮਝ ਨਹੀਂ ਆਉਂਦੀ ਕਿ ਇਸ ਅੰਤਰਰਾਸ਼ਟਰੀ ਮੀਟਿੰਗ ਨੂੰ ਕਰਵਾ ਕੌਣ ਰਿਹੈ ?"

"ਮੈਨੂੰ ਅਚੰਭਾ ਹੈ ਕਿ ਮੌਸਮ-ਬਦਲੀ ਦੇ ਨਤੀਜਿਆਂ ਬਾਰੇ ਹੀ ਗੱਲਾਂ ਹੋ ਰਹੀਆਂ ਹਨ, ਕਾਰਨਾਂ ਬਾਰੇ ਨਹੀਂ...। ਜੇ ਅਸੀਂ ਇਹ ਨਹੀਂ ਜਾਣਾਂਗੇ ਕਿ ਤਬਾਹੀ ਆ ਕਿਧਰੋਂ ਰਹੀ ਹੈ, ਤਾਂ ਏਸ ਸਮੱਸਿਆ ਦਾ ਹੱਲ ਕਿਵੇਂ ਹੋ ਸਕਦਾ ਹੈ ?"

"...ਦੋ ਸਭਿਆਤਾਵਾਂ ਵਿਚਾਲੇ ਟਾਕਰਾ ਹੈ—ਇਕ ਮੌਤ ਦੀ ਅਤੇ ਦੂਜੀ ਜ਼ਿੰਦਗੀ ਦੀ। ਸਰਮਾਇਆਦਾਰੀ ਮੌਤ ਦੀ ਸਭਿਅਤਾ ਹੈ, ਜੋ ਦੂਜਿਆਂ ਦੇਸੀ ਲੋਕਾਂ ਦੇ ਸਿਰ 'ਤੇ ਐਸ਼ ਕਰਦੀ ਹੈ।"

"ਸਰਮਾਏਦਾਰੀ ਦੂਜਿਆਂ ਨੂੰ ਲੁੱਟਦੀ ਹੈ, ਕੁਦਰਤੀ ਵਸੀਲੇ ਉਜਾੜਨ ਲਈ ਧਰਤੀ ਮਾਂ ਉੱਤੇ ਧਾਵਾ ਬੋਲਦੀ ਹੈ, ਲੋਕਾਂ ਦੀਆਂ ਬੁਨਿਆਦੀ ਲੋੜਾਂ ਦਾ ਨਿੱਜੀਕਰਨ ਕਰਦੀ ਹੈ।"

"ਅਸੀਂ ਅਜਿਹੀ ਅੰਤਰਰਾਸ਼ਟਰੀ ਮੀਟਿੰਗ ਵਿਚ ਸੱਚ ਬੋਲਣ ਲਈ ਕਿਉਂ ਹਿਚਕਚਾਉਂਦੇ ਹਾਂ ? ਜਿਥੋਂ ਤਾਈਂ ਮੌਸਮੀ ਬਦਲ ਦਾ ਸਵਾਲ ਹੈ, ਦੋ ਵਿਰੋਧੀ ਸਭਿਅਤਾਵਾਂ ਵਿੱਚੋਂ ਇਕ ਦੀ ਚੋਣ ਕਰਨੀ ਪਵੇਗੀ। ਬਿਨਾਂ ਪਛਾਣੇ ਇਸ ਮਸਲੇ ਦਾ ਹੱਲ ਨਹੀਂ ਲੱਭਣਾ। ਸਪੱਸ਼ਟ ਹੈ ਕਿ ਬੇਅੰਤ ਅੱਯਾਸ਼ੀ ਅਤੇ ਵਰਤੋ-ਸੁੱਟੋ ਵਾਲੇ, ਸਮਾਜ ਨੂੰ ਤਬਾਹੀ ਵੱਲ ਲਿਜਾਂਦੇ ਹਨ।"

"ਸਾਡੇ ਸਮਾਜ ਅੰਦਰ ਸਚਾਈ ਨੂੰ ਉੱਤਮ ਮੰਨਿਆ ਜਾਂਦਾ ਹੈ, ਇਹ ਚੀਜ਼ ਮੈਨੂੰ ਇਥੇ ਵਿਖਾਈ ਨਹੀਂ ਦੇਂਦੀ।"

"ਮੇਰਾ ਸੰਵਿਧਾਨ ਕਹਿੰਦਾ ਹੈ—ਚੋਰੀ ਨਾ ਕਰੋ, ਝੂਠ ਨਾ ਬੋਲੋ ਅਤੇ ਕਮਜ਼ੋਰ ਨਾ ਬਣੋ।"

"ਇਨਸਾਨ ਧਰਤੀ ਤੋਂ ਬਿਨਾਂ ਜੀਵਤ ਨਹੀਂ ਰਹਿ ਸਕਦਾ, ਏਸ ਲਈ ਹਰ ਹਾਲਤ ਵਿਚ ਧਰਤੀ ਦੇ ਹੱਕਾਂ ਦੀ ਰਾਖੀ ਕਰਨੀ ਹੈ।"

"ਧਰਤੀ ਮਾਂ ਪੂਜਣ ਯੋਗ ਹੈ, ਇਸ ਨੂੰ ਕਿਰਾਏ ਉੱਤੇ ਨਹੀਂ ਦਿੱਤਾ ਜਾ ਸਕਦਾ, ਨਾ ਵੇਚਿਆ ਜਾ ਸਕਦਾ ਹੈ। ਧਰਤੀ ਮਾਂ ਦੀ ਇੱਜ਼ਤ ਸਭ ਤੋਂ ਉੱਪਰ ਹੈ।"

"ਪੱਛਮੀ ਮਾਡਲ ਦੇ ਨਾਲ ਸਾਡੇ ਡੂੰਘੇ ਮੱਤਭੇਦ ਹਨ ਅਤੇ ਉਨ੍ਹਾਂ ਬਾਰੇ ਹੀ ਬਹਿਸ ਹੋ ਰਹੀ ਹੈ।"

"ਮਹਾਂਦੀਪਾਂ ਵਿਚਕਾਰ ਆਮਦਨਾਂ ਦਾ ਬਹੁਤ ਭਾਰੀ ਖੱਪਾ ਹੈ। ਟੱਬਰਾਂ, ਦੇਸਾਂ ਅਤੇ ਮਹਾਂਦੀਪਾਂ ਵਿਚਕਾਰ ਕੋਈ ਸੰਤੁਲਨ ਹੋਣਾ ਚਾਹੀਦਾ ਹੈ।"

"ਮੇਰੇ ਭੈਣ ਭਰਾ ਪੱਛਮ ਵਿਚ ਆਪਣੀ ਹਾਲਤ ਸੁਧਾਰਨ ਲਈ ਆਉਂਦੇ ਹਨ ਤਾਂ ਉਨ੍ਹਾਂ ਲਈ ਦੇਸ-ਨਿਕਾਲੇ ਦੇ ਕਾਗ਼ਜ਼ ਤਿਆਰ ਹੋ ਜਾਂਦੇ ਹਨ। ਕਈ ਚਿਰ ਪਹਿਲਾਂ ਜਦੋਂ ਯੂਰਪੀ ਲੋਕ ਸਾਡੇ ਦੇਸ ਅੰਦਰ ਆਏ ਸਨ ਤਾਂ ਉਨ੍ਹਾਂ ਨੂੰ ਕਿਸੇ ਨੇ ਕੱਢਣ ਦੀ ਗੱਲ ਨਹੀਂ ਕੀਤੀ।"

"ਅਮੀਰ ਦੇਸਾਂ ਨੂੰ ਮੌਸਮ ਤੋਂ ਮਾਰੇ ਲੋਕਾਂ ਨੂੰ ਆਪਣੇ ਦੇਸਾਂ ਅੰਦਰ ਆਉਣ ਦਾ ਸੱਦਾ ਦੇਣਾ ਚਾਹੀਦਾ ਹੈ, ਧੱਕੇ ਨਹੀਂ ਮਾਰਨੇ ਚਾਹੀਦੇ ਜਿਵੇਂ ਅੱਜਕੱਲ੍ਹ ਹੋ ਰਿਹੈ।"

"ਪੂਰੀ ਲੋਕਾਈ ਨੂੰ ਬਚਾਉਣ ਦੀ ਗੱਲ ਹੋਣੀ ਚਾਹੀਦੀ ਹੈ, ਨਿਰੀ ਅੱਧੀ ਅਮੀਰ ਲੋਕਾਈ ਨੂੰ ਨਹੀਂ।"

"ਮੰਨਦੇ ਹੋ ਕਿ ਸਰਮਾਇਆਦਾਰੀ ਬੇਅੰਤ ਉਜਾੜਾ ਕਰਦੀ ਹੈ ?"

"ਮੰਨਦੇ ਹੋ ਕਿ ਅਮੀਰ ਲੋਕਾਂ ਨੂੰ ਹਾਨੀਕਾਰਕ ਗੈਸਾਂ ਉਡਾਉਣ ਦੀ ਮਾਤਰਾ ਘੱਟ ਕਰਨੀ ਚਾਹੀਦੀ ਹੈ ?"

ਸਭ ਤੋਂ ਉੱਪਰ :

"ਮੰਨਦੇ ਹੋ ਕਿ ਜਿੰਨਾ ਵੀ ਅੱਜ-ਕੱਲ੍ਹ ਜੰਗਾਂ ਦੇ ਉੱਪਰ ਰੁਪਇਆ ਖ਼ਰਚਿਆ ਜਾ ਰਿਹਾ ਹੈ, ਉਸ ਤੋਂ ਵੀ ਵੱਡਾ ਇਕ ਬਜਟ ਹੋਣਾ ਚਾਹੀਦਾ ਹੈ, ਜੋ ਮੌਸਮ-ਬਦਲੀ ਦਾ ਸੰਕਟ ਹੱਲ ਕਰੇ ?"

ਅਮਰੀਕੀ ਚੁੰਗਲ ਵਿੱਚੋਂ ਆਜ਼ਾਦ ਹੋਏ ਵੈਨਜ਼ੁਏਲਾ ਦੇ ਪ੍ਰਧਾਨ ਹਿਊਗੋ ਸ਼ਾਵੇਜ਼ ਨੇ 16 ਦਸੰਬਰ ਨੂੰ ਤਕਰੀਰ ਕੀਤੀ। ਇਸ ਵਿੱਚੋਂ ਕੁਝ ਅੰਸ਼ ਸਾਡੇ ਦਿਲਾਂ ਦੀ ਧੜਕਨ ਨਾਲ ਮੇਲ ਖਾਂਦੇ ਹਨ : "...ਸਾਡੀ ਮਰਜ਼ੀ ਤੋਂ ਬਿਨਾਂ ਬਣੇ ਕਿਸੇ ਵੀ ਮਸੌਦੇ ਨੂੰ ਅਸਾਂ ਆਪਣੇ ਉੱਤੇ ਠੋਸਣ ਨਹੀਂ ਦੇਣਾ...।"

"ਕੁਝ ਦੇਸ਼ ਆਪਣੇ ਆਪ ਨੂੰ ਦੱਖਣੀ ਅਤੇ ਤੀਜੀ ਦੁਨੀਆਂ ਨਾਲੋਂ ਬਹੁਤ ਉੱਪਰ ਸਮਝਦੇ ਹਨ...।"

"...ਸਾਨੂੰ ਕੋਈ ਹੈਰਾਨੀ ਨਹੀਂ ਕਿ ਸਾਡੇ ਸਾਹਮਣੇ ਕੋਈ ਡੈਮੋਕ੍ਰੇਸੀ ਨਹੀਂ, ਬਲਕਿ ਤਾਨਾਸ਼ਾਹੀ ਖੜੀ ਹੈ...।"

"ਓਬਾਮਾ ਨੂੰ ਨੋਬਲ ਪੁਰਸਕਾਰ ਮਿਲਿਆ। ਉਸੇ ਦਿਨ ਬੇਕਸੂਰ ਅਫ਼ਗ਼ਾਨੀਆਂ ਨੂੰ ਮਾਰਨ ਲਈ 30,000 ਫ਼ੌਜੀ ਭੇਜ ਦਿੱਤੇ ਗਏ।"

"ਅਮੀਰ ਦੇਸ ਏਸ ਧਰਤੀ ਨੂੰ ਤਬਾਹ ਕਰ ਰਹੇ ਹਨ। ਕੀ ਏਸ ਨੂੰ ਮੁਕਾ ਕੇ ਉਹ ਕਿਸੇ ਹੋਰ ਪਲੈਨਟ (ਧਰਤੀ) 'ਤੇ ਚਲੇ ਜਾਣਗੇ ?"

"ਵਾਤਾਵਰਣ ਦਾ ਮਸਲਾ ਗੰਭੀਰ ਹੈ, ਤੀਹ ਕਰੋੜ ਅਮਰੀਕੀ ਹਰ ਰੋਜ਼ ਦੋ ਕਰੋੜ ਬੈਰਲ ਤੇਲ ਖਪਾਉਂਦੇ ਹਨ। ਚੀਨ ਦੀ ਆਬਾਦੀ ਅਮਰੀਕਾ ਨਾਲੋਂ ਚਾਰ-ਪੰਜ ਗੁਣਾ ਵੱਧ ਹੈ ਪਰ ਉਨ੍ਹਾਂ ਦੀ ਤੇਲ ਦੀ ਖਪਤ ਇਕ ਚੌਥਾਈ ਹੈ। ਦੋਹਾਂ ਦੇਸਾਂ ਕੋਲੋਂ ਇੱਕੋ ਜਿਹੀ ਮੰਗ ਕਿਵੇਂ ਕੀਤੀ ਜਾ ਸਕਦੀ ਹੈ ?"

"ਅਮੀਰ ਅਤੇ ਗ਼ਰੀਬ ਦੇਸਾਂ ਵਿਚਲਾ ਖੱਪਾ ਵਧਦਾ ਜਾ ਰਿਹਾ ਹੈ, ਚੋਟੀ ਕਾਨਫ਼ਰੰਸਾਂ ਦੇ ਇਕਰਾਰਾਂ ਉੱਤੇ ਅਮਲ ਨਹੀਂ ਕੀਤਾ ਜਾਂਦਾ, ਏਸ ਤਰ੍ਹਾਂ ਧਰਤੀ ਤਬਾਹੀ ਦੇ ਰਸਤੇ ਜਾ ਰਹੀ ਹੈ।"

"ਦੁਨੀਆਂ ਦੇ ਉਪਰਲੇ 500 ਵਿਅਕਤੀਆਂ ਦੀ ਆਮਦਨ ਹੇਠਲੇ 50 ਕਰੋੜ ਲੋਕਾਂ ਦੀ ਆਮਦਨ ਤੋਂ ਵੱਧ ਹੈ।"

"ਗ਼ਰੀਬ ਦੇਸਾਂ ਅੰਦਰ 1000 ਜੰਮਣ ਵਾਲਿਆਂ ਵਿੱਚੋਂ 47 ਬੱਚੇ ਰੱਬ ਨੂੰ ਪਿਆਰੇ ਹੋ ਜਾਂਦੇ ਹਨ, ਜਦਕਿ ਇਹ ਦਰ ਅਮੀਰ ਦੇਸਾਂ ਅੰਦਰ ਹਜ਼ਾਰ ਪਿੱਛੇ ਕੇਵਲ ਪੰਜ ਹੈ।"

"ਦੁਨੀਆਂ ਦੇ 2.6 ਬਿਲੀਅਨ ਲੋਕਾਂ ਲਈ ਸਿਹਤ ਸੇਵਾਵਾਂ ਦਾ ਕਾਲ ਹੈ।" (ਇਹ ਗਿਣਤੀ ਭਾਰਤ ਦੀ ਕੁੱਲ ਆਬਾਦੀ ਨਾਲੋਂ ਦੂਣੀ ਹੈ।)

ਜੀਨ ਰੂਸੋ ਦਾ ਕਹਿਣਾ ਹੈ : "ਤਗੜੇ ਅਤੇ ਮਾੜੇ ਵਿਚਕਾਰ ਆਜ਼ਾਦੀ ਦਾ ਮਤਲਬ ਹੈ ਸਾਹ ਘੁਟਾਲਾ। ਏਸੇ ਲਈ ਸਾਮਰਾਜੀ, ਆਜ਼ਾਦੀ ਹੀ ਆਜ਼ਾਦੀ ਮੰਗਦੇ ਹਨ, ਤਾਂ ਜੋ ਉਹ ਮਾੜਿਆਂ ਉੱਤੇ ਧਾਵਾ ਬੋਲ ਸਕਣ। ਮਾਰਨ ਅਤੇ ਲੁੱਟਣ— ਏਹੀ ਉਨ੍ਹਾਂ ਦੀ ਆਜ਼ਾਦੀ ਹੈ।"

"ਦੂਜਿਆਂ ਦੀ ਕੁਦਰਤੀ ਦੌਲਤ ਦੀ ਲੁੱਟ-ਘਸੁੱਟ ਲਈ, ਲੱਖਾਂ ਕਰੋੜਾਂ ਭੋਲੇ ਭਾਲੇ ਲੋਕਾਂ ਦੇ ਘੱਲੂਘਾਰੇ ਕਦੋਂ ਤਕ ਬਰਦਾਸ਼ਤ ਕੀਤੇ ਜਾ ਸਕਦੇ ਹਨ ?"

"ਇਹ ਧਰਤੀ ਅਰਬਾਂ ਸਾਲ, ਇਨਸਾਨ ਤੋਂ ਬਿਨਾਂ ਜੀਉਂਦੀ ਆ ਰਹੀ ਹੈ। ਇਸ ਨੂੰ ਆਪਣੀ ਹੋਂਦ ਲਈ ਸਾਡੀ ਲੋੜ ਨਹੀਂ, ਪਰ ਅਸੀਂ ਧਰਤੀ ਤੋਂ ਬਿਨਾਂ ਨਹੀਂ ਜਿਊਂ ਸਕਦੇ।"

ਯਾਦ ਰਹੇ ਕਿ 1997 ਈ. ਵਿਚ ਕਿਓਟੋ (ਜਾਪਾਨ) ਵਿਚ ਸੰਯੁਕਤ ਰਾਸ਼ਟਰੀ ਸੰਧੀ ਹੋਈ ਸੀ, ਜਿਸ ਵਿਚ 38 ਸਨਅਤੀ ਦੇਸਾਂ ਨੂੰ ਸਾਲ 2005 ਤਕ ਹਾਨੀਕਾਰਕ ਗੈਸਾਂ ਦੀ ਮਾਤਰਾ 8% ਘਟਾਉਣ ਲਈ ਕਿਹਾ ਗਿਆ ਸੀ। ਇਨ੍ਹਾਂ ਗ੍ਰੀਨ ਹਾਊਸ ਗੈਸਾਂ ਦਾ ਮੋਢੀ ਹੈ ਅਮਰੀਕਾ, ਜੋ ਕੁੱਲ ਦੁਨੀਆਂ ਅੰਦਰ ਗੈਸਾਂ ਦਾ ਇਕ ਚੌਥਾਈ ਇਕੱਲਾ ਹੀ ਪੈਦਾ ਕਰਦਾ ਹੈ। ਦੁਨੀਆਂ ਅੰਦਰ ਇਸ ਦੀ ਆਬਾਦੀ ਕੇਵਲ 4% ਹੈ। ਅਮਰੀਕੀ ਸਾਬਕਾ ਪ੍ਰਧਾਨ ਬੁਸ਼ ਨੇ ਸੰਯੁਕਤ ਰਾਸ਼ਟਰ ਦਾ ਇਹ ਸਮਝੌਤਾ 2001 ਵਿਚ ਰੱਦ ਕਰ ਕੇ ਆਪਣੀ ਬਦਨੀਅਤ ਦਾ ਨਿਡਰ ਮੁਜ਼ਾਹਰਾ ਕਰ ਦਿੱਤਾ ਸੀ।

ਮੌਸਮ ਦੇ ਅੰਦਰ ਆ ਰਹੀ ਜਾਂ ਨਾ ਆ ਰਹੀ ਤਬਦੀਲੀ ਬਾਰੇ, ਵਿਸ਼ਵ ਦੇ ਸਾਇੰਸਦਾਨਾਂ ਅੰਦਰ ਗਹਿਰੇ ਮੱਤਭੇਦ ਹਨ। ਕਹਿਣ ਨੂੰ ਤਾਂ ਆ ਰਹੀ ਭੂਗੋਲਿਕ ਗਰਮੀ ਦਾ ਸ਼ੇਰ ਆਇਆ—ਸ਼ੇਰ ਆਇਆ ਹੋ ਰਿਹਾ ਹੈ, ਓਧਰੋਂ ਪਿਛਲੇ ਤਿੰਨ ਸਾਲਾਂ ਤੋਂ ਸਰਦੀ ਰੁੱਤੇ, ਕੁੱਲ ਉੱਤਰ ਵਿਚ ਕਹਿਰਾਂ ਦੀ ਠੰਢ ਪੈ ਰਹੀ ਹੈ।

ਸਾਮਰਾਜੀ ਤਾਕਤਾਂ ਇਸ ਸਮੇਂ ਅਤਿਅੰਤ ਤੇਜ਼ੀ ਦੇ ਨਾਲ ਦੁਨੀਆਂ ਦੇ ਬੇਅੰਤ ਖੇਤਰਾਂ ਵਿਚ ਲੁੱਟ ਅਤੇ ਕਬਜ਼ਿਆਂ ਵਿਚ ਰੁਝੀਆਂ ਹੋਈਆਂ ਹਨ। ਉਨ੍ਹਾਂ ਨੂੰ ਜਾਪਦੈ ਕਿ ਉਨ੍ਹਾਂ ਦੀ ਸੰਭਵ ਸਦੀਵੀ ਚੜ੍ਹਤ ਦਾ, ਇਤਿਹਾਸ ਵਿਚ ਏਹੀ ਪਲ ਹੈ, ਜਿਸ ਨੂੰ ਉਹ ਕਿਸੇ ਵੀ ਮੁੱਲ ’ਤੇ ਖੁੰਝਾ ਨਹੀਂ ਸਕਦੀਆਂ। ਭੂਗੋਲਿਕ ਗਰਮੀ ਦੇ ਪ੍ਰਕੋਪ ਨੂੰ ਸ਼ੇਰ ਆਇਆ—ਸ਼ੇਰ ਆਇਆ ਤੇ ਉਨ੍ਹਾਂ ਦਾ ਆਪਣਾ ਜੰਮਿਆ ਅਤੇ ਪਾਲਿਆ ਸਹਿਮਵਾਦ/ਹਊਆਵਾਦ ਅਤੇ ਹੋਰ ਕਈ ਭੂਗੋਲਿਕ ਭੁਲੇਖੇ, ਸਮਝਦਾਰ ਲੋਕਾਂ ਨੂੰ ਉੱਲੂ ਬਣਾਉਣ ਅਤੇ ਉਲਝਾਈ ਰੱਖਣ ਲਈ, ਸਫਲਤਾਪੂਰਵਕ ਵਰਤੇ ਜਾ ਰਹੇ ਹਨ।

ਕੀ ਉਨ੍ਹਾਂ ਦੇ ਫੈਲਾਏ ਹੋਏ ਮਾਇਆ-ਜਾਲ ਨੂੰ ਸਮਝਣ ਅਤੇ ਵਿੱਚੋਂ ਬਚ ਨਿਕਲਣ ਦੀ ਹਿੰਮਤ ਸਾਡੇ ਵਿਚ ਹੈ ?

# ਰੌਥਚਾਈਲਡ ਟੱਬਰ ਦੀਆਂ ਮਹਾਨ ਪ੍ਰਾਪਤੀਆਂ

1815 ਵਿਚ ਨਾਥਨ ਮੇਅਰ ਰੌਥਚਾਈਲਡ ਨੇ ਇੰਜ ਕਿਹਾ : “ਮੈਨੂੰ ਨਹੀਂ ਪ੍ਰਵਾਹ ਕਿ ਬ੍ਰਿਟਿਸ਼ ਸਾਮਰਾਜ, ਜਿੱਥੇ ਕਦੇ ਸੂਰਜ ਅਸਤ ਨਹੀਂ ਹੁੰਦਾ, ਉਸ ਦੇ ਤਖ਼ਤ ਉੱਤੇ ਕੌਣ ਬੈਠਦਾ ਹੈ। ਜੋ ਸ਼ਖ਼ਸ ਬ੍ਰਿਟੇਨ ਦੀ ਦੌਲਤ ਫੜ ਕੇ ਰੱਖਦਾ ਹੈ, ਉਹੀ ਬ੍ਰਿਟਿਸ਼ ਸਾਮਰਾਜ ਨੂੰ ਕਾਬੂ ਰੱਖਦਾ ਹੈ। ਉਹ ਸ਼ਖ਼ਸ ਮੈਂ ਹਾਂ।”

ਪਹਿਲਾਂ, ਵਿੱਤੀ ਹਿਸਾਬ ਬਰਾਬਰ ਕਰਨ ਲਈ, ਕੁੱਲ ਦੇਸ ਸੋਨੇ ਦਾ ਵਟਾਂਦਰਾ ਕਰਦੇ ਹੁੰਦੇ ਸਨ। ਰੌਥਚਾਈਲਡ ਪਰਿਵਾਰ ਨੇ ਯੂਰਪ ਅੰਦਰ ਪੰਜ ਬੈਂਕ ਖੋਲ੍ਹ ਦਿੱਤੇ। ਉਸ ਨੇ ਦੌਲਤ ਦੇ ਵਟਾਂਦਰੇ ਲਈ ਕਾਗ਼ਜ਼ੀ ਰੁੱਕੇ ਵਰਤਾਉਣੇ ਸ਼ੁਰੂ ਕਰ ਦਿੱਤੇ। ਇੰਗਲੈਂਡ ਦਾ ਬੈਂਕ ਪਹਿਲਾਂ ਹੀ ਉਸ ਦੀ ਮੁੱਠੀ ਵਿਚ ਸੀ। ਕਾਗ਼ਜ਼ੀ ਰੁੱਕਿਆਂ ਰਾਹੀਂ ਅੱਜ ਦੀ ਬੈਂਕ-ਪ੍ਰਣਾਲੀ ਸ਼ੁਰੂ ਹੋਈ।

ਦੌਲਤ ਸੋਨੇ ਦੀ ਸ਼ਕਲ ਵਿਚ, ਬੈਂਕਾਂ ਅੰਦਰ ਸੀ। ਭੁਗਤਾਨ ਛਪੇ ਕਾਗ਼ਜ਼ਾਂ ਰਾਹੀਂ ਕੀਤਾ ਜਾਂਦਾ ਸੀ। ਕਾਗ਼ਜ਼, ਭਾਵ ਨੋਟ ਤਾਂ ਓਨੇ ਹੀ ਛਾਪੇ ਜਾਣੇ ਚਾਹੀਦੇ ਸਨ ਜਿੰਨਾ ਮਾਲ ਬੈਂਕ ਅੰਦਰ ਹੋਵੇ। ਪਰ ਪਰਤਾਉਣ ਕਿਸ ਨੇ ਆਉਣਾ ਹੈ ? ਏਸ ਲਈ ਨੋਟ ਵਧੇਰੇ ਛਪਣੇ ਸ਼ੁਰੂ ਹੋ ਗਏ ਅਤੇ ਸੂਦ ਉੱਤੇ ਕਰਜ਼ੇ ਵੀ ਦਿੱਤੇ ਜਾਣ ਲੱਗੇ।

ਉੱਨ੍ਹੀਵੀਂ ਸਦੀ ਦੇ ਅੰਤ ਉੱਤੇ ਦੁਨੀਆਂ ਦੀ ਕੁੱਲ ਦੌਲਤ ਦਾ ਅੱਧਾ ਰੌਥਚਾਈਲਡ ਟੱਬਰ ਦੇ ਹੱਥ ਵਿਚ ਸੀ।

ਰੌਥਚਾਈਲਡ ਨੇ ਉੱਪਰ ਦਿੱਤਾ ਬਿਆਨ ਤਾਂ ਬੜਾ ਵੱਡਾ ਦਿੱਤਾ, ਪਰ ਉਸ ਦੀ ਕੁੱਲ ਦੁਨੀਆਂ ਦੀ ਦੌਲਤ 'ਤੇ ਕਬਜ਼ਾ ਕਰਨ ਦੀ ਹਸਰਤ ਪੂਰੀ ਨਹੀਂ ਹੋਈ ਸੀ। ਸਤੰਬਰ 1814 ਤੋਂ ਜੂਨ 1815 ਤੱਕ ਵੀਆਨਾ ਅੰਦਰ ਵਿੱਤੀ ਵਿਸ਼ਿਆਂ ਉੱਤੇ ਇਕ ਲੰਮੀ ਕਾਨਫ਼ਰੰਸ ਹੋਈ। ਇਹ ਕਾਨਫ਼ਰੰਸ ਰੌਥਚਾਈਲਡ ਨੇ ਹੀ ਕਰਵਾਈ ਸੀ, ਜਿਸ ਦਾ ਮੰਤਵ ਸੀ, ਦੁਨੀਆਂ ਦੇ ਕਹਿੰਦੇ ਕਹਾਉਂਦੇ ਦੇਸਾਂ ਦੀ ਇਕ ਸਰਕਾਰ ਬਣਾਉਣਾ, ਜਿਸ ਦੇ ਉੱਤੇ ਉਸ ਦਾ ਪੂਰਨ ਕੰਟਰੋਲ ਹੁੰਦਾ।

ਏਥੇ ਯਾਦ ਕਰਵਾ ਦਈਏ ਕਿ 1776 ਤੋਂ ਵਿਸ਼ੁਪਤ ਰਾਹੀਂ ਚਾਨਣ-ਬਰਦਾਰਾਂ (ਇਲਿਊਮੀਨਾਟੀ) ਦੀ ਲਹਿਰ ਦੇ ਪਿੱਛੇ ਵੀ ਰੌਥਚਾਈਲਡ ਸੀ। ਕਿੰਨਾ ਮਹਾਨ ਤੇਜ਼-ਦਿਮਾਗ਼ ਸੀ ਰੌਥਚਾਈਲਡ ਦਾ। ਉਨ੍ਹਾਂ ਸਮਿਆਂ ਵਿਚ ਸਾਡਾ ਦੇਸ ਛੋਟੀਆਂ ਮੋਟੀਆਂ ਘਰੇਲੂ ਜੰਗਾਂ ਅੰਦਰ ਉਲਝਿਆ ਹੋਇਆ ਸੀ ਅਤੇ ਸਨਅਤੀ ਦੇਸਾਂ ਦੀਆਂ, ਦੂਰ-ਦੁਰਾਡੇ ਦੇਸਾਂ ਲਈ, ਠਾਣੀਆਂ ਹੋਈਆਂ ਨੀਤੀਆਂ ਤੋਂ ਸ਼ਾਇਦ ਬੇਖ਼ਬਰ ਸੀ।

ਯੂਰਪ ਦੇ ਕਈ ਦੇਸ ਰੌਥਚਾਈਲਡ ਦੇ ਕਰਜ਼ਦਾਰ ਸਨ। ਉਹ ਤਾਂ "ਇਕ-ਦੁਨੀਆਂ-ਸਰਕਾਰ" ਤੋਂ ਕਿਸੇ ਲਾਭ ਦੀ ਭਾਲ ਵਿਚ ਬੈਠੇ ਸਨ। ਪਰ ਰੂਸ ਦਾ ਜ਼ਾਰ ਅਲੈਗਜ਼ੈਂਡਰ-ਇਕ, ਇਸ ਛਲਾਵੇ ਵਿਚ ਨਹੀਂ ਆਇਆ। ਏਸ ਤਰ੍ਹਾਂ ਰੌਥਚਾਈਲਡ ਦੁਨੀਆਂ ਦੀ ਇਕ—ਸਰਕਾਰ ਦੀ ਸਕੀਮ ਅੱਗੇ ਨਹੀਂ ਵਧਾ ਸਕਿਆ। ਨਾਥਨ ਰੌਥਚਾਈਲਡ ਨੂੰ ਰੂਸੀ ਜ਼ਾਰ ਦੀ ਅੜੀ ਬਹੁਤ ਰੜਕੀ। ਉਸ ਨੇ ਸੜ ਬਲ ਕੇ ਉਸੇ ਦਿਨ ਕਿਹਾ ਕਿ ਉਹ, ਜਾਂ ਉਸ ਦੀ ਅੱਗੋਂ ਆਉਂਦੀ ਕੁਲ, ਇਕ ਦਿਨ ਜ਼ਾਰ ਨੂੰ ਸਣੇ ਪਰਿਵਾਰ ਮਿਟਾ ਦਏਗੀ। 102 ਸਾਲਾਂ ਪਿੱਛੋਂ, ਬਾਲਸ਼ਵਿਕਾਂ ਨੂੰ ਮਾਲੀ ਮਦਦ ਦੇ ਕੇ ਰੌਥਚਾਈਲਡ ਘਰਾਣੇ ਨੇ, ਉਹ ਬਚਨ ਪੂਰਾ ਕਰ ਦਿੱਤਾ। ਕਿੰਨੇ ਬਚਨ ਦੇ ਪੱਕੇ ਸਨ!

ਹੈਨਰੀ ਕਿਸਿੰਜਰ ਦਾ ਨਾਂ ਤੁਸਾਂ ਸੁਣਿਆ ਹੋਵੇਗਾ। ਉਹ ਕਾਫ਼ੀ ਦੇਰ ਤਕ ਅਮਰੀਕਾ ਦੇ ਪ੍ਰਧਾਨ ਲਈ ਸਕੱਤਰ ਰਿਹਾ ਹੈ। ਜਿਵੇਂ ਹਿਲੇਰੀ ਕਲਿੰਟਨ ਅੱਜ-ਕੱਲ੍ਹ ਪ੍ਰਧਾਨ ਉਬਾਮਾ ਲਈ ਹੈ। ਉਸ ਦੇ ਪੀ-ਐੱਚ.ਡੀ. ਥੀਸਿਸ ਦਾ ਵਿਸ਼ਾ ਸੀ : ਉੱਪਰ ਜ਼ਿਕਰ ਕੀਤੀ ਵੀਆਨਾ ਕਾਨਫ਼ਰੰਸ।

ਰੌਥਚਾਈਲਡ ਦੀ ਛੇੜੀ ਬਰਤਾਨੀਆ ਦੀ ਅਮਰੀਕਾ ਦੇ ਖ਼ਿਲਾਫ਼ ਜੰਗ 1816 ਵਿਚ ਤਦ ਬੰਦ ਹੋਈ, ਜਦੋਂ ਅਮਰੀਕਨ ਕਾਂਗਰਸ ਨੇ ਉਸ ਨੂੰ ਵੀਹ ਸਾਲਾਂ ਲਈ, ਅਮਰੀਕਾ ਅੰਦਰ ਨਕਦੀ ਛਾਪਣ ਦੀ ਆਗਿਆ ਦੇ ਦਿੱਤੀ। ਏਸ ਜੰਗ ਵਿਚ ਹਜ਼ਾਰਾਂ ਹੀ ਬਰਤਾਨਵੀ ਅਤੇ ਅਮਰੀਕੀ ਫ਼ੌਜੀ ਮਾਰੇ ਗਏ ਸਨ। ਰੌਥਚਾਈਲਡ ਨੂੰ ਏਸ ਨਾਲ ਕੀ ? ਉਸਨੂੰ ਤਾਂ ਬੈਂਕ ਚਾਹੀਦਾ ਸੀ, ਸੋ ਮਿਲ ਗਿਆ। ਉਹਨੇ ਕਿਹੜੇ ਆਪ ਜਾ ਕੇ ਫ਼ੌਜੀ ਮਾਰੇ ?

1818 ਦੀ ਵਾਟਰਲੂ ਜੰਗ ਹਾਰਨ ਕਰਕੇ, ਫ਼ਰਾਂਸ ਨੰਗ ਹੋ ਗਿਆ ਸੀ। ਰੌਥਚਾਈਲਡ ਦੇ ਕਾਰਿੰਦਿਆਂ ਨੇ ਬੇਅੰਤ ਫ਼੍ਰੈਂਚ ਸਰਕਾਰੀ ਬਾਂਡ ਖ਼ਰੀਦੇ, ਜਿਨ੍ਹਾਂ ਨਾਲ ਉਨ੍ਹਾਂ ਦਾ ਮੁੱਲ ਵਧਿਆ। 5 ਨਵੰਬਰ ਨੂੰ ਉਨ੍ਹਾਂ ਨੇ ਮੰਡੀ ਅੰਦਰ ਬਾਂਡਾਂ ਨੂੰ ਢੇਰ ਕਰ ਦਿੱਤਾ, ਜਿਸ ਨਾਲ ਵਿੱਤੀ ਭਗਦੜ ਮੱਚ ਗਈ। ਰੌਥਚਾਈਲਡ ਨੇ ਅੱਗੇ ਵਧ ਕੇ ਫ਼ਰਾਂਸ ਦੀ ਕਰੰਸੀ ਸਪਲਾਈ ਆਪਣੇ ਹੱਥ ਵਿਚ ਕਰ ਲਈ। ਤਲਵਾਰ ਨਾਲ ਨਹੀਂ, ਉਸ ਨੇ ਅਕਲ ਤੇ ਹੁਸ਼ਿਆਰੀ ਤੋਂ ਕੰਮ ਲਿਆ। ਏਸੇ ਸਾਲ ਰੌਥਚਾਈਲਡ ਨੇ ਪ੍ਰਸ਼ੀਅਨ ਸਰਕਾਰ ਨੂੰ ਪੰਜਾਹ ਲੱਖ ਪੌਂਡ ਦਾ ਕਰਜ਼ਾ ਦਿੱਤਾ। ਕਿੰਨਾ ਦਿਲ ਜਿਗਰੇ ਅਤੇ ਸ੍ਵੈ-ਵਿਸ਼ਵਾਸ ਵਾਲਾ ਹੈ, ਰੌਥਚਾਈਲਡ! ਇਹ ਪੰਜਾਹ ਲੱਖ ਪੌਂਡ 1818 ਦੇ, ਅੱਜ ਦੇ ਹਿਸਾਬ ਤਾਂ ਟ੍ਰਿਲੀਅਨਾਂ ਤਕ ਜਾਂਦੇ ਹੋਣਗੇ। 1821 ਵਿਚ ਕਾਰਲਮੇਅਰ ਰੌਥਚਾਈਲਡ ਇਟਲੀ ਗਿਆ ਜਿਥੇ ਉਸ ਨੇ ਵੈਟੀਕਨ ਦੇ ਨਾਲ ਚੰਗਾ ਵੱਡਾ ਸੌਦਾ ਕੀਤਾ। ਇਸ ਪਿੱਛੋਂ ਪੋਪ ਗ੍ਰੈਗਰੀ ਚੌਦਾਂ ਨੇ ਉਸ ਨੂੰ "ਆਰਡਰ ਆਫ਼ ਸੇਂਟ ਜਾਰਜ" ਨਾਲ ਸਨਮਾਨਤ ਕੀਤਾ। ਯਾਦ ਰਹੇ, ਇਹ ਘਣੇ ਸੰਬੰਧ ਹੁਣ ਤਕ ਚਲੇ ਆ ਰਹੇ ਹਨ। ਵੈਟੀਕਨ ਬੈਂਕ ਬੜੀ ਹੱਦ ਤੱਕ ਗੁਪਤ ਹੈ ਅਤੇ ਇਸ ਦੀ ਸ਼ਕਤੀ ਅਤੇ ਪਹੁੰਚ ਦਾ ਅੰਦਾਜ਼ਾ ਕਰਨਾ ਮੁਸ਼ਕਿਲ ਹੈ। ਹੋਰਨਾਂ ਲੋਕਾਂ ਨੂੰ ਪੋਪ, ਆਪਣੇ ਪੈਰ ਦਾ ਅੰਗੂਠਾ ਚੁੰਮਣ ਲਈ ਪੇਸ਼ ਕਰਦਾ ਸੀ, ਪਰ ਕਾਰਲ ਨੂੰ ਉਸ ਨੇ ਆਪਣਾ ਹੱਥ ਦਿੱਤਾ। ਏਸ ਤੋਂ ਅੰਦਾਜ਼ਾ ਲੱਗਦਾ ਹੈ ਕਿ ਰੌਥਚਾਈਲਡ ਦੀਆਂ 'ਅੱਛਾਈਆਂ' ਦਾ ਵੈਟੀਕਨ ਉੱਤੇ ਕਿੰਨਾ ਪ੍ਰਭਾਵ ਸੀ।

ਸੋਚੋ, ਭਲਾ ਵੈਟੀਕਨ ਬੈਂਕ ਅੰਦਰ ਕੀ ਹੋਵੇਗਾ ? ਕੀ ਉਸ ਦੇ ਅੰਦਰ ਕਿਸੇ ਦੇਸ ਜਾਂ ਦੇਸਾਂ ਦੀ ਕਰੰਸੀ/ਨੋਟਾਂ ਵਾਂਗ ਹੋਵੇਗੀ ? ਉਮੀਦ ਤਾਂ ਨਹੀਂ। ਸੌ ਸੌ ਡਾਲਰਾਂ ਦੀਆਂ ਗੱਠੀਆਂ ਬਣਾਉਣ ਜਾਈਏ ਤਾਂ ਇਕ ਬਿਲੀਅਨ ਡਾਲਰ ਹੀ ਸੈਂਕੜੇ ਟਨਾਂ ਦੇ ਬਰਾਬਰ ਹੋ ਜਾਂਦਾ ਹੈ ਅਤੇ ਏਸ ਦਾ ਹੁਜਮ ਏਨਾ ਹੋ ਜਾਂਦਾ ਹੈ ਜੋ ਕਿਸੇ ਬੈਂਕ ਅੰਦਰ ਸਮਾ ਨਹੀਂ ਸਕਦਾ। ਜੇ ਖ਼ਜ਼ਾਨਾ ਸੈਂਕੜੇ ਬਿਲੀਅਨ ਜਾਂ ਬੇਅੰਤ ਟ੍ਰਿਲੀਅਨਾਂ ਦਾ ਹੋਵੇ ਤਾਂ ਵੈਟੀਕਨ ਸ਼ਹਿਰ ਹੀ ਨੋਟਾਂ ਨਾਲ ਭਰ ਜਾਵੇਗਾ। ਤਾਂ ਤੇ ਖ਼ਜ਼ਾਨਾ

ਕੇਵਲ ਹੋ ਸਕਦਾ ਹੈ, ਸੋਨੇ ਅਤੇ ਬੇਸ਼-ਕੀਮਤੀ ਹੀਰੇ ਜਵਾਹਰਾਂ ਵਾਲਾ, ਜੋ ਸੰਭਾਲਿਆ ਵੀ ਜਾ ਸਕਦੈ ਅਤੇ ਪਿਆ ਖ਼ਰਾਬ ਵੀ ਨਹੀਂ ਹੁੰਦਾ। ਕਿੰਨਾ ਖ਼ਜ਼ਾਨਾ ਹੈ, ਉਸ ਦਾ ਸ਼ਾਇਦ ਪੋਪ ਨੂੰ ਵੀ ਨਹੀਂ ਪਤਾ ਹੋਣਾ।

1823 ਵਿਚ ਕੁੱਲ ਦੁਨੀਆਂ ਅੰਦਰ ਕੈਥੋਲਿਕ ਚਰਚ ਦੇ ਵਿੱਤੀ ਕੰਮਾਂ ਦੀ ਸੇਵਾ, ਰੌਥਚਾਈਲਡ ਨੂੰ ਮਿਲ ਗਈ।

1827 ਵਿਚ ਸਰ ਵਾਲਟਰ ਸਕਾਟ ਨੇ ਸੱਤ ਜਿਲਦਾਂ ਵਿਚ ਨਿਪੋਲੀਅਨ ਦੀ ਜੀਵਨੀ ਲਿਖੀ। ਦੂਜੇ ਭਾਗ ਵਿਚ ਉਸ ਨੇ ਲਿਖਿਆ ਹੈ ਕਿ ਫ਼ਰਾਂਸੀਸੀ ਇਨਕਲਾਬ ਦਾ ਸ਼ੜਯੰਤਰ ਵਿਸ਼ੁਪਤ ਦੇ ਚਾਨਣ-ਬਰਦਾਰਾਂ ਵੱਲੋਂ ਰਚਿਆ ਗਿਆ ਸੀ ਜਿਸ ਦਾ ਵਿੱਤੀ ਭਾਰ ਮਾਲ/ਕਰੰਸੀ/ਨਕਦੀ ਵਟਾਉਣ ਵਾਲਿਆਂ ਨੇ ਚੁੱਕਿਆ ਸੀ। ਕਹਾਣੀ ਲੰਮੀ ਅਤੇ ਸ਼ਾਇਦ ਖ਼ੁਸ਼ਕ ਹੁੰਦੀ ਜਾ ਰਹੀ ਹੈ, ਪਰ ਚੂੰਕਿ ਕੁੱਲ ਦੁਨੀਆਂ ਦੇ ਸਮਾਜ ਅਤੇ ਸਾਡੀਆਂ ਜ਼ਿੰਦਗੀਆਂ, ਲਹੂ ਦੀਆਂ ਤਾਰਾਂ, ਏਸੇ ਕਹਾਣੀ ਨਾਲ ਅੱਜ ਵੀ ਬੱਝੀਆਂ ਹੋਈਆਂ ਹਨ, ਏਸ ਲਈ ਸਮਝਣਾ ਬਹੁਤ ਜ਼ਰੂਰੀ ਹੈ ਜਿਵੇਂ 1833 ਵਿਚ ਅਮਰੀਕੀ ਪ੍ਰਧਾਨ ਐਂਡ੍ਰੀਊ ਜੈਕਸਨ ਦੀਆਂ ਅੱਖਾਂ ਖੁੱਲ੍ਹ ਗਈਆਂ ਸਨ। ਉਸ ਨੇ ਰੌਥਚਾਈਲਡ ਦੇ ਕਾਬੂ ਹੇਠ 'ਦੂਜੇ ਅਮਰੀਕੀ ਬੈਂਕ' ਵਿੱਚੋਂ ਪੈਸਾ ਕਢਾ ਕੇ ਹੋਰਨਾਂ ਬੈਂਕਾਂ ਅੰਦਰ ਪਾ ਦਿੱਤਾ।

ਏਸ ਦੇ ਨਾਲ ਰੌਥਚਾਈਲਡਾਂ ਨੂੰ ਭਾਜੜ ਪੈ ਗਈ। ਉਨ੍ਹਾਂ ਉਹੀ ਕੀਤਾ ਜੋ ਉਨ੍ਹਾਂ ਨੂੰ ਵਧੀਆ ਕਰਨਾ ਆਉਂਦਾ ਹੈ—ਉਨ੍ਹਾਂ ਨੇ ਮੰਡੀ ਵਿੱਚੋਂ ਪੈਸਾ ਕੱਢ ਲਿਆ ਜਿਸ ਨਾਲ ਵਪਾਰਕ ਮੰਦੀ ਆ ਗਈ। ਪ੍ਰਧਾਨ ਜੈਕਸਨ ਇਹ ਸਭ ਖੇਡਾਂ ਜਾਣਦਾ ਸੀ। ਉਸ ਨੇ ਲਿਖਿਆ : "ਤੁਸੀਂ ਚੋਰ ਜ਼ਹਿਰੀ ਸੱਪਾਂ ਦਾ ਇਕੱਠ ਹੋ। ਰੱਬ ਨੇ ਚਾਹਿਆ ਤਾਂ ਮੈਂ ਤੁਹਾਨੂੰ ਨਹੀਂ ਛੱਡਦਾ।"

1834 ਵਿਚ ਚਾਨਣ-ਬਰਦਾਰਾਂ ਨੇ ਇਟਲੀ ਵਿਚ ਇਕ ਇਨਕਲਾਬੀ 'ਜੀਸਪ ਮੁਜ਼ੀਨੀ' ਖੜਾ ਕੀਤਾ ਤਾਂ ਜੋ ਕੁਲ ਦੁਨੀਆਂ ਅੰਦਰ ਇਨਕਲਾਬੀ ਲਹਿਰਾਂ ਚਲਾਈਆਂ ਜਾਣ, ਜਿਨ੍ਹਾਂ ਦਾ ਟੀਚਾ ਹੋਵੇ ਦੁਨੀਆਂ ਦੀ ਇਕ ਸਰਕਾਰ। ਉਹ 1872 ਤੱਕ ਏਸ ਮਿਸ਼ਨ ਪਿੱਛੇ ਭੱਜਦਾ ਰਿਹਾ।

30 ਜਨਵਰੀ 1835 ਨੂੰ ਪ੍ਰਧਾਨ ਜੈਕਸਨ ਉੱਤੇ ਗੋਲੀਆਂ ਚਲਾਈਆਂ ਗਈਆਂ, ਪਰ ਚੰਗੀ ਕਿਸਮਤੇ ਬਚ ਗਿਆ। ਉਹਨੂੰ ਯਕੀਨ ਸੀ ਕਿ ਏਸ ਹਮਲੇ ਪਿੱਛੇ ਰੌਥਚਾਈਲਡ ਦਾ ਹੱਥ ਹੈ। ਯਕੀਨ ਸਬੂਤ ਤਾਂ ਨਹੀਂ ਨਾ ਹੁੰਦਾ।

ਉਨ੍ਹਾਂ ਸਮਿਆਂ ਅੰਦਰ ਸੋਨਾ ਸਾਫ਼ ਕਰਨ ਲਈ ਪਾਰੇ ਦੀ ਵਰਤੋਂ ਕੀਤੀ ਜਾਂਦੀ ਸੀ। ਸ਼ਾਇਦ ਆਪ ਨੂੰ ਪਤਾ ਹੋਵੇਗਾ ਕਿ ਪਾਰਾ ਥਰਮਾਮੀਟਰ ਅਤੇ ਬਲੱਡ-ਪ੍ਰੈਸ਼ਰ ਯੰਤਰ ਅੰਦਰ ਵਰਤਿਆ ਜਾਂਦਾ ਹੈ। ਪਾਰੇ ਦਾ ਸਭ ਤੋਂ ਵੱਡਾ ਜ਼ਖ਼ੀਰਾ ਸੀ ਸਪੇਨ ਵਿਚ, ਅਲਮਦੇਨ ਥਾਂ ਉੱਤੇ। ਏਸ ਨੂੰ ਖ਼ਰੀਦ ਕੇ ਰੌਥਚਾਈਲਡ ਦੀ ਸੋਨਾ ਜਗਤ ਵਿਚ ਪੂਰਨ ਇਜਾਰਾਦਾਰੀ ਹੋ ਗਈ। ਵਪਾਰ ਅਕਲ ਨਾਲ ਕੀਤਾ ਜਾਂਦਾ ਹੈ, ਨਿਰਾ ਪੈਸੇ ਦੇ ਨਾਲ ਨਹੀਂ। 1836 ਵਿਚ ਆਪਣੀ ਧੁਨ ਦੇ ਪੱਕੇ ਪ੍ਰਧਾਨ ਜੈਕਸਨ ਨੇ ਰੌਥਚਾਈਲਡ ਬੈਂਕ ਦਾ ਕੰਮ ਠੱਪ ਦਿੱਤਾ। ਰੌਥਚਾਈਲਡ ਘਰਾਣਾ ਮਹਾਂ ਚੀੜ੍ਹਾ ਹੈ। ਉਸ ਨੇ ਢੇਰ ਚਿਰ ਪਿੱਛੋਂ 1913 ਵਿਚ ਫਿਰ ਤੀਜਾ ਕੇਂਦਰੀ ਬੈਂਕ ਬਣਾਉਣ ਦੀ ਆਗਿਆ ਲੈ ਲਈ, ਜਿਸ ਨੂੰ ਅੱਜ ਫ਼ੈਡਰਲ ਰੀਜ਼ਰਵ ਬੈਂਕ ਕਹਿੰਦੇ ਹਨ।

1840 ਵਿਚ ਰੌਥਚਾਈਲਡ ਬੈਂਕ ਆਫ਼ ਇੰਗਲੈਂਡ ਦੇ ਸੋਨੇ ਦੇ ਦਲਾਲ ਬਣ ਗਏ ਅਤੇ ਸ਼ਾਖ਼ਾਂ ਆਸਟ੍ਰੇਲੀਆ ਅਤੇ ਕੈਲੀਫ਼ੋਰਨੀਆ ਅੰਦਰ ਖੋਲ੍ਹ ਦਿੱਤੀਆਂ ਗਈਆਂ।

1841 ਵਿਚ ਦਸਵੇਂ ਅਮਰੀਕੀ ਪ੍ਰਧਾਨ ਜੌਹਨ ਟਾਈਲਰ ਨੇ ਰੌਥਚਾਈਲਡ ਦੀ ਵਾਪਸ ਆ ਜਾਣ ਦੀ ਕੋਸ਼ਿਸ਼ ਨਕਾਰਾ ਕੀਤੀ, ਜਿਸ ਪਿੱਛੇ ਉਸ ਨੂੰ ਸੈਂਕੜੇ ਧਮਕੀ-ਪੱਤਰ ਮਿਲੇ।

ਯੂਰਪ ਵਿਚ ਰੌਥਚਾਈਲਡ ਕੋਲੇ ਅਤੇ ਲੋਹੇ ਦੀ ਸਨਅਤ ਵਿਚ ਕਾਫ਼ੀ ਉੱਚੇ ਚੜ੍ਹ ਗਏ।

ਬੈਂਜਮਨ ਡਿਜ਼੍ਰੇਲੀ ਦੋ ਵਾਰ ਬਰਤਾਨਵੀ ਪ੍ਰਧਾਨ ਮੰਤਰੀ ਬਣਿਆ ਸੀ। ਉਹ ਖੁਲ੍ਹਮ-ਖੁੱਲ੍ਹਾ ਆਪਣੇ ਆਪ ਨੂੰ ਅਕਸ਼ਨਾਜ਼ੀ ਯਹੂਦੀ ਦੱਸਦਾ ਸੀ। ਉਸ ਨੇ ਰੌਥਚਾਈਲਡ ਬਾਰੇ ਇੰਜ ਲਿਖਿਆ : "ਦੁਨੀਆਂ ਦੀਆਂ ਦੌਲਤ-ਮੰਡੀਆਂ ਦਾ ਮਾਲਕ ਅਤੇ ਬਾਦਸ਼ਾਹ ਅਤੇ ਹੋਰ ਵੀ ਸਭਨਾਂ ਚੀਜ਼ਾਂ ਦਾ ਮਾਲਕ ਰੌਥਚਾਈਲਡ। ਦੁਨੀਆਂ ਦੇ ਕੁਲ ਬਾਦਸ਼ਾਹ ਅਤੇ ਵਜ਼ੀਰ ਉਸ ਦਾ ਪਾਣੀ ਭਰਦੇ ਸਨ ਅਤੇ ਉਸ ਦੀ ਸਲਾਹ ਨਾਲ ਚੱਲਦੇ ਸਨ।"

ਰੌਥਚਾਈਲਡ ਬੈਂਕ ਇਕ ਜਿਊਂਦੀ ਜਾਗਦੀ ਖ਼ਤਰਨਾਕ ਜਥੇਬੰਦੀ ਸੀ। ਸਤਵੇਂ ਅਮਰੀਕਨ ਪ੍ਰਧਾਨ ਜੈਕਸਨ ਨੂੰ 1845 ਵਿਚ ਮਰਨ ਤੋਂ ਪਹਿਲਾਂ ਪੁੱਛਿਆ ਗਿਆ ਕਿ ਉਸ ਦੀ ਸਭ ਤੋਂ ਵੱਡੀ ਪ੍ਰਾਪਤੀ ਕੀ ਸੀ—ਉਸ ਕਿਹਾ ਕਿ ਮੈਂ ਬੈਂਕ ਨੂੰ 1936 ਵਿਚ ਮਾਰ ਦਿੱਤਾ।

ਰੌਥਚਾਈਲਡਾਂ ਨੇ ਯੂਰਪ ਵਿਚ ਰੇਲਵੇ ਲਾਈਨ ਵਿਛਾਉਣ ਦਾ ਠੇਕਾ ਲੈ ਲਿਆ। ਅੱਗੇ ਲੱਗਿਆ ਬੈਰਨ ਜੇਮਜ਼ ਰੌਥਚਾਈਲਡ। 1847 ਵਿਚ ਲੀਓਨਲ ਰੌਥਚਾਈਲਡ ਸਿਟੀ-ਆਫ਼-ਲੰਡਨ ਦੇ ਹਲਕੇ ਤੋਂ ਪਾਰਲੀਮੈਂਟ ਲਈ ਚੁਣਿਆ ਗਿਆ। ਇਕ ਸਮੱਸਿਆ ਖੜੀ ਹੋ ਗਈ। ਮੈਂਬਰ ਬਣਨ ਲਈ ਸੱਚੇ ਈਸਾਈ ਹੋਣ ਦੀ ਸਹੁੰ ਖਾਣੀ ਪੈਂਦੀ ਸੀ, ਜਿਸ ਤੋਂ ਉਹ ਇਨਕਾਰੀ ਸੀ। ਗਿਆਰਾਂ ਸਾਲ ਉਸ ਨੇ ਆਪਣੀ ਤਾਕਤ ਦੇ ਨਾਲ ਇਹ ਪਾਰਲੀਮਾਨੀ ਹਲਕਾ ਖ਼ਾਲੀ ਰਖਾਇਆ, ਜਦੋਂ ਤਕ ਕਿ ਉਸ ਨੂੰ ਆਪਣੀ ਵੱਖਰੀ ਸਹੁੰ ਚੁੱਕਣ ਦੀ ਆਗਿਆ ਨਹੀਂ ਮਿਲੀ। ਇੰਗਲੈਂਡ ਜਹੇ ਦੇਸ ਦੇ ਕਾਨੂੰਨ, ਗਿਆਰਾਂ ਸਾਲ ਲਈ ਛਿੱਕੇ ਉੱਤੇ ਟਿਕਾ ਦੇਣੇ, ਅਚੰਭੇ ਵਿਚ ਪਾ ਦੇਂਦੇ ਹਨ, ਪਰ ਮਾਇਆ ਦੀ ਸ਼ਕਤੀ ਬੇਅੰਤ ਹੈ।

1848 ਵਿਚ ਇਕ ਅਕਸ਼ਨਾਜ਼ੀ ਯਹੂਦੀ, ਕਾਰਲ ਮਾਰਕਸ ਨੇ ਛਾਪਿਆ : "ਕਮਿਊਨਿਸਟ ਮੈਨੀਫ਼ੈਸਟੋ"। ਰੌਚਕ ਗੱਲ ਇਹ ਹੈ ਕਿ ਉਸੇ ਹੀ ਸਮੇਂ ਇਕ ਕਾਰਲ ਰੀਟਰ ਫ਼੍ਰੈਂਕਫ਼ਰਟ (ਜਰਮਨੀ) ਯੂਨੀਵਰਸਿਟੀ ਵਿਚ ਏਸ ਦੇ ਉਲਟ ਥੀਸਿਸ ਲਿਖ ਰਿਹਾ ਸੀ ਜੋ ਅੱਗੋਂ ਚੱਲ ਕੇ ਨੀਟਸਿਜ਼ਮ, ਫਾਸ਼ਿਜ਼ਮ ਅਤੇ ਨਾਜ਼ੀਇਜ਼ਮ (ਨੈਸ਼ਨਲ ਸੋਸ਼ਲਿਜ਼ਮ) ਦਾ ਆਧਾਰ ਬਣਿਆ ਅਤੇ ਜਿਸ ਨੂੰ ਪਹਿਲੀ ਅਤੇ ਦੂਜੀ ਵਿਸ਼ਵ ਜੰਗਾਂ ਉਕਸਾਉਣ ਲਈ ਵਰਤਿਆ ਗਿਆ। ਕਮਾਲ ਦੀ ਗੱਲ ਇਹ ਹੈ ਕਿ ਰੌਥਚਾਈਲਡ ਦੇ ਹੁਕਮਾਂ ਅਨੁਸਾਰ ਮਾਰਕਸ, ਰੀਟਰ ਅਤੇ ਨੀਟਸ਼ ਤਿੰਨਾਂ ਦੀ ਖੁੱਲ੍ਹ ਕੇ ਮਾਇਕ ਮਦਦ ਕੀਤੀ ਗਈ। ਸਭ ਪਾਸੇ ਦੀ ਦੌਲਤ ਦੇ ਮਾਲਕਾਂ ਲਈ ਇਹ ਸੋਚਣਾ ਔਖਾ ਨਹੀਂ ਸੀ ਕਿ ਵੱਖ ਵੱਖ ਸੋਚਾਂ ਦੇ ਆਧਾਰ ਨਾਲ, ਇਨਸਾਨੀ ਨਸਲ ਨੂੰ ਵੱਡੇ ਵੱਡੇ ਦੁਸ਼ਮਨ ਸਮੂਹਾਂ ਵਿਚ ਵੰਡ ਕੇ, ਟਕਰਾਉਂਦੀਆਂ ਸੋਚਾਂ ਅਤੇ ਹਥਿਆਰਾਂ ਦੇ ਨਾਲ ਲੈਸ ਕਰਕੇ ਆਪੋ ਵਿਚ ਲੜਾਇਆ ਜਾਵੇ ਤਾਂ ਜੋ ਕੁਲ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਗ਼ਰਕ ਹੋ ਜਾਣ। ਏਹੀ ਪਲਾਨ ਤਾਂ 1776 ਵਿਚ ਵਿਸ਼ੁਪਤ ਦੀ ਸੀ। ਦਿੱਸ ਪਈ ਨਾ ਚਾਨਣ-ਬਰਦਾਰਾਂ ਦੀ ਮੁੱਢਲੀ ਛਾਪ!

1849 : ਗਟਲ ਸ਼ਨਾਪਰ, ਮੇਅਰ ਰੌਥਚਾਈਲਡ ਦੀ ਪਤਨੀ ਨੇ ਆਪਣੀ ਮੌਤ ਤੋਂ ਕੁਝ ਦਿਨ ਪਹਿਲਾਂ ਕਿਹਾ, "ਜੇ ਮੇਰੇ ਬੱਚੇ ਜੰਗ ਨਾ ਚਾਹੁਣ, ਤਾਂ ਕਦੇ ਹੋ ਹੀ ਨਹੀਂ ਸਕਦੀ।"

ਰੌਥਚਾਈਲਡਾਂ ਦੇ ਮਹੱਲ ਉਸਰਨੇ ਸ਼ੁਰੂ ਹੋ ਗਏ। ਪਹਿਲਾਂ ਇੰਗਲੈਂਡ ਅਤੇ ਫ਼ਰਾਂਸ ਅਤੇ ਪਿੱਛੋਂ ਹੌਲੀ ਹੌਲੀ ਕੁਲ ਦੇਸਾਂ ਅੰਦਰ। ਇਨ੍ਹਾਂ ਅੰਦਰ ਬੇਅੰਤ ਕਲਾ-ਕ੍ਰਿਤੀਆਂ ਇਕੱਠੀਆਂ ਕੀਤੀਆਂ ਗਈਆਂ। ਫ਼ਰਾਂਸ ਅੰਦਰਲੇ ਮਹੱਲ ਵਿਚ ਇਨ੍ਹਾਂ ਦਾ ਮੁੱਲ ਉਸ ਵੇਲੇ 600 ਮਿਲੀਅਨ ਫ਼੍ਰਾਂਕ ਸੀ, ਜੋ ਕਿ ਬਾਕੀ ਦੇ ਕੁੱਲ ਬੈਂਕਾਂ ਦੀਆਂ ਸੰਭਾਲੀਆਂ ਕਲਾ-ਕ੍ਰਿਤੀਆਂ ਨਾਲੋਂ ਚਾਰ ਗੁਣਾ ਜ਼ਿਆਦਾ ਸੀ।

1852 ਵਿਚ ਰੌਥਚਾਈਲਡ ਨੇ ਆਪਣੇ ਕਾਬੂ ਹੇਠ ਪਾਰੇ ਦੇ ਨਾਲ, ਸੋਨਾ ਸਾਫ਼ ਕਰਨ ਦਾ ਕੰਮ ਸ਼ੁਰੂ ਕੀਤਾ, ਬਾਦਸ਼ਾਹੀ ਟਕਸਾਲ, ਬੈਂਕ ਆਫ਼ ਇੰਗਲੈਂਡ ਅਤੇ ਹੋਰ ਅੰਤਰਰਾਸ਼ਟਰੀ ਗਾਹਕਾਂ ਲਈ।

ਕਈ ਬਜ਼ੁਰਗ ਰੌਥਚਾਈਲਡ ਮਰ ਗਏ ਅਤੇ ਨਵੇਂ ਅੱਗੇ ਆਉਂਦੇ ਗਏ।

1858 ਵਿਚ ਅਖ਼ੀਰ, ਬਰਤਾਨਵੀ ਪਾਰਲੀਮੈਂਟ ਦਾ ਪਹਿਲਾ ਗ਼ੈਰ-ਈਸਾਈ ਯਹੂਦੀ ਮੈਂਬਰ ਬਣ ਜਾਂਦਾ ਹੈ।

1861 ਅਮਰੀਕਾ ਦੇ ਅੰਦਰ ਖ਼ਾਨਾਜੰਗੀ ਚੱਲ ਰਹੀ ਸੀ। ਸੋਲ੍ਹਵੇਂ ਅਮਰੀਕੀ ਪ੍ਰਧਾਨ ਅਬਰਾਹਮ ਲਿੰਕਨ (1860 ਤੋਂ 1865 ਕਤਲ ਤੱਕ) ਨੇ ਨਿਊਯਾਰਕ ਦੇ ਬੈਂਕਾਂ ਤੋਂ ਮਾਲੀ ਸਹਾਇਤਾ ਮੰਗੀ। ਕੁੱਲ ਵੱਡੇ ਬੈਂਕ, ਰੌਥਚਾਈਲਡ ਦੇ ਦਬਦਬੇ ਹੇਠ ਸਨ। ਉਨ੍ਹਾਂ ਨੇ ਅਜੇਹਾ ਸੌਦਾ ਪੇਸ਼ ਕੀਤਾ ਜੋ ਉਹ ਜਾਣਦੇ ਸਨ ਸਿਰੇ ਨਹੀਂ ਚੜ੍ਹਨਾ—ਹਰ ਕਰਜ਼ੇ ਉੱਤੇ 24% ਤੋਂ 36% ਤਕ ਦਾ ਸੂਦ ਮੰਗਿਆ ਗਿਆ। ਲਿੰਕਨ ਨੂੰ ਚੜ੍ਹ ਗ਼ੁੱਸਾ ਗਿਆ, ਉਸ ਨੇ ਨਵੀਂ ਕਰੰਸੀ ਛਾਪਣੀ ਸ਼ੁਰੂ ਕਰ ਦਿੱਤੀ ਅਤੇ ਐਲਾਨ ਕੀਤਾ ਕਿ ਅੱਗੋਂ ਤੋਂ ਏਹੀ ਕਾਨੂੰਨੀ ਸਿੱਕਾ ਹੈ। 1862 ਵਿਚ ਲਗਭਗ 500 ਮਿਲੀਅਨ ਡਾਲਰ ਦੀ ਇਹ ਕਰੰਸੀ ਹੋਂਦ ਵਿਚ ਆਈ। ਲਿੰਕਨ ਨੇ ਏਸ ਬਾਰੇ ਇਹ ਬਿਆਨ ਦਿੱਤਾ, "ਅਸਾਂ ਆਪਣੀ ਰੀਪਬਲਿਕ ਨੂੰ ਇਕ ਮਹਾਂ-ਵਰਦਾਨ ਦਿੱਤਾ ਹੈ, ਉਨ੍ਹਾਂ ਦਾ ਆਪਣਾ ਕਾਗ਼ਜ਼ੀ-ਪੈਸਾ, ਜਿਸ ਨਾਲ ਉਹ ਆਪਣੇ ਕਰਜ਼ੇ ਲਾਹ ਸਕਦੇ ਹਨ।"

ਸੰਖੇਪ ਰੱਖਦਿਆਂ ਵੀ ਕਹਾਣੀ ਲੰਮੀ ਹੋ ਰਹੀ ਹੈ, ਪਰ ਇਸ ਦੀ ਰੌਚਕਤਾ ਅਤੇ ਗੁੰਝਲਤਾ ਸਮਝਿਆਂ ਹੀ ਸੱਚ ਦੀ ਤਹਿ ਤੱਕ ਪਹੁੰਚਿਆ ਜਾ ਸਕਦਾ ਹੈ। ਕਿਥੇ ਨਿੱਜੀ ਰੌਥਚਾਈਲਡ ਬੈਂਕ ਜੋ ਦੇਸ ਦੇ ਮਾਲਕਾਂ (ਸਰਕਾਰਾਂ) ਨੂੰ ਹੀ ਸੂਦ ਉੱਤੇ ਪੈਸਾ ਦੇਣ ਅਤੇ ਕਿਥੇ ਸਰਕਾਰ ਆਪ ਜੋ ਲੋੜ ਮੁਤਾਬਿਕ ਆਪਣੀ ਕਰੰਸੀ ਛਾਪ ਕੇ ਸਚਮੁੱਚ ਮਾਲਕ ਹੋਣ ਦਾ ਸਬੂਤ ਦੇਵੇ। ਅਮਰੀਕਾ ਦੇ ਏਸ ਪੈਂਤੜੇ ਨਾਲ ਇੰਗਲੈਂਡ ਨੂੰ ਕਾਹਲੀਆਂ ਪੈਣ ਲੱਗੀਆਂ। *ਲੰਡਨ ਟਾਈਮਜ਼* ਦੇ ਇਕ ਲੇਖ ਵਿਚ ਇੰਜ ਛਪਿਆ : "ਜੇ ਉੱਤਰੀ ਅਮਰੀਕਾ ਦੀ ਇਹ ਸ਼ੈਤਾਨ ਨੀਤੀ ਪੱਕੀ ਹੋ ਗਈ ਤਾਂ ਇਸ ਸਰਕਾਰ ਕੋਲ, ਇਕ ਧੇਲਾ ਵੀ ਖ਼ਰਚੇ

ਬਿਨਾਂ, ਬੇਅੰਤ ਦੌਲਤ ਹੱਥ ਵਿਚ ਆ ਜਾਵੇਗੀ। ਇਹ ਤਾਂ ਬਿਨਾਂ ਕਰਜ਼ਾ ਲਏ, ਕਰਜ਼ੇ ਲਾਹ ਲੈਣਗੇ। ਇਹ ਦੇਸ ਤਾਂ ਦੁਨੀਆਂ ਵਿਚ ਸਭ ਤੋਂ ਉੱਪਰ ਮਾਲਾ-ਮਾਲ ਹੋ ਜਾਵੇਗਾ। ਕੁੱਲ ਦੁਨੀਆਂ ਦੇ ਦੌਲਤਮੰਦ ਅਤੇ ਰੌਸ਼ਨ-ਦਿਮਾਗ਼ ਲੋਕ ਉੱਤਰੀ ਅਮਰੀਕਾ ਭੱਜ ਜਾਣਗੇ। ਅਜਿਹੀ ਸਰਕਾਰ ਨੂੰ ਤਬਾਹ ਕਰਨਾ ਜ਼ਰੂਰੀ ਹੈ, ਨਹੀਂ ਤਾਂ ਸਭ ਬਾਦਸ਼ਾਹਤਾਂ ਉੱਜੜ ਜਾਣਗੀਆਂ।" ਉਸ ਸਮੇਂ ਲਿੰਕਨ ਨੂੰ ਦੋਸਤ ਲੱਭਿਆ ਰੂਸੀ ਜ਼ਾਰ ਅਲੈਗਜ਼ੈਂਡਰ II (1855-1881), ਜੋ ਰੌਥਚਾਈਲਡ ਦੇ ਰੂਸੀ ਕੇਂਦਰੀ ਬੈਂਕ ਉੱਤੇ ਕਬਜ਼ਾ ਕਰਨ ਦੇ ਮਨਸੂਬੇ ਤੋੜ ਰਿਹਾ ਸੀ, ਅਤੇ ਏਸ ਸਬੱਬੋਂ ਔਖਾ ਸੀ। ਰੂਸੀ ਜ਼ਾਰ ਨੇ ਆਪਣੇ ਆਪ ਹੀ ਇਹ ਐਲਾਨ ਕਰ ਦਿੱਤਾ ਕਿ ਜੇ ਫ਼ਰਾਂਸ ਜਾਂ ਇੰਗਲੈਂਡ ਨੇ ਅਮਰੀਕੀ ਖ਼ਾਨਾ-ਜੰਗੀ ਵਿਚ ਦੱਖਣੀ ਤਾਕਤਾਂ ਦੀ ਮਦਦ ਕੀਤੀ ਤਾਂ ਰੂਸ ਉਸ ਨੂੰ ਜੰਗ ਦਾ ਐਲਾਨ ਸਮਝਦੇ ਹੋਏ ਪ੍ਰਧਾਨ ਲਿੰਕਨ ਦਾ ਸਾਥ ਦੇਵੇਗਾ। ਉਸ ਨੇ ਆਪਣੇ ਪੱਕੇ ਇਰਾਦੇ ਦੀ ਵੰਨਗੀ ਇੰਜ ਦਿੱਤੀ ਕਿ ਆਪਣੇ ਸਮੁੰਦਰੀ ਬੇੜੇ ਦੇ ਕੁਝ ਅੰਸ਼ ਸਾਨਫ਼ਰਾਂਸਿਸਕੋ ਅਤੇ ਕੁਝ ਨਿਊਯਾਰਕ ਭੇਜ ਦਿੱਤੇ।

ਟੁਕੜੇ ਟੁਕੜੇ ਹੋਇਆ ਇਟਲੀ ਮੁੜ ਇਕ ਹੋ ਗਿਆ ਤਾਂ ਰੌਥਚਾਈਲਡ ਬੈਂਕ ਨੂੰ ਬੰਦ ਹੋਣਾ ਪਿਆ। ਉਸ ਨੇ ਆਪਣੇ ਹੀ ਘਰੇਲੂ ਸਾਥੀ ਰਾਕਫ਼ੈਲਰ ਨੂੰ ਤੇਲ ਦੇ ਵਪਾਰ ਲਈ ਭੇਜਿਆ 'ਸਟੈਂਡਰਡ ਆਇਲ ਕੰਪਨੀ' ਬਣਾ ਕੇ, ਜਿਸ ਨੇ ਝੱਟ ਹੀ ਕੁਲ ਤੇਲ ਵਪਾਰ ਉੱਤੇ ਕਬਜ਼ਾ ਕਰ ਲਿਆ।

1864 ਵਿਚ ਇਕ ਰੌਥਚਾਈਲਡ, ਆਗਸਟ ਬੈਲਮੋਂਟ, ਡੈਮੋਕ੍ਰੈਟਿਕ ਪਾਰਟੀ ਦਾ ਪ੍ਰਧਾਨ ਬਣ ਚੁੱਕਾ ਸੀ। ਉਸ ਨੇ ਇਲੈਕਸ਼ਨ ਵਿਚ ਪ੍ਰਧਾਨ ਲਿੰਕਨ ਦਾ ਟਾਕਰਾ ਕੀਤਾ, ਪਰ ਹਾਰ ਗਿਆ। ਗ਼ੌਰ ਕਰਨ ਵਾਲੀ ਗੱਲ ਹੈ ਕਿ ਰੌਥਚਾਈਲਡ ਸ਼ਕਤੀ ਦੀ ਪੌੜੀ ਵਿਚ ਕਿਥੇ ਅਤੇ ਕਿਵੇਂ ਖੁਲ੍ਹਮ-ਖੁੱਲ੍ਹਾ ਪਹੁੰਚ ਗਿਆ, ਸਿਰਫ਼ ਮਾਇਕ ਸ਼ਕਤੀ ਦੇ ਜ਼ੋਰ ਨਾਲ। 1865 ਨੂੰ ਪ੍ਰਧਾਨ ਲਿੰਕਨ ਨੇ ਕਾਂਗਰਸ ਦੇ ਵਿਚ ਇਹ ਬਿਆਨ ਦਿੱਤਾ, "ਮੇਰੇ ਦੋ ਦੁਸ਼ਮਨ ਨੇ, ਦੱਖਣ ਦੀ ਫ਼ੌਜ ਮੇਰੇ ਸਾਹਮਣੇ ਅਤੇ ਵਿੱਤੀ ਸੰਸਥਾਵਾਂ ਮੇਰੀ ਪਿੱਠ ਪਿੱਛੇ, ਇਹ ਪਿੱਛੇ ਵਾਲੇ ਮੇਰੇ ਸਭ ਤੋਂ ਵੱਡੇ ਵੈਰੀ ਨੇ। ਅਮਰੀਕਾ ਦੀ ਘਰੇਲੂ ਜੰਗ ਖ਼ਤਮ ਹੋਣ ਦੇ ਦੋ ਮਹੀਨੇ ਪਿੱਛੋਂ ਲਿੰਕਨ ਦਾ ਕਤਲ ਕਰਵਾ ਦਿੱਤਾ ਗਿਆ। ਝੱਟ ਹੀ ਪਿੱਛੋਂ ਇਕ 18 ਸਾਲਾ ਰੌਥਚਾਈਲਡ, ਜੈਕਬ ਸ਼ਿਫ, ਲੰਡਨ ਬੈਂਕ ਵਿੱਚੋਂ ਸਿਖਲਾਈ ਦੇ ਕੇ, ਪੂਰਨ ਮਾਇਕ ਪਿੱਠ ਦੇ ਕੇ ਇਨ੍ਹਾਂ ਕੰਮਾਂ ਲਈ ਭੇਜਿਆ ਗਿਆ :

1. ਅਮਰੀਕਾ ਦੀ ਪੈਸਾ-ਪ੍ਰਣਾਲੀ ਉੱਤੇ ਕਬਜ਼ਾ ਕਰ ਕੇ, ਇਕ ਕੇਂਦਰੀ ਬੈਂਕ ਖੜਾ ਕਰੇ।
2. ਕਿਸੇ ਵੀ ਮੁੱਲ ਉੱਤੇ ਅਜੇਹੇ ਭਰੋਸੇ ਯੋਗ ਬੰਦੇ ਭਰਤੀ ਕਰੇ, ਜੋ ਚਾਨਣ-ਬਰਦਾਰਾਂ ਦੇ ਕੰਮ ਲਈ ਉੱਚੀਆਂ ਸਰਕਾਰੀ ਪਦਵੀਆਂ, ਕਾਂਗਰਸ, ਸੁਪਰੀਮ ਕੋਰਟ ਅਤੇ ਹੋਰ ਕੇਂਦਰੀ ਏਜੰਸੀਆਂ ਵਿਚ ਕੁਰਸੀਆਂ ਮੱਲ ਸਕਣ।
3. ਸਾਰੇ ਦੇਸ ਅੰਦਰ ਥਾਂ ਥਾਂ, ਕਾਲਿਆਂ ਅਤੇ ਗੋਰਿਆਂ ਦੇ ਜੁੱਟ ਖੜੇ ਕੀਤੇ ਜਾਣ ਜੋ ਆਪੋ ਵਿਚ ਖਹਿੰਦੇ ਰਹਿਣ।
4. ਧਰਮਾਂ, ਖ਼ਾਸ ਕਰ ਈਸਾਈ ਮੱਤ ਦੇ ਖ਼ਾਤਮੇ ਦੀ ਅੱਡੀ ਚੋਟੀ ਨਾਲ ਕੋਸ਼ਿਸ਼ ਕੀਤੀ ਜਾਵੇ।

1871 ਨੂੰ ਇਕ ਅਮਰੀਕਨ ਜਰਨੈਲ ਐਲਬਰਟ ਪਾਈਕ, ਚਾਨਣ-ਬਰਦਾਰਾਂ ਦੇ ਅੱਡੇ ਚੜ੍ਹ ਜਾਂਦਾ ਹੈ ਅਤੇ ਉਨ੍ਹਾਂ ਦੇ ਹੀ ਇਤਾਲਵੀ ਹੱਥ-ਠੋਕੇ ਇਨਕਲਾਬੀ ਮਜ਼ੀਨੀ ਦੇ ਆਖੇ, ਕੁਲ ਦੁਨੀਆਂ ਦੇ ਅੰਦਰ ਇਨਕਲਾਬ ਅਤੇ ਵਿਸ਼ਵ ਜੰਗਾਂ ਦੀ ਰੂਪ ਰੇਖਾ ਤਿਆਰ ਕਰਵਾਉਂਦਾ ਹੈ।

ਪਹਿਲੀ ਜੰਗ ਦਾ ਮੰਤਵ ਹੋਵੇਗਾ ਰੂਸੀ ਜ਼ਾਰ ਦਾ ਖੁਰਾ-ਖੋਜ ਮਿਟਾਉਣਾ, ਜਿਸ ਦਾ ਪ੍ਰਣ ਨਾਥਨ ਰੌਥਚਾਈਲਡ ਨੇ 1815 ਵਿਚ ਕੀਤਾ ਸੀ। ਜ਼ਾਰ ਦੀ ਥਾਂ ਕਮਿਊਨਿਜ਼ਮ ਲਿਆਉਣਾ ਹੈ, ਜੋ ਧਰਮਾਂ, ਖ਼ਾਸ ਤੌਰ 'ਤੇ ਈਸਾਈ ਮਤ ਨੂੰ ਦਬਾਏ। ਬਰਤਾਨਵੀ ਅਤੇ ਜਰਮਨ ਸਾਮਰਾਜਾਂ ਵਿਚਲੇ ਵਿਵਾਦਾਂ ਨੂੰ ਲੈ ਕੇ, ਇਨ੍ਹਾਂ ਨੂੰ ਆਪੋ ਵਿਚ ਟਕਰਾਇਆ ਜਾਵੇ।

ਦੂਜੀ ਵਿਸ਼ਵ ਜੰਗ ਫ਼ਾਸ਼ਿਜ਼ਮ ਅਤੇ ਸਿਆਸੀ ਜ਼ੀਓਨਿਜ਼ਮ ਨੂੰ ਆਪੋ ਵਿਚ ਟਕਰਾ ਕੇ, ਜਰਮਨੀ ਅੰਦਰ ਯਹੂਦੀਆਂ ਉੱਤੇ ਜ਼ਿਆਦਤੀਆਂ ਕਰਾ ਕੇ, ਜਰਮਨ ਲੋਕਾਂ ਦੇ ਖ਼ਿਲਾਫ਼ ਨਫ਼ਰਤ ਉਭਾਰੀ ਜਾਵੇ। ਏਸ ਢੰਗ ਨਾਲ ਫ਼ਾਸ਼ਿਜ਼ਮ (ਜਿਸ ਨੂੰ ਰੌਥਚਾਈਲਡ ਨੇ ਹੀ ਖੜਾ ਕੀਤਾ ਸੀ) ਨੂੰ ਮੁਕਾ ਕੇ ਸਿਆਸੀ ਜ਼ੀਓਨਿਜ਼ਮ ਨੂੰ ਉਭਾਰਿਆ ਜਾਵੇ। ਇਸ ਤਰ੍ਹਾਂ ਕਮਿਊਨਿਜ਼ਮ ਅਤੇ ਸਾਂਝੇ ਈਸਾਈ ਮਤ ਦੀ ਆਪੋ ਵਿਚ ਬਰਾਬਰੀ ਹੋ ਜਾਵੇ।

ਤੀਜੀ ਵਿਸ਼ਵ ਜੰਗ ਲਈ ਮੁਸਲਿਮ ਦੁਨੀਆਂ ਦੇ ਵਿਰੁੱਧ ਨਫ਼ਰਤ ਖਿਲਾਰ ਕੇ ਸਿਆਸੀ ਜੀਓਨਿਸਟਾਂ ਅਤੇ ਉਨ੍ਹਾਂ ਵਿਚਕਾਰ ਟੱਕਰ ਕਰਵਾਉਣੀ ਹੈ। ਉਸੇ ਹੀ ਸਮੇਂ ਹੋਰ ਦੇਸਾਂ ਨੂੰ ਵੀ ਆਪੋ ਵਿਚ ਇੰਜ ਟਕਰਾਉਣਾ ਹੈ ਤਾਂ ਜੋ ਉਹ ਸਰੀਰਿਕ, ਮਾਨਸਿਕ, ਧਾਰਮਿਕ ਅਤੇ ਵਿੱਤੀ ਪੱਖਾਂ, ਹਰ ਪਾਸਿਆਂ ਤੋਂ ਪੂਰੀ ਤਰ੍ਹਾਂ ਹਫ਼ ਜਾਣ।

ਐਲਬਰਟ ਪਾਈਕ ਨੇ ਜੰਗਾਂ ਦੀ ਜੋ ਉਪਰ ਲਿਖੀ ਰੂਪ-ਰੇਖਾ ਬਣਾਈ ਸੀ ਤਾਂ ਉਨ੍ਹਾਂ ਹੀ ਸਮਿਆਂ ਦੀਆਂ ਫ਼ੌਜਾਂ ਅਤੇ ਹਥਿਆਰਾਂ ਨੂੰ ਹੀ ਮੁੱਖ ਰੱਖ ਕੇ ਬਣਾਈ ਹੋਵੇਗੀ। ਉਹ ਨਹੀਂ ਸੀ ਸੋਚ ਸਕਦਾ ਕਿ ਆਉਣ ਵਾਲੇ ਦਹਾਕਿਆਂ ਅਤੇ ਸਦੀ ਵਿਚ ਸਾਇੰਸੀ ਅਤੇ ਹਥਿਆਰੀ ਤਰੱਕੀ, ਕਿਥੋਂ ਤੱਕ ਯੁਗ ਪਲਟਾਊ ਪ੍ਰਮਾਣੂ ਹਥਿਆਰਾਂ ਅਤੇ ਪੁਲਾੜੀ ਜਹਾਜ਼ਾਂ ਤਕ ਪਹੁੰਚ ਕੇ ਕੁੱਲ ਦੁਨੀਆਂ ਨੂੰ ਗ਼ਰਕ ਕਰਨ ਦੀ ਸ਼ਕਤੀ ਰੱਖਦੀ ਹੋਵੇਗੀ। ਦੁੱਖ ਦੀ ਗੱਲ ਇਹ ਹੈ ਕਿ ਅੱਜ ਦੇ ਰੌਸ਼ਨ ਯੁਗ ਅੰਦਰ ਜੀਓਨਿਸਟ ਸ਼ਕਤੀਆਂ, ਦੁਨੀਆਂ ਨੂੰ, ਐਲਬਰਟ ਪਾਈਕ ਦੇ ਪੂਰਨਿਆਂ ਉੱਤੇ ਧੱਕਦੀਆਂ ਜਾ ਰਹੀਆਂ ਹਨ। ਓਧਰ ਬੇਖ਼ਬਰ, ਆਪਣੇ ਆਪ ਨੂੰ ਸੂਝਵਾਨ ਸਮਝਦੇ ਬੁੱਧੀਜੀਵੀ ਅਤੇ ਸਿਆਸੀ ਨੇਤਾ, ਸਥਾਨਕ ਨਿੱਕੀਆਂ ਮੋਟੀਆਂ ਉਲਝਣਾਂ ਦੇ ਅੰਦਰ ਫਸੇ ਹੋਏ ਹਨ।

ਬਰਤਾਨਵੀ ਅਜਾਇਬ ਘਰ ਵਿਚ 15 ਅਗਸਤ 1871 ਦੀ, ਐਲਬਰਟ ਪਾਈਕ ਵੱਲੋਂ ਗੁਸੀਪ ਮਜ਼ੀਨੀ ਨੂੰ ਲਿਖੀ ਹੋਈ ਚਿੱਠੀ ਪਈ ਹੈ, ਜਿਸ ਵਿਚ ਉਹ ਲਿਖਦਾ ਹੈ : "ਅਸਾਂ ਨਿਹਿਲਿਸਟਾਂ ਅਤੇ ਨਾਸਤਕਾਂ ਵਿਚਕਾਰ ਇਕ ਮਹਾਨ ਸਮਾਜੀ ਉੱਥਲ-ਪੁੱਥਲ ਪੈਦਾ ਕਰਨੀ ਹੈ ਜਿਸ ਨਾਲ ਨਾਸਤਕਤਾ ਦਾ ਡਰਾਉਣਾ ਚਿਹਰਾ, ਖ਼ੂਨੀ ਹੋਲੀ ਅਤੇ ਵਹਿਸ਼ੀਪਨ, ਕੁਲ ਦੁਨੀਆਂ ਦੇ ਸਾਹਮਣੇ ਉੱਘੜ ਕੇ ਆਵੇ। ਇੰਜ ਦੁਨੀਆਂ ਦੇ ਕੁੱਲ ਲੋਕ ਥੋੜੇ ਜਿਹੇ ਇਨਕਲਾਬੀਆਂ ਅਤੇ ਸਭਿਅਤਾਵਾਂ ਦਾ ਉਜਾੜਾ ਕਰਨ ਵਾਲਿਆਂ ਦਾ ਸਫ਼ਾਇਆ ਕਰ ਦੇਣਗੇ। ਈਸਾਈ ਮਤ ਤੋਂ ਅੱਕੇ ਹੋਏ ਲੋਕਾਂ ਨੂੰ ਉਸ ਸਮੇਂ ਇਕ ਸੱਚੀ ਰੌਸ਼ਨੀ ਵਿਖਾਈ ਦੇਵੇਗੀ—ਲੂਸੀਫਰ ਦੀ ਲਹਿਰ ਜੋ ਲੋਕਾਂ ਦੇ ਸਾਹਮਣੇ ਆਵੇਗੀ। ਇਹ ਲਹਿਰ ਇੱਕੋ ਹੀ ਸਮੇਂ ਈਸਾਈ ਮਤ ਅਤੇ ਨਾਸਤਿਕਤਾ ਦਾ ਖ਼ਾਤਮਾ ਕਰ ਦੇਵੇਗੀ।" ਐਲਬਰਟ ਪਾਈਕ ਫ਼੍ਰੀਮੇਸਨਰੀ ਦਾ ਸੁਪਰੀਮ ਕਮਾਂਡਰ ਸੀ ਅਤੇ ਅਮਰੀਕਾ ਅੰਦਰ ਉਸੇ ਦਾ ਹੀ ਕਿਹਾ ਚੱਲਦਾ ਸੀ। ਉਹ 32 ਸਾਲ ਏਸ ਪਦਵੀ ਉੱਤੇ ਰਿਹਾ ਅਤੇ 1891 ਵਿਚ ਮਰਿਆ। ਉਸ ਨੇ ਫ਼੍ਰੀਮੇਸਨਰੀ ਉੱਤੇ ਇਕ ਕਿਤਾਬ ਛਾਪੀ ਜਿਸ ਵਿਚ ਉਹ ਲਿਖਦਾ ਹੈ : "ਲੂਸੀਫਰ, ਮਹਾਨ ਲੂਸੀਫਰ, ਮਹਾਨ ਚਾਨਣ-ਬਰਦਾਰ! ਹਨੇਰੇ ਦੀ ਆਤਮਾ ਦਾ ਅਜੀਬ ਅਤੇ ਭੇਦ-ਭਰਿਆ ਨਾਂ! ਲੂਸੀਫਰ ਸਵੇਰ ਦਾ ਪੁੱਤਰ! ਕੀ ਇਹ ਉਹੀ ਹੈ ਜਿਸ ਦੀ ਚੁੰਧਿਆਉਂਦੀ ਲਿਸ਼ਕ ਸਾਧਾਰਨ ਸਵਾਰਥੀ ਲੋਕਾਂ ਨੂੰ ਅੰਨ੍ਹਿਆਂ ਕਰਦੀ ਹੈ ? ਰਤਾ ਵੀ ਸ਼ੱਕ ਨਹੀਂ ਇਹਦੇ ਵਿਚ!"

1872 ਵਿਚ ਗੁਸੀਪ ਮਜ਼ੀਨੀ ਦਾ ਦੇਹਾਂਤ ਹੋ ਗਿਆ। ਮਰਨ ਉਪਰੰਤ ਉਹ ਇਕ ਹੋਰ ਇਨਕਲਾਬੀ ਐਡੀਅਲ ਲੈਮੀ ਨੂੰ ਚੁਣ ਗਿਆ। ਲੈਮੀ ਤੋਂ ਪਿੱਛੋਂ ਆਏ ਲੈਨਿਨ ਤੇ ਟ੍ਰਾਟਸਕੀ ਅਤੇ ਉਸ ਤੋਂ ਪਿੱਛੋਂ ਸਟਾਲਿਨ। ਇਨ੍ਹਾਂ ਸਾਰਿਆਂ ਇਨਕਲਾਬੀਆਂ ਦੀ ਪਿੱਠ 'ਤੇ ਸੀ ਰੌਥਚਾਈਲਡਾਂ ਦਾ ਸਰਮਾਇਆ।

1873 ਵਿਚ ਰੌਥਚਾਈਲਡਾਂ ਨੇ ਸਪੇਨ ਵਿਚ, ਯੂਰਪ ਦੀਆਂ ਸਭ ਤੋਂ ਵੱਡੀਆਂ ਪਿੱਤਲ ਦੀਆਂ ਖਾਣਾਂ ਖ਼ਰੀਦ ਲਈਆਂ।

1875 ਨੂੰ ਜੈਕਬ ਸ਼ਿਫ ਰੌਥਚਾਈਲਡ ਹੁਣ 28 ਵਰ੍ਹਿਆਂ ਦਾ ਹੋ ਗਿਆ। ਉਸ ਨੇ ਸੋਲੋਮਨ ਲੋਇਬ ਦੀ ਧੀ ਟੈਰੀਜ਼ਾ ਨਾਲ ਸ਼ਾਦੀ ਕਰ ਕੇ ਕੋਹਨ-ਲੋਇਬ ਕੰਪਨੀ ਨੂੰ ਆਪਣੇ ਹੱਥ ਕਰ ਲਿਆ। ਉਸ ਨੇ ਰਾਕਫ਼ੈਲਰ ਦੀ ਸਟੈਂਡਰਡ ਆਇਲ ਕੰਪਨੀ, ਹੈਰੀਮਾਨ ਦੇ ਰੇਲਰੋਡ ਪਸਾਰ ਅਤੇ ਕਾਰਨੀਗ ਦੀਆਂ ਸਟੀਲ ਮਿੱਲਾਂ ਅੰਦਰ ਰੌਥਚਾਈਲਡ ਦਾ ਪੈਸਾ ਲਾਇਆ।

ਜੈਕਬ ਸ਼ਿਫ ਨੇ ਫਿਰ ਨਿਸ਼ਾਨੇ 'ਤੇ ਲਿਆਂਦੇ, ਅਮਰੀਕਾ ਦੇ ਹੋਰ ਬੈਂਕਰ—ਜੇ ਪੀ ਮਾਰਗਨ, ਵਾਲ ਸਟ੍ਰੀਟ (ਨਿਊਯਾਰਕ ਦਾ ਸ਼ੇਅਰ ਬਜ਼ਾਰ) ਅਤੇ ਫਿਲਾਡੈਲਫੀਆ ਦੇ ਡ੍ਰੈਕਸਿਲ ਅਤੇ ਬੀਡਲ। ਸਾਰੇ ਨਿੱਕੇ ਵੱਡੇ ਨਕਦੀ ਵਪਾਰੀ, ਇਨ੍ਹਾਂ ਤਿੰਨਾਂ ਦੇ ਇਸ਼ਾਰਿਆਂ 'ਤੇ ਚੱਲਦੇ ਸਨ। ਸ਼ਿਫ ਨੇ ਇਨ੍ਹਾਂ ਤਿੰਨਾਂ ਨੂੰ ਆਪਣੇ ਹੱਥ ਵਿਚ ਕਰਨ ਲਈ ਇਹ ਦਿਲਕਸ਼ ਪੇਸ਼ਕਸ਼ ਕੀਤੀ ਕਿ ਯੂਰਪ ਦੇ ਅੰਦਰ ਵੀ ਇਨ੍ਹਾਂ ਵੱਡੇ ਬੈਂਕਾਂ ਦੀਆਂ ਸ਼ਾਖ਼ਾਵਾਂ, ਰੌਥਚਾਈਲਡ ਦੇ ਹੱਥੋਂ ਖੋਲ੍ਹੀਆਂ ਜਾਣ। ਸ਼ਰਤ ਇਹ ਲਾਈ ਕਿ ਨਿਊਯਾਰਕ ਅੰਦਰ ਅਤੇ ਇੰਜ ਅਮਰੀਕਾ ਅੰਦਰ ਬੈਂਕਿੰਗ ਦਾ ਕਰਤਾ ਧਰਤਾ ਸ਼ਿਫ, ਭਾਵ ਰੌਥਚਾਈਲਡ ਹੋਵੇਗਾ।

ਇੰਗਲੈਂਡ ਅਤੇ ਫ਼ਰਾਂਸ ਅੰਦਰਲੇ ਰੌਥਚਾਈਲਡ, ਇੰਗਲੈਂਡ ਅਤੇ ਫ਼ਰਾਂਸ ਵਿਚਕਾਰ ਸਮੁੰਦਰ ਵਿੱਚੋਂ ਦੀ ਸੁਰੰਗ ਬਣਾਉਣ ਲਈ ਪੈਸਾ ਖੜਾ ਕਰਦੇ ਹਨ। ਤੁਹਾਨੂੰ ਪਤਾ ਹੀ ਹੈ ਅੱਜ-ਕੱਲ੍ਹ ਇਸ ਸੁਰੰਗ ਰਾਹੀਂ ਕੁੱਲ ਮਾਲ ਦੀ ਢੋਆ-ਢੁਆਈ ਅਤੇ ਆਵਾਜਾਈ ਹੁੰਦੀ ਹੈ।

1875 ਵਿਚ ਹੀ ਲੀਓਨਿਲ ਰੌਥਚਾਈਲਡ ਪ੍ਰਧਾਨ ਮੰਤਰੀ ਬੈਂਜਮਨ ਡਿਜ਼ਰੇਲੀ ਦੇ ਰਾਹੀਂ ਬਰਤਾਨਵੀ ਸਰਕਾਰ ਨੂੰ ਕਰਜ਼ਾ ਦੇਂਦਾ ਹੈ ਤਾਂ ਜੋ ਮਿਸਰ ਦੇ ਖ਼ਦੀਵ ਸਈਦ ਕੋਲੋਂ ਸੁਏਜ਼ ਨਹਿਰ ਦੇ ਸ਼ੇਅਰ ਖ਼ਰੀਦ ਲਏ ਜਾਣ। ਇਹ ਖ਼ਰੀਦਦਾਰੀ ਬ੍ਰਿਟਿਸ਼ ਸਰਕਾਰ ਦੇ ਰਾਹੀਂ ਕਰਵਾਈ ਗਈ ਤਾਂ ਜੋ ਏਸ ਸਰਕਾਰ ਦੀ ਫ਼ੌਜ, ਮੱਧ ਏਸ਼ੀਆ ਵਿਚ ਵੱਡੇ ਰੌਥਚਾਈਲਡ ਵਪਾਰ ਦੀ ਰਾਖੀ ਉੱਤੇ ਰਹੇ।

1876 : ਓਟੋ ਬਿਸਮਾਰਕ ਕਹਿੰਦਾ ਹੈ : "ਯੂਰਪ ਅੰਦਰ ਵਿੱਤੀ ਤਾਕਤਾਂ ਨੇ ਸਿਵਲ ਵਾਰ (ਖ਼ਾਨਾ-ਜੰਗੀ) ਤੋਂ ਕਿਤੇ ਪਹਿਲਾਂ ਠਾਣ ਰੱਖਿਆ ਸੀ ਕਿ ਅਮਰੀਕਾ ਨੂੰ ਦੋ ਇੱਕੋ ਜਿਹੀਆਂ ਤਾਕਤਾਂ ਵਾਲੀਆਂ ਫ਼ੈਡਰੇਸ਼ਨਾਂ ਬਣਾ ਕੇ ਰੱਖਣਾ ਹੈ। ਡਰ ਇਹ ਸੀ ਕਿ ਜੇ ਇਨ੍ਹਾਂ ਦੋਹਾਂ ਦਾ ਇਕ ਹੀ ਧੜਾ ਬਣ ਗਿਆ ਤਾਂ ਦੁਨੀਆਂ ਅੰਦਰ ਓਸ ਮਾਇਕ ਅਤੇ ਵਿੱਤੀ ਸੰਤੁਲਨ ਨੂੰ ਸੰਕਟ ਨਾ ਆ ਜਾਵੇ, ਜਿਥੇ ਰੌਥਚਾਈਲਡਾਂ ਦਾ ਕਬਜ਼ਾ ਸੀ। ਉਨ੍ਹਾਂ ਨੇ ਦੇਸ ਨੂੰ ਦੋ ਕਮਜ਼ੋਰ ਲੋਕਤੰਤਰਾਂ ਵਿਚ ਵੰਡਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਦੋਹਾਂ ਨੂੰ ਰੌਥਚਾਈਲਡਾਂ ਕੋਲੋਂ ਲਗਾਤਾਰ ਕਰਜ਼ੇ ਲੈਣ ਦੀ ਲੋੜ ਪੈਂਦੀ ਰਹੇ। ਰੌਥਚਾਈਲਡ ਦੇ ਏਜੰਟਾਂ ਨੇ ਬੰਦੀ ਵਪਾਰ ਨੂੰ ਮਸਲਾ ਬਣਾ ਕੇ ਦੋ ਹਿੱਸਿਆਂ ਵਿਚਕਾਰ ਫੁੱਟ ਪਾਉਣੀ ਸ਼ੁਰੂ ਕਰ ਦਿੱਤੀ।

1879 : ਲੀਓਨਿਲ ਰੌਥਚਾਈਲਡ ਮਰ ਜਾਂਦਾ ਹੈ। ਰੌਥਚਾਈਲਡ ਏਜੰਟ ਰੂਸ, ਪੋਲੈਂਡ, ਬਲਗਾਰੀਆ ਅਤੇ ਰੋਮਾਨੀਆ ਅੰਦਰ ਯਹੂਦੀਆਂ ਦੀ ਮਾਰਾ-ਮਾਰੀ ਸ਼ੁਰੂ ਕਰਵਾਉਂਦੇ ਹਨ, ਜਿਸ ਅੰਦਰ ਹਜ਼ਾਰਾਂ ਹੀ ਮਾਸੂਮ ਯਹੂਦੀ ਮਾਰੇ ਜਾਂਦੇ ਹਨ। ਨਤੀਜਾ—ਕੋਈ ਵੀਹ ਲੱਖ ਯਹੂਦੀ ਜਾਨ ਬਚਾਉਣ ਖ਼ਾਤਰ ਨਿਊਯਾਰਕ, ਸ਼ਿਕਾਗੋ, ਫ਼ਿਲਾਡੈਲਫ਼ੀਆ, ਬੋਸਟਨ ਅਤੇ ਲਾਸ ਏਂਜਲਸ ਪਹੁੰਚ ਜਾਂਦੇ ਹਨ। ਮਾਰਾ-ਮਾਰੀ ਸ਼ੁਰੂ ਹੀ ਏਸ ਨੀਅਤ ਨਾਲ ਕੀਤੀ ਗਈ ਸੀ ਤਾਂ ਜੋ ਅਮਰੀਕਾ ਦੇ ਅੰਦਰ ਇਕ ਵੱਡਾ ਯਹੂਦੀ ਧੜਾ ਬਣ ਸਕੇ। ਜਿਉਂ ਹੀ ਉਹ ਪਹੁੰਚਦੇ ਸਨ, ਉਹ ਆਪਣੇ ਆਪ ਨੂੰ ਡੈਮੋਕ੍ਰੈਟ ਵੋਟਰਾਂ ਦੀ ਸੂਚੀ ਵਿਚ ਚੜ੍ਹਵਾ ਲੈਂਦੇ ਸਨ। ਵੀਹਾਂ ਸਾਲਾਂ ਅੰਦਰ ਇਹੀ ਵੋਟਰ ਇਲੈਕਸ਼ਨਾਂ ਵਿਚ ਸ਼ਕਤੀਸ਼ਾਲੀ ਅਤੇ ਭਾਰੂ ਹੋ ਗਏ। ਏਸੇ ਸ਼ਕਤੀ ਦੇ ਨਾਲ ਇਕ ਦਿਨ ਉਨ੍ਹਾਂ ਵੁਡਰੂ ਵਿਲਸਨ ਨੂੰ ਪ੍ਰਧਾਨਗੀ ਪਦ ਉੱਤੇ ਪੁਚਾਇਆ, ਜਿਥੋਂ ਉਹ ਰੌਥਚਾਈਲਡ ਦੇ ਇਸ਼ਾਰਿਆਂ ਉੱਤੇ ਚੱਲੇ।

1881 : ਅਮਰੀਕਾ ਦੇ ਵੀਹਵੇਂ ਪ੍ਰਧਾਨ ਗਾਰਫ਼ੀਲਡ, ਜੋ ਕੇਵਲ 100 ਦਿਨ ਹੀ ਕੁਰਸੀ ਉੱਤੇ ਰਹਿਣ ਪਿੱਛੋਂ ਕਤਲ ਕਰ ਦਿੱਤਾ ਗਿਆ, ਮਰਨ ਤੋਂ ਕੇਵਲ ਦੋ ਹਫ਼ਤੇ ਪਹਿਲਾਂ ਉਸ ਨੇ ਇੰਜ ਕਿਹਾ : "ਜਿਹੜਾ ਵੀ ਏਸ ਦੇਸ ਅੰਦਰ ਸਿੱਕੇ/ਪੈਸੇ ਦੇ ਪਸਾਰ ਉੱਤੇ ਕਾਬੂ ਰੱਖਦਾ ਹੈ, ਉਹੀ ਕੁਲ ਸਨਅਤ ਅਤੇ ਵਣਜ ਵਪਾਰ ਨੂੰ ਆਪਣੀ ਮਰਜ਼ੀ ਦੇ ਨਾਲ, ਜਿਧਰ ਵੀ ਚਾਹੇ ਮੋੜ ਸਕਦਾ ਹੈ। ਹੁਣ ਤੁਹਾਨੂੰ ਸਮਝ ਲੱਗ ਗਈ ਹੋਵੇਗੀ ਕਿ ਕਿਵੇਂ ਇਕ ਮੁੱਠੀ ਭਰ ਸ਼ਕਤੀਸ਼ਾਲੀ ਲੋਕ ਆਰਥਕ ਮੰਦੀ ਅਤੇ ਮੁਦਰਾ/ਪੈਸਾ ਪ੍ਰਸਾਰ ਕਰਦੇ ਹਨ।"

ਇਕ ਹੋਰ ਰੌਥਚਾਈਲਡ ਜੰਮ ਪੈਂਦਾ ਹੈ ਜਿਸ ਦਾ ਨਾਂ ਹੈ ਮਾਰਿਸ। ਇੰਗਲਿਸ਼ ਚੈਨਲ ਹੇਠਾਂ ਸੁਰੰਗ 6000 ਫ਼ੁੱਟ ਹੀ ਪੂਰੀ ਹੋਈ ਹੁੰਦੀ ਹੈ ਤਾਂ ਸਰਕਾਰ ਏਸ ਕੰਮ ਨੂੰ ਬੰਦ ਕਰਵਾ ਦਿੰਦੀ ਹੈ। ਕਹਿੰਦੀ ਹੈ, "ਏਸ ਨਾਲ ਦੇਸ ਨੂੰ ਖ਼ਤਰਾ ਹੋ ਸਕਦੈ।"

1885 : ਨਾਥਨ ਰੌਥਚਾਈਲਡ ਪਹਿਲਾ ਯਹੂਦੀ ਲਾਰਡ ਰੌਥਚਾਈਲਡ ਬਣ ਜਾਂਦਾ ਹੈ।

1886 : ਫ਼ਰਾਂਸੀ ਰੌਥਚਾਈਲਡ ਕੈਸਪੀਅਨ ਅਤੇ ਬਲੈਕ ਸੀ ਪੈਟ੍ਰੋਲੀਅਮ ਕੰਪਨੀਆਂ ਰਾਹੀਂ ਰੂਸ ਦੇ ਅੰਦਰ ਬਥੇਰੇ ਤੇਲ ਦੇ ਜ਼ਖ਼ੀਰਿਆਂ ਤਾਈਂ ਪਹੁੰਚ ਕੇ, ਤੇਲ ਦੀ ਪੈਦਾਵਾਰ ਅੰਦਰ, ਦੁਨੀਆਂ ਵਿਚ ਦੂਜੇ ਨੰਬਰ 'ਤੇ ਪਹੁੰਚ ਜਾਂਦਾ ਹੈ।

1887 : ਚੀਨ ਦੇ ਅੰਦਰ ਅਫ਼ੀਮ ਧੱਕਣ ਵਾਲਾ, ਐਡਵਰਡ ਸੈਸੂਨ ਇਕ ਰੌਥਚਾਈਲਡ ਕੁੜੀ ਨੂੰ ਵਿਆਹ ਲੈਂਦਾ ਹੈ। ਏਸ ਕੁੜੀ ਦੇ ਪਿਤਾ ਅਤੇ ਭਰਾ, ਫ਼ਰਾਂਸ ਅੰਦਰਲੇ ਰੌਥਚਾਈਲਡ ਕੰਮ ਸੰਭਾਲ ਲੈਂਦੇ ਹਨ। ਦੱਖਣੀ ਅਫ਼ਰੀਕਾ ਵਿਚ ਕਿੰਬਰਲੇ ਦੀਆਂ ਹੀਰੇ ਦੀਆਂ ਖਾਣਾਂ ਚਲਾਉਂਦੀਆਂ ਕੰਪਨੀਆਂ ਵਿਚ ਖ਼ੂਬ ਪੈਸਾ ਲਗਾਉਂਦੇ ਹਨ। ਅਖ਼ੀਰ ਡ-ਬੀਰ ਕੰਪਨੀ ਦੇ ਅਫ਼ਰੀਕਾ ਅਤੇ ਭਾਰਤ ਅੰਦਰ ਕੀਮਤੀ ਪੱਥਰਾਂ ਦੇ ਕੰਮ ਵਿਚ ਸਭ ਤੋਂ ਵੱਡੇ ਹਿੱਸੇਦਾਰ ਬਣ ਜਾਂਦੇ ਹਨ।

1891 : ਬ੍ਰਿਟੇਨ ਦੀ ਲੇਬਰ ਪਾਰਟੀ ਦਾ ਨੇਤਾ, ਰੌਥਚਾਈਲਡਾਂ ਬਾਰੇ ਇਹ ਬਿਆਨ ਦੇਂਦਾ ਹੈ : "ਏਸ ਲਹੂ-ਪੀਣੇ ਲਾਣੇ ਨੇ ਪਿਛਲੀ ਸਦੀ ਅੰਦਰ ਯੂਰਪ ਵਿਚ ਬੇਅੰਤ ਸ਼ੈਤਾਨੀ ਕੀਤੀ ਅਤੇ ਮੰਦਹਾਲੀ ਲਿਆਂਦੀ ਹੈ ਅਤੇ ਦੇਸਾਂ ਵਿਚਕਾਰ ਲੜਾਈਆਂ ਕਰਵਾ ਕੇ, ਜਿਹੜੀਆਂ ਕਦੇ ਹੋਣੀਆਂ ਨਹੀਂ ਚਾਹੀਦੀਆਂ ਸਨ, ਇਨ੍ਹਾਂ ਨੇ ਆਪ ਬੇਅੰਤ ਦੌਲਤ ਕਮਾਈ ਹੈ। ਜਦੋਂ ਵੀ ਕਦੇ ਯੂਰਪ ਅੰਦਰ ਅਫ਼ਵਾਹਾਂ ਦਾ ਬਜ਼ਾਰ ਗਰਮ ਹੋਵੇ ਅਤੇ ਆਫ਼ਤ ਆਉਣ ਦੀਆਂ ਗੱਲਾਂ ਹੋਣ ਤਾਂ ਯਾਦ ਰੱਖੋ ਕਿ ਇਹ ਨੱਕ ਦੀ ਟੇਢੀ ਚੁੰਝ ਵਾਲੇ ਰੌਥਚਾਈਲਡ ਕਿਤੇ ਨੇੜੇ ਤੇੜੇ ਹੀ ਹਨ।"

ਅਜਿਹੀਆਂ ਟਿੱਪਣੀਆਂ ਦੇ ਨਾਲ ਰੌਥਚਾਈਲਡ ਫ਼ਿਕਰਮੰਦ ਹੋ ਜਾਂਦੇ ਸਨ। ਉਨ੍ਹਾਂ ਸੋਚਿਆ ਕਿ ਹੁਣ ਕੁੱਲ ਖ਼ਬਰਾਂ ਦੇ ਸੋਮਿਆਂ ਨੂੰ ਹੀ ਦਬੋਚ ਲਿਆ ਜਾਵੇ। ਨਵੀਂ ਸਦੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਰੌਇਟਰ ਖ਼ਬਰ ਏਜੰਸੀ ਖ਼ਰੀਦ ਲਈ। ਫ਼ਲਸਤੀਨ ਅੰਦਰ ਪਹਿਲੀਆਂ ਯਹੂਦੀ ਬਸਤੀਆਂ ਬਣਾਉਣ ਲਈ ਪੈਸਾ ਲਾਇਆ ਗਿਆ। ਟੀਚਾ ਸੀ ਰੌਥਚਾਈਲਡ ਮਾਲਕੀ ਦਾ ਇਕ ਦੇਸ।

1897 ਵਿਚ ਕੁਲ ਯਹੂਦੀਆਂ ਨੂੰ ਇਕੱਠੇ ਕਰ ਕੇ ਨਵਾਂ ਦੇਸ ਬਣਾਉਣ ਦਾ ਟੀਚਾ ਸਾਹਮਣੇ ਰੱਖ ਕੇ ਇਕ ਸਿਆਸੀ ਲਹਿਰ ਚਲਾਈ ਗਈ ਜਿਸ ਦਾ ਨਾਂ ਹੈ ਜ਼ੀਓਨਿਜ਼ਮ। ਜ਼ੀਓਨਿਜ਼ਮ ਲਫ਼ਜ਼ ਆਮ ਸੁਣਨ ਵਿਚ ਆਉਂਦਾ ਹੈ, ਪਰ ਬੇਅੰਤ ਲੋਕਾਂ ਨੂੰ ਇਸ ਦੀ ਹੋਂਦ ਅਤੇ ਅਸਲੀਅਤ ਦੀ ਸਮਝ ਨਹੀਂ ਆਉਂਦੀ। ਜ਼ੀਓਨਿਜ਼ਮ ਦੀ ਪਹਿਲੀ ਕਾਨਫ਼ਰੰਸ ਮਿਊਨਿਖ (ਜਰਮਨੀ) ਵਿਚ ਕੀਤੀ ਜਾਂਦੀ ਹੈ। ਰੌਥਚਾਈਲਡ ਇਸ ਦੀ ਪਿੱਠ 'ਤੇ ਹੈ। ਸਥਾਨਕ ਯਹੂਦੀਆਂ ਨੇ ਏਸ ਕਾਨਫ਼ਰੰਸ ਦਾ ਸਖ਼ਤ ਵਿਰੋਧ ਕੀਤਾ, ਕਿਹਾ ਕਿ ਅਸੀਂ ਏਥੇ ਹਰ ਹਾਲ ਵਿਚ ਖ਼ੁਸ਼ ਹਾਂ। ਏਸ ਲਈ ਇਹ ਮੀਟਿੰਗ ਬੇਸਲ (ਸਵਿਟਜ਼ਰਲੈਂਡ) ਅੰਦਰ 25 ਅਗਸਤ ਨੂੰ ਕੀਤੀ ਗਈ। ਇਸ ਦਾ ਪ੍ਰਧਾਨ ਸੀ ਅਕਸ਼ਨਾਜ਼ੀ ਯਹੂਦੀ ਥੀਓਡੋਰ ਹਰਜ਼ਲ। ਹਰਜ਼ਲ ਨੇ ਆਪਣੀ ਡਾਇਰੀ ਵਿਚ ਇੰਜ ਲਿਖਿਆ ਹੈ : "ਯਹੂਦੀਆਂ ਉੱਤੇ ਕ੍ਰੋਪੀਆਂ ਆਉਣੀਆਂ ਜ਼ਰੂਰੀ ਹਨ, ਇੰਜ ਸਾਡੇ ਮਨਸੂਬਿਆਂ ਨੂੰ ਮਦਦ ਮਿਲੇਗੀ। ਮੇਰਾ ਇਹ ਮਹਾਂ-ਉੱਤਮ ਵਿਚਾਰ ਹੈ। ਮੈਂ ਯਹੂਦੀ-ਵਿਰੋਧੀਆਂ ਦੇ ਰਾਹੀਂ ਯਹੂਦੀ ਦੌਲਤ ਦਾ ਮਲੀਆਮੇਟ ਕਰਾਵਾਂਗਾ। ਯਹੂਦੀਆਂ ਉੱਤੇ ਵਧਦੀਆਂ ਵਧੀਕੀਆਂ ਦੇ ਨਾਲ ਸਾਡੀ ਲਹਿਰ ਉਭਰੇਗੀ। ਯਹੂਦੀ ਵਿਰੋਧੀ ਹੀ ਸਾਡੇ ਪਰਮ ਮਿੱਤਰ ਹੋਣਗੇ।"

ਹਰਜ਼ਲ ਜੀਓਨਿਸਟ ਜਥੇਬੰਦੀ ਦਾ ਪ੍ਰਧਾਨ ਚੁਣਿਆ ਜਾਂਦਾ ਹੈ। ਏਸ ਜਥੇਬੰਦੀ ਦਾ ਚਿੰਨ੍ਹ ਬਣਦਾ ਹੈ : 'ਛੇ ਨੁੱਕਰਾ ਲਾਲ ਨਿਸ਼ਾਨ'। ਯਾਦ ਰਹੇ ਰੌਥਚਾਈਲਡ ਦਾ ਅਰਥ ਵੀ ਲਾਲ-ਨਿਸ਼ਾਨ ਹੈ। ਏਹੀ ਨਿਸ਼ਾਨ 51 ਸਾਲਾਂ ਪਿੱਛੋਂ ਇਸਰਾਈਲ ਦੇ ਝੰਡੇ ਦੇ ਉੱਪਰ ਨੀਲੇ ਰੰਗ ਵਿਚ ਲੱਗ ਜਾਂਦਾ ਹੈ।

ਅਮਰੀਕਾ ਵਿਚ ਐਡਵਰਡ ਹੈਰੀਮੈਨ, ਰੌਥਚਾਈਲਡ ਦੇ ਪੈਸੇ ਨਾਲ ਯੂਨੀਅਨ ਪੈਸਿਫਿਕ ਰਾਹੀਂ ਦੱਖਣੀ ਪੈਸਿਫਿਕ ਰੇਲ-ਰੋਡ ਨੂੰ ਮੁੱਠੀ ਵਿਚ ਲੈ ਲੈਂਦਾ ਹੈ।

1901 : ਐਡਮੋਂਡ ਰੌਥਚਾਈਲਡ ਦੀਆਂ ਖੜੀਆਂ ਕੀਤੀਆਂ ਫ਼ਲਸਤੀਨੀ ਬਸਤੀਆਂ ਵਿੱਚੋਂ ਇਕ ਜਥਾ ਉਸ ਨੂੰ ਮਿਲਦਾ ਹੈ ਅਤੇ ਕਹਿੰਦਾ ਹੈ, "ਜੇ ਤੂੰ ਯੀਸ਼ਵ (ਯਹੂਦੀ ਬਸਤੀਆਂ) ਨੂੰ ਬਚਾਉਣਾ ਚਾਹੁੰਦਾ ਹੈ ਤਾਂ ਉਥੇ ਰਹਿਣ ਵਾਲਿਆਂ ਨੂੰ ਖੁੱਲ੍ਹ ਹੋਣੀ ਚਾਹੀਦੀ ਹੈ ਕਿ ਉਹ ਜਿਵੇਂ ਚਾਹੁਣ, ਲੋੜ ਮੁਤਾਬਿਕ ਸੋਧਾਂ ਕਰਦੇ ਰਹਿਣ।" ਐਡਮੌਂਡ ਦਾ ਉਸੇ ਵੇਲੇ ਪਾਰਾ ਚੜ੍ਹ ਗਿਆ ਅਤੇ ਉਸ ਆਖਿਆ, "ਯੀਸ਼ਵ ਨੂੰ ਮੈਂ, ਕੇਵਲ ਮੈਂ ਬਣਾਇਆ ਹੈ। ਕਿਸੇ ਆਦਮੀ ਜਾਂ ਸੰਸਥਾ ਨੂੰ ਮੇਰੀਆਂ ਸਕੀਮਾਂ ਵਿਚ ਦਖ਼ਲ ਦੇਣ ਦੀ ਇਜਾਜ਼ਤ ਨਹੀਂ ਹੈ।"

1905 : ਰੌਥਚਾਈਲਡ ਦੇ ਥਾਪੇ ਹੋਏ ਜਿਓਰਜੀ ਐਪੋਲੋਨੇਵਿਚ ਗਾਪਨ ਦੇ ਕਮਿਊਨਿਸਟ ਜੁੱਟ ਨੇ ਰੂਸ ਅੰਦਰਲੀ ਜ਼ਾਰ ਦੀ ਹਕੂਮਤ ਨੂੰ ਉਲਟਾਉਣ ਦਾ ਜਤਨ ਕੀਤਾ, ਅਸਫਲ ਰਹੇ ਅਤੇ ਭੱਜ ਉੱਠੇ, ਜਰਮਨੀ ਨੇ ਉਨ੍ਹਾਂ ਨੂੰ ਸ਼ਰਨ ਦਿੱਤੀ।

ਯਹੂਦੀ ਐਨਸਾਈਕਲੋਪੀਡੀਆ (ਪੋਥੀ 2, ਸਫ਼ਾ 497) ਇੰਜ ਲਿਖਦਾ ਹੈ : "ਰੌਥਚਾਈਲਡ ਦੇ ਟਾਕਰੇ 'ਤੇ ਕੈਥੋਲਿਕ ਨੂੰ ਅੱਗੇ ਲਿਆਉਣ ਦੀ ਗੱਲ ਹੋ ਰਹੀ ਹੈ, ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਪੋਪ ਦੇ ਵੈਟੀਕਨ ਖ਼ਜ਼ਾਨੇ ਨੂੰ ਤਾਂ ਰੌਥਚਾਈਲਡਾਂ ਨੇ ਸੰਭਾਲਿਆ ਹੋਇਆ ਹੈ।"

1907 : ਜੈਕਬ ਸ਼ਿਫ ਰੌਥਚਾਈਲਡ ਨੇ ਨਿਊਯਾਰਕ ਚੈਂਬਰ ਆਫ਼ ਕਾਮਰਸ ਵਿਚ ਇੰਜ ਤਾੜਨਾ ਕੀਤੀ, "ਇਸ ਦੇਸ ਅੰਦਰ ਚੋਖੇ ਵਸੀਲੇ ਵਾਲਾ ਇਕ ਕੇਂਦਰੀ ਬੈਂਕ ਨਾ ਹੋਣ ਕਾਰਨ, ਮੰਡੀ ਅੰਦਰ ਪੈਸੇ ਦੀ ਭਾਰੀ ਮੰਦੀ ਕਾਰਨ ਭਗਦੜ ਮਚ ਸਕਦੀ ਹੈ।" ਕਹਿਣ ਦੀ ਦੇਰ ਸੀ ਕਿ ਅਮਰੀਕਾ ਅੰਦਰ ਕਹਿਰ ਆ ਗਿਆ। ਪੈਸਾ ਤਾਂ ਰੌਥਚਾਈਲਡ ਰੋਕੀ ਬੈਠੇ ਸਨ। ਲੱਖਾਂ ਅਮਰੀਕਨਾਂ ਦੀ ਤਬਾਹੀ ਹੋ ਗਈ। ਰੌਥਚਾਈਲਡ ਬੈਂਕ ਨੇ ਕਈ ਬਿਲੀਅਨ ਡਾਲਰ ਵਧਾ ਲਏ। ਜੈਕਬ ਸ਼ਿਫ ਨੇ ਇਕ ਕਾਲੇ ਲੋਕਾਂ ਦੀ ਸੰਸਥਾ ਬਣਾਈ (ਨੈਸ਼ਨਲ ਐਸੋਸੀਏਸ਼ਨ ਫ਼ਾਰ ਐਡਵਾਂਸਮੈਂਟ ਆਫ਼ ਕਲਰਡ ਪੀਪਲ NAACP) ਜਿਸ ਦਾ ਮੁੱਖ ਮੰਤਵ ਸੀ ਕਾਲਿਆਂ ਅਤੇ ਗੋਰਿਆਂ ਵਿਚਕਾਰ ਫੁੱਟ ਪਾ ਕੇ ਦੰਗੇ ਅਤੇ ਲੁੱਟਮਾਰਾਂ ਹੋਣ।

ਇਕ ਯਹੂਦੀ ਇਤਿਹਾਸਕਾਰ ਹਾਵਰਡ ਸਾਚਰ ਲਿਖਦਾ ਹੈ ਕਿ "NAACP" ਦੇ ਕੁਲ ਕਰਤਾ ਧਰਤਾ ਅਕਸ਼ਨਾਜ਼ੀ ਯਹੂਦੀ ਸਨ।

ਏਸ ਸੰਸਥਾ ਦਾ ਪਹਿਲਾ ਕਾਲਾ ਪ੍ਰਧਾਨ 1920 ਵਿਚ ਜਾ ਕੇ ਬਣਿਆ।

1911 : ਵਰਨਰ ਸੰਬਰਟ ਆਪਣੀ ਕਿਤਾਬ *ਜਿਊਜ਼ ਐਂਡ ਮਾਡਰਨ ਕੈਪੀਟਲਿਜ਼ਮ* ਵਿਚ ਲਿਖਦਾ ਹੈ ਕਿ "1820 ਤੋਂ ਲੈ ਕੇ ਅੱਗੇ ਤੱਕ 'ਰੌਥਚਾਈਲਡ ਦਾ ਜ਼ਮਾਨਾ' ਸੀ। ਆਪਣੇ ਭਾਈਬੰਦਾਂ ਹੈਰੀਮਨ, ਗੌਲਡ ਅਤੇ ਰਾਕਫ਼ੈਲਰਾਂ ਦੇ ਨਾਲ ਰਲ ਕੇ ਉਹ ਅਮਰੀਕੀ ਅਰਥਚਾਰੇ ਅੰਦਰ ਮੁੱਖ ਸ਼ਕਤੀ ਬਣ ਗਿਆ ਸੀ।

1913 : ਰੌਥਚਾਈਲਡ ਦੀ ਵਿੱਤੀ ਸਹਾਇਤਾ ਨਾਲ ਵੂਡਰੂ ਵਿਲਸਨ 4 ਮਾਰਚ ਵਾਲੇ ਦਿਨ ਅਮਰੀਕਨ ਪ੍ਰਧਾਨ ਬਣ ਜਾਂਦਾ ਹੈ। ਤਾਜਪੋਸ਼ੀ ਤੋਂ ਝੱਟ ਹੀ ਪਿੱਛੋਂ ਇਕ ਕਾਨੂੰਨ ਕੰਪਨੀ ਦਾ ਅਕਸ਼ਨਾਜ਼ੀ ਯਹੂਦੀ, ਸੈਮਿਊਲ ਅੰਟਰਮੇਅਰ ਵਾਈਟ ਹਾਊਸ ਪੁੱਜ ਜਾਂਦਾ ਹੈ, ਉਸ ਨੂੰ ਬਲੈਕਮੇਲ ਕਰਨ ਲਈ। ਉਸ ਨੂੰ ਦੱਸਦਾ ਹੈ ਕਿ ਪ੍ਰਿੰਸਟਨ ਯੂਨੀਵਰਸਿਟੀ ਅੰਦਰ ਜਿਸ ਸਾਥੀ ਪ੍ਰੋਫ਼ੈਸਰ ਦੀ ਪਤਨੀ ਦੇ ਉਸ ਨਾਲ ਨਾਜਾਇਜ਼ ਸੰਬੰਧ ਸਨ, ਉਸ ਦਾ ਮੂੰਹ ਬੰਦ ਕਰਨ ਲਈ ਵਿਲਸਨ ਨੂੰ ਚਾਲ੍ਹੀ ਹਜ਼ਾਰ ਡਾਲਰ ਦੇਣੇ ਪੈਣਗੇ। ਉਨ੍ਹਾਂ ਸਮਿਆਂ ਦੇ ਡਾਲਰ ਦਾ ਮਤਲਬ ਹੁੰਦਾ ਸੀ ਇਕ ਸੋਨੇ ਦਾ ਡਾਲਰ। ਏਨੀ ਨਕਦੀ ਪ੍ਰਧਾਨ ਵਿਲਸਨ ਕੋਲ ਕਿੱਥੋਂ ਆਉਣੀ ਸੀ ? ਅੰਟਰਮੇਅਰ ਨੇ ਪ੍ਰਧਾਨ ਨੂੰ ਮਨਾ ਲਿਆ ਕਿ ਪੈਸੇ ਉਹ ਆਪ ਹੀ ਤਾਰ ਦੇਵੇਗਾ, ਸ਼ਰਤ ਇਹ ਕਿ ਸੁਪਰੀਮ ਕੋਰਟ ਅੰਦਰ ਜਦੋਂ ਵੀ ਕੋਈ ਕੁਰਸੀ ਖ਼ਾਲੀ ਹੋਈ, ਉਥੇ ਉਸੇ ਨੂੰ ਬਿਠਾਉਣਾ ਹੈ ਜਿਸ ਦਾ ਨਾਂ ਅੰਟਰਮੇਅਰ ਆਪ ਦੱਸੇ।

ਜੈਕਬ ਸ਼ਿਫ ਇਕ ਸੰਸਥਾ ਖੜੀ ਕਰਦਾ ਹੈ ਜਿਸ ਦਾ ਨਾਂ ਹੈ 'ਐਂਟੀ ਡੀਫ਼ੇਮਸ਼ਨ ਲੀਗ' ਜਾਂ ਏ. ਡੀ. ਐੱਲ। ਇਹ ਸੰਸਥਾ ਅੱਜ ਵੀ ਹੈ ਅਤੇ ਮਹਾਂ ਸਰਗਰਮ ਹੈ। ਇਸ ਦਾ ਮੰਤਵ ਸੀ ਕਿ ਜੇ ਕੋਈ ਰੌਥਚਾਈਲਡ ਦੇ ਖ਼ਿਲਾਫ਼ ਕੁਝ ਕਹੇ ਤਾਂ ਉਸ ਨੂੰ 'ਯਹੂਦੀ ਵਿਰੋਧੀ' ਕਿਹਾ ਜਾਵੇ। ਏਸੇ ਹੀ ਸਾਲ ਉਨ੍ਹਾਂ ਨੇ ਆਪਣੇ ਹੱਥ ਠੋਕੇ ਪ੍ਰਧਾਨ ਵਿਲਸਨ ਦੇ ਹੱਥੋਂ ਫ਼ੈਡਰਲ ਰੀਜ਼ਰਵ ਬਿੱਲ ਪਾਸ ਕਰਵਾ ਲਿਆ ਅਤੇ ਅਮਰੀਕਾ ਅੰਦਰ ਕਰੰਸੀ ਪੈਦਾ ਕਰਨ ਉੱਤੇ ਪੂਰਨ ਨਿੱਜੀ ਕੰਟ੍ਰੋਲ ਕਰ ਲਿਆ। 23 ਦਸੰਬਰ, 1913 ਨੂੰ ਇਕ ਤਰ੍ਹਾਂ ਰੌਥਚਾਈਲਡ ਨੇ ਅਮਰੀਕਾ ਉੱਤੇ ਕਬਜ਼ਾ ਕਰ ਲਿਆ, ਜੋ ਅਜੇ ਤਕ ਜਾਰੀ ਹੈ।

ਅਮਰੀਕੀ ਕਾਂਗਰਸ ਦੇ ਮੈਂਬਰ ਚਾਰਲਸ ਲਿੰਡਬਰਗ ਨੇ ਕਰੰਸੀ ਨਿਜੀਕਰਨ ਉੱਤੇ ਸਖ਼ਤ ਇਤਰਾਜ਼ ਕੀਤਾ। ਚਾਰਲਸ ਲਿੰਡਬਰਗ ਉਹ ਮਸ਼ਹੂਰ ਹਵਾ-ਬਾਜ਼ ਸੀ ਜਿਸ ਨੇ ਸਭ ਤੋਂ ਪਹਿਲਾਂ ਅਮਰੀਕਾ ਤੋਂ ਫ਼ਰਾਂਸ ਤਕ ਇਕੱਲੇ ਸਿੱਧੀ ਉਡਾਣ ਭਰੀ ਸੀ। ਉਸ ਨੇ ਫ਼ੈਡਰਲ ਰੀਜ਼ਰਵ ਐਕਟ ਬਾਰੇ ਇਹ ਕਿਹਾ, "ਜਿਉਂ ਹੀ ਪ੍ਰਧਾਨ ਵਿਲਸਨ ਇਸ ਐਕਟ ਉੱਤੇ ਦਸਤਖ਼ਤ ਕਰਨਗੇ ਤਾਂ ਇਕ ਅਦਿੱਖ ਸ਼ਕਤੀ ਦੇ ਹੱਥ ਵਿਚ, ਕੁੱਲ ਵਿੱਤੀ ਸ਼ਕਤੀ ਕਾਨੂੰਨੀ ਤੌਰ 'ਤੇ ਚਲੀ ਜਾਵੇਗੀ...ਜੁਗਾਂ ਦੇ ਵਿਚ ਇਹ ਕਰੰਸੀ ਬਿੱਲ ਇਕ ਮਹਾਂ-ਅਪਰਾਧ ਹੋਵੇਗਾ।" ਜਲਦੀ ਹੀ ਲਿੰਡਬਰਗ ਨੂੰ ਏਸ ਬਿਆਨ ਦੀ ਸਜ਼ਾ ਦਿੱਤੀ ਗਈ—ਉਸ ਦਾ ਬੱਚਾ ਅਗਵਾ ਕਰ ਕੇ ਮਾਰ ਦਿੱਤਾ ਗਿਆ। ਸਭ ਤੋਂ ਵੱਡੀ ਸਮਝਣ ਵਾਲੀ ਗੱਲ ਇਹ ਹੈ ਕਿ ਫ਼ੈਡਰਲ ਰੀਜ਼ਰਵ ਇਕ ਪ੍ਰਾਈਵੇਟ ਕੰਪਨੀ ਹੈ। ਨਾ ਤਾਂ ਇਹ ਫ਼ੈਡਰਲ, ਭਾਵ ਕੇਂਦਰੀ ਇਕਾਈ ਹੈ ਅਤੇ ਨਾ ਹੀ ਇਸ ਦੇ ਕੋਲ ਕੋਈ ਰੀਜ਼ਰਵ ਹੈ। ਇਹ ਨੋਟ ਛਾਪ ਕੇ ਸੂਦ ਉੱਤੇ ਦੇਂਦੀ ਹੈ ਅਤੇ ਇਸ ਦੀ ਘੱਟੋ-ਘੱਟ ਸਾਲਾਨਾ ਆਮਦਨ 140 ਬਿੱਲੀਅਨ ਡਾਲਰ ਹੈ। ਆਪਣੇ ਪੂਰੇ ਇਤਿਹਾਸ ਵਿਚ ਇਸ ਨੇ ਆਪਣਾ ਲੇਖਾ ਕਦੇ ਨਹੀਂ ਛਾਪਿਆ। ਨਾ ਹੀ ਇਸ ਦੀ ਆਮਦਨ ਨੂੰ ਕੋਈ ਟੈਕਸ ਲੱਗਦਾ ਹੈ। ਕੁੱਲ ਪੜ੍ਹੀ-ਲਿਖੀ ਅਮਰੀਕਨ ਪਬਲਿਕ ਦੇ ਸਾਹਮਣੇ ਦਿਨ ਦਿਹਾੜੇ ਲੁੱਟ। ਕੋਈ ਮਾਈ ਦਾ ਲਾਲ ਇਸ ਦੇ ਸਾਹਮਣੇ ਖੜਾ ਹੋ ਕੇ ਤਾਂ ਵੇਖੇ!

1914 : ਵਿਸ਼ਵ ਜੰਗ ਸ਼ੁਰੂ ਹੁੰਦੀ ਹੈ। ਜਰਮਨ ਰੌਥਚਾਈਲਡ ਜਰਮਨੀ ਨੂੰ, ਇੰਗਲੈਂਡ ਦੇ ਰੌਥਚਾਈਲਡ ਇੰਗਲੈਂਡ ਨੂੰ ਅਤੇ ਫ਼ਰਾਂਸ ਦੇ ਰੌਥਚਾਈਲਡ ਫ਼ਰਾਂਸ ਨੂੰ ਕਰਜ਼ੇ ਦੇਂਦੇ ਹਨ। ਨਾਲ ਹੀ ਨਾਲ ਯੂਰਪ ਦੀਆਂ ਤਿੰਨਾਂ ਖ਼ਬਰ ਏਜੰਸੀਆਂ ਉੱਤੇ ਏਨ੍ਹਾਂ ਦਾ ਕਬਜ਼ਾ ਹੈ। ਏਜੰਸੀਆਂ ਹਨ ਵੂਲਫ਼ (1849 ਤੋਂ ਚਲੀ ਆ ਰਹੀ) ਜਰਮਨੀ ਦੀ, ਰੌਇਟਰ (1851 ਤੋਂ ਚਾਲੂ) ਇੰਗਲੈਂਡ ਦੀ ਅਤੇ ਹਾਵਾਸ (1835 ਤੋਂ) ਫ਼ਰਾਂਸ ਦੀ।

ਜਰਮਨੀ ਅੰਦਰ ਏਜੰਸੀ ਵੂਲਫ਼ ਜਰਮਨਾਂ ਨੂੰ ਜੰਗ ਲਈ ਉਕਸਾਉਂਦੀ ਅਤੇ ਭੜਕਾਉਂਦੀ ਹੈ। ਰੌਥਚਾਈਲਡ ਦਾ ਨਾਂ ਕਿਧਰੇ ਵਿਖਾਈ ਨਹੀਂ ਦਿੱਤਾ। ਨਾਂ ਦੀ ਲੋੜ ਕੀ ਸੀ ? ਕੰਮ ਤਾਂ ਹੋ ਹੀ ਰਿਹਾ ਸੀ।

1916 : ਪ੍ਰਧਾਨ ਵਿਲਸਨ ਨੇ ਆਪਣੇ ਬਲੈਕਮੇਲ ਅਨੁਸਾਰ ਸੁਪਰੀਮ ਕੋਰਟ ਦੀ ਖ਼ਾਲੀ ਕੁਰਸੀ ਉੱਤੇ ਅੰਟਰਮੇਅਰ ਦੀ ਚੋਣ ਲਈ ਲੂਈ ਬ੍ਰਾਂਡਿਸ ਨੂੰ ਲਗਾ ਦਿੱਤਾ। ਬ੍ਰਾਂਡਿਸ ਨੂੰ ਜ਼ੀਓਨਿਸਟ ਮੁਆਮਲਿਆਂ ਬਾਰੇ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ ਗਿਆ, ਜਿਸ ਪਦ ਉੱਤੇ ਉਹ ਹਮੇਸ਼ਾ ਲੱਗਿਆ ਰਿਹਾ। ਉਸ ਤੋਂ ਪਿੱਛੋਂ ਹੀ ਇਹ ਕੁਰਸੀ ਸਦਾ ਇਕ ਯਹੂਦੀ ਦੇ ਕੋਲ ਰਹੀ ਹੈ।

ਵਿਸ਼ਵ ਜੰਗ-1 ਵਿਚ ਜਰਮਨੀ ਜਿੱਤ ਰਿਹਾ ਸੀ ਕਿਉਂਕਿ ਉਸ ਨੂੰ ਫ਼ਰਾਂਸ, ਇਟਲੀ ਅਤੇ ਇੰਗਲੈਂਡ ਦੇ ਤੁਲ ਰੌਥਚਾਈਲਡ ਵੱਲੋਂ ਵਧੇਰੇ ਮਦਦ ਮਿਲੀ ਸੀ। ਰੂਸ ਵੀ ਇਤਿਹਾਦੀਆਂ ਵੱਲ ਸੀ ਅਤੇ ਰੂਸ, ਰੌਥਚਾਈਲਡ ਨੂੰ ਉੱਕਾ ਨਹੀਂ ਸੀ ਭਾਉਂਦਾ।

ਜੰਗ ਦੌਰਾਨ ਇਕ ਮਹਾਨ ਘਟਨਾ ਘਟੀ। ਜਰਮਨੀ ਜਿੱਤ ਰਿਹਾ ਸੀ ਅਤੇ ਉਸ ਦੀ ਧਰਤੀ ਉੱਤੇ ਇਕ ਵੀ ਬਦੇਸ਼ੀ ਫ਼ੌਜੀ ਨੇ ਪੈਰ ਨਹੀਂ ਸੀ ਧਰਿਆ। ਜਰਮਨੀ ਨੇ ਬ੍ਰਿਟੇਨ ਨੂੰ ਜੰਗ ਬੰਦ ਕਰਨ ਦੀ ਪੇਸ਼ਕਸ਼ ਕੀਤੀ। ਸ਼ਰਤ ਇਹ ਕਿ ਕੋਈ ਜੰਗੀ ਤਾਵਾਨ ਨਾ ਮੰਗਿਆ ਜਾਵੇ। ਰੌਥਚਾਈਲਡ ਏਸ ਪੇਸ਼ਕਸ਼ ਨਾਲ ਸਟਪਟਾ ਗਏ। ਉਨ੍ਹਾਂ ਤਾਂ ਜੰਗ ਤੋਂ ਅਤਿਅੰਤ ਕਮਾਈ ਕਰਨੀ ਸੀ, ਇਹ ਸੁਲਹ ਵਾਲਾ ਭਾਣਾ ਕਿਵੇਂ ਵਰਤ ਗਿਆ ? ਪਰ ਉਨ੍ਹਾਂ ਦੇ ਮਦਾਰੀ-ਥੈਲੇ ਵਿਚ ਕਈ ਨਵੀਆਂ ਖੇਡਾਂ ਸਨ। ਵੇਖੋ ਉਨ੍ਹਾਂ ਨੇ ਕੀ ਚਾਲ ਚੱਲੀ।

ਬ੍ਰਿਟੇਨ ਹਾਲਾਂ ਜਰਮਨੀ ਦੀ ਅਮਨ-ਪੇਸ਼ਕਸ਼ ਉੱਤੇ ਵਿਚਾਰ ਕਰ ਹੀ ਰਿਹਾ ਸੀ ਕਿ ਅਮਰੀਕਾ ਤੋਂ ਇਕ ਜੀਓਨਿਸਟ ਜੱਥਾ ਪਹੁੰਚ ਗਿਆ। ਉਨ੍ਹਾਂ ਕਿਹਾ ਕਿ ਜੇ ਬ੍ਰਿਟੇਨ ਰੌਥਚਾਈਲਡਾਂ ਨੂੰ ਫ਼ਲਸਤੀਨੀ ਧਰਤੀ ਦੇਣ ਉੱਤੇ ਰਾਜ਼ੀ ਹੋ ਜਾਵੇ, ਤਾਂ ਉਹ ਅਮਰੀਕਾ ਨੂੰ ਜੰਗ ਅੰਦਰ ਇੰਗਲੈਂਡ ਦਾ ਸਾਥੀ ਬਣਾ ਦੇਣਗੇ।

ਰੌਥਚਾਈਲਡਾਂ ਦੀ ਇਕ ਵੱਡੀ ਲੋੜ ਸੀ। ਉਨ੍ਹਾਂ ਦਾ ਬੇਅੰਤ ਪੈਸਾ ਪੂਰਬੀ ਦੇਸਾਂ ਅੰਦਰ ਲੱਗਿਆ ਹੋਇਆ ਸੀ। ਉਨ੍ਹਾਂ ਦੀ ਮਨਸ਼ਾ ਸੀ ਕਿ ਪੂਰਬੀ ਦੇਸਾਂ ਵਿਚ, ਉਨ੍ਹਾਂ ਦੀ ਆਪਣੀ ਥਾਂ ਅਤੇ ਆਪਣੀ ਹੀ ਫ਼ੌਜ ਹੋਵੇ, ਜੋ ਕਿਸੇ ਵੀ ਧਮਕੀਲੇ ਹਾਲਾਤ ਨਾਲ ਨਜਿੱਠਣ ਲਈ ਜ਼ੋਰਦਾਰ ਢੰਗ ਨਾਲ ਵਰਤੀ ਜਾ ਸਕੇ।

ਜਿਉਂ ਹੀ ਬ੍ਰਿਟੇਨ ਨੇ ਫ਼ਲਸਤੀਨ ਦੇਣ ਦੀ ਮੰਗ ਮੰਨੀ, ਜੀਓਨਿਸਟਾਂ ਨੇ ਅਮਰੀਕਾ ਅੰਦਰਲੇ ਸਾਥੀਆਂ ਨੂੰ ਖ਼ਬਰ ਕਰ ਦਿੱਤੀ। ਹੁਣ ਤਕ ਵੱਡੇ ਅਮਰੀਕਨ ਅਖ਼ਬਾਰ, ਜਰਮਨੀ ਦੇ ਹੱਕ ਵਿਚ ਲਿਖ ਰਹੇ ਸਨ। ਝੱਟ ਹੀ ਉਨ੍ਹਾਂ ਨੇ ਪੈਂਤੜਾ ਬਦਲਿਆ, ਜਰਮਨੀ ਦੇ ਉਲਟ ਪ੍ਰਾਪੇਗੰਡਾ ਸ਼ੁਰੂ ਹੋ ਗਿਆ। ਇੰਜ ਦੀਆਂ ਖ਼ਬਰਾਂ ਛਾਪੀਆਂ ਗਈਆਂ ਕਿ ਜਰਮਨ, ਰੈੱਡ ਕਰਾਸ ਦੀਆਂ ਨਰਸਾਂ ਨੂੰ ਮਾਰ ਰਹੇ ਸਨ। ਜਰਮਨ, ਬੱਚਿਆਂ ਦੇ ਹੱਥ ਵੱਢ ਰਹੇ ਸਨ। ਅਮਰੀਕੀ ਲੋਕ ਝੱਟ ਜਰਮਨੀ ਦੇ ਉਲਟ ਉਲਾਰ ਹੋ ਗਏ।

ਪ੍ਰਧਾਨ ਵਿਲਸਨ ਹੁਣ ਤਕ ਅਮਨ ਸ਼ਾਂਤੀ ਦੀ ਗੱਲ ਕਰ ਰਹੇ ਸਨ ਅਤੇ ਇਕਰਾਰ ਕਰਦੇ ਸਨ ਕਿ ਅਮਰੀਕਾ ਜੰਗ ਵਿਚ ਨਹੀਂ ਕੁੱਦੇਗਾ ਅਤੇ ਏਸੇ ਲਈ ਮੁੜ ਚੁਣੇ ਗਏ ਸਨ। ਜੀਓਨਿਸਟ ਨੇਤਾ ਅਤੇ ਸੁਪਰੀਮ ਕੋਰਟ ਦੇ ਜੱਜ ਲੂਈ ਬ੍ਰਾਂਡੀਜ਼ ਦੇ ਦਬਾਅ ਹੇਠ ਅਮਰੀਕਾ, 6 ਅਪ੍ਰੈਲ 1917 ਨੂੰ ਜੰਗ ਵਿਚ ਸ਼ਾਮਲ ਹੋ ਗਿਆ।

ਹੁਣ ਜੀਓਨਿਸਟਾਂ ਨੇ ਬ੍ਰਿਟੇਨ ਦਾ ਸ਼ਿਕੰਜਾ ਕੱਸਿਆ, ਕਿ ਫਲਸਤੀਨ ਬਾਰੇ ਜੋ ਇਕਰਾਰ ਹੋਇਆ ਸੀ, ਉਹ ਲਿਖਤੀ ਰੂਪ ਵਿਚ ਦੇਵੋ। ਬ੍ਰਿਟੇਨ ਕੋਲ ਤਾਂ ਹੋਰ ਕੋਈ ਚਾਰਾ ਹੀ ਨਹੀਂ ਸੀ। ਉਨ੍ਹਾਂ ਆਪਣੇ ਵਿਦੇਸ਼ ਸਕੱਤਰ ਆਰਥਰ ਬਾਲਫੋਰ ਕੋਲੋਂ ਪੱਤਰ ਲਿਖਵਾਇਆ, ਜਿਸ ਨੂੰ 'ਬਾਲਫੋਰ ਐਲਾਨ' ਕਿਹਾ ਜਾਂਦਾ ਹੈ, ਜੋ ਇੰਜ ਸੀ :

> ਵਿਦੇਸ਼ ਦਫ਼ਤਰ ਨਵੰਬਰ 2, 1917
>
> ਪਿਆਰੇ ਲਾਰਡ ਰੌਥਚਾਈਲਡ,
>
> ਮੈਨੂੰ ਹਿਜ਼ ਹਾਈਨੈਸ ਮਹਾਰਾਜਾ ਸਾਹਿਬ ਦੀ ਸਰਕਾਰ ਵੱਲੋਂ ਇਹ ਦੱਸਦਿਆਂ ਖ਼ੁਸ਼ੀ ਹੋ ਰਹੀ ਹੈ, ਕਿ ਜੀਓਨਿਸਟ ਆਸ਼ਾਵਾਂ ਦੇ ਨਾਲ ਹਮਦਰਦੀ ਰੱਖਦਿਆਂ ਹੋਇਆਂ ਕੈਬਨਿਟ ਨੇ ਮਨਜ਼ੂਰੀ ਦੇ ਦਿੱਤੀ ਹੈ।
>
> ਸਰਕਾਰ ਇਸ ਗੱਲ ਨਾਲ ਸਹਿਮਤੀ ਕਰਦੀ ਹੈ ਕਿ ਫ਼ਲਸਤੀਨ ਅੰਦਰ ਯਹੂਦੀ ਲੋਕਾਂ ਦਾ ਆਪਣਾ ਥਾਂ ਹੋਵੇ, ਜਿਥੇ ਉਹ ਆਪਣੇ ਮੰਤਵਾਂ ਦੀ ਪੂਰਤੀ ਲਈ ਖੁੱਲ੍ਹ ਕੇ ਕੰਮ ਕਰ ਸਕਣ। ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਗ਼ੈਰ ਯਹੂਦੀ ਲੋਕਾਂ ਦੇ ਹੱਕਾਂ ਦੀ ਰਾਖੀ ਵੀ ਕੀਤੀ ਜਾਵੇਗੀ।
>
> ਮੈਂ ਆਭਾਰੀ ਹੋਵਾਂਗਾ ਕਿ ਇਹ ਐਲਾਨ ਜੀਓਨਿਸਟ ਫ਼ੈਡਰੇਸ਼ਨ ਦੀ ਗਿਆਤ ਅੰਦਰ ਲਿਆਂਦਾ ਜਾਵੇ।
>
> ਹਿਤੂ—
>
> ਆਰਥਰ ਜੇਮਜ਼ ਬਾਲਫੋਰ

ਇਸ ਸਮੇਂ ਰੌਥਚਾਈਲਡਾਂ ਨੇ ਆਪਣੇ ਹੱਥਲੇ ਬਾਲਸ਼ਵਿਕਾਂ ਨੂੰ ਹੁਕਮ ਦਿੱਤਾ ਕਿ ਉਹ ਜ਼ਾਰ ਨਿਕੋਲਸ ਦੋ, ਅਤੇ ਸੰਪੂਰਨ ਪਰਿਵਾਰ ਦਾ ਸਫ਼ਾਇਆ ਕਰ ਦੇਣ। ਇਸ ਤਰ੍ਹਾਂ ਇਕ ਤਾਂ ਪੂਰੇ ਦੇਸ ਉੱਤੇ ਕਾਬੂ ਪਾਉਣਾ ਸੀ ਅਤੇ ਨਾਲ ਹੀ ਉਨ੍ਹਾਂ ਦੀ 1815 ਦੀ ਵੀਆਨਾ ਕਾਂਗਰਸ ਵਿਚ ਦੁਨੀਆਂ ਦੇ ਇਕ ਨਿਜ਼ਾਮ ਦੀ ਵਿਰੋਧਤਾ ਕਰਨ ਵਾਲੇ ਜ਼ਾਰ ਅਲੈਗਜ਼ੈਂਡਰ ਇਕ ਅਤੇ ਪਿੱਛੋਂ 1864 ਵਿਚ ਜ਼ਾਰ ਅਲੈਗਜ਼ੈਂਡਰ ਦੋ ਦੀ, ਲਿੰਕਨ ਦੇ ਨਾਲ ਰਲ ਕੇ ਵਿਰੋਧਤਾ ਕਰਨ ਦਾ ਬਦਲਾ ਲੈਣਾ ਸੀ। ਇਹ ਜ਼ਰੂਰੀ ਸੀ ਕਿ ਜ਼ਾਰ ਟੱਬਰ ਦੇ ਬਾਲ ਬੱਚੇ ਅਤੇ ਕੁੱਲ ਔਰਤਾਂ ਮਾਰ ਦਿੱਤੀਆਂ ਜਾਣ। ਇਸ ਤੋਂ ਸਭ ਨੂੰ ਸਬਕ ਹੋ ਸਕਦਾ ਸੀ ਕਿ ਰੌਥਚਾਈਲਡਾਂ ਦੀ ਵਿਰੋਧਤਾ ਕਰਨ ਦਾ ਫਲ ਕੀ ਹੋ ਸਕਦਾ ਹੈ।

ਅਮਰੀਕਨ ਕਾਂਗਰਸ ਵਿਚ ਇਕ ਮੈਂਬਰ ਖ਼ਬਰ ਦੇਂਦਾ ਹੈ ਕਿ ਜੇ. ਪੀ. ਮਾਰਗਨ ਰੌਥਚਾਈਲਡਾਂ ਦਾ ਹੀ ਹੈ ਅਤੇ ਉਸ ਨੇ ਖ਼ਬਰਾਂ ਦੇ ਮਾਧਿਅਮ ਉੱਤੇ ਕਬਜ਼ਾ ਕਰ ਲਿਆ ਹੈ। ਕੁੱਲ 25 ਵੱਡੇ ਪਰਚੇ ਸਨ। ਸਭਨਾਂ ਦੀਆਂ ਨੀਤੀਆਂ, ਭਾਵੇਂ ਦੇਸੀ ਜਾਂ ਬਦੇਸੀ ਖ਼ਬਰਾਂ ਹੋਣ, ਨਵੇਂ ਮਾਲਕਾਂ ਦੇ ਹਿੱਤ ਵਿਚ ਬਦਲ ਗਈਆਂ ਹਨ।

1919 : ਜਨਵਰੀ ਵਿਚ ਰੋਜ਼ਾ ਲਕਸਮਬਰਗ ਅਤੇ ਕਾਰਲ ਲਿਬੇਕਨੇਟ, ਦੋਵੇਂ ਰੌਥਚਾਈਲਡ ਦੇ ਫ਼ੰਡ/ਖ਼ਰਚ 'ਤੇ ਬਰਲਿਨ ਵਿਚ ਕਮਿਊਨਿਸਟ ਰਾਜ ਪਲਟੇ ਦੀ ਕੋਸ਼ਿਸ਼ ਦੇ ਦੋਸ਼ ਵਿਚ ਮਾਰੇ ਜਾਂਦੇ ਹਨ। ਜੰਗ ਦੇ ਖ਼ਾਤਮੇ ਤੇ ਵਰਸੇਲਜ਼ ਅਮਨ ਕਾਨਫ਼ਰੰਸ ਵਿਚ ਜਰਮਨਾਂ ਉੱਤੇ ਜੰਗ ਦਾ ਬੇਅੰਤ ਹਰਜਾਨਾ, ਜੇਤੂਆਂ ਨੂੰ ਭਰਨ ਦੀ ਸ਼ਰਤ ਲਾਈ ਜਾਂਦੀ ਹੈ। ਏਸੇ ਸਮੇਂ 117 ਡੈਲੀਗੇਟਾਂ ਦਾ ਜ਼ੀਓਨਿਸਟ ਜਥਾ ਆ ਕੇ ਆਪਣੇ ਲਈ ਫ਼ਲਸਤੀਨ ਦੀ ਮੰਗ ਦਾ ਸਵਾਲ ਖੜ੍ਹਾ ਕਰਦਾ ਹੈ। ਹੁਣ ਜਾ ਕੇ ਜਰਮਨੀ ਨੂੰ ਸਮਝ ਆਈ ਹੈ ਕਿ ਅਮਰੀਕਾ ਨੂੰ ਉਨ੍ਹਾਂ ਦੇ ਖ਼ਿਲਾਫ਼ ਕਿਸ ਨੇ ਕੀਤਾ ਸੀ—ਰੌਥਚਾਈਲਡਾਂ ਨੇ!

ਕੁਦਰਤੀ ਤੌਰ 'ਤੇ ਜਰਮਨਾਂ ਨੂੰ ਲੱਗਿਆ ਕਿ ਉਨ੍ਹਾਂ ਨਾਲ ਵਿਸ਼ਵਾਸਘਾਤ ਹੋਇਆ ਹੈ। ਜਿਸ ਸਮੇਂ ਜ਼ੀਓਨਿਸਟਾਂ ਨੇ ਬ੍ਰਿਟੇਨ ਨਾਲ ਸੌਦਾ ਕੀਤਾ ਸੀ, ਉਸ ਵੇਲੇ ਜਰਮਨੀ ਦੇਸ, ਯਹੂਦੀਆਂ ਵਾਸਤੇ ਸਭ ਤੋਂ ਵੱਧ ਦੋਸਤ ਦੇਸ ਸੀ। 1822 ਦੇ ਪਾਸ ਕੀਤੇ ਇਕ ਕਾਨੂੰਨ ਅਨੁਸਾਰ ਯਹੂਦੀਆਂ ਨੂੰ ਕੁਲ ਜਰਮਨਾਂ ਦੇ ਨਾਲ ਬਰਾਬਰ ਦੇ ਅਧਿਕਾਰ ਸਨ। ਯੂਰਪ ਵਿਚ ਕੇਵਲ ਜਰਮਨੀ ਹੀ ਐਸਾ ਦੇਸ ਸੀ ਜਿਥੇ ਉਨ੍ਹਾਂ ਲਈ ਕੋਈ ਰੁਕਾਵਟ ਨਹੀਂ ਸੀ। 1905 ਦੇ ਫ਼ੇਲ੍ਹ ਰੂਸੀ ਕਮਿਊਨਿਸਟ ਇਨਕਲਾਬ ਪਿੱਛੋਂ ਭੱਜੇ ਯਹੂਦੀਆਂ ਨੂੰ ਜਰਮਨੀ ਵਿਚ ਹੀ ਸ਼ਰਨ ਮਿਲੀ ਸੀ।

ਵਰਸੇਲਜ਼ ਵਿਚ ਹੀ ਫ਼ੈਸਲਾ ਹੋਇਆ ਕਿ ਫ਼ਲਸਤੀਨ ਵਿਚ ਯਹੂਦੀ ਮਾਤ-ਭੂਮੀ ਬਣੇਗੀ ਅਤੇ ਇਸ ਉੱਤੇ ਬਰਤਾਨੀਆ ਦਾ ਕਬਜ਼ਾ ਤਦ ਤਕ ਰਹੇਗਾ, ਜਦੋਂ ਤਕ ਰੌਥਚਾਈਲਡਾਂ ਦੇ ਹਵਾਲੇ ਨਹੀਂ ਕੀਤਾ ਜਾਂਦਾ। ਓਸ ਸਮੇਂ ਫ਼ਲਸਤੀਨ ਦੇ ਅੰਦਰ ਯਹੂਦੀਆਂ ਦੀ ਗਿਣਤੀ ਸਿਰਫ਼ ਇਕ ਫ਼ੀਸਦੀ ਸੀ। ਰੌਚਕ ਗੱਲ ਇਹ ਹੈ ਕਿ ਵਰਸੇਲਜ਼ ਕਾਨਫ਼ਰੰਸ ਦਾ ਮੇਜ਼ਬਾਨ ਬੈਰਨ ਐਡਮੋਂਡ ਰੌਥਚਾਈਲਡ ਸੀ।

ਵਰਸੇਲਜ਼ ਮੀਟਿੰਗ ਵਿਚ ਹੀ ਰੌਥਚਾਈਲਡਾਂ ਨੇ ਇਕ ਵਿਸ਼ਵ ਸਰਕਾਰ ਦੀ ਗੱਲ ਤੋਰੀ ਤਾਂ ਜੋ ਜੰਗਾਂ ਦਾ ਹਮੇਸ਼ਾ ਦੇ ਲਈ ਖ਼ਾਤਮਾ ਕੀਤਾ ਜਾ ਸਕੇ। ਇਸ ਦਾ ਨਾਂ ਰੱਖਿਆ : 'ਲੀਗ ਆਫ਼ ਨੇਸ਼ਨਜ਼'। ਪਰ ਇਹ ਚੱਲ ਨਹੀਂ ਸਕੀ।

*ਟਾਈਮਜ਼ ਆਫ਼ ਲੰਡਨ* ਨੇ 29 ਮਾਰਚ, 1919 ਵਿਚ ਰੂਸ ਅੰਦਰ ਬਾਲਸ਼ਵਿਕਾਂ ਬਾਰੇ ਇੰਜ ਲਿਖਿਆ : "ਅਜਬ ਗੱਲ ਹੈ ਕਿ ਬਾਲਸ਼ਵਿਕ ਲਹਿਰ ਵਿਚ ਬਹੁਤ ਵੱਡੀ ਗਿਣਤੀ ਗ਼ੈਰ ਰੂਸੀ ਹਨ। ਦੋ ਦਰਜਨ ਵੱਡੇ ਲੀਡਰਾਂ ਅੰਦਰ, ਜੋ ਏਸ ਲਹਿਰ ਨੂੰ ਚਲਾਉਂਦੇ ਹਨ, ਘੱਟੋ-ਘੱਟ ਤਿੰਨ ਚੌਥਾਈ ਯਹੂਦੀ ਹਨ।"

ਰੌਥਚਾਈਲਡਾਂ ਨੂੰ ਗ਼ੁੱਸਾ ਸੀ ਕਿ ਉਨ੍ਹਾਂ ਨੂੰ ਅਮਰੀਕਾ ਦੇ ਵਾਂਗ ਰੂਸੀ ਕੇਂਦਰੀ ਬੈਂਕ ਚਲਾਉਣ ਦੀ ਆਗਿਆ ਨਹੀਂ ਸੀ ਮਿਲ ਰਹੀ। ਏਸ ਲਈ ਉਨ੍ਹਾਂ ਨੇ ਕਈ ਯਹੂਦੀ ਜਾਸੂਸੀ ਜਥੇ ਰੂਸ ਅੰਦਰ ਭੇਜੇ ਜੋ ਗ਼ਰੀਬਾਂ ਦੇ ਭਲੇ ਲਈ ਇਕ ਇਨਕਲਾਬ ਦੀ ਗੱਲ ਕਰ ਸਕਣ। ਅਕਸ਼ਨਾਜ਼ੀ ਰਵਾਇਤਾਂ ਅਨੁਸਾਰ ਉਨ੍ਹਾਂ ਨੂੰ ਸਥਾਨਕ ਰੂਸੀ ਨਾਂ ਦਿੱਤੇ ਗਏ। ਟ੍ਰਾਟਸਕੀ ਪਹਿਲੇ ਜਥੇ ਦਾ ਕਾਰਿੰਦਾ ਸੀ ਅਤੇ ਉਸ ਦਾ ਅਸਲੀ ਨਾਂ ਸੀ ਬਰੌਨਸਟਿਨ। ਅਜਿਹੇ ਯਹੂਦੀ ਜਥੇ ਕੁੱਲ ਦੇਸ ਅੰਦਰ ਭੇਜੇ ਗਏ।

ਜਨਵਰੀ 24, 1991 ਦੀ ਜਿਊਇਸ਼ ਪੋਸਟ ਇੰਟਰਨੈਸ਼ਨਲ ਨੇ ਪ੍ਰੋੜ੍ਹਤਾ ਕੀਤੀ ਹੈ ਕਿ ਲੈਨਿਨ ਯਹੂਦੀ ਸੀ। ਲੈਨਿਨ ਨੇ ਇਕ ਸਮੇਂ ਹੇਠ ਲਿਖਿਆ ਜੋ ਕਿਹਾ, ਰਿਕਾਰਡ ਵਿਚ ਹੈ : "ਕੇਂਦਰੀ ਬੈਂਕ ਸਥਾਪਤ ਕਰ ਲੈਣਾ ਦੇਸ ਅੰਦਰ 90% ਕਮਿਊਨਿਜ਼ਮ ਹੈ।" ਆਉਂਦਿਆਂ ਸਮਿਆਂ ਵਿਚ ਇਨ੍ਹਾਂ ਯਹੂਦੀਆਈ, ਰੌਥਚਾਈਲਡਾਂ ਦੇ ਥਾਪੇ ਅਤੇ ਮਾਇਕ-ਪਾਲੇ ਬਾਲਸ਼ਵਿਕਾਂ ਨੇ ਕਰੀਬ 4 ਕਰੋੜ ਈਸਾਈਆਂ ਅਤੇ ਗ਼ੈਰ-ਯਹੂਦੀਆਂ ਦਾ ਘਾਣ ਕੀਤਾ।

ਲੇਖਕ ਅਲੈਗਜ਼ੈਂਡਰ ਸੋਲਜ਼ਨਿਟਸਿਨ ਨੇ ਆਪਣੀ ਕਿਤਾਬ, ਦੂਜਾ ਭਾਗ *ਗੁਲਾਗ ਆਰਚੀਪਿਲਾਗੋ* ਵਿਚ ਪੱਕਾ ਕੀਤਾ ਹੈ ਕਿ ਜ਼ੀਓਨਿਸਟ ਯਹੂਦੀਆਂ ਨੇ ਕੁਲ ਸੋਵੀਅਤ ਕੰਸੰਟ੍ਰੇਸ਼ਨ ਕੈਂਪਾਂ ਦਾ ਸਿਸਟਮ ਚਲਾਇਆ, ਜਿਸ ਅੰਦਰ ਲੱਖਾਂ ਹੀ ਈਸਾਈ ਅਤੇ ਗ਼ੈਰ-ਯਹੂਦੀ ਮਾਰੇ ਗਏ। ਸਫ਼ਾ ਨੰ: 79 ਉੱਤੇ ਇਤਿਹਾਸ ਅੰਦਰ ਸਭ ਤੋਂ ਮਾਰੂ ਜੁਗਾੜ ਦੇ ਚਾਲਕਾਂ ਦੇ ਨਾਂ ਵੀ ਲਿਖੇ ਹਨ—ਆਰੋਨ ਸੋਲਟਜ਼, ਯਾਕੋਵ ਰੈਪੋਪੋਰਟ, ਲਾਜ਼ਾਰ ਕਾਗਾਨ, ਮਤਵੀ ਬਰਮਨ, ਜੈਨਰਿਖ਼ ਯਗੋਧਾ ਅਤੇ ਨਫਤਾਲੀ ਫ੍ਰੈਂਕਿਲ। ਇਹ ਛੇਵੇਂ ਜ਼ੀਓਨਿਸਟ ਯਹੂਦੀ ਸਨ। ਸੋਲਜ਼ਨਿਟਸਨ ਨੂੰ 1970 ਵਿਚ ਨੋਬੇਲ ਪੁਰਸਕਾਰ ਮਿਲਿਆ ਸੀ।

ਲੰਡਨ ਵਾਲੇ ਰੌਥਚਾਈਲਡ, ਹਰ ਰੋਜ਼ ਸਵੇਰ ਦੇ 11 ਵਜੇ, ਕੁੱਲ ਦੁਨੀਆਂ ਦੇ ਅੰਦਰ, ਸੋਨੇ ਦਾ ਮੁੱਲ ਐਲਾਨ ਕਰਨ ਦਾ ਹੱਕ ਰੱਖਦੇ ਸਨ। ਇਹ ਐਲਾਨ ਇੱਕੋ ਹੀ ਕਮਰੇ ਵਿੱਚੋਂ ਹੁੰਦਾ ਸੀ ਅਤੇ ਸਾਲ 2004 ਤੱਕ ਅਜੇਹਾ ਹੀ ਹੁੰਦਾ ਰਿਹਾ।

1920 : ਵਿੰਸਟਨ ਚਰਚਿਲ ਅਕਸ਼ਨਾਜ਼ੀ ਕਾਨੂੰਨਾਂ ਅਨੁਸਾਰ ਪੂਰਨ ਰੂਪ ਵਿਚ ਯਹੂਦੀ ਸੀ ਕਿਉਂਕਿ ਉਸ ਦੀ ਮਾਂ ਯਹੂਦੀ ਸੀ। 8 ਫ਼ਰਵਰੀ ਨੂੰ *ਇਲਸਟ੍ਰੇਟਿਡ ਸੰਡੇ ਹੈਰਲਡ* ਵਿਚ ਚਰਚਿਲ ਲਿਖਦਾ ਹੈ : "ਚਾਨਣ-ਬਰਦਾਰ ਨੇਤਾ ਵਿਸ਼ੁਪਤ ਤੋਂ ਕਾਰਲ ਮਾਰਕਸ ਤੱਕ, ਕਾਰਲ ਮਾਰਕਸ ਤੋਂ ਟ੍ਰਾਟਸਕੀ ਤੱਕ, ਕੁਲ ਦੁਨੀਆਂ ਅੰਦਰ ਇਕ ਸਾਜ਼ਸ਼ ਚੱਲ ਅਤੇ ਵਧ ਰਹੀ ਹੈ। ਹੁਣ ਅਖ਼ੀਰ ਉੱਤੇ ਕੁੱਲ ਯੂਰਪ ਅਤੇ ਅਮਰੀਕਾ ਦੇ ਅੰਡਰਵਰਲਡ ਵਿੱਚੋਂ ਅਜੀਬੋ-ਗ਼ਰੀਬ ਹਸਤੀਆਂ ਨੇ ਨਿਕਲ ਕੇ ਰੂਸੀ ਲੋਕਾਂ ਨੂੰ ਸਿਰ ਦੇ ਵਾਲਾਂ ਤੋਂ ਫੜ ਲਿਆ ਹੈ ਅਤੇ ਉਹ ਏਡੀ ਵੱਡੀ ਰਿਆਸਤ ਦੇ ਵਾਹਿਦ ਮਾਲਕ ਬਣ ਗਏ ਹਨ।"

1921 : ਜੈਕਬ ਸ਼ਿਫ ਦੇ ਹੁਕਮ ਉੱਤੇ ਥਾਪੀ ਗਈ 'ਵਿਦੇਸ਼ੀ ਰਿਸ਼ਤਿਆਂ ਦੀ ਸਲਾਹਕਾਰ ਕਮੇਟੀ' ਜਾਂ ਕੌਂਸਿਲ ਆਫ਼ ਫੌਰਿਨ ਰੀਲੇਸ਼ਨਜ਼ (CFR), ਜਿਸ ਦੇ ਮੋਢੀ ਸਨ ਬਰਨਾਰਡ ਬਰੁਚ ਅਤੇ ਐਡਵਰਡ ਮੈਂਡਲ ਹਾਊਸ। ਕਮੇਟੀ ਬਣਾਉਣ ਦਾ ਹੁਕਮ ਸ਼ਿਫ ਨੇ 1920 ਵਿਚ ਮਰਨ ਤੋਂ ਪਹਿਲਾਂ ਦਿੱਤਾ ਸੀ। ਉਹਨੂੰ ਪਤਾ ਸੀ ਕਿ ਅਮਰੀਕਾ ਨੂੰ ਅਜਿਹੀ ਸੰਸਥਾ ਦੀ ਲੋੜ ਸੀ ਜੋ ਰੌਥਚਾਈਲਡਾਂ ਦੀ ਗੋਂਦ ਨੂੰ ਨੇਪਰੇ ਚਾੜ੍ਹ ਸਕੇ। ਮੁੱਢਲੀ ਮੈਂਬਰੀ ਅਮਰੀਕਾ ਅੰਦਰ ਲਗਭਗ 1000 ਲੋਕਾਂ ਨੂੰ ਦਿੱਤੀ ਗਈ। ਇਸ ਦੇ ਅੰਦਰ ਸਨ ਮਹਾਂ ਵੱਡੇ ਸਨਅਤਕਾਰੀ ਰਜਵਾੜੇ, ਅਮਰੀਕਾ ਅੰਦਰ ਰਹਿੰਦੇ ਅੰਤਰਰਾਸ਼ਟਰੀ ਬੈਂਕਰ, ਅਤੇ ਕੁੱਲ ਟੈਕਸ-ਮੁਕਤ ਸੰਸਥਾਵਾਂ। ਮੁੱਕਦੀ ਗੱਲ ਸੀ. ਐਫ. ਆਰ. ਅੰਦਰ ਉਹ ਲੋਕ ਸਨ ਜਿਨ੍ਹਾਂ ਨੇ ਨਕਦੀ ਦੇਣੀ ਸੀ, ਉਨ੍ਹਾਂ ਸਾਰਿਆਂ ਨੂੰ ਜੋ ਅਮਰੀਕੀ ਕਾਂਗਰਸ, ਸੈਨੇਟ ਜਾਂ ਪ੍ਰਧਾਨਗੀ ਪਦਾਂ ਉੱਤੇ ਚੁਣੇ ਜਾਣ ਦੇ ਚਾਹਵਾਨ ਹੋਣ। ਜੇ ਏਸ ਤੱਥ ਦਾ ਪਤਾ ਹੋਵੇ ਤਾਂ ਕਿਸੇ ਵੀ ਵਿਅਕਤੀ ਦੀ ਹੈਰਾਨੀਜਨਕ ਚੋਣ ਦਾ ਅਚੰਭਾ ਨਹੀਂ ਰਹਿੰਦਾ। ਬਰਾਕ ਓਬਾਮਾ ਦੀ ਚੋਣ ਹੀ ਲੈ ਲਵੋ—ਚੁਣਨ ਵਾਲੇ ਕੌਣ, ਮਾਇਕ ਮਦਦਗਾਰ ਕੌਣ ਅਤੇ ਥਾਪਣ ਵਾਲੇ ਕੌਣ! ਸਦਾ ਇੱਕੋ ਹੀ ਨਾਂ ਰਿਹਾ ਹੈ—ਸੀ.ਐਫ.ਆਰ.। ਉਸ ਦਾ ਪਹਿਲਾ ਕੰਮ ਸੀ ਪ੍ਰੈਸ ਉੱਤੇ ਕਾਬੂ ਪਾਉਣਾ। ਇਸ ਦੀ ਜ਼ਿੰਮੇਵਾਰੀ ਰਾਕਫ਼ੈਲਰ ਨੂੰ ਸੌਂਪੀ ਗਈ, ਜਿਸ ਨੇ ਕਈ ਖ਼ਬਰ ਏਜੰਸੀਆਂ ਖੜੀਆਂ ਕੀਤੀਆਂ ਅਤੇ *ਟਾਈਮ* ਅਤੇ *ਲਾਈਫ਼* ਜਿਹੇ ਦਿਲ-ਖਿੱਚਵੇਂ ਰਸਾਲੇ ਸ਼ੁਰੂ ਕੀਤੇ। ਉਸ ਨੇ 'ਸੈਮਿਊਲ ਨਿਊ ਹਾਊਸ' ਦੇ ਹੱਥੋਂ ਦੇਸ ਅੰਦਰ ਕੁਲ ਅਖ਼ਬਾਰਾਂ ਦੀਆਂ ਕੜੀਆਂ ਖ਼ਰੀਦ ਲਈਆਂ ਅਤੇ 'ਯੂਜੀਨ ਮੇਅਰ' ਦੇ ਹੱਥੋਂ *ਵਾਸ਼ਿੰਗਟਨ ਪੋਸਟ*, *ਨਿਊਜ਼ਵੀਕ*
ਅਤੇ *ਦ ਵੀਕਲੀ* ਜੇਹੀਆਂ ਅਖ਼ਬਾਰੀ ਸੰਸਥਾਵਾਂ ਖ਼ਰੀਦ ਲਈਆਂ।

1925 ਦੇ ਯਹੂਦੀ ਐਨਸਾਈਕਲੋਪੀਡੀਆ ਨੇ ਲਿਖਿਆ ਕਿ ਦੁਨੀਆਂ ਦੇ ਨੱਬੇ ਫ਼ੀਸਦੀ ਯਹੂਦੀ ਅਸਲ ਵਿਚ ਅਕਸ਼ਨਾਜ਼ੀ ਯਹੂਦੀ ਹਨ ਅਤੇ ਉਹ ਹੀ ਯਹੂਦੀਆਂ ਦੇ ਵੈਰੀ ਹਨ। ਯਹੂਦੀਆਂ ਦੇ ਰਿਵਾਇਤੀ ਵੈਰੀ 'ਈਡੋਮ' ਏਹੀ ਅਕਸ਼ਨਾਜ਼ੀ ਯਹੂਦੀ ਹਨ। ਗ਼ੈਰ-ਯਹੂਦੀ ਲੋਕਾਂ ਲਈ ਨਾਂ ਹੈ 'ਗੋਇਮ'।

ਏਸੇ ਸਾਲ ਲੰਡਨ ਦਾ ਰੌਥਚਾਈਲਡ ਇਕ ਧਰਤੀ ਹੇਠ ਰੇਲਵੇ ਲਈ, ਇਕ ਬਿਜਲੀ ਕੰਪਨੀ ਦੇ ਰਾਹੀਂ, ਲੰਡਨ ਅੰਡਰਗ੍ਰਾਊਂਡ ਰੇਲਵੇ ਉੱਤੇ ਨਿਯੰਤ੍ਰਨ ਕਰ ਲੈਂਦਾ ਹੈ।

1929 : ਰੌਥਚਾਈਲਡਾਂ ਨੇ ਨਕਦੀ ਨੂੰ ਮੁੱਠ ਵਿਚ ਰੱਖ ਕੇ ਦੇਸ ਅੰਦਰ ਮਹਾਨ ਮੰਦੀ ਦਾ ਦੌਰ ਲੈ ਆਂਦਾ। ਸਨਅਤਾਂ ਠੱਪ ਹੋ ਗਈਆਂ ਅਤੇ ਸਭ ਪਾਸੇ ਬੇਰੁਜ਼ਗਾਰੀ ਹੋ ਗਈ।

1930 : ਪਹਿਲਾ ਅੰਤਰਰਾਸ਼ਟਰੀ ਰੌਥਚਾਈਲਡ ਬੈਂਕ, ਬੇਸਲ ਸਵਿਟਜ਼ਰਲੈਂਡ ਅੰਦਰ ਸਥਾਪਤ ਕੀਤਾ ਜਾਂਦਾ ਹੈ। ਇਸ ਦਾ ਨਾਂ ਰੱਖਿਆ ਜਾਂਦਾ ਹੈ, 'ਅੰਤਰਾਸ਼ਟਰੀ ਨਿਪਟਾਰਾ ਬੈਂਕ' ਜਾਂ 'ਬੈਂਕ ਫ਼ਾਰ ਇੰਟਰਨੈਸ਼ਨਲ ਸੈਟਲਮੈਂਟ'। ਬੇਸਲ ਉਹੀ ਸ਼ਹਿਰ ਹੈ ਜਿਥੇ ਦੁਨੀਆਂ ਦੀ ਪਹਿਲੀ ਜ਼ੀਓਨਿਸਟ ਕਾਨਫ਼ਰੰਸ ਹੋਈ ਸੀ।

1933 : ਤੀਹ ਜਨਵਰੀ ਨੂੰ ਐਡੋਲਫ਼ ਹਿਟਲਰ ਜਰਮਨੀ ਦਾ ਚਾਂਸਲਰ ਬਣ ਜਾਂਦਾ ਹੈ। ਯਾਦ ਰਹੇ ਕਿ ਹਿਟਲਰ ਇਕ ਚੌਥਾਈ ਅਕਸ਼ਨਾਜ਼ੀ ਯਹੂਦੀ ਸੀ। ਉਸ ਦਾ ਨਾਨਾ, ਨਾਥਨ ਰੌਥਚਾਈਲਡ ਦੀ ਨਾਜਾਇਜ਼ ਔਲਾਦ ਸੀ। ਰੌਥਚਾਈਲਡ ਆਪਣੀ ਹਰ ਨਾਜਾਇਜ਼ ਔਲਾਦ ਦਾ ਧਿਆਨ ਰੱਖਦੇ ਸਨ। ਜਰਮਨ ਸਿਆਸਤ ਦੇ ਹਨੇਰੇ ਵਿੱਚੋਂ ਚਾਂਸਲਰ ਤਕ ਲਿਆਉਣ ਵਾਲੇ ਵੀ ਓਹੀ ਸਨ। ਉਸ ਤੋਂ ਪਹਿਲਾਂ ਇੰਗਲੈਂਡ ਦੇ ਅੰਦਰ ਉਸ ਦੀ ਬੇਅੰਤ ਸਿਖਲਾਈ ਕਰਵਾਈ ਗਈ ਸੀ।

ਹਿਟਲਰ ਨੇ ਆਉਂਦਿਆਂ ਹੀ ਯਹੂਦੀਆਂ ਅਤੇ ਕਮਿਊਨਿਸਟਾਂ ਨੂੰ ਸਰਕਾਰੀ ਕੁਰਸੀਆਂ ਤੋਂ ਹਟਾ ਦਿੱਤਾ। 1933 ਦੀ ਕੁਲ ਦੁਨੀਆਂ ਦੀ ਯਹੂਦੀ ਕਾਨਫ਼ਰੰਸ ਐਮਸਟ੍ਰਡਮ (ਹਾਲੈਂਡ) ਵਿਚ ਕੀਤੀ ਗਈ, ਜਿਥੇ ਮਤਾ ਪਾਸ ਕੀਤਾ ਗਿਆ ਕਿ ਹਿਟਲਰ ਯਹੂਦੀਆਂ ਨੂੰ ਵਾਪਸ ਆਪਣੀ ਥਾਂ ਉੱਤੇ ਲਿਆਵੇ। ਹਿਟਲਰ ਨੇ ਇਨਕਾਰ ਕਰ ਦਿੱਤਾ, ਤਾਂ ਸੈਮਿਊਲ ਅੰਟਰਮੇਅਰ ਨੇ (ਯਾਦ ਹੈ ਨਾ ਜਿਸ ਨੇ ਪ੍ਰਧਾਨ ਵਿਲਸਨ ਦਾ ਬਲੈਕਮੇਲ ਕੀਤਾ ਸੀ!) ਜੋ ਕਾਨਫ਼ਰੰਸ ਦਾ ਪ੍ਰਧਾਨ ਸੀ, ਅਮਰੀਕਾ ਵਾਪਸ

ਪਰਤਦਿਆਂ ਹੀ ਰੇਡੀਓ ਉੱਤੇ ਬਿਆਨ ਦਿੱਤਾ, ਜੋ *ਨਿਊਯਾਰਕ ਟਾਈਮਜ਼* ਅਗਸਤ 7, 1933 ਵਿਚ ਛਪਿਆ। ਉਸ ਕਿਹਾ, "ਯਹੂਦੀ, ਧਰਤੀ ਦੇ ਵੱਡੇ ਸਰਦਾਰ ਹਨ...ਸਾਡੀ ਮੁਹਿੰਮ ਹੈ ਕਿ ਜਰਮਨ ਤੋਂ ਬਣੀਆਂ ਚੀਜ਼ਾਂ, ਸਮੁੰਦਰੀ ਸੇਵਾਵਾਂ ਆਦਿ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ...ਜੋ ਅਸੀਂ ਵਿੱਤੀ ਰੱਖਿਆ ਕਰਨ ਜਾ ਰਹੇ ਹਾਂ, ਉਸ ਨਾਲ ਹਿਟਲਰੀ ਹਕੂਮਤ ਅਤੇ ਜਰਮਨ ਲੋਕਾਂ ਦੇ ਹੋਸ਼ ਟਿਕਾਣੇ ਆ ਜਾਣਗੇ...ਹਰ ਇਕ ਨੂੰ ਚਾਹੀਦੈ, ਭਾਵੇਂ ਉਹ ਹੋਵੇ ਯਹੂਦੀ ਜਾਂ ਕੋਈ ਹੋਰ...ਜੋ ਵੀ ਕੋਈ ਸੌਦਾਗਰ ਜਾਂ ਦੁਕਾਨਦਾਰ ਜਰਮਨ ਬਣਿਆ ਸਾਮਾਨ ਵੇਚਦਾ ਹੋਵੇ ਜਾਂ ਜਰਮਨ ਸੌਦਾਗਰੀ ਜਹਾਜ਼ਾਂ ਨੂੰ ਵਰਤਦਾ ਹੋਵੇ, ਉਸ ਨੂੰ ਕਦਾਚਿਤ ਮੂੰਹ ਨਹੀਂ ਲਾਉਣਾ।"

ਜਰਮਨੀ ਦੀ ਦੋ-ਤਿਹਾਈ ਖ਼ੁਰਾਕ ਬਾਹਰਲੇ ਦੇਸਾਂ ਤੋਂ ਆਉਂਦੀ ਸੀ, ਜਿਸ ਦੇ ਇਵਜ਼ ਵਿਚ ਜਰਮਨੀ ਬਣੀਆਂ ਵਸਤੂਆਂ ਬਾਹਰ ਵਿਕਦੀਆਂ ਸਨ। ਜੇ ਸਨਅਤੀ ਸਾਮਾਨ ਦੀ ਵਿਕਰੀ ਬੰਦ ਹੋ ਜਾਵੇ ਤਾਂ ਉਨ੍ਹਾਂ ਨੇ ਖਾਣਾ ਕੀ ਸੀ ? ਅਮਰੀਕਾ ਅੰਦਰ ਰਹਿੰਦੇ ਯਹੂਦੀਆਂ ਨੇ ਜਿਹੜੇ ਵੀ ਸਟੋਰਾਂ ਵਿਚ ਜਰਮਨ ਸਾਮਾਨ ਵਿਕਦਾ ਹੋਵੇ, ਤੋੜ ਫੋੜ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਸਟੋਰਾਂ ਨੇ ਜਰਮਨ ਸਾਮਾਨ ਬਾਹਰ ਸੁੱਟਣਾ ਸ਼ੁਰੂ ਕਰ ਦਿੱਤਾ।

ਜਿਉਂ ਹੀ ਅਜੇਹੇ ਬਾਈਕਾਟ ਦਾ ਅਸਰ ਜਰਮਨ ਲੋਕਾਂ ਉੱਤੇ ਪੈਣਾ ਸ਼ੁਰੂ ਹੋਇਆ, ਜਿਹੜੇ ਹੁਣ ਤਕ ਯਹੂਦੀਆਂ ਦੇ ਨਾਲ ਠੀਕ ਠਾਕ ਰਹਿ ਰਹੇ ਸਨ, ਉਨ੍ਹਾਂ ਵੀ ਯਹੂਦੀ ਦੁਕਾਨਾਂ ਉੱਤੋਂ ਖ਼ਰੀਦ ਬੰਦ ਕਰ ਦਿੱਤੀ।

ਨਾਲ ਹੀ ਨਾਲ ਰੌਥਚਾਈਲਡ ਦੀ 'ਆਈ ਬੀ ਐਮ' ਨੇ ਨਾਜ਼ੀਆਂ ਨੂੰ ਪੰਚ-ਕਾਰਡ ਮਸ਼ੀਨਾਂ ਦਿੱਤੀਆਂ, ਜਿਸ ਦੇ ਨਾਲ ਉਹ ਯਹੂਦੀਆਂ ਦੀ ਸ਼ੁਰੂਆਤੀ ਪਛਾਣ ਕਰ ਸਕਣ, ਉਨ੍ਹਾਂ ਦੀ ਜਾਇਦਾਦ 'ਤੇ ਕਬਜ਼ਾ ਕਰ ਸਕਣ ਅਤੇ ਉਨ੍ਹਾਂ ਨੂੰ ਜਰਮਨੀ ਅੰਦਰੋਂ ਕੱਢਣ ਦੀ ਮੁਹਿੰਮ ਸ਼ੁਰੂ ਕਰ ਸਕਣ।

ਅਜੇ ਤਕ (1933) ਅਮਰੀਕਾ ਨੇ ਸੋਵੀਅਤ ਸੰਘ ਨੂੰ ਮਾਨਤਾ ਨਹੀਂ ਸੀ ਦਿੱਤੀ ਹੋਈ। ਯਹੂਦੀਆਂ ਦੀਆਂ ਨਜ਼ਰਾਂ ਵਿਚ ਸਟਾਲਿਨ ਦਾ ਰਾਜ ਉਨ੍ਹਾਂ ਦਾ ਮਨ-ਚਾਹਿਆ ਜੀਓਨਿਸਟ ਰਾਜ ਸੀ। ਪ੍ਰਧਾਨ ਰੂਜ਼ਵੈਲਟ ਨੇ ਬਿਨਾਂ ਕਾਂਗਰਸ ਤੋਂ ਪੁੱਛਿਆਂ ਸਟਾਲਿਨ ਦੇ ਰੂਸ ਨੂੰ ਮਾਨਤਾ ਦੇ ਦਿੱਤੀ। ਨਿਊਯਾਰਕ ਵਿਚ 8000 ਯੂਕ੍ਰੇਨੀਆਂ ਨੇ ਜਲੂਸ ਕੱਢਿਆ, ਇਸ ਦੇ ਖ਼ਿਲਾਫ਼। ਏਸੇ ਹੀ ਸਾਲ, ਪ੍ਰਧਾਨ ਰੂਜ਼ਵੈਲਟ, ਜਿਸਦੀ ਮਾਂ ਯਹੂਦੀ ਸੀ ਅਤੇ ਯਹੂਦੀ ਰਵਾਇਤਾਂ ਅਨੁਸਾਰ ਰੂਜ਼ਵੈਲਟ ਮੁਕੰਮਲ ਅਕਸ਼ਨਾਜ਼ੀ ਯਹੂਦੀ ਉਤਰਦਾ ਸੀ, ਉਸ ਨੇ ਨਵਾਂ ਇਕ ਡਾਲਰ ਦਾ ਨੋਟ ਛਪਵਾਉਣਾ ਸ਼ੁਰੂ ਕੀਤਾ। ਉਸ ਨੋਟ ਦੇ ਪਿਛਲੇ ਪਾਸੇ ਇਕ ਪਿਰਾਮਿਡ ਉੱਪਰ ਸਭ ਪਾਸੇ ਵੇਖਦੀ ਅੱਖ ਸੀ। ਪਿਰਾਮਿਡ ਦੇ ਹੇਠਾਂ ਵਿਸ਼ੂਪਤ ਦੀ ਲਹਿਰ ਚਲਾਉਣ ਦਾ ਸਾਲ 1776 ਸੀ ਅਤੇ ਹੇਠਾਂ ਲਿਖਿਆ ਸੀ : 'A New Order of the Ages' ਲਾਤੀਨੀ ਭਾਸ਼ਾ ਵਿਚ, ਜਿਸ ਦਾ ਅਰਥ ਹੈ, "ਜੁਗਾਂ ਲਈ ਇਕ ਨਵਾਂ ਨਿਜ਼ਾਮ"।

ਕਿਸੇ ਵੀ ਇਕ ਡਾਲਰ ਦੇ ਨੋਟ ਦੇ ਪਿਛਲੇ ਪਾਸੇ ਇਹ ਤੱਥ ਪਰਤਿਆਇਆ ਜਾ ਸਕਦਾ ਹੈ।

1934 : ਸਵਿਟਜ਼ਰਲੈਂਡ ਦੇ ਬੈਂਕਕਾਰੀ ਕਾਨੂੰਨਾਂ ਅੰਦਰ ਸੋਧ ਕੀਤੀ ਜਾਂਦੀ ਹੈ—ਜੇ ਕੋਈ ਕਰਮਚਾਰੀ ਬੈਂਕ ਦੀ ਕਿਸੇ ਗੁਪਤ ਕਾਰਵਾਈ ਦੀ ਖ਼ਬਰ ਦੇਂਦਾ ਹੈ, ਤਾਂ ਉਸ ਨੂੰ ਕੈਦ ਕੀਤਾ ਜਾਵੇਗਾ। ਇਹ ਕਾਨੂੰਨ ਜ਼ਰੂਰੀ ਸੀ, ਕਿਉਂਕਿ ਰੌਥਚਾਈਲਡਾਂ ਵੱਲੋਂ ਸ਼ੁਰੂ ਕਰਾਈ ਜਾਣ ਵਾਲੀ ਦੂਜੀ ਵਿਸ਼ਵ ਜੰਗ ਵਿਚ ਉਨ੍ਹਾਂ ਨੇ ਪਹਿਲਾਂ ਦੇ ਵਾਂਗ ਦੋਹਾਂ ਪਾਸਿਆਂ ਨੂੰ ਫ਼ੰਡ/ਕਰਜ਼ੇ ਦੇਣੇ ਸਨ।

1936 : ਜਰਮਨੀ ਅੰਦਰ ਉਠਦੀਆਂ ਯਹੂਦੀ ਵਿਰੋਧੀ ਭਾਵਨਾਵਾਂ ਬਾਰੇ ਵਿਸ਼ਵ ਜੀਓਨਿਸਟ ਸੰਸਥਾ ਦੇ ਸਕੱਤਰ ਸੈਮਿਊਲ ਲੈਂਡਮੈਨ ਦਾ ਆਪਣੀ ਕਿਤਾਬ ਅੰਦਰ ਇਹ ਕਹਿਣਾ ਹੈ :

"ਪਹਿਲੀ ਵਿਸ਼ਵ ਜੰਗ ਵਿਚ ਯਹੂਦੀਆਂ ਦਾ ਅਮਰੀਕਾ ਨੂੰ ਇਤਿਹਾਦੀਆਂ ਵੱਲ ਖਿੱਚ ਕੇ ਲੈ ਆਉਣਾ ਜਰਮਨ ਨਾਜ਼ੀਆਂ ਨੂੰ ਚੁਭਿਆ ਸੀ। ਯਹੂਦੀ ਵਿਰੋਧੀ ਉਠਦੀਆਂ ਭਾਵਨਾਵਾਂ ਦਾ ਇਸ ਵਿਚ ਚੋਖਾ ਹੱਥ ਹੈ।"

1937 : ਪੈਰਿਸ ਦੇ ਜਰਮਨ ਦੂਤਘਰ ਵਿਚ ਇਕ ਮਾਮੂਲੀ ਅਫ਼ਸਰ ਨੂੰ ਕਿਸੇ ਯਹੂਦੀ ਨੇ ਮਾਰ ਦਿੱਤਾ, ਇਸ ਦਾ ਜਰਮਨੀ ਵਿਚ ਤਿੱਖਾ ਪ੍ਰਤਿਕਰਮ ਹੋਇਆ। ਰੌਥਚਾਈਲਡਾਂ ਨੇ ਜਰਮਨਾਂ ਦੇ ਆਸਟਰੀਆ ਉੱਤੇ ਕਬਜ਼ਾ ਕਰਨ ਪਿੱਛੋਂ ਵੀਆਨਾ ਦਾ ਬੈਂਕ ਬੰਦ ਕਰ ਦਿੱਤਾ।

1939 : ਆਈ ਜੀ ਫਾਰਬਨ ਜੋ ਜਰਮਨੀ ਅੰਦਰ ਵੱਧੋ ਵੱਧ ਫੌਲਾਦ ਬਣਾਉਂਦਾ ਸੀ, ਉਸ ਨੇ ਗੈਸੀ ਕੈਮੀਕਲ ਵੀ ਚੋਖੇ ਬਣਾਏ। ਰੌਥਚਾਈਲਡ ਵੱਲੋਂ ਇਨ੍ਹਾਂ ਨੂੰ ਪੂਰੀ ਸਹਾਇਤਾ ਸੀ। ਕਹਿੰਦੇ ਹਨ ਕਿ ਇਹ ਗੈਸਾਂ ਯਹੂਦੀਆਂ ਨੂੰ ਮਾਰਨ ਲਈ ਵਰਤੀਆਂ ਗਈਆਂ। ਪਰ ਇਹ ਇਕ ਵੱਖਰੀ ਮਨੋ-ਕਲਪਿਤ ਕਹਾਣੀ ਹੈ ਜੋ ਵਿਸਥਾਰ ਸਹਿਤ ਸਮਝਣਾ ਮੰਗਦੀ ਹੈ।

1 ਸਤੰਬਰ, 1939 ਨੂੰ ਜਰਮਨੀ ਨੇ ਪੋਲੈਂਡ ਉੱਤੇ ਹਮਲਾ ਕਰ ਕੇ ਦੂਜੀ ਵਿਸ਼ਵ ਜੰਗ ਦਾ ਆਗ਼ਾਜ਼ ਕੀਤਾ, ਜਾਂ ਹੋ ਗਿਆ ਸਮਝੋ। ਵਜ੍ਹਾ ਇਹ ਕਿ ਜਰਮਨਾਂ ਵਿਚ ਈਸਾਈਆਂ ਦੀ ਅਗਵਾਈ ਅਤੇ ਚੌਧਰ ਸੀ ਅਤੇ ਉਹ ਇੰਜ ਸਮਝਦੇ ਸਨ ਕਿ ਰੂਸ ਦੇ ਅੰਦਰ ਰੌਥਚਾਈਲਡ ਦੇ ਥਾਪੇ ਹੋਏ ਕਮਿਊਨਿਸਟ ਸਨ ਅਤੇ ਜੇ ਯਹੂਦੀ ਕਮਿਊਨਿਸਟ ਸ਼ਕਤੀਵਰ ਹੋ ਗਏ ਤਾਂ ਉਹ ਈਸਾਈਆਂ ਨੂੰ ਨਕਸ਼ੇ ਤੋਂ ਮਿਟਾ ਦੇਣਗੇ।

1940 : ਹੰਸਜਗਾਨ ਆਪਣੀ ਕਿਤਾਬ *'ਇਨਸਾਈਡ ਦੀ ਗੈਸਟਾਪੋ'*, ਹਿਟਲਰ ਦੀ ਦਾਦੀ ਬਾਰੇ ਇੰਜ ਲਿਖਦੀ ਹੈ, "ਮੇਰੀਆ ਸ਼ਿਕਲਗਰਬਰ, ਇਕ ਨਿੱਕੀ ਜਿਹੀ ਕੁੜੀ, ਵੀਆਨਾ ਅੰਦਰ ਰੌਥਚਾਈਲਡ ਦੇ ਆਲੀਸ਼ਾਨ ਘਰ ਦੇ ਅੰਦਰ ਘਰੇਲੂ ਨੌਕਰ ਦੇ ਤੌਰ 'ਤੇ ਕੰਮ ਕਰਨ ਆਈ। ਹਿਟਲਰ ਦਾ ਪਿਤਾ, ਏਸੇ ਰੌਥਚਾਈਲਡ ਦਾ ਨਜਾਇਜ਼ ਪੁੱਤਰ ਸੀ। ਜਿਉਂ ਹੀ ਉਸ ਦੇ ਗਰਭ ਦਾ ਪਤਾ ਲੱਗਾ, ਉਹ ਆਪਣੇ ਘਰ ਭੇਜ ਦਿੱਤੀ ਗਈ। ਉਪਰੋਂ ਤਾਂ ਇੰਜ ਜਾਪਦਾ ਹੈ ਕਿ ਹਿਟਲਰ ਨੇ ਕਿਹੜਾ ਰੌਥਚਾਈਲਡ ਹੋ ਜਾਣਾ ਸੀ, ਪਰ ਹਿਟਲਰ ਨੂੰ ਰੌਥਚਾਈਲਡਾਂ ਨੇ ਬੇਅੰਤ ਵਿੱਤੀ ਅਤੇ ਸਿਆਸੀ ਫ਼ਾਇਦੇ ਪੁਚਾਏ।

1941 : ਜਾਪਾਨ ਚੀਨ ਨਾਲ ਲੜਾਈ ਵਿਚ ਉਲਝਿਆ ਹੋਇਆ ਸੀ। ਪ੍ਰਧਾਨ ਰੂਜ਼ਵੈਲਟ ਨੇ ਜਾਪਾਨ ਨੂੰ ਤੇਲ ਅਤੇ ਸਟੀਲ ਵੇਚਣਾ ਬੰਦ ਕਰ ਦਿੱਤਾ, ਜਿਹਦੇ ਬਿਨਾਂ ਉਸ ਦੀ ਜੰਗ ਰੁਕਦੀ ਸੀ। ਇਸ ਨਾਲ ਜਾਪਾਨ ਬੌਖਲਾ ਗਿਆ ਅਤੇ ਆਪਣੇ ਸਮੁੰਦਰੀ ਬੇੜੇ ਨੂੰ ਅਮਰੀਕਾ ਦੇ ਟਾਪੂ 'ਹਵਾਈ' ਦੀ ਬੰਦਰਗਾਹ "ਪਰਲ ਹਾਰਬਰ" ਅੱਡੇ ਵੱਲ ਭੇਜ ਦਿੱਤਾ। ਰੂਜ਼ਵੈਲਟ ਨੂੰ ਹਰ ਪਲ ਦੀ ਖ਼ਬਰ ਸੀ, ਪਰ ਉਸ ਨੇ ਇਹ ਹਮਲਾ ਹੋਣ ਦਿੱਤਾ। ਹੁਣ ਏਸ ਬਹਾਨੇ ਰੂਜ਼ਵੈਲਟ ਨੇ ਅਮਰੀਕਾ ਨੂੰ ਜੰਗ ਵਿਚ ਠੇਲ੍ਹ ਦਿੱਤਾ।

1942 : ਪਿਛਲੇ ਅਮਰੀਕੀ ਪ੍ਰਧਾਨ ਬੁਸ਼ ਦਾ ਦਾਦਾ ਅਤੇ ਉਸ ਦੇ ਪਿਓ ਪ੍ਰਧਾਨ ਵੱਡੇ ਬੁਸ਼ ਦਾ ਪਿਓ ਪ੍ਰੈਸਕਾਟ ਬੁਸ਼ ਕਾਨੂੰਨ ਦੀਆਂ ਨਜ਼ਰਾਂ ਹੇਠ ਆ ਗਿਆ। ਉਸ ਦੀ ਕੰਪਨੀ ਜ਼ਬਤ ਕੀਤੀ ਗਈ ਕਿਉਂਕਿ ਉਹ ਹਿਟਲਰ ਨੂੰ ਅਮਰੀਕਾ ਤੋਂ ਪੈਸਾ ਪੁਚਾ ਰਿਹਾ ਸੀ ਜਦਕਿ ਅਮਰੀਕੀ ਸਿਪਾਹੀ ਜਰਮਨ ਸਿਪਾਹੀਆਂ ਹੱਥੋਂ ਮਾਰੇ ਜਾ ਰਹੇ ਸਨ।

1943 : 18 ਫ਼ਰਵਰੀ ਨੂੰ ਜੀਓਨਿਸਟ ਇਜ਼ਾਕ ਗਰੀਨਬਾਮ 'ਯਹੂਦੀ ਬਚਾਓ ਕਮੇਟੀ' ਦੇ ਮੁਖੀ ਨੇ ਆਪਣੀ ਜੀਓਨਿਸਟ ਕਮੇਟੀ ਵਿਚ ਇੰਜ ਕਿਹਾ, "ਫ਼ਲਸਤੀਨ ਦੇ ਅੰਦਰ ਇਕ ਵੀ ਗਾਂ, ਪੋਲੈਂਡ ਦੇ ਕੁੱਲ ਯਹੂਦੀਆਂ ਦੇ ਬਰਾਬਰ ਹੈ।" ਯਹੂਦੀਆਂ ਨੂੰ ਆਪਣੇ ਸੁਹਣੇ ਸ਼ਹਿਰ ਛੱਡ ਕੇ ਇਸਰਾਈਲ ਦੇ ਰੇਗਸਤਾਨ ਅੰਦਰ ਲਿਆ ਕੇ ਆਬਾਦ ਕਰਾਉਣ ਲਈ ਹੀ ਇਹੋ ਜਿਹੇ ਐਲਾਨਾਂ ਦੇ ਝਟਕੇ ਦਿੱਤੇ ਜਾਂਦੇ ਰਹੇ।

1944 : 6 ਨਵੰਬਰ ਨੂੰ ਆਉਂਦੇ ਵਕਤਾਂ ਵਿਚ ਬਣਨ ਵਾਲੇ ਪ੍ਰਧਾਨ ਮੰਤਰੀ ਸ਼ਮੀਰ ਦੇ ਗਰੋਹ ਨੇ, ਕਾਹਰਾ, ਮਿਸਰ ਵਿਚ ਰਹਿੰਦੇ ਬਰਤਾਨਵੀ ਰੈਜ਼ੀਡੈਂਟ ਦਾ ਕਤਲ ਕਰ ਦਿੱਤਾ। ਫ਼ਲਸਤੀਨ ਅੰਦਰ ਬਰਤਾਨਵੀ ਹਾਈ ਕਮਿਸ਼ਨਰ ਨੂੰ ਮਾਰਨ ਦੀ ਵੀ ਕੋਸ਼ਿਸ਼ ਕੀਤੀ ਗਈ।

ਰੌਚਕ ਹੈ ਕਿ ਮੱਧ ਏਸ਼ੀਆ ਅੰਦਰ ਯੂ. ਐਨ. ਦੇ ਏਜੈਂਟ ਕਊਂਟ ਬਰਨਾਡੌਟੀ ਦਾ ਕਤਲ ਵੀ ਸ਼ਮੀਰ ਨੇ ਹੀ ਕਰਵਾਇਆ। ਹਾਲਾਂਕਿ ਉਸ ਵਿਚਾਰੇ ਨੇ ਜਰਮਨ ਕੈਂਪਾਂ ਵਿੱਚੋਂ 21000 ਯਹੂਦੀਆਂ ਨੂੰ ਛੁਡਾਇਆ ਸੀ। ਪਰ ਸ਼ਮੀਰ ਦਾ ਕਹਿਣਾ ਸੀ ਕਿ ਉਹ ਯਹੂਦੀ-ਵਿਰੋਧੀ ਹੈ।

ਬ੍ਰੈਟਨ ਵੁਡਜ਼, ਨਿਊ ਹੈਂਪ ਸ਼ਾਇਰ ਅੰਦਰ ਰੌਥਚਾਈਲਡਾਂ ਨੇ, ਦੋ ਹੋਰ ਭੂਗੋਲਿਕ ਬੈਂਕ ਖੋਲ੍ਹੇ। ਇਕ ਸੀ ਇੰਟਰਨੈਸ਼ਨਲ ਮੌਨੇਟਰੀ ਫ਼ੰਡ (IMF) ਅਤੇ ਦੂਜਾ ਵਿਸ਼ਵ ਬੈਂਕ (WB) ਅਰਥਾਤ ਵਰਲਡ ਬੈਂਕ। ਇਨ੍ਹਾਂ ਤੱਥਾਂ ਨੂੰ ਯਾਦ ਰੱਖਣਾ ਨਿਹਾਇਤ ਜ਼ਰੂਰੀ ਹੈ। ਇਹ ਕੋਈ ਅੰਤਰਰਾਸ਼ਟਰੀ ਬੈਂਕ ਨਹੀਂ ਹਨ, ਨਿੱਜੀ ਹਨ। ਜਦੋਂ ਅਸੀਂ ਇਨ੍ਹਾਂ ਤੋਂ ਕਰਜ਼ਾ ਲੈਂਦੇ ਹਾਂ ਤਾਂ ਯਾਦ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦੇ ਪਿੱਛੇ ਰੌਥਚਾਈਲਡ ਹੈ। ਜਦੋਂ ਇਨ੍ਹਾਂ ਬੈਂਕਾਂ ਤੋਂ ਕਰਜ਼ਾ ਲੈ ਕੇ ਇਨ੍ਹਾਂ ਦੇ ਪਾਏ ਹੋਏ ਪੂਰਨਿਆਂ ਉੱਤੇ ਚੱਲਦੇ ਹਾਂ, ਤਾਂ ਬਾਰ ਬਾਰ ਸੋਚਣਾ ਚਾਹੀਦਾ ਹੈ ਕਿਤੇ ਇਹ ਪੂਰਨੇ ਸਾਨੂੰ ਮੜ੍ਹੀਆਂ ਵੱਲ ਤਾਂ ਨਹੀਂ ਲਿਜਾ ਰਹੇ ? ਦੁਨੀਆਂ ਦੇ ਕਈ ਉੱਘੇ ਸਿਆਸੀ ਨੇਤਾਵਾਂ ਦੀ ਇਨ੍ਹਾਂ ਬੈਂਕਾਂ ਦੇ ਨਾਲ ਨੇੜਤਾ ਜਾਂ ਨੌਕਰੀ ਕੰਬਣੀ ਲਾ ਦੇਂਦੀ ਹੈ! ਰੱਬ ਸੁਖ ਰੱਖੇ ਜੀ।

1945 : ਦੂਜੀ ਵਿਸ਼ਵ ਜੰਗ ਮੁੱਕ ਜਾਂਦੀ ਹੈ। ਜਰਮਨ ਫ਼ਾਰਬੈਨ ਕੰਪਨੀ ਦੇ ਮਹਾਨ ਕਾਰਖ਼ਾਨਿਆਂ ਦਾ ਕੋਈ ਨੁਕਸਾਨ ਨਹੀਂ ਹੋਇਆ। ਯਾਦ ਰਹੇ ਕਿ ਇਹ ਕਾਰਖ਼ਾਨੇ ਰੌਥਚਾਈਲਡਾਂ ਦੀ ਸਰਪ੍ਰਸਤੀ ਹੇਠ ਸਨ, ਫਿਰ ਬੰਬਾਰ ਜਹਾਜ਼ ਇਨ੍ਹਾਂ ਵੱਲ ਕਿਵੇਂ ਪ੍ਰਵਾਜ਼ ਕਰ ਸਕਦੇ ਸਨ ?

ਲੀਗ ਆਫ਼ ਨੇਸ਼ਨਜ਼, ਨਵੇਂ ਸਿਰਿਓਂ ਯੂਨਾਈਟਿਡ ਨੇਸ਼ਨਜ਼ ਦੀ ਸ਼ਕਲ ਵਿਚ ਖੜੀ ਕੀਤੀ ਜਾਣੀ, ਰੌਥਚਾਈਲਡਾਂ ਦੀ ਸੋਚ ਦੇ ਐਨ ਅਨੁਕੂਲ ਸੀ। ਅੱਜ ਯੂ. ਐਨ., ਇੰਟਰਨੈਸ਼ਨਲ ਮੌਨੇਟਰੀ ਫ਼ੰਡ ਅਤੇ ਵਰਲਡ ਬੈਂਕ ਉਨ੍ਹਾਂ ਦੇ ਹੱਥ-ਠੋਕੇ ਹਨ।

ਪਿਛਲੇ ਸਵਾ ਦੋ ਸੌ ਸਾਲ ਦੀ ਤੁਹਾਡੀ ਇਤਿਹਾਸ ਦੀ ਪੜ੍ਹਾਈ ਅੰਦਰ ਜੇ ਰੌਥਚਾਈਲਡ ਦਾ ਨਾਂ ਨਹੀਂ ਆਇਆ, ਤਾਂ ਤੁਹਾਡੀ ਕੁਲ ਪੜ੍ਹਾਈ ਅਧੂਰੀ ਰਹੀ ਹੈ, ਜਿਵੇਂ ਕਿ ਮੇਰੀ ਆਪਣੀ। ਰੌਥਚਾਈਲਡਾਂ ਨੂੰ ਪੜ੍ਹਿਆਂ, ਇਤਿਹਾਸ ਦੀਆਂ ਬੇਅੰਤ ਗੁੰਝਲਾਂ ਖੁੱਲ੍ਹ ਕੇ ਅਸਲੀਅਤਾਂ ਸਾਹਮਣੇ ਆ ਜਾਂਦੀਆਂ ਹਨ। ਮੇਰਾ ਖ਼ਿਆਲ ਹੈ ਰੌਥਚਾਈਲਡ ਟੱਬਰ ਦੀਆਂ ਮਹਾਨ ਪ੍ਰਾਪਤੀਆਂ ਦਾ ਗਿਆਨ ਹਰ ਸਕੂਲੀ ਅਤੇ ਕਾਲਜੀ ਬੱਚੇ ਲਈ ਲਾਜ਼ਮੀ ਹੋਣਾ ਚਾਹੀਦਾ ਹੈ। ਇਹ ਇਤਿਹਾਸ ਮੁੱਕ ਨਹੀਂ ਗਿਆ, ਇਹ ਜਾਰੀ ਹੈ ਅਤੇ ਪਤਾ ਨਹੀਂ ਕਿੰਨੇ ਦਹਾਕੇ ਜਾਂ ਸਦੀਆਂ ਕੁਲ ਡਗਮਗਾਂਦੀ ਦੁਨੀਆਂ ਦੀ ਜ਼ਿੰਦਗੀ ਦੀ ਵਾਗਡੋਰ, ਇਨ੍ਹਾਂ ਦੇ ਹੱਥ ਵਿਚ ਰਹੇਗੀ। ਕਹਾਣੀ ਲਗਾਤਾਰ ਬਦਲਦੀ ਅਤੇ ਰੌਚਕ ਰਹਿੰਦੀ ਹੈ, ਏਸ ਲਈ ਲੇਖਕਾਂ ਅਤੇ ਪਾਠਕਾਂ ਨੂੰ ਪੱਬਾਂ ’ਤੇ ਰਹਿਣਾ ਪਵੇਗਾ, ਕਿਤੇ ਕੁਝ ਖੁੰਝ ਨਾ ਜਾਵੇ।

ਹਾਲਾਂ ਤਾਂ ਸਫ਼ਰ ਲੰਮਾ ਹੈ। ਪੁਰਾਣੀਆਂ ਗੱਲਾਂ ਕਰਦੇ ਕਰਦੇ ਐਧਰੋਂ ਓਧਰੋਂ ਕਹਾਣੀਆਂ ਆ ਜਾਂਦੀਆਂ ਹਨ ਅਤੇ ਕੁੱਲ ਇਤਿਹਾਸ ਅੰਦਰ ਉਨ੍ਹਾਂ ਦੀ ਥਾਂ ਅਤੇ ਅਹਿਮੀਅਤ ਪਤਾ ਲੱਗ ਜਾਂਦੀ ਹੈ।

ਦੂਜੀ ਜੰਗ ਕਦੋਂ ਦੀ ਮੁੱਕ ਗਈ ਹੈ, ਪਰ ਅਕਸ਼ਨਾਜ਼ੀਆਂ ਦੀ ਅਜੇ ਨਹੀਂ। ਉਨ੍ਹਾਂ ਨੇ ਬੇਅੰਤ ਹੋਰ ਮੱਲਾਂ ਮਾਰਨੀਆਂ ਹਨ। ਰੌਥਚਾਈਲਡ ਚਾਹੁੰਦੇ ਕੀ ਹਨ—ਇਕ ਸਰਕਾਰ ਸਾਰੀ ਦੁਨੀਆਂ ਲਈ ? ਉਸ ਦਾ ਕੋਈ ਛੋਟਾ ਨਮੂਨਾ ਤਾਂ ਵਿਖਾ ਦੇਣ ਕਿ ਕੈਸੀ ਹੋਵੇਗੀ। ਕੀ ਪਤਾ ਲੋਕਾਂ ਨੂੰ ਐਨੀ ਪਸੰਦ ਆਵੇ ਕਿ ਧਰਤੀ ਦੇ ਕੁੱਲ ਲੋਕ ਉਨ੍ਹਾਂ ਅੱਗੇ ਅੱਜ ਹੀ ਸਿਰ ਝੁਕਾ ਦੇਣ!

# ਲੋਹੇ ਨਾਲ ਟੱਕਰ—ਡੇਨੀਅਲ ਐਲਜ਼ਬਰਗ

ਜੂਨ 6 ਤੋਂ 9, 1991 ਵਿਚ, ਜਰਮਨੀ ਦੇ ਸ਼ਹਿਰ ਬਾਟਨ-ਬਾਟਨ (ਜਿਵੇਂ ਤਰਨ ਤਾਰਨ) ਜਰਮਨੀ ਵਿਚ 'ਬਿਲਡਰਬਰਗ' ਦੀ ਮੀਟਿੰਗ ਹੋਈ। ਬਿਲਡਰਬਰਗ ਗਰੁੱਪ ਦੇ ਵਿਚ ਕੋਈ ਡੇਢ ਸੌ ਦੇ ਕਰੀਬ ਦੁਨੀਆਂ ਦੇ ਸਭ ਤੋਂ ਸ਼ਕਤੀਵਰ ਬੈਂਕਰ, ਮਹਾਰਾਜੇ, ਸਿਆਸਤਦਾਨ ਅਤੇ ਵਪਾਰੀ ਆਉਂਦੇ ਹਨ। ਬੇਅੰਤ ਦੇਸਾਂ, ਖ਼ਾਸਕਰ ਅਮਰੀਕਾ ਅੰਦਰ ਪ੍ਰਧਾਨ ਕਿਸ ਨੂੰ ਬਣਾਉਣਾ ਹੈ, ਏਹੀ ਗਰੁੱਪ ਫ਼ੈਸਲਾ ਕਰਦਾ ਹੈ। ਬਾਕੀ ਜੋ ਇਲੈਕਸ਼ਨਾਂ ਵੇਲੇ ਰੌਲਾ-ਗੌਲਾ ਅਤੇ ਨਾਟਕਬਾਜ਼ੀ ਜੋ ਸਾਡੇ ਵੇਖਣ ਸੁਣਨ ਵਿਚ ਆਉਂਦੀ ਹੈ, ਉਹ ਕੇਵਲ ਸਾਡੇ ਮਨਪ੍ਰਚਾਵੇ ਅਤੇ ਰੁਝੇਵੇਂ ਲਈ ਤਿਆਰ ਕੀਤੀ ਜਾਂਦੀ ਹੈ। ਇਹ ਇਕ ਅਤਿ ਓਹਲੇ ਵਾਲਾ ਸਮਾਜ ਹੈ ਜਿਸ ਦੀ ਭਿਣਕ ਮਸਾਂ ਹੀ ਕਿਤੇ ਸਾਡੇ ਤਕ ਪਹੁੰਚਦੀ ਹੈ।

ਇਕ ਰੌਥਚਾਈਲਡ ਟੱਬਰ ਹੈ ਜਿਸ ਨੇ ਅਠਾਰ੍ਹਵੀਂ ਸਦੀ ਤੋਂ ਆਪਣੀ ਹੁਸ਼ਿਆਰੀ ਅਤੇ ਹੱਥਕੰਡਿਆਂ ਦੇ ਨਾਲ ਦੁਨੀਆਂ ਦੀ ਬੇਅੰਤ ਦੌਲਤ ਅਤੇ ਸਰਕਾਰਾਂ, ਆਪਣੇ ਬੈਂਕਾਂ ਅਤੇ ਬੇਅੰਤ ਸੰਸਥਾਵਾਂ ਦੇ ਰਸਤੇ, ਮੁੱਠੀ ਵਿਚ ਕੀਤੀਆਂ ਹੋਈਆਂ ਹਨ।

ਬਿਲਡਰਬਰਗ ਅਤੇ ਰੌਥਚਾਈਲਡ ਦਾ ਆਪੋ ਵਿਚ ਕੀ ਸੰਬੰਧ ਹੋਇਆ ? ਇਹ ਕਿਵੇਂ ਹੋ ਸਕਦਾ ਹੈ ਕਿ 'ਬਿਲਡਰਬਰਗ' ਮੀਟਿੰਗ ਹੋਵੇ ਅਤੇ ਓਹਦੇ ਵਿਚ ਰੌਥਚਾਈਲਡ ਨਾ ਹੋਵੇ!

1991 ਦੀ ਮੀਟਿੰਗ ਵਿਚ, ਰੌਥਚਾਈਲਡ ਘਰਾਣੇ ਦੇ ਹੀ, ਡੇਵਿਡ ਰਾਕਫੈਲਰ ਨੇ ਇਹ ਬਿਆਨ ਦਿੱਤਾ: 'ਅਸੀਂ ਨਿਹਾਇਤ ਸ਼ੁਕਰਗੁਜ਼ਾਰ ਹਾਂ *ਵਾਸ਼ਿੰਗਟਨ ਪੋਸਟ, ਨਿਊਯਾਰਕ ਟਾਈਮਜ਼, ਟਾਈਮਜ਼ ਮੈਗਜ਼ੀਨ* ਅਤੇ ਬੇਅੰਤ ਹੋਰ ਮਹਾਨ ਛਾਪਕਾਂ ਦੇ, ਜਿਨ੍ਹਾਂ ਦੇ ਡਾਇਰੈਕਟਰ ਪਿਛਲੇ 40 ਸਾਲਾਂ ਤੋਂ ਸਾਡੀਆਂ ਮੀਟਿੰਗਾਂ ਵਿਚ ਬੈਠਦੇ ਰਹੇ ਹਨ ਅਤੇ ਜੋ ਸਾਡੇ ਕੰਮਾਂ ਉੱਤੇ ਪਰਦਾ ਰੱਖਣ ਦਾ ਇਕਰਾਰ ਨਿਭਾਉਂਦੇ ਆ ਰਹੇ ਹਨ। ਜੇ ਸਾਡੇ ਵਿਚਾਰ ਉਘਾੜ ਕੇ ਬਾਹਰ ਲਿਆਏ ਗਏ ਹੁੰਦੇ, ਤਾਂ ਅਸੀਂ ਆਪਣੀਆਂ ਭੂਗੋਲਿਕ ਸਕੀਮਾਂ ਅੱਗੇ ਨਾ ਵਧਾ ਸਕਦੇ। ਦੁਨੀਆਂ ਹੁਣ ਵਧੇਰੇ ਸਮਝਦਾਰ ਹੋ ਗਈ ਹੈ ਅਤੇ (ਸਾਡੇ ਪੂਰਨਿਆਂ ਉੱਤੇ) ਇਕ ਭੂਗੋਲਿਕ ਸਰਕਾਰ ਦੇ ਟੀਚੇ ਵਲ ਵਧ ਰਹੀ ਹੈ। ਸੈਂਕੜੇ ਸਾਲਾਂ ਤੋਂ ਆ ਰਹੇ ਆਜ਼ਾਦ ਦੇਸਾਂ ਤੋਂ ਕਿਤੇ ਉੱਪਰ ਅਤੇ ਉੱਤਮ ਹੈ ਮਹਾਂ-ਬੁੱਧੀ ਦੇ ਚੋਣਵੇਂ ਮਾਲਕਾਂ ਅਤੇ ਭੂਗੋਲਿਕ ਬੈਂਕਰਾਂ ਦੇ ਹੱਥਾਂ ਵਿਚ ਪੂਰਨ ਸ਼ਕਤੀ।"

ਕੁਲ ਦੁਨੀਆਂ ਦੇ ਮਾਲਕਾਂ ਦੇ ਸੰਮੇਲਨ ਵਿਚ 'ਮਾਮੂਲੀ' ਅਖ਼ਬਾਰ-ਛਾਪਕਾਂ ਦਾ ਏਨਾ ਸਨਮਾਨ ਕਿਉਂ ? ਦਰਅਸਲ ਇਨ੍ਹਾਂ ਸਭਨਾਂ ਅਖ਼ਬਾਰਾਂ ਦੇ ਉੱਤੇ ਰੌਥਚਾਈਲਡ ਪਰਿਵਾਰ ਦਾ ਪੂਰਨ ਰੂਪ ਵਿਚ ਕਬਜ਼ਾ, ਪਿਛਲੇ ਚਾਲੀ ਸਾਲਾਂ ਤੋਂ ਚਲਿਆ ਆ ਰਿਹਾ ਸੀ। ਆਏ ਦਿਨ ਜਦੋਂ *ਹਿੰਦੁਸਤਾਨ ਟਾਈਮਜ਼* ਵਿਚ *ਵਾਸ਼ਿੰਗਟਨ ਪੋਸਟ* ਦੇ ਲੇਖ ਛਪਦੇ ਹਨ, ਤਾਂ ਉਹ ਸਾਡੀ ਦਿਮਾਗ਼ ਧੁਲਾਈ ਲਈ ਕਾਫ਼ੀ ਹੁੰਦੇ ਹਨ। ਰੌਥਚਾਈਲਡ ਕਾਬੂ ਹੇਠ ਅਖ਼ਬਾਰਾਂ ਵਿਚ ਮੁੱਢਲਿਆਂ ਦਹਾਕਿਆਂ ਵਿਚ, ਬਥੇਰਾ ਕੁਝ ਛਪ ਜਾਣ ਦਿੱਤਾ ਜਾਂਦਾ ਰਿਹਾ ਹੈ ਜਿਸ ਦੇ ਨਾਲ ਉਹ ਸੰਤੁਲਤ ਬਿਰਤੀ ਵਾਲੇ ਜਾਪਣ। ਕੇਵਲ ਰੌਥਚਾਈਲਡ ਅਤੇ ਉਸ ਦੀਆਂ ਛੁਪੀਆਂ ਨੀਤੀਆਂ ਵਿਰੁੱਧ ਕੁਝ ਨਹੀਂ ਸੀ ਛਪ ਸਕਦਾ।

ਬਿਲਡਰਬਰਗ ਅਤੇ ਰੌਥਚਾਈਲਡਾਂ ਪਿੱਛੋਂ ਹੁਣ ਆਈਏ ਜਿਨ੍ਹਾਂ ਨੂੰ ਕਹੀਦਾ ਹੈ ਸੀਟੀ-ਮਾਰ ਜਾਂ ਵਿਸਲ-ਬਲੋਅਰ। ਸੀਟੀ ਮਾਰ ਉਸ ਨੂੰ ਕਹੀਦਾ ਹੈ ਜੋ ਕਿਸੇ ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਦੀ ਨੌਕਰੀ ਕਰਦਾ ਹੋਇਆ, ਅਜਿਹੇ ਤੱਥਾਂ ਦੀ ਜਾਣਕਾਰੀ ਕਰ ਲੈਂਦਾ ਹੈ, ਜੋ ਉਸ ਦੀ ਸਮਝ ਮੁਤਾਬਿਕ, ਕੁੱਲ ਲੋਕਾਂ ਨੂੰ ਪਤਾ ਹੋਣੇ ਚਾਹੀਦੇ ਹਨ। ਉਸ ਦੇ ਕੋਲ ਦੋ ਰਾਹ ਹਨ—ਇਕ, ਵਫ਼ਾਦਾਰ ਨੌਕਰ ਬਣਿਆ ਰਹਿ ਕੇ ਚੁੱਪ ਰਹਿ ਜਾਵੇ ਅਤੇ ਤਰੱਕੀਆਂ ਅਤੇ ਕਮਾਈਆਂ ਪਾਉਂਦਾ ਜਾਵੇ। ਦੂਜਾ, ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ, ਨੌਕਰੀ ਨੂੰ ਠੁੱਡਾ ਮਾਰ ਕੇ, ਆਪਣਾ ਸਿਰ ਤਲੀ ਉੱਤੇ ਰੱਖ ਕੇ, (ਜਦੋਂ ਸਰਕਾਰੀ ਮਸ਼ੀਨ ਨਾਲ ਅੱਡਾ ਲੈਂਦਾ ਹੋਵੇ) ਚੁਰਾਹੇ ਦੇ ਵਿਚ ਝੂਠ ਦਾ ਭਾਂਡਾ ਫੋੜ ਦੇਵੇ। ਅਜੇਹੇ ਇਕ ਮਨੁੱਖ ਦਾ ਨਾਂ ਹੈ ਡੇਨੀਅਲ ਐਲਜ਼ਬਰਗ। ਅੱਜ ਉਹ ਅੱਸੀ ਸਾਲਾਂ ਦਾ ਹੈ। ਉਸ ਨੇ ਹਾਰਵਰਡ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਦੀ ਪੀ-ਐੱਚ.ਡੀ. ਕੀਤੀ ਸੀ ਅਤੇ ਰੈਂਡ ਕਾਰਪੋਰੇਸ਼ਨ ਵਿਚ ਕੰਮ ਕਰਦਾ ਸੀ। ਰੈਂਡ (ਰੀਸਰਚ ਐਂਡ ਡੀਵੈਲਪਮੈਂਟ) ਇਕ ਖੋਜੀ ਸੰਸਥਾ ਹੈ ਜੋ ਜ਼ਿਆਦਾਤਰ ਅਮਰੀਕਨ ਫ਼ੌਜ ਲਈ ਕੰਮ ਕਰਦੀ ਆ ਰਹੀ ਹੈ। ਇਸ ਦੇ ਅੰਦਰ ਲਗਭਗ 1500 ਉੱਚ ਕੋਟੀ ਦੇ, ਵੱਖ ਵੱਖ ਖੇਤਰਾਂ ਦੇ ਮਾਹਰ ਕੰਮ ਕਰਦੇ ਹਨ। ਇਸ ਸੰਸਥਾ ਅੰਦਰ ਕੰਮ ਕਰਨਾ, ਇਕ ਵੱਡੇ ਮਾਣ ਦੀ ਗੱਲ ਹੈ। ਹੁਣ ਤਕ ਫ਼ਿਜ਼ਿਕਸ ਅਤੇ ਇਕਨਾਮਿਕਸ ਦੇ ਖੇਤਰਾਂ ਵਿਚ 32 ਨੋਬੇਲ ਪੁਰਸਕਾਰ ਉਨ੍ਹਾਂ ਵਿਅਕਤੀਆਂ ਨੂੰ ਮਿਲ ਚੁੱਕੇ ਹਨ, ਜੋ ਕਦੇ ਨਾ ਕਦੇ ਰੈਂਡ ਵਿਚ ਕੰਮ ਕਰਦੇ ਰਹੇ ਹਨ।

ਪੈਂਟਾਗਾਨ (ਅਮਰੀਕੀ ਫ਼ੌਜੀ ਕਮਾਨ) ਦੇ ਨਾਲ ਕੰਮ ਕਰਦਿਆਂ ਹੋਇਆਂ ਪ੍ਰਮਾਣੂ ਸ਼ਕਤੀ ਨਾਲ ਧਮਕਾਉਣ ਅਤੇ ਪ੍ਰਮਾਣੂ ਲੜਾਈ ਵਿੱਚੋਂ ਜਿੱਤ ਨਿਕਲਣ ਦੇ ਫਲਸਫੇ, ਰੈਂਡ ਦੇ ਮਾਹਰਾਂ ਦੀ ਹੀ ਉਪਜ ਹੈ। ਰੱਖਿਆ ਸਕੱਤਰ ਰਾਬਰਟ ਮੈਕਨਮਾਰਾ ਦੇ ਪੂਰਨਿਆਂ ਉੱਤੇ ਰੈਂਡ ਕੰਮ ਕਰਦੀ ਸੀ।

ਐਲਜ਼ਬਰਗ ਪੰਦਰਾਂ ਵਰ੍ਹਿਆਂ ਦਾ ਹੀ ਸੀ, ਜਦੋਂ ਉਸ ਦੀ ਮਾਂ, ਭੈਣ ਅਤੇ ਪਿਤਾ ਕਾਰ ਹਾਦਸੇ ਵਿਚ ਮਰ ਗਏ। ਪਿਤਾ ਨੂੰ ਕਾਰ ਚਲਾਉਂਦਿਆਂ ਊਂਘ ਆ ਗਈ ਸੀ। ਏਥੋਂ ਐਲਜ਼ਬਰਗ ਦੀ ਧਾਰਨਾ ਇਹ ਬਣੀ ਕਿ ਉੱਚੀਆਂ ਪਦਵੀਆਂ ਉੱਤੇ ਲੋਕਾਂ ਦੇ ਕੰਮਾਂ ਉੱਤੇ ਨਜ਼ਰ ਰੱਖਣੀ ਚਾਹੀਦੀ ਹੈ। ਇਸ ਲਈ ਨਹੀਂ ਕਿ ਉਹ ਭੈੜੇ ਨੇ, ਸਗੋਂ ਇਸ ਲਈ ਕਿ ਉਹ ਕਿਤੇ ਲਾਪਰਵਾਹ ਨਾ ਹੋਣ।

ਐਲਜ਼ਬਰਗ ਤੇਤੀ ਸਾਲ ਦੀ ਉਮਰੇ (1964) ਅਮਰੀਕਾ ਦੀ ਕੇਂਦਰੀ ਫ਼ੌਜੀ ਕਮਾਨ 'ਪੈਂਟਾਗਾਨ' ਵਿਚ, ਰੱਖਿਆ ਸਕੱਤਰ ਰੌਬਰਟ ਮੈਕਨਮਾਰਾ ਦੇ ਹੇਠਾਂ ਲੱਗ ਗਿਆ। ਸਬੱਬ ਨਾਲ ਵੀਅਤਨਾਮ ਦੀ ਖਾੜੀ ਵਿਚ 'ਟੌਨਕਿਨ ਘਟਨਾ' ਦੀ ਖ਼ਬਰ, ਉਸ ਨੇ ਆਪ ਮੈਕਨਮਾਰਾ ਤਕ ਪੁਚਾਈ। ਤੁਹਾਨੂੰ ਯਾਦ ਹੋਣਾ ਚਾਹੀਦਾ ਹੈ ਕਿ ਝੂਠੀ ਟੌਨਕਿਨ ਘਟਨਾ ਵਿਚ ਇਹ ਕਿਹਾ ਗਿਆ ਸੀ ਕਿ ਉੱਤਰੀ ਵੀਅਤਨਾਮ ਵੱਲੋਂ ਅਮਰੀਕੀ ਜਹਾਜ਼ ਉੱਤੇ ਹਮਲਾ ਕੀਤਾ ਗਿਆ ਹੈ। ਇਸ ਪਿੱਛੋਂ ਅਮਰੀਕਾ ਨੇ ਵੀਅਤਨਾਮ ਅੰਦਰ ਜੰਗ ਛੇੜ ਲਈ ਜੋ ਗਿਆਰਾਂ ਸਾਲ ਚੱਲਦੀ ਰਹੀ। ਐਲਜ਼ਬਰਗ ਦੋ ਸਾਲਾਂ ਲਈ ਸਟੇਟ ਡੀਪਾਰਟਮੈਂਟ ਵੱਲੋਂ, ਇਕ ਗ਼ੈਰ-ਫ਼ੌਜੀ ਵਾਂਗ, ਜਰਨੈਲ ਲੈਂਜਡੇ ਦੇ ਨਾਲ ਵੀਅਤਨਾਮ ਵਿਚ ਕੰਮ ਕਰਦਾ ਰਿਹਾ।

ਹੁਣ ਤਕ ਬਿਲਡਰਬਰਗ ਗਰੁੱਪ, ਰੌਥਚਾਈਲਡ ਦੀ ਅਖ਼ਬਾਰਾਂ ਉੱਤੇ ਜਕੜ ਅਤੇ ਐਲਜ਼ਬਰਗ ਦੇ ਰੈਂਡ ਕਾਰਪੋਰੇਸ਼ਨ ਅਤੇ ਵੀਅਤਨਾਮ ਜੰਗ ਨਾਲ ਸੰਬੰਧਾਂ ਦਾ ਜ਼ਿਕਰ ਆਇਆ ਹੈ। ਹੁਣ ਵੇਖੀਏ ਅੱਗੋਂ ਕੀ ਹੁੰਦਾ ਹੈ।

ਐਲਜ਼ਬਰਗ 1967 ਵਿਚ ਵਾਪਸ ਰੈਂਡ ਵਿਚ ਆ ਗਿਆ। ਉਥੇ ਸਕੱਤਰ ਮੈਕਨਮਾਰਾ ਦੇ ਹੁਕਮਾਂ ਹੇਠਾਂ, ਉਸ ਨੂੰ ਰਾਖਵੇਂ ਦਸਤਾਵੇਜ਼ਾਂ ਦੇ ਆਧਾਰ ਉੱਤੇ, ਵੀਅਤਨਾਮ ਜੰਗ ਬਾਰੇ, ਅਤਿ-ਗੁਪਤ ਖੋਜ ਦੇ ਕੰਮ ਲਾਇਆ ਗਿਆ, ਜੋ ਕੰਮ ਉਸ ਨੇ ਇਕ ਸਾਲ ਦੇ ਅੰਦਰ ਮੁਕਾ ਲਿਆ। ਉਸ ਦੇ ਹੱਥ ਵਿਚ ਪੂਰਨ ਰੂਪ ਵਿਚ ਉਹ ਖਰੜੇ ਸਨ, ਜੋ ਕਿਸੇ ਟਾਂਵੇਂ ਦੀ ਕਿਸਮਤ ਵਿਚ ਹੀ ਹੋ ਸਕਦੇ ਸਨ। ਪਿੱਛੋਂ ਜਾ ਕੇ ਇਨ੍ਹਾਂ ਖਰੜਿਆਂ ਦਾ ਸਾਂਝਾ ਨਾਂ ਬਣਿਆ 'ਪੈਂਟਾਗਾਨ ਪੇਪਰਜ਼'। ਇਨ੍ਹਾਂ ਕਾਗ਼ਜ਼ਾਂ ਤੋਂ ਪਤਾ ਚੱਲਦਾ ਸੀ ਕਿ ਸਰਕਾਰ ਨੂੰ ਪਹਿਲਾਂ ਤੋਂ ਹੀ ਪਤਾ ਸੀ ਵੀਅਤਨਾਮ ਦੀ ਜੰਗ ਜਿੱਤੀ ਨਹੀਂ ਜਾ ਸਕਦੀ ਅਤੇ ਇਸ ਜੰਗ ਨੂੰ ਲਮਕਾਉਣ ਦੇ ਨਾਲ ਹੋਰ ਫ਼ੌਜੀਆਂ ਦਾ ਨੁਕਸਾਨ ਹੋਵੇਗਾ। ਇਨ੍ਹਾਂ ਕਾਗ਼ਜ਼ਾਂ ਤੋਂ ਇਹ ਵੀ ਲੱਭਿਆ ਕਿ ਉੱਚੀਆਂ ਪਦਵੀਆਂ ਵਾਲਿਆਂ ਨੂੰ ਫ਼ੌਜੀਆਂ ਅਤੇ ਸ਼ਹਿਰੀਆਂ ਦੇ ਮਰਨ ਜਾਂ ਜ਼ਖ਼ਮੀ ਹੋਣ ਦੀ ਰਤਾ ਵੀ ਪ੍ਰਵਾਹ ਨਹੀਂ ਸੀ। ਅੱਜ-ਕੱਲ੍ਹ ਅਫ਼ਗ਼ਾਨਿਸਤਾਨ ਅੰਦਰ ਉਹੀ ਕੁਝ ਹੋ ਰਿਹਾ ਹੈ। ਵੀਅਤਨਾਮ ਅੰਦਰ ਟੀਚੇ ਹੋਰ ਸਨ, ਏਥੇ ਹੋਰ ਹਨ।

1969 ਵਿਚ ਐਲਜ਼ਬਰਗ ਜੰਗ ਵਿਰੋਧੀ ਹੋ ਗਿਆ। ਰੈਂਡ ਵਿਚ ਕੰਮ ਕਰਦਿਆਂ ਹੋਇਆਂ ਵੀ ਉਹ ਜੰਗ-ਵਿਰੋਧੀ ਮੀਟਿੰਗਾਂ ਵਿਚ ਜਾਣ ਲੱਗ ਪਿਆ। ਉਨ੍ਹਾਂ ਦਿਨਾਂ ਵਿਚ ਅਮਰੀਕੀ ਫ਼ੌਜ ਲਈ ਜਬਰੀ ਭਰਤੀ ਹੋਇਆ ਕਰਦੀ ਸੀ। ਸ਼ਕਤੀਵਰ ਲੋਕ ਤਾਂ ਆਪਣੇ ਬੱਚਿਆਂ ਨੂੰ ਵੀਅਤਨਾਮ ਵਿਚ ਭੇਜਣ ਦੀ ਥਾਂ ਅਮਰੀਕਾ ਅੰਦਰ ਹੀ ਕਿਤੇ ਸਮੋ ਲੈਂਦੇ ਸਨ। ਨਾਂਹ-ਨੁੱਕਰ ਕਰਨ ਵਾਲਿਆਂ ਨੂੰ ਲੰਮੀ ਜੇਲ੍ਹ ਦੀ ਸਜ਼ਾ ਹੁੰਦੀ ਸੀ। ਇਕ ਮੀਟਿੰਗ ਵਿਚ ਐਲਜ਼ਬਰਗ ਨੇ, ਭਰਤੀ-ਨਾਂਹ ਕਰਨ ਵਾਲੇ 'ਰੈਂਡੀ ਕਹਿਲਰ' ਦੇ ਬਿਆਨ ਨੂੰ ਸੁਣਿਆ, "ਮੈਨੂੰ ਅਤਿਅੰਤ ਖ਼ੁਸ਼ੀ ਹੈ ਕਿ ਮੈਂ ਜਲਦੀ ਹੀ ਆਪਣੇ ਦੋਸਤਾਂ ਨੂੰ ਜੇਲ੍ਹ ਅੰਦਰ ਜਾ ਮਿਲਾਂਗਾ।" ਐਲਜ਼ਬਰਗ ਨੂੰ ਤਾਂ ਪਤਾ ਹੀ ਸੀ ਕਿ ਅਮਰੀਕਨ ਸਰਕਾਰ ਨੇ ਵੀਅਤਨਾਮ ਜੰਗ ਅਕਾਰਨ ਚਾਲੂ ਕੀਤੀ ਹੋਈ ਸੀ ਅਤੇ ਉਸ ਨੂੰ ਵਧਾਇਆ ਜਾ ਰਿਹਾ ਸੀ। ਹਰ ਸਾਲ ਹਜ਼ਾਰਾਂ ਜਵਾਨ ਮਾਰੇ ਜਾ ਰਹੇ ਸਨ। ਓਸ ਦਿਨ ਐਲਜ਼ਬਰਗ ਇਕ ਨਿਵੇਕਲੀ ਥਾਂ ਉੱਤੇ ਬੈਠ ਕੇ ਘੰਟਾ ਭਰ ਰੋਂਦਾ ਰਿਹਾ। ਉਸ ਉੱਤੇ ਰੈਂਡੀ ਦੀ ਗੱਲ ਦਾ ਗਹਿਰਾ ਸਦਮਾ ਲੱਗਾ ਸੀ। ਪੂਰੇ 1970ਵੇਂ ਸਾਲ ਇਕ ਸਾਥੀ ਐਂਥਨੀ ਰੂਸੋ ਦੀ ਮਦਦ ਨਾਲ, ਐਲਜ਼ਬਰਗ ਛੁਪੇ ਸਰਕਾਰੀ ਭੇਦਾਂ ਦੀਆਂ ਨਕਲਾਂ ਬਣਾਉਂਦਾ ਰਿਹਾ। ਅਖ਼ੀਰ ਇਨ੍ਹਾਂ ਦਸਤਾਵੇਜ਼ਾਂ ਦਾ ਨਾਂ ਬਣਿਆ 'ਪੈਂਟਾਗਾਨ ਪੇਪਰਜ਼'।

ਪੂਰਾ ਸਾਲ ਉਹ ਕੋਸ਼ਿਸ਼ ਕਰਦਾ ਰਿਹਾ ਕਿ ਕੋਈ ਸਾਹਸ ਵਾਲਾ ਸੈਨੇਟਰ ਇਹ ਖ਼ੁਫ਼ੀਆ ਕਾਗ਼ਜ਼ ਸੈਨੇਟ ਦੇ ਅੰਦਰ ਪੇਸ਼ ਕਰ ਦੇਵੇ। ਕੇਵਲ ਸੈਨੇਟਰ ਹੀ ਅਜਿਹੀ ਕਾਰਵਾਈ ਪਿੱਛੋਂ, ਕਿਸੇ ਸਜ਼ਾ ਦੇ ਹੱਕਦਾਰ ਨਹੀਂ ਹੁੰਦੇ। ਪਰ ਇਕ ਵੀ ਸੈਨੇਟਰ ਰਾਜ਼ੀ ਨਹੀਂ ਹੋਇਆ। ਹਾਰ ਕੇ ਐਲਜ਼ਬਰਗ ਨੇ *ਨਿਊਯਾਰਕ ਟਾਈਮਜ਼* ਦੀ ਪੱਤਰਕਾਰ 'ਨੀਲ ਸ਼ੀਹੈਨ' ਨੂੰ ਇਹ ਕਾਗ਼ਜ਼ ਫੜਾਏ। 13 ਜੂਨ, 1971 ਵਿਚ *ਟਾਈਮਜ਼* ਨੇ ਪਹਿਲਾ ਸੰਖੇਪ ਛਾਪਿਆ ਜੋ 7000 ਸਫ਼ਿਆਂ ਉੱਤੇ ਆਧਾਰਿਤ ਸੀ। ਕੁੱਲ ਨੌਂ ਭਾਗ

ਸਨ। ਪ੍ਰਧਾਨ ਨਿਕਸਨ ਦੀ ਸਰਕਾਰ ਨੇ ਕਚਹਿਰੀ ਦੇ ਹੁਕਮ ਨਾਲ *ਟਾਈਮਜ਼* ਅੰਦਰ ਅਗਲੀ ਛਪਾਈ ਰੋਕ ਦਿੱਤੀ। ਏਨੇ ਵਿਚ ਐਲਜ਼ਬਰਗ ਨੇ ਕੁਲ ਮਸਾਲਾ *ਵਾਸ਼ਿੰਗਟਨ ਪੋਸਟ* ਅਤੇ ਸਤਾਰਾਂ ਹੋਰ ਪਰਚਿਆਂ ਨੂੰ ਸੌਂਪ ਦਿੱਤਾ। 30 ਜੂਨ ਨੂੰ ਸੁਪਰੀਮ ਕੋਰਟ ਨੇ ਭੇਦ ਖੋਲ੍ਹਦੀਆਂ ਰਪੋਟਾਂ ਦੇ ਛਾਪੇ ਉੱਤੇ ਪਾਬੰਦੀ ਉਠਾ ਦਿੱਤੀ। ਇਸ ਪਿੱਛੋਂ ਤਾਂ ਕੁੱਲ ਸਰਕਾਰੀ ਨੀਤੀ ਦੀ ਭੰਡੀ ਹੋ ਗਈ।

ਐਲਜ਼ਬਰਗ, ਰੈਂਡੀ ਕਹਿਲਰ ਬਾਰੇ ਇੰਜ ਲਿਖਦਾ ਹੈ : "ਰੈਂਡੀ ਕਹਿਲਰ ਤਾਂ ਸੋਚ ਹੀ ਨਹੀਂ ਸੀ ਸਕਦਾ ਕਿ ਉਸ ਦੇ ਜੇਲ੍ਹ ਜਾਣ ਨਾਲ ਜੰਗ ਵੀ ਮੁੱਕ ਸਕਦੀ ਹੈ। ਉਸ ਦੇ ਸਾਹਸ ਭਰੇ ਕਾਰਜ ਨੇ ਮੇਰੇ ਦਿਲ ਨੂੰ ਟੁੰਬ ਲਿਆ ਅਤੇ ਸਹੀ ਸਮੇਂ, ਇਕ ਸਹੀ ਸਵਾਲ ਮੇਰੇ ਅੰਦਰ ਘਰ ਕਰ ਗਿਆ।"

28 ਜੂਨ, 1971 ਨੂੰ ਐਲਜ਼ਬਰਗ ਨੇ ਆਪਣੇ ਆਪ ਨੂੰ ਕਾਨੂੰਨ ਦੇ ਹਵਾਲੇ ਕਰ ਦਿੱਤਾ। ਉਸ ਅਤੇ ਐਂਥਨੀ ਰੁਸੋ ਉੱਤੇ ਮੁਖ਼ਬਰੀ ਦੇ ਦੋਸ਼ ਵਿਚ ਮੁਕੱਦਮਾ ਚੱਲਿਆ, ਜਿਸ ਵਿਚ ਉਨ੍ਹਾਂ ਨੂੰ ਵੱਧ ਤੋਂ ਵੱਧ 115 ਸਾਲਾਂ ਦੀ ਜੇਲ੍ਹ ਹੋ ਸਕਦੀ ਸੀ। ਮੁਕੱਦਮੇ ਦੇ ਦੌਰਾਨ ਸਰਕਾਰ ਵੱਲੋਂ ਸ਼ਹਾਦਤਾਂ 'ਕੱਠੀਆਂ ਕਰਨ ਲਈ ਬਥੇਰੀਆਂ ਬੇਕਾਨੂੰਨੀਆਂ ਕੀਤੀਆਂ ਗਈਆਂ। ਦੋਸ਼ੀਆਂ ਵੱਲੋਂ ਵਕੀਲ ਵੀ ਚੋਟੀ ਦੇ ਸਨ, ਤਾਂ ਵੀ ਜੱਜ ਬਾਇਰਨ ਨੇ ਐਲਜ਼ਬਰਗ ਅਤੇ ਰੁਸੋ ਨੂੰ ਕੁੱਲ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਅਤੇ ਰਿਹਾਈ ਹੋਈ 11 ਮਈ, 1973 ਨੂੰ। ਐਲਜ਼ਬਰਗ ਆਪਣੀ ਨੌਕਰੀ ਦੇ ਸਮੇਂ ਉੱਤੇ ਇੰਜ ਝਾਤੀ ਮਾਰਦਾ ਹੈ, "ਮੈਂ ਛੇ ਸਾਲ ਸਲਾਹਕਾਰ ਰਿਹਾ ਹਾਂ ਆਈਜ਼ਨਹਾਵਰ, ਕੈਨੇਡੀ ਅਤੇ ਜੌਨਸਨ ਦਾ। ਏਸ ਦੌਰਾਨ ਹਜ਼ਾਰਹਾਂ ਉਹਲੇ ਵਾਲੇ ਕਾਗ਼ਜ਼ ਪੜ੍ਹੇ ਹਨ, ਜਿਨ੍ਹਾਂ ਤੋਂ ਮੈਂ ਜਾਣ ਸਕਦਾ ਸਾਂ ਕਿ ਕਿਸੇ ਵੀ ਸਮੇਂ ਅਸਲੀਅਤ ਕੀ ਹੈ ਅਤੇ ਪਬਲਿਕ ਨੂੰ ਕੀ ਦੱਸਿਆ ਜਾਂਦੈ। ਪ੍ਰਧਾਨ ਜਾਂ ਉਸ ਦੇ ਚੁਣੇ ਅਫ਼ਸਰ ਹਰ ਰੋਜ਼ ਝੂਠ ਬੋਲਦੇ ਸਨ। ਜੇ ਤੁਹਾਨੂੰ ਰੋਜ਼ ਦੇ ਰੋਜ਼, ਪ੍ਰਧਾਨ ਦੇ ਨਿੱਤ ਨਵੇਂ ਬੋਲੇ ਝੂਠ, ਹਜ਼ਮ ਨਾ ਹੁੰਦੇ ਹੋਣ ਤਾਂ ਤੁਸੀਂ ਨੌਕਰੀ ਵਿਚ ਇਕ ਹਫ਼ਤਾ ਵੀ ਨਹੀਂ ਟਿਕ ਸਕਦੇ। ਪ੍ਰਧਾਨ ਕਦੇ ਵੀ ਪੂਰਾ ਸੱਚ ਨਹੀਂ ਬੋਲਦੇ—ਉਹ ਕੀ ਵਿਸ਼ਵਾਸ ਕਰਦੇ ਨੇ...ਕੀ ਅਤੇ ਕਿਉਂ ਕੁਝ ਕਰਨ ਜਾ ਰਹੇ ਨੇ...ਝੂਠ ਬੋਲਦਿਆਂ ਤਾਂ ਉਹ ਅੱਖ ਨਹੀਂ ਝਪਕਦੇ।"

ਅਸੀਂ ਹਾਂ ਜੋ ਪਹਿਲਾਂ ਪ੍ਰਧਾਨ ਬੁਸ਼ ਅਤੇ ਹੁਣ ਪ੍ਰਧਾਨ ਓਬਾਮਾ ਦੇ ਇਕ ਇਕ ਲਫ਼ਜ਼ ਨਾਲ ਲਟਕ ਕੇ, ਉਸ ਵਿੱਚੋਂ ਸਚਾਈ ਅਤੇ ਮਾਰਗ-ਦਰਸ਼ਨ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਉਨ੍ਹਾਂ ਹੱਥੋਂ ਬਦੀ ਦੇ ਖਿਲਾਰ ਵਿਚ ਵਾਧਾ ਸਾਨੂੰ ਵਿਖਾਈ ਹੀ ਨਹੀਂ ਦੇਂਦਾ। ਉਨ੍ਹਾਂ ਦੀ ਨੇੜਤਾ ਪ੍ਰਾਪਤ ਕਰ ਕੇ ਸਾਨੂੰ ਨਿੱਘ ਕਿਉਂ ਮਿਲਦਾ ਏ ?

ਵੀਅਤਨਾਮ ਜੰਗ ਮੁੱਕਣ ਪਿੱਛੋਂ ਐਲਜ਼ਬਰਗ ਲੈਕਚਰਾਂ ਅਤੇ ਟੂਰਾਂ ਵਿਚ ਸਰਗਰਮ ਰਿਹਾ ਹੈ। ਇਰਾਕ ਉੱਤੇ ਜੰਗ ਕਰਨ ਤੋਂ ਪਹਿਲਾਂ ਦੇ ਸਰਕਾਰੀ ਦਾਓ ਪੇਚਾਂ ਨੂੰ ਵੇਖਦਿਆਂ ਉਸ ਨੇ ਕਿਹਾ ਕਿ ਸਰਕਾਰੀ ਝੂਠ-ਪ੍ਰਚਾਰ ਨੂੰ ਨੰਗਿਆਂ ਕਰਨ ਅਤੇ ਜੰਗ ਨੂੰ ਰੋਕਣ ਲਈ ਕਿਸੇ 'ਅੰਦਰਲੇ' ਨੂੰ ਹਿੰਮਤ ਕਰਨੀ ਚਾਹੀਦੀ ਹੈ। ਨਵੰਬਰ 2005 ਨੂੰ ਇਰਾਕੀ ਜੰਗ ਦੇ ਖ਼ਿਲਾਫ਼ ਰੋਸ ਪ੍ਰਗਟ ਕਰਨ ਸਮੇਂ ਉਸ ਨੂੰ 'ਰਾਹ-ਉਲੰਘਣਾ' ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ। ਸਤੰਬਰ 2006 ਐਲਜ਼ਬਰਗ ਨੇ *ਹਾਰਪਰ* ਅਖ਼ਬਾਰ ਵਿਚ ਲਿਖਿਆ ਕਿ ਅਮਰੀਕਾ ਦੀਆਂ ਈਰਾਨ ਉੱਤੇ ਹਮਲੇ ਦੀਆਂ ਹੋ ਰਹੀਆਂ ਤਿਆਰੀਆਂ ਦੇ ਖ਼ਿਲਾਫ਼ ਕਿਸੇ ਨੂੰ 'ਅੰਦਰੋਂ' ਹਿੰਮਤ ਕਰ ਕੇ ਸਰਕਾਰ ਦਾ ਭਾਂਡਾ ਫੋੜਨਾ ਚਾਹੀਦਾ ਹੈ। ਈਰਾਨ ਵਿਰੋਧੀ ਅਮਰੀਕਨ ਸਰਕਾਰ ਦੀਆਂ ਕਾਰਵਾਈਆਂ ਬਾਰੇ, ਕਿਸੇ ਸਾਹਸ ਵਾਲੇ 'ਅੰਦਰਲੇ' ਨੇ ਸੈਮੂਰ ਹਰਸ਼ ਨੂੰ ਮਸਾਲਾ ਦਿੱਤਾ। ਹਰਸ਼ ਅੱਜ ਚੋਣਵੇਂ ਮਾਣਯੋਗ ਪੱਤਰਕਾਰਾਂ ਵਿੱਚੋਂ ਇਕ ਹੈ।

30 ਮਾਰਚ, 2008, ਸਾਨਫ਼੍ਰਾਂਸਿਸਕੋ ਦੇ ਇਕ ਗਿਰਜੇ ਦੇ ਅੰਦਰ ਐਲਜ਼ਬਰਗ ਨੇ ਇੰਜ ਕਿਹਾ : ਅਮਰੀਕੀ ਕਾਂਗਰਸ ਵਿਚ ਸਹੁੰ ਚੁੱਕਣ ਵੇਲੇ ਮੈਂਬਰਾਂ ਤੋਂ ਇਹ ਮੰਗ ਹੁੰਦੀ ਹੈ ਕਿ ਉਹ, "ਅਮਰੀਕੀ ਸੰਵਿਧਾਨ ਨੂੰ ਹਰ ਦੁਸ਼ਮਨ ਤੋਂ ਬਚਾਉਣਗੇ, ਭਾਵੇਂ ਉਹ ਦੁਸ਼ਮਨ ਘਰੇਲੂ ਹੋਵੇ ਜਾਂ ਬਦੇਸ਼ੀ।" ਉਸ ਨੇ ਇਹ ਵੀ ਕਿਹਾ ਕਿ ਅਮਰੀਕੀ ਸੰਵਿਧਾਨ ਅਨੁਸਾਰ, ਕੁੱਲ ਸੰਧੀਆਂ, ਸਮੇਤ ਯੂ. ਐਨ. ਚਾਰਟਰ ਦੇ ਪੂਰੇ ਦੇਸ ਦੇ ਉੱਤੇ ਲਾਗੂ ਹਨ, ਜਿਨ੍ਹਾਂ ਨੂੰ ਕੋਈ ਵੀ ਪ੍ਰਧਾਨ ਜਾਂ ਕਾਂਗਰਸ ਰੱਦ ਨਹੀਂ ਕਰ ਸਕਦੇ। ਉਦਾਹਰਣ ਦੇ ਤੌਰ 'ਤੇ ਜੇ ਕਾਂਗਰਸ ਕਿਸੇ ਆਜ਼ਾਦ ਦੇਸ ਉੱਤੇ ਹਮਲਾ ਕਰਨ ਦੀ ਮਨਜ਼ੂਰੀ ਦੇਵੇ ਤਾਂ ਇਹ ਕਾਨੂੰਨ ਦੇ ਵਿਰੁੱਧ ਹੈ। ਕੋਈ ਵੀ ਪ੍ਰਧਾਨ ਏਸ ਮਨਜ਼ੂਰੀ ਉੱਤੇ ਅਮਲ ਕਰੇ ਤਾਂ ਉਹ ਅੰਤਰਰਾਸ਼ਟਰੀ ਅਪਰਾਧੀ ਬਣ ਜਾਂਦਾ ਹੈ। ਕਾਂਗਰਸ ਦਾ ਇਹ ਫ਼ਰਜ਼ ਹੈ ਕਿ ਅਜੇਹੇ ਅਪਰਾਧੀ ਨੂੰ ਗੱਦੀਓਂ ਲਾਹ ਦੇਵੇ।

ਅੱਜ ਸਮਾਂ ਬਦਲ ਗਿਆ ਹੈ। ਅੱਜ ਜੇ ਕੋਈ ਨਵਾਂ ਡੇਨੀਅਲ ਐਲਜ਼ਬਰਗ ਜੰਮ ਪਵੇ ਜੋ ਅਫ਼ਗਾਨਿਸਤਾਨ ਜਾਂ ਹੋਰ ਪਿਛਲਿਆਂ ਦਹਾਕਿਆਂ ਦੀਆਂ ਜੰਗਾਂ ਦੇ ਨਵੇਂ ਪੈਂਟਾਗਾਨ ਪੇਪਰਾਂ ਨਾਲ ਪਰਦੇ ਖੋਲ੍ਹ ਦੇਵੇ ਤਾਂ ਨਤੀਜਾ ਕੁਝ ਹੋਰ ਹੀ ਹੋਵੇਗਾ।

ਸਭ ਤੋਂ ਪਹਿਲਾਂ ਤਾਂ ਕਿਸੇ ਪਰਚੇ ਨੇ ਹੱਥ ਹੀ ਨਹੀਂ ਲਾਉਣਾ। ਰੌਥਚਾਈਲਡ ਦੇ ਕਾਬੂ ਹੇਠ ਕੁਲ ਪਰਚੇ ਹੁਣ ਬਹੁਤ ਹੁਸ਼ਿਆਰ ਹੋ ਗਏ ਹਨ, ਉਹ ਆਪਣੀਆਂ ਬੇੜੀਆਂ ਵਿਚ ਵੱਟੇ ਨਹੀਂ ਪੁਆ ਸਕਦੇ। ਦੂਜਾ, ਸੀਟੀ ਮਾਰਨ ਵਾਲੇ ਨੂੰ ਜੇਲ੍ਹ ਵਿਚ ਜਾਂਦਿਆਂ ਇਕ ਮਿੰਟ ਨਹੀਂ ਲੱਗਣਾ। ਤੀਜਾ, ਜੇ ਉਹ ਰੂਪੋਸ਼ ਹੋ ਜਾਂਦਾ ਹੈ ਜਾਂ ਕਿਸੇ ਬਾਹਰਲੇ ਦੇਸ ਅੰਦਰ ਸ਼ਰਨ ਲੈਂਦਾ ਜਾਂ ਛੁਪ ਜਾਂਦਾ ਹੈ ਤਾਂ ਅੱਜ ਦੇ ਅਮਰੀਕੀ ਕਾਨੂੰਨ ਅਨੁਸਾਰ ਉਸ ਨੂੰ ਦੁਨੀਆਂ ਦੀ ਕਿਸੇ ਵੀ ਨੁੱਕਰ ਵਿਚ ਲੱਭ ਕੇ, ਕਤਲ ਕੀਤਾ ਜਾ ਸਕਦਾ ਹੈ। ਬੇਅੰਤ ਦੇਸਾਂ ਦੇ ਅੰਦਰ ਉਥੋਂ ਦੇ ਸੰਵਿਧਾਨ, ਸਿਆਸੀ ਨੇਤਾਵਾਂ ਦੀ ਕੱਠਪੁਤਲੀ ਬਣਾਏ ਜਾਂਦੇ ਹਨ ਅਤੇ ਸੰਵਿਧਾਨ ਦੀ ਕਿਸੇ ਵੀ ਧਾਰਾ ਨੂੰ ਉਨ੍ਹਾਂ ਦੀ ਮਨਸ਼ਾ ਅਨੁਸਾਰ ਲਾਗੂ ਕਰਨ ਲਈ, ਬੰਦੂਕ ਦੀ ਨੋਕ ਤੋਂ ਕੰਮ ਲਿਆ ਜਾਂਦਾ ਹੈ। ਹਰ ਥਾਂ ਸੂਝਵਾਨ ਪਬਲਿਕ ਅਤੇ ਸਾਹਸਵਾਨ ਪੱਤਰ-ਪ੍ਰੇਰਕਾਂ ਅਤੇ ਪੱਤਰ-ਛਾਪਕਾਂ ਦੀ ਘਾਟ ਵਿਖਾਈ ਦੇਂਦੀ ਜਾਪਦੀ ਹੈ। ਕੀ ਪੈਸੇ ਦੀ ਚਮਕ ਅੱਖਾਂ ਚੁੰਧਿਆ ਕੇ ਰੱਖਦੀ ਹੈ ਜਾਂ ਕੀ 'ਰੱਬ ਨੇੜੇ ਜਾਂ ਘਸੁੰਨ' ?

# ਸਾਮਰਾਜੀ 'ਲੋਕ-ਰਾਜ' ਦਾ ਪਰਸਾਰ

"ਜੰਗ ਇਕ ਮਹਾਂ-ਠੱਗੀ ਹੈ। ਇਹ ਉਹ ਨਹੀਂ ਜੋ ਹਾਈਂ ਮਾਈਂ ਦੀ ਸਮਝ ਵਿਚ ਆ ਜਾਵੇ। ਪੂਰੀ ਵਾਕਫ਼ੀ ਕੇਵਲ ਕੁਝ ਕੁ ਅੰਦਰਲਿਆਂ ਨੂੰ ਹੁੰਦੀ ਹੈ। ਜੰਗ ਤੋਂ ਕੁਝ ਲੋਕ ਫ਼ਾਇਦਾ ਉਠਾਉਂਦੇ ਹਨ ਅਤੇ ਵਰਤੇ ਜਾਂਦੇ ਨੇ ਜਨ-ਸਾਧਾਰਨ।"

"ਮੇਰੀ ਸੋਚ ਇਹ ਹੈ ਕਿ ਸਾਨੂੰ ਕੇਵਲ ਆਪਣੀਆਂ ਸੀਮਾਵਾਂ ਦੀ ਰੱਖਿਆ ਕਰਨੀ ਚਾਹੀਦੀ ਹੈ, ਹੋਰ ਕੁਝ ਨਹੀਂ। ਜੇ ਕੋਈ ਸਾਡੀ ਸਰਹੱਦ ਵੱਲ ਮੂੰਹ ਕਰੇਗਾ ਤਾਂ ਉਸ ਨੂੰ ਵੇਖ ਲਵਾਂਗੇ। ਸਮੱਸਿਆ ਇਹ ਹੈ ਕਿ ਘਰ ਅੰਦਰ ਡਾਲਰ ਦੀ ਕਮਾਈ 6 ਫ਼ੀਸਦੀ ਹੁੰਦੀ ਹੈ, ਏਸ ਲਈ ਇਹਨੂੰ ਕਾਹਲੀਆਂ ਪੈਂਦੀਆਂ ਹਨ, ਕਿਉਂਕਿ ਬਾਹਰ ਜਾ ਕੇ ਨਫ਼ਾ 100 ਪ੍ਰਤੀਸ਼ਤ ਹੁੰਦਾ ਹੈ। ਡਾਲਰ ਦੇ ਪਿੱਛੇ ਪਿੱਛੇ ਸਾਡਾ ਝੰਡਾ ਅਤੇ ਉਸ ਝੰਡੇ ਦੇ ਪਿੱਛੇ ਫ਼ੌਜ ਪਹੁੰਚ ਜਾਂਦੀ ਹੈ। ਪੈਸਾ ਬੈਂਕਰਾਂ ਦਾ ਲੱਗਿਆ ਹੁੰਦਾ ਹੈ, ਉਸ ਨੂੰ ਬਚਾਉਣ ਵਧਾਉਣ ਲਈ ਫ਼ੌਜਾਂ ਵਰਤੀਆਂ ਜਾਂਦੀਆਂ ਹਨ। ਲੜਾਈ ਕੇਵਲ ਦੋ ਹਾਲਤਾਂ ਵਿਚ ਜਾਇਜ਼ ਹੈ—ਇਕ ਆਪਣੇ ਘਰ ਦੀ ਰੱਖਿਆ ਲਈ ਅਤੇ ਦੂਜੇ ਆਪਣੇ ਸੰਵਿਧਾਨਕ ਹੱਕਾਂ ਲਈ। ਕਿਸੇ ਵੀ ਹੋਰ ਕਾਰਨ ਲੜਾਈ ਇਕ ਮਹਾਂ ਠੱਗੀ ਹੈ।"

"ਫ਼ੌਜੀ ਜੁੰਡਲੀ ਦੇ ਮਦਾਰੀ-ਥੈਲੇ ਅੰਦਰ ਕਿਸੇ ਛਲਾਵੇ/ਹੱਥ ਸਫ਼ਾਈ ਦੀ ਕਮੀ ਨਹੀਂ। ਉਸ ਦੇ ਝੋਲੇ ਵਿਚ 'ਨਿਸ਼ਾਨਵਾਨ' ਦੁਸ਼ਮਨ ਢੂੰਡਦੇ ਹਨ, 'ਲੱਠ-ਬਾਜ਼' ਹਨ ਦੁਸ਼ਮਨ ਨੂੰ ਮੁਕਾਉਣ ਲਈ, 'ਸੋਚਵਾਨ' ਹਨ ਜੰਗੀ ਤਿਆਰੀਆਂ ਲਈ ਅਤੇ ਸਭਨਾਂ ਦੇ ਪਿੱਛੇ ਖੜਾ ਹੈ 'ਬਿੱਗ ਬੌਸ' ਭਾਵ ਅੰਤਰਰਾਸ਼ਟਰੀ ਸਰਮਾਇਆਦਾਰੀ।"

"ਇਕ ਫ਼ੌਜੀ ਦੇ ਮੂੰਹੋਂ ਅਜਿਹੀ ਤੁਲਨਾ ਸ਼ਾਇਦ ਜਚਦੀ ਨਾ ਹੋਵੇ, ਪਰ ਸੱਚ ਮੇਰੀ ਮਜਬੂਰੀ ਹੈ। ਮੈਂ ਜ਼ਿੰਦਗੀ ਦੇ ਤੇਤੀ ਸਾਲ ਆਪਣੇ ਦੇਸ ਦੀ ਸਭ ਤੋਂ ਫੁਰਤੀਲੀ ਫ਼ੌਜ 'ਮੇਰੀਨਜ਼' ਵਿਚ ਦੂਜੇ ਲਫ਼ਟੈਨ ਤੋਂ ਲੈ ਕੇ ਮੇਜਰ-ਜਨਰਲ ਤਕ ਸੇਵਾ ਕੀਤੀ ਹੈ। ਇਸ ਵਿੱਚੋਂ ਬਹੁਤ ਸਮਾਂ ਮੈਂ ਬੈਂਕਰਾਂ ਅਤੇ ਵੱਡੇ ਵਪਾਰੀਆਂ ਲਈ ਇਕ ਉੱਚ-ਪਧਰਾ ਲੱਠ-ਬਾਜ਼ ਬਣ ਕੇ ਹੀ ਸੇਵਾ ਕੀਤੀ ਹੈ। ਸਰਮਾਇਆਦਾਰੀ ਲਈ ਮੈਂ ਇਕ ਮਹਾਂ-ਗੁੰਡਾ ਸਾਂ। ਪਹਿਲਾਂ ਤਾਂ ਮੈਨੂੰ ਸੰਦੇਹ ਹੀ ਸੀ, ਪਰ ਹੁਣ ਮੈਨੂੰ ਯਕੀਨ ਹੈ। ਹੋਰ ਸਭਨਾਂ ਫ਼ੌਜੀਆਂ ਵਾਂਗੂੰ ਮੈਂ ਨੌਕਰੀ ਦੇ ਵੇਲੇ, ਆਪਣੇ ਬਾਰੇ ਕਦੇ ਨਹੀਂ ਸੀ ਸੋਚਿਆ। ਸਦਾ ਉਪਰਲਿਆਂ ਦੇ ਹੁਕਮ ਹੀ ਸੁਣਦਾ ਅਤੇ ਮੰਨਦਾ ਰਿਹਾਂ, ਜਾਣੋ ਮੈਂ ਆਪਣੇ ਦਿਮਾਗ਼ ਨੂੰ ਛਿੱਕੂ ਉੱਤੇ ਟੰਗਿਆ ਹੋਇਆ ਸੀ। ਨੌਕਰੀ ਸਮੇਂ ਹਰ ਫ਼ੌਜੀ ਦੇ ਨਾਲ ਇੰਜ ਹੀ ਵਾਪਰਦਾ ਹੈ।"

"1914 ਵਿਚ ਅਮਰੀਕਨ ਤੇਲ ਕੰਪਨੀਆਂ ਲਈ ਮੈਕਸੀਕੋ, ਖ਼ਾਸ ਕਰ ਟੈਂਪੀਕੋ ਦਾ ਇਲਾਕਾ ਕਾਬੂ ਕੀਤਾ। ਇਸ ਪਿੱਛੋਂ ਹੇਟੀ ਅਤੇ ਕਿਊਬਾ, ਕਮਾਈ ਕਰਨ ਲਈ ਨੈਸ਼ਨਲ ਸਿਟੀ ਬੈਂਕ ਦੇ ਹਵਾਲੇ ਕੀਤਾ। ਵਾਲ-ਸਟਰੀਟ (ਬੈਂਕਰਾਂ ਅਤੇ ਸ਼ੇਅਰ ਬਜ਼ਾਰ ਦਾ ਗੜ੍ਹ) ਦੀ ਸੇਵਾ ਲਈ ਕੇਂਦਰੀ ਅਮਰੀਕਨ ਦੇਸਾਂ ਨੂੰ ਲੁੱਟਿਆ। ਮਹਾਂ ਠੱਗੀਆਂ ਦਾ ਇਤਿਹਾਸ ਲੰਮਾ ਹੈ। 1909-1912 ਵਿਚ ਮੈਂ ਬਰਾਊਨ ਬ੍ਰਦਰਜ਼ ਬੈਂਕਰਾਂ ਲਈ ਨਿਕਾਰਗੋਆ ਕਾਬੂ ਕੀਤਾ। 1916 ਵਿਚ ਡੋਮੀਨੀਕਨ ਰੀਪਬਲਿਕ ਖੰਡ-ਅਜਾਰੇਦਾਰਾਂ ਦੇ ਹਵਾਲੇ ਕੀਤਾ। ਚੀਨ ਅੰਦਰ ਸਟੈਂਡਰਡ ਆਇਲ ਕੰਪਨੀ ਦੀ ਸੇਵਾ-ਸੰਭਾਲ ਕੀਤੀ।"

"ਓਦੋਂ ਵੀ ਮੇਰੇ ਕਈ ਸਾਥੀ ਕਹਿੰਦੇ ਹੁੰਦੇ ਸਨ ਕਿ ਅਸੀਂ ਇਕ ਮਹਾਂ ਠੱਗੀ ਵਿਚ ਸ਼ਰੀਕ ਹਾਂ। ਹੁਣ ਜਦ ਮੈਂ ਸਭ ਕੁਝ ਜਾਣਦਾਂ, ਤਾਂ ਮੈਨੂੰ ਇੰਜ ਲੱਗਦਾ ਹੈ, ਅਲ-ਕਪੋਨੇ ਦੇ ਮਾਫ਼ੀਆ ਨੂੰ ਮੈਂ ਕਈ ਗੁਰ ਸਿਖਾ ਸਕਦਾਂ।"

ਇਹ ਨੇ ਮੇਜਰ ਜਨਰਲ ਸਮੈਡਲੇ ਬਟਲਰ ਦੀ 1933 ਵਿਚ ਦਿੱਤੀ ਤਕਰੀਰ ਵਿੱਚੋਂ ਕੁਝ ਕੁ ਅੰਸ਼।

ਕੇਂਦਰੀ ਅਮਰੀਕਨ ਅਤੇ ਕਰੇਬੀਅਨ ਟਾਪੂਆਂ ਨੂੰ ਬੈਨਾਨਾ-ਰੀਪਬਲਿਕਸ ਜਾਂ ਕੇਲਾ-ਦੇਸ ਕਿਹਾ ਜਾਂਦਾ ਸੀ, ਕਿਉਂਕਿ ਹੋਰ ਅਮਰੀਕੀ ਲਾਭਾਂ ਤੋਂ ਇਲਾਵਾ ਇਨ੍ਹਾਂ ਦਾ ਮੁਖ ਕੰਮ ਹੁੰਦਾ ਸੀ—ਅਮਰੀਕਾ ਲਈ ਕੇਲੇ ਪੈਦਾ ਕਰਨੇ।*

ਦੂਜੀ ਵਿਸ਼ਵ ਜੰਗ ਅਤੇ ਉਸ ਪਿੱਛੋਂ ਬੇਅੰਤ ਜੰਗਾਂ, ਏਸ਼ੀਆ, ਮੱਧ ਏਸ਼ੀਆ, ਦੱਖਣੀ ਅਮਰੀਕਾ ਅਤੇ ਸੋਵੀਅਤ ਸੰਘ ਨਾਲ ਠੰਢੀ ਜੰਗ ਦੇ ਪਿੱਛੇ ਬੈਂਕਰਾਂ ਦਾ ਪਰਛਾਵਾਂ ਸੀ ਅਤੇ ਅੱਜ ਵੀ ਅਮਰੀਕਾ ਦੇ ਕੁਲ ਮੰਦ-ਕਾਰਿਆਂ ਦੇ ਪਿੱਛੇ ਉਹ ਡਟ ਕੇ ਖੜੇ ਹਨ। ਕੁਲ ਅੰਤਰਰਾਸ਼ਟਰੀ ਜੰਗਾਂ ਮੁਜਰਮੀ ਕਾਰਵਾਈਆਂ ਸਨ, ਜੋ ਅੰਤਰਰਾਸ਼ਟਰੀ ਕਾਨੂੰਨਾਂ ਦੇ ਸਾਹਮਣੇ ਸਜ਼ਾਵਾਂ ਲਈ ਫਰੋਲੀਆਂ ਜਾ ਸਕਦੀਆਂ ਹਨ। ਪਰ, ਜਿਸਦੀ ਲਾਠੀ ਉਸ ਦੀ ਭੈਂਸ।

ਹੁਣੇ ਜਿਹੇ ਮਿੱਟ ਰੋਮਨੀ ਨੇ ਕਿਤਾਬ ਛਾਪੀ ਹੈ, *ਕੋਈ ਖਿਮਾ ਨਹੀਂ—ਅਮਰੀਕਨ ਮਹਾਨਤਾ ਦੀ ਕਹਾਣੀ*। ਉਸ ਨੂੰ ਪੁੱਛਿਆ ਗਿਆ ਪਈ ਇਹ ਖਿਮਾ ਵਾਲੀ ਗੱਲ ਦਾ ਮੁਆਮਲਾ ਕੀ ਹੈ ? ਉਸ ਜੁਆਬ ਦਿੱਤਾ, "ਸਾਥੋਂ ਕੁਝ ਭੁੱਲਾਂ ਹੋਈਆਂ

ਹਨ, ਪਰ ਸਾਡਾ ਰਿਕਾਰਡ ਹੈ ਕਿ ਅਸਾਂ ਕੁੱਲ ਦੁਨੀਆਂ ਅੰਦਰ ਆਜ਼ਾਦੀ, ਅਮਨ ਅਤੇ ਖ਼ੁਸ਼ਹਾਲੀ ਨੂੰ ਵਧਾਇਆ ਹੈ। ਵਾਸ਼ਿੰਗਟਨ ਅੰਦਰ ਇੰਜ ਵੀ ਕਿਹਾ ਜਾਂਦੈ ਕਿ ਅਮਰੀਕਾ ਨਾਲੋਂ ਕਈ ਹੋਰ ਦੇਸ ਅੱਗੇ ਲੰਘ ਸਕਦੇ ਹਨ। ਜੇ ਇੰਜ ਹੋਇਆ ਤਾਂ ਆਜ਼ਾਦੀ ਅਤੇ ਵਿਸ਼ਵ ਸ਼ਾਂਤੀ ਖ਼ਤਰੇ ਵਿਚ ਪੈ ਜਾਣਗੀਆਂ।" ਅਮਰੀਕਾ ਦੀਆਂ ਕੀਤੀਆਂ ਵਧੀਕੀਆਂ ਪਿੱਛੇ ਮੁਆਫ਼ੀ ? ਰਾਮ ਰਾਮ ਬੋਲੋ ਜੀ। ਵੱਡੇ ਬੁਸ਼ ਦਾ ਏਸ ਬਾਰੇ ਬਿਆਨ ਇਹ ਸੀ, "ਮੈਂ ਅਮਰੀਕਾ ਵੱਲੋਂ ਕਦਾਚਿਤ ਖਿਮਾ ਨਹੀਂ ਮੰਗਾਂਗਾ। ਮੈਨੂੰ ਏਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਿ ਅਸਲੀਅਤ ਕੀ ਹੈ!" ਇਹ ਬਿਆਨ ਉਸ ਨੇ ਉਸ ਸਮੇਂ ਦਿੱਤਾ ਜਦੋਂ ਅਮਰੀਕਨ ਨੇਵੀ ਦੀ ਇਕ ਮਿਸਾਈਲ ਨੇ 1988 ਵਿਚ ਇਰਾਨੀ ਸਿਵਲ ਹਵਾਈ ਸੇਵਾ ਨੰ: 655 ਨੂੰ ਉਡਾ ਦਿੱਤਾ। ਇਸ ਉਡਾਣ ਵਿਚ 290 ਯਾਤਰੂ ਸਨ ਜਿਨ੍ਹਾਂ ਵਿਚ 66 ਬੱਚੇ ਸਨ। ਜਿਨ੍ਹਾਂ ਦੇ ਮਰ ਗਏ, ਉਨ੍ਹਾਂ ਲਈ ਤਾਂ ਇਸ ਬਿਆਨ ਨੇ ਮਲ੍ਹਮ ਦਾ ਕੰਮ ਕੀਤਾ ਹੋਵੇਗਾ!

## ਵੀਅਤਨਾਮ ਉੱਤੇ ਨੇਕੀਆਂ

ਅਮਰੀਕਨ ਗਾਂਧੀ ਮਾਰਟਿਨ ਲੂਥਰ ਕਿੰਗ ਨੇ 1967 ਵਿਚ ਇਕ ਤਕਰੀਰ ਸਮੇਂ ਕਿਹਾ, "ਸਾਡੀਆਂ ਸਿੰਗ-ਫਸਾਈਆਂ ਬੜੀਆਂ ਇਤਿਹਾਸਕ ਅਤੇ ਹਾਨੀਕਾਰਕ ਰਹੀਆਂ ਹਨ। 1945 ਵਿਚ ਵੀਅਤਨਾਮੀਆਂ ਨੇ ਫ਼ਰਾਂਸੀਸੀ ਅਤੇ ਜਾਪਾਨੀ ਗ਼ੁਲਾਮੀ ਦਾ ਜੂਲਾ ਲਾਹਿਆ। ਉਸ ਸਮੇਂ ਚੀਨ ਵਿਚ ਵੀ ਹਾਲਾਂ ਕਮਿਊਨਿਸਟ ਇਨਕਲਾਬ ਨਹੀਂ ਸੀ ਆਇਆ। ਹੋ ਚੀ ਮਿਨ ਦੀ ਅਗਵਾਈ ਹੇਠ ਉਨ੍ਹਾਂ ਨੇ 'ਅਮਰੀਕਨ ਆਜ਼ਾਦੀ ਦਾ ਐਲਾਨ' ਦੀਆਂ ਲੀਹਾਂ ਉੱਤੇ ਆਪਣੇ ਸੰਵਿਧਾਨ ਨੂੰ ਨਕਸ਼ਬੰਦ ਕੀਤਾ। ਪਰ ਉਨ੍ਹਾਂ ਦੀ ਆਜ਼ਾਦੀ ਕਬੂਲ ਕਰਨ ਦੀ ਥਾਂ ਅਸਾਂ ਫ਼ਰਾਂਸ ਨੂੰ ਮਦਦ ਦੇਣ ਦੀ ਠਾਣੀ ਤਾਂ ਜੋ ਉਹ ਆਪਣੀ ਬਸਤੀ ਫੇਰ ਕਾਬੂ ਕਰ ਲਵੇ। ਸਾਡੀ ਗੌਰਮਿੰਟ ਦੀ ਇਹ ਸੋਚਣੀ ਸੀ ਕਿ ਵੀਅਤਨਾਮੀ ਲੋਕ ਹਾਲਾਂ ਆਜ਼ਾਦੀ ਲਈ 'ਤਿਆਰ' ਨਹੀਂ ਹਨ। ਵੀਅਤਨਾਮੀ ਗੌਰਮਿੰਟ ਵਿਚ ਕੇਵਲ ਕੁਝ ਕੁ ਕਮਿਊਨਿਸਟ ਸਨ। ਏਸ ਕਿਸਾਨੀ ਦੇਸ ਦੀ ਮੰਗ ਅਤੇ ਲੋੜ ਜ਼ਮੀਨੀ ਸੁਧਾਰ ਸਨ ਤਾਂ ਜੋ ਲੋਕ ਆਪਣਾ ਪਾਲਣ-ਪੋਸ਼ਣ ਕਰ ਸਕਣ। ਪਰ ਅਸਾਂ ਨੌਂ ਸਾਲ ਉਨ੍ਹਾਂ ਦੀ ਅਜ਼ਾਦੀ ਨੂੰ ਡੱਕਾ ਲਾਈ ਰੱਖਿਆ। ਜੰਗ ਦੇ ਆਖ਼ਰੀ ਸਮੇਂ ਅਸੀਂ ਫ਼ਰਾਂਸੀਸੀਆਂ ਦਾ 80% ਖ਼ਰਚਾ ਆਪਣੇ ਉੱਤੇ ਚੁੱਕ ਰਹੇ ਸਾਂ।"

ਯਾਦ ਰਹੇ, ਮਾਰਟਿਨ ਲੂਥਰ ਕਿੰਗ ਇਹ ਤਕਰੀਰ ਉਸ ਸਮੇਂ ਦੇ ਰਿਹਾ ਸੀ ਜਦੋਂ ਵੀਅਤਨਾਮ ਅੰਦਰ ਅਮਰੀਕਾ ਨੂੰ ਗਾੜ੍ਹੀ ਜੰਗ ਭੜਕਾ ਚੁੱਕਿਆਂ ਤਿੰਨ ਸਾਲ ਹੋ ਗਏ ਸਨ। ਕਿੰਗ ਨੂੰ ਅਗਲੇ ਹੀ ਸਾਲ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਪਿੱਛੋਂ ਉਹਦੀ ਯਾਦ ਅਤੇ ਇੱਜ਼ਤ ਲਈ ਕਈ ਖੇਖਣ ਕੀਤੇ ਗਏ। ਜੰਗ ਤਾਂ ਦਸ ਸਾਲ ਮਚਾਈ ਰੱਖਣ ਤੋਂ ਪਿੱਛੋਂ 1975 ਵਿਚ ਖ਼ਤਮ ਹੋਈ। ਨਿਰਾ ਵੀਅਤਨਾਮ ਹੀ ਨਹੀਂ, ਨਾਲ ਲਗਦੇ ਲਾਓਸ ਅਤੇ ਕੰਬੋਡੀਆ ਸਮੇਤ ਕੋਈ 45 ਲੱਖ ਸ਼ਹਿਰੀ ਕਤਲ ਕੀਤੇ ਗਏ। ਪਿੰਡਾਂ ਦੇ ਪਿੰਡ ਨੇਪਾਮ ਬੰਬਾਂ ਨਾਲ ਸਾੜ ਦਿੱਤੇ ਗਏ। ਪਰ ਅਸ਼ਕੇ ਏਸ ਖਿੱਤੇ ਦੇ ਲੋਕਾਂ ਦੇ, ਜੋ 116 ਸਾਲ ਤੋਂ ਵੀ ਵੱਧ ਸਮੇਂ ਤੋਂ ਆਪਣੀ ਆਜ਼ਾਦੀ ਲਈ ਸੰਘਰਸ਼ ਕਰਦੇ ਪਏ ਸਨ। 'ਜੰਗ ਨਾਲ ਅਮਨ' ਕਰਨ ਵਾਲੀ ਅਮਰੀਕੀ ਫ਼ੌਜ ਦੇ ਕਰੀਬ 60000 ਜਵਾਨ 'ਸ਼ਹੀਦ' ਹੋਏ ਅਤੇ ਤਿੰਨ ਲੱਖ ਤੋਂ ਵੱਧ ਜ਼ਖ਼ਮੀ ਹੋਏ।

ਏਸ ਜੰਗ ਦਾ ਲਾਭ ਕਿਸ ਨੂੰ ਹੋਇਆ ? ਅਮਰੀਕਾ ਨੂੰ ? ਨਹੀਂ। ਹਾਂ, ਜੰਗੀ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਨੂੰ ਚੋਖਾ ਲਾਭ ਹੋਇਆ। ਉਨ੍ਹਾਂ ਕੰਪਨੀਆਂ ਪਿੱਛੇ ਕੌਣ ਸੀ ? ਉਹੀ ਵਿਸ਼ਵ ਵਿਆਪੀ ਬੈਂਕਰ। ਜੋ ਕਮਾਈ ਹਥਿਆਰਾਂ ਉੱਤੇ ਫ਼ਜ਼ੂਲ ਖ਼ਰਚੀ ਅਤੇ ਵਰਤੋਂ ਉੱਤੇ ਹੁੰਦੀ ਹੈ, ਕਿਸੇ ਹੋਰ ਢੰਗ ਨਾਲ ਨਹੀਂ ਹੋ ਸਕਦੀ। ਕੋਰੀਆ ਦੀ ਜੰਗ ਪਿੱਛੋਂ ਵਿਕਸਤ ਕੀਤੇ ਨਵੇਂ ਹਥਿਆਰ ਅਤੇ ਜ਼ਹਿਰੀਲੇ ਬੰਬ ਵਰਤ ਕੇ ਅਜ਼ਮਾਏ ਗਏ। ਵੀਅਤਨਾਮੀ 'ਪੜ੍ਹਾਈ' ਪਿੱਛੋਂ, ਦੇਸਾਂ ਉੱਤੇ ਨਵੇਂ ਹਮਲਿਆਂ ਲਈ ਹਥਿਆਰਾਂ ਵਿਚ ਹੋਰ ਤਰੱਕੀ ਕੀਤੀ ਗਈ। ਰੂਸ ਨਾਲ ਦੁਸ਼ਮਣੀ ਦਾ ਵਾਧਾ ਹੋਇਆ, ਉਸੇ ਦੀ ਕਿਰਪਾ ਨਾਲ ਵੀਅਤਨਾਮੀ ਪੇਂਡੂਆਂ ਨੇ ਮਿਸਾਈਲਾਂ ਵਰਤ ਕੇ 'ਬੀ-52' ਜਿਹੇ ਉੱਚੇ ਉੱਡਣ ਵਾਲੇ ਬੰਬਾਰਾਂ ਨੂੰ ਮਾਰ ਕੇ ਹੇਠਾਂ ਸੁੱਟਿਆ। ਬੀ-52, ਅੱਠ ਮੀਲ ਉੱਚਾ ਉਡਦਾ ਸੀ ਅਤੇ ਪੰਜ ਸੌ ਪੌਂਡ ਭਾਰ ਦੇ ਅੱਸੀ ਅਤੇ ਹੋਰ 750 ਪੌਂਡ ਦੇ ਚੌਵੀ ਬੰਬਾਂ ਦੀ ਬਰਸਾਤ ਕਰਦਾ ਸੀ। ਹਰ ਇਕ ਬੰਬ ਦੇ ਨਾਲ ਤੀਹ ਫੁੱਟ ਚੌੜਾ ਅਤੇ ਪੰਦਰਾਂ ਫੁੱਟ ਡੂੰਘਾ ਟੋਇਆ ਬਣਦਾ ਸੀ। ਪਰ ਜੇ ਇਹ 'ਹਵਾਈ ਕਿਲ੍ਹੇ' ਹੀ ਡਿੱਗਣ ਲੱਗ ਪੈਣ ਤਾਂ ਵੀਅਤਨਾਮੀ ਜੰਗੀ ਮੁਹਿੰਮ ਦਾ ਖ਼ਾਤਮਾ ਨੇੜੇ ਹੀ ਸੀ। ਬੀ-52 ਦੇ ਇਕ ਹਵਾਈ ਹਮਲੇ ਦੇ ਨਾਲ ਸਵਾ ਦੋ ਵਰਗ ਕਿਲੋਮੀਟਰ ਧਰਤੀ ਪੂਰਨ ਰੂਪ ਵਿਚ ਨਸ਼ਟ ਹੋ ਜਾਂਦੀ ਸੀ। ਉਸ ਦੇ ਅੰਦਰ ਲੋਕ ਅਤੇ ਪਿੰਡ ਕਿੰਨੇ ਹੁੰਦੇ ਸਨ ? ਵੀਅਤਨਾਮੀਆਂ ਦਾ ਕਸੂਰ ਕੀ ਸੀ ? ਆਜ਼ਾਦ ਹੋ ਜਾਣ ਦੀ ਇੱਛਾ! ਉਨ੍ਹਾਂ ਨੇ ਫ਼ਰਾਂਸੀਸੀ ਅਤੇ ਜਾਪਾਨੀ ਸਾਮਰਾਜਾਂ

ਨੂੰ ਪਛਾੜ ਕੇ ਇਕ ਨਾਕਾਬਲੇ-ਖਿਮਾ ਜੁਰਮ ਕੀਤਾ। ਉਨ੍ਹਾਂ ਦੇ ਬੇਅੰਤ ਇਲਾਕਿਆਂ ਉੱਤੇ ਕੀਮਿਆਈ ਜ਼ਹਿਰ 'ਏਜੈਂਟ ਆਰੇਂਜ" ਖਿਲਾਰਿਆ ਗਿਆ। ਵੀਅਤਨਾਮੀਆਂ ਨੇ ਤਾਂ ਉਸ ਤੋਂ ਮਰਨਾ ਜਾਂ ਰੋਗੀ ਹੋਣਾ ਹੀ ਸੀ। ਧਰਤੀ ਦੇ ਉੱਤੇ ਲੜਦੇ ਚੋਖੇ ਅਮਰੀਕੀ ਸਿਪਾਹੀ ਵੀ ਘਾਇਲ ਹੋਏ। ਸਰਕਾਰ ਨੇ ਅਜੇ ਤਕ ਆਪਣੀ ਭੁੱਲ ਮੰਨ ਕੇ ਨਾ ਮੁਆਫ਼ੀ ਮੰਗੀ ਹੈ ਅਤੇ ਨਾ ਹੀ ਮੁਆਵਜ਼ਾ ਦਿੱਤਾ ਹੈ। ਕੈਂਸਰ ਅਤੇ ਬੇਅੰਤ ਹੋਰ ਰੋਗਾਂ ਦੇ ਨਾਲ ਜ਼ਖ਼ਮੀ ਫ਼ੌਜੀਆਂ ਦੀ ਬਹੁਗਿਣਤੀ ਅੱਲ੍ਹਾ ਨੂੰ ਪਿਆਰੀ ਹੋ ਚੁੱਕੀ ਹੈ।

ਵੀਅਤਨਾਮ ਦਾ ਥੋੜਾ ਜੇਹਾ ਪਿਛੋਕੜ ਏਸ ਪਿੱਛੇ ਦਿੱਤਾ ਹੈ ਕਿ ਅੱਜ ਦੇ ਇਰਾਕੀ ਅਫ਼ਗਾਨਿਸਤਾਨੀ ਅਤੇ ਪਾਕਿਸਤਾਨੀ ਇਲਾਕਿਆਂ ਅੰਦਰ ਅਮਰੀਕੀ-ਨਾਟੋ ਫ਼ੌਜੀ ਕਾਰਵਾਈ ਦੀ ਤੇਜ਼ੀ ਅਤੇ ਗਹਿਰਾਈ ਨੂੰ ਸਮਝਣ ਵਿਚ ਕੁਝ ਮਦਦ ਮਿਲ ਸਕੇ। ਹਮੇਸ਼ਾ ਦੇ ਵਾਂਗ, 'ਦੜ ਵੱਟ ਜ਼ਮਾਨਾ ਕੱਟ' ਦੇ ਨਾਲ ਭਲੇ ਦਿਨ ਨਹੀਂ ਆ ਸਕਦੇ, ਕੇਵਲ ਸਾਮਰਾਜ ਨੂੰ ਪਛਾੜਨ ਦੇ ਨਾਲ ਆ ਸਕਣਗੇ। ਅੱਜ ਉਹ ਵੀ ਅਤਿਅੰਤ ਸ਼ਕਤੀਸ਼ਾਲੀ ਅਤੇ ਢੀਠ ਹੈ। ਨੌਂ ਸਾਲਾਂ ਤੋਂ ਚੱਲਦੀ ਆ ਰਹੀ ਖ਼ਰਚੀਲੀ ਜੰਗ ਨੇ ਉਸ ਦਾ ਘਰੇਲੂ ਸਤਿਆਨਾਸ ਕੀਤਾ ਹੈ, ਪਰ ਉਸ ਦੇ ਚਾਲੇ ਬਦਲੇ ਨਹੀਂ। ਉਹ ਤਾਂ ਅਗਲਾ ਯੁੱਧ ਈਰਾਨ ਦੇ ਉੱਤੇ ਛੇੜਨ ਦੇ ਬਹਾਨੇ ਢੂੰਡ ਰਿਹਾ ਹੈ। ਆਉ ਜ਼ਰਾ ਈਰਾਨ ਦੇ ਨਾਲ ਪਿਛਲੀ ਪ੍ਰੇਮ-ਕਹਾਣੀ ਦੀ ਸਾਰ ਲੈ ਲਈਏ।

1953 ਵਿਚ ਈਰਾਨ ਦਾ ਪ੍ਰਧਾਨ ਮੰਤਰੀ ਸੀ ਮੁਹੰਮਦ ਮੁਸੱਦਕ। ਉਸ ਨੂੰ ਲੋਕਾਂ ਨੇ ਖੁੱਲ੍ਹੀਆਂ ਚੋਣਾਂ ਦੇ ਨਾਲ ਚੁਣਿਆ ਸੀ। ਉਸ ਨੇ ਈਰਾਨ ਦੇ ਤੇਲ ਨੂੰ ਲੁੱਟ-ਖਸੁੱਟ ਤੋਂ ਬਚਾ ਕੇ ਦੇਸ ਦੀ ਮਲਕੀਅਤ ਬਣਾ ਦਿੱਤਾ। ਏਸ ਦੇ ਨਾਲ ਸਾਮਰਾਜੀ ਸ਼ਕਤੀਆਂ ਨੂੰ ਢਿੱਡ ਪੀੜ ਤਾਂ ਹੋਣੀ ਹੀ ਸੀ। ਪ੍ਰਧਾਨ ਆਈਜ਼ਨਹਾਵਰ ਦੀ ਛਤਰ ਛਾਇਆ ਹੇਠ, ਸੀ.ਆਈ.ਏ. ਨੇ ਪ੍ਰਧਾਨ ਮੰਤਰੀ ਮੁਸੱਦਕ ਦਾ ਤਖ਼ਤਾ ਉਲਟਾ ਕੇ ਉਸ ਦਾ ਕਤਲ ਕੀਤਾ ਅਤੇ ਰਾਜ ਕਰਨ ਲਈ ਬਿਠਾਲ ਦਿੱਤੇ ਬਾਦਸ਼ਾਹ ਮੁਹੰਮਦ ਰਜ਼ਾ ਪਹਿਲਵੀ ਜਾਂ ਸ਼ਾਹ ਈਰਾਨ। ਸ਼ਾਹ ਜੀ ਨੇ ਆਪਣੇ ਪੈਰ ਜਮਾਉਣ ਅਤੇ ਰਾਜ ਕਾਇਮ ਰੱਖਣ ਲਈ ਕੁਲ ਦੇਸ ਦੇ ਅੰਦਰ, ਖ਼ੁਫ਼ੀਆ ਪੁਲੀਸ ਦਾ ਜਾਲ ਵਿਛਾ ਦਿੱਤਾ। ਦਹਿਸ਼ਤੀ ਰਾਜ ਅੰਦਰ ਉਸ ਨੇ ਦੇਸ ਨੂੰ ਆਧੁਨਿਕ ਬਣਾਉਣ ਲਈ ਵੀ ਚੋਖਾ ਖ਼ਰਚ ਕੀਤਾ। ਅਮਰੀਕਨ ਕੰਪਨੀਆਂ ਤੇਲ-ਭੰਡਾਰ ਕਾਬੂ ਕਰ ਗਈਆਂ। ਉਨ੍ਹਾਂ ਦੀ ਰਾਇਲਟੀ ਨਾਲ ਹੀ ਈਰਾਨੀ ਸ਼ਹਿਰ ਖ਼ੂਬਸੂਰਤ ਹੋਏ, ਬੇਅੰਤ ਹਸਪਤਾਲ ਅਤੇ ਸਿਖਲਾਈ ਅਦਾਰੇ ਖੋਲ੍ਹੇ ਗਏ। ਕਿਹਾ ਗਿਆ ਕਿ ਤੇਲ-ਭੰਡਾਰ ਤਾਂ ਇਕ ਦਿਨ ਮੁੱਕ ਜਾਣਗੇ, ਏਸ ਲਈ ਏਥੇ ਪ੍ਰਮਾਣੂ ਸ਼ਕਤੀ ਦਾ ਵਿਕਾਸ ਹੋਣਾ ਚਾਹੀਦਾ ਹੈ। ਏਸ ਪਿੱਛੋਂ ਦੋ ਦਰਜਨ ਤੋਂ ਵੱਧ ਐਟਾਮਿਕ ਰੀਐਕਟਰ ਅਮਰੀਕਨ ਕੰਪਨੀਆਂ ਵੱਲੋਂ ਬਣਨੇ ਸ਼ੁਰੂ ਹੋ ਗਏ। ਵੇਖਣ ਨੂੰ ਈਰਾਨ ਦਾ ਯੂਰਪੀ-ਕਰਨ ਹੋ ਰਿਹਾ ਸੀ, ਪਰ ਹੇਠਾਂ ਖ਼ਲਕਤ ਸ਼ਾਹ ਦੀ ਖ਼ੁਫ਼ੀਆ ਪੁਲੀਸ ਹੱਥੋਂ ਚੋਖੀ ਦੁਖੀ ਸੀ। ਟੈਲੀਵਿਯਨ ਉੱਤੇ ਕੇਵਲ ਦੋ ਹੀ ਜਣੇ ਛਾਏ ਹੋਏ ਸਨ—ਸ਼ਾਹ ਈਰਾਨ ਅਤੇ ਮਲਕਾ ਸੁਰਈਆ।

ਆਈਜ਼ਨਹਾਵਰ ਦੀ ਸਵੀਕ੍ਰਿਤੀ ਨਾਲ 1953 ਵਿਚ ਈਰਾਨੀ ਰਾਜ-ਪਲਟਾ ਅਖ਼ੀਰ ਮਹਿੰਗਾ ਪਿਆ। ਸ਼ਾਹ ਦੇ ਸ਼ਖ਼ਸੀ ਰਾਜ ਅਤੇ ਜ਼ੁਲਮ ਨੇ, ਖ਼ਲਕਤ ਨੂੰ ਖ਼ਾਲਕ ਬਣਾ ਕੇ, 1979 ਵਿਚ ਈਰਾਨ ਦੇ ਅੰਦਰ ਇਨਕਲਾਬ ਲੈ ਆਂਦਾ। ਸ਼ਾਹ ਨੂੰ ਭੱਜਣਾ ਪਿਆ, 'ਈਰਾਨ ਦੀ ਇਸਲਾਮੀ ਹਕੂਮਤ' ਹੋਂਦ ਵਿਚ ਆਈ।

1979 ਦਾ ਈਰਾਨੀ ਇਨਕਲਾਬ ਮੇਰੇ ਲਈ ਭੇਦ ਭਰਿਆ ਹੈ। ਮੈਂ ਸਮਝਦਾ ਹਾਂ ਕਿ ਪਿਛਲੀ ਸਦੀ ਦੀ ਇਹ ਸਭ ਤੋਂ ਵੱਡੀ ਘਟਨਾ ਸੀ। ਸਥਾਨਕ ਲੋਕਾਂ ਨੇ, ਸਾਧਾਰਨ ਲੋਕਾਂ ਨੇ, ਸ਼ਾਹ ਦੀ ਸ਼ਕਤੀਸ਼ਾਲੀ ਜਕੜ ਨੂੰ ਕਿਵੇਂ ਪੋਲਾ ਕੀਤਾ ਅਤੇ ਤੋੜਿਆ, ਉਹ ਵੀ ਬਿਨਾਂ ਕਿਸੇ ਬਾਹਰੀ ਸ਼ਕਤੀ ਦੀ ਮਦਦ ਦੇ, ਇਕ ਖੋਜੀ ਨਾਵਲ ਦਾ ਵਿਸ਼ਾ ਬਣ ਸਕਦੀ ਹੈ। 1953 ਦੇ ਈਰਾਨੀ ਰਾਜ ਪਲਟੇ ਅਤੇ ਢਾਹੇ ਗਏ ਜ਼ੁਲਮਾਂ ਲਈ ਮੁਆਫ਼ੀ ਨਹੀਂ ਮੰਗਣੀ ? ਸਾਲ 2000 ਵਿਚ ਰਾਜ-ਸਕੱਤਰ ਮੈਡਲੀਨ ਆਲਬ੍ਰਾਈਟ ਬਸ ਐਥੋਂ ਤਕ ਮੁਆਫ਼ੀ ਮੰਗ ਸਕੀ, "ਆਈਜ਼ਨਹਾਵਰ ਪ੍ਰਸ਼ਾਸਨ ਇਹ ਮੰਨਦਾ ਸੀ ਕਿ ਲੰਮੀ ਸੋਚ ਅਨੁਸਾਰ ਉਨ੍ਹਾਂ ਨੇ ਜੋ ਵੀ ਕੀਤਾ, ਠੀਕ ਕੀਤਾ...ਪਰ ਇਸ ਰਾਜ ਪਲਟੇ ਨੇ ਈਰਾਨ ਦੀ ਸਿਆਸੀ ਤਰੱਕੀ ਨੂੰ ਪਿੱਛੇ ਰੋਕਿਆ।" ਅਗਲੇ ਲਫ਼ਜ਼ ਗ਼ੌਰ ਕਰਨ ਵਾਲੇ ਹਨ, "ਇਹ ਅਸਾਨੀ ਨਾਲ ਸਮਝ ਆਉਂਦੀ ਹੈ ਕਿ ਲੋਕ ਹਾਲ ਦੀ ਅਮਰੀਕਨ ਦਖ਼ਲ-ਅੰਦਾਜ਼ੀ ਦੇ ਵਿਰੁੱਧ ਕਿਉਂ ਹਨ।" ਇਹ ਜੇ ਹੁਣ ਤਕ ਦੀ ਵੱਡੀ ਤੋਂ ਵੱਡੀ ਮੁਆਫ਼ੀ! ਜਿਵੇਂ ਤੂੜੀ ਦੇ ਵੱਡੇ ਭੰਡਾਰ ਦੇ ਹੇਠਾਂ ਇਕ ਸੂਈ।

ਬੈਂਕਰ 'ਜ਼ੋਰਾਵਰ' ਨੂੰ ਨਕੇਲ ਪਾਉਣ ਵਾਲਾ ਕੋਈ ਰਿਹਾ ਨਹੀਂ। ਉਹ ਆਪ ਹੀ ਥਾਂ ਥਾਂ ਲੋਕਾਈ ਨੂੰ ਆਪਣੀ ਸਰਬ-ਵਿਆਪੀ ਸ਼ਕਤੀ ਦਾ ਵਿਖਾਵਾ ਕਰਨ ਲਈ ਡਾਕੂ-ਜੰਗਾਂ ਦੀ ਦਲਦਲ ਵਿਚ ਖੁੱਭਦਾ ਜਾ ਰਿਹਾ ਹੈ। ਅੰਤ ਉਸ ਦਾ ਨੇੜੇ ਹੈ ਜਾਂ ਉਹ ਮਨੁੱਖਤਾ ਦਾ ਅੰਤ ਕਰੇਗਾ ?

# ਇਰਾਕ ਉੱਤੇ ਅਮਰੀਕਾ ਦਾ ਪਹਿਲਾ ਧਾਵਾ

ਇਹ ਧਾਵਾ ਸੰਨ 1991 ਵਿਚ ਕੀਤਾ ਗਿਆ। ਦੂਜਾ ਧਾਵਾ 2003 ਤੋਂ ਜਾਰੀ ਹੈ। ਸਹਿਮ ਇਕ ਬੜਾ ਵੱਡਾ ਹਥਿਆਰ ਹੈ। ਉਹ ਸੋਚਣ ਸ਼ਕਤੀ ਦੇ ਉਪਰ ਹਾਵੀ ਹੋ ਜਾਂਦਾ ਹੈ ਅਤੇ ਸਹਿਮਿਆ ਵਿਅਕਤੀ, ਸ਼ਹਿਰ ਜਾਂ ਕੁੱਲ ਇਲਾਕਾ, ਕਿਸੇ ਹੋਰ ਦਾ ਆਸਰਾ ਢੂੰਡਣ ਲੱਗ ਪੈਂਦਾ ਹੈ। ਇਤਿਹਾਸ ਵਿਚ ਬੇਅੰਤ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ, ਜਿਸ ਵਿਚ ਸਹਿਮ ਪਾਉਣ ਵਾਲਾ ਹੀ ਬਚਾਉਣ ਵਾਲੇ ਦੇ ਰੂਪ ਵਿਚ ਆਪਣੇ ਆਪ ਸਾਹਮਣੇ ਆ ਜਾਂਦਾ ਹੈ। ਸਮਾਜ ਵਿਚ ਬੇਅੰਤ ਲੋਕ ਤਾੜ ਜਾਂਦੇ ਹਨ ਕਿ ਏਹੀ ਨੇਤਾ ਤਾਂ ਸਹਿਮ-ਦਾਤਾ ਹੈ। ਪਰ ਉਨ੍ਹਾਂ ਦੀ ਰਾਇ ਜਾਂ ਸਮਝ ਨੂੰ ਕੌਣ ਪੁੱਛਦਾ ਹੈ, ਜਿੱਥੇ ਨੇਤਾ ਨਾਲ ਗੁੰਡਿਆਂ ਦੇ ਟੋਲੇ ਹੋਣ ਜਾਂ ਸੱਤਾ ਵਿਚ ਹੋਣ ਕਾਰਨ ਫ਼ੌਜ ਦੀ ਕਮਾਨ ਪਹਿਲਾਂ ਹੀ ਹੱਥ ਵਿਚ ਹੋਵੇ। ਭਾਈ ਜਿਹੜਾ ਪਹਿਲਾਂ ਹੀ ਗੱਦੀ ਉੱਤੇ ਬੈਠਾ ਹੋਇਆ ਹੈ, ਉਸ ਨੂੰ ਕੀ ਲੋੜ ਹੈ ਆਪਣੀ ਹੀ ਰਿਆਇਆ ਉੱਤੇ ਸਹਿਮ ਦਾ ਹਥਿਆਰ ਵਰਤਣ ਦੀ! ਪਰ ਹੁੰਦਾ ਇਸਦੇ ਬਿਲਕੁਲ ਉਲਟ ਹੈ, ਉਹ ਇਹ ਹਥਿਆਰ ਵਰਤਣਾ ਜ਼ਰੂਰੀ ਸਮਝਦੇ ਹਨ। ਜਿਥੇ ਸ਼ਖ਼ਸੀ ਰਾਜ ਹੈ ਅਤੇ ਰਾਜਾ ਆਪ ਹੀ ਕਾਨੂੰਨ ਹੈ, ਉਥੇ ਲੋਕਾਂ ਨੂੰ ਸਹਿਮਾ ਕੇ, ਰਾਜਾ ਆਪਣਾ ਕੱਦ ਉੱਚਾ ਕਰ ਲੈਂਦਾ ਹੈ, ਪਰ ਲੋਕਾਂ ਅਤੇ ਦੇਸ ਅੰਦਰ ਕੋਈ ਬੁਨਿਆਦੀ ਫ਼ਰਕ ਨਹੀਂ ਪੈਂਦਾ। ਪਰ ਜਿਨ੍ਹਾਂ ਦੇਸਾਂ ਦੇ ਸੰਵਿਧਾਨ ਹਨ, ਕਾਇਦੇ ਕਾਨੂੰਨ ਹਨ, ਉਥੇ ਸਹਿਮ ਦਾ ਹਥਿਆਰ ਦੋ ਤਰ੍ਹਾਂ ਕੰਮ ਕਰਦਾ ਹੈ। ਜੇ ਇਲੈਕਸ਼ਨਾਂ ਨੇੜੇ ਹਨ ਤਾਂ ਨੇਤਾ ਆਪਣੇ ਹੱਕ ਵਿਚ ਵੋਟਾਂ ਵਧਣ ਦੀ ਉਮੀਦ ਕਰਦਾ ਹੈ। ਜੇ ਉਹ ਪਹਿਲਾਂ ਹੀ ਤਾਕਤ, ਸ਼ਾਸਕ ਦੀ ਕੁਰਸੀ ’ਤੇ ਬੈਠਾ ਹੋਇਆ ਹੈ ਤਾਂ ਉਸ ਦੇ ਸਹਿਮ-ਬਾਣ ਦੇ ਨਿਸ਼ਾਨੇ ਹਨ : ਲੋਕਾਂ ਦੇ ਸੰਵਿਧਾਨਿਕ ਹੱਕ, ਜਿਨ੍ਹਾਂ ਦੇ ਆਸਰੇ ਉਹ ਪ੍ਰਧਾਨ ਜਾਂ ਪ੍ਰਧਾਨ ਮੰਤਰੀ ਦੇ ਪੁੱਠੇ ਚਾਲਿਆਂ ਦੇ ਖ਼ਿਲਾਫ਼ ਆਵਾਜ਼ ਉੱਚੀ ਕਰ ਸਕਦੇ ਹਨ। ਭਿਆਨਕ ਸਹਿਮ ਕਈ ਵਾਰ, ਦੇਰ ਲਈ ਲੋਕਾਂ ਦੀ ਸੋਚ ਦੇ ਉੱਤੇ ਹਾਵੀ ਹੋ ਜਾਂਦਾ ਹੈ। ਲੋਕ ਆਪਣੇ ਸ਼ੈਤਾਨ ਨੇਤਾ ਦੀ ਕਿਸੇ ਵੀ ਮਾੜੀ ਸਿਆਸੀ ਜਾਂ ਫ਼ੌਜੀ ਚਾਲ (ਆਮ ਤੌਰ ’ਤੇ ਕਿਸੇ ਦੂਜੇ ਦੇਸ਼ ਉੱਤੇ ਹਮਲਾ ਕਰਨਾ) ਲਈ ਹਾਂ ਵਿਚ ਹਾਂ ਮਿਲਾ ਦਿੰਦੇ ਹਨ। ਲੋਕਾਂ ਦੀ ਹੀ ਰੱਖਿਆ ਲਈ ਭਰਤੀ ਕੀਤੀ ਹੋਈ ਪਿਆਰੀ ਔਲਾਦ ਕਿਸੇ ਨਵੀਂ ਜੰਗ ਦੀ ਭੱਠੀ ਵਿਚ ਝੋਕ ਦਿੱਤੀ ਜਾਂਦੀ ਹੈ। ਲੋਕ ਰਜ਼ਾਮੰਦ ਹੋਣ ਜਾਂ ਨਾ ਹੋਣ, ਅਖ਼ਬਾਰਾਂ ਅਤੇ ਟੀ.ਵੀ. ਪ੍ਰਚਾਰ ਨਕਸ਼ਾ ਇੰਜ ਖਿੱਚਦੇ ਨੇ ਜਿਵੇਂ ਲੋਕ ਪ੍ਰਧਾਨ ਨਾਲੋਂ ਵੀ ਕਾਹਲੇ ਨੇ, ਨਵੀਂ ਜੰਗ ਸ਼ੁਰੂ ਕਰਨ ਲਈ।

ਲਓ ਵੇਖੀਏ, ਜੰਗ ਕਿਉਂ ਅਤੇ ਕਿਵੇਂ ਸ਼ੁਰੂ ਕੀਤੀ ਜਾਂਦੀ ਹੈ। 1989 ਤੋਂ 1993 ਤਕ ਅਮਰੀਕਾ ਦਾ ਪ੍ਰਧਾਨ ਸੀ ਜੌਰਜ ਹਰਬਰਟ ਵਾਕਰ ਬੁਸ਼। ਪਹਿਲਾਂ ਉਹ ਮੀਤ ਪ੍ਰਧਾਨ ਅਤੇ ਸੀ.ਆਈ.ਏ. ਦਾ ਡਾਇਰੈਕਟਰ ਵੀ ਰਹਿ ਚੁੱਕਾ ਸੀ। ਤੇਲ ਦੇ ਵਪਾਰ ਵਿਚ ਉਹ ਚਾਲੀ ਸਾਲ ਦੀ ਉਮਰੇ ਹੀ ਕਰੋੜਾਂਪਤੀ ਬਣ ਚੁੱਕਾ ਸੀ। ਏਸ ਵਪਾਰ ਵਿਚ ਬਿਨ-ਲਾਦੇਨ ਪਰਿਵਾਰ ਦੇ ਨਾਲ ਡੂੰਘੇ ਸੰਬੰਧ ਸਨ।

ਤੇਲ ਕੱਢਦੇ ਦੇਸਾਂ ਦੇ ਸੰਗਠਨ ‘ਓਪੇਕ’ ਬੇਅੰਤ ਤੇਲ ਕੱਢ ਰਹੇ ਸਨ, ਜਿਸ ਕਾਰਨ ਤੇਲ ਮੰਡੀ ਵਿਚ ਕੀਮਤਾਂ ਨੀਵੀਆਂ ਜਾ ਰਹੀਆਂ ਸਨ ਅਤੇ ਮੁਨਾਫ਼ੇ ਘੱਟ ਸਨ। ਤੇਲ ਕੱਢਣ ਵਿਚ ਇਰਾਕ ਦੇਸ ਸਰਗਰਮ ਸੀ, ਜਿਸਦੀ ਧਰਤੀ ਹੇਠ ਮੱਧ ਏਸ਼ੀਆ ਦਾ ਇਕ ਤਿਹਾਈ ਤੇਲ ਸੀ। ਪ੍ਰਧਾਨ ਜਾਰਜ ਬੁਸ਼ ਚਾਹੁੰਦਾ ਸੀ ਜੰਗ ਕਰਨੀ ਤਾਂ ਜੁ ਤੇਲ ਦੀ ਉਪਜ ਰੋਕੀ ਜਾਵੇ। ਬੈਂਕਰ ਲਾਬੀ ਦੇ ਰਾਕਫੈਲਰ ਵੀ ਏਹੀ ਚਾਹੁੰਦੇ ਸਨ। ਜੰਗ ਕਰਨ ਲਈ ਚਾਹੀਦਾ ਸੀ ਇਕ ਪੁਖ਼ਤਾ ਬਹਾਨਾ। ਆਪਣੇ ਆਪ ਸਿੱਧੀ ਜੰਗ ਕਰਨੀ ਔਖੀ ਸੀ। ਏਸ ਲਈ ਜ਼ਰੂਰੀ ਸੀ ਕਿ ਪਹਿਲਕਦਮੀ ਦੂਜੇ ਪਾਸੇ ਤੋਂ ਹੁੰਦੀ ਵਿਖਾਈ ਦੇਵੇ।

ਇਰਾਕ ਅਮਰੀਕਾ ਦਾ ਮਿੱਤਰ ਦੇਸ ਸੀ। ਮੀਤ ਪ੍ਰਧਾਨ ਸੱਦਾਮ ਹੁਸੈਨ ਨੂੰ ਪ੍ਰਧਾਨਗੀ ਵੀ ਸੀ.ਆਈ.ਏ. ਦੀ ਸਹਾਇਤਾ ਨਾਲ ਮਿਲੀ ਸੀ। ਉਪਰੰਤ ਅਮਰੀਕਾ ਦੀ ਪੂਰਨ ਸਹਾਇਤਾ ਦੇ ਨਾਲ, ਇਰਾਕ ਨੂੰ ਈਰਾਨ ਦੇ ਨਾਲ ਅੱਠ ਸਾਲਾ ਜੰਗ ਵਿਚ ਉਲਝਾ ਦਿੱਤਾ ਗਿਆ। ਏਸ ਭਿਆਨਕ ਜੰਗ ਵਿਚ ਇਰਾਕ ਨੇ ਉਹ ਵਰਜਿਤ ਕੀਮਿਆਈ ਅਤੇ ਬੈਕਟੀਰੀਆਈ ਹਥਿਆਰ ਵੀ ਵਰਤੇ ਗਏ, ਜੋ ਅਮਰੀਕਾ ਨੇ ਉਸਨੂੰ ਤੋਹਫ਼ੇ ਵਜੋਂ ਦਿੱਤੇ ਸਨ। ਇਰਾਕ-ਈਰਾਨ ਜੰਗ ਸਮੇਂ ਅਮਰੀਕਾ ਦੀ ਕਠਪੁਤਲੀ ਇਰਾਕ ਦੇਸ ਦੇ ਨਾਲ ਲਗਦੇ ਕੁਵੇਤ ਦੇਸ ਨੂੰ ਵੀ ਜੋੜਿਆ ਗਿਆ। ਕੁਵੇਤ ਨੇ ਆਪ ਕੀ ਲੜਨਾ ਸੀ, ਉਹ ਅਮਰੀਕਾ ਤੋਂ ਆਉਂਦੇ ਹਥਿਆਰਾਂ ਦਾ ਮੁੱਲ ਤਾਰਦਾ ਗਿਆ। ਜੰਗ ਦੇ ਖ਼ਾਤਮੇ ਉੱਤੇ ਕੁਵੇਤ ਦੇ ਸ਼ੇਖ਼ ਨੇ ਇਰਾਕ ਦੇ ਅੱਗੇ 65 ਬਿਲੀਅਨ

ਡਾਲਰ ਦਾ ਬਿੱਲ ਰੱਖ ਦਿੱਤਾ, ਜਿਸ ਤੋਂ ਸੱਦਾਮ ਹੁਸੈਨ ਇਨਕਾਰੀ ਹੋ ਗਿਆ। ਸੱਦਾਮ ਹੁਸੈਨ ਦੇ ਇਕ ਦੀ ਥਾਂ ਹੁਣ ਦੋ ਦੁਸ਼ਮਣ ਹੋ ਗਏ—ਈਰਾਨ ਅਤੇ ਕੁਵੇਤ, ਇਨ੍ਹਾਂ ਵਿੱਚੋਂ ਪਿਛਲੇਰਾ ਦੇਸ ਅਮਰੀਕਾ ਦੀ ਕਠਪੁਤਲੀ ਸੀ।

ਅਗਲੀ ਰੌਚਕ ਸ਼ਤਰੰਜੀ ਚਾਲ ਵੇਖੋ। ਇਰਾਕ, ਈਰਾਨ ਦੇ ਨਾਲ ਲੰਮੀ ਜੰਗ ਕਾਰਨ ਹੰਭਿਆ ਹੋਇਆ ਸੀ ਅਤੇ ਖ਼ਜ਼ਾਨਾ ਖ਼ਾਲੀ ਸੀ। ਉਸਨੇ ਬੇਅੰਤ ਤੇਲ ਵੇਚ ਕੇ ਘਾਟਾ ਪੂਰਾ ਕਰਨਾ ਸੀ। ਉਸਨੂੰ ਜਿੱਲ੍ਹਣ ਵਿਚ ਪਾਈ ਰੱਖਣ ਲਈ ਕੁਵੇਤ ਦੀਆਂ ਅਮਰੀਕਨ ਤੇਲ ਕੰਪਨੀਆਂ ਵੱਲੋਂ ਅਤੇ ਹੋਰ ਓਪੇਕ ਦੇਸਾਂ ਵੱਲੋਂ ਧੜਾ-ਧੜ ਤੇਲ ਦੀ ਉਪਜ ਵਧਾ ਕੇ ਤੇਲ ਦਾ ਭਾਅ ਏਨਾ ਡੇਗਿਆ ਗਿਆ ਕਿ ਇਰਾਕ ਲਈ ਏਸ ਵਿੱਤੀ ਮਾਰ ਕਾਰਨ ਸੰਭਲਣਾ ਔਖਾ ਹੋ ਗਿਆ। ਇਰਾਕ-ਕੁਵੇਤ ਸਰਹੱਦ ਦੇ ਨੇੜੇ, ਦੱਖਣੀ ਇਰਾਕ ਵਿਚ, ਇਰਾਕ ਦਾ ਸਭ ਤੋਂ ਵੱਡਾ ਤੇਲ ਭੰਡਾਰ ਹੈ। ਕੁਵੇਤ ਵੱਲੋਂ, ਤਿਰਛੇ ਰੁਖ਼ ਕਈ ਮੀਲ ਡਰਿੱਲ ਕਰਕੇ, ਇਰਾਕੀ ਭੰਡਾਰ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਗਿਆ। ਇਰਾਕ ਲਈ ਤੇਲ ਦੀ ਇਹ ਚੋਰੀ ਅਸਹਿ ਸੀ। ਆਓ ਵੇਖੋ, ਅਜੇਹੇ ਸਮੇਂ ਮਿੱਤਰ ਅਮਰੀਕਾ ਨੇ ਆਪਣੇ ਪਾਲਤੂ ਸੱਦਾਮ ਹੁਸੈਨ ਦੇ ਨਾਲ ਦੋਸਤੀ ਕਿਵੇਂ ਨਿਬਾਹੀ।

ਕੁਵੇਤ ਦਾ ਕੋਈ 16000 ਵਰਗ ਮੀਲ ਇਲਾਕਾ, ਇਰਾਕ ਦੇ ਧੁਰ ਦੱਖਣ ਵਿਚ ਸਮੁੰਦਰ ਦਾ ਰਸਤਾ ਮੱਲ ਕੇ ਬੈਠਾ ਹੈ ਅਤੇ ਸਮੁੰਦਰੀ ਵਪਾਰ ਲਈ ਬਹੁਤ ਵਧੀਆ ਬੰਦਰਗਾਹ ਹੈ। ਇਰਾਕ ਦੇ ਕੋਲ ਕੁਵੇਤ ਦੇ ਉੱਤਰ ਵਿਚ ਇਕ ਪਤਲੀ ਪੱਟੀ ਹੈ, ਜੋ ਸਮੁੰਦਰ ਦੇ ਨਾਲ ਰਲੀ ਹੋਈ ਹੈ, ਪਰ ਕੋਈ ਚੰਗੀ ਬੰਦਰਗਾਹ ਨਹੀਂ। ਨਾਲ ਹੀ ਨਾਲ ਏਸ ਪਤਲੀ ਪੱਟੀ ਦੇ ਸਿਰ ਉੱਤੇ ਈਰਾਨੀ/ਦੁਸ਼ਮਣ ਦੀ ਸਰਹੱਦ ਸੀ।

ਪ੍ਰਧਾਨ ਬੁਸ਼ ਨੇ ਅਮਰੀਕਾ ਦੀ ਸ਼ਤਰੰਜੀ ਚਾਲ ਨੂੰ ਅੱਗੇ ਵਧਾਉਂਦਿਆਂ ਹੋਇਆਂ ਆਪਣੇ ਦੂਤ 'ਏਪਰਲ ਗਲੈਸਿਪੀ' ਰਾਹੀਂ ਸੱਦਾਮ ਹੁਸੈਨ ਨੂੰ ਸੁਨੇਹਾ ਭੇਜਿਆ, ਪਈ ਜੇ ਇਰਾਕ, ਕੁਵੇਤ ਦੇ ਕਿਸੇ ਵੱਡੇ ਇਲਾਕੇ ਨੂੰ ਝਪਟਾ ਮਾਰ ਲਵੇ ਤਾਂ ਅਮਰੀਕਾ ਦਖ਼ਲ ਨਹੀਂ ਦੇਵੇਗਾ। ਕਿਧਰ ਅਮਰੀਕਾ ਦਾ ਕੁੱਲ ਸ਼ਤਰੰਜੀ ਬੁੱਧੀਜੀਵੀ ਸੀ.ਆਈ.ਏ. ਸਮੂਹ ਅਤੇ ਕਿਧਰ ਤੁੱਛ ਸੱਦਾਮ ਹੁਸੈਨ ਦਾ ਇਕੱਲਾ ਦਿਮਾਗ਼। ਉਹਨੂੰ ਜਾਪਿਆ ਕਿ ਅਮਰੀਕਨ ਦੋਸਤ ਸੱਚਮੁੱਚ ਔਖੇ ਵੇਲੇ ਬਹੁੜ ਪਿਆ ਹੈ। ਉਸਨੇ ਭੁੱਖੀ ਮੱਛੀ ਵਾਂਗ ਮਾਸ ਦੇ ਟੁਕੜੇ ਨੂੰ ਮੂੰਹ ਮਾਰਿਆ, ਪਰ ਉਸ ਨੂੰ ਗਿਆਨ ਨਹੀਂ ਸੀ ਕਿ ਉਸਦੇ ਅੰਦਰ ਤਿੱਖੀ ਕੁੰਡੀ ਹੈ।

ਹੁਣ ਪ੍ਰਧਾਨ ਬੁਸ਼ ਨੇ ਅਮਰੀਕਨ ਫ਼ੌਜਾਂ ਭੇਜਣੀਆਂ ਸਨ। ਏਸ ਕੰਮ ਲਈ ਆਮ ਅਮਰੀਕਨ ਲੋਕਾਂ ਦੀ ਹਾਂ/ਸਵੀਕਿਰਤੀ ਵੀ ਲੈਣੀ ਸੀ। ਪ੍ਰਧਾਨ ਦੀ ਸੀ.ਆਈ.ਏ., ਜਿਸਦਾ ਪਹਿਲਾਂ ਉਹ ਆਪ ਮੋਢੀ ਹੋਇਆ ਕਰਦਾ ਸੀ, ਲੋਕਾਂ ਦੀ ਮਨੋਬਿਰਤੀ ਕਾਬੂ ਕਰਨ ਅਤੇ ਜੰਗ ਦੇ ਰਸਤੇ ਗਰਮ ਕਰਨ ਲਈ ਮਾਹਰ ਰਹੀ ਹੈ। ਉਸਨੇ ਸਾਧਾਰਨ ਸ਼ਹਿਰੀ ਨੂੰ ਤੜਫ਼ਾ ਦੇਣ ਵਾਲੀ ਇਕ ਫ਼ਿਲਮ ਤਿਆਰ ਕਰਵਾਈ। ਉਸਦੇ ਵਿਚ ਅਮਰੀਕਾ ਦੇ ਅੰਦਰ ਕੁਵੇਤੀ ਦੂਤ ਦੀ ਬੇਟੀ ਨੂੰ ਇਕ ਨਰਸ ਦੀ ਅਦਾਕਾਰੀ ਲਈ ਤਿਆਰ ਕੀਤਾ ਗਿਆ। ਦੂਤ ਦੀ ਬੇਟੀ ਨੇ ਡੁਸਕਦਿਆਂ ਹੋਇਆਂ ਇਕ ਭਿਆਨਕ ਘਟਨਾ ਬਾਰੇ ਦੱਸਿਆ, ਕਿਵੇਂ ਜ਼ਾਲਮ ਇਰਾਕੀ ਫ਼ੌਜੀਆਂ ਨੇ ਇਕ ਕੁਵੇਤੀ ਹਸਪਤਾਲ ਵਿੱਚੋਂ 'ਇਨਕਿਊਬੇਟਰ' ਲੁੱਟ ਲਏ, ਜਿਨ੍ਹਾਂ ਵਿਚਲੇ ਵਕਤੋਂ ਪਹਿਲਾਂ ਜੰਮੇ ਮਾਸੂਮਾਂ ਨੂੰ ਠੰਢੇ ਫ਼ਰਸ਼ ਉੱਤੇ ਮਰਨ ਲਈ ਛੱਡ ਦਿੱਤਾ ਗਿਆ। ਉਸ ਟੀ.ਵੀ. ਪ੍ਰੋਗਰਾਮ ਨੇ ਏਸ 'ਨਰਸ' ਨੂੰ ਇਹ ਥੋੜ੍ਹਾ ਹੀ ਪੁੱਛਣਾ ਸੀ ਕਿ ਕੁਵੇਤ ਤਾਂ ਠੰਢਾ ਹੈ ਹੀ ਨਹੀਂ ਜਾਂ ਨਰਸ ਜੀ, ਤੁਸਾਂ ਬੱਚੇ ਨੂੰ ਚਾਦਰ ਜਾਂ ਕੰਬਲ ਨਾਲ ਕਿਉਂ ਨਹੀਂ ਨਿੱਘਾ ਰੱਖਿਆ ? ਮੁੱਕਦੀ ਗੱਲ, ਕੁਵੇਤੀ ਦੂਤ ਦੀ ਬੇਟੀ ਦੇ ਬਿਆਨਾਂ ਦਾ ਢਕਵੰਜ ਬਾਰ-ਬਾਰ ਵਰਤ ਕੇ ਇਕ ਤਰ੍ਹਾਂ ਦੇਸਵਾਸੀਆਂ ਦੀ ਹਾਂ ਮੰਨੀ ਸਮਝ ਜਾਂ ਮੀਡੀਆ ਰਾਹੀਂ ਸਮਝਾ ਕੇ 'ਓਪਰੇਸ਼ਨ ਡੈਜ਼ਰਟ ਸਟੌਰਮ' ਦੀ ਤਿਆਰੀ, ਕੁਲ ਦੁਨੀਆਂ ਦੇ ਅੰਦਰ ਢੋਲ ਢਮੱਕਾ ਵਜਾਉਣ ਦੇ ਨਾਲ ਕੀਤੀ ਗਈ। ਸਹਿਮ ਦਾ ਹਥਿਆਰ, ਇਕ ਨਵੀਂ ਜੰਗ ਸ਼ੁਰੂ ਕਰਨ ਲਈ ਅਮਰੀਕਨ ਪ੍ਰਧਾਨ ਜਾਰਜ ਬੁਸ਼ ਸੀਨੀਅਰ ਦੇ ਕੰਮ ਆ ਗਿਆ।

ਇਰਾਕ ਦੀ ਪਹਿਲੀ ਜੰਗ 'ਡੈਜ਼ਰਟ ਸਟੌਰਮ' ਆਪ ਇਕ ਮੋਟਾ ਵਿਸ਼ਾ ਹੈ। ਏਸ ਜੰਗ ਦਾ ਉਸ ਸਮੇਂ ਮੰਤਵ ਇਹ ਨਹੀਂ ਸੀ ਕਿ ਸੱਦਾਮ ਹੁਸੈਨ ਨੂੰ ਗੱਦੀ ਤੋਂ ਲਾਹਿਆ ਜਾਵੇ। ਨਿਸ਼ਾਨਾ ਇਹ ਸੀ ਕਿ ਤੇਲ ਦੀ ਉਪਜ ਘਟਾਈ ਜਾਵੇ ਤਾਂ ਜੋ ਤੇਲ ਦੀਆਂ ਕੀਮਤਾਂ ਚੜ੍ਹਨ। ਡੈਜ਼ਰਟ ਸਟੌਰਮ ਦੇ ਨਾਲ ਕੁਵੇਤ ਦੇ ਛੇ ਸੌ ਤੇਲ ਦੇ ਖੂਹਾਂ ਨੂੰ ਅੱਗ ਲਾਉਣ ਪਿੱਛੋਂ (ਨਾਂ ਸੱਦਾਮ ਹੁਸੈਨ ਦਾ) ਦੋ ਤਿੰਨ ਸਾਲਾਂ ਵਿਚ ਤੇਲ ਦੀਆਂ ਕੀਮਤਾਂ ਕੇਵਲ 25-30 ਪ੍ਰਤੀਸ਼ਤ ਹੀ ਵੱਧ ਸਕੀਆਂ। 2003 ਵਿਚ ਇਰਾਕ ਉੱਤੇ ਛੇੜੀ ਦੂਜੀ ਜੰਗ ਦੇ ਫਲਸਰੂਪ ਕੀਮਤਾਂ ਖ਼ੂਬ ਵਧੀਆਂ, ਏਥੋਂ ਤਕ ਕਿ ਇਕ ਸਮੇਂ ਇਕ ਬੈਰਲ ਦਾ ਮੁੱਲ 150 ਡਾਲਰ ਹੋ ਗਿਆ। ਐਸ ਵੇਲੇ ਤੇਲ 70 ਡਾਲਰ ਪ੍ਰਤੀ ਬੈਰਲ ਵਿਕ ਰਿਹਾ ਹੈ, ਜੋ ਤੇਲ ਵੇਚਦੀਆਂ ਅਮਰੀਕੀ ਕੰਪਨੀਆਂ ਲਈ ਇਕ

ਵਰਦਾਨ ਹੈ। ਉਧਰ ਕੁੱਲ ਦੁਨੀਆਂ ਦੇ ਦੇਸਾਂ ਅਤੇ ਲੋਕਾਂ ਦੀਆਂ ਜੇਬਾਂ ਵਿਚ ਮੋਰੀਆਂ ਹੋ ਗਈਆਂ। ਦੁਨੀਆਂ ਅੰਦਰ ਹਰ ਸ਼ੈ ਦੇ ਭਾਅ ਵਧ ਗਏ ਅਤੇ ਵਧਦੇ ਹੀ ਜਾ ਰਹੇ ਹਨ।

ਏਸ ਜੰਗ ਵਿਚ ਇਰਾਕੀ ਫ਼ੌਜ ਹੱਥੋਂ ਇਕ ਵੀ ਅਮਰੀਕੀ, ਕੈਨੇਡੀਆਈ ਜਾਂ ਬਰਤਾਨਵੀ ਫ਼ੌਜੀ ਨਹੀਂ ਮਰਿਆ। ਏਸ ਦੇ ਉਲਟ ਅਮਰੀਕਾ ਬਰਤਾਨੀਆ ਨੇ ਕੁਲ ਇਰਾਕੀ ਅਸਤਰ ਸ਼ਸਤਰ ਹਵਾਈ ਬੰਬਾਰੀ ਨਾਲ ਤਬਾਹ ਕਰ ਦਿੱਤਾ। ਇਰਾਕੀ ਫ਼ੌਜ ਮੈਦਾਨ ਛੱਡ ਕੇ ਭੱਜ ਗਈ। ਇਸ ਭੱਜੀ ਜਾਂਦੀ ਫ਼ੌਜ ਉੱਤੇ ਕਾਇਰਾਨਾ ਹਵਾਈ ਹਮਲਿਆਂ ਨਾਲ ਕਰੀਬ ਇਕ ਲੱਖ ਇਰਾਕੀ ਫ਼ੌਜੀ ਕਤਲ ਕੀਤੇ ਗਏ। ਵੀਅਤਨਾਮ ਵਿਚ ਖਾਧੀ ਹਾਰ ਦਾ ਬਦਲਾ ਨਿਹੱਥੇ ਇਰਾਕੀਆਂ ਤੋਂ ਲੈ ਲਿਆ ਗਿਆ। ਏਸ ਜੰਗ ਵਿਚ ਡਿਪਲੀਟਿਡ ਯੂਰੇਨੀਅਮ ਦੀ ਏਨੀ ਭਾਰੀ ਖੁੱਲ੍ਹ ਕੇ ਵਰਤੋਂ ਕੀਤੀ ਗਈ ਕਿ ਅਵੇਸਲੀ ਅਮਰੀਕੀ, ਬਰਤਾਨਵੀ ਅਤੇ ਕੈਨੇਡੀਆਈ ਫ਼ੌਜ ਆਪ, ਚੋਖੀ ਗਿਣਤੀ ਵਿਚ, ਏਸ ਪ੍ਰਮਾਣੂ ਰੇਡੀਆਈ ਜ਼ਹਿਰ ਨੂੰ ਆਪਣੇ ਸਾਹਾਂ ਜਾਂ ਮੂੰਹ ਰਾਹੀਂ ਆਪਣੇ ਅੰਦਰ ਲੈ ਗਈ। ਸਵਾ ਲੱਖ ਦੇ ਕਰੀਬ ਅਮਰੀਕੀ, ਤੀਹ ਹਜ਼ਾਰ ਬਰਤਾਨਵੀ ਅਤੇ ਪੰਜ ਹਜ਼ਾਰ ਕੈਨੇਡੀਆਈ ਫ਼ੌਜੀ, ਰੇਡੀਏਸ਼ਨ ਬਿਮਾਰੀਆਂ ਅੰਦਰ ਫੜੇ ਗਏ ਅਤੇ ਅਗਲਿਆਂ ਮਹੀਨਿਆਂ ਸਾਲਾਂ ਦੇ ਅੰਦਰ ਤੜਫ਼ ਤੜਫ਼ ਕੇ ਜ਼ਿੰਦਗੀ ਕੱਟੀ ਜਾਂ ਜਾਨ ਗਵਾ ਲਈ। ਇਰਾਕ ਅੰਦਰੋਂ ਬੀਮਾਰ ਹੋ ਕੇ ਆਏ ਫ਼ੌਜੀਆਂ ਦੀ ਬੀਮਾਰੀ ਦਾ ਨਾਂ ਰੱਖਿਆ ਗਿਆ 'ਗਲਫ਼ ਵਾਰ ਸਿੰਡ੍ਰੋਮ'। ਸਰਕਾਰੀ ਸੂਤਰ ਡਿਪਲੀਟਿਡ ਯੂਰੇਨੀਅਮ ਦਾ ਦੋਸ਼ ਕਦੇ ਨਹੀਂ ਮੰਨਣਗੇ। ਇਸ ਲੋਕਾਈ ਮਾਰੂ ਹਥਿਆਰ ਦੀ ਵਰਤੋਂ ਅੰਤਰਰਾਸ਼ਟਰੀ ਜੁਰਮ ਹੈ। ਬੀਮਾਰਾਂ ਦੇ ਮੈਡੀਕਲ ਕਾਰਨਾਂ ਵਿਚ ਵੀ, ਉਨ੍ਹਾਂ ਨੇ ਯੂਰੇਨੀਅਮ ਦੇ ਕਾਰਨ ਦਾ ਨਾਂ ਨਹੀਂ ਲੈਣਾ ਅਤੇ ਨਾ ਹੀ ਟੈਸਟ ਕਰਨਾ ਹੈ ਕਿਉਂਕਿ ਫ਼ੌਜਾਂ ਅਤੇ ਸਮਾਜ ਦੇ ਅੰਦਰ ਹਾਹਾਕਾਰ ਮੱਚਣ ਦਾ ਡਰ ਹੈ। ਪਰਿਵਾਰ ਦੇ ਜੀਆਂ ਦੇ ਮੂੰਹ ਖੁੱਲ੍ਹ ਜਾਣ ਦੀ ਸੂਰਤ ਵਿਚ ਪੈਨਸ਼ਨ ਖੁੱਸ ਜਾਂਦੀ ਹੈ ਅਤੇ ਰੋਗੀ ਫ਼ੌਜੀ ਨੂੰ ਹਸਪਤਾਲ ਤੋਂ ਨਿਕਾਲਾ ਮਿਲ ਜਾਂਦਾ ਹੈ। ਡਾਢਾ ਮਾਰੇ ਵੀ ਅਤੇ ਰੋਣ ਵੀ ਨਾ ਦੇਵੇ। ਸਰਕਾਰੀ ਸੂਤਰ 'ਗਲਫ਼ ਵਾਰ ਸਿੰਡ੍ਰੋਮ' ਦੇ ਕਾਰਨ ਦੱਸਦੇ ਹਨ—ਵੈਕਸੀਨਾਂ, ਰੋਗ ਰੋਕੂ ਦਵਾਈਆਂ, ਡੀਜ਼ਲ ਅਤੇ ਪੈਟਰੋਲ ਦੀ ਹਵਾੜ, ਕੀੜੇਮਾਰ ਦਵਾਈਆਂ। ਡਿਪਲੀਟਿਡ ਯੂਰੇਨੀਅਮ ਗਲਫ਼ ਵਾਰ ਸਿੰਡ੍ਰੋਮ ਦਾ ਕਾਰਨ ? ਰੱਬ ਰੱਬ ਬੋਲੋ ਜੀ, ਇਹ ਸਾਬਤ ਕਰਕੇ ਸਰਕਾਰ ਨੂੰ ਹਰਜਾਨੇ ਭਰਨ ਦੇ ਮੁਕੱਦਮਿਆਂ ਵਿਚ ਫਸਾਉਣੈ ? ਡਿਪਲੀਟਿਡ ਯੂਰੇਨੀਅਮ ਤੋਂ ਬੀਮਾਰ ਫ਼ੌਜੀ ਹਸਪਤਾਲਾਂ ਵਿਚ ਡੱਕੇ ਹੋਏ ਚੰਗੇ ਅਤੇ ਮਰੇ ਹੋਏ ਹੋਰ ਵੀ ਚੰਗੇਰੇ। ਜ਼ਖ਼ਮੀ ਅਤੇ ਯੂਰੇਨੀਅਮ ਤੋਂ ਬੀਮਾਰਾਂ ਉੱਤੇ ਖ਼ਰਚ ਬਹੁਤ ਆਉਂਦੈ। ਅਮਰੀਕਾ ਜਿਹਾ ਅਮੀਰ, ਅੱਜ ਦੀਵਾਲੀਆ ਹੋਣ ਉੱਤੇ ਆਇਆ ਦੇਸ, ਇਹ ਬੋਝ ਨਹੀਂ ਚੁੱਕ ਸਕਦਾ।

ਜੇ ਸਹਿਮਵਾਦ ਉਲਟੇ ਪਾਸੇ ਪੜ੍ਹਾਇਆ ਗਿਆ ਹੁੰਦਾ ਤਾਂ ਕਿਵੇਂ ਲਗਦਾ ? "ਲੱਖਾਂ ਹੀ ਫ਼ੌਜੀਆਂ ਨੂੰ ਡਿਪਲੀਟਿਡ ਯੂਰੇਨੀਅਮ ਦੇ ਵਾਤਾਵਰਣ ਵਿੱਚੋਂ ਲੰਘਣਾ ਪਵੇਗਾ ਅਤੇ ਅਨੇਕਾਂ ਏਸ ਦੇ ਕਾਰਨ ਭਿਆਨਕ ਰੋਗਾਂ ਦਾ ਸ਼ਿਕਾਰ ਹੋ ਸਕਦੇ ਹਨ। ਆਫ਼ਰੀਨ ਸਾਡੇ ਫ਼ੌਜੀਆਂ ਦੇ, ਜੋ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਕੇ, ਜੰਗ ਦੇ ਅਸਲੀ ਇਰਾਦੇ, ਤੇਲ ਦੀਆਂ ਕੀਮਤਾਂ ਵਿਚ ਜ਼ਬਰਦਸਤ ਵਾਧੇ ਨੂੰ ਹਾਸਲ ਕਰ ਕੇ ਹੀ ਰਹਿਣਗੇ। ਇੰਜ ਹਰ ਇਕ ਦੀ ਜੇਬ ਵਿੱਚੋਂ ਵਧੀ ਹੋਈ ਤੇਲ ਕੀਮਤ ਦਾ ਇਵਜ਼ਾਨਾ, ਤੇਲ ਕੰਪਨੀਆਂ ਦੀ ਜੇਬ ਵਿਚ ਚਲਾ ਜਾਵੇਗਾ। ਆਪ ਸਭ ਜਾਣਦੇ ਹੋ, ਤੇਲ ਕੰਪਨੀਆਂ ਹਨ ਤਾਂ ਅਮਰੀਕਾ ਅੰਦਰ ਰੁਜ਼ਗਾਰ ਹਨ, ਖ਼ੁਸ਼ਹਾਲੀ ਹੈ। ਆਪ ਦੇ ਫ਼ੌਜੀ ਬੱਚੇ ਬੱਚੀਆਂ ਲਈ ਵੀ ਦੇਸ਼ ਭਗਤੀ ਦਾ ਸਬੂਤ ਦੇਣ ਲਈ ਸੁਨਹਿਰੀ ਮੌਕਾ ਹੈ। ਸਾਡੇ ਕੋਲ ਫ਼ੌਜਾਂ ਬੇਅੰਤ ਹਨ। ਹਰ ਜੰਗ ਵਿਚ ਚੋਖੇ ਫ਼ੌਜੀ 'ਕੰਮ' ਆ ਜਾਂਦੇ ਹਨ। ਏਸ ਜੰਗ ਪਿੱਛੋਂ ਵੀ ਵੱਡੀ ਨਵੀਂ ਭਰਤੀ ਕਰਨੀ ਹੋਵੇਗੀ। ਜਵਾਨ ਲੋਕ ਹੁਣ ਤੋਂ ਹੀ ਆਪਣੇ ਡੌਲੇ ਫਰਕਾਉਣੇ ਸ਼ੁਰੂ ਕਰ ਦੇਣ ਅਤੇ ਭਰਤੀ ਦਫ਼ਤਰ ਵਿਚ ਆਪਣਾ ਨਾਂ ਦਰਜ ਕਰਵਾਉਣ।"

# ਕਥਿੱਤ ਸਹਿਮਵਾਦ ਦਾ ਨਵਾਂ ਚਿਹਰਾ : ਇੰਟਰਨੈੱਟ

ਸਹਿਮ, ਹਮੇਸ਼ਾ ਉਹ ਸ਼ਕਤੀ ਪੈਦਾ ਕਰਨ ਯੋਗ ਹੁੰਦਾ ਹੈ ਜਿਸਦੀ ਹੋਂਦ ਅਤੇ ਆਦਤਾਂ ਦੀ ਸਾਨੂੰ ਸਮਝ ਨਾ ਆਵੇ। ਜੇ ਉਹ ਸਾਹਮਣੇ ਆ ਕੇ ਦਿਸ ਜਾਵੇ ਤਾਂ ਸਹਿਮ ਦੀ ਬੁਨਿਆਦ ਹੀ ਖ਼ਤਮ ਹੋ ਜਾਂਦੀ ਹੈ। ਭੂਤ-ਪ੍ਰੇਤ ਏਸੇ ਲਈ ਭਿਆਨਕ ਹੁੰਦੇ ਹਨ, ਕਿਉਂਕਿ ਉਹ ਵਿਖਾਈ ਨਹੀਂ ਦਿੰਦੇ। ਹਨੇਰੇ ਵਿਚ ਸਫ਼ਰ ਕਰਦਿਆਂ, ਖ਼ਾਸ ਤੌਰ 'ਤੇ ਮੜ੍ਹੀਆਂ ਦੇ ਕੋਲੋਂ, ਇਕੱਲੇ ਲੰਘਦਿਆਂ ਤਾਂ ਇੰਜ ਲਗਦਾ ਹੈ ਜਿਵੇਂ ਹੁਣੇ ਹੀ ਕਿਸੇ ਨੇ ਚੰਬੜ ਜਾਣਾ ਹੈ ਅਤੇ ਹੋ ਸਕਦੈ ਜਾਨ ਹੀ ਕੱਢ ਲਵੇ। ਹਨੇਰੇ ਵਿਚ ਭੂਤਾਂ ਤੋਂ ਪਹਿਲਾਂ ਹੀ ਡਰੇ ਹੋਏ ਇਨਸਾਨ ਨੂੰ ਹਰ ਟਾਹਣੀ ਪੱਤੇ ਦੀ ਆਵਾਜ਼, ਕਿਸੇ ਪੰਛੀ ਜਾਂ ਨਿੱਕੇ ਮੋਟੇ ਜਾਨਵਰ ਦੀ ਆਵਾਜ਼, ਭੂਤ ਦੀ ਸਮਝ ਕੇ, ਕੰਬਣੀ ਲਾ ਦਿੰਦੀ ਹੈ। ਆਪਣੇ ਕਦਮਾਂ ਦੀ ਪੱਤੇ ਟਾਹਣੀਆਂ ਮਸਲਦੀ ਆਵਾਜ਼ ਵੀ ਖ਼ਤਰੇ ਦੀ ਘੰਟੀ ਜਾਪਦੀ ਹੈ। ਉਸ ਹਨੇਰੇ ਵਿਚ, ਜੇ ਕੋਈ ਇਨਸਾਨ ਪਿੱਛੋਂ ਆ ਰਿਹਾ ਹੋਵੇ ਜਾਂ ਕੋਈ ਧੁੰਦਲਾ ਇਨਸਾਨੀ ਝੌਲਾ ਕੋਲੋਂ ਦੀ ਲੰਘ ਜਾਵੇ ਤਾਂ ਮਾਨੋ ਮੌਤ ਲੰਘ ਜਾਂਦੀ ਹੈ। ਉਹ ਤੇਜ਼ ਭੱਜਦਾ ਹੈ, ਖ਼ਤਰੇ ਵਾਲੇ ਇਲਾਕੇ ਵਿੱਚੋਂ ਲੰਘਣ ਲਈ।

ਸਹਿਮ ਵੇਲੇ ਕਿਹੜੀ ਚੀਜ਼ ਕੰਮ ਆਉਂਦੀ ਹੈ—'ਉਸਦਾ' ਨਾਂ। ਜਿਸ ਬਾਰੇ ਬਚਪਨ ਤੋਂ ਸੁਣਿਆ ਸਿੱਖਿਆ ਜਾਂਦਾ ਹੈ ਕਿ ਮਹਾਂ ਸ਼ਕਤੀਵਾਨ ਹੈ ਅਤੇ ਜਿਸਦੇ ਜਾਪ ਨਾਲ ਭੂਤ-ਪ੍ਰੇਤ ਨੇੜੇ ਨਹੀਂ ਆਉਂਦੇ। ਇੰਜ ਇਕ ਅਦਿੱਖ ਅਣਹੋਏ ਭੈ ਦਾ ਟਾਕਰਾ ਇਕ ਅਦਿੱਖ, ਬੀਜੀ ਹੋਈ ਮਨੋਕਲਪਿਤ ਸ਼ਕਤੀ ਦੇ ਨਾਲ, ਭੈ-ਭੀਤ ਹੋਏ ਵਿਅਕਤੀ ਦੀ, ਦਿਮਾਗ਼ੀ ਸੋਚ ਦੇ ਮੈਦਾਨ ਅੰਦਰ ਹੁੰਦਾ ਹੈ, ਜਿਸ ਅੰਦਰ ਫ਼ਤਹਿ ਸਦਾ ਉਸਦੀ ਆਪਣੀ ਹੁੰਦੀ ਹੈ। ਏਸ ਤਰ੍ਹਾਂ ਉਸਦਾ ਨਿਸਚਾ, ਪਾਲਣਹਾਰ ਸ਼ਕਤੀ ਦੇ ਉੱਤੇ, ਹੋਰ ਵੀ ਵਧ ਜਾਂਦਾ ਹੈ। ਚਿੱਟੇ ਦਿਨ ਵਿਚ, ਜਾਣੇ-ਪਛਾਣੇ ਮਾਹੌਲ ਵਿਚ, ਨਿਕਟਵਰਤੀਆਂ ਦੇ ਸਾਥ ਅੰਦਰ, ਡਰ ਅਤੇ ਸਹਿਮ ਦਾ ਸਵਾਲ ਹੀ ਨਹੀਂ ਉੱਠਦਾ। ਚਿੱਟੇ ਦਿਨ ਵਿਚ ਸਹਿਮ ਤਾਂ ਪੈਦਾ ਹੁੰਦਾ ਹੈ, ਜੇ ਕੋਈ ਅਜਿਹੀ ਭਿਆਨਕ ਘਟਨਾ ਤੁਹਾਡੀਆਂ ਅੱਖਾਂ ਦੇ ਸਾਹਮਣੇ ਹੋਵੇ, ਜਿਸਦੀ ਅਸਲੀਅਤ 'ਸੋਚ ਦੇ ਖ਼ਾਨੇ' ਨੂੰ ਜੰਦਰਾ ਹੀ ਲਾ ਦੇਵੇ। ਅਜਿਹੀ ਭਿਆਨਕ ਘਟਨਾ ਹਰ ਵੇਖਣ ਵਾਲੇ ਉੱਤੇ ਇੱਕੋ ਜੇਹਾ ਅਸਰ ਕਰ ਸਕਦੀ ਹੈ। ਜੇ ਨਾਲ ਹੀ ਨਾਲ, ਜੀਉਂਦੀ ਘਟਨਾ ਦੁਨੀਆਂ ਦੀ ਟੈਲੀਵਿਯਨ ਸਕਰੀਨ ਉੱਤੇ ਆ ਜਾਵੇ ਤਾਂ ਲੋਕਾਈ ਦੇ ਕੁੱਲ ਸਿੱਧੇ ਸਾਦੇ ਲੋਕਾਂ ਦੇ ਉੱਤੇ ਮਾਰੂ ਅਤੇ ਸਦੀਵੀ ਅਸਰ ਹੋ ਜਾਂਦਾ ਹੈ। ਅਜੇਹੀ ਭਿਆਨਕ ਦੁਰਘਟਨਾ ਦੀ ਅਸਲੀਅਤ ਅਤੇ ਉਸਦੇ ਕਰਤਾ ਦੇ, ਪਹਿਲੀ ਨਜ਼ਰੇ ਪਛਾਣੂ ਵੀ ਹੁੰਦੇ ਹਨ। ਪਰ ਉਹ ਗਿਣਤੀ ਵਿਚ ਥੋੜ੍ਹੇ ਹੁੰਦੇ ਹਨ। ਸਹਿਮ ਅਤੇ ਭੰਬਲਭੂਸੇ ਖਿਲਾਰਦੀਆਂ ਸ਼ਕਤੀਆਂ ਟੀ.ਵੀ. ਅਤੇ ਰੇਡੀਉ ਦੇ ਲਗਾਤਾਰ ਪ੍ਰਚਾਰ ਦੇ ਨਾਲ ਲੋਕਾਈ ਦੇ ਮਨਾਂ ਉੱਤੇ ਛਾਅ ਜਾਂਦੀਆਂ ਹਨ। ਪਛਾਣੂ ਜਿਨ੍ਹਾਂ ਵਿਚ ਉੱਚ ਕੋਟੀ ਦੇ ਵਿਗਿਆਨਕ ਹੁੰਦੇ ਹਨ, ਟੀ.ਵੀ. ਇੰਟਰਵਿਊ ਤੋਂ ਦੂਰ ਰੱਖੇ ਜਾਂਦੇ ਹਨ, ਕੇਵਲ ਜਾਣੇ-ਪਛਾਣੇ ਹੱਥਠੋਕਿਆਂ ਜਾਂ ਏਜੰਟਾਂ ਨਾਲ ਹੁੰਦੀ ਗੱਲਬਾਤ ਵਿਖਾਈ ਜਾਂਦੀ ਹੈ। ਡਰੇ ਅਤੇ ਸਹਿਮੇ ਹੋਏ ਮਨਾਂ ਨੂੰ ਰੱਜ ਕੇ ਝੂਠ ਦੀ ਖ਼ੁਰਾਕ ਦਿੱਤੀ ਜਾਂਦੀ ਹੈ, ਜੋ ਸੱਚ ਬਣ ਕੇ ਮਨਾਂ ਅੰਦਰ ਬੈਠ ਜਾਂਦੀ ਹੈ, ਅਜਿਹਾ ਬੈਠਦੀ ਹੈ ਕਿ ਗਿਆਨ ਦੀਆਂ ਬੇਅੰਤ ਕੋਸ਼ਿਸ਼ਾਂ ਦੇ ਨਾਲ, 'ਕਿਸਮਤ ਵਾਲਿਆਂ' ਦੇ ਅੰਦਰੋਂ ਹੀ ਨਿਕਲਦੀ ਹੈ।

ਕੋਈ ਵੀ ਘਟਨਾ ਜਾਂ ਦੁਰਘਟਨਾ, ਕੁਦਰਤ ਦੇ 'ਫਿਜ਼ੀਕਲ' ਅਸੂਲਾਂ ਜਾਂ ਕਾਨੂੰਨਾਂ ਦੇ ਉਲਟ ਨਹੀਂ ਹੋ ਸਕਦੀ। ਜੇ ਉਹ ਹੁੰਦੀ ਵਿਖਾਈ ਜਾਂਦੀ ਹੈ ਤਾਂ ਉਸ ਦੇ ਵਿਚ ਜ਼ਰੂਰ ਇਨਸਾਨੀ ਸ਼ਕਤੀਆਂ ਦਾ ਹੱਥ ਹੁੰਦਾ ਹੈ। ਇਹ ਮੰਦ ਸ਼ਕਤੀਆਂ ਕਦੇ ਨਹੀਂ ਚਾਹੁੰਦੀਆਂ ਕਿ ਉਨ੍ਹਾਂ ਦਾ ਭੇਤ ਏਨਾ ਖੁੱਲ੍ਹ ਜਾਵੇ ਕਿ ਲੋਕ ਉਨ੍ਹਾਂ ਦੇ ਗਲ ਪੈ ਜਾਣ। ਇਹ ਮੰਦ ਸ਼ਕਤੀਆਂ ਹੈਨ ਕੌਣ ? ਅੱਜ ਦੇ ਸਮੇਂ ਜਿਸ ਕਿਸੇ ਨੂੰ ਵੀ ਏਨ੍ਹਾਂ ਮੰਦ-ਸ਼ਕਤੀਆਂ ਦੀ ਪਛਾਣ ਹੋ ਜਾਵੇ, ਸਮਝਿਆ ਜਾਣਾ ਚਾਹੀਦਾ ਹੈ ਕਿ ਉਸ ਨੂੰ ਗਿਆਨ ਹੋ ਗਿਆ ਹੈ। ਇਹ ਮੰਦ-ਸ਼ਕਤੀਆਂ ਹਨ, ਕੁਝ ਇਕ ਬੈਂਕਰ ਪਰਿਵਾਰਾਂ ਦੀਆਂ, ਜੋ ਅਤਿਅੰਤ ਲੁਕਵੇਂ ਢੰਗਾਂ ਦੇ ਨਾਲ ਪਿਛਲੇ ਸਵਾ ਦੋ ਸੌ ਸਾਲਾਂ ਤੋਂ, ਕੁਲ ਦੁਨੀਆਂ ਉੱਤੇ ਬੈਂਕਰੀ ਰਾਜ ਲਈ ਤਤਪਰ ਹਨ। ਏਸ ਸਮੇਂ ਬੇਅੰਤ ਦੇਸਾਂ ਦੇ ਸਿਆਸਤਦਾਨ ਅਤੇ ਸਰਕਾਰਾਂ ਇਨ੍ਹਾਂ ਦੀ ਮੁੱਠੀ ਵਿਚ ਹਨ। ਏਨ੍ਹਾਂ ਦੇ ਜ਼ਹਿਰੀ ਘੁਰਨੇ, ਲੰਡਨ, ਇੰਗਲੈਂਡ ਵਿਚ 'ਦ ਸਿਟੀ' ਵਿਚ ਹਨ। ਯੂਰਪ, ਅਮਰੀਕਾ ਅਤੇ ਬੇਅੰਤ ਹੋਰ ਦੇਸਾਂ ਦੇ ਕੇਂਦਰੀ ਬੈਂਕਾਂ ਦੀਆਂ ਤਣਾਵਾਂ ਇਨ੍ਹਾਂ ਦੇ ਹੱਥਾਂ ਵਿਚ ਹਨ। ਕੁਲ ਦੁਰਘਟਨਾਵਾਂ ਅਤੇ ਉਨ੍ਹਾਂ ਦੇਸਾਂ ਦੇ ਨਾਂ ਉੱਤੇ ਸ਼ੁਰੂ ਕੀਤੀਆਂ ਜੰਗਾਂ ਦਰਅਸਲ ਏਨ੍ਹਾਂ ਬੈਂਕਰਾਂ ਦੇ ਇਸ਼ਾਰਿਆਂ ਉੱਤੇ ਹੁੰਦੀਆਂ ਰਹੀਆਂ ਹਨ ਅਤੇ ਹੋ ਰਹੀਆਂ ਹਨ।

ਪਿਛਲੀ ਤਾਜ਼ੀ ਦੁਰਘਟਨਾ ਸੀ ਨਿਊਯਾਰਕ ਸਥਿਤ ਜੌੜੇ ਟਾਵਰਾਂ ਉੱਤੇ ਨਾਟਕੀ ਹਮਲਾ, 11 ਸਤੰਬਰ, 2001 ਵਾਲੇ ਚਿੱਟੇ ਦਿਨ। ਕੁਝ ਦਿਨਾਂ ਲਈ ਤਾਂ ਪੂਰੀ ਦੁਨੀਆਂ ਏਸ ਦੁਰਘਟਨਾ ਦੇ ਨਾਲ ਸੁੰਨ ਹੋ ਗਈ ਸੀ। ਝੱਟ ਹੀ ਖੋਜੀ, ਵਿਰੋਧੀ, ਵੱਖ-ਵੱਖ ਸਾਇੰਸੀ ਖੇਤਰਾਂ ਦੇ ਮਾਹਰਾਂ ਦੀਆਂ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ। ਜੇ ਅਖ਼ਬਾਰਾਂ ਜਾਂ ਟੀ.ਵੀ. ਉੱਤੇ ਕੇਵਲ ਮੰਦ-ਸ਼ਕਤੀਆਂ ਦਾ ਹੀ ਪੂਰਨ ਰਾਜ ਹੁੰਦਾ ਤਾਂ ਸੱਚਾਈ ਨੇ ਕਦੇ ਖੁੱਲ੍ਹਣਾ ਹੀ ਨਹੀਂ ਸੀ। ਕੇਵਲ ਇੱਕੋ ਹੀ ਕਹਾਣੀ ਰਹਿਣੀ ਸੀ—"ਬਿਨ ਲਾਦੇਨ ਦੇ ਸਿਖਾਏ, ਅਠਾਰਾਂ ਹਾਈਜੈਕਰਾਂ ਨੇ ਇੱਕੋ ਹੀ ਸਮੇਂ ਚਾਰ ਹਵਾਈ ਜਹਾਜ਼ ਅਗ਼ਵਾ ਕਰ ਕੇ ਅਮਰੀਕਾ ਅੰਦਰ ਕਹਿਰ ਲੈ ਆਂਦਾ। ਅਗ਼ਵਾ ਕੀਤੇ ਦੋ ਜਹਾਜ਼ਾਂ ਦੀ ਟੱਕਰ ਮਰਵਾਉਣ ਨਾਲ ਨਿਊਯਾਰਕ ਦੇ ਜੌੜੇ ਟਾਵਰ, ਵਰਲਡ ਟ੍ਰੇਡ ਸੈਂਟਰ, ਸਭਨਾਂ ਦੀਆਂ ਅੱਖਾਂ ਦੇ ਸਾਹਮਣੇ ਉਡਾ ਦਿੱਤੇ ਗਏ।" ਪਰ ਇੰਜ ਹੋਇਆ ਨਹੀਂ। ਪਹਿਲੇ ਹੀ ਦਿਨ ਤੋਂ ਇੰਟਰਨੈੱਟ ਅੰਦਰ 'ਕਾਬੂ ਹੇਠ ਗਿਰਾਈ' ਜਾਂ 'ਕੰਟ੍ਰੋਲਡ ਡੈਮੋਲੀਸ਼ਨ ਦੀ ਕਹਾਣੀ ਪ੍ਰਚਲਿਤ ਹੋ ਗਈ। ਮੈਨੂੰ ਦੁਬਈ ਵਿਚ ਕੰਮ ਕਰਵਾਉਂਦਾ ਇਕ ਬਿਲਡਰ ਮਿਲਿਆ ਸੀ, ਕੁਝ ਚਿਰ ਪਹਿਲਾਂ। ਉਸ ਮੈਨੂੰ ਦੱਸਿਆ ਕਿ ਜੌੜੇ ਟਾਵਰ ਡਿੱਗਦੇ ਵੇਖਦਿਆਂ ਹੀ ਉਸ ਨੇ ਕਿਹਾ ਸੀ ਕਿ ਇਹ ਤਾਂ ਕੰਟ੍ਰੋਲਡ ਡੈਮੋਲੀਸ਼ਨ ਹੈ। ਜੇ ਉਹ ਸਰਦਾਰ ਜੀ ਦੁਬਈ ਬੈਠੇ ਇਹ ਕਹਿ ਸਕਦੇ ਸਨ ਤਾਂ ਅਮਰੀਕਾ ਦੇ ਅੰਦਰ ਰਹਿੰਦੇ ਅਤੇ ਕੰਮ ਕਰਦੇ ਹਜ਼ਾਰਾਂ ਇੰਜੀਨੀਅਰਾਂ ਅਤੇ ਆਰਕੀਟੈਕਟਾਂ ਨੇ ਕਿਵੇਂ ਸੋਚਿਆ ਹੋਣਾ ਹੈ ? ਹੌਲੀ-ਹੌਲੀ ਉਨ੍ਹਾਂ ਦੀ ਜਥੇਬੰਦੀ ਦੇ ਹਜ਼ਾਰ ਤੋਂ ਵੱਧ ਸਰਗਰਮ ਮੈਂਬਰਾਂ ਨੇ 9/11 ਦਾ ਸੱਚ ਲੱਭਣ ਦੀ ਕਮੇਟੀ ਬਣਾਈ, ਜਿਸਨੇ ਬੇਅੰਤ ਢੰਗਾਂ ਦੇ ਨਾਲ ਇਹ ਸਾਬਤ ਕੀਤਾ ਕਿ ਵੇਖਣ ਵਿਚ ਆਏ (ਡ੍ਰੋਨ) ਜਹਾਜ਼ ਇਮਾਰਤਾਂ ਡੇਗਣ ਲਈ ਕਾਫ਼ੀ ਨਹੀਂ ਸਨ, ਸਗੋਂ ਇਮਾਰਤਾਂ ਡੇਗਣ ਦੇ ਕੰਮ ਲਈ ਬੇਅੰਤ ਫਟਣ ਸਮੱਗਰੀ ਅਤੇ ਲੋਹਾ ਪੰਘਾਰਨ ਲਈ ਨੈਨੋ-ਥਰਮਾਈਟ ਦੀ ਵਰਤੋਂ ਕੀਤੀ ਗਈ ਸੀ।

ਮੁਕਾਬਲਾ ਸ਼ੁਰੂ ਹੋ ਗਿਆ। ਇਕ ਪਾਸੇ ਵਿਗਿਆਨੀਆਂ, ਪਾਇਲਟਾਂ, ਅੱਗ ਬੁਝਾਊ ਕਾਮਿਆਂ ਅਤੇ ਜਾਣਕਾਰਾਂ ਦਾ ਗੁੱਟ ਅਤੇ ਉਸਦੇ ਟਾਕਰੇ 'ਤੇ ਸਰਕਾਰੀ ਝੂਠ ਦਾ ਹੜ੍ਹ ਅਤੇ ਕਾਬੂ ਹੇਠ ਮੀਡੀਆ ਅਤੇ ਟੀ.ਵੀ.। ਟਾਕਰਾ ਹੋਇਆ ਅੱਜ ਦੇ ਨਵੇਂ ਹਥਿਆਰ, ਇੰਟਰਨੈੱਟ ਦੇ ਨਾਲ। ਨੌਂ ਸਾਲਾਂ ਦੀ ਲਗਾਤਾਰ ਮਿਹਨਤ ਦੇ ਨਾਲ, ਸਰਕਾਰੀ ਪ੍ਰਾਪੇਗੰਡਾ ਮਸ਼ੀਨ ਦੀ ਪਿੱਠ ਲੱਗ ਗਈ। ਅੱਜ ਪੌਣੇ ਤੋਂ ਵੱਧ ਅਮਰੀਕਨ ਲੋਕ 9/11 ਦੀ ਦੁਰਘਟਨਾ ਦੇ ਪਿੱਛੇ ਸਰਕਾਰੀ ਏਜੰਸੀਆਂ ਦਾ ਹੱਥ ਮੰਨਦੇ ਹਨ। ਸਰਕਾਰ ਦੀ ਸਾਖ਼ ਨੂੰ ਬਹੁਤ ਧੱਕਾ ਲੱਗਾ ਹੈ। ਆਪੂੰ ਇਮਾਰਤਾਂ ਡੇਗ ਕੇ, ਓਸਾਮਾ ਬਿਨ ਲਾਦੇਨ ਅਤੇ ਉਸਦੇ ਅਠਾਰਾਂ ਮੱਧ-ਏਸ਼ੀਆਈ ਮੁਸਲਮਾਨਾਂ ਉੱਤੇ ਦੋਸ਼ ਮੜ੍ਹਨ ਦਾ ਸ਼ੜਯੰਤਰ ਬੇਪਰਦਾ ਹੋ ਗਿਆ ਹੈ। ਜ਼ਾਹਿਰ ਹੈ ਕਿ ਇਨਸਾਫ਼-ਪਸੰਦ, ਸੱਚ-ਪਸੰਦ ਲੋਕ ਇੰਟਰਨੈੱਟ ਨੂੰ ਸਫਲਤਾ ਨਾਲ ਵਰਤ ਗਏ ਹਨ। ਏਨਾ ਹੀ ਨਹੀਂ, ਉਨ੍ਹਾਂ ਨੇ ਕੁੱਲ ਦੁਨੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਅੱਜ ਦੇ ਨੇਤਾ 9/11 ਦੇ ਨਾਲੋਂ ਕਿਤੇ ਵੱਧ ਭਿਆਨਕ ਪ੍ਰੋਗਰਾਮ ਬਣਾਈ ਬੈਠੇ ਹਨ, ਜਿਸਦੀ ਦਹਿਸ਼ਤ ਦੇ ਨਾਲ, ਲੋਕਾਂ ਦੇ 'ਸੱਚ ਵੱਲ ਭਟਕੇ' ਮਨ, ਇਕ ਵਾਰ ਫਿਰ ਸਰਕਾਰ ਵਾਲੇ ਪਾਸੇ ਮੁੜ ਆਉਣਗੇ।

ਏਸ ਵਾਰ ਬੈਂਕਰਾਂ ਹੇਠ ਸਰਕਾਰਾਂ ਅਤੇ ਸਰਕਾਰਾਂ ਹੇਠ ਕੰਮ ਕਰਦੀਆਂ ਮੰਦ-ਸ਼ਕਤੀਆਂ ਨੂੰ ਆਪਣੀ ਕਮਜ਼ੋਰੀ ਦੀ ਘੁੰਡੀ ਲੱਭੀ ਹੋਈ ਹੈ। ਉਹ ਹੈ 'ਇੰਟਰਨੈੱਟ'। ਏਸ ਸਮੇਂ ਉਨ੍ਹਾਂ ਦੀ ਲਿਵ ਲੱਗੀ ਹੋਈ ਹੈ, ਕਿਵੇਂ ਇੰਟਰਨੈੱਟ ਨੂੰ ਇੰਜ ਨਕੇਲ ਪਾਈ ਜਾਵੇ ਕਿ ਵਿਰੋਧੀ ਆਵਾਜ਼ ਕਦੇ ਉੱਠ ਨਾ ਸਕੇ।

ਸੈਨੇਟਰ ਜੇ ਰਾਕਫ਼ੈਲਰ (ਭਤੀਜਾ ਡੇਵਿਡ ਰਾਕਫ਼ੈਲਰ ਦਾ, ਜਿਸਨੇ ਰੌਥਚਾਈਲਡਾਂ ਅਤੇ ਮਾਰਗਨ ਨਾਲ ਰਲ ਕੇ ਅਮਰੀਕੀ ਲੋਕਾਂ ਦੇ ਸਰਕਾਰੀ ਬੈਂਕ ਨੂੰ ਬੰਦ ਕਰਵਾ ਕੇ ਡਾਲਰਾਂ ਦੀ ਮੁਕੰਮਲ ਛਪਾਈ ਅਤੇ ਵੰਡ ਉੱਤੇ ਪ੍ਰਾਈਵੇਟ 'ਫ਼ੈਡਰਲ ਰੀਜ਼ਰਵ' ਦਾ ਕਬਜ਼ਾ ਕੀਤਾ) ਨੇ ਕੁਝ ਚਿਰ ਪਹਿਲਾਂ ਇੰਟਰਨੈੱਟ ਬਾਰੇ ਇਹ ਬਿਆਨ ਦਿੱਤਾ, "ਇੰਟਰਨੈੱਟ ਹੋਣਾ ਹੀ ਨਹੀਂ ਚਾਹੀਦਾ ਸੀ। ਸਾਈਬਰ ਸਕਿਓਰਟੀ ਦੀ ਕਮੇਟੀ ਦੀ ਮੀਟਿੰਗ ਹੋਈ, ਜਿਸਦੇ ਸਾਹਮਣੇ ਇਹ ਮਸਲਾ ਪੇਸ਼ ਹੋਇਆ ਹੈ। ਮੈਂ ਨਾਟਕੀ ਹੋਣ ਦੀ ਕੋਸ਼ਿਸ਼ ਨਹੀਂ ਕਰ ਰਿਹਾ। ਜਦੋਂ ਇੰਟਰਨੈੱਟ ਸ਼ੁਰੂ ਹੋਇਆ ਤਾਂ ਲੋਕਾਂ ਨੂੰ ਕਿੰਨਾ ਉਤਸ਼ਾਹ ਮਿਲਿਆ, ਕਿਵੇਂ ਦੁਨੀਆਂ ਅੰਦਰ ਵਪਾਰ ਨੂੰ ਮਦਦ ਮਿਲੀ। ਮੀਟਿੰਗ ਵਿਚ ਪੂਰਵ ਪ੍ਰਧਾਨ ਬੁਸ਼ ਅਤੇ ਪ੍ਰਧਾਨ ਓਬਾਮਾ ਦੇ ਸਲਾਹਕਾਰ ਵੀ ਬੈਠੇ ਸਨ। ਉਨ੍ਹਾਂ ਦੀ ਪਰਪੱਕ ਰਾਇ ਹੈ ਕਿ ਸਾਈਬਰ ਸਕਿਓਰਟੀ ਨੂੰ ਪਹਿਲੇ ਨੰਬਰ 'ਤੇ ਖ਼ਤਰਾ ਹੈ। ਏਸ ਦੇਸ ਉੱਤੇ ਇੰਟਰਨੈੱਟ ਰਾਹੀਂ ਹਮਲਾ ਹੋ ਸਕਦਾ ਹੈ। ਇਸ ਦੇ ਸੱਚਮੁੱਚ ਭਿਆਨਕ ਨਤੀਜੇ ਨਿਕਲਣਗੇ ਕਿਉਂਕਿ ਹਰ ਪਾਸੇ ਇੰਟਰਨੈੱਟ ਦੀ ਵਰਤੋਂ ਹੈ। ਇੰਟਰਨੈੱਟ ਰਾਹੀਂ ਅਮਰੀਕੀ ਫ਼ੌਜ ਉੱਤੇ ਹਰ ਰੋਜ਼ ਤੀਹ ਲੱਖ ਤੋਂ ਵੱਧ ਹਮਲੇ ਕੀਤੇ ਜਾ ਰਹੇ ਹਨ। ਇਹ ਹਮਲਾ ਕਿਸੇ ਪਾਸਿਓਂ ਵੀ ਆ ਸਕਦਾ ਹੈ। ਚੀਨ ਅਤੇ ਰੂਸ ਹੀ ਨਹੀਂ, ਕੋਈ ਵੀ ਮਾਫ਼ੀਆ, ਕੋਈ ਵੀ ਹੁਸ਼ਿਆਰ ਬੱਚਾ ਹਮਲਾ ਕਰ ਸਕਦਾ ਹੈ। ਇੱਕੋ

ਹੀ ਹਮਲੇ ਦੇ ਨਾਲ ਪੂਰਾ ਦੇਸ ਬੰਦ ਹੋ ਸਕਦਾ ਹੈ—ਬਿਜਲੀ ਬੰਦ, ਬੈਂਕਿੰਗ ਬੰਦ, ਵਗ਼ੈਰਾ, ਵਗ਼ੈਰਾ। ਇਸ ਗੰਭੀਰ ਸਮੱਸਿਆ ਉੱਤੇ ਪੂਰਾ ਦਿਨ ਬਹਿਸ ਹੁੰਦੀ ਰਹੀ। ਏਸ ਬਹਿਸ ਲਈ ਅਸਾਂ ਨੇ ਵਰਜੀਨੀਆ ਅੰਦਰ ਦੂਰ ਲੁਕੀ ਹੋਈ ਥਾਂ ਵਿਚ ਮੀਟਿੰਗ ਕੀਤੀ ਸੀ। ਮੈਨੂੰ ਪਤਾ ਨਹੀਂ ਕਿ ਤੁਸੀਂ ਇਸ ਗੰਭੀਰ ਸਮੱਸਿਆ ਬਾਰੇ ਕੀ ਸੋਚਦੇ ਹੋ।"

ਜਿੰਨੀ ਸਹਿਮ ਪੈਦਾ ਕਰਨ ਵਾਲੀ ਸ਼ਕਤੀ ਅਦਿੱਖ ਹੋਵੇ, ਤੀਬਰਤਾ ਓਨੀ ਹੀ ਵਧ ਜਾਂਦੀ ਹੈ। ਹਾਕਮ ਜਮਾਤ ਨੇ ਪਹਿਲਾਂ ਤਾਂ ਬਾਰ ਬਾਰ ਪ੍ਰਚਾਰ ਕਰ ਕੇ, ਲੋਕਾਂ ਦੇ ਦਿਮਾਗ਼ੀ ਸਹਿਮ-ਨਿਸ਼ਾਨੇ ਢੂੰਡਣੇ ਹਨ। ਸਹਿਮ ਦੀ ਆੜ ਵਿਚ ਲੋਕਾਂ ਤੋਂ ਇੰਟਰਨੈੱਟ ਰਾਹੀਂ ਵਾਕਫ਼ੀ ਹਾਸਲ ਕਰਨ ਜਾਂ ਲੈਣ-ਦੇਣ ਨੂੰ ਬੰਦ ਕਰਨਾ ਹੈ। ਬਿਜਲੀ, ਬੈਂਕ ਜਾਂ ਹੋਰ ਅਦਾਰਿਆਂ ਨੂੰ ਕਥਿਤ 'ਇੰਟਰਨੈੱਟ ਰਾਹੀਂ ਹਮਲੇ' ਦਾ ਨਾਟਕ ਕਿਸੇ ਵੀ ਸਮੇਂ ਕਰਵਾ ਕੇ ਇੰਟਰਨੈੱਟ ਉੱਤੇ 'ਸਾਈਬਰ ਐਮਰਜੰਸੀ' ਲਗਾ ਕੇ ਉਸਨੂੰ ਪੂਰੀ ਤਰ੍ਹਾਂ ਬੰਦ ਕੀਤਾ ਜਾ ਸਕਦਾ ਹੈ ਜਾਂ ਏਨਾ ਕੁ ਚਲਦਾ ਛੱਡਿਆ ਜਾ ਸਕਦਾ ਹੈ, ਜਿਥੋਂ ਕੇਵਲ ਇੱਕੋ ਪਾਸੇ ਦੇ ਪ੍ਰਾਪੇਗੰਡਾ ਦੀ, ਸਵਾ ਦੋ ਸੌ ਸਾਲਾਂ ਦੇ ਮਿੱਥੇ ਹੋਏ 'ਇਕ ਵਿਸ਼ਵ ਸਮਾਜ' ਜਾਂ ਇਕ 'ਆਲਮੀ ਨਿਜ਼ਾਮ' ਦੇ ਟੀਚੇ ਵੱਲ ਲਿਜਾਣ ਲਈ ਹੀ ਨਵੀਂ ਮੰਜ਼ਿਲ ਕੱਢੀ ਜਾਵੇਗੀ।

ਦੇਸਾਂ ਦੇ ਸੰਵਿਧਾਨ ਲੋਕਾਂ ਨੂੰ ਜ਼ਿੰਮੇਵਾਰੀਆਂ ਦੇਣ ਦੇ ਨਾਲ-ਨਾਲ ਕਈ ਬੁਨਿਆਦੀ ਹੱਕ ਵੀ ਦਿੰਦੇ ਹਨ। ਜਦੋਂ ਸਹਿਮ ਦੇ ਹਥਿਆਰ ਦੀ ਵਰਤੋਂ ਸਰਕਾਰ ਵੱਲੋਂ ਹੁੰਦੀ ਹੈ ਤਾਂ ਹਰ ਵਾਰ ਕੋਈ ਨਾ ਕੋਈ ਬੁਨਿਆਦੀ ਹੱਕ ਖੁੱਸ ਜਾਂਦਾ ਹੈ। ਅਮਰੀਕਾ ਅੰਦਰ ਸ਼ਹਿਰੀਆਂ ਨੂੰ ਬਖ਼ਸ਼ੇ ਹੋਏ ਸੰਵਿਧਾਨ ਵੱਲੋਂ ਬੁਨਿਆਦੀ ਹੱਕ, ਰੌਲਾ ਪਾਉਣ ਲਈ ਤਾਂ ਕਾਇਮ ਹਨ ਪਰ ਵਰਤੋਂ ਵਿਚ ਪ੍ਰਧਾਨ ਬੁਸ਼ ਦੇ ਸਮੇਂ ਤੋਂ ਹੀ ਖ਼ਤਮ ਹਨ। ਹੱਕਾਂ ਦੀ ਆਖ਼ਰੀ ਲੜੀ ਵਿਚ 'ਇੰਟਰਨੈੱਟ' ਦੀ ਮੌਤ, ਓਬਾਮਾ ਸਰਕਾਰ ਦੇ ਸਮੇਂ ਨਿਸਚਿਤ ਜਾਪਦੀ ਹੈ। ਅਮਰੀਕਾ ਦੇ ਨਾਲ ਘਿਓ ਖਿਚੜੀ ਹੋਣ ਦੇ ਕਾਰਨ, ਏਸ ਮਨਸੂਬੇ ਨੂੰ ਪਕਾਉਣ ਦੇ ਸੇਕ ਵਿਚ ਭਾਰਤ ਵੀ ਬਚਿਆ ਨਹੀਂ ਰਹਿ ਸਕਦਾ।

# ਅੱਡਿਆਂ ਦਾ ਸਾਮਰਾਜੀ ਪਰਛਾਵਾਂ

ਅਮਰੀਕਾ ਦੀਆਂ ਬੇਅੰਤ ਵਿੱਤੀ ਕਮਜ਼ੋਰੀਆਂ ਹਨ ਅਤੇ ਉਨ੍ਹਾਂ ਵਿਚ ਇਕ ਵੱਡਾ ਕਾਰਨ ਹੈ ਥਾਂ ਥਾਂ ਉੱਤੇ ਫ਼ੌਜੀ ਸਰਗਰਮੀਆਂ। ਏਸ ਦਾ ਫ਼ੌਜੀ ਪਰਛਾਵਾਂ ਕਿਤੇ ਛੋਟੀ ਤੇ ਕਿਤੇ ਵੱਡੀ ਜੰਗ ਛੂਹੀ ਬੈਠਾ ਹੈ। ਰਸਮੀ ਫ਼ੌਜੀ ਸੰਧੀਆਂ ਜਿਵੇਂ ਨਾਟੋ ਹੋਇਆ, ਤਾਂ ਕੇਵਲ ਵੰਨਗੀ ਮਾਤਰ ਹਨ। ਜਿਹੜੇ ਦੇਸ ਗੁੱਟ-ਨਿਰਲੇਪ ਸਮਝੇ ਜਾਂਦੇ ਸਨ, ਅੱਜ ਉਹ ਨਾਟੋ ਦੇ ਛੋਟੇ ਭਾਈ ਬੰਦ ਹੋ ਗਏ ਹਨ—ਇਹ ਹਨ ਆਇਰਲੈਂਡ, ਆਸਟਰੀਆ, ਸਵਿਟਜ਼ਰਲੈਂਡ, ਫਿਨਲੈਂਡ, ਮਾਲਟਾ ਅਤੇ ਸਵੀਡਨ। ਇਹ ਤਾਂ ਸ਼ੁਰੂਆਤ ਹੀ ਹੈ। ਅਸਲ ਨਿਸ਼ਾਨਾ ਹੈ ਉੱਤਰੀ ਆਰਕਟਿਕ ਇਲਾਕਿਆਂ ਵਿਚ ਰੂਸ ਨੂੰ ਚੁਣੌਤੀ ਦੇਣੀ। ਰੂਸ ਨੇ ਉੱਤਰੀ ਧਰੁਵ ਉੱਤੇ ਆਪਣਾ ਝੰਡਾ ਗੱਡ ਦਿੱਤਾ ਹੈ ਅਤੇ ਨਾਲ ਲੱਗਦੀ ਕੁੱਲ ਧਰਤੀ ਉੱਤੇ ਉਹ ਆਪਣਾ ਹੱਕ ਜਮਾਉਂਦਾ ਹੈ। ਪਹਿਲਾਂ ਦਾ ਸੋਵੀਅਤ ਸੰਘ ਇਕ ਸਰਕਾਰੀ ਨਜ਼ਾਮ ਸੀ ਜਿਹੜਾ ਸਦਾ ਅਮਰੀਕਾ ਦੀ ਸ਼ਿਸਤ ਉੱਤੇ ਰਹਿੰਦਾ ਸੀ। ਅੱਜ ਜਦੋਂ ਨਵਾਂ ਰੂਸ ਸਰਮਾਏਦਾਰੀ ਦੀਆਂ ਲੀਹਾਂ ਉੱਤੇ ਆ ਗਿਆ ਹੈ (ਜੋ ਅਮਰੀਕਾ ਚਾਹੁੰਦਾ ਸੀ) ਤਾਂ ਹੁਣ ਅਮਰੀਕਾ ਰੂਸ ਨਾਲ ਕਿਹੜੀ ਖਾਰ ਕੱਢਣੀ ਚਾਹੁੰਦਾ ਹੈ ?

ਕਈ ਹੋਰ ਦੇਸ ਨਾਟੋ ਦੇ ਨਾਲ ਭਿਆਲੀ ਪਾਉਣ ਵਾਸਤੇ, ਗੱਲਬਾਤੀ ਪੜਾਅ ਉੱਤੇ ਪਹੁੰਚ ਗਏ ਹਨ—ਇਹ ਹਨ ਮੈਡੀਟ੍ਰੇਨੀਅਨ ਸਾਗਰ ਦੁਆਲੇ ਦੇਸ—ਅਲਜੇਰੀਆ, ਮਿਸਰ, ਇਸਰਾਈਲ, ਜਾਰਡਨ, ਮਾਰੀਟਾਨੀਆਂ, ਮੋਰਾਕੋ ਅਤੇ ਟੂਨੀਸ਼ੀਆ। ਨਾਟੋ ਕਾਰਵਾਈਆਂ ਵਿਚ ਸ਼ਾਮਲ ਹੋਣ ਲਈ ਆਸਟ੍ਰੇਲੀਆ, ਜਾਪਾਨ, ਨਿਊਜ਼ੀਲੈਂਡ ਅਤੇ ਦੱਖਣੀ ਕੋਰੀਆ ਨੂੰ ਸੱਦੇ ਜਾ ਚੁੱਕੇ ਹਨ। ਨਾਟੋ ਦੇਸਾਂ ਨੂੰ ਮਿਆਰ ਉੱਤੇ ਪੂਰਾ ਉਤਰਨ ਲਈ ਜ਼ੋਰ ਲਾਇਆ ਜਾਂਦਾ ਹੈ। ਇਸ ਦਾ ਅਰਥ ਇਹ ਹੁੰਦਾ ਹੈ ਕਿ ਫ਼ੌਜੀ ਸ਼ਕਤੀ ਵਧਾਉਣ ਦੇ ਨਾਲ ਨਾਲ ਗੁੱਝੇ ਸਮਝੌਤੇ ਵੀ ਕੀਤੇ ਜਾਣ, ਜਿਨ੍ਹਾਂ ਅਨੁਸਾਰ ਲੋਕ-ਰਾਇ ਦੀ ਇਕ ਨਾ ਚੱਲਣ ਦਿੱਤੀ ਜਾਵੇ। ਜੇ ਕੋਈ ਫ਼ੌਜ-ਖ਼ਿਲਾਫ਼ ਜਥੇਬੰਦੀ ਸੱਤਾ ਵਿਚ ਆ ਜਾਵੇ ਤਾਂ ਉਸ ਨੂੰ ਗੁੱਝੇ ਸਮਝੌਤਿਆਂ ਬਾਰੇ ਬੇਖ਼ਬਰ ਰੱਖਿਆ ਜਾਂਦਾ ਹੈ। ਜਾਪਾਨ ਦੇ ਸੰਵਿਧਾਨ ਅੰਦਰ ਉਸ ਦੇਸ ਦੇ ਅੰਦਰ ਪ੍ਰਮਾਣੂ ਹਥਿਆਰ ਰੱਖਣ ਦੀ ਮਨਾਹੀ ਹੈ, ਪਰ ਗੁੱਝੇ ਸਮਝੌਤਿਆਂ ਦੇ ਨਾਲ ਉਥੇ ਸ਼ੁਰੂ ਤੋਂ ਹੀ ਪ੍ਰਮਾਣੂ ਹਥਿਆਰ ਰੱਖੇ ਜਾਂਦੇ ਰਹੇ ਹਨ। ਹੁਣ ਪਹਿਲੀ ਵਾਰ ਵਿਰੋਧੀ ਦਲ ਦੀ ਸਰਕਾਰ ਨੇ ਇਨ੍ਹਾਂ ਗੁੱਝੇ ਸਮਝੌਤਿਆਂ ਉੱਤੋਂ ਘੁੰਡ ਉਠਾਇਆ ਹੈ। ਡੈਨਮਾਰਕ ਦੇ ਸੰਵਿਧਾਨ ਦੇ ਉਲਟ ਗ੍ਰੀਨਲੈਂਡ ਅੰਦਰ ਪ੍ਰਮਾਣੂ ਹਥਿਆਰ ਰੱਖੇ ਜਾ ਰਹੇ ਹਨ।

ਬੰਦਾ ਇਕ ਗੱਲ ਪੁੱਛੇ—ਭਾਈ ਤੁਹਾਡਾ ਦੁਸ਼ਮਨ ਦੇਸ ਸੋਵੀਅਤ ਸੰਘ ਕਦੋਂ ਦਾ ਨਹੀਂ ਰਿਹਾ। ਹੁਣ ਕਿਹੜੇ ਦੇਸ ਲਈ ਨਾ ਕੇਵਲ ਪ੍ਰਮਾਣੂ ਹਥਿਆਰ ਯੂਰਪ ਅੰਦਰ ਤਿਆਰ-ਬਰ-ਤਿਆਰ ਰੱਖੇ ਹੋਏ ਨੇ, ਸਗੋਂ ਕਈ ਨਵੇਂ ਦੇਸਾਂ ਅੰਦਰ ਮਿਸਾਈਲਾਂ ਬੀੜੀਆਂ ਜਾ ਰਹੀਆਂ ਹਨ ?

ਅਮਰੀਕਨ ਵਿੱਤੀ ਚੜ੍ਹਤ ਹਥਿਆਰਾਂ ਦੀ ਵਿਕਰੀ ਦੇ ਨਾਲ ਹੁੰਦੀ ਹੈ। ਇਹ ਹਥਿਆਰ ਦੁਨੀਆਂ ਦੇ 150 ਦੇਸਾਂ ਦੇ ਅੰਦਰ ਫ਼ੌਜੀ ਅਤੇ ਗ਼ੈਰ ਫ਼ੌਜੀ ਅਦਾਰਿਆਂ ਨੂੰ ਵੇਚੇ ਜਾਂਦੇ ਹਨ। ਕੰਮ ਆਉਣ ਜਾਂ ਨਾ ਆਉਣ, ਨਿੱਤ ਨਵੇਂ ਹਥਿਆਰਾਂ ਨੇ ਪੁਰਾਣਿਆਂ ਨੂੰ ਬਦਲਣਾ ਹੁੰਦਾ ਹੈ। ਇੰਜ ਨਾ ਹੋਵੇ ਤਾਂ ਕਮਾਈ ਨਾ ਰੁਕ ਜਾਵੇ ? ਜਦੋਂ ਵੀ ਹਥਿਆਰਾਂ ਦਾ ਸੌਦਾ ਹੁੰਦਾ ਹੈ, ਨਾਲ ਹੀ ਨਾਲ ਟ੍ਰੇਨਰ ਭੇਜੇ ਜਾਂਦੇ ਹਨ। ਹਥਿਆਰਾਂ ਨਾਲ ਲੈਸ ਕੀਤੇ ਦੇਸਾਂ ਦੇ ਸਾਂਝੇ ਰੱਖਿਆ ਅਭਿਆਸ ਕੀਤੇ ਜਾਂਦੇ ਹਨ, ਤਾਂ ਜੋ ਕੋਈ ਦੇਸ ਬਾਗ਼ੀ ਹੋ ਕੇ ਹੱਥੋਂ ਨਾ ਨਿਕਲ ਜਾਵੇ। ਹਥਿਆਰ ਮੁੱਲ ਮਿਲਦੇ ਹਨ, ਪਰ ਗ਼ੁਲਾਮੀ ਮੁਫ਼ਤ ਵਿਚ ਮਿਲਦੀ ਹੈ! ਹਥਿਆਰਾਂ ਦੀ ਫ਼ੌਜੀ ਅਤੇ ਸ਼ਹਿਰੀ ਵਰਤੋਂ ਵਿਚ ਦਿਨੋਂ-ਦਿਨ ਫ਼ਰਕ ਘਟਦਾ ਜਾਂਦਾ ਹੈ। ਦੇਸ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੇ ਹਥਿਆਰ ਹੁਣ ਸ਼ਹਿਰੀ ਆਬਾਦੀ ਜਾਂ ਜੰਗਲ ਵਾਸੀਆਂ ਉੱਤੇ ਵਰਤਣੇ ਸ਼ੁਰੂ ਹੋ ਗਏ ਹਨ।

ਅਮਰੀਕਨ ਫ਼ੌਜ ਨੇ ਹੁਣ ਲੋਕਾਈ ਦੀ ਸੇਵਾ ਦਾ ਮਿਸ਼ਨ ਵੀ ਆਰੰਭ ਲਿਆ ਹੈ। ਉਨ੍ਹਾਂ ਦੇ ਕਾਇਦਿਆਂ ਅੰਦਰ ਲਿਖਿਆ ਹੈ ਕਿ ਉਹ ਬਦੇਸ਼ੀ ਥਾਂ ਜਾਣਗੇ, "ਜਿਥੇ ਕੁਦਰਤੀ ਜਾਂ ਇਨਸਾਨੀ ਆਫ਼ਤ ਨਾਲ ਇਨਸਾਨੀਅਤ ਦੁਖਾਂਤ ਵਿਚ ਹੈ।" ਉਥੇ ਉਹ ਮੈਡੀਕਲ ਅਤੇ ਦੰਦਾਂ ਦਾ ਕੈਂਪ ਲਗਾ ਕੇ ਦਿਲਾਂ ਅਤੇ ਮਨਾਂ ਨੂੰ ਜਿੱਤਣਗੇ! ਪਿਛਲੇ ਸਾਲ, ਹੇਟੀ ਵਿਚ ਕੀ

ਹੋਇਆ ? ਭੂਚਾਲ ਉਪਰੰਤ ਉਸੇ ਹੀ ਦਿਨ 20000 ਸ਼ਸਤਰਾਂ ਨਾਲ ਲੈਸ ਮੇਰੀਨ ਪੁੱਜ ਗਏ, ਜਿਨ੍ਹਾਂ ਨੇ ਕੁਲ ਦੇਸ ਅੰਦਰ ਆਵਾਜਾਈ ਉੱਤੇ ਕਾਬੂ ਪਾ ਲਿਆ। ਕਈ ਮਹੀਨਿਆਂ ਪਿੱਛੋਂ ਅੱਜ ਵੀ 10000 ਮੇਰੀਨ ਉਥੇ ਹੀ ਨੇ। ਅੱਜ-ਕੱਲ੍ਹ ਦੇ ਫ਼ੌਜੀ 'ਮਿਸ਼ਨਰੀ' ਇਕ ਵਾਰ ਆ ਜਾਣ ਤਾਂ ਵਾਪਸ ਜਾਣ ਦਾ ਨਾਂ ਨਹੀਂ ਲੈਂਦੇ। ਦੋਸਤੀਆਂ, ਭਾਈਵਾਲੀਆਂ, ਸਿਖਲਾਈਆਂ, ਲੋਕ ਭਲਾਈ ਸੇਵਾਵਾਂ ਆਦਿ ਨਾਲ ਇਕ ਫ਼ੌਜੀ ਅਤੇ ਸ਼ਹਿਰੀ ਤਾਣਾ ਬਾਣਾ ਬਣਾ ਲਿਆ ਜਾਂਦਾ ਹੈ, ਜੋ ਅੱਗੇ ਜਾ ਕੇ ਮਿਹਰ ਹੇਠਲੇ ਦੇਸ ਨੂੰ ਕਾਬੂ ਰੱਖੀ ਰੱਖਣ ਦੇ ਕੰਮ ਆਉਂਦਾ ਹੈ।

ਕੈਥਰੀਨ ਲੁਟਜ਼ (*The Bases of Empire*, NYV Press 2009) ਜੋ ਕੁੱਲ ਇਨਸਾਨੀਅਤ ਨੂੰ ਸਮਝਣ ਵਾਲੀ ਐਂਥ੍ਰੋਪੋਲੋਜੀ ਸਾਇੰਸ ਨਾਲ ਸੰਬੰਧਿਤ ਹੈ, ਉਸ ਨੇ ਅਮਰੀਕਨ ਰੱਖਿਆ ਵਿਭਾਗ ਦੇ ਅੱਡਿਆਂ ਦੀ ਬਣਤਰ ਰੀਪੋਰਟ ਦਾ ਹਵਾਲਾ ਦਿੱਤਾ ਹੈ। ਅੰਕਿਤ ਹਨ ਅਮਰੀਕਨ ਧਰਤੀ ਦੇ ਅੰਦਰ 4742 ਫ਼ੌਜੀ ਅੱਡੇ, 121 ਅੱਡੇ ਹਨ ਅਮਰੀਕਾ ਅਧੀਨ ਇਲਾਕਿਆਂ ਅੰਦਰ ਅਤੇ 716 ਅੱਡੇ ਬਦੇਸੀ ਥਾਵਾਂ ਉੱਤੇ। ਇਸ ਰੀਪੋਰਟ ਵਿਚ ਇਰਾਕੀ, ਅਫ਼ਗਾਨੀ ਅਤੇ ਨਵੇਂ ਯਮਨੀ ਅੱਡਿਆਂ ਦਾ ਜ਼ਿਕਰ ਨਹੀਂ ਹੈ। ਕੁਲ ਬਦੇਸੀ ਅੱਡਿਆਂ ਦੀ ਰੱਖ ਰਖਾਈ ਦਾ ਖ਼ਰਚ 250 ਬਿਲੀਅਨ ਡਾਲਰ ਆਉਂਦਾ ਹੈ। ਯਾਦ ਰਹੇ ਕਿ ਭਾਰਤ ਦਾ ਸਾਲਾਨਾ ਬਜਟ ਕਰੀਬ 60 ਬਿਲੀਅਨ ਡਾਲਰ ਹੈ।

ਲੁਟਜ਼ ਦੀ ਕਿਤਾਬ ਫ਼ੌਜੀ ਅੱਡਿਆਂ ਦਾ ਸਥਾਨਕ ਲੋਕਾਂ ਦੇ ਉੱਤੇ ਹੁੰਦਾ ਅਸਰ ਬਿਆਨ ਕਰਦੀ ਹੈ। ਸਭ ਤੋਂ ਪਹਿਲੀ ਖਿੱਝ ਤਾਂ ਏਸ ਨੁਕਤੇ ਉੱਤੇ ਉਠਦੀ ਹੈ ਜਦੋਂ ਇਹ ਪਤਾ ਲੱਗਦਾ ਹੈ ਕਿ ਦੇਸ ਦੇ ਕਾਇਦੇ ਕਾਨੂੰਨ ਅਮਰੀਕੀ ਫ਼ੌਜੀਆਂ ਅਤੇ ਅੱਡਿਆਂ ਉੱਤੇ ਲਾਗੂ ਨਹੀਂ ਹੁੰਦੇ। ਸੰਵਿਧਾਨ, ਪਾਰਲੀਮੈਂਟ ਅਤੇ ਸਭ ਕਾਨੂੰਨਾਂ ਤੋਂ ਉਪਰ ਹੁੰਦੇ ਹਨ ਇਹ ਅੱਡੇ—ਸਰਕਾਰ ਨੇ ਗੁੱਝੇ ਗੁਪਤ ਸਮਝੌਤਿਆਂ ਉੱਤੇ ਦਸਤਖ਼ਤ ਕੀਤੇ ਹੁੰਦੇ ਹਨ। ਸਥਾਨਕ ਸਮਾਜ ਅਤੇ ਸਿਆਸਤ ਦੇ ਉੱਤੇ ਫ਼ੌਜੀ ਅੱਡੇ ਚੋਖਾ ਅਸਰ ਰੱਖਦੇ ਹਨ। ਦੂਜੀ ਵਿਸ਼ਵ ਜੰਗ ਤਾਂ 1945 ਵਿਚ ਮੁੱਕ ਗਈ ਸੀ, ਪਰ ਜਰਮਨੀ ਦੇ ਅੰਦਰ ਅੱਜ ਵੀ 235 ਫ਼ੌਜੀ ਅੱਡੇ ਕਾਇਮ ਹਨ। ਇਨ੍ਹਾਂ ਦੇ ਆਸਰੇ ਜਰਮਨ ਭਾਈਚਾਰੇ ਦੀ ਰੰਗਤ ਹੀ ਅਮਰੀਕਨ ਹੋ ਗਈ ਹੈ। ਖਾਣ ਪੀਣ, ਸੈਰ ਸਪਾਟਾ ਆਦਿ ਅਤੇ ਇਮਾਰਤ ਉਸਾਰੂ ਉਦਯੋਗਾਂ ਨੂੰ ਚੋਖੀ ਮਦਦ ਮਿਲੀ ਹੈ। ਨਾਲ ਹੀ ਨਾਲ ਸਨਅਤ ਅਤੇ ਖੇਤੀ ਦਾ ਭੂਗੋਲੀਕਰਨ ਕਰ ਕੇ ਸਥਾਨਕ ਵਿੱਤੀ ਖ਼ੁਸ਼ਹਾਲੀ ਨੂੰ ਅੰਦਰੋ-ਅੰਦਰ ਪੋਲਾ ਕਰ ਦਿੱਤਾ ਹੈ।

ਥਾਂ ਥਾਂ ਉੱਤੇ ਫ਼ੌਜੀ ਜੁਗਾੜ ਖੜੇ ਕੀਤੇ ਜਾਂਦੇ ਹਨ, ਜਿਨ੍ਹਾਂ ਦਾ ਮੰਤਵ ਹੁੰਦਾ ਹੈ ਲੜਾਈ ਦੀ ਤਿਆਰੀ, ਦੂਜੇ ਦੇਸਾਂ ਦੀ ਮੁਖ਼ਬਰੀ ਅਤੇ ਬੇਅੰਤ ਅਜਿਹੇ ਕੰਮ ਜੋ ਘਰੇਲੂ ਕਾਨੂੰਨਾਂ ਦੀ ਉਲੰਘਣਾ ਕਰਦੇ ਹਨ। ਇਨ੍ਹਾਂ ਅੱਡਿਆਂ ਤੋਂ ਇਹ ਵੀ ਤਾਂ ਭੈਅ ਰਹਿੰਦਾ ਹੈ ਕਿ ਜੇ ਕੋਈ ਜੰਗ ਛਿੜੀ, ਤਾਂ ਏਥੇ ਵੀ ਬੰਬ ਪੈਣਗੇ ਨਾ। ਸਥਾਨਕ ਲੋਕਾਂ ਨੂੰ ਇਹ ਵੀ ਚੁੱਭਦਾ ਰਹਿੰਦਾ ਹੈ ਕਿ ਅੱਡਿਆਂ ਲਈ ਹਥਿਆਈ ਥਾਂ ਕਦੇ ਵੀ ਸੈਰ ਸਪਾਟੇ ਅਤੇ ਖੇਤੀ ਲਈ ਕੰਮ ਨਹੀਂ ਆ ਸਕੇਗੀ। ਹਵਾਈ, ਸਮੁੰਦਰੀ ਅਤੇ ਜ਼ਮੀਨੀ ਵਾਤਾਵਰਣ ਉੱਤੇ ਗਹਿਰਾ ਅਸਰ ਪੈਂਦਾ ਹੈ। ਉਪਰਲੀਆਂ ਹਵਾਈ ਉਡਾਨਾਂ ਦਾ ਰੌਲਾ, ਗੋਲਿਆਂ ਅਤੇ ਬੰਬ-ਹਮਲਿਆਂ ਦੀਆਂ ਮਸ਼ਕਾਂ, ਸਥਾਨਕ ਲੋਕਾਂ ਲਈ ਚੋਖੀਆਂ ਦੁਖਦਾਈ ਹੁੰਦੀਆਂ ਹਨ। ਕੁਲ ਫ਼ੌਜੀ ਅੱਡਿਆਂ ਦੇ ਆਸ-ਪਾਸ ਵੇਸ਼ਵਾਗਿਰੀ ਅਤੇ ਕਤਲ ਦੇ ਕਿੱਸੇ ਆਮ ਸੁਣੀਂਦੇ ਹਨ।

1995 ਵਿਚ ਓਕੀਨਾਵਾ ਵਿਚ ਇਕ 12 ਸਾਲਾਂ ਦੀ ਜਾਪਾਨੀ ਲੜਕੀ ਦਾ ਬਲਾਤਕਾਰ ਸਭ ਨੂੰ ਯਾਦ ਹੈ। ਦੋਸ਼ੀ ਨੂੰ ਅਮਰੀਕਾ ਨੇ ਸ਼ਹਿਰੀ ਕਾਨੂੰਨ ਦੇ ਹਵਾਲੇ ਨਹੀਂ ਕੀਤਾ। ਅੱਜ ਓਕੀਨਾਵਾ ਦੀ ਕੁਲ ਵਸੋਂ ਨੇ ਉਥੋਂ ਫ਼ੌਜੀ ਅੱਡਾ ਚੁੱਕ ਲੈਣ ਲਈ ਵੋਟ ਪਾਈ ਹੈ ਪਰ ਡਾਢੇ ਨੂੰ ਕੋਈ ਨਹੀਂ ਮਨਾ ਸਕਿਆ। ਜਾਪਾਨ ਸਰਕਾਰ ਦੀ ਬੇਨਤੀ ਠੁਕਰਾ ਦਿੱਤੀ ਗਈ ਹੈ। ਇਸ ਤਰ੍ਹਾਂ ਰੋਸ ਤਾਂ ਵਧਦਾ ਹੀ ਜਾਵੇਗਾ ਨਾ।

ਬਦੇਸ਼ੀ ਅੱਡਿਆਂ ਦੇ ਖ਼ਿਲਾਫ਼ ਸਥਾਨਕ ਲੋਕਾਂ ਦੀਆਂ ਮੰਗਾਂ ਅਤੇ ਮੁਹਿੰਮਾਂ ਦਾ ਅੱਜ ਤਕ ਤਾਂ ਮਾੜਾ ਹਾਲ ਹੈ। ਵੱਧ ਤੋਂ ਵੱਧ ਇਹ ਹੁੰਦਾ ਹੈ ਕਿ ਕੋਈ ਫ਼ੌਜੀ ਅੱਡਾ ਇਕ ਥਾਂ ਤੋਂ ਚੁੱਕ ਕੇ ਕਿਤੇ ਹੋਰ ਲਿਜਾਇਆ ਜਾਂਦਾ ਹੈ।

ਫਿਲਪੀਨ ਅੱਡਿਆਂ ਅੰਦਰ ਵੇਸ਼ਵਾਵਾਂ ਰਾਹੀਂ ਬੇਅੰਤ ਰੋਗ ਖਿਲਰਣ ਅਤੇ ਪ੍ਰਮਾਣੂ ਹਥਿਆਰਾਂ ਨੂੰ ਰੱਖਣ ਦੇ ਖ਼ਿਲਾਫ਼ ਫਿਲਪੀਨੋ ਸਰਕਾਰੀ ਨੀਤੀ ਕਾਰਨ, ਉਥੋਂ ਅੱਡੇ ਚੁੱਕ ਲਏ ਗਏ। ਹੁਣ ਉਨ੍ਹਾਂ ਦੇ ਜਹਾਜ਼ ਪ੍ਰਾਹੁਣੇ ਬਣ ਕੇ ਆਉਂਦੇ ਹਨ, ਜਾਂ...ਸਾਂਝੀਆਂ ਫ਼ੌਜੀ ਕਸਰਤਾਂ ਕਰਨ।

ਦੱਖਣੀ ਅਮਰੀਕਾ ਅੰਦਰ ਯੂਕੇਡੋਰ ਦੇਸ ਨੇ ਅਮਰੀਕਨ ਫ਼ੌਜੀ ਅੱਡਿਆਂ ਦੀ ਮਿਆਦ ਵਧਾਉਣ ਤੋਂ ਇਨਕਾਰ ਕਰ ਦਿੱਤਾ। ਹੁਣ 'ਮਾਲਟਾ' ਅੱਡਾ ਬੰਦ ਹੋ ਰਿਹਾ ਹੈ।

ਕੈਰੇਬੀਅਨ ਵਿਚ ਹੌਂਡਰਾਜ਼ ਸਰਕਾਰ ਨੇ 'ਪਾਮੀਰੋਲਾ' ਦਾ ਅੱਡਾ ਬੰਦ ਕਰਵਾਉਣਾ ਚਾਹਿਆ, ਤਾਂ ਉਸ ਗੌਰਮਿੰਟ ਦਾ ਤਖ਼ਤਾ ਪਲਟ ਦਿੱਤਾ ਗਿਆ।

ਸ਼ੁਕਰ ਹੈ ਕਿ ਸਾਡੇ ਦੇਸ ਅੰਦਰ ਕਿਸੇ ਦੇਸ ਦਾ ਫ਼ੌਜੀ ਅੱਡਾ ਨਹੀਂ ਹੈ। ਕਈ ਤਰ੍ਹਾਂ ਦੀਆਂ ਸ਼ੱਕੀ ਸਾਂਝੀਆਂ ਮਸ਼ਕਾਂ ਬਾਰੇ ਜ਼ਰੂਰ ਸੁਣਦੇ ਰਹਿੰਦੇ ਹਾਂ। ਪਤਾ ਨਹੀਂ ਇਨ੍ਹਾਂ ਪਿੱਛੇ ਕਿਹੜੀ ਮਜਬੂਰੀ ਛੁਪੀ ਹੁੰਦੀ ਹੈ। ਐਂਗਲੋ ਅਮਰੀਕੀ ਸ਼ਕਤੀਆਂ ਦੇ ਨਾਲ ਭਿਆਲੀ, ਸਹਿਜੇ ਸਹਿਜੇ ਵਧ ਰਹੀ ਜਾਪਦੀ ਹੈ। ਸਾਮਰਾਜ ਦਾ ਭੂਗੋਲਿਕ ਖ਼ੂਨੀ ਪੰਜਾ ਸਾਡੀ ਵੀ ਰੱਤ ਦਾ ਪਿਆਸਾ ਹੈ। ਜੇ ਕਦੇ ਵੀ ਇਸ ਭਾਰਤ ਮਾਂ ਅੰਦਰ, ਕਿਸੇ ਵੀ ਬਹਾਨੇ, ਕੋਈ ਫ਼ੌਜੀ ਅੱਡਾ ਬਣ ਗਿਆ, ਤਾਂ ਲੋਕਾਂ ਅੰਦਰ ਜੋ ਰੋਹ ਜਾਗੇਗਾ, ਉਸ ਦੀ ਕਲਪਨਾ ਕਰਨੀ ਔਖੀ ਹੈ। ਆਜ਼ਾਦੀ ਕਾਇਮ ਰੱਖਣ ਲਈ ਸਦਾ ਪਹਿਰੇ ਉੱਤੇ ਹੁਸ਼ਿਆਰ ਰਹਿਣਾ ਪੈਂਦਾ ਹੈ। ਜੇ ਅਸੀਂ ਕਿਸੇ ਗੁਪਤ ਸੰਧੀ ਦੇ ਪਰਛਾਵੇਂ ਹੇਠ ਹਾਂ ਤਾਂ ਮੰਦਭਾਗੇ ਲੋਕ ਕਦੇ ਜਾਣ ਹੀ ਨਹੀਂ ਸਕਦੇ।

# ਕਿਉਂ ਜ਼ੁਲਮ ਕਮਾਉਂਦਾ ਏਂ ਜ਼ਾਲਮਾ ਰਾਜ ਸਦਾ ਨਹੀਂ ਰਹਿਣਾ!

ਗੁਰੂ ਕੇ ਬਾਗ਼ ਅਤੇ ਜੈਤੋ ਦੇ ਮੋਰਚਿਆਂ ਵੇਲੇ ਅੰਗਰੇਜ਼ੀ ਸਰਕਾਰ ਨੇ ਨਿਹੱਥੇ ਹੱਕ ਮੰਗਣ ਵਾਲਿਆਂ ਉੱਤੇ ਬੇਅੰਤ ਜ਼ੁਲਮ ਕੀਤੇ। ਅੰਗਰੇਜ਼ ਸਰਕਾਰ ਨੂੰ ਗੁਰੂ ਨਾਨਕ, ਗੁਰੂ ਅਰਜਨ ਅਤੇ ਗੁਰੂ ਗੋਬਿੰਦ ਸਿੰਘ ਦੇ ਵਾਰਸਾਂ ਦੇ ਆਤਮ-ਵਿਸ਼ਵਾਸ ਅਤੇ ਸ਼ਕਤੀ ਦਾ ਅੰਦਾਜ਼ਾ ਨਹੀਂ ਸੀ। ਇਤਿਹਾਸ ਉੱਤੇ ਇਕ ਸਰਸਰੀ ਨਜ਼ਰ ਮਾਰਿਆਂ ਝੱਟ ਪਤਾ ਚੱਲ ਜਾਂਦੈ ਕਿ ਕਿਸੇ ਵੀ ਸਾਮਰਾਜ ਦਾ ਇਕ ਦਿਨ ਅੰਤ ਆਉਂਦੈ ਹੀ ਆਉਂਦੈ।

ਵੀਹ ਸਾਲ ਪਹਿਲਾਂ ਜਦੋਂ ਸੋਵੀਅਤ ਸੰਘ ਢਹਿ-ਢੇਰੀ ਹੋਇਆ ਤਾਂ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇੰਜ ਵਾਪਰ ਜਾਵੇਗਾ। ਉਸ ਸਮੇਂ ਦੋਸਤਾਂ ਅਤੇ ਦੁਸ਼ਮਣਾਂ ਦੇ ਹੈਰਾਨੀ ਵਿਚ ਮੂੰਹ ਖੁੱਲ੍ਹੇ ਰਹਿ ਗਏ। ਉਸ ਦੀਆਂ ਕਮਜ਼ੋਰੀਆਂ ਦੇ ਮੋਟੇ ਰਾਜ਼, ਕਾਫ਼ੀ ਹੱਦ ਤਕ ਇਕ ਗੁਪਤ ਸਮਾਜ ਹੋਣ ਕਰਕੇ ਬਾਹਰਲੀਆਂ ਨਜ਼ਰਾਂ ਤੋਂ ਛੁਪੇ ਰਹੇ।

ਪਹਿਲਾਂ ਦੁਨੀਆਂ ਦੇ ਅੰਦਰ ਦੋ ਸਾਮਰਾਜ ਟਾਕਰੇ ਉੱਤੇ ਸਨ—ਸੋਵੀਅਤ ਸਾਮਰਾਜ ਅਤੇ ਅਮਰੀਕੀ ਸਾਮਰਾਜ। ਇਹ ਦੋਵੇਂ ਵੱਖਰੀਆਂ ਸੋਚ-ਪ੍ਰਣਾਲੀਆਂ ਦਾ ਨਾਂ ਲੈ ਕੇ ਆਪੋ-ਆਪਣਾ ਘੇਰਾ ਵਧਾ ਰਹੇ ਸਨ। ਇਨ੍ਹਾਂ ਵਿਚਕਾਰ ਕੋਰੀਆ, ਵੀਅਤਨਾਮ ਅਤੇ ਅਫ਼ਗ਼ਾਨਿਸਤਾਨ ਅੰਦਰ ਅਸਿੱਧੀਆਂ ਮੁੱਠ-ਭੇੜਾਂ ਹੋਈਆਂ। ਮੁਕਾਬਲੇ ਵਿਚ ਇਕ ਇਕ ਦੀ ਜਿੱਤ ਹੋਈ ਅਤੇ ਇਕ ਥਾਂ ਕੋਰੀਆ ਵਿਚ ਬਰਾਬਰੀ ਰਹੀ। ਅਮਰੀਕਾ ਇਕ ਬੇਅੰਤ ਮਹਾਨ ਆਰਥਿਕ ਸ਼ਕਤੀ ਹੋਣ ਕਾਰਨ ਕੇਵਲ ਰਤਾ ਭਰ ਹੀ ਹਿੱਲਿਆ। ਪ੍ਰੰਤੂ ਇਕ ਪਾਸਕੂ ਭਰ ਦੀ ਸੋਵੀਅਤ ਆਰਥਿਕ ਸ਼ਕਤੀ ਕੇਵਲ ਅਫ਼ਗ਼ਾਨੀ ਜੰਗ ਦੀ ਤਾਬ ਨਹੀਂ ਸਹਿ ਸਕੀ। ਨਤੀਜਾ—ਖੇਰੂੰ ਖੇਰੂੰ ਹੋ ਗਈ। ਬਾਅਦ ਵਿਚ ਰੂਸ ਨਵੀਂ ਸ਼ਕਲ ਵਿਚ ਇਕ ਬਦਲੀ ਹੋਈ ਸੋਚ ਦੇ ਪਹਿਰਾਵੇ ਅੰਦਰ ਮੁੜ ਖੜਾ ਹੋ ਗਿਆ। ਫਿਰ ਰਹਿ ਗਿਆ ਇੱਕੋ ਇਕ ਦਹਾੜਦਾ ਜੇਤੂ ਸਾਮਰਾਜ, ਜਿਸ ਨੇ ਕੁਲ ਦੁਨੀਆਂ ਦੇ ਉੱਤੇ ਸਦੀਵੀ ਭਰਵੀਂ ਜਕੜ ਲਾਉਣ ਦੀ ਠਾਣ ਲਈ। ਏਸ ਮੰਤਵ ਨੂੰ ਪੂਰਾ ਕਰਨ ਲਈ ਉਸ ਨੇ ਹਰ ਸਾਲ ਆਪਣਾ 'ਰੱਖਿਆ' ਬਜਟ ਵਧਾਉਣਾ ਸ਼ੁਰੂ ਕੀਤਾ ਜੋ ਏਸ ਸਾਲ ਕਰੀਬ 700 ਬਿਲੀਅਨ ਡਾਲਰ ਸੀ। ਇਰਾਕ ਅਤੇ ਅਫ਼ਗ਼ਾਨਿਸਤਾਨ ਅੰਦਰ ਵਰਤੋਂ ਲਈ ਹੁਣ ਤਕ ਦੇ 1200 ਬਿਲੀਅਨ ਡਾਲਰ ਇਸ ਤੋਂ ਵੱਖਰੇ ਸਨ। ਇਹ ਸਾਮਰਾਜ ਆਪਣੀ ਰੱਖਿਆ ਕਿਸ ਤੋਂ ਕਰਦਾ ਹੈ, ਜਦੋਂ ਕਿ ਏਸ ਦਾ ਕੋਈ ਸਾਨੀ ਹੀ ਨਹੀਂ ਹੈ ? ਆਪਣੀ ਸੁਰੱਖਿਆ ਦਾ ਮਸਲਾ ਖੜਾ ਕਰਨ ਲਈ ਇਹ ਖ਼ੁਦ ਆਪ ਕੁਲ ਦੁਨੀਆਂ ਦੇ ਅੰਦਰ ਸਮੇਤ ਅਮਰੀਕਾ ਦੇ, ਤਰ੍ਹਾਂ ਤਰ੍ਹਾਂ ਦੇ ਅੱਤਵਾਦੀ ਹਾਦਸੇ ਕਰਵਾਉਂਦਾ ਹੈ। ਇਨ੍ਹਾਂ ਹਾਦਸਿਆਂ ਵਿਚ ਸਭ ਤੋਂ ਉੱਘੀ ਹੈ ਗਿਆਰਾਂ ਸਤੰਬਰ 2001 ਦੀ—ਜੌੜੇ ਟਾਵਰਾਂ ਦੀ ਘਟਨਾ। ਹਰ ਕੀਤੀ ਜਾਂ ਕਰਵਾਈ ਦੁਰਘਟਨਾ ਪਿੱਛੋਂ ਅਮਰੀਕੀ ਮਹਾਂ-ਸਾਮਰਾਜ ਦੀ ਮੁੱਠੀ ਅੰਦਰ, ਕੁਲ ਦੁਨੀਆਂ ਦਾ ਵੱਡਾ ਅਖ਼ਬਾਰ ਅਤੇ ਟੀ.ਵੀ., ਏਸ ਦੀ ਮਰਜ਼ੀ ਦਾ ਪ੍ਰਚਾਰ ਦੁਹਰਾਉਂਦਾ ਹੈ। ਇਸ ਪਿੱਛੋਂ ਉਸ ਦੀਆਂ ਕੁਲ ਸੈਨਾਵਾਂ ਕਿਸੇ ਇਕ ਦੇਸ ਨੂੰ ਰੌਂਦਣ ਲੱਗ ਪੈਂਦੀਆਂ ਹਨ ਅਤੇ ਕਿਸੇ ਦੂਸਰੇ ਦੇ ਦੇਸ ਨੂੰ ਤੋੜਨ ਦੀ ਤਿਆਰੀ ਸ਼ੁਰੂ ਹੋ ਜਾਂਦੀ ਹੈ।

ਅਸੀਂ ਭੋਲੇ ਭਾ ਜੌਨਸਨ, ਕਲਿੰਟਨ, ਬੁਸ਼ ਜਾਂ ਓਬਾਮਾ ਪ੍ਰਧਾਨਾਂ ਉੱਤੇ ਗ਼ੁੱਸਾ ਕੱਢਦੇ ਰਹਿੰਦੇ ਹਾਂ ਅਤੇ ਸੋਚਦੇ ਹਾਂ ਜੇ ਇਨ੍ਹਾਂ ਨੇ ਜੰਗ ਰੋਕ ਲਈ ਹੁੰਦੀ ਤਾਂ ਕਿੰਨਾ ਚੰਗਾ ਹੁੰਦਾ। ਅਸਲ ਵਿਚ ਸਭ ਪ੍ਰਧਾਨ ਸਾਮਰਾਜ ਦੇ ਭੌਂਕੂ ਹਨ, ਚਾਲਕ ਨਹੀਂ। ਇਨ੍ਹਾਂ ਦਾ ਨਾ ਆਪਣਾ ਕੋਈ ਦਿਮਾਗ਼ ਹੈ ਅਤੇ ਨਾ ਹੀ ਕੋਈ ਆਤਮਾ। ਸੀ. ਆਈ. ਏ. ਸੰਸਥਾ ਏਸ ਸਾਮਰਾਜ ਦਾ ਅਤਿ ਜ਼ਰੂਰੀ ਅਤੇ ਮਹਾਂ-ਤਾਕਤਵਰ ਅੰਗ ਹੈ, ਜਿਸ ਦਾ ਸਾਲਾਨਾ ਬਜਟ 70 ਬਿਲੀਅਨ ਡਾਲਰ ਹੈ ਅਤੇ ਜਿਸ ਦੇ 300000 ਤੋਂ ਵੱਧ ਅਫ਼ਸਰ ਕੁਲ ਦੁਨੀਆਂ ਦੇ ਅੰਦਰ ਖਿਲਰੇ ਹੋਏ ਹਨ—ਅਮਰੀਕਨ ਦੂਤਘਰਾਂ ਵਿਚ, ਸਮਾਜ-ਸੇਵੀਆਂ ਦੀ ਸ਼ਕਲ ਵਿਚ, ਸਨਅਤਕਾਰ ਅਤੇ ਹੋਰ ਬੇਅੰਤ ਸ਼ਕਲਾਂ ਅੰਦਰ। ਹੋ ਸਕਦੈ ਕਿ ਤੁਸੀਂ ਆਪ ਕਿਸੇ ਨਾ ਕਿਸੇ ਨੂੰ ਕਿਸੇ ਫ਼ੰਕਸ਼ਨ ਉੱਤੇ ਮਿਲੇ ਹੋਵੋ। ਇਹ ਤਾਂ ਅਸੰਭਵ ਹੈ ਕਿ ਸਾਡੇ ਬੇਅੰਤ ਪ੍ਰਾਂਤਾਂ ਅਤੇ ਕੇਂਦਰ ਦੇ ਬੇਲਾਗ ਦੇਸ-ਭਗਤ ਨੇਤਾਵਾਂ ਦਾ ਅਣਜਾਣੇ ਵਿਚ ਕਿਸੇ ਨਾ ਕਿਸੇ ਸੀ. ਆਈ. ਏ. ਦੇ ਭੇਸ ਬਦਲੂ ਅਫ਼ਸਰ ਦੇ ਨਾਲ ਦੋਸਤਾਨਾ ਨੇੜੇ ਦਾ ਸੰਬੰਧ ਨਾ ਹੋਵੇ। ਜੋ ਸਾਡੇ ਦਿਲ ਵਿਚ ਹੁੰਦਾ ਹੈ, ਉਹ ਸੀ. ਆਈ. ਏ. ਦੇ ਨਹੁੰਆਂ 'ਤੇ ਹੁੰਦਾ ਹੈ। ਇਹ ਡੂੰਘੀ ਵਾਕਫ਼ੀ ਦੂਜੀਆਂ ਸਰਕਾਰਾਂ ਦੀਆਂ ਤਣਾਵਾਂ ਖਿੱਚਣ ਲਈ ਬਲੈਕ-ਮੇਲ ਵਿਚ ਸਹਾਈ ਹੁੰਦੀ ਹੈ। ਅੰਗਰੇਜ਼ੀ ਜ਼ਬਾਨ ਪ੍ਰਚੱਲਤ ਹੋਣ ਕਰਕੇ ਸਾਡੇ ਦੇਸ ਅੰਦਰ ਹਰ ਸਤਰ ਅੰਦਰ

ਖ਼ੁਫ਼ੀਆ ਕਾਰਵਾਈ ਕਰਨੀ ਬੇਹੱਦ ਆਸਾਨ ਹੈ। ਚੀਨ ਦੇਸ ਅੰਦਰ ਅਜਿਹਾ ਕਰਨਾ ਵਧੇਰੇ ਕਠਿਨ ਹੈ—ਇਕ ਜ਼ਬਾਨ ਦਾ ਅੜਿੱਕਾ, ਦੂਜੇ ਸਾਮਰਾਜ ਦੇ ਹੱਥਕੰਡਿਆਂ ਬਾਰੇ ਜ਼ਿਆਦਾ ਖ਼ਬਰਦਾਰੀ ਅਤੇ ਹੁਸ਼ਿਆਰੀ। ਸਾਡੇ ਪਾਸੇ ਤਾਂ ਹੈ ਚਿੱਟੀ ਚਮੜੀ ਉੱਤੇ ਰੱਬ ਜੇਹਾ ਇਤਬਾਰ ਅਤੇ 'ਧੰਨ ਭਾਗ ਜੋ ਤੁਹਾਡੇ ਬਚਨ ਸੁਣੇ!' ਚੇਤੰਨਤਾ ਅਤੇ ਹੁਸ਼ਿਆਰੀ ਤਾਂ ਸਾਡੇ ਨੇੜੇ ਹੀ ਨਹੀਂ ਫੜਕਦੀ।

ਦੂਜੀ ਵਿਸ਼ਵ ਜੰਗ ਪਿੱਛੋਂ ਸੋਵੀਅਤ ਸੰਘ ਅਤੇ ਅਮਰੀਕਾ ਵਿਚਕਾਰ ਸਨਅਤੀ ਅਤੇ ਟੈਕਨਾਲੋਜੀ ਖੇਤਰਾਂ ਅੰਦਰ ਮੁਕਾਬਲਾ ਚੱਲਦਾ ਰਿਹਾ। ਪੁਲਾੜ ਰੇਸ ਵਿਚ ਬਰਾਬਰ ਰਹੇ, ਹਥਿਆਰਾਂ ਦੀ ਦੌੜ ਵਿਚ ਬਰਾਬਰ ਰਹੇ। ਜੇਲ੍ਹਾਂ ਭਰਨ ਦੀ ਰੇਸ ਵਿਚ ਬਰਾਬਰ ਰਹੇ। ਸੋਵੀਅਤ ਸੰਘ ਟੁੱਟਣ ਉੱਤੇ ਸਭ ਸਿਆਸੀ ਕੈਦੀ ਬਾਹਰ ਆ ਗਏ ਅਤੇ ਜੇਲ੍ਹਾਂ ਹੌਲੀਆਂ ਹੋ ਗਈਆਂ। ਅਮਰੀਕਾ ਜੇਲ੍ਹਾਂ ਭਰਨ ਦੀ ਰੇਸ ਜਿੱਤ ਗਿਆ। ਅੱਜ ਅਮਰੀਕਾ ਦੀਆਂ ਜੇਲ੍ਹਾਂ ਅੰਦਰ ਕਰੀਬ 25 ਲੱਖ ਕੈਦੀ ਹਨ। ਕੈਦੀਆਂ ਦੀ ਗਿਣਤੀ ਹਰ ਸਾਲ ਵਧਦੀ ਜਾਂਦੀ ਹੈ ਅਤੇ ਜੇਲ੍ਹਾਂ ਦੀ ਗਿਣਤੀ ਵੀ। ਏਨੇ ਕੈਦੀਆਂ ਨੂੰ ਕਿਵੇਂ ਵਰਤਿਆ ਅਤੇ ਸੰਭਾਲਿਆ ਜਾਂਦਾ ਹੈ, ਇਹ ਇਕ ਵੱਖਰਾ ਵਿਸ਼ਾ ਹੈ। ਪਰ ਕੁਲ ਦੁਨੀਆਂ ਵਿਚ ਫ਼ੌਜੀ ਹਮਲਿਆਂ ਨਾਲ 'ਆਜ਼ਾਦੀ ਬਖ਼ਸ਼ਣ' ਵਾਲੇ ਦੇਸ ਅੰਦਰਲੇ ਹਾਲਾਤ ਬਾਰੇ ਸੋਚੋ, ਜਿਥੇ 25 ਲੱਖ ਲੋਕ ਮੁਜਰਮ ਬਣ ਕੇ ਜੇਲ੍ਹਾਂ ਕੱਟ ਰਹੇ ਹਨ। ਸੋਵੀਅਤ ਸੰਘ ਅਤੇ ਅਮਰੀਕਾ—ਦੋਹਾਂ ਸਾਮਰਾਜਾਂ ਦੇ ਦਬਾਏ ਹੋਏ ਦੇਸ ਅਤੇ ਲੋਕ ਘ੍ਰਿਣਾ ਕਰਦੇ ਸਨ। ਘ੍ਰਿਣਾ ਦੀ ਰੇਸ ਵਿੱਚੋਂ ਰੂਸ ਤਾਂ ਨਿਕਲ ਗਿਆ ਹੈ, ਇਸ ਲਈ ਘ੍ਰਿਣਾ ਦਾ ਪਾਤਰ ਇੱਕੋ ਇਕ ਅਮਰੀਕਨ ਜੇਤੂ ਰਹਿ ਗਿਆ ਹੈ। ਦੁਨੀਆਂ ਦੇ ਲੋਕ ਅਮਰੀਕਨ ਲੋਕਾਂ ਨੂੰ ਹਾਲਾਂ ਨਫ਼ਰਤ ਨਹੀਂ ਕਰਦੇ, ਪਰ ਉਨ੍ਹਾਂ ਦੇ ਦੇਸ ਲਈ ਸਿਆਣਿਆਂ ਹਲਕਿਆਂ ਅੰਦਰ ਕੋਈ ਚੰਗੇ ਸ਼ਬਦ ਵੀ ਨਹੀਂ ਵਰਤੇ ਜਾਂਦੇ।

ਜਿਨ੍ਹਾਂ ਸਮੱਸਿਆਵਾਂ ਨੇ ਸੋਵੀਅਤ ਸੰਘ ਦਾ ਲੱਕ ਤੋੜ ਦਿੱਤਾ ਸੀ, ਓਹੀ ਅੱਜ ਅਮਰੀਕਨ ਸਾਮਰਾਜ ਨੂੰ ਘੇਰ ਕੇ ਬੈਠੀਆਂ ਹੋਈਆਂ ਹਨ। ਸਭ ਤੋਂ ਵੱਡਾ ਖੋਰਾ ਲੱਗ ਰਿਹਾ ਹੈ ਅਫ਼ਗ਼ਾਨਿਸਤਾਨ, ਇਰਾਕ ਅਤੇ ਪਾਕਿਸਤਾਨ ਅੰਦਰ ਜੰਗਾਂ ਦਾ। ਮਾਨੋ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ। ਇਹ ਗੁੱਥੀਆਂ ਸੁਲਝਾਉਣ ਦੀ ਥਾਂ ਦੋ ਹੋਰ ਦੇਸਾਂ, ਈਰਾਨ ਅਤੇ ਵੈਨਜ਼ੁਏਲਾ ਉੱਤੇ ਹਮਲਿਆਂ ਦੀਆਂ ਤਿਆਰੀਆਂ ਹੋ ਰਹੀਆਂ ਹਨ। ਫ਼ੌਜੀ ਬਜਟ ਤਾਂ ਪਹਿਲਾਂ ਹੀ ਕਾਬੂ ਅੰਦਰ ਨਹੀਂ ਹਨ। ਅੱਗੋਂ ਕੀ ਬਣੂ ? ਅਮਰੀਕਾ ਉੱਤੇ ਬਾਹਰਲੇ ਦੇਸਾਂ ਦਾ ਬੇਅੰਤ ਕਰਜ਼ਾ ਚੜ੍ਹਿਆ ਹੋਇਆ ਹੈ। ਕਰਜ਼ਿਆਂ ਅਤੇ ਜੰਗਾਂ ਦੇ ਬੋਝ ਹੇਠ ਦੱਬੇ ਹੋਏ ਇਸ ਮਹਾਨ ਦੇਸ ਦੇ ਕੁਲ ਨੇਤਾ ਮਹਾ-ਭ੍ਰਿਸ਼ਟ ਹਨ, ਜਿਨ੍ਹਾਂ ਨੂੰ ਨਾ ਆਪਣੀ ਅਤੇ ਨਾ ਆਪਣੇ ਦੇਸ ਦੀ ਇੱਜ਼ਤ ਆਬਰੂ ਦੀ ਚਿੰਤਾ ਹੈ। ਮਹਾਂ-ਸਾਮਰਾਜ ਅਮਰੀਕਾ ਦੇ ਵਡੱਪਣ ਦਾ ਵਾਸਾ ਬਹੁਤ ਉੱਚੀਆਂ ਹਵਾਵਾਂ ਅੰਦਰ ਹੈ। ਏਸ ਲਈ ਸਮੱਸਿਆਵਾਂ ਉੱਤੇ ਈਮਾਨਦਾਰੀ ਨਾਲ ਸੋਚਣ ਅਤੇ ਬਹਿਸ ਕਰਨ ਦੀ ਕੋਈ ਥਾਂ ਨਹੀਂ। ਬਸ ਆਪਣੇ ਪੈਦਾ ਕੀਤੇ ਹੋਏ 'ਟੈਰਰਿਜ਼ਮ' ਅਰਥਾਤ ਸਹਿਮਵਾਦ ਦੇ ਭੂਤ ਨੂੰ ਫੁੱਟਬਾਲ ਬਣਾ ਕੇ ਦੁਨੀਆਂ ਦੀ ਰਣਭੂਮੀ ਉੱਤੇ ਇਕੱਲਾ ਹੀ ਖੇਡੀ ਜਾ ਰਿਹੈ।

ਕਹਿੰਦੇ ਨੇ ਰੱਬ ਦਾ ਅੱਤ ਦੇ ਨਾਲ ਵੈਰ ਹੁੰਦੈ। ਵਕਤ ਦੇ ਨਾਲ ਸਮੱਸਿਆਵਾਂ ਗੁੰਝਲਦਾਰ ਹੁੰਦੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਹੱਲ ਨਹੀਂ ਨਿਕਲਦਾ। ਦੁਨੀਆਂ ਦੇ ਅੰਦਰ ਸਾਖ਼ ਘਟ ਰਹੀ ਏ। ਜਦੋਂ ਦੇਸ ਹੇਠਾਂ ਵੱਲ ਰਿੜ੍ਹਨਾ ਸ਼ੁਰੂ ਹੁੰਦੈ ਤਾਂ ਉਹ ਆਪਣੇ ਹੀ ਧੱਕੇ ਨਾਲ ਰਿੜ੍ਹੀ ਜਾਂਦਾ ਹੈ। ਸਿਆਸੀ ਢਾਂਚਾ ਬੇਸ਼ੱਕ ਬਣਿਆ ਰਹੇ, ਪਰ ਉਹ ਦਿਨੋ-ਦਿਨ ਨਿਰਜਿੰਦ ਹੋਈ ਜਾਂਦੈ। ਏਸ਼ੀਆਈ ਖੇਤਰ ਅੰਦਰ ਆਪੇ ਹੀ ਲੜ ਕੇ ਬੁਣੇ ਜਾਲ ਦੇ ਅੰਦਰ ਅੱਜ ਅਮਰੀਕਾ ਦੀ ਮਹਾਂ ਸ਼ਕਤੀਸ਼ਾਲੀ ਅਤੇ ਖ਼ਰਚੀਲੀ ਜੰਗੀ ਮਸ਼ੀਨ ਜ਼ਖ਼ਮੀ ਹੋ ਕੇ ਦਲਦਲ ਦੇ ਅੰਦਰ ਫਸੀ ਪਈ ਹੈ।

"ਰੱਬ ਨੇ ਜਿਸ ਨੂੰ ਭਸਮ ਕਰਨਾ ਹੋਵੇ, ਪਹਿਲਾਂ ਉਸ ਨੂੰ ਪਾਗਲ ਕਰ ਦਿੰਦਾ ਏ।" ਪਤਾ ਨਹੀਂ ਕਿਸ ਕਮਲੇ ਨੇ ਅਜਿਹਾ ਫ਼ੁਰਮਾਇਆ। ਕਿੰਨਾ ਚੰਗਾ ਹੋਵੇ ਕਿ ਰੱਬ ਮਹਾਂ-ਸਾਮਰਾਜ ਦੇ ਨੇਤਾਵਾਂ ਨੂੰ ਸੁਮੱਤ ਬਖ਼ਸ਼ੇ ਪਈ ਜੰਗਾਂ ਨੂੰ ਬੰਦ ਕਰੋ, ਆਪ ਵੀ ਸੁਖੀ ਵੱਸੋ ਅਤੇ ਸੰਸਾਰ ਨੂੰ ਵੀ ਸੁਖ ਦਾ ਸਾਹ ਲੈਣ ਦੇਵੋ। ਨਹੀਂ ਤਾਂ ਮਹਾਂ-ਸਾਮਰਾਜ ਨੇ ਤਾਂ ਟੁੱਟਣਾ ਹੀ ਟੁੱਟਣਾ ਹੈ। ਭਾਵੇਂ ਏਸੇ ਹੀ ਸਾਲ, ਭਾਵੇਂ ਪੰਜਾਂ ਸਾਲਾਂ ਨੂੰ। ਜਦੋਂ ਤਕ ਇਹ ਗ਼ਰਕ ਨਹੀਂ ਜਾਂਦਾ, ਓਦੋਂ ਤਕ ਸਾਡੇ ਖਿੱਤੇ ਅੰਦਰ ਭਿਅੰਕਰ ਤਬਾਹੀ ਤੋਂ ਇਲਾਵਾ ਕਾਹਦੀ ਉਮੀਦ ਕੀਤੀ ਜਾ ਸਕਦੀ ਹੈ ?

# ਸਾਮਰਾਜ, ਸੱਚ, ਝੂਠ ਅਤੇ ਖ਼ਲਕਤ

"ਸਚਾਈ ਛੁਪ ਨਹੀਂ ਸਕਤੀ" ਕਹਿ ਕੇ ਸਾਧਾਰਨ ਲੋਕ ਆਪਣਾ ਮਨ ਪਰਚਾ ਲੈਂਦੇ ਹਨ। ਦੁਖ ਦੀ ਗੱਲ ਇਹ ਹੈ ਕਿ ਜਦੋਂ ਝੂਠ ਦੀ ਛਤਰ-ਛਾਇਆ ਹੇਠ, ਲੋਕਾਂ, ਦੇਸਾਂ ਅਤੇ ਧਰਤੀ ਦਾ ਘਾਣ ਹੋ ਰਿਹਾ ਹੁੰਦਾ ਹੈ, ਉਸ ਸਮੇਂ ਸਚਾਈ ਦੇ ਭਾਲਕਾਂ ਦੀ ਹਰ ਪਾਸਿਓਂ ਪਿਟਾਈ ਹੁੰਦੀ ਹੈ, ਉਨ੍ਹਾਂ ਉੱਤੇ 'ਦੇਸ-ਧਰੋਹੀ' ਦਾ ਲੇਬਲ ਲਾਇਆ ਜਾਂਦਾ ਹੈ ਅਤੇ ਲੋੜ ਪੈਣ ਉੱਤੇ ਜੇਲ੍ਹ ਜਾਂ ਮੌਤ ਦਾ ਦੁਆਰ ਵਿਖਾਇਆ ਜਾਂਦਾ ਹੈ। ਖ਼ਬਰਾਂ ਦੇ ਕੁਲ ਸੋਮੇ ਝੂਠ ਦੇ ਧੂਤੂ ਬਣ ਜਾਂਦੇ ਹਨ ਅਤੇ ਜਨ-ਸਾਧਾਰਨ ਦੀ ਜ਼ਬਾਨ ਲੱਕੜ ਹੋ ਜਾਂਦੀ ਹੈ। ਦੇਸ ਜਾਂ ਪਾਰਟੀ ਕੋਈ ਵੀ ਹੋਵੇ, ਹਰ ਕਾਰੇ ਪਿੱਛੇ ਝੂਠ ਪ੍ਰਚਾਰ ਅਤੇ ਸ਼ਕਤੀ ਦੀ ਕੁਵਰਤੋਂ ਹੈ। ਏਸ ਸਮੇਂ ਦਹਾਕਿਆਂ ਅਤੇ ਸਦੀਆਂ ਦੀ ਮਾਰ ਪਿੱਛੋਂ, ਸੱਚ, ਲਗਭਗ ਨਿਰਜਿੰਦ ਹੋ ਚੁੱਕਾ ਹੈ। ਜਿੰਨੇ ਤਾਕਤਵਰ ਦੇਸ, ਉਨੇ ਹੀ ਵੱਡੇ ਝੂਠ। ਮਹਾਤਮਾ ਗਾਂਧੀ ਦੇ ਦੇਸ ਅੰਦਰ ਜੋ ਸਾਧਾਰਨ ਤੌਰ 'ਤੇ ਹੁੰਦਾ ਹੈ, ਉਸ ਤੋਂ ਸਭ ਲੋਕ ਭਲੀਭਾਂਤ ਜਾਣੂ ਹਨ। ਪਰ ਏਥੇ ਕਿੰਨਾ ਕੁਝ, ਕਿਹੜੀਆਂ ਬਾਹਰਲੀਆਂ ਸ਼ਕਤੀਆਂ ਦੇ ਧੱਕੇ ਹੇਠ ਕੀਤਾ ਜਾਂਦਾ ਹੈ, ਆਮ ਤੌਰ 'ਤੇ ਹਨੇਰੇ ਵਿਚ ਹੀ ਰਹਿੰਦਾ ਹੈ। ਜ਼ਰੂਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਸਲਿਆਂ ਬਾਰੇ, ਕੁਲ ਪਾਰਟੀਆਂ ਦੇ ਹੇਠਲੇ ਵਰਕਰ ਅਤੇ ਨੇਤਾਵਾਂ, ਇਥੋਂ ਤਕ ਕਿ ਪ੍ਰਾਂਤਕ ਨੇਤਾਵਾਂ ਨੂੰ ਵੀ, ਧੁੰਧਲੀ ਜਿਹੀ ਮੁੱਢਲੀ ਜਾਣਕਾਰੀ ਤੋਂ ਉੱਪਰ ਕੱਖ ਨਹੀਂ ਪਤਾ ਹੁੰਦਾ। ਉਨ੍ਹਾਂ ਦਾ ਜਵਾਬ ਹੁੰਦਾ ਹੈ ਕਿ "ਇਸ ਬਾਰੇ ਅਸਾਂ ਕੇਂਦਰੀ ਨੇਤਾਵਾਂ ਦੀ ਅਗਵਾਈ ਹੇਠ ਚੱਲਣਾ ਹੈ।" ਕਰਦੇ ਕਰਾਉਂਦੇ ਹਰ ਦੇਸ ਅੰਦਰ ਕੁਝ ਗਿਣਤੀ ਦੇ ਹੀ ਸਿਆਸੀਆਂ ਅਤੇ ਸ਼ਾਸਕਾਂ ਦੇ ਹੱਥ ਵਿਚ ਦੇਸ ਦੀ ਕਿਸਮਤ ਦਾ ਫ਼ੈਸਲਾ ਰਹਿ ਜਾਂਦਾ ਹੈ। ਇਹੀ ਹੈ ਬਹੁਤਿਆਂ ਦੇਸਾਂ ਅੰਦਰ ਲੋਕਰਾਜ ਦੀ ਅਸਲੀ ਤਸਵੀਰ। ਫ਼ਜ਼ੂਲ ਜੇਹੇ ਮੁੱਦਿਆਂ ਉੱਤੇ ਦੇਸ ਦੀ ਵੱਸੋਂ ਰੀਝਾਈ ਅਤੇ ਉਲਝਾਈ ਜਾਂਦੀ ਹੈ ਅਤੇ ਅਸਲ ਬੁਨਿਆਦੀ ਮਸਲੇ ਅੱਖੋਂ ਪ੍ਰੋਖੇ ਰਹਿੰਦੇ ਹਨ। ਟੀ.ਵੀ. ਦੇ ਸੈਂਕੜੇ ਚੈਨਲ, ਮਨ-ਪ੍ਰਚਾਵੇ ਅਤੇ ਰੁਝੇਵੇਂ ਲਈ, ਅਫ਼ੀਮੀ ਨਸ਼ੇ ਦਾ ਕੰਮ ਕਰਦੇ ਹਨ।

ਲੋਕਰਾਜ ਓਦੋਂ ਬਣਦਾ ਹੈ, ਜਦੋਂ ਕਿਸੇ ਜ਼ਰੂਰੀ ਮਸਲੇ ਉੱਤੇ ਬੁੱਧੀਜੀਵੀਆਂ ਅਤੇ ਜਾਣਕਾਰਾਂ ਕੋਲੋਂ ਖੁੱਲ੍ਹ ਕੇ ਰਾਇ ਸੁਣੀ ਅਤੇ ਲਈ ਜਾਵੇ। ਪਰ ਜੇ ਮਸਲੇ ਦਾ ਅੱਗਾ-ਪਿੱਛਾ ਲੁਕਾ ਕੇ ਰੱਖਿਆ ਜਾਵੇ ਤਾਂ ਅਜਿਹੀ ਰਾਇ ਵੀ ਬੇਅਰਥ ਹੁੰਦੀ ਹੈ। ਸਿਆਸੀ ਭੱਠੀਆਂ ਭਖਾਉਣ ਨਾਲ ਦੇਸ ਦਾ ਕੁਝ ਨਹੀਂ ਸੌਰਦਾ।

ਅਮਰੀਕਾ ਅੰਦਰ ਹੁੰਦੇ ਹਰ ਨਿੱਕੇ ਮੋਟੇ ਕਾਰੇ ਦਾ ਕੁੱਲ ਦੁਨੀਆਂ ਉੱਤੇ ਅਸਰ ਹੁੰਦਾ ਹੈ। ਉਥੇ ਬੇਅੰਤ ਚੇਤੰਨ ਪੜ੍ਹੀ-ਲਿਖੀ ਵੱਸੋਂ ਹੈ ਜੋ ਦੇਸ ਅੰਦਰ ਵਾਪਰਦੀਆਂ ਘਟਨਾਵਾਂ ਨੂੰ ਤੀਬਰਤਾ ਦੇ ਨਾਲ ਘੋਖਦੀ ਹੈ, ਰੌਲਾ ਪਾਉਂਦੀ ਹੈ, ਸੜਕਾਂ ਉੱਤੇ ਵੀ ਉਤਰ ਆਉਂਦੀ ਹੈ। ਪਰ ਉਹ ਦੇਸ ਏਨਾ ਵਿਸ਼ਾਲ ਹੈ ਅਤੇ ਉਸ ਦੇ ਹਿਸਾਬ ਆਬਾਦੀ ਏਨੀ ਥੋੜ੍ਹੀ ਹੈ ਕਿ ਉਨ੍ਹਾਂ ਸੱਚ ਢੂੰਡਦੀਆਂ ਵਿਰੋਧੀ ਸ਼ਕਤੀਆਂ ਦੀ ਆਵਾਜ਼, ਉਜਾੜ ਵਿਚ ਗਵਾਚ ਜਾਂਦੀ ਹੈ। ਸਰਕਾਰ ਦੀਆਂ ਸਾਮਰਾਜੀ ਨੀਤੀਆਂ ਅਤੇ ਲੋਕ-ਰਾਇ ਵਿਚਕਾਰ ਇਕ ਵੱਡਾ ਪਾੜਾ ਹੈ। ਸਿਆਸੀ ਅਦਾਰੇ ਖ਼ਾਨਦਾਨਾਂ ਦੀ ਮਲਕੀਅਤ ਬਣ ਕੇ ਜੋਕਾਂ ਵਾਂਗ ਚੰਬੜੇ ਹੋਏ ਹਨ। ਕੋਈ ਇਕ ਦੋ ਵਿਰਲੇ ਹੀ ਸੈਨੇਟਰ ਹੁੰਦੇ ਹਨ ਜੋ ਲੋਕਾਂ ਦੀ ਬੋਲੀ ਬੋਲਦੇ ਹਨ।

ਅਮਰੀਕਾ ਦਾ ਸਾਮਰਾਜੀ ਮੁਹਿੰਮਾਂ ਅਤੇ ਜੰਗਾਂ ਦਾ ਇਤਿਹਾਸ ਕਿਸੇ ਤੋਂ ਛੁਪਿਆ ਨਹੀਂ ਹੈ। ਹਰ ਨਵੀਂ ਚੜ੍ਹਾਈ ਲਈ ਕੋਈ ਨਾ ਕੋਈ 'ਵਾਜਬ' ਬਹਾਨਾ ਘੜ ਲਿਆ ਜਾਂਦਾ ਹੈ ਜਿਸ ਦਾ ਰੱਜ ਕੇ ਪ੍ਰਚਾਰ ਕੀਤਾ ਜਾਂਦਾ ਹੈ—ਦੇਸ ਅੰਦਰ ਅਤੇ ਵਿਦੇਸ਼ਾਂ ਵਿਚ ਵੀ ਉਨੀ ਹੀ ਤੀਬਰਤਾ ਨਾਲ। ਕੂੜ-ਪ੍ਰਚਾਰ ਟੀਸੀ ਉੱਤੇ ਪੁਚਾ ਕੇ ਜਦੋਂ ਜੰਗ ਛੇੜੀ ਜਾਂਦੀ ਹੈ ਤਾਂ ਉਸ ਸਮੇਂ ਕੁੱਲ ਦੁਨੀਆਂ ਏਸ ਮਹਾਂ-ਸ਼ਕਤੀ ਦੇ ਕਾਰੇ ਸਾਹਮਣੇ ਪੂਰਨ ਬੇਬਸੀ ਵਿਖਾਉਂਦੀ ਹੈ। ਹਰ ਵਾਰ ਜੰਗ ਸ਼ੇਰ ਅਤੇ ਬੇਕਸੂਰ ਲੇਲੇ ਵਿਚਕਾਰ ਹੁੰਦੀ ਹੈ। ਅਮਰੀਕੀ ਜਨ-ਸਾਧਾਰਨ ਨੂੰ ਜੰਗ ਦੇ ਨਤੀਜੇ ਬਾਰੇ ਕੋਈ ਸ਼ੱਕ ਨਹੀਂ ਹੁੰਦਾ। ਹਰ ਜਿੱਤ ਦੇਸ ਦੀ ਵਿੱਤੀ ਸ਼ਕਤੀ, ਫ਼ੌਜੀ ਸ਼ਕਤੀ ਅਤੇ ਖ਼ਰੀਦ ਸ਼ਕਤੀ ਵਿਚ ਵਾਧਾ ਕਰਨ ਦੀ ਉਮੀਦ ਦੇਂਦੀ ਹੈ। ਲੋਕ-ਰਾਇ ਦੇ ਪੋਲ ਦਰਸਾਏ ਜਾਂਦੇ ਹਨ ਕਿ ਉਨ੍ਹਾਂ ਦੀ ਭਾਰੀ ਬਹੁ-ਗਿਣਤੀ ਜੰਗ ਦਾ ਸਮਰਥਨ ਕਰਦੀ ਹੈ। ਜੰਗ ਸ਼ੁਰੂ ਕਰਨ ਸਮੇਂ, ਜੰਗੀ ਪ੍ਰਧਾਨ (ਹਰ ਪ੍ਰਧਾਨ ਅਸਲ ਵਿਚ ਜੰਗੀ ਪ੍ਰਧਾਨ ਹੀ ਹੋਇਆ ਹੈ) ਦੀ ਹਰਮਨ ਪਿਆਰਤਾ ਸਿਖਰਾਂ 'ਤੇ ਜਾਂਦੀ ਦਸੀਂਦੀ ਹੈ। ਕਦੇ ਕਦਾਈਂ ਜਦੋਂ ਹਮਲਾਵਰ ਖ਼ੂਨੀ ਜੰਗੀ ਮਸ਼ੀਨ ਦੀ ਗੱਡ ਸਥਾਨਕ ਲੋਕਾਂ ਦੇ ਦ੍ਰਿੜ੍ਹ ਵਿਰੋਧ ਦੇ ਚਿੱਕੜ ਵਿਚ ਫਸ ਜਾਂਦੀ ਹੈ, ਤਾਂ ਪ੍ਰਧਾਨ ਦੀ

ਲੋਕ-ਪ੍ਰਿਯਤਾ ਘਟਣੀ ਸ਼ੁਰੂ ਹੋ ਜਾਂਦੀ ਹੈ। ਘਰੇਲੂ ਕੀਮਤਾਂ ਵਧਣ ਅਤੇ ਬੰਦ ਬਕਸਿਆਂ ਅੰਦਰ ਮਰੇ ਫ਼ੌਜੀਆਂ ਦੀ ਵਾਪਸੀ ਦੇ ਨਾਲ ਨਾਲ ਲੋਕਾਂ ਅੰਦਰ ਰੋਹ ਪੈਦਾ ਹੁੰਦਾ ਹੈ, ਉਹ ਰੌਲਾ ਪਾਉਂਦੇ ਹਨ—ਫ਼ੌਜਾਂ ਵਾਪਸ ਲਿਆਉ, ਵਾਪਸ ਲਿਆਉ। ਪਰ ਉਨ੍ਹਾਂ ਦੀ ਸੁਣਦਾ ਕੌਣ ਹੈ ? ਜੰਗੀ ਮੁਹਿੰਮ ਦੇ ਝੂਠੇ ਕਾਰਨ ਦਾ ਪਾਜ ਵੀ ਉੱਘੜ ਗਿਆ ਹੁੰਦਾ ਹੈ। ਇੰਜ ਲੱਗਦਾ ਹੈ ਕਿ ਇਕ ਪਾਗਲ ਸਾਨ੍ਹ ਕਿਸੇ ਚੀਨੀ-ਭਾਂਡਿਆਂ ਦੇ ਬਜ਼ਾਰ ਅੰਦਰ ਛੁੱਟ ਗਿਆ ਹੈ। ਸਰਕਾਰੀ ਇਤਿਹਾਸ ਅੰਦਰ, ਬੱਚਿਆਂ ਦੀਆਂ ਪਾਠ-ਪੁਸਤਕਾਂ ਅੰਦਰ, ਸਭ ਜੰਗੀ ਮੰਦੇ ਕਾਰਿਆਂ ਨੂੰ ਦੇਸ ਦੀ ਲੰਮੀ ਸੁਰੱਖਿਆ ਲਈ ਜ਼ਰੂਰੀ 'ਸਾਬਤ' ਕਰ ਕੇ ਸਾਮਰਾਜ ਆਪਣੇ ਆਪ ਨੂੰ ਸੁਰਖ਼ਰੂ ਕਰ ਲੈਂਦਾ ਹੈ। ਵਕਤ ਪੈਣ ਉੱਤੇ ਸਭ ਝੂਠੇ ਬਹਾਨੇ ਦੁਨੀਆਂ ਦੇ ਚੇਤੇ ਉੱਤੋਂ ਵਿਸਰ ਜਾਂਦੇ ਹਨ। ਉਨ੍ਹਾਂ ਵੱਡੇ ਝੂਠਾਂ ਦੀਆਂ ਜਾਣੀਆਂ-ਪਛਾਣੀਆਂ ਉਦਾਹਰਣਾਂ ਹਨ ਕੋਰੀਆ ਦੀ ਜੰਗ, ਵੀਅਤਨਾਮ ਦੀ ਜੰਗ, ਪਹਿਲੀ ਇਰਾਕੀ ਜੰਗ, ਅਫ਼ਗ਼ਾਨਿਸਤਾਨ ਦੀ ਜੰਗ ਅਤੇ ਇਰਾਕ ਦੀ ਦੂਜੀ ਜੰਗ। ਹੋਰ ਵੀ ਬਥੇਰੀਆਂ ਜੰਗਾਂ।

ਅਫ਼ਗ਼ਾਨਿਸਤਾਨ ਅਤੇ ਇਰਾਕ ਉੱਤੇ ਜੰਗੀ ਚੜ੍ਹਾਈਆਂ ਦਾ ਆਧਾਰ ਬਣਾਇਆ ਗਿਆ, "ਵਰਲਡ ਟ੍ਰੇਡ ਸੈਂਟਰ ਉੱਤੇ ਅਲ ਕਾਇਦਾ ਰਾਹੀਂ 2001, ਸਤੰਬਰ 11 ਦਾ ਹਮਲਾ" ਏਸ ਵਾਰ ਸਾਮਰਾਜ ਦੋ ਪਾਸਿਆਂ ਤੋਂ ਫਸ ਗਿਆ ਹੈ। ਇਕ ਤਾਂ ਦੇਸਾਂ ਬਦੇਸਾਂ ਅੰਦਰ ਇਮਾਰਤਾਂ ਉੱਤੇ ਹਮਲੇ ਦਾ ਪਾਜ ਉੱਘੜ ਗਿਆ ਹੈ; ਦੂਜਾ, ਸਾਮਰਾਜੀ ਫ਼ੌਜਾਂ ਅਫ਼ਗ਼ਾਨੀ ਅਤੇ ਇਰਾਕੀ ਲੋਕਾਂ ਦੇ ਦ੍ਰਿੜ੍ਹ ਇਰਾਦਿਆਂ ਨੂੰ ਬੂਟ ਥੱਲੇ ਲਿਆਉਣ ਤੋਂ ਨਾਕਾਮਯਾਬ ਰਹੀਆਂ ਹਨ। ਵਧਦੀਆਂ ਫ਼ੌਜੀ ਮੌਤਾਂ ਅਤੇ ਜੰਗ ਤੋਂ ਉਪਜੀ ਮੰਦਹਾਲੀ ਨਾਲ ਅਮਰੀਕਾ ਅੰਦਰ ਹਲਚਲ ਸ਼ੁਰੂ ਹੋ ਗਈ ਹੈ। 11 ਸਤੰਬਰ, 2001 ਦੇ ਝੂਠ ਦਾ ਪੋਲ ਤਾਂ ਝੱਟ ਹੀ ਖੁੱਲ੍ਹ ਗਿਆ ਸੀ ਅਤੇ ਸਮਝਦਾਰਾਂ, ਖੋਜੀਆਂ ਅਤੇ ਸਾਇੰਸਦਾਨਾਂ ਨੇ ਓਦੋਂ ਤੋਂ ਲੋਕਾਂ ਨੂੰ ਆਗਾਹ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਹੁਣ ਤਕ ਕਰਦੇ ਆ ਰਹੇ ਹਨ। ਪਰ ਲਗਾਤਾਰ ਜੰਗ ਦੇ ਬਿਗਲਾਂ ਤੇ ਬੰਬਾਂ ਦੀ ਆਵਾਜ਼ ਉਨ੍ਹਾਂ ਉੱਤੇ ਹਾਵੀ ਰਹੀ ਹੈ। ਟੀ.ਵੀ. ਚੈਨਲਾਂ ਅਤੇ ਵੱਡੇ ਅਖ਼ਬਾਰਾਂ, ਇਥੋਂ ਤਕ ਕਿ ਸਾਇੰਸੀ ਅਤੇ ਤਕਨੀਕੀ ਰਸਾਲਿਆਂ ਉੱਤੇ ਵੀ ਸਰਕਾਰੀ ਗ਼ਲਬੇ ਨੇ ਸੱਚ ਨੂੰ ਦਬਾ ਕੇ ਰੱਖਿਆ ਹੈ। "ਨੌਂ ਗਿਆਰਾਂ ਅੰਦਰਲਿਆਂ ਦਾ ਕੰਮ ਹੈ" ਜ਼ਿਆਦਾ ਕਰਕੇ ਇੰਟਰਨੈੱਟ ਦੇ ਰਸਤੇ ਲੋਕਾਂ ਅੰਦਰ ਏਨਾ ਪ੍ਰਚਲਿਤ ਹੋਇਆ ਹੈ ਕਿ ਉਨ੍ਹਾਂ ਨੂੰ ਅਖ਼ਬਾਰਾਂ ਅਤੇ ਮੀਡੀਆ ਉੱਤੇ ਪਹਿਲਾਂ ਜਿਹਾ ਇਤਬਾਰ ਨਹੀਂ ਰਿਹਾ। ਇਕ ਤਾਂ ਮੀਡੀਆ ਦੀ ਵਿਕਰੀ ਅਤੇ ਮਾਨਤਾ ਨੂੰ ਧੱਕਾ ਲੱਗਾ ਹੈ, ਦੂਜੇ ਨੌਂ ਗਿਆਰਾਂ ਦੀ ਗੱਲ ਪੁਰਾਣੀ 'ਆਈ ਗਈ' ਹੋ ਗਈ ਹੈ, ਤੀਜਾ ਹੁਣ ਲੋਕਾਂ ਅਤੇ ਦੁਨੀਆਂ ਦਾ ਧਿਆਨ ਸੰਭਾਵਤ 'ਈਰਾਨ ਉੱਤੇ ਹਮਲੇ' ਵੱਲ ਖਿੱਚਿਆ ਹੋਇਆ ਹੈ।

ਇਨ੍ਹਾਂ ਕਾਰਨਾਂ ਕਰ ਕੇ ਹੁਣ ਅਮਰੀਕਾ ਅੰਦਰਲਾ ਮੀਡੀਆ 'ਸੰਤੁਲਤ' ਹੋਣ ਦਾ ਸਵਾਂਗ ਰਚਾਉਣ ਦੀ ਕੋਸ਼ਿਸ਼ ਵਿਚ ਹੈ। ਉਹ ਸਰਕਾਰੀ ਅਤੇ ਸੱਚ-ਭਾਲੂ ਦਲੀਲਾਂ ਨੂੰ ਨਾਲ ਨਾਲ ਰੱਖ ਕੇ, ਅਖ਼ੀਰ ਸਰਕਾਰੀ ਪੱਖ ਦੀ ਜਿੱਤ ਵਿਖਾਉਂਦਾ ਹੈ। ਸਮੇਂ ਨੇ ਵੀ ਕਰਵੱਟ ਲਈ ਹੈ। ਸੱਤ ਦੇਸਾਂ—ਬ੍ਰਿਟੇਨ, ਕੈਨੇਡਾ, ਡੈਨਮਾਰਕ, ਫ਼ਰਾਂਸ, ਨਿਊਜ਼ੀਲੈਂਡ, ਨਾਰਵੇ ਅਤੇ ਰੂਸ—ਇਨ੍ਹਾਂ ਸਭਨਾਂ ਅੰਦਰਲੇ ਸਰਕਾਰੀ ਰੇਡੀਓ ਅਤੇ ਟੀ. ਵੀ. ਅੰਦਰ ਨੌਂ ਗਿਆਰਾਂ ਦੇ ਅਮਰੀਕੀ ਸਰਕਾਰੀ ਪ੍ਰਚਾਰ ਦੇ ਉਲਟ ਸੱਚ-ਪੱਖੀਆਂ ਨੂੰ ਵੀ ਸਮਾਂ ਦੇਣਾ ਸ਼ੁਰੂ ਕਰ ਦਿੱਤਾ ਹੈ। ਮੀਡੀਆ ਦਾ ਬਦਲਿਆ ਹੋਇਆ ਰੁਖ਼ ਇੰਜ ਪਤਾ ਲੱਗਦਾ ਹੈ :

1. 9/11 ਦੀ ਸੱਚ ਪੱਖੀ ਖੋਜ ਕਰਨੀ, ਕੋਈ ਗੋਂਦ ਨਹੀਂ ਹੈ, ਬਲਕਿ ਅਸਲੀਅਤ ਲੱਭਣ ਦੀ ਕੋਸ਼ਿਸ਼ ਹੈ।
2. ਪਰਸਪਰ ਵਿਰੋਧੀ ਰੁੱਖਾਂ ਨੂੰ ਲੰਮੇਰਾ ਅਤੇ ਸੰਤੁਲਤ ਕਰਨ ਦੇ ਜਤਨ ਹਨ।
3. ਸੱਚ ਖੋਜੀਆਂ ਦਾ ਪੱਖ ਵੀ ਛਪਣ ਲੱਗ ਪਿਆ ਹੈ, ਜਿਸ ਦੇ ਅਖ਼ੀਰ ਉੱਤੇ ਸਰਕਾਰੀ ਪੱਖ ਨਾਲ ਪੂੰਝਾ ਪਾਉਣ ਦੇ ਜਤਨ ਹੁੰਦੇ ਹਨ।
4. ਕਈ ਵੱਡੇ ਮੀਡੀਆ 9/11 ਸੱਚ-ਭਾਲਕਾਂ ਨੂੰ ਖੁੱਲ੍ਹ ਕੇ ਥਾਂ ਦੇਣ ਲੱਗ ਪਏ ਹਨ। ਏਸ ਦੇ ਨਾਲ ਉਨ੍ਹਾਂ ਦੀ ਪਹਿਲੇ 9/11 ਖੋਜ-ਕਮਿਸ਼ਨ ਦੀ ਰਿਪੋਰਟ ਰੱਦ ਕਰਨ ਅਤੇ ਨਵਾਂ ਖੋਜ-ਕਮਿਸ਼ਨ ਬਿਠਾਉਣ ਦੀ ਮੰਗ ਜ਼ੋਰ ਫੜ ਰਹੀ ਹੈ।

ਖ਼ੈਰ, ਨਵੇਂ ਕਮਿਸ਼ਨ ਦੇ ਗਠਨ ਨੂੰ ਰੋਕਣ ਲਈ ਸਰਕਾਰਾਂ ਦੇ ਕੋਲ ਬੇਅੰਤ ਸ਼ਕਤੀ ਹੁੰਦੀ ਹੈ। ਅਮਰੀਕਾ ਅੰਦਰ ਪ੍ਰਧਾਨ ਕੈਨੇਡੀ ਦੇ ਕਤਲ ਦੀ ਖੋਜ ਅਜੇ ਤਕ ਨਹੀਂ ਛਾਪੀ ਗਈ। ਪਿਛਲੇ ਪ੍ਰਧਾਨ ਨੇ ਉਸ ਰਿਪੋਰਟ ਨੂੰ ਹੋਰ ਸੱਤਰ ਸਾਲਾਂ ਲਈ ਦਬਾਉਣ ਦਾ ਹੁਕਮ ਕਰ ਦਿੱਤਾ ਹੈ। ਕੁੱਲ ਦੁਨੀਆਂ ਜਾਣਦੀ ਹੈ ਕਿ ਉਸ ਦੇ ਕਤਲ ਪਿੱਛੇ ਸੀ. ਆਈ. ਏ. ਦਾ ਹੱਥ ਸੀ। 1962 ਦੀ ਹਿੰਦ-ਚੀਨੀ ਸਰਹੱਦੀ ਜੰਗ ਸਰਕਾਰ ਵੱਲੋਂ ਹੁਕਮਨ ਸਫ਼ੈਦ-ਪੱਤਰ, ਜੋ ਕਦੋਂ ਦਾ ਤਿਆਰ ਹੈ, ਅਜੇ ਤਕ ਇਕਰਾਰੋਂ ਉਲਟ, ਪਾਰਲੀਮੈਂਟ ਵਿਚ ਪੇਸ਼ ਨਹੀਂ ਕੀਤਾ ਗਿਆ। ਹਰ ਕਾਂਗਰਸੀ ਜਾਂ ਗ਼ੈਰ-ਕਾਂਗਰਸੀ ਸਰਕਾਰ ਨੇ ਪਤਾ ਨਹੀਂ ਕਿਉਂ ਲੁਕਾਉਣ ਦੀ ਕੋਸ਼ਿਸ਼ ਕੀਤੀ ਹੈ ? ਅਗਿਆਨ ਹੀ ਮਾਨਸਕ ਸ਼ਕਤੀ ਹੈ! ਹੈਂਡਰਸਨ ਬਰੁਕਸ ਦੀ ਰੀਪੋਰਟ ਉੱਤੇ

ਆਧਾਰਿਤ ਨੈਵਿਲ ਮੈਕਸਿਲ ਦੀ ਲਿਖੀ, *ਇੰਡੀਆਜ਼ ਚਾਈਨਾ ਵਾਰ* ਬਜ਼ਾਰ ਵਿਚ ਖੁੱਲ੍ਹੇਆਮ ਵਿਕ ਰਹੀ ਹੈ। ਏਸ ਕਿਤਾਬ ਉੱਤੇ ਪਾਰਲੀਮੈਂਟ ਅੰਦਰ ਲੰਮੀ ਚੌੜੀ ਬਹਿਸ ਵੀ ਹੋ ਚੁੱਕੀ ਹੈ।

ਏਸ ਸਮੇਂ ਇੱਕੋ ਇਕ ਸਾਮਰਾਜੀ ਧੜਾ—ਅਮਰੀਕਾ, ਨਾਟੋ ਅਤੇ ਇਸਰਾਈਲ, ਦੁਨੀਆਂ ਨੂੰ ਤਬਾਹੀ ਦੇ ਕੰਢੇ 'ਤੇ ਲਿਆਉਣ ਲਈ ਕਿਲ੍ਹ ਰਿਹਾ ਹੈ—ਈਰਾਨ ਉੱਤੇ ਭਿਆਨਕ ਹਮਲਿਆਂ ਦੇ ਦ੍ਰਿਸ਼ ਉਘਾੜਨੇ ਸ਼ੁਰੂ ਕਰ ਦਿੱਤੇ ਹਨ। ਈਰਾਨ ਉੱਤੇ 'ਜਾਇਜ਼ ਜੰਗ' ਦੀਆਂ ਦਲੀਲਾਂ ਦਾ ਕੂੜ ਪ੍ਰਚਾਰ ਏਨੇ ਜ਼ੋਰਾਂ ਦੇ ਉੱਤੇ ਹੈ ਕਿ ਬਹੁਤੇ ਅਮਰੀਕੀ ਇਹ ਸਮਝਦੇ ਹਨ ਕਿ ਈਰਾਨ ਦੇ ਕੋਲ ਐਟਮੀ ਹਥਿਆਰ ਹਨ, ਜਿਨ੍ਹਾਂ ਨਾਲ ਉਹ ਅਮਰੀਕਾ ਉੱਤੇ ਹਮਲਾ ਕਰ ਸਕਦਾ ਹੈ। ਏਸ ਲਈ ਏਸ ਸੱਪ ਦੀ ਸਿਰੀ ਫੇਹੀ ਜਾਣੀ ਚਾਹੀਦੀ ਹੈ। ਸੰਭਾਵਤ ਸੱਚ ਇਹ ਹੈ ਕਿ ਈਰਾਨ ਦੇ ਕੋਲ ਕੋਈ ਪ੍ਰਮਾਣੂ ਹਥਿਆਰ ਨਹੀਂ ਹੈ। ਉਸ ਦੀ ਹਰ ਪ੍ਰਮਾਣੂ ਪ੍ਰਯੋਗਸ਼ਾਲਾ ਅੰਤਰ-ਰਾਸ਼ਟਰੀ ਨਜ਼ਰਸਾਨੀ ਹੇਠ ਹੈ। ਜੇ ਈਰਾਨ ਦੇ ਕੋਲ ਐਟਮ ਬੰਬ ਹੋਵੇ ਵੀ, ਤਾਂ ਕੀ ਉਹ ਕਿਸੇ ਦੇਸ ਉਪਰ ਵਰਤੋਂ ਕਰ ਕੇ, ਆਪ ਮਲੀਆਮੇਟ ਹੋਣ ਲਈ ਤਿਆਰ ਹੋਵੇਗਾ ? ਕਦਾਚਿਤ ਨਹੀਂ।

ਈਰਾਨ ਕੋਲ 'ਪ੍ਰਮਾਣੂ ਹਥਿਆਰ' ਦੀ ਕਾਵਾਂ-ਰੌਲੀ ਪਾਉਣ ਵਿਚ ਸਾਮਰਾਜੀ ਧੜੇ ਵਿਚ ਉਹ ਦੇਸ ਵੀ ਰਲੇ ਹੋਏ ਹਨ ਜਿਨ੍ਹਾਂ ਦੇ ਕੋਲ ਅੱਸੀ ਜਾਂ ਸੌ ਐਟਮੀ ਅਣ-ਐਲਾਨੇ ਹਥਿਆਰ ਹਨ (ਤੁਰਕੀ, ਜਰਮਨੀ, ਬੈਲਜੀਅਮ, ਹਾਲੈਂਡ ਅਤੇ ਇਟਲੀ)। ਇਨ੍ਹਾਂ ਦਾ ਮੋਢੀ ਹੈ ਪ੍ਰਮਾਣੂ ਹਥਿਆਰਾਂ ਦੇ ਨਾਲ ਲੈਸ ਇਸਰਾਈਲ, ਜਿਸ ਨੇ ਪਿਛਲੇ ਕਈ ਦਹਾਕਿਆਂ ਦੇ ਅੰਦਰ ਮੱਧ ਏਸ਼ੀਆ ਦੇ ਅੰਦਰ ਅੱਤਵਾਦ, ਅਕਾਰਨ ਜੰਗਾਂ ਅਤੇ ਜਨ-ਸੰਘਾਰ ਦੀ ਅੱਤ ਚੁੱਕੀ ਹੋਈ ਹੈ। ਇਸਰਾਈਲ ਅਤੇ ਅਮਰੀਕਾ ਏਸ ਖਿੱਤੇ ਅੰਦਰ ਜੰਗਾਂ ਲਈ ਘਿਉ-ਖਿਚੜੀ ਹਨ ? ਐਸ ਵੇਲੇ ਉਨ੍ਹਾਂ ਦੀ ਅੱਖ ਹੈ ਕੁਲ ਤੇਲ ਦੇ ਖਿੱਤੇ ਉੱਤੇ ਫ਼ੌਜੀ ਜਕੜ ਵੱਲ ਜਿਸ ਰਾਹੀਂ ਕੁਲ ਦੁਨੀਆਂ ਦੇ ਗੋਡੇ ਟਿਕਾਏ ਜਾ ਸਕਦੇ ਹਨ।

ਮੀਡੀਆ, ਜਦ ਕਿ ਨੌਂ-ਗਿਆਰਾਂ ਸੱਚ ਬਾਰੇ ਰਤਾ ਮਾਸਾ ਢਿੱਲ ਦੇ ਰਿਹਾ ਹੈ, ਉਸੇ ਸਮੇਂ ਖ਼ਬਰਾਂ ਦੀ ਬਹੁਤਾਤ ਮੱਧ ਏਸ਼ੀਆ ਅੰਦਰ ਨਵੀਂ ਜੰਗ ਲਈ ਜੰਮ ਕੇ ਪ੍ਰਚਾਰ ਕਰ ਰਹੀ ਹੈ। ਜੰਗੀ ਮਸ਼ੀਨ ਜਨ-ਸੰਘਾਰ ਦੇ ਆਧੁਨਿਕ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੇ ਸੰਕੇਤ ਖੁੱਲ੍ਹ ਕੇ ਦੇ ਰਹੀ ਹੈ। ਉਹ ਇਨ੍ਹਾਂ ਨੂੰ 'ਮਿਨੀ-ਨਿਊਕ' ਜਾਂ 'ਬੰਕਰ ਬਸਟਰ' ਦੇ ਨਾਵਾਂ ਨਾਲ ਜਾਣੂ ਕਰਵਾਉਂਦੀ ਹੈ। ਉਸ ਦਾ ਦਾਅਵਾ ਹੈ ਕਿ ਅਜੇਹੇ ਬੰਬਾਂ ਨਾਲ ਸ਼ਹਿਰੀ ਵੱਸੋਂ ਉੱਤੇ ਘੱਟੋ-ਘੱਟ ਅਸਰ ਹੋਵੇਗਾ। ਮਿਨੀ-ਨਿਊਕ ਭੋਲੇ ਭਾਲੇ ਸਾਫ਼ ਸੁਥਰੇ ਬੰਬ ਹਨ! ਇਕ ਗੱਲੋਂ ਤਾਂ ਉਹ ਸ਼ਾਇਦ ਸੱਚ ਕਹਿੰਦੇ ਹਨ ਕਿ ਐਟਮ ਬੰਬ ਵਾਂਗ ਇਸ ਅੰਦਰ ਰੇਡੀਓ-ਐਕਟਿਵਿਟੀ ਨਹੀਂ ਹੋਵੇਗੀ ਜਾਂ ਘੱਟੋ-ਘੱਟ ਹੋਵੇਗੀ, ਕਿਉਂਕਿ ਮਿਨੀ-ਨਿਊਕ ਅਸਲ ਵਿਚ ਨਿੱਕੇ ਹਾਈਡ੍ਰੋਜਨ ਬੰਬ ਹਨ।

ਫ਼ਿਨਲੈਂਡ ਦੇ ਇਕ ਫ਼ੌਜੀ ਮਾਹਰ ਦਾ ਕਹਿਣਾ ਹੈ ਕਿ ਵਰਲਡ ਟ੍ਰੇਡ ਸੈਂਟਰ ਅੰਦਰ 11 ਸਤੰਬਰ, 2001 ਨੂੰ ਮਿਨੀ-ਨਿਊਕਾਂ ਦੀ ਵਰਤੋਂ ਵੀ ਕੀਤੀ ਗਈ ਸੀ। ਉਸ ਨੇ ਬੇਅੰਤ ਸਬੂਤ ਪੇਸ਼ ਕੀਤੇ ਹਨ, ਜਿਨ੍ਹਾਂ ਵਿੱਚੋਂ ਕੁਝ ਕੁ ਚੋਣਵੇਂ ਇਹ ਹਨ :

1. ਇਕ ਪਲ ਅੰਦਰ ਕੰਕ੍ਰੀਟ ਦਾ ਧੂੜ ਬਣ ਕੇ ਉੱਡ ਜਾਣਾ ਇੰਜ ਸੰਭਵ ਹੋਇਆ ਕਿ ਲੱਖਾਂ ਡਿਗਰੀ ਦੀ ਗਰਮੀ ਨਾਲ ਕੰਕ੍ਰੀਟ ਅੰਦਰਲਾ ਪਾਣੀ, ਕਈ ਹਜ਼ਾਰ ਗੁਣਾ ਫੁਲ ਕੇ ਫਟ ਗਿਆ।

2. ਵੀਹ ਬਾਈ ਟਨ ਦੇ ਸਟੀਲ ਦੇ ਟੋਟੇ ਦੋ ਸੌ ਮੀਟਰ ਦੂਰ ਜਾ ਕੇ ਡਿੱਗੇ।

3. ਲਿਫ਼ਟਾਂ ਵਾਲੀ ਥਾਂ ਹੇਠਾਂ ਪੰਘਰੇ ਹੋਏ ਸਟੀਲ ਦਾ ਛੱਪੜ ਲੱਗ ਗਿਆ, ਜਿਸ ਨੂੰ ਠੰਢਾ ਕਰਨ ਲਈ ਅੱਗ-ਲੜਾਕੂਆਂ ਨੇ ਸੌ ਦਿਨਾਂ ਤੋਂ ਵੱਧ ਲਗਾਤਾਰ ਬੇਅੰਤ ਪਾਣੀ ਦੀ ਵਰਤੋਂ ਕੀਤੀ। ਐਵੇਂ ਕਿਸੇ ਇਮਾਰਤ ਦੇ ਡਿੱਗਣ ਨਾਲ ਏਨੀ ਗਰਮੀ ਪੈਦਾ ਹੁੰਦੀ ਹੈ ?

4. ਇਮਾਰਤ ਦੇ ਉੱਤੇ ਤਿੰਨ ਸੌ ਫੁੱਟ ਉੱਚਾ ਸਟੀਲ ਟਾਵਰ ਅੱਧੇ ਸਕਿੰਟ ਅੰਦਰ ਭਾਫ਼ ਬਣ ਕੇ ਉੱਡ ਗਿਆ।

5. ਇਮਾਰਤ ਦੇ ਤਹਿਖ਼ਾਨੇ ਦੇ ਅੰਦਰ 50 ਟਨ ਭਾਰੀ ਪ੍ਰੈਸ ਗ਼ਾਇਬ ਹੋ ਗਈ—ਪੰਘਰ ਗਈ ਜਾਂ ਭਾਫ਼ ਬਣ ਗਈ।

6. ਟ੍ਰੀਟੀਅਮ, ਹਾਈਡ੍ਰੋਜਨ ਐਟਮ ਦੀ ਰੇਡੀਓਐਕਟਿਵ ਸ਼ਕਲ ਹੈ। ਇਹ ਸਾਧਾਰਨ ਤੌਰ 'ਤੇ ਬਹੁਤ ਨਿਰਲੱਭ ਹੈ। ਤਿੰਨ ਹਾਈਡ੍ਰੋਜਨ ਐਟਮ ਤੋਂ ਇਕ ਟ੍ਰੀਟੀਅਮ ਬਣਦਾ ਹੈ। ਟ੍ਰੇਡ ਸੈਂਟਰ ਦੇ ਨੇੜੇ ਇਸ ਦੀ ਚੋਖੀ ਮਾਤਰਾ ਲੱਭੀ ਗਈ।

7. ਡਿੱਗੀ ਇਮਾਰਤ ਦੇ ਮਲਬੇ ਦੀ ਉਚਾਈ, ਅਸਲ ਨਾਲੋਂ ਕੇਵਲ ਦਸਵਾਂ ਹਿੱਸਾ ਸੀ, ਜਦਕਿ ਸਾਧਾਰਨ ਤੌਰ 'ਤੇ, ਇਕ ਤਿਹਾਈ ਹੋਣੀ ਚਾਹੀਦੀ ਸੀ। ਮਿਨੀ ਨਿਊਕਾਂ ਨੇ ਸਟੀਲ ਦੀਆਂ ਨੀਹਾਂ ਨੂੰ ਪੰਘਾਰ ਕੇ, ਹੇਠਾਂ ਬੇਅੰਤ ਖੁੱਲ੍ਹੀ ਖੁੱਲ੍ਹੀ ਥਾਂ ਪੈਦਾ ਕੀਤੀ, ਜਿਸ ਅੰਦਰ ਚੋਖਾ ਮਲਬਾ ਸਮਾ/ਧਸ ਗਿਆ।

8. ਧਮਾਕੇ ਤੋਂ ਪਿੱਛੋਂ ਏਡੀ ਵੱਡੀ ਇਮਾਰਤ ਅੰਦਰੋਂ ਇਕ ਵੀ ਜਿਉਂਦਾ ਵਿਅਕਤੀ ਬਾਹਰ ਨਹੀਂ ਨਿਕਲਿਆ। ਜਿਥੇ ਸਟੀਲ ਤੇ ਕੰਕ੍ਰੀਟ ਨਹੀਂ ਰਹੇ, ਉਥੇ ਇਨਸਾਨ ਦਾ ਕੀ ਰਹਿਣਾ ਸੀ ? ਸਰਕਾਰੀ ਰਿਪੋਰਟਾਂ, ਪੋਸਟ-ਮਾਰਟਮ ਅਤੇ ਡੀ. ਐਨ. ਏ. ਟੈਸਟਾਂ ਦੀਆਂ ਮਹਾਂ ਝੂਠ ਗੱਲਾਂ ਉੱਡਦੀਆਂ ਰਹੀਆਂ।

ਬੇਅੰਤ ਹੋਰ ਪੁਖ਼ਤਾ ਸਾਇੰਸੀ ਸਬੂਤ ਹਨ ਕਿ ਟ੍ਰੇਡ ਸੈਂਟਰ ਦੀਆਂ ਇਮਾਰਤਾਂ ਉਡਾਉਣ ਲਈ ਮਿਨੀ-ਨਿਊਕਾਂ ਦੀ ਵਰਤੋਂ ਕੀਤੀ ਗਈ।

ਨਵੰਬਰ 2004 ਵਿਚ ਇਰਾਕ ਦੇ ਖ਼ੂਬਸੂਰਤ ਸ਼ਹਿਰ ਫਲੂਜਾ ਦੇ ਉੱਤੇ 'ਇਤਿਹਾਦੀਆਂ' ਦੇ ਭਾਰੀ ਹਮਲੇ ਦੌਰਾਨ ਕੀਮਿਆਈ ਅਤੇ ਖ਼ਾਸ ਤੌਰ 'ਤੇ ਮਿਨੀ-ਨਿਊਕਾਂ ਦੀ ਵਰਤੋਂ ਦੀ ਬਹੁਤ ਵੱਡੀ ਸੰਭਾਵਨਾ ਹੈ। ਉਹ ਸ਼ਹਿਰ ਤਾਂ ਖੰਡਰ ਅਤੇ ਉਜਾੜ ਹੋ ਗਿਆ ਹੈ। ਇਸ ਸਮੇਂ ਅਫ਼ਗ਼ਾਨਿਸਤਾਨ ਅੰਦਰ ਫਲੂਜਾ ਕਿਸਮ ਦੇ ਹਮਲਿਆਂ ਦੀ ਗੱਲ, 'ਇਤਿਹਾਦੀ' ਫ਼ੌਜਾਂ ਵੱਲੋਂ ਖੁੱਲ੍ਹ ਕੇ ਕੀਤੀ ਜਾ ਰਹੀ ਹੈ। ਫਲੂਜਾ ਦੇ ਲੜਾਕੂਆਂ ਨੇ ਤਾਂ ਕੇਵਲ ਚਾਰ ਅਮਰੀਕੀ 'ਭਾੜੇ ਦੇ' ਫ਼ੌਜੀ ਮਾਰੇ ਸਨ, ਤਾਂ ਫਲੂਜਾ ਦਾ ਇਹ ਹਾਲ ਕੀਤਾ ਗਿਆ। ਅਫ਼ਗਾਨਿਸਤਾਨ ਅੰਦਰਲੀ 'ਇਤਿਹਾਦੀ' ਚੜ੍ਹਾਈ ਇਕ ਲੱਖ ਆਬਾਦੀ ਵਾਲੇ ਸ਼ਹਿਰ ਮਾਰਜਾ (ਹੈਲਮਾਂਡ ਸੂਬਾ) ਉੱਤੇ ਚੱਲ ਰਹੀ ਹੈ। ਏਸ ਪਿੱਛੋਂ ਦਸ ਲੱਖ ਆਬਾਦੀ ਵਾਲੇ ਕੰਧਾਰ ਦੀ ਵਾਰੀ ਆਉਣੀ ਹੈ। ਵੇਖਦੇ ਹਾਂ (ਜੇ ਖ਼ਬਰਾਂ ਨਿਕਲ ਸਕੀਆਂ ਤਾਂ) ਏਥੇ ਆਧੁਨਿਕ ਨਿਊਕਲੀਆਈ ਹਥਿਆਰ, ਮਿਨੀ-ਨਿਊਕ ਜਾਂ ਹੋਰ ਕੋਈ ਵਰਤੇ ਜਾਂਦੇ ਹਨ ਕਿ ਨਹੀਂ। ਡੀ. ਯੂ. ਦਾ ਰੇਡੀਓ-ਐਕਟਿਵ ਗੋਲੀ ਸਿੱਕਾ ਤਾਂ ਬੇਰੋਕ ਟੋਕ ਵਰਤਿਆ ਜਾ ਹੀ ਰਿਹੈ। ਝੂਠ ਦੀ ਤਾਂ ਹਮੇਸ਼ਾ ਹੀ ਚੜ੍ਹਤ ਰਹੀ ਹੈ, ਪਰ ਓਨੀ ਕਦੇ ਨਹੀਂ ਹੋਈ ਜਿੰਨੀ ਅੱਜ ਦੇ ਯੁਗ ਅੰਦਰ ਅਖ਼ਬਾਰਾਂ ਅਤੇ ਮਾਸ-ਮੀਡੀਆ ਸਦਕਾ ਹੋ ਰਹੀ ਹੈ। ਝੂਠ, ਸਾਮਰਾਜ ਦਾ ਸਭ ਤੋਂ ਵੱਡਾ ਹਥਿਆਰ ਹੈ। ਉਸ ਦੀ ਚੱਕੀ ਦੇ ਪੁੜਾਂ ਵਿਚਕਾਰ ਸਭ ਲੋਕ (ਸਮੇਤ ਅਮਰੀਕਨਾਂ ਦੇ) ਪਿਸਦੇ ਜਾ ਰਹੇ ਹਨ। ਹੁਣ ਕੀਤਾ ਕੀ ਜਾਵੇ ? ਰੱਬ ਖ਼ਲਕਤ ਵਿਚ ਵੱਸਦਾ ਹੈ। ਜੇ ਖ਼ਲਕਤ ਸੁਚੇਤ ਹੋ ਜਾਵੇ, ਤਾਂ ਖ਼ਲਕਤ ਦੇ ਬੇਬੱਸ ਫ਼ੌਜੀ ਬੱਚੇ ਇਕ ਦਿਨ ਹਥਿਆਰ ਵਰਤਣ ਤੋਂ ਇਨਕਾਰ ਕਰ ਦੇਣਗੇ। ਵੱਡੇ ਪੈਮਾਨੇ ਉੱਤੇ ਸੁਚੇਤਤਾ ਦੇ ਨਾਲੋਂ ਵੱਡਾ ਹਥਿਆਰ ਅਜੇ ਪੈਦਾ ਨਹੀਂ ਹੋਇਆ। ਰੱਬ ਦੀ ਏਸ ਬੇਆਵਾਜ਼ ਲਾਠੀ ਅੱਗੇ ਕੋਈ ਸਾਮਰਾਜ ਨਹੀਂ ਟਿਕ ਸਕਦਾ। ਸਦੀਆਂ ਦੇ ਘੋੜਿਆਂ ਉੱਤੇ ਸਾਮਰਾਜ ਬਾਰ ਬਾਰ ਗ਼ਲਬਾ ਪਾਉਂਦਾ ਹੈ ਅਤੇ ਖ਼ਾਲਕ ਦੀ ਖ਼ਲਕਤ ਬਾਰ ਬਾਰ ਕੁਰਬਾਨੀਆਂ ਦੇ ਕੇ ਫ਼ਤਹ ਪਾਉਂਦੀ ਹੈ, ਪਿੱਛੋਂ ਫਿਰ ਅਵੇਸਲੀ ਹੋ ਜਾਂਦੀ ਹੈ। ਏਸ ਵਾਰ ਸਾਮਰਾਜ ਨੂੰ ਸਦਾ ਲਈ ਮਿਟਾ ਕੇ ਧਰਤੀ ਦੇ ਉੱਤੇ ਸਵਰਗ/ਬਹਿਸ਼ਤ ਦੀ ਸਿਰਜਣਾ ਹੋਣੀ ਹੈ, ਭਾਵੇਂ ਮਨੁੱਖਤਾ ਨੂੰ ਕਿੰਨੀ ਵੀ ਕੁਰਬਾਨੀ ਨਾ ਦੇਣੀ ਪਵੇ। ਕੁਲ 'ਧਰਮ', 'ਇਜ਼ਮ' ਤੇ 'ਵਾਦ' ਸਾਮਰਾਜ ਦੇ ਪਾਏ ਪੁਆੜੇ ਹਨ ਖ਼ਲਕਤ ਨੂੰ ਉਲਝਾ ਕੇ ਰੱਖਣ ਲਈ। ਏਸ ਸਮੇਂ ਕੇਵਲ ਦੋ ਧਿਰਾਂ ਆਮ੍ਹੋ-ਸਾਹਮਣੇ ਹਨ—ਸਾਮਰਾਜ ਅਤੇ ਖ਼ਲਕਤ। ਪਾਸੇ ਦੀ ਚੋਣ ਤੁਹਾਡੀ ਆਪਣੀ ਹੈ!

# ਬੈਂਕਰ ਚੁੜੇਲਾਂ : ਬੇਖ਼ਬਰ ਦੁਨੀਆਂ

ਉੱਚੀ ਅਸੂਲਪ੍ਰਸਤੀ ਦੇ ਢੰਡੋਰਾ ਪਿੱਟਣ ਵਾਲੇ ਦੇਸ ਅਮਰੀਕਾ ਦੇ ਅੰਦਰ ਪ੍ਰੇਤਾਂ ਦਾ ਵਾਸਾ ਹੈ, ਏਹੀ ਜਾਪਦਾ ਹੈ। ਉਹ ਚੈਨ ਦੇ ਨਾਲ ਆਪਣੇ ਦੇਸ ਅਤੇ ਵੱਸੋਂ ਦੀ ਤਰੱਕੀ ਕਰਨ ਦੀ ਥਾਂ ਕਮਜ਼ੋਰ ਜਾਂ ਬੇਹਥਿਆਰੇ ਦੇਸਾਂ ਉੱਤੇ ਲੜਾਈਆਂ ਕਿਉਂ ਥੋਪਦਾ ਰਹਿੰਦਾ ਹੈ ? ਉਹ ਕਿਹੜਾ ਭੂਤ-ਪ੍ਰੇਤ ਹੈ ਜੋ ਇਸ ਨੂੰ ਗਿੱਚੀ ਤੋਂ ਫੜ ਕੇ ਅਗਲੀ ਜੰਗ ਲਈ ਪ੍ਰੇਰਦਾ ਰਹਿੰਦਾ ਹੈ ?

ਮੇਰੀ ਜਾਚੇ ਸਭ ਤੋਂ ਵੱਡਾ ਪ੍ਰੇਤ ਹੈ ਉਹ, ਜੋ ਅਮਰੀਕਾ ਸਰਕਾਰ ਤੋਂ ਵੀ ਉੱਪਰ, ਉਥੋਂ ਦੀ ਕਰੰਸੀ (ਭਾਵ ਛਪੇ ਹੋਏ ਡਾਲਰ ਨੋਟ) ਆਪਣੀ ਮੁੱਠ ਹੇਠ ਰੱਖਦਾ ਹੈ। ਇਹ ਪ੍ਰਾਈਵੇਟ ਨਿੱਜੀ ਬੈਂਕਰ 1913 ਤੋਂ ਸਰਕਾਰੀ ਬੈਂਕਕਾਰੀ ਉੱਤੇ ਕਬਜ਼ਾ ਕਰੀ ਬੈਠਾ ਹੈ। ਸਰਕਾਰ ਨੂੰ ਜਿੰਨੀ ਵੀ ਨਕਦੀ ਚਾਹੀਦੀ ਹੈ, ਇਹ ਨਿੱਜੀ ਬੈਂਕ (ਜਿਸਦਾ ਨਾਂ ਹੈ ਫ਼ੈਡਰਲ ਰੀਜ਼ਰਵ), ਜੋ ਨਾ ਤਾਂ ਫ਼ੈਡਰਲ ਭਾਵ ਸਰਕਾਰੀ ਹੈ ਅਤੇ ਨਾ ਹੀ ਉਸ ਦਾ ਕੋਈ ਸਾਂਭਿਆ ਖ਼ਜ਼ਾਨਾ ਹੈ। ਉਹ ਛਪੇ ਹੋਏ ਕਾਗ਼ਜ਼ਾਂ ਦੇ ਡਾਲਰ ਸੂਦ ਉੱਤੇ ਦਿੰਦਾ ਹੈ। ਪ੍ਰਾਈਵੇਟ ਬੈਂਕਰਾਂ ਦੀ ਸਾਲਾਨਾ ਆਮਦਨ ਕਰੀਬ ਇਕ ਟ੍ਰਿਲੀਅਨ ਡਾਲਰ ਹੈ ਜੋ ਟੈਕਸ-ਮੁਕਤ ਹੈ।

ਅਮਰੀਕੀ ਡਾਲਰ ਦਾ ਬੋਲ-ਬਾਲਾ ਇਸ ਤਰ੍ਹਾਂ ਹੈ ਕਿ ਵਿਸ਼ਵ ਦਾ ਕੁਲ ਤੇਲ-ਵਪਾਰ, ਆਪੋ-ਆਪਣੀਆਂ ਕਰੰਸੀਆਂ ਵਿਚ ਨਹੀਂ, ਬਲਕਿ ਕੇਵਲ ਡਾਲਰਾਂ ਵਿਚ ਹੁੰਦਾ ਹੈ। ਤਾਂ ਤੇ ਹਰ ਦੇਸ ਨੂੰ ਅਮਰੀਕਾ ਨੂੰ ਬੇਅੰਤ ਕੱਚਾ ਅਤੇ ਸਨਅਤੀ ਮਾਲ ਦੇ ਕੇ ਇਹ ਕਾਗ਼ਜ਼ੋਂ ਹੌਲੇ ਡਾਲਰਾਂ ਦੇ ਨੋਟ ਖ਼ਰੀਦਣੇ ਪੈਂਦੇ ਹਨ, ਜੋ ਕਿ ਚਿੱਟੇ ਦਿਨ ਸਰਾਸਰ ਲੁੱਟ ਹੈ। ਜੇ ਦੇਸ ਆਪੋ-ਆਪਣੀ ਕਰੰਸੀ ਵਿਚ ਤੇਲ ਖ਼ਰੀਦਣ ਲੱਗ ਪੈਣ ਤਾਂ ਉਸੇ ਵਕਤ ਨਿੱਜੀ ਬੈਂਕਕਾਰਾਂ ਅਤੇ ਡਾਲਰਾਂ ਦਾ ਭੱਠਾ ਬੈਠ ਜਾਵੇਗਾ।

ਇਰਾਕ ਦੇ ਸੱਦਾਮ ਹੁਸੈਨ ਨੇ ਆਪਣੇ ਤੇਲ ਨੂੰ ਹੋਰਨਾਂ ਕਰੰਸੀਆਂ ਵਿਚ ਵੇਚਣਾ ਸ਼ੁਰੂ ਕਰ ਦਿੱਤਾ ਸੀ। ਏਹੀ ਉਸਦਾ ਜੁਰਮ ਸੀ। ਬੁਸ਼ ਸ਼ਾਸਨ ਨੇ ਉਸ ਦੇ ਦੇਸ ਉੱਤੇ 'ਲੋਕਾਈ ਮਾਰ ਹਥਿਆਰਾਂ' ਦੀ ਤਿਆਰੀ ਦਾ ਦੋਸ਼ ਲਾ ਕੇ ਹਮਲਾ ਕਰ ਦਿੱਤਾ, ਜਿਸ ਨਾਲ ਸੱਦਾਮ ਹੁਸੈਨ ਦੀ ਸਕੀਮ ਮਿੱਟੀ ਵਿਚ ਮਿਲ ਗਈ ਅਤੇ ਉਸ ਨੂੰ ਆਪਣੀ ਜਾਨ ਵੀ ਗਵਾਉਣੀ ਪਈ। ਤੇਲ ਦੇ ਸੌਦੇ ਕੇਵਲ ਡਾਲਰਾਂ ਵਿਚ ਅਤੇ ਸਿਰਫ਼ ਲੰਦਨ ਅਤੇ ਨਿਊਯਾਰਕ ਅੰਦਰ ਕੀਤੇ ਜਾਂਦੇ ਹਨ। ਉਨ੍ਹਾਂ ਨੂੰ 'ਬੋਰਸਿਜ਼' ਜਾਂ 'ਮੰਡੀ' ਕਿਹਾ ਜਾ ਸਕਦਾ ਹੈ, ਜਿਥੇ ਸੌਦੇ ਹੁੰਦੇ ਹਨ ਅਤੇ ਨਕਦੀ ਦਾ ਲੈਣ ਦੇਣ ਹੁੰਦਾ ਹੈ।

ਅੱਜ-ਕੱਲ੍ਹ ਈਰਾਨ ਉੱਤੇ ਊਜਾਂ ਦੀ ਭਰਮਾਰ ਹੈ। ਉਸ ਉੱਤੇ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹ ਪ੍ਰਮਾਣੂ ਹਥਿਆਰ ਬਣਾ ਰਿਹਾ ਹੈ, ਜਿਸ ਨਾਲ ਉਹ ਇਸਰਾਈਲ ਅਤੇ ਅਮਰੀਕਾ ਉੱਤੇ ਹਮਲਾ ਅਵੱਸ਼ ਕਰੇਗਾ। ਅੱਜ ਨਵੀਂ ਊਜ ਇਹ ਲੱਗੀ ਹੈ ਕਿ ਓਸਾਮਾ ਬਿਨ ਲਾਦੇਨ ਈਰਾਨ ਦੇ ਅੰਦਰ ਹੈ, ਠਾਠ ਦੀ ਜ਼ਿੰਦਗੀ ਜੀਅ ਰਿਹਾ ਹੈ ਅਤੇ ਬਾਜ਼ਾਂ ਦੇ ਨਾਲ ਸ਼ਿਕਾਰ ਕਰ ਕੇ ਆਨੰਦ ਲੈ ਰਿਹਾ ਹੈ। ਨਾਲ ਹੀ ਨਾਲ ਈਰਾਨ ਨੂੰ ਚਾਰੇ ਪਾਸਿਉਂ ਪ੍ਰਮਾਣੂ ਪਣ-ਡੁੱਬਕੀਆਂ, ਸਮੁੰਦਰੀ ਬੇੜਿਆਂ, ਏਅਰ ਕ੍ਰਾਫ਼ਟ ਕੈਰੀਅਰ ਅਤੇ ਹਵਾਈ ਅੱਡਿਆਂ ਨਾਲ ਘੇਰਿਆ ਜਾ ਰਿਹਾ ਹੈ। ਅੰਤਰਰਾਸ਼ਟਰੀ ਪ੍ਰਮਾਣੂ ਏਜੰਸੀ ਬਾਰ ਬਾਰ ਕਹਿ ਰਹੀ ਹੈ ਕਿ ਈਰਾਨ ਦੇ ਅੰਦਰ ਐਟਮ ਬੰਬ ਬਣਾਉਣ ਦਾ ਕੋਈ ਵੀ ਪ੍ਰੋਗਰਾਮ ਨਹੀਂ ਚੱਲ ਰਿਹਾ। ਪਰ ਦੁਨੀਆਂ ਦੇ ਕੁਲ ਟੀ.ਵੀ. ਅਤੇ ਮੋਟੇ ਅਖ਼ਬਾਰ ਤਾਂ ਬੈਂਕਰਾਂ ਦੇ ਹੱਥ ਵਿਚ ਨੇ, ਉਹ ਈਰਾਨ ਦੀ ਆਵਾਜ਼ ਗਲੇ ਵਿਚ ਹੀ ਦਬਾ ਦੇਂਦੇ ਹਨ। ਈਰਾਨ ਅਸਲ ਵਿਚ ਪ੍ਰਮਾਣੂ ਬੰਬ ਤੋਂ ਵੀ ਵਧੇਰੇ ਸ਼ਕਤੀਸ਼ਾਲੀ ਹਥਿਆਰ ਵਰਤ ਰਿਹਾ ਹੈ। ਉਹ ਹੈ ਈਰਾਨ ਅੰਦਰ ਤੇਲ ਦੀ ਨਵੀਂ 'ਮੰਡੀ' ਜਿਥੋਂ ਕੱਚਾ ਤੇਲ ਦੇਸਾਂ ਦੀਆਂ ਆਪਣੀਆਂ ਕਰੰਸੀਆਂ ਵਿਚ ਵੇਚਿਆ ਜਾਵੇਗਾ, ਪਰ 'ਨਖਿੱਧ' ਡਾਲਰਾਂ ਦੇ ਨਾਲ ਬਿਲਕੁਲ ਨਹੀਂ। ਕਈ ਸਾਲ ਇਸ ਮੰਡੀ ਦੀ ਤਿਆਰੀ ਉੱਤੇ ਲਗਾਏ ਗਏ, ਹੁਣ ਕੁਝ ਮਹੀਨਿਆਂ ਤੋਂ ਏਸ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਉਦਾਹਰਣ ਦੇ ਤੌਰ 'ਤੇ ਚੀਨ, ਈਰਾਨ ਕੋਲੋਂ ਤੇਲ ਖ਼ਰੀਦਣ ਲਈ ਪਹਿਲਾਂ ਕਿਸੇ ਹੋਰ ਪਾਸਿਓਂ ਡਾਲਰ ਨਹੀਂ ਖ਼ਰੀਦੇਗਾ। ਅਸੀਂ ਵੀ ਈਰਾਨੀ ਤੇਲ ਗ਼ੈਰ-ਡਾਲਰੀ ਕਰੰਸੀ, ਰੁਪਿਆਂ ਨਾਲ ਵੀ ਖ਼ਰੀਦ ਸਕਦੇ ਹਾਂ, ਪਰ ਅਸੀਂ ਇੰਜ ਕਰਾਂਗੇ ਨਹੀਂ। ਅਸੀਂ ਪਹਿਲਾਂ ਬੁਸ਼ ਦੀ ਅਤੇ ਹੁਣ ਓਬਾਮਾ ਦੇ ਕੋਟ ਦੀ ਉਪਰਲੀ ਜੇਬ ਨੂੰ ਸ਼ਿੰਗਾਰ ਰਹੇ ਹਾਂ। ਨਾਲੇ ਸਾਨੂੰ ਪਤਾ ਹੈ ਕਿ ਓਬਾਮਾ ਆਦਿ ਤੋਂ ਬਾਗ਼ੀ ਹੋ ਕੇ ਉਸ ਤੋਂ ਡਾਢੀ ਮਾਰ ਖਾਣ ਤੋਂ ਬਚ ਨਹੀਂ ਸਕਦੇ। ਸ਼ਾਇਦ ਫ਼ਾਰਮੂਲਾ ਹੈ—'ਦੜ ਵੱਟ ਜ਼ਮਾਨਾ ਕੱਟ, ਭਲੇ ਦਿਨ ਆਉਣਗੇ।'

ਰੋਥਚਾਈਲਡ, ਰਾਕਫ਼ੈਲਰ ਅਤੇ ਫ਼ੈਡਰਲ ਰੀਜ਼ਰਵ ਬਾਰੇ ਜਿੰਨਾ ਵੀ ਜਾਣ ਲਈਏ, ਓਨਾ ਹੀ ਘੱਟ ਹੈ। ਇਨ੍ਹਾਂ ਦੇ ਅੰਦਰ ਹੀ ਹੈ ਚੁੜੇਲਾਂ ਦਾ ਵਾਸਾ। ਆਮ ਅਮਰੀਕਨ ਲੋਕ ਅਮਨ ਪਸੰਦ ਹਨ, ਪਰ ਉਨ੍ਹਾਂ ਦੀ ਇਕ ਨਹੀਂ ਚੱਲਦੀ। ਉਹ ਤਾਂ ਆਪ ਆਪਣੇ ਬੈਂਕਾਂ ਕੋਲ ਵਿਕੇ ਹੱਥ ਠੋਕੇ ਸੈਨੇਟਰਾਂ ਅਤੇ ਪ੍ਰਧਾਨਾਂ ਦੀਆਂ ਬੇਥਵੀਆਂ ਅਤੇ ਵਿਨਾਸ਼ਕਾਰੀ ਜੰਗਾਂ ਤੋਂ ਅੱਕੇ ਪਏ ਹਨ। ਲੜਾਈਆਂ ਦੇ ਮੋਰਚਿਆਂ ਉੱਤੋਂ ਉਨ੍ਹਾਂ ਦੇ ਵਰਗਲਾਏ ਹੋਏ ਫ਼ੌਜੀ ਬੱਚੇ ਅਤੇ ਬੱਚੀਆਂ ਦਾ ਘਾਣ ਹੋ ਰਿਹਾ ਹੈ।

ਚੁੜੇਲ ਬੈਂਕਰਾਂ ਦਾ ਵੱਡਾ ਕੰਮ ਹੈ ਸਰਕਾਰਾਂ ਨੂੰ ਜੰਗੀ ਹਥਿਆਰਾਂ ਦੀ ਦੌੜ ਵਿਚ ਉਲਝਾ ਕੇ ਰੱਖਣਾ ਅਤੇ ਆਏ ਦਿਨ ਕਿਸੇ ਬਹਾਨੇ ਇਕ ਨਵੀਂ ਜੰਗ ਚਾਲੂ ਕਰਨੀ। ਇਸ ਤਰ੍ਹਾਂ ਦੇਸਾਂ ਦੀਆਂ ਸਰਕਾਰਾਂ ਉਨ੍ਹਾਂ ਤੋਂ ਕਰਜ਼ੇ ਲੈ ਲੈ ਕੇ ਨਵੇਂ ਹਥਿਆਰ ਬਣਾਉਂਦੀਆਂ ਹਨ ਅਤੇ 'ਦੇਸ ਭਗਤ' ਫ਼ੌਜੀਆਂ ਨੂੰ ਜੰਗਾਂ ਅੰਦਰ ਮੌਤ ਦੇ ਮੂੰਹ ਵੱਲ ਧੱਕ ਦੇਂਦੀਆਂ ਹਨ। ਕਰਜ਼ੇ, ਆਉਣ ਵਾਲੀਆਂ ਪੁਸ਼ਤਾਂ ਉਪਰ ਚੜ੍ਹੀ ਜਾ ਰਹੇ ਹਨ। ਅੱਜ ਹਰ ਨਵੇਂ ਜੰਮੇ ਅਮਰੀਕਨ ਬੱਚੇ ਉੱਤੇ ਕਰੀਬ ਢਾਈ ਲੱਖ ਡਾਲਰ ਦਾ ਕਰਜ਼ਾ ਹੈ, ਜਿਹੜਾ ਉਸ ਦੀਆਂ ਅਗਲੀਆ ਪੁਸ਼ਤਾਂ ਤੋਂ ਵੀ ਨਹੀਂ ਲਹਿਣਾ।

ਰੋਥਚਾਈਲਡ ਘਰਾਣਾ ਦੁਨੀਆਂ ਦੇ ਵਿੱਤੀ ਸਾਹ ਘੁਟਾਲੇ ਦਾ ਮੋਢੀ ਹੈ। ਪਰੀ ਕਹਾਣੀਆਂ ਵਿਚ ਪੜ੍ਹੀਦਾ ਸੀ ਕਿ ਇਕ ਦੈਂਤ ਕਿਸੇ ਤੋਂ ਮਰਦਾ ਨਹੀਂ ਸੀ ਕਿਉਂਕਿ ਉਸ ਦੀ ਜਾਨ ਦੂਰ ਕਿਤੇ ਪਿੰਜਰੇ ਅੰਦਰਲੇ ਤੋਤੇ ਅੰਦਰ ਹੁੰਦੀ ਸੀ ਅਤੇ ਤੋਤੇ ਤੱਕ ਪਹੁੰਚਣ ਲਈ ਬੜੇ ਔਖੇ ਰਸਤੇ ਸਨ, ਰੁਕਾਵਟਾਂ ਸਨ ਅਤੇ ਰਖਵਾਲੇ ਸਨ। ਬੈਂਕਰਾਂ ਨੇ ਆਪਣੇ ਦੁਆਲੇ ਪੱਛਮੀ ਦੇਸਾਂ ਦੀਆਂ ਫ਼ੌਜਾਂ ਦਾ ਤਕੜਾ ਘੇਰਾ ਬਣਾ ਲਿਆ ਹੈ ਜੋ ਨਾ ਕੇਵਲ ਬੈਂਕਰਾਂ ਦੀ ਰੱਖਿਆ ਕਰਦਾ ਹੈ, ਸਗੋਂ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਉੱਤੇ "ਸਦਾ ਲਈ ਇਕ ਦੁਨੀਆਂ' ਅਤੇ 'ਨਵੇਂ ਵਿਸ਼ਵ ਸਮਾਜ' ਦੀ ਪੂਰਤੀ ਲਈ ਲਗਾਤਾਰ ਦੂਜਿਆਂ ਦੇਸਾਂ ਨੂੰ ਤੋੜ ਕੇ ਜਾਂ ਡਰਾ ਕੇ ਆਪਣੀ ਛਤਰ ਛਾਇਆ ਹੇਠ ਲਿਆਉਂਦਾ ਹੈ। ਏਸ ਲੰਮੇ ਭਿਆਨਕ ਕਾਰਜ ਨੂੰ ਸਿਰੇ ਪੁਚਾਉਣ ਲਈ ਅਜਿਹੀਆਂ ਲੜਾਈਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਲਈ 'ਪਾਗਲਪਨ' ਤੋਂ ਘੱਟ ਕੋਈ ਸ਼ਬਦ ਨਹੀਂ ਢੁੱਕਦਾ। ਪਰ ਅਫ਼ਸੋਸ, ਬੈਂਕਰਾਂ ਦਾ ਟੀਚਾ ਹਰ ਵਾਰੀ ਪੂਰਾ ਹੁੰਦਾ ਹੈ। ਨਾਟੋ ਦੀਆਂ ਫ਼ੌਜਾਂ ਬੈਂਕਰਾਂ ਦੀ ਮੁੱਠੀ ਵਿਚ ਹਨ, ਜਿਥੇ ਮਰਜ਼ੀ ਵਰਤ ਲੈਣ। ਆਖ਼ਰੀ ਟੀਚਾ ਹੈ ਕੁਝ ਬੈਂਕਰਾਂ ਦੀ ਮੁੱਠੀ ਵਿਚ ਕੁਲ ਵਿਸ਼ਵ ਸਾਮਰਾਜ। ਇਹ ਟੀਚਾ 1776 ਤੋਂ ਸ਼ੁਰੂ ਹੋ ਕੇ ਹੁਣ ਵੇਖੋ ਕਿਥੋਂ ਤਕ ਪਹੁੰਚ ਗਿਆ ਹੈ।

ਬੈਂਕਰਾਂ ਦੇ ਅਮਰੀਕਨ, ਨਾਟੋ ਅਤੇ ਹੋਰ ਦੇਸਾਂ ਦੇ ਫ਼ੌਜੀ, ਅਫ਼ਗ਼ਾਨਿਸਤਾਨ ਦੀ 'ਮਦਦ' ਉੱਤੇ ਪਿਛਲੇ ਦਸਾਂ ਸਾਲਾਂ ਤੋਂ ਉਤਰੇ ਹੋਏ ਹਨ। ਏਸ ਸਮੇਂ ਵਿਚ ਕਰੀਬ 300 ਬਿਲੀਅਨ ਡਾਲਰ ਖ਼ਰਚ ਹੋਏ ਹਨ। ਇਨ੍ਹਾਂ ਵਿੱਚੋਂ 95 ਫ਼ੀਸਦੀ ਖ਼ਰਚਾ ਫ਼ੌਜ ਉੱਤੇ ਹੁੰਦਾ ਹੈ ਅਤੇ 5 ਪ੍ਰਤੀਸ਼ਤ ਅਫ਼ਗ਼ਾਨਿਸਤਾਨ ਦੀ ਮੁੜ ਉਸਾਰੀ ਉੱਤੇ। ਉਸ ਨਵ-ਉਸਾਰੀ ਦੇ ਵਿਚ ਉਹ ਤਿੰਨ ਸੌ ਫ਼ੌਜੀ ਅੱਡੇ ਵੀ ਆਉਂਦੇ ਹਨ ਜਿਥੇ ਪੱਛਮੀ ਧਾੜਵੀ ਸੈਨਾਵਾਂ, ਲੁਕ ਕੇ ਸਾਹ ਲੈਂਦੀਆਂ ਹਨ। ਹਰ ਇਕ ਅਮਰੀਕਨ ਫ਼ੌਜੀ ਨੂੰ ਇਕ ਸਾਲ ਲਈ ਵਰਤਣ ਲਈ ਦਸ ਲੱਖ ਡਾਲਰ ਖ਼ਰਚੇ ਜਾਂਦੇ ਹਨ—ਪੀਣ ਵਾਲੇ ਪਾਣੀ ਤੋਂ ਲੈ ਕੇ ਗੋਲੀ-ਸਿੱਕੇ ਤਕ ਬਾਹਰੋਂ ਆਉਂਦਾ ਹੈ। ਅੱਜ-ਕੱਲ੍ਹ ਦੇ ਇਕ ਲੱਖ ਅਮਰੀਕਨ ਫ਼ੌਜੀਆਂ ਉੱਤੇ ਸਾਲਾਨਾ ਖ਼ਰਚ ਹੋਵੇਗਾ 100 ਬਿਲੀਅਨ ਡਾਲਰ। ਬੜੀ ਮਾਮੂਲੀ ਰਕਮ ਹੈ ਜੋ ਬੈਂਕਰਾਂ ਨੇ ਝੱਟ ਛਾਪ ਕੇ ਅਮਰੀਕੀ ਸਰਕਾਰ ਨੂੰ ਕਰਜ਼ੇ ਉੱਤੇ ਦੇਣੀ ਹੈ ਜੋ ਕਰਜ਼ਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਟੈਕਸਾਂ ਰਾਹੀਂ ਤਾਰਨਾ ਪਵੇਗਾ। ਅਮਰੀਕਨ ਲੋਕਾਂ, ਬਲਕਿ ਅਮਰੀਕੀ ਫ਼ੌਜਾਂ ਉੱਤੇ ਵੀ ਤਰਸ ਦੀਆਂ ਨਜ਼ਰਾਂ ਨਾਲ ਵੇਖਣਾ ਪਵੇਗਾ ਕਿਉਂਕਿ ਉਹ ਖ਼ੁਦ ਸ਼ੜਯੰਤਰ ਦਾ ਸ਼ਿਕਾਰ ਹਨ। ਬੈਂਕਰਾਂ ਦਾ ਅਮਰੀਕਾ ਉੱਤੇ ਕਬਜ਼ਾ ਹੈ। ਏਸ ਲਈ ਅਮਰੀਕੀ ਅਤੇ 'ਇਤਿਹਾਦੀ' ਫ਼ੌਜ ਦਰਅਸਲ ਬੈਂਕਰ ਫ਼ੌਜ ਹੈ। ਤਿੰਨ ਸੌ ਬਿਲੀਅਨ ਡਾਲਰਾਂ ਵਿੱਚੋਂ ਜਿਹੜਾ 5 ਬਿਲੀਅਨ ਅਫ਼ਗ਼ਾਨਿਸਤਾਨ ਲਈ ਹੁੰਦਾ ਹੈ, ਉਹ ਰਿਸ਼ਵਤੀ ਸਰਕਾਰ ਦੀਆਂ ਜੇਬਾਂ ਵਿਚ ਚਲਾ ਜਾਂਦਾ ਹੈ।

ਜੇ ਏਨਾ ਪੱਲੇ ਪੈ ਜਾਵੇ ਕਿ ਅਫ਼ਗ਼ਾਨਿਸਤਾਨ ਦੇ ਅੰਦਰ ਅਮਰੀਕੀ ਫ਼ੌਜ ਲੋਕਾਂ ਦੀ ਮਦਦ, ਸੇਵਾ ਲਈ ਨਹੀਂ ਹੈ ਤਾਂ ਨੇੜੇ ਪਿੱਛੇ ਦੇ ਅਮਰੀਕਨ ਫ਼ੌਜੀ ਇਤਿਹਾਸ ਨੂੰ ਸਮਝਣਾ ਸੌਖਾ ਹੋ ਜਾਂਦਾ ਹੈ। ਉਦਾਹਰਣ ਲਈਏ ਵੀਅਤਨਾਮ ਦੀ, ਜਿਥੇ ਦੂਜੀ ਵਿਸ਼ਵ ਜੰਗ ਤੋਂ ਪਹਿਲਾਂ ਅੱਸੀ ਸਾਲਾਂ ਤੋਂ ਫ਼ਰਾਂਸ ਦਾ ਕਬਜ਼ਾ ਸੀ। ਜੰਗ ਦੌਰਾਨ ਜਾਪਾਨ ਫ਼ਰਾਂਸ ਨੂੰ ਪਛਾੜ ਕੇ ਆਪ ਕਾਬਜ਼ ਹੋ ਗਿਆ। ਜੰਗ ਮੁੱਕਦਿਆਂ ਹੀ ਵੀਅਤਨਾਮੀਆਂ ਨੇ 2 ਸਤੰਬਰ, 1945 ਨੂੰ ਆਪਣੀ ਆਜ਼ਾਦੀ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ ਆਪਣੇ ਆਜ਼ਾਦੀ-ਐਲਾਨ ਵਿਚ ਐਨ ਓਹੀ ਸ਼ਬਦ ਵਰਤੇ ਜੋ ਇਕ ਦਿਨ ਸ਼ੁਰੂ ਵਿਚ ਅਮਰੀਕਾ ਅੰਦਰ ਵਰਤੇ ਗਏ ਸਨ (ਸਭ ਇਨਸਾਨ ਸਾਵੇਂ ਹਨ। ਉਨ੍ਹਾਂ ਨੂੰ ਕਾਦਰ ਨੇ ਕੁਝ ਪੱਕੇ ਹੱਕ ਦਿੱਤੇ ਹਨ...ਜਿਨ੍ਹਾਂ ਵਿਚ ਹੈ ਜ਼ਿੰਦਗੀ, ਆਜ਼ਾਦੀ ਅਤੇ ਖ਼ੁਸ਼ਹਾਲੀ ਦਾ ਪਿੱਛਾ ਕਰਨਾ)।

ਅਮਰੀਕੀ ਸਰਕਾਰ ਅਤੇ ਬੈਂਕਰਾਂ ਨੇ ਏਸ ਐਲਾਨ ਉੱਤੇ ਤਾਲੀਆਂ ਵਜਾਈਆਂ ? ਨਹੀਂ, ਉਨ੍ਹਾਂ ਨੇ ਆਪਣੇ 'ਗਾਹਕ' ਫ਼ਰਾਂਸ ਨੂੰ ਪੂਰਨ ਰੂਪ ਵਿਚ ਫ਼ੌਜੀ ਅਤੇ ਵਿੱਤੀ ਸਹਾਇਤਾ ਦਿੱਤੀ ਤਾਂ ਜੋ ਖੁੱਸੀ ਹੋਈ ਵੀਅਤਨਾਮੀ ਬਸਤੀ ਵਾਪਸ ਹੱਥ ਆ ਜਾਵੇ। ਪਰ ਫ਼ਰਾਂਸ ਨੂੰ ਮੁਕੰਮਲ ਹਾਰ ਹੋਈ ਅਤੇ ਉਸ ਦੀਆਂ ਫ਼ੌਜਾਂ ਨੇ ਹੋ ਚੀ ਮਿੰਨ੍ਹ ਦੇ ਨੁਮਾਇੰਦਿਆਂ ਅੱਗੇ ਸੱਚਮੁੱਚ ਹਥਿਆਰ ਸੁੱਟ ਦਿੱਤੇ। ਅਮਰੀਕਾ ਅਤੇ ਬੈਂਕਰਾਂ ਦੀ ਨੀਂਦ ਉੱਡ ਗਈ। ਏਸ ਲਈ ਵੀਅਤਨਾਮ ਉੱਤੇ ਅਮਰੀਕੀ ਹਮਲਾ ਸ਼ੁਰੂ ਹੋ ਗਿਆ। ਵੀਅਤਨਾਮ ਦੀ ਬੰਬਾਰੀ ਵਿਚ ਅੱਠ ਮਿਲੀਅਨ ਟਨ ਤੋਂ ਵਧੇਰੇ ਬੰਬ ਹਵਾ ਤੋਂ ਵਰ੍ਹਾਏ ਗਏ (ਦੂਜੀ ਵਿਸ਼ਵ ਜੰਗ ਵਿਚ ਵਰਤੇ ਗਏ ਕੁਲ ਬੰਬਾਂ ਤੋਂ ਵੀ ਵੱਧ), ਤਿੰਨ ਮਿਲੀਅਨ ਗੈਲਨ ਤੋਂ ਵੱਧ ਕੀਮਿਆਈ ਪਦਾਰਥ ਛਿੜਕੇ ਗਏ ਤਾਂ ਜੋ ਵੀਅਤਨਾਮੀ ਜੰਗਲ ਮਰ ਸੜ ਜਾਣ। ਏਸ 'ਏਜੈਂਟ ਆਰੈਂਜ' ਨੇ ਅਮਰੀਕੀ ਫ਼ੌਜੀਆਂ ਨੂੰ ਵੀ ਚੋਖਾ ਬਿਮਾਰ ਕੀਤਾ। ਇਸ ਤੋਂ ਇਲਾਵਾ ਚਾਰ ਲੱਖ ਟਨ 'ਨੇਪਾਮ' ਅੱਗ ਵਰ੍ਹਾਊ ਬੰਬ ਸੁੱਟੇ ਗਏ। 34 ਲੱਖ ਵੀਅਤਨਾਮੀਆਂ ਦਾ ਘਾਣ ਕਰ ਕੇ ਵੀ ਅਮਰੀਕੀ ਬੁਰੀ ਤਰ੍ਹਾਂ ਮਾਰ ਖਾ ਕੇ ਨਿਕਲੇ। ਅਮਰੀਕੀ ਸਰਕਾਰ ਨੂੰ ਮੁੱਠੀ 'ਚ ਰੱਖਦੇ ਬੈਂਕਰਾਂ ਦਾ ਕੀ ਗਿਆ ? ਉਨ੍ਹਾਂ ਦੇ ਕਰਜ਼ੇ ਅਤੇ ਸੂਦ ਦਰ ਸੂਦ ਤਾਂ ਕਾਇਮ ਰਹੇ। ਪੁਰਾਣੇ ਹਥਿਆਰ ਮੁੱਕੇ ਅਤੇ ਨਵੇਂ ਹਥਿਆਰਾਂ ਦੀ ਖੋਜ ਅਤੇ ਉਪਜ ਉੱਤੇ ਬੇਅੰਤ ਨਵੇਂ ਕਰਜ਼ੇ ਉਦਾਰਤਾ ਨਾਲ ਦਿੱਤੇ ਗਏ। 'ਫ਼ੈਡਰਲ ਰਿਜ਼ਰਵ' ਵੱਲੋਂ ਅਮਰੀਕਾ ਦੀ ਇਕ ਨਵੀਂ ਲੁੱਟ ਦੀ ਸ਼ੁਰੂਆਤ ਹੋ ਗਈ। ਵੀਅਤਨਾਮ ਅੰਦਰਲੀ ਜੰਗ ਦੇ ਨਾਲ ਨਾਲ 'ਲਾਓਸ' ਅਤੇ 'ਕੰਬੋਡੀਆ' ਗੁਆਂਢੀ ਦੇਸਾਂ ਉੱਤੇ 1964 ਤੋਂ ਲੈ ਕੇ 1973 ਤਕ ਬੇਅੰਤ ਬੰਬਾਂ ਦੀ ਬਰਸਾਤ ਕੀਤੀ ਗਈ। ਕਰੀਬ ਛੇ ਲੱਖ ਬੰਬਾਰੀ ਹਮਲੇ ਕੀਤੇ ਗਏ। ਅਖੇ ਵੀਅਤਨਾਮੀ ਫ਼ੌਜਾਂ ਨੇ ਇਨ੍ਹਾਂ ਦੇ ਇਲਾਕਿਆਂ ਵਿੱਚੋਂ ਪਗਡੰਡੀਆਂ ਬਣਾਈਆਂ ਹੋਈਆਂ ਸਨ। ਇਨ੍ਹਾਂ ਹਮਲਿਆਂ ਵਿਚ ਕਰੀਬ ਦਸ ਲੱਖ ਲਾਓਸ ਵਾਸੀ ਮਾਰ ਉਡਾਏ ਗਏ। 'ਅਮਰੀਕੀ' ਬੈਂਕਰਾਂ ਲਈ ਮਾਣ ਵਾਲੀ ਇਹ ਗੱਲ ਸੀ ਕਿ ਉਨ੍ਹਾਂ ਦਾ ਆਪਣਾ ਇਕ ਵੀ ਫ਼ੌਜੀ ਲਾਓਸ ਵਿਚ ਨਹੀਂ ਮਰਿਆ। ਕੰਬੋਡੀਆ ਬਾਰੇ ਅਮਰੀਕਾ ਨੇ ਇਹ ਚਿੰਤਾ ਜਤਾਈ ਕਿ ਵੀਅਤਨਾਮੀ ਫ਼ੌਜਾਂ ਨੇ ਉਥੇ ਆਪਣੇ ਅੱਡੇ ਬਣਾਏ ਹੋਏ ਹਨ। ਏਸ ਦੇਸ ਉੱਤੇ ਵੀ ਨੌਂ ਸਾਲ ਲਗਾਤਾਰ ਅੰਧਾਧੁੰਦ ਬੰਬਾਰੀ ਕੀਤੀ ਗਈ ਅਤੇ ਏਥੇ ਵੀ ਕਰੀਬ ਦਸ ਲੱਖ (ਗਿਣਤੀ ਕੌਣ ਕਰ ਸਕਦਾ ਹੈ ਇਨ੍ਹਾਂ ਸਮਿਆਂ ਵਿਚ) ਕੰਬੋਡੀਆਈ ਮਾਰੇ ਗਏ। ਉਸ ਪਿੱਛੋਂ ਬਦਲਿਆਂ ਦੀ ਜੰਗ ਅੰਦਰ ਏਸ ਦੇਸ ਅੰਦਰ ਬੇਅੰਤ ਖ਼ੂਨ ਡੁੱਲ੍ਹਿਆ।

2 ਸਤੰਬਰ, 1945 ਨੂੰ ਵੀਅਤਨਾਮ ਨੇ ਆਜ਼ਾਦੀ ਦਾ ਐਲਾਨ ਕੀਤਾ ਸੀ। ਚਾਰ ਦਿਨਾਂ ਪਿੱਛੋਂ ਜਾਪਾਨ ਦਾ ਪੰਜਾ ਛੁੱਟ ਜਾਣ 'ਤੇ 6 ਸਤੰਬਰ, 1945 ਨੂੰ 'ਦੱਖਣੀ ਕੋਰੀਆ' ਨੇ ਆਜ਼ਾਦੀ ਦਾ ਐਲਾਨ ਕਰ ਦਿੱਤਾ। ਏਸ ਸਰਕਾਰ ਦਾ ਮੁੱਖ ਟੀਚਾ ਸੀ ਉੱਤਰੀ ਕੋਰੀਆ ਨੂੰ ਨਾਲ ਰਲਾ ਕੇ ਇੱਕ ਦੇਸ ਬਣਾਉਣਾ। ਦੂਜੇ ਵਿਸ਼ਵ-ਯੁੱਧ ਦੀਆਂ ਕਾਰਵਾਈਆਂ ਅੰਦਰ ਸੱਤ ਮਹੀਨੇ ਪਹਿਲਾਂ ਹੀ ਅਮਰੀਕਾ ਨੇ ਕੋਰੀਆ ਨੂੰ ਉੱਤਰੀ ਅਤੇ ਦੱਖਣੀ ਭਾਗਾਂ ਅੰਦਰ ਵੰਡਿਆ ਸੀ। ਕੋਰੀਆਈਆਂ ਦੀ ਏਕਤਾ ਦਾ ਟੀਚਾ ਅਮਰੀਕੀ ਬੈਂਕਰਾਂ ਨੂੰ ਕਿਵੇਂ ਪਚ ਸਕਦਾ ਸੀ ? ਦੱਖਣੀ ਕੋਰੀਆ ਦੇ ਆਜ਼ਾਦੀ ਐਲਾਨ ਦੇ ਪੂਰੇ ਦੋ ਦਿਨਾਂ ਦੇ ਅੰਦਰ 70,000 ਅਮਰੀਕੀ ਫ਼ੌਜ ਸੇਵਾ ਲਈ ਹਾਜ਼ਰ ਹੋ ਗਈ। ਤਾਜ਼ੀ ਬਣੀ ਦੱਖਣੀ ਕੋਰੀਆ ਸਰਕਾਰ ਅਤੇ ਪ੍ਰਧਾਨ ਨੂੰ ਖੋਰ ਕੇ ਆਪਣੇ ਨਾਲ ਲਿਆਂਦਾ 'ਨੇਤਾ' ਸਿੰਗਮੈਨ ਰੀ ਪ੍ਰਧਾਨ ਬਣਾ ਦਿੱਤਾ ਗਿਆ। ਸਿੰਗਮੈਨ ਰੀ ਪਿਛਲੇ ਚਾਲ੍ਹੀ ਸਾਲਾਂ ਤੋਂ ਵਾਸ਼ਿੰਗਟਨ ਅੰਦਰ ਰਹਿ ਰਿਹਾ ਸੀ। ਲੋਕਾਂ ਵੱਲੋਂ ਚੋਖਾ ਵਿਰੋਧ ਹੋਇਆ। 1945 ਤੋਂ 1950 ਵਿਚਕਾਰ ਢਾਈ ਤੋਂ ਪੰਜ ਲੱਖ ਵਿਰੋਧ-ਕਰਤਾ ਮਾਰੇ ਗਏ। ਉੱਤਰੀ ਕੋਰੀਆ ਦੇ ਨਾਲ ਜੰਗ ਤਾਂ 1950 ਵਿਚ ਆਰੰਭੀ ਗਈ ਜੋ 1953 ਵਿਚ ਬਿਨਾਂ ਹਾਰ ਜਿੱਤ ਦਾ ਫ਼ੈਸਲਾ ਹੋਏ ਰੋਕ ਦਿੱਤੀ ਗਈ। ਲੜਾਈ ਕਾਹਦੀ ਸੀ ? ਕੋਰੀਆ ਅਤੇ ਅਮਰੀਕਾ ਵਿਚਕਾਰ ਕੀ ਮੁਕਾਬਲਾ ਸੀ ? ਕਿਥੇ ਇਕ ਪਾਸੇ ਦੁਨੀਆਂ ਦਾ ਮਹਾਨ ਸਨਅਤੀ ਦੇਸ ਅਤੇ ਕਿਥੇ ਮਹਾਂ ਪੱਛੜਿਆ ਉੱਤਰੀ ਕੋਰੀਆ। ਜੇ ਚੀਨੀ ਫ਼ੌਜ ਉੱਤਰੀ ਕੋਰੀਆ ਦੀ ਮਦਦ 'ਤੇ ਨਾ ਆਉਂਦੀ ਤਾਂ ਨਤੀਜਾ ਅਵੱਸ਼ ਅਮਰੀਕਾ ਦੇ ਹੱਥ ਵਿਚ ਹੋਣਾ ਸੀ। ਖ਼ੈਰ ਏਸ ਜੰਗ ਵਿਚ ਲਗਭਗ 30 ਲੱਖ ਕੋਰੀਆਈ, ਦਸ ਲੱਖ ਚੀਨੀ ਅਤੇ 58,000 ਅਮਰੀਕੀ ਮਾਰੇ ਗਏ। ਦੇਸ ਦਾ ਇਕ ਇਕ ਸ਼ਹਿਰ, ਕਸਬਾ, ਪਿੰਡ, ਕਾਰਖ਼ਾਨਾ, ਪੁਲ ਅਤੇ ਸੜਕਾਂ ਉਡਾ ਦਿੱਤੀਆਂ ਗਈਆਂ। ਜਰਨੈਲ ਕਰਟਿਸ ਲੇਮੇ ਦਾ ਕਹਿਣਾ ਹੈ ਕਿ ਅਸਾਂ 'ਹਰ ਸ਼ਹਿਰ ਨੂੰ ਖੰਡਰ' ਅਤੇ 'ਹਰ ਖੰਡਰ ਦਾ ਧੂੜਾ' ਬਣਾ ਦਿੱਤਾ ਹੈ। ਜਰਨੈਲ ਵਿਲੀਅਮ ਡੀਨ, ਜੋ ਜੰਗੀ ਕੈਦੀ ਬਣਿਆ ਸੀ, ਦਾ ਕਹਿਣਾ ਹੈ ਕਿ ਸ਼ਹਿਰ ਜਾਂ ਪਿੰਡ ਦਾ ਕੋਈ ਨਾਂ-ਨਿਸ਼ਾਨ ਨਹੀਂ ਸੀ, ਜਾਂ ਮਲਬੇ ਸਨ ਜਾਂ ਪੱਧਰੀਆਂ ਥਾਵਾਂ।

ਜੰਗ ਕੋਰੀਆ ਦੀ ਹੋਵੇ ਜਾਂ ਹੋਵੇ ਵੀਅਤਨਾਮ, ਕੰਬੋਡੀਆ, ਇਰਾਕ ਅਤੇ ਅਫ਼ਗ਼ਾਨਿਸਤਾਨ ਦੀ, ਇੱਕੋ ਹੀ ਗੱਲ ਉਭਰ ਕੇ ਆਉਂਦੀ ਹੈ—ਸਾਹਮਣੇ ਪਾਸੇ ਲੜਨ ਵਾਲੇ ਦਾ ਤਾਂ ਕੋਈ ਮੇਲ ਹੀ ਨਹੀਂ ਸੀ। ਉੱਤਰੀ ਕੋਰੀਆ ਉੱਤੇ, ਵੀਅਤਨਾਮ

ਨਾਲੋਂ ਵੀ ਵੱਧ ਨੇਪਾਮ ਅੱਗ-ਵਰ੍ਹਾਊ ਬੰਬ ਸੁੱਟੇ ਗਏ ਸਨ। ਇਕ ਇਕ ਦਿਨ ਵਿਚ 880 ਟਨ ਬੰਬ ਵਰ੍ਹਾਏ ਗਏ। ਯਾਦ ਆਉਂਦੀ ਹੈ 1965 ਵਿਚ ਹਿੰਦ-ਪਾਕਿ ਲੜਾਈ ਦੇ ਆਖ਼ਰੀ ਦਿਨ ਸ਼ਾਮ ਨੂੰ ਛੇਹਰਟੇ ਵਿਚ ਡਿੱਗੇ ਸੌ ਸੌ ਪੌਂਡ ਦੇ ਚਾਰ ਬੰਬਾਂ ਦੀ, ਜੋ ਆਖ਼ਰੀ ਹਵਾਈ ਹਮਲੇ ਵਿਚ ਸੁੱਟੇ ਗਏ। ਸਾਰੇ ਸ਼ਹਿਰ ਵਿਚ ਕਿਵੇਂ ਹਾਹਾਕਾਰ ਮਚੀ ਸੀ, ਅੰਮ੍ਰਿਤਸਰ ਦੇ ਕੁਲ ਹਸਪਤਾਲਾਂ ਵਿਚ ਜ਼ਖ਼ਮੀ ਸੰਭਾਲਣੇ ਔਖੇ ਸਨ। ਇਸ ਦੇ ਟਾਕਰੇ 'ਤੇ ਕੋਰੀਆ, ਵੀਅਤਨਾਮ, ਲਾਓਸ, ਕੰਬੋਡੀਆ, ਇਰਾਕ ਅਤੇ ਅਫ਼ਗਾਨਿਸਤਾਨ ਅੰਦਰ ਜ਼ਖ਼ਮੀਆਂ ਨੂੰ ਕੀਹਨੇ ਪੁੱਛਣਾ ਸੀ ? ਜੋ ਕਿਸਮਤ ਨਾਲ ਬਚੇ ਰਹੇ, ਉਨ੍ਹਾਂ ਦੇ ਬੁੱਲ੍ਹਾਂ ਨੂੰ ਪਾਣੀ ਛੁਹਾਉਣ ਵਾਲਾ ਵੀ ਕੋਈ ਨਹੀਂ ਸੀ।

ਅਮਰੀਕਨ ਕਾਲੇ ਸ਼ਹੀਦ ਮਾਰਟਿਨ ਲੂਥਰ ਨੇ ਵੀਅਤਨਾਮ ਬਾਰੇ ਸਪੀਚ ਵਿਚ ਕਿਹਾ ਸੀ ਕਿ ਅਮਰੀਕਾ "ਹਿੰਸਾ ਦੀ ਖੁੱਲ੍ਹ ਕੇ ਵਰਤੋਂ ਕਰਨ ਲਈ ਅਤਿ ਮਹਾਨ ਹੈ।" ਹੁਣੇ ਜਿਹੇ ਵੀਅਤਨਾਮ ਜੰਗ ਵਿਚ ਭਾਗ ਲੈਣ ਵਾਲੇ ਫ਼ੌਜੀ ਮਾਈਕ ਹੈਸਟੀ ਨੇ ਕਿਹਾ ਹੈ, "ਅਮਰੀਕੀ ਸਰਕਾਰ ਇਕ ਸਦਾ-ਚਾਲਕ ਮੌਤ ਦੀ ਮਸ਼ੀਨ ਹੈ। ਵੀਅਤਨਾਮ ਜੰਗ ਅੰਦਰ ਮੈਂ ਮਾਰਟਿਨ ਲੂਥਰ ਕਿੰਗ ਦੇ ਸ਼ਬਦਾਂ ਦੀ ਪੂਰਨ ਸਚਾਈ ਨੂੰ ਜਾਣਿਆ ਹੈ। ਹਿੱਲੇ ਦਿਮਾਗ਼ ਵਾਲੇ ਅਮਰੀਕਾ ਨੂੰ ਜਨ-ਸੰਘਾਰ ਕਰਨ ਦਾ ਵਹਿਸ਼ੀਆਨਾ ਝੱਲ ਹੈ।" ਦਰਅਸਲ ਅਮਰੀਕਾ ਬੈਂਕਰਾਂ ਦੀਆਂ ਸਕੀਮਾਂ ਅੰਦਰ ਗ਼ੁਲਾਮ ਹੈ।

ਪ੍ਰਧਾਨ ਆਈਜ਼ਨਹਾਵਰ ਨੇ 1960 ਵਿਚ ਇੰਜ ਕਿਹਾ ਸੀ, "ਹਰ ਇਕ ਦਾਗਿਆ ਰਾਕੇਟ ਅਸਲ ਵਿਚ ਉਨ੍ਹਾਂ ਭੁੱਖੇ ਲੋਕਾਂ ਦੀ ਚੋਰੀ ਹੈ ਜੋ ਭੁੱਖ ਦੇ ਮਾਰੇ ਅਤੇ ਠੰਡ ਦੇ ਠਾਰੇ ਪਏ ਹਨ।"

ਧਰਤੀ ਦੀ ਕਿਸੇ ਵੀ ਨੁੱਕਰੇ ਕਿਸੇ ਵੀ ਹਥਿਆਰ ਦੀ ਵਰਤੋਂ ਵਿਸਫ਼ੋਟਕ ਕੀਮਿਆਈ ਜਾਂ ਪ੍ਰਮਾਣੂ, ਧਰਤੀ ਦੇ ਜੀਵਾਂ ਨੂੰ ਪਾਲਣ ਦੀ ਸ਼ਕਤੀ ਨੂੰ ਨਾਸ ਕਰਦੀ ਹੈ। ਜ਼ਖ਼ਮੀ ਧਰਤੀ ਨੂੰ ਮੁੜ ਸੁਰਜੀਤ ਹੁੰਦਿਆਂ ਸੈਂਕੜੇ, ਹਜ਼ਾਰਾਂ ਜਾਂ ਲੱਖਾਂ ਸਾਲ ਲੱਗ ਸਕਦੇ ਹਨ। ਧਰਤੀ ਨੂੰ ਨਾਸ ਕਰਨ ਲਈ ਨਿਰੀਆਂ ਸਰਕਾਰਾਂ ਜਾਂ ਫ਼ੌਜਾਂ ਹੀ ਜ਼ਿੰਮੇਵਾਰ ਨਹੀਂ ਹੁੰਦੀਆਂ। ਉਨ੍ਹਾਂ ਦੇ ਪਿੱਛੇ ਉਹ ਲੋਕ ਵੀ ਓਨੇ ਹੀ ਜ਼ਿੰਮੇਵਾਰ ਹੁੰਦੇ ਹਨ, ਜੋ ਸਭ ਜਾਣਦਿਆਂ ਬੁਝਦਿਆਂ ਆਪਣੀਆਂ ਹਕੂਮਤਾਂ ਦੀ ਹਾਂ ਵਿਚ ਹਾਂ ਮਿਲਾਈ ਜਾਂਦੇ ਨੇ ਅਤੇ ਆਪਣੇ ਬੱਚੇ ਵੀ ਜੰਗੀ ਮਸ਼ੀਨ ਨੂੰ ਮਰਨ ਮਾਰਨ ਲਈ ਸੌਂਪੀ ਜਾਂਦੇ ਨੇ।

ਸਮਝਣ ਵਾਲੀ ਇੱਕੋ ਹੀ ਗੱਲ ਹੈ, ਲੜਾਈ ਦਾ ਫ਼ਾਇਦਾ ਕਿਸ ਨੂੰ ਹੁੰਦਾ ਹੈ ? ਜੇ ਵੀਅਤਨਾਮੀ ਜਾਂ ਇਰਾਕੀ ਜਾਂ ਅਫ਼ਗਾਨੀ ਮਰ ਰਹੇ ਹਨ ਤਾਂ ਹਮਲਾਵਰ ਅਮਰੀਕੀ ਵੀ ਨਾਲ ਹੀ ਮਰਦੇ ਹਨ। ਅਮਰੀਕੀ ਲੋਕਾਂ ਦੀ ਬੇਅੰਤ ਮਿਹਨਤ ਵਿੱਚੋਂ ਕੀਤੀ ਬਚਤ ਨਾਲ ਮੌਤ ਦੀਆਂ ਮਸ਼ੀਨਾਂ ਬਣਦੀਆਂ ਹਨ। ਉਥੋਂ ਦੇ ਵਿੱਤੀ ਨਜ਼ਾਮ ਨੂੰ ਡਾਕਾ ਪੈਂਦਾ ਹੈ ਤੇ ਆਖ਼ਰਕਾਰ ਲਾਭ ਕਿਸ ਨੂੰ ਹੋਇਆ ? ਏਹੀ ਸਭ ਜੰਗਾਂ ਦੀ ਘੁੰਡੀ ਹੈ। ਜੰਗ ਕਿਸੇ ਵੀ 'ਇਜ਼ਮ' ਨੂੰ ਮਾਰ ਮੁਕਾਉਣ ਜਾਂ ਉਸ ਨੂੰ ਬਚਾਉਣ ਦੀ ਹੋਵੇ, ਸਭ ਦੇ ਪਿੱਛੇ ਹਨ ਕਰਜ਼ਾ ਦੇਣ ਵਾਲੇ ਬੈਂਕਰ ਅਤੇ ਉਨ੍ਹਾਂ ਦੇ ਆਂਡਿਆਂ 'ਚੋਂ ਨਿਕਲੇ ਹਥਿਆਰ-ਉਦਯੋਗਾਂ ਦੇ ਜ਼ਹਿਰੀ ਨਾਗ। ਇਹ ਮੁੱਠੀ ਭਰ ਬੈਂਕਰ ਕਿਸੇ ਵੀ ਦੇਸ ਦੇ ਸਕੇ ਨਹੀਂ, ਅਮਰੀਕਾ ਦੇ ਵੀ ਨਹੀਂ। ਅਮਰੀਕਾ ਆਪ ਬੈਂਕਰਾਂ ਦਾ ਸ਼ਿਕਾਰ ਵੀ ਹੈ ਅਤੇ ਉਨ੍ਹਾਂ ਦਾ ਸ਼ਿਕਾਰੀ ਕੁੱਤਾ ਵੀ। ਬੇਅੰਤ ਅਮਰੀਕੀ ਅਤੇ ਬਾਹਰਲੇ ਲੋਕ ਬੈਂਕਰਾਂ ਦੀਆਂ ਖੇਡ-ਚਾਲਾਂ ਨੂੰ ਸਮਝਣ ਲੱਗ ਪਏ ਹਨ, ਪਰ ਭਾਰੀ ਬਹੁਗਿਣਤੀ ਅਜੇ ਉਨ੍ਹਾਂ ਦੀਆਂ ਕੁਲ ਦੁਨੀਆਂ ਨੂੰ ਆਪਣੇ ਵੱਸ ਕਰਨ ਦੀਆਂ ਸ਼ੈਤਾਨੀ ਚਾਲਾਂ ਨੂੰ ਸਮਝਣ ਤੋਂ ਅਸਮਰੱਥ ਹੈ।

ਬੈਂਕਰ ਚੁੜੇਲਾਂ 1913 ਤੋਂ ਅਮਰੀਕਾ ਨੂੰ ਚੰਬੜੀਆਂ ਹੋਈਆਂ ਹਨ। ਯੂਰਪ ਅੰਦਰ ਉਸ ਤੋਂ ਵੀ ਬੇਅੰਤ ਪਹਿਲਾਂ ਤੋਂ ਲਹੂ ਚੂਸ ਰਹੀਆਂ ਹਨ। ਪਿਛਲੇ ਢਾਈ ਸੌ ਸਾਲਾਂ ਦੀਆਂ ਮੋਟੀਆਂ ਜੰਗਾਂ, ਇਨ੍ਹਾਂ ਚੁੜੇਲਾਂ ਦੀਆਂ ਹੀ ਸ਼ਤਰੰਜੀ ਚਾਲਾਂ ਸਨ ਅਤੇ ਅੱਜ ਵੀ ਹਨ। ਧਰਤੀ ਉੱਤੇ ਸਦੀਵੀ ਅਮਨ ਅਤੇ ਖ਼ੁਸ਼ਹਾਲੀ ਲਿਆਉਣ ਲਈ ਇਨ੍ਹਾਂ ਚੁੜੇਲਾਂ ਦਾ ਹਟਣਾ ਲਾਜ਼ਮੀ ਹੈ। ਉਨ੍ਹਾਂ ਦੀ ਰੱਖਿਆ ਏਸ ਸਮੇਂ ਕਰ ਰਹੇ ਨੇ ਅਮਰੀਕਾ ਅਤੇ ਨਾਟੋ ਦੇ ਫ਼ੌਜੀ ਗਠਬੰਧਨ ਅਤੇ ਉਨ੍ਹਾਂ ਦੇ ਅਸਰ ਰਸੂਖ਼ ਹੇਠ ਬੇਅੰਤ ਨਿੱਕੇ ਮੋਟੇ ਦੇਸ ਅਤੇ 'ਡੈਮੋਕ੍ਰੇਸੀਆਂ'। ਏਸ ਸਮੇਂ ਉਨ੍ਹਾਂ ਦੀ ਸ਼ਿਸਤ ਵਿਚ ਹੈ ਮੱਧ ਏਸ਼ੀਆ ਦਾ ਇੱਕੋ ਇਕ ਆਕੀ ਦੇਸ ਈਰਾਨ। ਕੁਲ ਦੁਨੀਆਂ ਦਾ ਭਵਿੱਖ ਈਰਾਨ ਉੱਤੇ ਅਟਕਿਆ ਹੋਇਆ ਹੈ। ਮੱਧ ਏਸ਼ੀਆ ਅੰਦਰ ਬੈਂਕਰੀ ਚੁੜੇਲਾਂ ਦਾ ਸਭ ਤੋਂ ਵੱਡਾ ਅੱਡਾ ਹੈ ਇਸਰਾਈਲ ਦੇਸ। ਉਨ੍ਹਾਂ ਨੇ ਏਸ ਦੇਸ ਨੂੰ ਬਚਾਉਣਾ ਹੈ ਅਤੇ ਮਰਨ ਮਾਰਨ ਲਈ ਅਮਰੀਕਾ ਨੂੰ ਅੱਗੇ ਡਾਹੁਣਾ ਹੈ। ਵੇਖਣਾ ਇਹ ਹੈ ਕਿ ਅਮਰੀਕੀ ਪ੍ਰਧਾਨ ਬੈਂਕਰਾਂ ਦੀ ਚਾਲ ਵਿਚ ਫਸੇਗਾ ਜਾਂ ਨਿਕਲ ਜਾਣ ਦੀ ਹੁਸ਼ਿਆਰੀ ਵਿਖਾ ਸਕੇਗਾ।

# ਸ਼ਕਤੀ ਦੇ ਸੋਮੇ

ਜੁਗਾਂ-ਜੁਗਾਂਤਰਾਂ ਤੋਂ ਹਰ ਜੀਵ ਜੰਤੂ ਨੂੰ ਕੁਦਰਤ ਦੇ ਬੇਅੰਤ ਪਸਾਰ ਅੰਦਰੋਂ ਆਪਣੀ ਖ਼ੁਰਾਕ ਲੱਭਣ ਲਈ ਖੇਚਲ ਕਰਨੀ ਪੈਂਦੀ ਸੀ, ਸ਼ਿਕਾਰ ਕਰਨ ਲਈ ਜਾਂ ਬਨਸਪਤੀ ਤੋੜ ਖਾਣ ਲਈ। ਕੀੜਿਆਂ ਮਕੌੜਿਆਂ ਤੋਂ ਲੈ ਕੇ ਹਰ ਕਿਸਮ ਦੇ ਜਾਨਵਰਾਂ (ਇਨਸਾਨ ਸਮੇਤ) ਨੇ ਜਲਦੀ ਹੀ, ਬਲਕਿ ਸ਼ੁਰੂ ਤੋਂ ਹੀ ਰਲ ਕੇ ਸ਼ਿਕਾਰ ਕਰਨਾ ਅਤੇ ਰਲ ਕੇ ਹੀ ਟੱਬਰਾਂ ਨੂੰ ਬਚਾਉਣਾ ਸਿੱਖ ਲਿਆ। ਹਰ ਜਾਨਦਾਰ ਦੀ ਸ਼ਕਤੀ ਇੱਕੋ ਇਕ ਇਕਾਈ ਸੀ, ਜਿਵੇਂ ਇਕ ਹਾਥੀ ਦੀ ਜਾਂ ਇਕ ਇਨਸਾਨ ਦੀ ਸ਼ਕਤੀ। ਜਦੋਂ ਇਨਸਾਨ ਨੇ ਆਪਣੀ ਹੁਸ਼ਿਆਰੀ ਦੇ ਨਾਲ ਜਾਨਵਰਾਂ ਨੂੰ ਪਾਲਣਾ ਅਤੇ ਵੱਸ ਕਰਨਾ ਸ਼ੁਰੂ ਕੀਤਾ ਤਾਂ ਉਸ ਦੀ ਸ਼ਕਤੀ ਦੇ ਅੰਦਰ ਬੇਅੰਤ ਵਾਧਾ ਹੋਇਆ, ਜਿਸਨੂੰ ਉਹ ਆਪਣੇ ਲਾਭ ਲਈ ਵਰਤ ਸਕਦਾ ਸੀ। ਬੈਲ, ਊਠ, ਘੋੜੇ ਅਤੇ ਹਾਥੀ ਦੀ ਸ਼ਕਤੀ ਵੀ ਇਕਾਈ ਵਿਚ ਹੀ ਹੁੰਦੀ ਸੀ। ਸ਼ਕਤੀ ਵਧਾਉਣ ਲਈ ਜਾਨਵਰਾਂ ਦੀ ਗਿਣਤੀ ਵਧਾਈ ਜਾਂਦੀ ਸੀ। ਜਾਨਵਰ ਆਂਢ-ਗੁਆਂਢ ਤੋਂ ਲੁੱਟੇ ਖੋਹੇ ਜਾਂ ਚੋਰੀ ਕੀਤੇ ਜਾਂਦੇ ਸਨ। ਅੱਗ ਦੇ ਬੈਸੰਤਰ ਦੇਵਤਾ ਦੇ ਨਾਲ ਜਾਣ-ਪਛਾਣ ਬਹੁਤ ਪਹਿਲਾਂ ਤੋਂ ਹੋ ਚੁੱਕੀ ਸੀ। ਇਸ ਸ਼ਕਤੀ ਦੀ ਸਭ ਤੋਂ ਵੱਧ ਵਰਤੋਂ ਕੀਤੀ ਗਈ—ਜੰਗਲ ਸਾੜ ਕੇ ਥਾਂ ਪੱਧਰੇ ਕਰਨ ਲਈ ਤਾਂ ਜੋ ਖੇਤੀ ਕੀਤੀ ਜਾ ਸਕੇ। ਉਦੋਂ ਇਨਸਾਨ ਕੋਲ ਜੰਗਲ ਕੱਟਣ ਲਈ ਕੋਈ ਹਥਿਆਰ ਹੀ ਨਹੀਂ ਸਨ। ਦੱਖਣੀ ਅਮਰੀਕਾ ਅੰਦਰ ਅੱਜ ਵੀ ਜੰਗਲਾਂ ਦਾ ਸਫ਼ਾਇਆ ਕੀਤਾ ਜਾ ਰਿਹੈ, ਪਰ ਉਸ ਦੀ ਸ਼ਕਤੀ ਤੇਲ ਨੂੰ ਮਸ਼ੀਨਾਂ ਵਿਚ ਬਾਲ ਕੇ ਹਾਸਲ ਕੀਤੀ ਜਾਂਦੀ ਹੈ। ਦੇਵ ਕੱਦ ਮਸ਼ੀਨਾਂ ਕੀ, ਪੂਰੇ-ਪੂਰੇ ਚੱਲਦੇ ਫਿਰਦੇ ਕਾਰਖ਼ਾਨੇ ਹਨ, ਜੋ ਮੀਲੋ-ਮੀਲ ਘਣੇ ਜੰਗਲਾਂ ਨੂੰ ਇਕ ਹੀ ਦਿਨ ਵਿਚ ਸਾਫ਼ ਕਰ ਦੇਂਦੇ ਹਨ। ਆਦਿ ਮਨੁੱਖ ਅਤੇ ਅੱਜ ਦੇ ਮਨੁੱਖ ਵਿਚ ਫ਼ਰਕ ਕੀ ਹੋਇਆ ? ਆਦਿ ਮਨੁੱਖ ਆਪ ਬਲਵਾਨ ਅਤੇ ਫੁਰਤੀਲਾ ਸੀ। ਉਸ ਦੀ ਸ਼ਕਤੀ ਦੀ ਸੀਮਾ ਉਸ ਦੇ ਆਪਣੇ ਤਕ ਹੀ ਮੁੱਕ ਜਾਂਦੀ ਸੀ। ਅੱਜ ਦਾ ਮਨੁੱਖ ਸਿਹਤ ਵਿਚ ਕੈਸਾ ਵੀ ਹੋਵੇ, ਬੇਅੰਤ ਸ਼ਕਲਾਂ ਦੇ ਵਿਚ ਸ਼ਕਤੀ ਉਸ ਦੀ ਬਾਂਦੀ ਹੈ। 1679 ਵਿਚ ਥਾਮਸ ਸੇਵਰੀ ਨੇ ਇੰਗਲੈਂਡ ਵਿਚ ਪਹਿਲਾ ਸਟੀਮ ਇੰਜਣ ਬਣਾਇਆ, ਜਿਸ ਦੇ ਨਾਲ ਕੋਲੇ ਦੀਆਂ ਖਾਣਾਂ ਅੰਦਰੋਂ ਪਾਣੀ ਕੱਢਿਆ ਜਾ ਸਕਦਾ ਸੀ। ਇਸ ਦੀ ਸੋਧ ਹੁੰਦਿਆਂ ਹੁੰਦਿਆਂ ਕਰੀਬ ਇਕ ਸਦੀ ਪਿੱਛੋਂ 1765 ਵਿਚ ਜੇਮਜ਼ ਵਾਟ ਨੇ ਅੱਜ-ਕੱਲ੍ਹ ਜਿਹਾ, ਪਹਿਲਾ ਸਟੀਮ ਇੰਜਣ ਤਿਆਰ ਕੀਤਾ, ਜਿਸ ਦੇ ਨਾਲ ਸਨਅਤੀ ਇਨਕਲਾਬ ਦੀ ਸ਼ੁਰੂਆਤ ਹੋਈ। ਸ਼ਕਤੀ ਨੂੰ ਮਿਣਨ ਲਈ ਅੱਜ ਸ਼ਬਦ 'ਵਾਟ' ਵਰਤਿਆ ਜਾਂਦਾ ਹੈ, ਜਿਵੇਂ ਕਿਲੋਵਾਟ, ਮੈਗਾਵਾਟ ਆਦਿ।

ਈਸਟ ਇੰਡੀਆ ਕੰਪਨੀ ਸੰਨ 1600 ਵਿਚ ਬਣੀ ਸੀ ਪਰ ਉਦੋਂ ਉਸ ਦੇ ਦੰਦ ਸ਼ਕਤੀਵਰ ਨਹੀਂ ਸਨ। ਸਟੀਮ ਇੰਜਣ ਨੇ ਸਨਅਤੀ ਸ਼ਕਤੀ ਦਾ ਇਨਕਲਾਬ ਲਿਆ ਦਿੱਤਾ। ਇੰਗਲੈਂਡ ਇਕ ਮਹਾਂਸ਼ਕਤੀ ਬਣ ਗਿਆ। ਚੱਪੇ ਚੱਪੇ ਉੱਤੇ ਉਦਯੋਗ ਖੜੇ ਹੋ ਗਏ, ਧੜਾ-ਧੜ ਹਥਿਆਰ ਬਣਨ ਲੱਗੇ, ਨਾਲ ਹੀ ਤਜਾਰਤੀ ਸਾਮਾਨ।

ਸਟੀਮ ਇੰਜਣ ਲਈ ਅੱਗ ਬਾਹਰੋਂ ਦੀ ਬਾਲੀ ਜਾਂਦੀ ਸੀ ਅਤੇ ਬੋਇਲਰ ਤੋਂ ਉਪਜੀ ਸਟੀਮ ਦੇ ਦਬਾਓ ਨੂੰ ਖ਼ਾਸ ਸੇਧ ਦੇ ਕੇ ਮਸ਼ੀਨਾਂ ਚਾਲੂ ਕੀਤੀਆਂ ਜਾਂਦੀਆਂ ਸਨ। ਸਟੀਮ ਇੰਜਣ ਹੀ ਹੁਣ ਤਾਈਂ ਰੇਲ ਗੱਡੀਆਂ ਅਤੇ ਸਮੁੰਦਰੀ ਜਹਾਜ਼ ਚਲਾਉਂਦੇ ਰਹੇ ਹਨ।

ਬਲਦੇ ਪੱਥਰਾਂ ਦਾ ਪਹਿਲੀ ਵਾਰ 1546 ਵਿਚ ਜ਼ਿਕਰ ਕੀਤਾ ਗਿਆ। 1850 ਵਿਚ ਪਹਿਲੀ ਵਾਰ ਖੁਰਦਰੇ ਪੱਥਰਾਂ ਦੀ ਭੱਠੀ ਵਿੱਚੋਂ 'ਮਿੱਟੀ ਦਾ ਤੇਲ' ਨਿਤਾਰਿਆ ਗਿਆ। 1853 ਵਿਚ ਦੁਨੀਆਂ ਦਾ ਪਹਿਲਾ ਤੇਲ ਦਾ ਖੂਹ ਪੋਲੈਂਡ ਵਿਚ ਖੋਲ੍ਹਿਆ ਗਿਆ। 19ਵੀਂ ਸਦੀ ਦੇ ਅੰਤ ਤਕ ਜੋ ਤੇਲ ਨਿਕਲਦਾ ਸੀ, ਉਹ ਆਉਂਦਾ ਸੀ ਰੂਸੀ ਅਜ਼ਰਬਾਈਜਾਨ ਤੋਂ।

ਤੇਲ ਦੇ ਆਉਣ ਨਾਲ ਅੰਦਰੋਂ-ਬਲਦੇ-ਇੰਜਣ ਦੀ ਖੋਜ ਨੂੰ ਉਤਸ਼ਾਹ ਮਿਲਿਆ। ਤੇਲ ਦੇ ਇੰਜਣ ਸਭ ਤੋਂ ਪਹਿਲਾਂ ਖੇਤੀ ਦੇ ਕੰਮਾਂ ਵਿਚ ਵਰਤੇ ਗਏ। 1860 ਵਿਚ ਸਭ ਤੋਂ ਪਹਿਲੀ 'ਕਾਰ' ਚੱਲੀ ਜੋ ਅਤਿਅੰਤ ਭਾਰੀ ਸੀ। ਤਜਰਬੇ ਹੁੰਦੇ ਰਹੇ ਅਤੇ ਤਰੱਕੀ ਹੁੰਦੀ ਰਹੀ। 1893 ਵਿਚ ਗੈਸੋਲੀਨ ਸ਼ਕਤੀ ਨਾਲ ਚੱਲਣ ਵਾਲਾ ਚਾਰ ਹਾਰਸ ਪਾਵਰ ਦਾ ਵਾਹਣ ਬਣਿਆ। 1903 ਵਿਚ ਹੈਨਰੀ ਫੋਰਡ ਨੇ ਜ਼ਾਤੀ ਕਾਰ ਵੇਚਣ ਉੱਤੇ ਲਾ ਦਿੱਤੀ। ਇਕ ਸਦੀ ਦੇ ਵਿਚ ਕੁਲ ਦੁਨੀਆਂ ਦੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੀ ਨੁਹਾਰ, ਮੋਟਰਾਂ ਅਤੇ ਕਾਰਾਂ ਨੇ ਬਦਲ ਦਿੱਤੀ। ਸੜਕਾਂ ਦਾ ਜਾਲ ਵਿਛ ਗਿਆ ਜਾਂ ਵਿਛੀ ਜਾ

ਰਿਹਾ ਹੈ। ਆਵਾਜਾਈ, ਢੋਆ ਢੁਆਈ, ਉਦਯੋਗਾਂ ਲਈ ਅਤੇ ਘਰਾਂ ਵਿਚ ਵਰਤੋਂ ਲਈ ਹਰ ਪਾਸੇ ਇੱਕੋ ਹੀ ਲਫ਼ਜ਼ ਚੱਲਦਾ ਹੈ—ਸ਼ਕਤੀ, ਹੋਰ ਸ਼ਕਤੀ। ਦੂਜੀ ਵਿਸ਼ਵ ਜੰਗ ਸਮੇਂ ਭਾਰਤ ਵਿਚ, ਕੋਲੇ 'ਚੋਂ ਗੈਸ ਕੱਢ ਕੇ ਬੱਸਾਂ ਚਲਾਈਆਂ ਜਾਂਦੀਆਂ ਸਨ। ਗੈਸ ਪਲਾਂਟ ਛੱਤ ਉੱਤੇ ਹੁੰਦਾ ਸੀ।

ਇਕ ਘੋੜਾ-ਸ਼ਕਤੀ ਅਤੇ ਇਕ ਮਾਨਵ-ਸ਼ਕਤੀ ਦੇ ਨਾਲ ਸਿਕੰਦਰ ਅਤੇ ਚੰਗੇਜ਼ ਖ਼ਾਂ ਜੇਹਿਆਂ ਨੇ ਦੁਨੀਆਂ ਵਿਚ ਹੇਠਲੀ ਉਤਲੀ ਲਿਆ ਦਿੱਤੀ। ਪੱਛਮੀ ਦੇਸਾਂ ਨੇ ਬੇਅੰਤ ਦੇਸਾਂ ਉੱਤੇ ਕਬਜ਼ੇ ਕੀਤੇ ਅਤੇ ਬੇਅੰਤ ਜ਼ੁਲਮਾਂ ਦੇ ਨਾਲ ਆਪਣੀ ਵਹਿਸ਼ਤ ਦਾ ਸਬੂਤ ਦਿੱਤਾ। ਭਾਰਤ ਅੰਦਰ ਕੀਤੇ ਅੰਗਰੇਜ਼ੀ ਜ਼ੁਲਮਾਂ ਦਾ ਇਤਿਹਾਸ ਕੁਰੇਦਣਾ ਏਸ ਲਈ ਮੁਸ਼ਕਲ ਹੋ ਰਿਹਾ ਹੈ ਕਿਉਂਕਿ ਦੋ ਸਦੀਆਂ ਦੇ ਰਾਜ ਵਿਚ ਅਸੀਂ ਮਾਨਸਿਕ ਤੌਰ 'ਤੇ ਉਨ੍ਹਾਂ ਦੇ ਪੂਰੀ ਤਰ੍ਹਾਂ ਗ਼ੁਲਾਮ ਹੋ ਗਏ ਸਾਂ ਅਤੇ ਅਜੇ ਵੀ "ਅੰਗਰੇਜ਼ਾਂ ਦਾ ਰਾਜ ਚੰਗਾ ਸੀ" ਅਲਾਪਣੋਂ ਨਹੀਂ ਹਟਦੇ।

ਵੀਹਵੀਂ ਸਦੀ ਵਿਚ ਇਤਿਹਾਸਕ ਤੌਰ 'ਤੇ ਮੰਨੀਆਂ ਦੋ ਵਿਸ਼ਵ-ਜੰਗਾਂ ਹੋਈਆਂ। ਉਨ੍ਹਾਂ ਤੋਂ ਵੀ ਵੱਧ ਖ਼ੂੰਖ਼ਾਰ ਲੜਾਈਆਂ ਹੋਈਆਂ ਕੋਰੀਆ ਅਤੇ ਵੀਅਤਨਾਮ ਦੀਆਂ। ਏਸ ਤੋਂ ਵੀ ਵੱਧ ਬੇਅੰਤ 'ਜੰਗਾਂ' ਹੋਈਆਂ ਮੱਧ ਏਸ਼ੀਆ, ਪੂਰਬੀ ਅਤੇ ਦੱਖਣੀ ਏਸ਼ੀਆ, ਮੱਧ ਅਮਰੀਕਾ, ਦੱਖਣੀ ਅਮਰੀਕਾ ਅਤੇ ਕੁੱਲ ਅਫ਼ਰੀਕਾ ਅੰਦਰ, ਜਿਥੇ ਦੇਸ ਪਿੱਛੋਂ ਦੇਸ, ਇੱਕੋ ਹੀ ਮਹਾਂ ਸ਼ਕਤੀ ਜਾਂ ਉਸਦੀਆਂ ਮਹਾਂ ਕਾਰਪੋਰੇਸ਼ਨਾਂ ਦੇ ਕਾਬੂ ਵਿਚ ਆਉਂਦੇ ਗਏ। ਵੀਹਵੀਂ ਸਦੀ ਵਿਚ ਤੇਲ ਦੇ ਆਸਰੇ ਚੱਲਣ ਵਾਲੀ ਜੰਗੀ ਮਸ਼ੀਨ ਦੀ ਸ਼ਕਤੀ ਦੀ ਵੱਧ ਤੋਂ ਵੱਧ ਕੁਵਰਤੋਂ ਹੋਈ। ਇਕ ਨਵੀਂ ਸ਼ਕਤੀ ਹੋਂਦ ਵਿਚ ਆ ਗਈ—ਪ੍ਰਮਾਣੂ ਸ਼ਕਤੀ। ਏਸ ਦੀ ਵੀ ਦੁਰਵਰਤੋਂ ਹੋਈ, ਲੋਕਾਈ ਮਾਰਨ ਲਈ, ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਹਮਲਿਆਂ ਦੇ ਨਾਲ। ਵੀਹਵੀਂ ਸਦੀ ਦੇ ਅੰਤ ਤਕ ਦੁਨੀਆਂ ਅੰਦਰ ਸ਼ਕਤੀ ਦੀ ਉਪਜ ਹੇਠ ਲਿਖੇ ਸੋਮਿਆਂ ਤੋਂ ਸੀ :

1. ਤੇਲ ਉਪਜ ਕਰੀਬ 90 ਮਿਲੀਅਨ ਬੈਰਲ ਹਰ ਰੋਜ਼;
2. ਪ੍ਰਮਾਣੂ ਬਿਜਲੀ ਘਰ, 400 ਤੋਂ ਵੱਧ;
3. ਕੋਲੇ ਦੀ ਉਪਜ, ਕਰੀਬ 8000 ਮਿਲੀਅਨ ਟਨ, ਇਕ ਸਾਲ ਵਿਚ, ਜਿਸ ਦੀ ਅੱਠਵਾਂ ਹਿੱਸਾ ਉਪਜ ਭਾਰਤ ਵਿਚ ਸੀ।
4. ਹਾਈਡ੍ਰੋਪਾਵਰ ਭਾਵ ਪਾਣੀ ਦੇ ਡੈਮ ਬਣਾ ਕੇ ਉਸ ਦੇ ਭਾਰ ਹੇਠ ਮੋਟਰਾਂ ਚਲਾ ਕੇ ਬਿਜਲੀ ਪੈਦਾ ਕਰਨੀ; ਦੁਨੀਆਂ ਦੀ ਲਗਭਗ 20 ਪ੍ਰਤੀਸ਼ਤ ਬਿਜਲੀ ਏਸ ਪਾਸੇ ਤੋਂ ਮਿਲਦੀ ਹੈ।
5. ਏਸ ਤੋਂ ਇਲਾਵਾ ਸੂਰਜ ਦੀਆਂ ਕਿਰਨਾਂ ਤੋਂ ਜਾਂ ਧਰਤੀ ਹੇਠਲੀ ਗਰਮੀ ਵਿੱਚੋਂ ਬਿਜਲੀ ਕੱਢਣ ਦਾ ਮਾਮੂਲੀ ਹਿੱਸਾ।

ਸ਼ਕਤੀ ਦੇ ਸੋਮਿਆਂ ਵਿੱਚੋਂ ਜੇ ਤੇਲ ਨੂੰ ਕੱਢ ਹੀ ਦਿੱਤਾ ਜਾਵੇ, ਸਮਝੋ ਤੇਲ ਹੈ ਹੀ ਨਹੀਂ ਤਾਂ ਦੁਨੀਆਂ ਦੇ ਬੇਅੰਤ ਪੁਆੜਿਆਂ ਅਤੇ ਲੜਾਈਆਂ ਦੀ ਜੜ੍ਹ ਹੀ ਮੁੱਕ ਜਾਂਦੀ ਹੈ। ਸ਼ਕਤੀ ਦੇ ਬਾਕੀ ਸੋਮੇ ਕਿਤੇ ਚੁੱਕ ਕੇ ਲਿਜਾਣੇ ਅਸੰਭਵ ਹਨ। ਇਕ ਤੇਲ ਹੀ ਹੈ ਜਿਸ ਨੂੰ ਪਾਈਪਾਂ ਰਾਹੀਂ ਜਾਂ ਵੱਡੇ ਟੈਂਕਰਾਂ ਰਾਹੀਂ ਇਕ ਦੇਸ ਤੋਂ ਦੂਜੇ ਦੇਸ ਵੱਲ ਲਿਜਾਇਆ ਜਾ ਸਕਦਾ ਹੈ, ਉਹ ਵੀ ਆਸਾਨੀ ਦੇ ਨਾਲ। ਦੁਨੀਆਂ ਦੇ ਹਰ ਘਰ ਅੰਦਰ ਤੇਲ ਦੀ ਵਰਤੋਂ ਹੁੰਦੀ ਹੈ, ਲਾਲਟੈਨ ਬਾਲਣ ਤੋਂ ਲੈ ਕੇ ਮੋਟਰਸਾਇਕਲ ਜਾਂ ਕਾਰ ਚਲਾ ਕੇ। ਪਲਾਸਟਿਕ ਦਾ ਬੇਅੰਤ ਸਾਮਾਨ ਅਤੇ ਕੈਮੀਕਲਜ਼ ਕੱਚੇ ਤੇਲ ਅੰਦਰੋਂ ਹੀ ਨਿਕਲਦੇ ਹਨ। ਤੇਲ ਦੀ ਵਰਤੋਂ ਹੀ ਸਮਾਜਾਂ ਦੀ ਗਤੀ ਸੰਤੁਲਨ ਵਿਚ ਰੱਖ ਕੇ ਹਰ ਕੰਮ ਅਤੇ ਸਨਅਤੀ ਅਤੇ ਖੇਤੀ ਅੰਦਰ ਪੈਦਾਵਾਰ ਵਧਾਉਂਦੀ ਹੈ। ਦੂਜੇ ਸ਼ਬਦਾਂ ਵਿਚ ਕਿਸੇ ਵੀ ਦੇਸ ਅੰਦਰ ਆਪਣੀ ਤੇਲ ਦੀ ਪੈਦਾਵਾਰ ਜਾਂ ਕਿਸੇ ਹੋਰ ਦੇਸ ਤੋਂ ਭਰੋਸੇਯੋਗ ਆਮਦ, ਹਰ ਦੇਸ ਦੀ ਸ਼ਾਹ ਰਗ ਬਣ ਗਈ ਹੈ। ਏਥੇ ਅੰਗੂਠਾ ਰੱਖੋ ਤਾਂ ਸੰਕਟ ਖੜਾ ਹੋ ਜਾਂਦਾ ਹੈ। ਈਰਾਨ ਕੁਲ ਦੁਨੀਆਂ ਨੂੰ ਕੱਚਾ ਤੇਲ ਭੇਜਦਾ ਹੈ, ਪਰ ਉਥੇ ਤੇਲ ਸੋਧਕ ਸਨਅਤ ਨਾ ਹੋਣ ਕਰਕੇ ਕੁਲ ਟਰਾਂਸਪੋਰਟ ਦੀ ਵਰਤੋਂ ਲਈ ਪੈਟਰੋਲ, ਡੀਜ਼ਲ ਆਦਿ ਬਾਹਰੋਂ ਮੰਗਵਾਉਣੇ ਪੈਂਦੇ ਹਨ। ਭਾਰਤ ਜਿੰਨਾ ਕੱਚਾ ਮਾਲ ਪੈਦਾ ਕਰਦਾ ਹੈ, ਉਸ ਨਾਲੋਂ ਦੂਣੇ ਤੋਂ ਵੀ ਵੱਧ ਬਾਹਰੋਂ ਮੰਗਵਾਉਣਾ ਪੈਂਦਾ ਹੈ ਪਰ ਏਥੇ ਤੇਲ-ਸੋਧਕ ਕਾਰਖ਼ਾਨੇ ਕਾਫ਼ੀ ਹਨ।

ਤੇਲ ਹੀ ਹੈ ਕੁਲ ਦੁਨੀਆਂ ਦੀ ਤਰੱਕੀ ਦਾ ਧੁਰਾ। ਤਾਂ ਤੇ ਇਸ ਬਾਰੇ ਵੱਧ ਤੋਂ ਵੱਧ ਜਾਣਕਾਰੀ ਹੋਣੀ ਚਾਹੀਦੀ ਹੈ। ਸਾਨੂੰ ਇਹ ਪੜ੍ਹਾਇਆ ਜਾਂਦਾ ਹੈ ਕਿ ਤੇਲ ਦੀ ਉਪਜ ਹੋਈ ਕਰੋੜਾਂ ਸਾਲ ਪਹਿਲਾਂ ਸਮੁੰਦਰਾਂ ਵਿਚ ਰਹਿਣ ਵਾਲੀਆਂ ਮੱਛੀਆਂ ਤੋਂ। ਬੇਅੰਤ ਮੱਛੀਆਂ ਅਤੇ ਕਰੋੜਾਂ ਸਾਲਾਂ ਵਿਚ ਪੈਦਾ ਹੋਇਆ ਉਨ੍ਹਾਂ ਤੋਂ ਬੇਅੰਤ ਤੇਲ। ਇਹ ਤੇਲ, ਧਰਤੀ ਦੀਆਂ ਬੇਅੰਤ ਉੱਥਲ ਪੁੱਥਲਾਂ ਦੇ ਨਾਲ ਡੂੰਘੀਆਂ ਤੈਹਾਂ ਅੰਦਰ ਦੱਬਿਆ ਗਿਆ। ਅਸੀਂ ਧਰਤੀ ਹੇਠ ਇਕ ਕਦੀਮ ਸਮੇਂ ਦੇ ਬਣੇ ਤੇਲ ਖ਼ਜ਼ਾਨਿਆਂ ਦੀ

ਖੋਜ ਕਰਕੇ ਪਾਈਪਾਂ ਰਾਹੀਂ ਬਾਹਰ ਖਿੱਚ ਰਹੇ ਹਾਂ। ਸਾਡੇ ਮਨਾਂ ਦੇ ਅੰਦਰ ਠੋਸਿਆ ਜਾ ਚੁੱਕਾ ਹੈ ਕਿ ਤੇਲ ਪੁਰਾਣਿਆਂ ਸਮਿਆਂ ਦੀ ਜੀਵ-ਉਪਜ ਹੈ। ਇਸ ਦਾ ਖ਼ਜ਼ਾਨਾ ਏਹੀ ਹੈ ਜੋ ਵੀ ਹੈ। ਇਕ ਦਿਨ ਐਸਾ ਆਵੇਗਾ ਜਦੋਂ ਤੇਲ ਦੁਰਲੱਭ ਹੋ ਜਾਵੇਗਾ ਅਤੇ ਕੁਲ ਦੁਨੀਆਂ ਦੀ ਗੱਡੀ ਰੁਕ ਜਾਣ ਦਾ ਖ਼ਤਰਾ ਹੋ ਜਾਵੇਗਾ। ਧਰਤੀ ਹੇਠੋਂ ਤੇਲ ਦੀ ਕਢਾਈ ਬੜੀ ਛੋਟੀ ਪੱਧਰ ਉੱਤੇ ਸ਼ੁਰੂ ਹੋਈ 1850 ਦੇ ਨੇੜੇ ਤੇੜੇ। ਅੱਜ ਦੁਨੀਆਂ ਦੇ ਹਜ਼ਾਰਾਂ ਹੀ ਤੇਲ-ਖੂਹਾਂ ਵਿੱਚੋਂ ਹਰ ਰੋਜ਼ ਕਰੀਬ 9 ਕਰੋੜ ਬੈਰਲ ਤੇਲ ਨਿਕਲ ਰਿਹਾ ਹੈ। ਇਕ ਬੈਰਲ ਵਿਚ 200 ਲਿਟਰ ਹੁੰਦੇ ਹਨ। ਇਕ ਬੈਰਲ 42 ਅਮਰੀਕੀ ਗੈਲਨਾਂ ਦੇ ਬਰਾਬਰ ਹੈ। ਸਾਨੂੰ ਦੱਸਿਆ ਜਾਂਦਾ ਹੈ ਕਿ ਕੱਢੇ ਜਾਂਦੇ ਤੇਲ ਦੀ ਮਾਤਰਾ ਹੁਣ ਟੀਸੀ ਉੱਤੇ ਪਹੁੰਚ ਗਈ ਹੈ, ਜਿਥੇ ਕੁਝ ਚਿਰ ਰਹਿ ਕੇ ਲਗਾਤਾਰ ਘਟਣੀ ਚਾਲੂ ਹੋ ਜਾਵੇਗੀ ਅਤੇ ਪੰਜਾਹ-ਸੌ ਸਾਲਾਂ ਅੰਦਰ ਤੇਲ ਦਾ ਭੋਗ ਪੈ ਜਾਵੇਗਾ। ਏਸ ਪ੍ਰਚਾਰ-ਧਾਰਨਾ ਨੂੰ ਮੁੱਖ ਰੱਖ ਕੇ ਦੁਨੀਆਂ ਦੇ ਅੱਜ ਦੇ ਜਾਣੇ-ਪਛਾਣੇ ਤੇਲ-ਭੰਡਾਰਾਂ ਦੇ ਮਾਲਕ ਦੇਸਾਂ ਦੇ ਉਪਰ, ਹਰ ਹੀਲੇ ਬਹਾਨੇ ਫ਼ੌਜੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਪੱਛਮੀ ਸਨਅਤੀ ਦੇਸਾਂ ਨੂੰ ਤੇਲ ਬਾਲਣ ਦੀ ਕਦੇ ਵੀ ਕਮੀ ਨਾ ਆਵੇ। ਦੂਜਾ ਮਕਸਦ ਇਹ ਵੀ ਹੈ ਕਿ ਜਿਨ੍ਹਾਂ ਦੇਸਾਂ ਵਿਚ ਆਪਣੇ ਅੰਦਰਲੇ ਤੇਲ ਦੀ ਕਮੀ ਹੈ, ਜਿਵੇਂ ਜਾਪਾਨ, ਚੀਨ ਅਤੇ ਭਾਰਤ, ਉਨ੍ਹਾਂ ਨੂੰ ਵੀ ਵਿੱਤੀ, ਸਿਆਸੀ ਅਤੇ ਫ਼ੌਜੀ ਦਬਾਅ ਹੇਠ ਰੱਖਿਆ ਜਾ ਸਕੇ। ਅੱਜ ਦੁਨੀਆਂ ਦੇ ਜਿਸ ਖਿੱਤੇ ਵਿਚ ਵੀ ਤੇਲ ਅਤੇ ਗੈਸ ਹਨ, ਉਥੇ ਅਮਰੀਕੀ ਫ਼ੌਜੀ ਹਨ। ਜਾਂ ਉਥੇ ਲੜਾਈ ਚੱਲ ਰਹੀ ਹੈ ਜਾਂ ਲੜਾਈ ਸ਼ੁਰੂ ਕਰਨ ਲਈ ਮੁੱਢ ਬੰਨ੍ਹਿਆ ਜਾ ਰਿਹਾ ਹੈ। ਮਹਾਂਦੀਪ ਕੋਈ ਵੀ ਹੋਵੇ, ਦੱਖਣੀ ਅਮਰੀਕਾ, ਅਫ਼ਰੀਕਾ ਜਾਂ ਏਸ਼ੀਆ, ਨਿਸ਼ਾਨਾ ਇੱਕੋ ਇਕ ਹੈ, ਤੇਲ ਨੂੰ ਘੇਰ ਲਵੋ, ਦੁਨੀਆਂ ਦੀ ਸ਼ਾਹ-ਰਗ ਨੱਪ ਲਵੋ।

ਨਾਲ ਹੀ ਨਾਲ ਇਕ ਹੋਰ ਖੇਡ ਚੱਲਦੀ ਹੈ, ਉਹ ਹੈ ਬਾਰ ਬਾਰ ਟੀਸੀ ਤੋਂ ਘੱਟ ਰਹੀ ਤੇਲ ਉਪਜ, ਗਿਣੇ ਮਿਣੇ ਜੀਵ-ਉਪਜ ਤੇਲ ਭੰਡਾਰਾਂ, ਘਟ ਰਹੇ, ਮਿਟ ਰਹੇ ਭੰਡਾਰਾਂ ਦੀ ਗੱਲ। ਕੋਈ ਤੂਫ਼ਾਨ ਆਵੇ, ਭੂਚਾਲ ਆਵੇ ਜਾਂ ਆਪੇ ਸ਼ੁਰੂ ਕੀਤੀ ਹੋਈ ਜੰਗ ਹੋਵੇ, ਨਾਲ ਹੀ ਤੇਲ ਦੀਆਂ ਕੀਮਤਾਂ ਵਿਚ ਵਾਧਾ ਕਰ ਦਿੱਤਾ ਜਾਂਦਾ ਹੈ। ਜੰਗਾਂ ਸ਼ੁਰੂ ਕਰਨ ਕਰਵਾਉਣ ਵਾਲੇ ਹੀ ਤੇਲ ਦੇ ਵਾਪਾਰ ਨੂੰ ਚਲਾਉਂਦੇ ਹਨ। ਸਾਡੇ ਜਹੇ ਜੱਦੋ-ਜਹਿਦ ਕਰਦੇ ਬੇਅੰਤ ਦੇਸ ਵਿੱਤੀ ਦਬਾਅ ਹੇਠ ਆ ਜਾਂਦੇ ਹਨ ਅਤੇ ਮਸਾਂ ਹੀ ਜਿਊਂਦੇ ਰਹਿਣ ਲਈ ਤਾਕਤਵਰ ਬਦੇਸੀ ਤਾਕਤਾਂ ਦੀਆਂ ਸਲਾਹਾਂ, ਸ਼ਰਤਾਂ ਅਤੇ ਨਾ-ਬਰਾਬਰ ਵਿੱਤੀ ਅਤੇ ਫ਼ੌਜੀ ਸੰਧੀਆਂ ਵਿਚ ਫਸ ਜਾਂਦੇ ਹਨ।

ਅਮਰੀਕਾ ਦੇ ਅੰਦਰ ਬੇਅੰਤ ਤੇਲ ਹੈ। ਉਹ ਆਪਣਾ ਤੇਲ ਘੱਟ ਕੱਢਦਾ ਹੈ ਅਤੇ ਜ਼ਿਆਦਾਤਰ ਬਾਹਰੋਂ ਹੀ ਲਿਆਉਂਦਾ ਹੈ। ਕਿਉਂ ਭਲਾ ? ਦੇਸ ਅੰਦਰੋਂ ਤੇਲ ਕੱਢਣ ਲਈ ਉਸ ਨੂੰ ਸੱਚਮੁੱਚ ਖ਼ਰਚ ਕਰਨਾ ਪੈਂਦਾ ਹੈ, ਬਾਹਰੋਂ ਉਹੀ ਤੇਲ ਮੁਫ਼ਤ ਦੇ ਭਾਅ ਪੈਂਦਾ ਹੈ। ਤੇਲ ਦਾ ਵਪਾਰ ਕੇਵਲ ਡਾਲਰਾਂ ਵਿਚ ਹੁੰਦਾ ਹੈ। ਸਿੱਧੀ ਖੇਡ ਹੈ ਕਾਗ਼ਜ਼ੀ ਡਾਲਰ ਛਾਪੋ, ਜਿੰਨਾ ਤੇਲ ਚਾਹੋ ਖ਼ਰੀਦ ਲਵੋ। ਮਜ਼ੇਦਾਰ ਗੱਲ ਇਹ ਹੈ ਕਿ ਤੇਲ ਵੇਚਦੇ ਮੱਧ ਏਸ਼ੀਆਈ ਸ਼ੇਖ਼ ਆਪਣੀ ਬੇਅੰਤ 'ਕਮਾਈ' ਨੂੰ ਵਾਪਸ ਅਮਰੀਕਾ ਅੰਦਰਲੇ ਬੈਂਕਾਂ ਵਿਚ ਜਮ੍ਹਾ ਕਰਾ ਦੇਂਦੇ ਹਨ।

ਭੂਗੋਲਿਕ ਸਿਆਸਤ ਕੈਸੀ ਹੈ ਜੋ ਤੇਲ ਦੇ ਪਿੱਛੇ ਹੱਥ ਧੋ ਕੇ ਪਈ ਹੋਈ ਹੈ ? ਅਮਰੀਕਨ ਫ਼ੌਜ ਮੱਧ ਏਸ਼ੀਆ ਦੇ ਤੇਲ-ਭੰਡਾਰਾਂ ਉੱਤੇ ਬੈਠ ਸਕਦੀ ਹੈ ਪਰ ਉਹ ਕਈ ਦਹਾਕੇ ਜਾਂ ਸੈਂਕੜੇ ਸਾਲ ਉਪਜ ਦੇਣ ਵਾਲੇ ਤੇਲ-ਖੂਹਾਂ ਨੂੰ ਚੁੱਕ ਕੇ ਤਾਂ ਨਹੀਂ ਲਿਜਾ ਸਕਦੀ। ਇਰਾਕ ਉੱਤੇ ਕਬਜ਼ੇ ਦੇ ਬਾਵਜੂਦ ਨਵੇਂ ਤੇਲ-ਭੰਡਾਰਾਂ ਦੀ ਖੋਜ ਦੇ ਠੇਕੇ ਅਮਰੀਕੀ ਕੰਪਨੀਆਂ ਨਹੀਂ ਜਿੱਤ ਸਕੀਆਂ, ਤਾਂ ਵੀ ਉਸ ਦਾ ਟੀਚਾ ਇਹ ਹੈ ਕਿ ਇਰਾਕ ਦੇ ਤਿੰਨ ਚਾਰ ਜਾਂ ਜ਼ਿਆਦਾ ਟੋਟੇ ਕੀਤੇ ਜਾਣ ਤਾਂ ਜੁ ਇਕ ਇਲਾਕੇ ਦਾ ਤੇਲ, ਇਕ ਕੰਪਨੀ ਦੀ ਜ਼ਿੰਮੇਵਾਰੀ ਹੋ ਜਾਵੇ। ਭਾਵ ਮੁਕੰਮਲ ਵਿੱਤੀ, ਸਿਆਸੀ ਅਤੇ ਜ਼ਾਹਰ ਹੈ ਫ਼ੌਜੀ ਕਬਜ਼ਾ। ਏਸ ਤੇਲ ਪਿੱਛੇ ਬੇਸ਼ੱਕ ਲੱਖਾਂ ਇਰਾਕੀ ਅਤੇ ਹਜ਼ਾਰਾਂ ਅਮਰੀਕੀ ਮਰ ਜਾਣ, ਭਾਵੇਂ ਅਮਰੀਕਾ ਦੀ ਆਪਣੀ ਵਿੱਤੀ ਹਾਲਤ ਡੁੱਬਣ 'ਤੇ ਆ ਜਾਵੇ ਪਰ ਇਰਾਕ ਨੂੰ, ਮੱਧ ਏਸ਼ੀਆ ਨੂੰ ਘੁੱਟ ਕੇ ਫੜੀ ਰੱਖਣਾ ਹੈ। ਬਾਂਦਰ ਨੇ ਘੜੇ ਅੰਦਰ ਛੋਲਿਆਂ ਨੂੰ ਘੁੱਟ ਕੇ ਫੜ ਲਿਆ ਹੈ। ਨਾ ਉਹ ਮੁੱਠੀ ਖੋਲ੍ਹਦਾ ਹੈ, ਨਾ ਉਸ ਦਾ ਹੱਥ ਬਾਹਰ ਨਿਕਲਦਾ ਹੈ।

ਜੇ ਤੇਲ ਏਨੇ ਪੁਆੜਿਆਂ, ਸੰਕਟਾਂ ਅਤੇ ਜੰਗਾਂ ਦੀ ਜੜ੍ਹ ਹੈ ਤਾਂ ਇਸ ਬਾਰੇ ਜਿੰਨਾ ਵੀ ਜਾਣ ਲਿਆ ਜਾਵੇ, ਥੋੜਾ ਹੈ। ਬੜੇ ਚਿਰਾਂ ਦੀ ਗੱਲ ਹੈ। ਉਦੋਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸੀ, ਜਦੋਂ ਅਖ਼ਬਾਰਾਂ ਵਿਚ ਪੜ੍ਹਨ ਨੂੰ ਮਿਲਿਆ ਸੀ ਕਿ ਪੱਛਮੀ ਬੰਗਾਲ ਤੇਲ ਉੱਤੇ ਤਰ ਰਿਹਾ ਹੈ। ਪਿੱਛੋਂ ਕੋਈ ਉੱਘ ਸੁੱਘ ਨਹੀਂ ਮਿਲੀ ਕਿ ਆਖ਼ਰ ਹੋਇਆ ਕੀ ?

ਇਹ ਜਾਣਨ ਦੀ ਲੋੜ ਹੈ ਕਿ ਕੀ ਤੇਲ ਸੱਚਮੁੱਚ ਉਨ੍ਹਾਂ ਮੱਛੀਆਂ ਜਾਂ ਹੋਰ ਜਾਨਦਾਰਾਂ ਦੀ ਉਪਜ ਹੈ, ਜੋ ਕਰੋੜਾਂ ਸਾਲ ਪਹਿਲਾਂ ਧਰਤੀ ਉੱਤੇ ਸਮੁੰਦਰ ਵਿਚ ਸਨ ? ਜੇ ਇਹ ਸੱਚ ਹੈ ਤਾਂ ਤੇਲ ਦੇ ਉੱਤੇ ਹੁਣ ਦੀ ਭਾਰੀ ਨਿਰਭਰਤਾ, ਪੂਰੀ ਪੜ੍ਹੀ ਲਿਖੀ ਮਾਨਵਤਾ ਦੇ ਉਪਰ ਇਕ ਕਲੰਕ ਹੈ। ਉਹ ਤੇਲ ਨੂੰ ਏਨੀ ਜ਼ੋਰ ਨਾਲ ਕਿਉਂ ਫੂਕਣ ਅਤੇ ਮੁਕਾਉਣ ਉੱਤੇ ਲੱਗੀ ਹੋਈ ਹੈ ? 1850 ਵਿਚ ਤੇਲ ਕੱਢਣ ਦੀ ਸ਼ੁਰੂਆਤ ਦੇ ਪੰਜਾਹ ਸਾਲਾਂ ਪਿੱਛੋਂ ਜਰਮਨ ਅਤੇ ਫ਼ਰਾਂਸੀਸੀ ਸਾਇੰਸਦਾਨਾਂ ਨੇ ਸੰਦੇਹ ਪ੍ਰਗਟ ਕਰਨਾ ਸ਼ੁਰੂ ਕੀਤਾ ਸੀ ਕਿ ਤੇਲ ਜੀਵ-ਉਪਜ ਨਹੀਂ ਹੋ ਸਕਦਾ। ਉਨ੍ਹਾਂ ਦਾ ਕਹਿਣਾ ਸੀ ਕਿ ਤੇਲ ਧਰਤੀ ਦੀਆਂ ਆਂਦਰਾਂ ਅੰਦਰ ਬਣ ਕੇ ਉਪਰ ਨੂੰ ਉੱਠਦਾ ਹੈ ਅਤੇ ਕਦੇ ਨਾ ਮੁੱਕਣ ਵਾਲਾ ਸੋਮਾ ਹੈ।

1950ਵਿਆਂ ਵਿਚ ਸੋਵੀਅਤ ਰੂਸ, ਕੁਝ ਚਿਰ ਪਹਿਲਾਂ ਹੀ ਦੂਜੀ ਵਿਸ਼ਵ ਜੰਗ ਵਿਚ ਓੜਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਕਰਵਾ ਕੇ, ਤੇਲ ਸ਼ਕਤੀ ਦੇ ਸੋਮਿਆਂ ਤੋਂ ਵਾਂਝਿਆ ਪਿਆ ਸੀ। ਉਸ ਦੀ ਇਹ ਮਜਬੂਰੀ ਹੋ ਗਈ ਕਿ ਉਹ ਤੇਲ ਦੀ ਬੇ-ਜੀਵ ਉਪਜ ਦੀ ਥਿਊਰੀ ਦੀ ਅਮਲ ਦੇ ਨਾਲ ਪੜਚੋਲ ਕਰੇ, ਭਾਵ ਧਰਤੀ ਵਿਚ ਡੂੰਘਿਆਂ ਅੰਦਰ ਜਾ ਕੇ ਤੇਲ ਦੀ ਭਾਲ ਕਰੇ। ਪੱਛਮ ਅਤੇ ਸੋਵੀਅਤ ਸੰਘ ਅੰਦਰ ਠੰਢੀ ਜੰਗ ਨੇ ਹਾਲਤ ਹੋਰ ਵੀ ਨਾਜ਼ਕ ਕੀਤੀ ਹੋਈ ਸੀ। ਤੇਲ ਦੀ ਲੋੜ ਸ਼ਹਿਰੀ ਕੰਮਾਂ ਲਈ ਏਨੀ ਹੀ ਜ਼ਰੂਰੀ ਸੀ, ਜਿੰਨੀ ਫ਼ੌਜ ਲਈ। ਬਾਹਰੋਂ ਬੇਅੰਤ ਤੇਲ ਖ਼ਰੀਦਣ ਲਈ ਨਕਦੀ ਨਹੀਂ ਸੀ। ਪਹਿਲਾ ਡੂੰਘਾ ਖੂਹ ਪੁੱਟਦੇ ਪੁੱਟਦੇ ਸੰਨ 1970 ਆ ਗਿਆ। 'ਕੋਲਾ' ਨਾਂ ਦੀ ਥਾਂ 'ਤੇ ਨਿਰੋਲ ਘਰੇਲੂ ਤਕਨਾਲੋਜੀ ਨਾਲ 40230 ਫੁੱਟ ਡੂੰਘਾ ਖੂਹ ਵਰਮਾ ਕੇ ਆਖ਼ਿਰ ਤੇਲ ਲੱਭ ਲਿਆ। ਇਹ ਡੂੰਘਾਈ 12.3 ਕਿਲੋਮੀਟਰ ਜਾਂ 7.6 ਮੀਲ ਬਣਦੀ ਹੈ। ਫੇਰ ਕੀ ਸੀ, ਰੂਸੀ ਤੇਲ ਉਦਯੋਗ ਨੂੰ ਖੰਭ ਲੱਗ ਗਏ। 2006 ਤਕ ਰੂਸ ਨੇ 310 ਅਤਿ ਡੂੰਘੇ ਖੂਹ ਵਰਮਾਏ। ਉਸ ਦੀ ਤੇਲ-ਉਪਜ ਦੁਨੀਆਂ 'ਚ ਅੱਵਲ ਰਹਿਣ ਵਾਲੇ ਸਾਊਦੀ ਅਰਬ ਦੇ ਨਾਲ ਖਹਿਣ ਲੱਗ ਪਈ। ਸੋਵੀਅਤ ਸੰਘ ਦੇ ਟੁੱਟਦਿਆਂ ਹੀ ਪ੍ਰਧਾਨ ਯੈਲਸਿਨ ਦੇ ਨਿਕੰਮੇ ਸ਼ਾਸਨ ਵੇਲੇ ਅਮਰੀਕਨ 'ਵਾਲ ਸਟ੍ਰੀਟ' ਦੇ ਹੱਥ-ਠੋਕੇ 'ਮਿਖ਼ਾਇਲ ਖੋਦੋਰਕੋਵਸਕੀ' ਰਾਹੀਂ ਕੁਲ ਰੂਸੀ ਤੇਲ ਦੀ ਕੰਪਨੀ 'ਯੂਕੋਸ' ਨੂੰ ਹਥਿਆ ਲਿਆ ਗਿਆ। ਉਹ ਕੁਲ ਕੰਪਨੀ ਨੂੰ, ਅਮਰੀਕੀ ਬਦੇਸ਼ੀਆਂ ਨੂੰ ਵੇਚਣ ਦੇ ਆਹਰ ਵਿਚ ਹੀ ਸੀ ਕਿ ਯੈਲਸਿਨ ਦੀ ਥਾਂ ਉੱਤੇ ਪ੍ਰਧਾਨ ਪੂਤਿਨ ਆ ਗਿਆ। ਉਸ ਨੇ ਆਉਂਦਿਆਂ ਹੀ ਖੋਦੋਰਕੋਵਸਕੀ ਨੂੰ ਉਸ ਦੇ ਆਪਣੇ ਨਿੱਜੀ ਜੈੱਟ ਜਹਾਜ਼ ਸਮੇਤ ਕਾਬੂ ਕਰ ਲਿਆ ਅਤੇ ਜੇਲ੍ਹ ਅੰਦਰਲੀ ਹਵਾ ਵਿਚ ਭੇਜ ਦਿੱਤਾ। ਅਮਰੀਕੀ ਅਜੇ ਵੀ ਆਪਣੇ ਪਿਆਰੇ 'ਮਿਖ਼ਾਇਲ' ਦੀ ਮੰਗ ਕਰਦੇ ਰਹਿੰਦੇ ਹਨ। ਉਨ੍ਹਾਂ ਨੂੰ ਅਤਿਅੰਤ ਚਿੜ੍ਹ ਹੈ ਕਿ ਪੂਤਿਨ ਨੇ ਉਨ੍ਹਾਂ ਦੇ ਹੱਥ 'ਚ ਮੁਫ਼ਤ ਦੇ ਆਉਂਦੇ ਬੇਅੰਤ ਤੇਲ ਦੇ ਮਨਸੂਬੇ ਨੂੰ ਨਕਾਰਾ ਕਰ ਦਿੱਤਾ।

ਡੂੰਘੇ ਰੂਸੀ ਖੂਹਾਂ ਅਤੇ ਮੱਧ ਏਸ਼ੀਆਈ ਅਤੇ ਬੇਅੰਤ ਹੋਰਨਾਂ ਥਾਵਾਂ ਉੱਤੇ ਤੇਲ-ਭੰਡਾਰਾਂ ਦੇ ਖੂਹਾਂ ਵਿਚਕਾਰ ਫ਼ਰਕ ਕੀ ਹੈ ? ਰੂਸੀ ਖੂਹਾਂ ਨੂੰ ਵਰਮਾਉਣ ਲਈ ਚੋਖਾ ਸਮਾਂ ਅਤੇ ਖ਼ਰਚਾ ਚਾਹੀਦਾ ਹੈ। ਹੋਰਨਾਂ ਥਾਵਾਂ ਦਾ ਤੇਲ ਧਰਤੀ ਤਲ ਦੇ ਨੇੜੇ ਹੋਣ ਕਰਕੇ 'ਮਿੱਠਾ ਤੇਲ' ਅਖਵਾਉਂਦਾ ਹੈ। ਅਮਰੀਕੀ ਸੀ.ਆਈ.ਏ. ਨੂੰ ਪੂਰਾ ਪਤਾ ਹੈ ਕਿ ਡੂੰਘੇ ਤੇਲ ਦੇ ਖ਼ਜ਼ਾਨੇ ਸਭਨਾਂ ਥਾਵਾਂ (ਸਮੇਤ ਉਨ੍ਹਾਂ ਦੇ ਆਪਣੇ ਦੇਸ) ਅੰਦਰ ਵੀ ਹਨ, ਪਰ ਐਨਾ ਸਬਰ ਉਨ੍ਹਾਂ ਕੋਲ ਨਹੀਂ ਹੈ। ਉਨ੍ਹਾਂ ਨੂੰ ਤਿੰਨ ਟ੍ਰਿਲੀਅਨ ਦੇ ਜਾਣੇ-ਪਛਾਣੇ ਤੇਲ-ਖ਼ਜ਼ਾਨਿਆਂ 'ਤੇ ਫ਼ੌਜੀ ਕਬਜ਼ਾ ਕਰਨਾ ਅਤੇ ਆਪਣੀਆਂ ਲੋੜਾਂ ਪੂਰੀਆਂ ਕਰਨਾ ਵਧੇਰੇ ਸੌਖਾ ਲੱਗਦਾ ਹੈ। ਅਮਰੀਕਾ ਅੰਦਰ ਕੱਢਿਆ ਜਾਂਦਾ ਤੇਲ ਵੀ 'ਮਿੱਠੇ ਤੇਲ' ਦੀ ਸ਼੍ਰੇਣੀ ਵਿਚ ਆਉਂਦਾ ਹੈ। ਤੇਲ ਦੀ ਅੰਤਰਰਾਸ਼ਟਰੀ ਇਜਾਰਾਦਾਰੀ ਅਤੇ ਉਸ ਦੇ ਵਪਾਰ ਉੱਤੇ ਡਾਲਰ ਦੀ ਪਾਬੰਦੀ ਦੀ ਸਹਾਇਤਾ ਨਾਲ ਤੇਲ ਦੀਆਂ ਕੀਮਤਾਂ ਦੇ ਨਾਲ ਖਿਲਵਾੜ ਕੀਤਾ ਜਾਂਦਾ ਹੈ। "ਤੇਲ ਦੀ ਪੈਦਾਵਾਰ ਟੀਸੀ ਛੂਹ ਗਈ ਹੈ, ਅੱਗੋਂ ਮਿਲਣਾ ਔਖਾ ਹੋ ਰਿਹਾ ਹੈ, ਇਸ ਲਈ ਕੀਮਤ ਵਧਾਈ ਜਾ ਰਹੀ ਹੈ।"

ਫ਼ੈਡਰਲ ਰਿਜ਼ਰਵ ਵੱਲੋਂ ਜਾਦੂਈ ਢੰਗ ਨਾਲ ਲਗਾਤਾਰ ਡਾਲਰ ਛਾਪੀ ਜਾਣਾ, ਤੇਲ ਵਪਾਰ ਦਾ ਮੁਕੰਮਲ ਡਾਲਰੀਕਰਨ ਅਤੇ ਮੱਧ ਏਸ਼ੀਆ ਵਿਚ ਲਗਾਤਾਰ ਜੰਗਾਂ ਦਾ ਆਪੋ ਵਿਚ ਡੂੰਘਾ ਰਿਸ਼ਤਾ ਹੈ। ਇਰਾਕ ਦਾ ਕੀ ਕਸੂਰ ਸੀ ਕਿ ਉਸ ਉੱਤੇ ਕਬਜ਼ਾ ਕਰਨਾ ਪਿਆ ? ਉਸ ਨੇ ਤੇਲ ਨੂੰ ਗ਼ੈਰ ਡਾਲਰ ਕਰੰਸੀਆਂ ਵਿਚ ਵੇਚਣਾ ਸ਼ੁਰੂ ਕਰ ਦਿੱਤਾ ਸੀ। ਜੇ ਇਹ ਬਿਮਾਰੀ ਹੋਰਨਾਂ ਤੇਲ ਕੱਢਦੇ ਦੇਸਾਂ ਨੂੰ ਵੀ ਲੱਗ ਜਾਂਦੀ ਤਾਂ ਅਮਰੀਕਾ ਦੀ ਡਾਲਰ-ਕਰੰਸੀ ਨੂੰ ਖੋਰਾ ਲੱਗ ਜਾਣਾ ਸੀ। ਉਸ ਨੂੰ ਵੀ ਮੁਫ਼ਤ ਦੇ ਕਾਗ਼ਜ਼ੀ ਡਾਲਰਾਂ ਦੀ ਥਾਂ ਕਿਸੇ ਸੱਚਮੁੱਚ ਦੀ ਕੀਮਤ ਵਾਲੀ ਦੌਲਤ ਨਾਲ ਤੇਲ ਖ਼ਰੀਦਣਾ ਪੈਣਾ ਸੀ। ਅਵੱਸ਼ ਹੀ ਇਰਾਕ ਨੇ ਮਰਨਾ ਸੀ। ਹੁਣ ਉਹੀ ਘੋਰ ਬੱਜਰ ਪਾਪ ਈਰਾਨ ਕਰ ਰਿਹਾ ਹੈ। ਉਸ ਨੇ ਤਾਂ ਅਮਰੀਕੀ ਜ਼ਿਆਦਤੀਆਂ ਤੋਂ ਤੰਗ ਆ ਕੇ ਅਜਿਹਾ ਆਕੜਨ ਵਾਲਾ ਰੁਖ਼ ਅਪਣਾਇਆ ਹੈ ਕਿ ਉਸ ਨੇ ਅਮਰੀਕੀ ਡਾਲਰਾਂ ਵਿਚ ਤੇਲ ਵੇਚਣਾ ਹੀ ਨਹੀਂ।

ਇਸ ਰੁਖ਼ ਨੂੰ ਅਮਰੀਕੀ ਸਰਕਾਰ ਅਤੇ ਉਸ ਨੂੰ ਕਾਬੂ ਕਰਕੇ ਚਲਾਉਂਦੀਆਂ ਫ਼ੈਡਰਲ ਰਿਜ਼ਰਵ ਦੀਆਂ ਗੁੱਝੀਆਂ ਯਹੂਦੀ ਬੈਂਕਰਾਂ ਦੀਆਂ ਸ਼ਕਤੀਆਂ ਲਈ, ਬਰਦਾਸ਼ਤ ਕਰਨਾ ਨਾਮੁਮਕਿਨ ਹੈ। ਇੰਜ ਤਾਂ ਉਨ੍ਹਾਂ ਦਾ ਕੁੱਲ ਦੁਨੀਆਂ ਉੱਤੇ ਕਾਬੂ ਪਾਉਣ ਅਤੇ ਚਲਾਉਣ ਦਾ ਢਾਈ ਸੌ ਸਾਲਾ ਉੱਦਮ ਨਸ਼ਟ ਹੋ ਜਾਵੇਗਾ। ਅਮਰੀਕਾ ਅਤੇ ਉਸ ਦੀ ਫ਼ੌਜ ਅਤੇ ਸਿਆਸਤ, ਬੈਂਕਰਾਂ ਦੀ ਕਠਪੁਤਲੀ ਹੈ। ਗ਼ੈਰ ਯਹੂਦੀ ਖ਼ਲਕਤ, ਬੇਸ਼ੱਕ ਲੱਖਾਂ ਕਰੋੜਾਂ ਵਿਚ ਮਰ ਜਾਵੇ, ਬੈਂਕਰਾਂ ਨੂੰ ਕੋਈ ਚਿੰਤਾ ਨਹੀਂ। ਉਨ੍ਹਾਂ ਨੂੰ ਕਿਸੇ ਦੇਸ ਦੀ ਕੋਈ ਚਿੰਤਾ ਨਹੀਂ, ਨਾ ਕਦੇ ਪਹਿਲਾਂ ਹੋਈ ਹੈ, ਨਾ ਅੱਜ ਹੈ। ਦੁਨੀਆਂ, ਬੈਂਕਰਾਂ ਦੀਆਂ ਨੀਤੀਆਂ ਕਾਰਨ, ਸੱਚਮੁੱਚ ਇਕ ਭਿਆਨਕ ਮੋੜ ਉੱਤੇ ਖੜੀ ਹੈ। ਏਸ ਸੰਕਟ ਦਾ ਇੱਕੋ ਇਕ ਸਹੀ ਹੱਲ ਇਹ ਹੈ ਕਿ ਅਮਰੀਕੀ ਫ਼ੌਜ ਬੈਂਕਰਾਂ ਤੋਂ ਆਕੀ ਹੋ ਕੇ ਲੜਨ ਤੋਂ ਇਨਕਾਰ ਕਰ ਦੇਵੇ। ਅਮਰੀਕੀ ਫ਼ੌਜੀ ਸੰਵਿਧਾਨ ਲਈ ਸਹੁੰ ਖਾਂਦੇ ਹਨ, ਜੋ ਸੰਵਿਧਾਨ ਅੱਜ ਲੀਰੋ ਲੀਰ ਹੈ। ਫ਼ੌਜ ਅੱਜ ਭਾੜੇ ਦੇ ਟੱਟੂਆਂ ਦੀ ਹੈ। ਪਰ ਉਸ ਦੇ ਅੰਦਰ ਬੇਅੰਤ ਸੋਚਵਾਨ ਅਤੇ ਸੂਝਵਾਨ ਵੀ ਹਨ, ਜੋ ਅੱਜ ਦੀਆਂ ਤਬਾਹੀ ਵੱਲ ਲਿਜਾਂਦੀਆਂ ਨੀਤੀਆਂ ਦੀ ਵਿਰੋਧਤਾ ਕਰ ਸਕਦੇ ਹਨ। ਵੇਖੋ ਕੀ ਬਣਦਾ ਹੈ।

ਜਦੋਂ ਸ਼ਕਤੀ ਅਤੇ ਤੇਲ ਦੀ ਗੱਲ ਤੋਰੀ ਜਾਂਦੀ ਹੈ ਤਾਂ ਉਦੋਂ ਲੜਾਈਆਂ ਅਤੇ ਤਬਾਹੀਆਂ ਦੀ ਗੱਲ ਆਪੇ ਸ਼ੁਰੂ ਹੋ ਜਾਂਦੀ ਹੈ। ਚਲੋ ਵਾਪਸ ਆਈਏ ਸ਼ਕਤੀ ਦੇ ਸੋਮੇ ਤੇਲ ਵੱਲ।

ਜਿਵੇਂ ਪਹਿਲਾਂ ਦੱਸਿਆ ਹੈ, ਤੇਲ ਤਾਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚੋਂ ਕੱਢਿਆ ਜਾ ਸਕਦਾ ਹੈ, ਇਥੋਂ ਤਕ ਕਿ ਅੰਮ੍ਰਿਤਸਰ ਜਾਂ ਦਿੱਲੀ ਦੇ ਹੇਠੋਂ ਵੀ। ਸ਼ਰਤ ਇਹ ਹੈ ਕਿ ਉਸ ਕੋਲ ਅਤਿ ਡੂੰਘਾ ਵਰਮਾਉਣ ਦੀ ਤਕਨਾਲੋਜੀ ਹੋਵੇ ਅਤੇ ਉਹ ਖ਼ਰਚਾ ਸਹਿਣ ਲਈ ਤਿਆਰ ਹੋਵੇ। ਪਰ ਇਕ ਵਾਰ ਪੰਝੀ ਤੀਹ ਡੂੰਘੇ ਖੂਹ ਪੈਦਾਵਾਰ ਸ਼ੁਰੂ ਕਰ ਦੇਣ ਤਾਂ ਲਹਿਰ ਬਹਿਰ ਹੋ ਸਕਦੀ ਹੈ। ਐਸ ਵੇਲੇ ਸਾਡੇ ਦੇਸ਼ ਅੰਦਰ ਕੇਵਲ ਮਿੱਠੇ ਤੇਲ ਦੀ ਭਾਲ ਹੈ। ਆਜ਼ਾਦੀ ਵੇਲੇ ਸਾਨੂੰ ਦੱਸਿਆ ਗਿਆ ਸੀ ਕਿ ਆਸਾਮ ਨੂੰ ਛੱਡ ਕੇ ਹੋਰ ਕਿਤੇ ਤੇਲ ਹੈ ਹੀ ਨਹੀਂ। ਇਸ ਭਰਮ ਨੂੰ ਮਿਟਾਉਣ ਲਈ ਸ਼ੁਰੂ ਵਿਚ ਰੁਮਾਨੀਆ ਅਤੇ ਸੋਵੀਅਤ ਸੰਘ ਨੇ ਸਾਡੀ ਮਦਦ ਕੀਤੀ। ਹੁਣ ਚੋਖਾ ਤੇਲ ਨਿਕਲ ਰਿਹੈ, ਪਰ ਸਾਡੀਆਂ ਲੋੜਾਂ ਤੋਂ ਬਹੁਤ ਘੱਟ।

ਵੀਅਤਨਾਮ ਨੂੰ ਜੰਗ ਨਾਲ ਬਰਬਾਦ ਕਰਨ ਉਪਰੰਤ ਪੱਛਮੀ ਸ਼ਕਤੀਆਂ ਨੇ ਸਮਝਾਇਆ ਕਿ ਉਥੇ ਕੋਈ ਵੀ ਲਾਭਦਾਇਕ ਕੁਦਰਤੀ ਵਸੀਲੇ ਨਹੀਂ ਹਨ। ਰੂਸ ਨੇ ਕਿਹਾ ਕਿ ਅਮਰੀਕੀ ਝੂਠ ਬੋਲਦੇ ਹਨ ਅਤੇ ਉਹ ਵੀਅਤਨਾਮੀਆਂ ਨੂੰ ਤੇਲ ਕੱਢ ਕੇ ਵਿਖਾਉਣਗੇ। ਵੀਅਤਨਾਮ ਕੋਲ ਏਸ ਮਹਿੰਗੇ ਕੰਮ ਲਈ ਨਕਦੀ ਕਿਥੇ ਸੀ ? ਇਕ ਸਾਂਝੀ ਕੰਪਨੀ ਬਣਾਈ ਗਈ ਜਿਸ ਨੇ ਕਾਮਯਾਬੀ ਦੀ ਸੂਰਤ ਵਿਚ ਕਮਾਈ ਨੂੰ ਹਿਸਾਬ ਨਾਲ ਵੰਡਣਾ ਸੀ। ਅੱਜ 'ਟਾਈਗਰ ਫੀਲਡ' ਵਿੱਚੋਂ ਬੇਅੰਤ ਤੇਲ ਨਿਕਲ ਰਿਹਾ ਹੈ ਅਤੇ ਵੀਅਤਨਾਮੀ ਵੀ ਸਵੈਮਾਣ ਨਾਲ ਸਿਰ ਉੱਚਾ ਕਰ ਸਕਦੇ ਹਨ, ਹੁਣ ਉਹ ਭਿਖ-ਮੰਗੇ ਨਹੀਂ। ਹੁਣ 'ਟੁੱਟੀ ਗੰਢਣ' ਲਈ ਅਮਰੀਕੀ ਸੈਨੇਟਰ ਅਤੇ ਕਾਂਗਰਸ ਮੈਂਬਰ 'ਹੋ ਚੀ ਮਿੰਨ' ਸ਼ਹਿਰ ਦੀ ਯਾਤਰਾ ਕਰਦੇ ਰਹਿੰਦੇ ਹਨ। ਏਥੋਂ ਤਕ ਕਿ ਪ੍ਰਧਾਨ ਬੁਸ਼ ਵੀ ਇਕ ਵਾਰ ਜ਼ਿਆਰਤ ਕਰ ਆਇਐ। ਇਸ ਨੂੰ ਕਹਿੰਦੇ ਹਨ ਤੇਲ ਦੀ ਸ਼ਕਤੀ। ਏਹੀ ਦੇਸ ਸੀ ਅਮਰੀਕਾ ਦੇ ਕਹਿਣ ਅਨੁਸਾਰ 'ਤੇਲੋਂ ਉਜੜਿਆ' ਦੇਸ।

ਅੱਜ ਵੀਅਤਨਾਮ ਆਪਣੇ ਡੂੰਘੇ ਖੂਹਾਂ ਵਿੱਚੋਂ ਹਰ ਰੋਜ਼ 3,50,000 ਬੈਰਲ ਤੇਲ ਕੱਢ ਰਿਹਾ ਹੈ। ਭਾਰਤ ਜੋ ਵੀਅਤਨਾਮ ਨਾਲੋਂ ਕਿਤੇ ਵੱਧ ਵਿਸ਼ਾਲ ਅਤੇ ਵਿਕਸਿਤ ਹੈ, ਕਰੀਬ 8,80,000 ਬੈਰਲ ਤੇਲ ਕੱਢਦਾ ਹੈ। ਸਾਡੀ ਪੈਦਾਵਾਰ ਲੋੜ ਦੇ ਨਾਲੋਂ ਕਿਤੇ ਘੱਟ ਹੈ। ਚੀਨ ਦੀ ਰੋਜ਼ਾਨਾ ਪੈਦਾਵਾਰ 39,00,000 ਬੈਰਲ ਹੈ, ਜੋ ਉਸਦੀ ਅੱਜ-ਕੱਲ੍ਹ ਦੀ ਲੋੜ ਨਾਲੋਂ ਕਿਤੇ ਘੱਟ ਹੈ। ਵੀਅਤਨਾਮ ਵਾਂਗ ਰੂਸ ਨੇ ਚੀਨ ਅੰਦਰ ਵੀ ਡੂੰਘੇ ਖੂਹ ਵਰਮਾਉਣੇ ਸ਼ੁਰੂ ਕੀਤੇ ਸਨ। ਇਸ ਵੇਲੇ ਇਹ ਪਤਾ ਨਹੀਂ ਕਿ ਪੈਦਾਵਾਰ ਅੰਦਰ ਡੂੰਘੇ ਖੂਹਾਂ ਦਾ ਹਿੱਸਾ ਕਿੰਨਾ ਹੈ। ਰੂਸ ਉੱਤਰੀ ਕੋਰੀਆ ਦੀ ਮਦਦ ਉੱਤੇ ਵੀ ਪੁੱਜਾ ਸੀ। ਏਸ ਵੇਲੇ ਉਥੋਂ ਦੇ ਤੇਲ ਦੀ ਪੈਦਾਵਾਰ ਕੇਵਲ 12000 ਬੈਰਲ ਪ੍ਰਤੀ ਦਿਨ ਹੈ। ਭਾਰਤ ਵਿਚ ਪਹਿਲੀ ਵਾਰ ਤੇਲ 1867 ਸੰਨ ਵਿਚ ਆਸਾਮ ਵਿੱਚੋਂ ਮਿਲਿਆ। 1948 ਵਿਚ ਏਥੋਂ 25,000 ਟਨ ਤੇਲ ਹਰ ਸਾਲ ਕੱਢਿਆ ਜਾਂਦਾ ਸੀ। ਯਾਦ ਰਹੇ ਇਕ ਟਨ ਵਿਚ 7.2 ਬੈਰਲ ਤੇਲ ਹੁੰਦਾ ਹੈ। ਇਸ ਹਿਸਾਬ ਹਰ ਰੋਜ਼ ਕਰੀਬ 4900 ਬੈਰਲ ਤੇਲ ਨਿਕਲਦਾ ਸੀ। ਬੇਅੰਤ ਕੋਸ਼ਿਸ਼ਾਂ ਦੇ ਨਾਲ 1980 ਦੇ ਵਿਚ ਅਸੀਂ 1,82,000 ਬੈਰਲ ਅਤੇ 1983 ਵਿਚ 4,80,000 ਬੈਰਲ ਪ੍ਰਤੀ ਦਿਨ ਉੱਤੇ ਪਹੁੰਚੇ, ਜੋ ਇਕ ਵੱਡੀ ਸਫਲਤਾ ਹੈ।

ਡੂੰਘੇ ਖੂਹ ਪੁੱਟਣ ਵਿਚ ਰੂਸ ਨੂੰ ਪਹਿਲੀ ਸਫਲਤਾ 1970 ਤੋਂ ਪਿੱਛੋਂ ਹੋਈ। 1982 ਤਕ ਉਸ ਦੇ ਕੋਲ ਆਪਣੇ ਥੋੜ੍ਹੇ ਹੀ ਡੂੰਘੇ ਖੂਹ ਸਨ। ਉਸ ਸਮੇਂ ਤੇਲ ਅਤੇ ਗੈਸ ਦੀ ਭਾਰਤੀ ਖੋਜ ਵਿਚ ਭਾਰਤ-ਰੂਸੀ ਇਨਕਲਾਬੀ ਮਿਲਵਰਤਣ ਜ਼ੋਰਾਂ 'ਤੇ ਸੀ।

ਏਸ ਤੋਂ ਛੁੱਟ ਰੂਸ ਨੂੰ ਨਵੀਂ ਤਕਨਾਲੋਜੀ ਦੀ ਪ੍ਰਾਪਤੀ ਦਾ ਢੰਡੋਰਾ ਪਿੱਟਣ ਦੀ ਵੀ ਲੋੜ ਸੀ। ਭਾਰਤ ਅੰਦਰ ਪਹਿਲਾ ਡੂੰਘਾ ਖੂਹ ਉਪਜਾਉਣ ਲਈ, 1983 ਵਿਚ ਗੰਗਾ-ਮੁਹਾਣੇ ਵਿਚ ਡ੍ਰਿਲਿੰਗ ਰਿੱਗ ਖੜ੍ਹਾ ਕੀਤਾ ਗਿਆ। ਧਰਤੀ ਨੂੰ 22000 ਫੁੱਟ ਡੂੰਘੇ ਵਰਮਾਅ ਕੇ ਤੇਲ ਕੱਢਣ ਦਾ, ਸੋਚ ਤੋਂ ਉੱਤੋਂ ਦਾ ਕਾਰਨਾਮਾ, ਪੂਰਾ ਕੀਤਾ ਜਾਣਾ ਸੀ। ਏਸ ਤੇਲ ਦੇ ਖੂਹ ਦਾ ਨਾਂ ਸੀ ਬੋਦਰਾ ਨੰ: 3, ਜਿਸ ਦੀ ਨਜ਼ਰਸਾਨੀ ਮਾਸਕੋ ਇੰਸਟੀਚਿਊਟ ਆਫ਼ ਡ੍ਰਿਲਿੰਗ ਦੇ ਚੋਟੀ ਦੇ ਮਾਹਰਾਂ ਵੱਲੋਂ ਕੀਤੀ ਜਾ ਰਹੀ ਸੀ। ਏਸ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਕੇਵਲ ਇੱਕੋ ਇਕ ਪੱਛਮੀ ਮਾਹਿਰ ਸੀ ਜੋ ਆਸਟ੍ਰੇਲੀਆ ਦਾ ਵਾਸੀ ਸੀ। ਅਮਰੀਕਨ ਸੀ.ਆਈ.ਏ. ਦੀ ਪੂਰੀ ਅੱਖ ਏਸ ਪ੍ਰਾਜੈਕਟ ਦੇ ਉੱਤੇ ਸੀ। ਅਜੇ ਕੰਮ ਅੱਧ ਤਕ ਹੀ ਪਹੁੰਚਿਆ ਸੀ ਕਿ ਏਸ ਦੀ ਤੋੜ ਫੋੜ ਕਰਵਾ ਦਿੱਤੀ ਗਈ। ਸਰਕਾਰ ਨੂੰ ਇੰਜ ਪਲੋਸ ਲਿਆ ਗਿਆ ਕਿ ਕਮਿਊਨਿਸਟ ਪੱਛਮੀ ਬੰਗਾਲ ਅੰਦਰੋਂ ਤੇਲ ਕੱਢਣਾ ਖ਼ਤਰੇ ਤੋਂ ਖ਼ਾਲੀ ਨਹੀਂ। ਆਸਟ੍ਰੇਲੀਆ ਮਾਹਿਰ ਘਰੋਂ ਛੁੱਟੀ ਤੋਂ ਪਰਤਿਆ ਤਾਂ ਆਉਂਦਿਆਂ ਨੂੰ ਤਬਾਹੀ ਨਜ਼ਰ ਆਈ।

ਤੇਲ ਦੀ ਕਮੀ ਕਿਤੇ ਵੀ ਨਹੀਂ। ਡੂੰਘਾ ਤੇਲ ਕੱਢਣ ਉੱਤੇ ਸਮਾਂ ਜ਼ਿਆਦਾ ਲੱਗਦਾ ਹੈ ਅਤੇ ਕਾਫ਼ੀ ਖ਼ਰਚੀਲਾ ਵੀ ਹੈ। ਜਿਸ ਤੇਜ਼ੀ ਦੇ ਨਾਲ ਅਮਰੀਕਾ ਦੇ ਅੰਦਰ ਤੇਲ ਦੀ ਵਰਤੋਂ ਵਧ ਰਹੀ ਸੀ, ਉਸ ਨੂੰ ਤੇਲ ਕੱਢਣ ਦਾ ਇਹ ਢੰਗ, ਰਾਸ ਨਹੀਂ ਸੀ ਆਉਂਦਾ। ਆਪਣੇ ਦੇਸ ਅੰਦਰ ਹਜ਼ਾਰਾਂ ਡੂੰਘੇ ਖੂਹ ਵਰਮਾਉਣ ਦੀ ਥਾਂ, ਉਸ ਲਈ ਅਤਿਅੰਤ ਸੌਖਾ ਸੀ ਕਿ ਫ਼ੌਜਾਂ ਅਤੇ ਜਹਾਜ਼ਾਂ ਉੱਤੇ ਖ਼ਰਚ ਕਰਕੇ, ਮੱਧ ਏਸ਼ੀਆ ਦੇ ਤੇਲ-ਸੋਮਿਆਂ ਉੱਤੇ ਕਬਜ਼ਾ ਕਰ ਲਿਆ ਜਾਵੇ। ਤੇਲ, ਧਰਤੀ ਦੇ ਡੂੰਘੇ ਕੜ ਅੰਦਰ, ਆਪਣੇ ਆਪ ਬਣ ਕੇ ਉੱਪਰ ਵੱਲ ਉੱਠਦਾ ਹੈ। ਜਿਥੋਂ ਉਹ ਤੇਲ ਖੂਹਾਂ ਰਾਹੀਂ ਕੱਢ ਲਿਆ ਜਾਂਦਾ ਹੈ। ਤੇਲ ਦੀਆਂ ਕੀਮਤਾਂ ਵਧਾਉਣ ਜਾਂ ਉੱਚੀਆਂ ਰੱਖਣ ਲਈ ਜ਼ਰੂਰੀ ਹੈ ਕਿ ਕੂੜ ਪ੍ਰਚਾਰ ਨਾਲ ਲੋਕਾਂ ਅੰਦਰ ਸਹਿਮ ਪਾ ਕੇ ਰੱਖਿਆ ਜਾਵੇ ਕਿ ਤੇਲ ਜੀਵ-ਉਪਜ ਹੈ, ਜਿਸ ਦੇ ਭੰਡਾਰ ਆਉਂਦੇ ਸਮਿਆਂ ਵਿਚ ਮੁੱਕੇ ਕਿ ਮੁੱਕੇ। ਏਹੀ ਸਹਿਮ ਸਾਡੇ ਜੇਹੇ ਦੇਸਾਂ ਉੱਤੇ ਠੋਸਿਆ ਜਾਂਦਾ ਹੈ ਕਿ ਤੇਲ ਸ਼ਕਤੀ ਤਾਂ ਮੁੱਕ ਹੀ ਜਾਣੀ ਹੈ, ਨਾਲ ਹੀ ਏਸ ਨਾਲ ਕਾਰਬਨ ਡਾਈਆਕਸਾਈਡ ਜਹੀ ਜ਼ਹਿਰੀਲੀ ਚੀਜ਼ ਪੈਦਾ ਹੁੰਦੀ ਹੈ (ਨਿਰਾ ਪੁਰਾ ਝੂਠ ਹੈ, ਕਾਰਬਨ ਡਾਈਆਕਸਾਈਡ ਜ਼ਿੰਦਗੀ ਦਾ ਆਧਾਰ ਹੈ)। ਏਸ ਲਈ ਸਾਨੂੰ ਬਿਜਲੀ ਦੀ ਸ਼ਕਤੀ ਲਈ ਵੱਧ ਤੋਂ ਵੱਧ ਪ੍ਰਮਾਣੂ ਤਕਨਾਲੋਜੀ ਦੀ ਵਰਤੋਂ ਕਰਨੀ ਚਾਹੀਦੀ ਹੈ।

ਅੱਜ-ਕੱਲ੍ਹ ਚੋਣਵੇਂ ਦੇਸਾਂ ਦੇ ਅੰਦਰ ਜੀਅ ਪ੍ਰਤੀ ਬਿਜਲੀ ਦੀ ਖਪਤ (ਵਾਟਾਂ ਵਿਚ) ਹੇਠ ਲਿਖੇ ਅਨੁਸਾਰ ਹੋ ਰਹੀ ਹੈ :

ਅਮਰੀਕਾ 10381, ਰੂਸ 5890, ਚੀਨ 1516, ਭਾਰਤ 682, ਪਾਕਿਸਤਾਨ 606 ਅਤੇ ਨੇਪਾਲ 447 ਵਾਟ।

ਬਿਜਲੀ ਪੈਦਾ ਕਰਨ ਲਈ ਭਾਰਤ, ਚੀਨ ਅਤੇ ਅਮਰੀਕਾ ਦੇ ਅੰਦਰ ਤਾਪ ਬਿਜਲੀ ਘਰਾਂ (ਕੋਲਾ, ਤੇਲ ਜਾਂ ਗੈਸ ਬਾਲਣ ਵਾਲੇ) ਦੀ ਵਰਤੋਂ ਕ੍ਰਮਵਾਰ 65 ਪ੍ਰਤੀਸ਼ਤ, 83 ਪ੍ਰਤੀਸ਼ਤ ਅਤੇ 70 ਪ੍ਰਤੀਸ਼ਤ ਕੀਤੀ ਜਾਂਦੀ ਹੈ। ਜ਼ਾਹਿਰ ਹੈ ਕਿ ਭਾਰਤ ਅਤੇ ਚੀਨ ਰਲ ਕੇ ਵੀ ਅਮਰੀਕਾ ਦਾ ਇਕ ਪਾਸਕੂ ਹੀ ਬਣਦੇ ਹਨ।

ਭਾਰਤ ਦੇ ਕੋਲ ਆਪਣਾ ਬੇਅੰਤ ਕੋਲਾ ਹੈ। ਆਪਣੀ ਸੌ ਸਾਲਾਂ ਤੋਂ ਵੱਧ ਹੰਢੀ-ਵਰਤੀ ਤੇ ਜਾਣੀ-ਪਛਾਣੀ ਤਕਨਾਲੋਜੀ ਹੈ। ਥਰਮਲ ਪਲਾਂਟ ਖੜੇ ਵੀ ਜਲਦੀ ਹੁੰਦੇ ਹਨ, ਬਾਹਰੋਂ ਇਕ ਧੇਲੇ ਦੀ ਚੀਜ਼ ਖਰੀਦਣ ਦੀ ਲੋੜ ਨਹੀਂ ਅਤੇ ਆਲੇ-ਦੁਆਲੇ ਵਧਦੀ ਖ਼ਲਕਤ ਨੂੰ ਕਿਸੇ ਸਨਅਤੀ ਹਾਦਸੇ ਦਾ ਖ਼ਤਰਾ ਨਹੀਂ। ਪੰਜਾਬ ਅੰਦਰ ਚੱਲਦੇ ਸਭ ਥਰਮਲ ਪਲਾਂਟ ਸ਼ਹਿਰਾਂ ਦੇ ਕੋਲ ਹਨ। ਥਰਮਲ ਪਲਾਂਟ ਤੇਲ ਨਾਲ ਵੀ ਚੱਲ ਸਕਦੇ ਹਨ, ਪਰ ਉਸ ਲਈ ਸਾਨੂੰ ਡੂੰਘੇ ਤੇਲ-ਖੂਹ ਵਰਮਾਉਣ ਲਈ ਰੂਸ ਦੀ ਮਦਦ ਲੈਣੀ ਪਵੇਗੀ। ਇਕ ਵਾਰ ਡੂੰਘੇ ਖੂਹਾਂ ਦਾ ਸਿਲਸਿਲਾ ਚਾਲੂ ਹੋ ਗਿਆ ਤਾਂ ਸਦਾ ਲਈ ਲਹਿਰ ਬਹਿਰ ਹੋ ਸਕਦੀ ਹੈ, ਕਈ ਮੁਹਾਜ਼ਾਂ ਉੱਤੇ।

ਅਮਰੀਕਾ ਅੰਦਰ 30 ਕੰਪਨੀਆਂ 104 ਪ੍ਰਮਾਣੂ ਬਿਜਲੀ ਘਰ ਚਲਾ ਰਹੀਆਂ ਹਨ। ਸੋਲਾਂ ਪ੍ਰਮਾਣੂ ਬਿਜਲੀ ਘਰ ਨਾ ਜਾਣੇ ਕਿਹੜੇ ਕਾਰਨਾਂ ਕਰਕੇ ਬੰਦ ਹਨ। ਅਮਰੀਕਾ ਵਿਸ਼ਾਲ ਦੇਸ ਹੈ। ਅਜੇਹੇ ਬਿਜਲੀ ਘਰ ਵੱਸੋਂ ਤੋਂ ਦੂਰ ਬਣਾਏ ਜਾਂਦੇ ਹਨ। ਅਮਰੀਕਾ ਅੰਦਰ ਆਖ਼ਰੀ ਪ੍ਰਮਾਣੂ ਬਿਜਲੀ ਘਰ 1996 ਵਿਚ ਚੱਲਿਆ ਸੀ, ਉਸ ਪਿੱਛੋਂ ਚੁੱਪ-ਚਾਂ ਹੈ। ਪ੍ਰਮਾਣੂ ਬਿਜਲੀ ਉਸਾਰੂ ਕੰਪਨੀਆਂ ਕੰਮਾਂ ਤੋਂ ਬਿਨਾਂ ਡਾਵੀਆਂ ਸੰਕਟ ਵਿਚ ਹਨ।

ਕੁੱਲ ਦੁਨੀਆਂ ਅੰਦਰ ਹਾਲਾਂ ਤਕ ਪ੍ਰਮਾਣੂ ਸ਼ਕਤੀ ਨਾਲ ਜੁੜੇ ਇਕ ਸਵਾਲ ਦਾ ਜੁਆਬ ਨਹੀਂ ਮਿਲ ਸਕਿਆ। ਉਹ ਇਹ ਹੈ ਕਿ ਪ੍ਰਮਾਣੂ ਸਨਅਤਕਾਰੀ ਵਿਚ ਉਤਪੰਨ ਹੋਏ ਰੇਡੀਓਐਕਟਿਵ ਕੂੜੇ ਨੂੰ ਸਦਾ ਸਦਾ ਲਈ ਕਿਸ ਤਰ੍ਹਾਂ ਨਿਪਟਾਇਆ ਜਾਵੇ ਕਿ ਆਉਣ ਵਾਲੀਆਂ ਪੁਸ਼ਤਾਂ, ਸੈਂਕੜੇ, ਹਜ਼ਾਰਾਂ ਅਤੇ ਲੱਖਾਂ ਸਾਲਾਂ ਲਈ, ਇਸ ਦੀ ਰੇਡੀਏਸ਼ਨ ਤੋਂ ਬਚ ਸਕਣ ? ਕੁਲ ਪ੍ਰਮਾਣੂ ਸ਼ਕਤੀ ਦੇਸ, ਆਪਣੇ ਕਈ ਇਲਾਕਿਆਂ ਨੂੰ ਸਦਾ ਲਈ ਰੇਡੀਏਸ਼ਨ ਦੇ ਨਾਲ ਉਜਾੜ ਚੁੱਕੇ ਹਨ। ਕਈ ਪੱਛਮੀ ਦੇਸ

ਪੱਛੜੇ ਦੇਸਾਂ ਦੇ ਅੰਦਰ ਜਾਂ ਲਾਗਲੇ ਸਮੁੰਦਰਾਂ ਵਿਚ ਪ੍ਰਮਾਣੂ ਕੂੜਾ ਖਿਲਾਰ ਆਉਂਦੇ ਹਨ। ਇਹ ਕੋਈ ਸ਼ਰਾਫ਼ਤ ਵਾਲੀ ਗੱਲ ਨਹੀਂ।

ਐਸ ਮੌਕੇ ਈਰਾਨ ਦੀ ਕਹਾਣੀ ਬਹੁਤ ਢੁੱਕਦੀ ਹੈ। 1953 ਵਿਚ ਅਮਰੀਕਨ ਸੀ.ਆਈ.ਏ. ਨੇ ਲੋਕਾਂ ਦੇ ਚੁਣੇ ਹੋਏ ਈਰਾਨੀ ਪ੍ਰਧਾਨ ਮੰਤਰੀ ਮੁਸੱਦਕ ਨੂੰ ਢਾਅ ਕੇ ਕਤਲ ਕਰਵਾਇਆ ਅਤੇ ਉਸ ਦੀ ਥਾਂ ਬਾਦਸ਼ਾਹ ਜਾਂ 'ਸ਼ਾਹ' ਰਜ਼ਾ ਪਹਿਲਵੀ ਨੂੰ ਤਾਜ ਪਹਿਨਾ ਦਿੱਤਾ। ਸ਼ਾਹ ਤਾਂ ਖਿਡੌਣਾ ਹੀ ਆਪਣਾ ਸੀ। ਉਸ ਦੇ ਮੂੰਹ ਵਿੱਚੋਂ ਫ਼ੁਰਮਾਇਆ ਗਿਆ, "ਤੇਲ ਅਤਿਅੰਤ ਕੀਮਤੀ ਚੀਜ਼ ਹੈ ਅਤੇ ਉਹ ਦਿਨ ਦੂਰ ਨਹੀਂ ਕਿ ਇਹ ਖ਼ਤਮ ਹੋ ਜਾਵੇਗਾ।" ਏਸ ਲਈ ਸ਼ਾਹ ਨੇ ਸੰਨ 2000 ਤਕ 23 ਪ੍ਰਮਾਣੂ ਬਿਜਲੀ ਘਰ ਉਸਾਰਨ ਦਾ ਪ੍ਰੋਗਰਾਮ ਛਾਪ ਦਿੱਤਾ। ਪੱਛਮੀ ਦੇਸਾਂ ਸਮੇਤ ਅਮਰੀਕਾ ਦੀਆਂ ਸਨਅਤੀ ਗਿਰਜਾਂ ਈਰਾਨ ਉੱਤੇ ਮੰਡਰਾਉਣ ਲੱਗ ਪਈਆਂ ਅਤੇ ਅਰਬਾਂ ਹੀ ਡਾਲਰ ਖ਼ਰਚੇ ਜਾਣ ਲੱਗ ਪਏ। ਪ੍ਰਧਾਨ ਆਈਜ਼ਨਹਾਵਰ ਨੇ 'ਐਟਮ ਫ਼ਾਰ ਪੀਸ" ਭਾਵ "ਪ੍ਰਮਾਣੂ ਸ਼ਾਂਤੀ ਲਈ" ਦਾ ਨਾਅਰਾ ਘੜ ਲਿਆ। ਥਾਂ ਥਾਂ ਉੱਤੇ ਕੰਮ ਚਾਲੂ ਹੋ ਗਿਆ। 1979 ਵਿਚ ਸ਼ਾਹ ਦੇ ਅਤਿਅੰਤ ਜ਼ੁਲਮਾਂ ਦੇ ਮਾਰੇ ਈਰਾਨ ਵਿਚ ਇਨਕਲਾਬ ਹੋ ਗਿਆ, ਜਿਸ ਕਾਰਨ ਸ਼ਾਹ ਨੂੰ ਦੇਸੋਂ ਬਾਹਰ ਭੱਜਣਾ ਪਿਆ। ਨਵੀਂ ਸਰਕਾਰ ਨੇ ਰੁਕੇ ਹੋਏ ਪ੍ਰਮਾਣੂ ਬਿਜਲੀ ਘਰਾਂ ਦੇ ਕੰਮ ਜਾਰੀ ਕਰਨੇ ਚਾਹੇ ਤਾਂ ਪੱਛਮੀ ਮਿਲਵਰਤਣ ਬੰਦ ਹੋ ਗਿਆ। ਮੁੱਲ ਤਾਰੇ ਹੋਏ ਪ੍ਰਮਾਣੂ ਸਾਮਾਨ ਉੱਤੇ ਵੀ ਪੂਰਨ ਪਾਬੰਦੀ ਲੱਗ ਗਈ ਜੋ ਅਜੇ ਤਕ ਜਾਰੀ ਹੈ। ਲੱਖ ਜਤਨਾਂ ਦੇ ਬਾਵਜੂਦ ਇੱਕੋ ਇਕ ਬਿਜਲੀ ਘਰ "ਬੁਸ਼ਹਰ" ਸੰਨ 2010 ਤਕ ਵੀ ਚਾਲੂ ਨਹੀਂ ਹੋਇਆ। ਈਰਾਨ ਦੇਸ ਦਾ ਕਿੰਨਾ ਸਰਮਾਇਆ ਬਰਬਾਦ ਹੋਇਆ, ਕਿਆਸ ਤੋਂ ਬਾਹਰ ਹੈ।

ਸੋਚਣ ਵਾਲੀ ਗੱਲ ਇੱਕੋ ਹੀ ਹੈ ਕਿ ਬੇਅੰਤੋ ਬੇਅੰਤ ਤੇਲ ਮਾਲਕ ਨੂੰ ਜਦੋਂ ਤੇਲੋਂ ਚੱਲਦੇ ਬਿਜਲੀ ਘਰ ਬਣਾ ਕੇ ਦੇਣ ਦੀ ਥਾਂ ਉਸ ਨੂੰ ਪ੍ਰਮਾਣੂ ਬਿਜਲੀ ਦੀ ਸੜਕ ਉੱਤੇ ਤੋਰ ਦਿੱਤਾ ਜਾਵੇ ਤਾਂ ਸਮਝੋ ਦਾਲ ਵਿਚ ਕੁਝ ਕਾਲਾ ਹੈ। ਅਮਰੀਕਾ ਦਾ ਆਪਣਾ ਪਹਿਲਾ ਵੱਡਾ ਪ੍ਰਮਾਣੂ ਬਿਜਲੀ ਘਰ 1961 ਵਿਚ ਚਾਲੂ ਹੋਇਆ ਸੀ ਅਤੇ ਆਖ਼ਰੀ 1996 ਵਿਚ।

ਭਾਰਤ ਵਿਚ ਕੋਲੇ ਦੇ ਬੇਅੰਤੋ ਬੇਅੰਤ ਭੰਡਾਰ ਹਨ ਜਿਹੜੇ ਟਿੱਲ ਦਾ ਜ਼ੋਰ ਲਾਇਆਂ ਵੀ ਕਈ ਸੈਂਕੜੇ ਸਾਲਾਂ ਤਕ ਨਹੀਂ ਮੁੱਕਣੇ। ਸਾਨੂੰ ਪੜ੍ਹਾਇਆ ਜਾ ਰਿਹਾ ਹੈ ਅਤੇ ਜਾ ਚੁੱਕਾ ਹੈ ਕਿ ਬੱਚਿਓ! ਕੋਲਾ ਬਾਲਣਾ ਬਹੁਤ ਬੁਰੀ ਚੀਜ਼ ਹੈ, ਇਸ ਦੇ ਨਾਲ ਬਿਜਲੀ ਘਰ ਨਹੀਂ ਬਣਾਉਣੇ ਚਾਹੀਦੇ ਕਿਉਂਕਿ ਵਾਤਾਵਰਣ ਖ਼ਰਾਬ ਹੋ ਜਾਂਦਾ ਹੈ। ਕਾਰਬਨ ਡਾਈਆਕਸਾਈਡ ਨਿਕਲ ਆਉਂਦੀ ਹੈ, ਧਰਤੀ ਗਰਮ ਹੋਣ ਲੱਗ ਪਈ ਹੈ ਅਤੇ ਤਬਾਹੀ ਦੇ ਕੰਢੇ 'ਤੇ ਆ ਗਈ ਹੈ। ਉੱਤਰੀ ਅਤੇ ਦੱਖਣੀ ਧਰੁਵਾਂ ਤੋਂ ਕਰੋੜਾਂ ਸਾਲਾਂ ਦੀ ਜੰਮੀ ਬਰਫ਼ ਪੰਘਰ ਰਹੀ ਹੈ। ਹਿਮਾਲਿਆ ਦੇ ਗਲੇਸ਼ੀਅਰ ਪੰਘਰ ਰਹੇ ਹਨ। ਇਕ ਮਾਰੂ ਗਰਮੀ ਦਾ ਯੁੱਗ ਆ ਰਿਹਾ ਹੈ। ਅੱਗੋਂ ਖੇਤੀ ਨੂੰ ਛੱਡ ਕੇ ਪੀਣ ਵਾਲਾ ਪਾਣੀ ਵੀ ਨਹੀਂ ਮਿਲਣਾ। ਇਹ ਸਭ ਗੱਲਾਂ ਸਾਨੂੰ ਸੁਣਾਉਣ ਅਤੇ ਡਰਾਉਣ ਲਈ ਹਨ। ਸਾਨੂੰ ਪੜ੍ਹਾਉਣ ਵਾਲੇ ਇਹ ਨਹੀਂ ਦੱਸਦੇ ਕਿ ਸਾਡੇ ਨਾਲੋਂ ਵੀਹ ਗੁਣਾ ਵੱਧ ਕੋਲਾ ਤਾਂ ਉਹ ਆਪ ਅਮਰੀਕਾ ਵਿਚ ਬਾਲ ਰਹੇ ਹਨ। ਜੇ ਪੂਰੇ ਪੱਛਮੀ ਦੇਸ ਨਾਲ ਰਲਾ ਲਏ ਜਾਣ ਤਾਂ ਉਨ੍ਹਾਂ ਦੀ ਕੁਲ ਕੋਲਾ ਵਰਤੋਂ ਭਾਰਤ ਦੇ ਨਾਲੋਂ 50 ਗੁਣਾ ਦੇ ਕਰੀਬ ਹੋ ਸਕਦੀ ਹੈ। ਸਾਨੂੰ ਸਬਕ ਇਹ ਸਿਖਾਇਆ ਜਾ ਰਿਹਾ ਹੈ ਕਿ ਭਾਰਤ ਤੇਜ਼ੀ ਨਾਲ (ਕਿਹੜੀ ਤੇਜ਼ੀ ?) ਕੋਲੇ ਦੀ ਵਰਤੋਂ ਵਧਾ ਵਧਾ ਕੇ ਕੁਲ ਦੁਨੀਆਂ ਦੇ ਵਾਤਾਵਰਣ ਨੂੰ ਵਿਗਾੜ ਰਿਹੈ ਇਤਿਆਦ। ਏਸ ਤੋਂ ਬਾਜ਼ ਆਉਣਾ ਚਾਹੀਦਾ ਹੈ। ਉਸ ਦਾ ਹੱਲ ਪ੍ਰਧਾਨ ਬੁਸ਼ ਅਤੇ ਸਕੱਤਰ ਕੰਡਲੀਜ਼ਾ ਰਾਈਸ ਨੇ ਕੁਰਸੀ ਮਿਲਦਿਆਂ ਹੀ ਭਾਰਤ ਨੂੰ ਪ੍ਰਮਾਣੂ ਬਿਜਲੀ ਦੀ ਸੜਕ ਵੱਲ ਧੱਕਣਾ ਸ਼ੁਰੂ ਕਰ ਦਿੱਤਾ। ਅਖੇ ਸਾਫ਼ ਸੁਥਰੀ ਪ੍ਰਮਾਣੂ ਬਿਜਲੀ ਉਪਜਾਓ ਅਤੇ ਪ੍ਰਭੂ ਦੇ ਗੁਣ ਗਾਓ। ਅਖੇ ਹੁਣੇ ਹੀ ਫ਼ੈਸਲਾ ਕਰ ਲਉ, ਨਹੀਂ ਤਾਂ ਪ੍ਰਮਾਣੂ ਦੀ ਸ਼ਕਤੀ ਬਸ ਚਲੀ ਜੇ, ਇਸ ਮੁੜ ਵਾਪਸ ਨਹੀਂ ਜੇ ਆਉਣਾ। ਪ੍ਰਮਾਣੂ ਬਿਜਲੀ ਘਰਾਂ ਦੀ ਉਸਾਰੀ ਵੱਲ ਉਲਾਰ ਕਰਵਾ ਕੇ ਕੀ ਭਾਰਤ ਦੀ ਦੋਸਤਾਨਾ ਮਦਦ ਕੀਤੀ ਗਈ ਹੈ ਜਾਂ ਬਸਤੀਵਾਦ ਦੇ ਨਵੇਂ ਢੰਗਾਂ ਦੇ ਵਿਚ ਫਸਾਇਆ ਜਾ ਰਿਹੈ ? ਜੇ ਉਹ ਅਤਿਅੰਤ ਢੇਰ ਸਾਰੀ ਬਿਜਲੀ, ਆਪ, ਕੋਲਾ ਆਦਿ ਬਾਲ ਕੇ ਪੈਦਾ ਕਰਦੇ ਨੇ ਤਾਂ ਸਾਨੂੰ ਕਿਉਂ ਵਰਜਿਆ ਜਾ ਰਿਹੈ ? ਇਜਾਰਾਦਾਰ ਅਤੇ ਸਾਮਰਾਜ ਕਿਸੇ ਦੇ 'ਸੱਚੇ' ਮਿੱਤਰ ਹੋਣ, ਐਸਾ ਨਾ ਕਦੇ ਪਹਿਲਾਂ ਹੋਇਐ ਅਤੇ ਨਾ ਹੀ ਅੱਜ ਹੋਣੈ। ਉਨ੍ਹਾਂ ਦੀਆਂ ਮੋਮਠੱਗਣੀਆਂ ਕਿਵੇਂ "ਭਾਰਤ ਇਕ ਸੁਪਰ ਪਾਵਰ ਬਣਨ ਜਾ ਰਿਹੈ" ਦੀ ਫੂਕ ਜੇ ਅਸੀਂ ਛਕ ਜਾਈਏ ਤਾਂ ਸਾਡੇ ਨਾਲੋਂ ਭੋਲਾ, ਅਣਜਾਣ ਅਤੇ ਉੱਲੂ ਦੇਸ, ਹੋਰ ਕੋਈ ਹੋ ਨਹੀਂ ਸਕਦਾ।

ਮੇਰੀ ਤੁੱਛ ਬੁੱਧੀ ਅਨੁਸਾਰ ਕੋਲਾ ਸਾਡੀ ਬੇਅੰਤਾਂ ਦੀ ਉਪਜਾਈ ਬਿਜਲੀ ਦਾ ਆਧਾਰ ਹੋਣਾ ਚਾਹੀਦਾ ਹੈ। ਨਾ ਸਾਨੂੰ ਕਿਸੇ ਅੱਗੇ ਹੱਥ ਟੱਡਣਾ ਪਊ ਅਤੇ ਨਾ ਹੀ ਤਾਪ ਬਿਜਲੀ ਘਰ ਬਣਾਉਂਦਿਆਂ ਚਲਾਉਂਦਿਆਂ ਕੋਈ ਦੇਰ ਲੱਗਣੀ ਹੈ।

ਭੂਗੋਲਿਕ ਤਪਾਈ ਦਾ ਡਰਾਮਾ ਸਰਾ-ਸਰ ਫ਼ਰੇਬ ਹੈ। ਹਰ ਪਾਸੇ ਵਧ ਰਹੀਆਂ ਸੱਚਮੁੱਚ ਦੀਆਂ ਸਰਦੀਆਂ ਨੇ ਕਾਗ਼ਜ਼ੀ, ਫ਼ਿਲਮੀ ਅਤੇ ਪ੍ਰਚਾਰੀ 'ਵਧ ਰਹੀ ਗਰਮੀ' ਦੇ ਝੂਠੇ ਪ੍ਰਚਾਰ ਨੂੰ ਕਰਾਰੀ ਸੱਟ ਮਾਰੀ ਹੈ।

ਏਹ ਸਮਾਂ ਧੀਰਜ ਨਾਲ ਸਮਝ, ਵਿਚਾਰ ਅਤੇ ਪੜਚੋਲ ਕਰਨ ਵਾਲਾ ਹੈ। ਜੇ ਅਸੀਂ ਬਾਹਰਲਿਆਂ ਦੇ ਭੁਚਲਾਵਿਆਂ ਵਿਚ ਆ ਕੇ ਢਲਵਾਨੀ ਤਿਲਕਦੀ ਸੜਕ ਉੱਤੇ ਬਿਨਾਂ ਇਹਤਿਆਤ ਦੇ ਚੱਲ ਪਏ ਤਾਂ ਹੋਸ਼ ਆਉਣ ਤਕ ਬੜੀ ਦੇਰ ਹੋ ਜਾਵੇਗੀ। ਸ਼ਕਤੀ ਦੀ ਤਾਂ ਡਾਢੀ ਲੋੜ ਹੈ ਪਰ ਉਹ, ਸਾਨੂੰ ਰਾਸ ਤਾਂ ਆਵੇਗੀ ਜੇ ਹਰ ਪਹਿਲੂ ਤੋਂ, ਸਦਾ ਲਈ ਸਾਡੇ ਆਪਣੇ ਹੀ ਕਾਬੂ ਵਿਚ ਰਹੇ।

# ਹਥਿਆਰਾਂ ਅਤੇ ਖ਼ਿਆਲਾਂ ਦੀ ਜੰਗ

ਇਨਸਾਨ ਜਦੋਂ ਤਕ ਆਪਣੀ ਮਿਹਨਤ ਦੇ ਨਾਲ ਏਨਾ ਹੀ ਪੈਦਾ ਕਰਨ ਯੋਗ ਸੀ ਕਿ ਉਹ ਨਿਰਾ ਆਪਣੇ ਆਪ ਨੂੰ ਪਾਲ ਸਕੇ ਜਾਂ ਇਕ ਇਸਤਰੀ ਦੇ ਨਾਲ ਰਲ ਕੇ ਮਸਾਂ ਮਸਾਂ ਦੋ ਬੱਚਿਆਂ ਦੀ ਭੁੱਖ ਦੂਰ ਕਰ ਸਕੇ, ਓਦੋਂ ਤਕ ਉਹ ਸਹੀ ਤੌਰ ’ਤੇ ਆਜ਼ਾਦ ਸੀ। ਉਸ ਨੂੰ ਬੰਦੀ ਬਣਾਉਣ ਦਾ ਕਿਸੇ ਨੂੰ ਫ਼ਾਇਦਾ ਨਹੀਂ ਸੀ। ਜਿਉਂ ਹੀ ਉਸ ਨੇ ਪਸ਼ੂ ਨੂੰ ਪਾਲਣਾ ਸਿੱਖ ਲਿਆ ਅਤੇ ਧਰਤੀ ਵਿੱਚੋਂ ਅੰਨ ਉਗਾ ਲਿਆ ਤਾਂ ਉਹ ਹੋਰ ਕਿਸੇ ਡਾਢੇ ਦਾ ਬੰਦੀ ਬਣਨ ਯੋਗ ਹੋ ਗਿਆ। ਉਸ ਦੀ ਆਪਣੀ ਲੋੜ ਤੋਂ ਵੱਧ ਪੈਦਾਵਾਰ ਨੇ ਸਥਾਨਕ ਡਾਢੇ, ਸਰਦਾਰ, ਰਜਵਾੜੇ ਅਤੇ ਮਹਾਰਾਜੇ ਪੈਦਾ ਕਰ ਦਿੱਤੇ। ਬੰਦੀ ਇਨਸਾਨਾਂ ਦੀ ਗਿਣਤੀ ਪਸ਼ੂ ਸਮਾਨ ਹੋ ਗਈ। ਉਸ ਦੇ ਮਨ ਅਤੇ ਸਰੀਰ ਉੱਤੇ ਉਸ ਦੇ ਆਕਾ/ਮਾਲਕ ਦਾ ਅਸਰ ਰਸੂਖ਼, ਡਰ, ਸਹਿਮ ਵਗ਼ੈਰਾ ਛਾ ਗਏ। ਉਹ ਆਪਣੇ ਮਾਲਕ ਦੇ ਲਈ ਜਾਨ ਤਕ ਕੁਰਬਾਨ ਕਰਨ ਲੱਗ ਪਿਆ। ਦੁਨੀਆਂ ਦੇ ਕੁੱਲ ਸਰਦਾਰ ਅਤੇ ਰਜਵਾੜੇ ਲਗਪਗ ਇਕ ਹੀ ਤਰ੍ਹਾਂ, ਤਲਵਾਰ ਦੇ ਜ਼ੋਰ, ਪਿੱਛੋਂ ਬੰਦੂਕ ਅਤੇ ਪੁਲਿਸ ਤੇ ਫ਼ੌਜ ਦੇ ਜ਼ੋਰ, ਲੋਕਾਂ ਨੂੰ ਪਸ਼ੂਆਂ ਦੇ ਵਾਂਗ ਆਪਣੇ ਹੁਕਮ ਹੇਠ ਜਥੇਬੰਦ ਕਰਨ ਲੱਗੇ। ਸਤਾਰ੍ਹਵੀਂ ਸਦੀ ਅੰਦਰ ਸਨਅਤੀ ਇਨਕਲਾਬ ਆ ਗਿਆ ਤਾਂ ਇਹ ਦੋ-ਪਾਇਆ ਪਸ਼ੂ ਪਹਿਲਾਂ ਤੋਂ ਵੀ ਵਧੇਰੇ ਗੁਣਕਾਰੀ ਹੋ ਗਿਆ।

ਸਰਦਾਰਾਂ, ਰਜਵਾੜਿਆਂ ਅਤੇ ਸਾਮਰਾਜਾਂ ਨੇ ਮਾਨਵ ਪਸ਼ੂਆਂ ਨੂੰ ਮਰਨ-ਮਾਰਨ ਲਈ ਜੰਗ ਦੀ ਭੱਠੀ ਵਿਚ ਵਰਤਣਾ ਸ਼ੁਰੂ ਕੀਤਾ, ਜਿਥੇ ਉਹ ਹਜ਼ਾਰਾਂ, ਲੱਖਾਂ ਦੀ ਗਿਣਤੀ ਵਿਚ “ਕੰਮ ਆਉਂਦੇ” ਸਨ। ਅਜਿਹਾ ਤਾਂ ਅੱਜ ਵੀ ਹੋ ਰਿਹਾ ਹੈ। ਹਰ ਪਾਸੇ ਮਾਨਵ ਪਸ਼ੂਆਂ ਦੀ ਕਮਾਈ ਦੇ ਨਾਲ ਦੌਲਤ ਪੈਦਾ ਹੋਣੀ ਸ਼ੁਰੂ ਹੋ ਗਈ, ਖ਼ਜ਼ਾਨੇ ਭਰਨੇ ਸ਼ੁਰੂ ਹੋ ਗਏ। ਸਰਦਾਰਾਂ, ਰਾਜਿਆਂ ਅਤੇ ਸਾਮਰਾਜਾਂ ਦੇ ਖ਼ਜ਼ਾਨਚੀ, ਬੈਂਕਰ ਅਤੇ ਬੈਂਕ ਪੈਦਾ ਹੋਣ ਲੱਗ ਪਏ। ਸਰਕਾਰਾਂ ‘ਪੱਲੇ ਪਈਆਂ’ ਜਾਂ ‘ਆਪ ਸਹੇੜੀਆਂ’ ਜੰਗਾਂ ਲਈ ਮਾਲ ਦੌਲਤ ਦੀ ਥੁੜ੍ਹ ਪੂਰੀ ਕਰਨ ਲਈ ਸੂਦ ਉੱਤੇ ਕਰਜ਼ੇ ਲੈਣ ਦੀ ਸ਼ਰਤ ਉੱਤੇ, ਬੈਂਕਰ ਕੰਮ ਆਉਣ ਲੱਗ ਪਏ। ਬੇਅੰਤ ਪੈਦਾ ਹੁੰਦੀਆਂ ਕਮਾਈਆਂ ਨੂੰ ਮੁੱਖ ਰੱਖਦਿਆਂ ਹੋਇਆਂ ਆਪ ਬੈਂਕਰਾਂ ਨੇ ਰਾਜਿਆਂ, ਮਹਾਰਾਜਿਆਂ ਅਤੇ ਸਾਮਰਾਜਾਂ ਨੂੰ ਆਪੋ ਵਿਚ ਲੜਾਉਣ ਦਾ ਕੰਮ ਆਰੰਭ ਲਿਆ। ਉਨ੍ਹਾਂ ਨੇ ਇੰਜ ਭਾਸ ਲਿਆ ਕਿ ਇਹ ਰਾਜੇ-ਮਹਾਰਾਜੇ ਆਦਿ ਅੱਤ ਦੇ ਉੱਲੂ ਹਨ। ਤਾਂ ਫਿਰ ਇਨ੍ਹਾਂ ਨੂੰ ਲਗਾਤਾਰ ਆਪੋ ਵਿਚ ਲੜਾ ਭਿੜਾ ਕੇ, ਅਖ਼ੀਰ ਉੱਤੇ ਬੈਂਕਰ ਆਪ ਕੁਲ ਦੁਨੀਆਂ ਦਾ ਰਾਜ ਭਾਗ ਸੰਭਾਲ ਸਕਦੇ ਹਨ। ਉਨ੍ਹਾਂ ਦੀ ਲੰਮੀ ਸੋਚ ਦੀ ਦਾਦ ਦੇਣੀ ਚਾਹੀਦੀ ਹੈ। ਉਨ੍ਹਾਂ ਨੇ ਸੰਨ 1776 ਤੋਂ ਹੀ ਆਪਣੀਆਂ ਸਕੀਮਾਂ ਨੂੰ ਨੇਪਰੇ ਚਾੜ੍ਹਨ ਲਈ, ਕੁੱਲ ਦੁਨੀਆਂ ਦੀਆਂ ਹਕੂਮਤਾਂ ਦੇ ਅੰਦਰ ਅਤਿ ਚਤੁਰ ਏਜੰਟ ਵਾੜਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਦਾ ਨਿਸ਼ਾਨਾ ਸਮੁੱਚੀ ਦੁਨੀਆਂ ਨੂੰ ਅੰਗੂਠੇ ਹੇਠ ਕਰਨ ਦਾ ਸੀ। ਸਮੇਂ ਦੀ ਕੋਈ ਸਮੱਸਿਆ ਨਹੀਂ ਸੀ। ਉਨ੍ਹਾਂ ਨੇ ਆਉਂਦੀਆਂ ਪੁਸ਼ਤਾਂ ਦੇ ਲਈ ਵੀ ਕੰਮ ਅਤੇ ਤਦਬੀਰਾਂ ਬੰਨ੍ਹੀਆਂ ਹੋਈਆਂ ਸਨ। ਰਾਜੇ ਬਦਲੇ, ਦੇਸਾਂ ਦੀਆਂ ਤਕਦੀਰਾਂ ਬਦਲੀਆਂ, ਪਰ ਬੈਂਕਰਾਂ ਦਾ ਪਿੱਛੇ ਲੁਕਿਆ ਹੱਥ ਹਰ ਦਹਾਕੇ, ਹਰ ਜੰਗ, ਹਰ ਸਦੀ ਅਤੇ ਹਰ ਵਿਸ਼ਵ ਜੰਗ ਵਿਚ ਆਪਣੀ ਸ਼ਕਤੀ ਦੇ ਅੰਦਰ ਵਾਧਾ ਕਰਦਾ ਗਿਆ। ਬੈਂਕਰਾਂ ਦੇ ਘੜੇ ‘ਨਵਾਂ ਵਿਸ਼ਵ ਸਮਾਜ’ ਕਰੰਸੀ ਨੋਟਾਂ ਉੱਤੇ ਛਾਪੇ ਗਏ। ਬੇਅੰਤ ਦੇਸਾਂ ਦੇ ਪ੍ਰਧਾਨ ਮੰਤਰੀਆਂ, ਪ੍ਰਧਾਨਾਂ ਅਤੇ ਹੋਰ ਉੱਚੇ ਕਾਰਿੰਦਿਆਂ ਦੇ ਮੂੰਹੋਂ ‘ਨਵੇਂ ਵਿਸ਼ਵ ਸਮਾਜ ਵੱਲ’ ਬਚਨਾਂ ਦਾ ਉਚਾਰਣ ਅਤੇ ਪ੍ਰਚਾਰਣ ਸ਼ੁਰੂ ਹੋ ਗਿਆ। ਬੈਂਕਰਾਂ ਦੇ ਹੱਥ-ਠੋਕੇ ਦੇਸਾਂ ਨੂੰ ਹਥਿਆਰਾਂ ਸੰਬੰਧੀ ਖੋਜ ਅਤੇ ਪੈਦਾਵਾਰ ਲਈ ਨਕਦੀਆਂ ਦੀ ਕੋਈ ਕਮੀ ਨਹੀਂ ਸੀ ਅਤੇ ਨਾ ਹੀ ਹੈ। ਕੁੱਲ ਵੱਡੇ ਕਰਜ਼ਾਈ ਦੇਸ, ਭਾਵੇਂ ਕਿੰਨੇ ਵੀ ਸ਼ਕਤੀਵਰ ਨਾ ਹੋਣ, ਬੈਂਕਰਾਂ ਦੀਆਂ ਉਂਗਲਾਂ ਅਤੇ ਇਸ਼ਾਰਿਆਂ ਉੱਤੇ ਨੱਚਦੇ ਹਨ।

ਅੱਜ ਮੁਖ ਤੌਰ ’ਤੇ ਕੁਲ ਦੇਸਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਉਹ ਦੇਸ, ਜੋ ਲਗਭਗ ਬੈਂਕਰਾਂ ਦੀ ਮੁੱਠੀ ਵਿਚ ਹਨ। ਇਨ੍ਹਾਂ ਦਾ ਧੜਾ ਬਹੁਤ ਵੱਡਾ ਹੈ। ਇਸ ਧੜੇ ਦੇ ਇਕ ਸੌ ਵੀਹ ਤੋਂ ਵੱਧ ਦੇਸਾਂ ਦੇ ਅੰਦਰ ਤਾਂ ‘ਬੈਂਕਰੀ ਦੇਸਾਂ’ ਦੇ 750 ਤੋਂ ਵੱਧ ਫ਼ੌਜੀ ਅੱਡੇ ਹਨ। ਮੁੱਖ ਆਕੀ ਦੇਸਾਂ ਦੇ ਅੰਦਰ ਆਉਂਦੇ ਹਨ—ਰੂਸ, ਚੀਨ, ਈਰਾਨ, ਉੱਤਰੀ ਕੋਰੀਆ, ਲਿਬੀਆ, ਸੂਡਾਨ, ਵੈਨਜ਼ੁਏਲਾ, ਬੋਲੀਵੀਆ ਅਤੇ ਕਿਊਬਾ। ਇਕ ਸਮੇਂ ਇਰਾਕ ਪੰਜਾ ਛੁਡਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਸੱਤ ਸਾਲਾਂ ਤੋਂ ਜਾਰੀ ਜੰਗ ਨੇ ਉਸਦੇ ਤਾਂ ਪਰ ਹੀ ਕੱਟ ਦਿੱਤੇ ਹਨ। ਮੁੱਖ ਮਾਲਕ ਬੈਂਕਰ ਆਪੋ ਵਿਚ ਨਜ਼ਦੀਕੀ

ਘਰੋਗੀ ਰਿਸ਼ਤਿਆਂ ਵਿਚ ਪ੍ਰੋਤੇ ਅਤੇ ਸਹਿ-ਵਤਨੀ ਹਨ। ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਵਤਨ ਨੂੰ ਕਿਸੇ ਜੰਗ ਵਿਚ ਧੌਣ ਡਾਹੁਣ ਦੀ ਲੋੜ ਨਹੀਂ। ਉਨ੍ਹਾਂ ਨੇ 'ਝੂਠੇ ਝੰਡੇ ਵਾਲੇ ਹਾਦਸਿਆਂ' ਦੀ ਮੁਹਾਰਤ ਕੀਤੀ ਹੋਈ ਹੈ। ਉਹ ਧਰਤੀ ਦੇ ਕਿਸੇ ਵੀ ਕੋਨੇ ਵਿਚ ਅੱਤਵਾਦੀ ਹਾਦਸਾ ਕਰਵਾ ਲੈਂਦੇ ਹਨ ਅਤੇ ਇਲਜ਼ਾਮ ਦੀ ਉਂਗਲ ਕਿਸੇ ਹੋਰ ਵਲ ਕਰ ਦੇਂਦੇ ਹਨ। ਬੈਂਕਰਾਂ ਦੇ ਸੰਪੂਰਨ ਜ਼ਰਖ਼ਰੀਦ ਟੈਲੀਵਿਜ਼ਨ ਅਤੇ ਮੋਟੇ ਅਖ਼ਬਾਰ ਮੀਡੀਆ, ਮੁੜ ਮੁੜ ਕੇ ਝੂਠ ਨੂੰ ਸੱਚ ਬਣਾ ਕੇ ਉਛਾਲਦੇ ਹਨ। ਬੇਅੰਤ ਭੇਡ-ਜਨ/ਭੋਲੇ ਇਨਸਾਨ, ਉਨ੍ਹਾਂ ਦੀ ਖ਼ਬਰ ਨੂੰ ਸੱਚ ਮੰਨਦੇ ਹਨ ਅਤੇ ਸਰਕਾਰ ਦੀਆਂ ਜੰਗੀ ਨੀਤੀਆਂ ਦੀ ਪ੍ਰੋੜ੍ਹਤਾ ਕਰਦੇ ਹਨ। ਬੈਂਕਰੀ ਫ਼ੌਜਾਂ ਦੇ ਆਧੁਨਿਕ ਸ਼ਸਤਰਾਂ ਅਤੇ ਤਕਨੀਕਾਂ ਦੇ ਸਾਹਮਣੇ ਕੌਣ ਖਲੋ ਸਕਦਾ ਹੈ ? ਕਹਾਣੀ ਅੜ ਜਾਂਦੀ ਹੈ ਧਰਤੀ ਦੇ ਉੱਤੇ ਬੂਟ ਰੱਖ ਕੇ ਕਬਜ਼ਾ ਕੀਤੀ ਰੱਖਣ ਉੱਤੇ। ਧਾੜਵੀ ਫ਼ੌਜਾਂ ਅੰਦਰ ਤਾਂ ਵੜ ਜਾਂਦੀਆਂ ਹਨ ਪਰ ਉਨ੍ਹਾਂ ਨੂੰ ਵਾਪਸ ਮੁੜਨ ਦਾ ਵੱਲ ਨਹੀਂ ਆਉਂਦਾ। ਲੜਾਈ ਧੁਖਦੀ ਹੀ ਰਹਿੰਦੀ ਏ—ਵੇਖ ਲਵੋ ਅਫ਼ਗਾਨਿਸਤਾਨ ਅਤੇ ਇਰਾਕ ਵੱਲ। ਤੀਜੀ ਦੁਨੀਆਂ ਦੇ ਕਈ ਟੁੱਕੜ-ਬੋਚ ਦੇਸ ਬੇਅੰਤ ਆਨੇ ਬਹਾਨੇ ਆਪਣੇ ਜਨ-ਪਸ਼ੂ ਸੇਵਾ ਲਈ ਅਰਪਨ ਕਰ ਦੇਂਦੇ ਹਨ।

ਪ੍ਰਮਾਣੂ, ਸੈਟੇਲਾਈਟ ਅਤੇ ਠੰਢੀ ਜੰਗ ਦੇ ਯੁੱਗਾਂ ਨੇ ਸੋਵੀਅਤ ਸੰਘ ਦੀ ਬਲੀ ਲੈ ਲਈ ਅਤੇ ਉਹ ਖੇਰੂੰ-ਖੇਰੂੰ ਹੋ ਗਿਆ। ਤਾਂ ਤੇ ਬੈਂਕਰਾਂ ਨੂੰ ਹੋਰ ਹੱਲਾਸ਼ੇਰੀ ਮਿਲ ਗਈ। ਉਨ੍ਹਾਂ ਨੇ ਆਪਣੇ ਵੱਸ ਹੇਠ ਅਮਰੀਕਾ ਨੂੰ ਅੱਗੇ ਲਾਇਆ ਅਤੇ 'ਪਲੈਨ ਫਾਰ ਨਿਊ ਅਮੈਰੇਕਨ ਸੈਂਚਰੀ" ਭਾਵ "ਨਵੀਂ ਸਦੀ ਲਈ ਅਮਰੀਕੀ ਮਨਸੂਬਾ" ਤਿਆਰ ਕੀਤਾ। ਇਸ ਅਨੁਸਾਰ ਸੰਨ 2020 ਤੋਂ ਪਹਿਲਾਂ ਪਹਿਲਾਂ ਕੁੱਲ ਦੁਨੀਆਂ ਨੂੰ ਫ਼ੌਜੀ ਜਾਂ ਗ਼ੈਰ-ਫ਼ੌਜੀ ਢੰਗ ਨਾਲ ਆਪਣੇ ਹੇਠ ਲਿਆਉਣਾ ਹੈ। ਏਸ ਤਰ੍ਹਾਂ ਦੁਨੀਆਂ ਦੀ ਇੱਕੋ ਇਕ ਮਹਾਂ ਸ਼ਕਤੀ, ਸਦੀਵੀ ਅਮਨ ਕਾਇਮ ਕਰਨ ਦੀ ਥਾਂ ਜੰਗਾਂ ਦੀ ਲਗਾਤਾਰ ਲੜੀ ਚਾਲੂ ਕਰਨ ਵਿਚ ਰੁਝਾਅ ਦਿੱਤੀ ਗਈ ਹੈ।

ਥੋੜ੍ਹੇ ਸਾਲ ਪਹਿਲਾਂ ਇੰਟਰਨੈੱਟ ਚਾਲੂ ਹੋਇਆ। ਇਸ ਦਾ ਮੁੱਖ ਮੰਤਵ ਸੀ ਫ਼ੌਜੀ ਸ਼ਕਤੀ ਅੰਦਰ ਤੇਜ਼ੀ ਨਾਲ ਸੁਨੇਹੇ ਭੇਜਣੇ ਅਤੇ ਰਾਕਟਾਂ, ਹਵਾਈ ਜਹਾਜ਼ਾਂ, ਸਮੁੰਦਰੀ ਬੇੜੇ ਅਤੇ ਸੈਟੇਲਾਈਟਾਂ ਦੇ ਨਾਲ, ਲੜਾਈ ਦੇ ਕਾਰਜ ਸਹਿਲ ਕਰਨੇ। ਝਟ ਹੀ ਇੰਟਰਨੈੱਟ ਪ੍ਰਣਾਲੀ ਸ਼ਹਿਰੀਆਂ ਦੀ ਵਰਤੋਂ ਵਿਚ ਇਕ ਵੱਡੀ ਕਮਾਈ ਦੇ ਅਵਸਰ ਦੇ ਰੂਪ ਵਿਚ ਆ ਗਈ। ਕੁਲ ਦੁਨੀਆਂ ਦੇ ਕਰੋੜਾਂ ਹੀ ਲੋਕ ਆਪੋ ਵਿਚ ਸੁਨੇਹਿਆਂ ਲਈ ਜੁੜ ਗਏ। ਉਨ੍ਹਾਂ ਨੇ ਸਚਾਈਆਂ ਵੰਡਣੀਆਂ ਸ਼ੁਰੂ ਕੀਤੀਆਂ ਅਤੇ ਪਾਜ ਉਘੜਨੇ ਸ਼ੁਰੂ ਹੋ ਗਏ। ਸਭ ਤੋਂ ਪਹਿਲਾ ਧੱਕਾ ਸੀ ਚੰਦਰਮਾ ਉੱਤੇ ਜਾਣ ਵਾਲੀ ਅਮਰੀਕਾ ਦੀ ਝੂਠੀ ਕਹਾਣੀ ਨੂੰ। ਹੁਣ ਤਾਂ ਕਿਸੇ ਵੀ ਸਮਝਦਾਰ ਨੂੰ ਸਮਝਾਇਆ ਜਾ ਸਕਦਾ ਹੈ ਕਿ ਇਹ ਅਸਲੀਅਤ ਨਹੀਂ ਸੀ, ਇਕ ਡਰਾਮਾ ਸੀ। ਪਰ ਚੰਦਰਮਾ ਉੱਤੇ ਗਏ ਜਾਂ ਨਾ ਗਏ ਹੋਣ ਦਾ ਅੱਜ ਦੀ ਜ਼ਿੰਦਗੀ ਉੱਤੇ ਬਹੁਤਾ ਅਸਰ ਨਹੀਂ ਹੁੰਦਾ। ਬੈਂਕਰਾਂ ਦੀ ਅਗਲੀ ਭਾਰੀ ਮੂਰਖਤਾ ਸੀ ਗਿਆਰਾਂ ਸਤੰਬਰ 2001 ਨੂੰ ਨਿਊਯਾਰਕ ਵਿਚ, ਆਪ ਵਰਲਡ ਟ੍ਰੇਡ ਸੈਂਟਰ ਦੇ ਟਾਵਰ ਫਟਾਣੇ, ਜਿਨ੍ਹਾਂ ਦੀ ਜ਼ਿੰਮੇਵਾਰੀ ਬਿਨ ਲਾਦੇਨ ਅਤੇ ਅਰਬੀ ਮੁਸਲਿਮ ਲੋਕਾਂ ਉੱਤੇ ਸੁੱਟਣੀ ਅਤੇ ਏਸ ਬਹਾਨੇ ਮੱਧ ਏਸ਼ੀਆ ਅਤੇ ਅਫ਼ਗਾਨਿਸਤਾਨ ਅੰਦਰ ਜੰਗਾਂ ਸ਼ੁਰੂ ਕਰਨੀਆਂ। ਬੈਂਕਰਾਂ ਦੇ ਕਾਬੂ ਹੇਠ ਟੀ. ਵੀ. ਅਤੇ ਵੱਡੀਆਂ ਅਖ਼ਬਾਰਾਂ ਤਾਂ ਲਗਾਤਾਰ ਝੂਠ ਉਗਲਦੀਆਂ ਰਹੀਆਂ ਹਨ, ਪਰ ਇੰਟਰਨੈੱਟ ਰਾਹੀਂ ਸਚਾਈ ਇਕ ਤੋਂ ਇਕ ਵੱਲ ਜਾਂਦੀ ਹੋਈ, ਕੁਲ ਦੁਨੀਆਂ ਅੰਦਰ ਪਸਰ ਗਈ ਹੈ। ਹੁਣ ਕਰੋੜਾਂ ਲੋਕ ਗੁੰਮਰਾਹ ਹੋਣ ਨੂੰ ਤਿਆਰ ਨਹੀਂ ਹਨ। ਉਹ ਹਰ ਨਵੇਂ ਉਕਸਾਊ ਹਾਦਸੇ ਪਿੱਛੇ ਇਕ ਫ਼ਰੇਬ ਦੀ ਭਾਲ ਕਰਦੇ ਰਹਿੰਦੇ ਹਨ। ਮੁੱਕਦੀ ਗੱਲ, ਇੰਟਰਨੈੱਟ ਜਿਸ ਨੇ ਕੁਲ ਦੁਨੀਆਂ ਉੱਤੇ ਛਾਅ ਜਾਣ ਵਿਚ ਸਹਾਇਤਾ ਕਰਨੀ ਸੀ, ਅੱਜ ਬੈਂਕਰਾਂ ਦੇ ਗਲੇ ਵਿਚ ਹੱਡੀ ਬਣ ਕੇ ਫਸ ਗਿਆ ਹੈ।

ਮਸ਼ਹੂਰ ਅਮਰੀਕੀ ਡਿਪਲੋਮੈਟ ਬ੍ਰਜ਼ਿੰਸਕੀ "ਨਵੀਂ ਅਮਰੀਕਨ ਸਦੀ" ਦੇ ਮਸੌਦੇ ਨਾਲ ਜੁੜਿਆ ਹੋਇਆ ਹੈ। ਉਹ 1977 ਤੋਂ ਹੁਣ ਤਕ, ਅਮਰੀਕੀ ਸਰਕਾਰ ਦੇ ਸਾਰੇ ਪ੍ਰਧਾਨਾਂ, ਰੱਖਿਆ ਕਮੇਟੀਆਂ ਆਦਿ ਦਾ ਸਲਾਹਕਾਰ ਚਲਿਆ ਆ ਰਿਹਾ ਹੈ। ਅਮਰੀਕਾ ਦਾ ਚੀਨ ਦੇ ਨਾਲ ਮਿਲਾਪ ਕਰਾਉਣ ਅਤੇ ਸੋਵੀਅਤ ਸੰਘ ਦੇ ਟੋਟੇ ਕਰਾਉਣ ਵਿਚ ਉਸ ਦਾ ਵੱਡਾ ਹੱਥ ਸੀ। ਉਹ ਸੰਨ 2020 ਤਕ ਅਮਰੀਕਾ (ਅਸਲ ਵਿਚ ਬੈਂਕਰਾਂ) ਦੇ ਕੁਲ ਦੁਨੀਆਂ ਉੱਤੇ ਛਾਅ ਜਾਣ ਦੇ ਮਨਸੂਬੇ ਦੀ ਕਾਮਯਾਬੀ ਲਈ ਬੇਸਬਰ ਸੀ, ਪਰ ਇੰਜ ਲਗਦੈ ਕਿ ਹੁਣ ਉਸਨੂੰ ਏਸ ਮੋਰਚੇ ਉੱਤੇ ਉਦਾਸੀ ਵਿਖਾਈ ਦੇ ਰਹੀ ਹੈ। ਪਿਛਲੇ ਦਿਨੀਂ ਕੈਨੇਡਾ ਅੰਦਰ ਇਕ "ਵਿਦੇਸ਼ੀ ਰਿਸ਼ਤਿਆਂ ਦੀ ਕਮੇਟੀ" ਅੰਦਰ ਉਨ੍ਹਾਂ ਨੇ ਇਹ ਫ਼ੁਰਮਾਇਆ, "ਇਕ ਵਿਸ਼ਵ ਸਰਕਾਰ ਦੇ ਟੀਚੇ ਉੱਤੇ ਪਹੁੰਚਣ ਵਿਚ ਦੋ ਰੁਕਾਵਟਾਂ ਆ ਰਹੀਆਂ ਸਨ। ਇਕ ਤਾਂ ਮਹਾਂ ਉੱਚੇ ਵਿਅਕਤੀਆਂ ਅਤੇ ਸ਼ਕਤੀਆਂ ਅੰਦਰ ਅਸਹਿਮਤੀ ਹੈ। ਦੂਜਾ ਉਸ ਤੋਂ ਵੀ ਵੱਡੀ ਰੁਕਾਵਟ ਹੈ ਦੁਨੀਆਂ ਅੰਦਰ ਵਧ ਰਹੀ ਚੇਤਨਤਾ। ਕੁਲ ਦੁਨੀਆਂ ਸਿਆਸੀ ਤੌਰ 'ਤੇ ਜਾਗ ਪਈ ਹੈ।

ਉਹ ਭੂਗੋਲਿਕ ਨਾਬਰਾਬਰੀ, ਮਾਣ-ਹਾਨੀ ਅਤੇ ਠੱਗੀ ਲੁੱਟ ਨੂੰ ਪਛਾਣਨ ਲੱਗ ਪਈ ਹੈ। ਹਾਲਾਤ ਏਨੇ ਵਿਗੜ ਗਏ ਹਨ ਕਿ ਅਮਰੀਕਾ ਜਹੀ ਮਹਾਂ ਸ਼ਕਤੀ ਵੀ ਬੇਬੱਸ ਹੋ ਰਹੀ ਹੈ।" ਬ੍ਰਜ਼ਿੰਸਕੀ ਨੂੰ ਭਾਰੀ ਦੁਖ ਹੈ ਕਿ "ਆਦਮੀ ਦੇ ਲੰਮੇ ਇਤਿਹਾਸ ਵਿਚ ਇਕ ਪਹਿਲੀ ਵਾਰ ਹੈ ਕਿ ਕੁਲ ਲੋਕਾਈ ਨੇ ਸਿਆਸੀ ਜਾਗਰਤ ਵਿਖਾਈ ਹੈ। ਇਹ ਇਕ ਬਿਲਕੁਲ ਨਵੀਂ ਅਸਲੀਅਤ ਹੈ, ਪਹਿਲਾਂ ਇੰਜ ਕਦੇ ਹੋਇਆ ਹੀ ਨਹੀਂ।"

ਬ੍ਰਜ਼ਿੰਸਕੀ ਤਾਂ 82 ਸਾਲ ਦੀ ਉਮਰੇ ਦੁਨੀਆਂ ਦੀ ਨਬਜ਼ ਪਛਾਣ ਗਿਆ ਹੈ। ਸਾਡੇ ਲਈ ਤਾਂ ਇਹ ਜਾਣਨਾ ਜ਼ਰੂਰੀ ਹੈ ਕਿ ਪਾਠਕਾਂ ਅਤੇ ਆਜ਼ਾਦੀ ਦੇ ਚਾਹਵਾਨਾਂ ਨੇ ਆਪਣੀ ਨਬਜ਼ ਟਟੋਲੀ ਅਤੇ ਅੱਖ ਖੋਲ੍ਹੀ ਹੈ ਕਿ ਨਹੀਂ। ਇਸ ਵੇਲੇ ਹਥਿਆਰਾਂ ਅਤੇ ਖ਼ਿਆਲਾਂ ਵਿਚਕਾਰ ਜੰਗ ਜਾਰੀ ਹੈ। ਹਰ ਸਮਝਦਾਰ ਨੇ ਆਪਣੇ ਦੋਸਤਾਂ ਯਾਰਾਂ ਦੀਆਂ ਅੱਖਾਂ ਖੋਲ੍ਹਣੀਆਂ ਹਨ, ਨਿਰੀਆਂ ਏਥੇ ਹੀ ਨਹੀਂ ਬਲਕਿ ਕੁਲ ਦੁਨੀਆਂ ਦੇ ਅੰਦਰ। ਅੰਤ ਅਜੇਹਾ ਸਮਾਂ ਆ ਸਕਦੈ ਜਦੋਂ ਹਮਲਾਵਰ ਫ਼ੌਜ ਦੇ ਸਿਪਾਹੀ ਅਤੇ ਅਫ਼ਸਰ ਆਪ, ਲੋਕਾਈ-ਮਾਰ ਜੰਗ ਵਿਚ ਭਾਗ ਲੈਣ ਤੋਂ ਇਨਕਾਰੀ ਹੋ ਜਾਣਗੇ। ਏਸੇ ਗੱਲ ਨੂੰ ਅਸਾਂ ਰਲ ਮਿਲ ਕੇ ਮੁਮਕਿਨ ਕਰਨਾ ਹੈ।

# ਦੋ ਸ਼ਹਿਰਾਂ ਦੀ ਅਚਰਜ ਕਥਾ

ਸਮਝਦਾਰ ਜਹਾਨ ਜਾਣਦਾ ਹੈ ਕਿ ਦੁਨੀਆਂ ਦੇ ਕੁਲ ਬੈਂਕਰਾਂ ਦੇ ਅੰਤਰਰਾਸ਼ਟਰੀ ਬਾਪ ਹਨ 'ਰੋਥਚਾਈਲਡ'। ਇਹ ਪਦਵੀ ਉਨ੍ਹਾਂ ਪ੍ਰਾਪਤ ਕੀਤੀ, ਚੋਖੀਆਂ ਜੰਗਾਂ ਦੇ ਅੰਦਰ, ਦੋਹਾਂ ਪਾਸਿਆਂ ਦੇ ਧੜਿਆਂ ਨੂੰ ਆਰਥਿਕ ਕਰਜ਼ੇ ਦੇ ਕੇ। ਸਾਡੇ ਕਹਾਵਤ ਹੈ ਕਿ ਜੰਗਾਂ ਪੇਟ ਦੇ ਸਹਾਰੇ ਲੜੀਆਂ ਜਾਂਦੀਆਂ ਹਨ। ਹਰ ਲੜਾਈ ਦੇ ਪੇਟ ਪਿੱਛੇ ਰੋਥਚਾਈਲਡ ਬੈਂਕਰ ਰਹੇ ਹਨ। ਈਸਟ ਇੰਡੀਆ ਕੰਪਨੀ ਵਿਚ ਵੀ ਇਨ੍ਹਾਂ ਦਾ ਪੈਸਾ ਲੱਗਾ ਹੋਇਆ ਸੀ।

ਰੋਥਚਾਈਲਡਾਂ ਦਾ ਮਖਿਆਰ-ਛੱਜਾ, ਇੰਗਲੈਂਡ ਵਿਚ ਲੰਡਨ (ਲੰਡਨ ਹੋਰਾਂ ਦੇਸ਼ਾਂ ਅੰਦਰ ਵੀ ਨੇ) ਦੇ ਹਿਰਦੇ ਅੰਦਰ ਵਿੱਤੀ ਜ਼ਿਲ੍ਹੇ ਵਿਚ ਹੈ, ਜਿਸ ਦਾ ਨਾਂ ਹੈ 'ਦ ਸਿਟੀ' ਜਾਂ 'ਵਰਗ ਮੀਲ' (ਸੁਕੇਅਰ ਮਾਈਲ)। ਕੁੱਲ ਬਰਤਾਨਵੀ ਬੈਂਕਾਂ ਦੇ ਕੇਂਦਰੀ ਦਫ਼ਤਰ ਇਥੇ ਹਨ। 385 ਵਿਦੇਸ਼ੀ ਬੈਂਕਾਂ (70 ਅਮਰੀਕਾ ਦੇ) ਬ੍ਰਾਂਚ ਆਫ਼ਿਸ ਵੀ ਇਥੇ ਹਨ। ਇਥੇ ਹੀ ਮਿਲਣਗੇ ਬੈਂਕ ਆਫ਼ ਇੰਗਲੈਂਡ, ਸਟਾਕ ਐਕਸਚੇਂਜ, ਜਹਾਜ਼ਰਾਨੀ ਦੇ ਠੇਕੇਦਾਰ, 'ਬਾਲਟਿਕ ਐਕਸਚੇਂਜ', ਛਾਪੇਖ਼ਾਨੇ ਦੇ ਮਾਲਕਾਂ ਦੀ 'ਫਲੀਟ ਸਟ੍ਰੀਟ', ਕੌਫ਼ੀ, ਰੱਬੜ, ਖੰਡ, ਉੱਨ ਆਦਿ ਲਈ ਕਾਮੋਡੋਟੀ ਐਕਸਚੇਂਜ ਅਤੇ ਧਾਤਾਂ ਲਈ ਮੈਟਲ ਐਕਸਚੇਂਜ। ਜ਼ਾਹਰ ਹੈ ਦੁਨੀਆਂ ਅੰਦਰ ਕੁਲ ਪੈਸੇ ਰਾਹੀਂ ਹੁੰਦੇ ਵਪਾਰ ਦਾ ਕੇਂਦਰ ਹੈ 'ਦ ਸਿਟੀ' ਜਾਂ 'ਵਰਗ ਮੀਲ'।

'ਦ ਸਿਟੀ' ਥੇਮਜ਼ ਦਰਿਆ ਦੇ ਉੱਤਰ ਵੱਲ 677 ਏਕੜ ਜਾਂ ਇਕ ਵਰਗ ਮੀਲ ਘੇਰਦਾ ਹੈ ਅਤੇ ਇਹ ਥਾਂ ਦੁਨੀਆਂ ਦਾ ਸਭ ਤੋਂ ਵੱਧ ਮਾਲਦਾਰ ਮੀਲ ਹੈ। ਇਸ ਇਲਾਕੇ ਲਈ ਖ਼ਾਸ ਹੱਕ ਅਤੇ ਆਜ਼ਾਦੀ 1191 ਤੋਂ ਮਿਲੀ ਹੋਈ ਹੈ। 1215 ਵਿਚ ਬਾਦਸ਼ਾਹ ਜੌਹਨ ਨੇ ਇਹ ਵੀ ਆਗਿਆ ਦਿੱਤੀ ਕਿ ਉਹ ਆਪਣਾ ਵੱਖਰਾ ਮੇਅਰ ਚੁਣ ਲੈਣ। ਉਹ 'ਲਾਰਡ ਮੇਅਰ' ਹੁਣ ਤਕ ਹਰ ਸਾਲ ਚੁਣਿਆ ਜਾਂਦਾ ਹੈ।

'ਦ ਸਿਟੀ' ਨੂੰ ਛੋਟੇ ਵਿਸਥਾਰ ਨਾਲ ਇਸ ਲਈ ਦੱਸਿਆ ਗਿਆ ਹੈ ਕਿਉਂਕਿ ਇਹ 'ਸ਼ਹਿਰ' ਦਰਅਸਲ ਇਕ ਆਜ਼ਾਦ-ਹਸਤੀ ਦੇਸ ਹੈ (ਐਨ ਓਸੇ ਤਰ੍ਹਾਂ ਜਿਵੇਂ ਇਟਲੀ ਅੰਦਰ ਵੈਟੀਕਨ)। 1694 ਵਿਚ ਇਕ ਪ੍ਰਾਈਵੇਟ ਬੈਂਕ, ਜਿਸ ਦਾ ਨਾਂ ਹੈ 'ਬੈਂਕ ਆਫ਼ ਇੰਗਲੈਂਡ' ਸਥਾਪਤ ਹੋਣ ਪਿੱਛੋਂ ਇੰਗਲੈਂਡ ਦੇ ਕੁਲ ਘਰੋਗੀ ਅਤੇ ਵਿਦੇਸ਼ੀ ਮਸਲਿਆਂ ਵਿਚ 'ਦ ਸਿਟੀ' ਦਾ ਹੀ ਹੁਕਮ ਚੱਲਦਾ ਰਿਹਾ ਹੈ। 'ਦ ਸਿਟੀ' ਦੀ ਛੁਪੀ ਹੋਈ ਬੇਅੰਤ ਸ਼ਕਤੀ ਦੇ ਹੱਥ-ਠੋਕੇ ਹਨ ਪ੍ਰਧਾਨ ਮੰਤਰੀ, ਕੈਬਿਨਟ ਅਤੇ ਬਰਤਾਨਵੀ ਪਾਰਲੀਮੈਂਟ। ਤਣਾਵਾਂ 'ਦ ਸਿਟੀ' ਦੇ ਹੱਥ ਵਿਚ ਹਨ। ਜਦੋਂ ਬਰਤਾਨਵੀ ਮਲਿਕਾ 'ਦ ਸਿਟੀ' ਵਿੱਚੋਂ ਲੰਘਦੀ ਹੈ, ਤਦੋਂ ਉਹ 'ਲਾਰਡ ਮੇਅਰ' ਦੇ ਅਧੀਨ ਹੁੰਦੀ ਹੈ। ਉਹ ਕੇਵਲ ਸਾਧਾਰਣ ਪੁਸ਼ਾਕ ਪਾ ਕੇ ਆਉਂਦੀ ਹੈ। ਕਾਰਨ ਇਹ ਕਿ 'ਦ ਸਿਟੀ' ਦੀ ਨਿੱਜੀ ਮਲਕੀਅਤ ਵਾਲੀ ਕਾਰਪੋਰੇਸ਼ਨ, ਮਲਿਕਾ ਜਾਂ ਪਾਰਲੀਮੈਂਟ ਥੱਲੇ ਨਹੀਂ ਹੈ। ਲਾਰਡ ਮੇਅਰ ਦੀ ਇਕ 12-14 ਬੰਦਿਆਂ ਦੀ ਕਮੇਟੀ ਹੁੰਦੀ ਹੈ, ਜਿਸ ਦਾ ਨਾਂ ਹੈ 'ਦ ਕ੍ਰਾਊਨ' ਭਾਵ ਤਾਜ ਜਾਂ ਮੁਕਟ। 'ਦ ਕ੍ਰਾਊਨ' ਦਾ ਅਰਥ ਰਾਜ ਘਰਾਣਾ ਨਹੀਂ ਹੈ। ਇਹ ਤਾਂ ਹੈ ਬਰਤਾਨਵੀ ਡੈਮੋਕ੍ਰੇਸੀ ਦੀ ਨੰਗੀ ਅਸਲੀਅਤ। ਜਦੋਂ ਇਰਾਕ ਉੱਤੇ ਹਮਲਾ ਕਰਨ ਲਈ ਪ੍ਰਧਾਨ ਮੰਤਰੀ ਬਲੇਅਰ ਬਹਾਨੇ ਘੜ ਰਿਹਾ ਹੁੰਦਾ ਹੈ ਤਾਂ ਉਹ ਬਰਤਾਨਵੀ ਨਾਗਰਿਕਾਂ ਦੀ ਤਰਜਮਾਨੀ ਨਹੀਂ ਬਲਕਿ 'ਦ ਸਿਟੀ' ਦੇ ਹੁਕਮਾਂ ਦੀ ਪਾਲਣਾ ਕਰਦਾ ਹੈ।

'ਦ ਸਿਟੀ' ਦੇ ਪਿੱਛੇ ਸਭ ਤੋਂ ਵੱਡੀ ਸ਼ਕਤੀ ਹੈ ਰੋਥਚਾਈਲਡ ਬੈਂਕਰ। ਉਨ੍ਹਾਂ ਦੇ ਹੀ ਦਬਾਅ ਅਤੇ ਉਤਸ਼ਾਹ ਨਾਲ ਯੂਰਪੀ ਦੇਸਾਂ ਨੂੰ ਇਕ ਲੜੀ ਵਿਚ ਪ੍ਰੋਤਾ ਗਿਆ ਹੈ। ਕੁਲ ਦੇਸਾਂ ਨੂੰ ਆਪੋ ਵਿਚ ਨੱਥੀ ਕਰਨ ਦੇ ਯਤਨ ਜਾਰੀ ਹਨ। ਉਨ੍ਹਾਂ ਦਾ ਟੀਚਾ ਹੈ 'ਇਕ ਭੂਗੋਲਿਕ ਸਰਕਾਰ' ਜਿਸ ਦੀ ਵਾਗਡੋਰ ਬੈਂਕਰਾਂ ਦੇ ਹੱਥ ਵਿਚ ਹੋਵੇ।

ਹੁਣ ਚੱਲੀਏ ਉਸ ਅਮਰੀਕਾ ਦੇਸ, ਜਿਥੇ ਪਹਿਲੀਆਂ ਤੇਰ੍ਹਾਂ ਰਿਆਸਤਾਂ ਨੇ ਮਿਲ ਕੇ ਚਾਰ ਜੁਲਾਈ 1776 ਨੂੰ ਅਮਰੀਕਾ ਦੀ ਆਜ਼ਾਦੀ ਦਾ ਐਲਾਨ ਕੀਤਾ ਸੀ। ਇਸ ਐਲਾਨ ਵਿਚ ਲੋਕਾਂ ਨੂੰ ਬੇਅੰਤ ਖੁੱਲ੍ਹਾਂ ਬਖ਼ਸ਼ ਕੇ ਇਥੋਂ ਤਕ ਕਿਹਾ ਗਿਆ, "ਜਦੋਂ ਵੀ ਕੋਈ ਸਰਕਾਰ ਏਨ੍ਹਾਂ ਮੰਤਵਾਂ ਨੂੰ ਤਬਾਹ ਕਰਦੀ ਹੈ ਤਾਂ ਲੋਕਾਂ ਦਾ ਹੱਕ ਹੈ ਕਿ ਉਸ ਨੂੰ ਬਦਲ ਦੇਣ ਜਾਂ ਮਿਟਾ ਦੇਣ ਅਤੇ ਇਕ ਨਵੀਂ ਸਰਕਾਰ ਦੀ ਨੀਂਹ ਰੱਖਣ।" ਹਰ ਸਾਲ ਇਸ ਦਿਨ ਨੂੰ ਬੇਅੰਤ ਖ਼ੁਸ਼ੀਆਂ ਨਾਲ, ਆਤਿਸ਼ਬਾਜ਼ੀਆਂ ਅਤੇ ਪਟਾਖਿਆਂ ਨਾਲ, ਜੋਸ਼ ਨਾਲ, ਵਧਾਈਆਂ ਹੀ ਵਧਾਈਆਂ ਨਾਲ ਮਨਾਇਆ ਜਾਂਦਾ ਹੈ।

1857 ਵਿਚ ਜਦੋਂ ਭਾਰਤ ਅੰਦਰ ਆਜ਼ਾਦੀ ਦੀ ਜੰਗ ਚੱਲ ਰਹੀ ਸੀ, ਉਸ ਸਮੇਂ ਰੌਥਚਾਈਲਡ ਪਰਿਵਾਰ ਅਮਰੀਕਾ ਨੂੰ ਹੜੱਪ ਕਰਨ ਦੀ ਯੋਜਨਾ ਬਣਾ ਰਿਹਾ ਸੀ। ਅਮਰੀਕਾ ਦੇ ਉੱਤਰੀ ਅਤੇ ਦੱਖਣੀ ਭਾਗਾਂ ਨੂੰ, ਕਾਲੇ ਬੰਦੀਆਂ ਨੂੰ ਮਸਲਾ ਬਣਾ ਕੇ, ਦੁਸ਼ਮਣਾਂ ਵਾਂਗ ਪਾੜ ਦਿੱਤਾ ਗਿਆ। ਰੌਥਚਾਈਲਡ ਦੀ ਪੈਰਿਸ ਸ਼ਾਖਾ ਨੇ ਦੱਖਣ ਨੂੰ ਨਕਦੀ ਦੇਣੀ ਸੀ ਅਤੇ ਲੰਡਨ ਸ਼ਾਖਾ ਨੇ ਉੱਤਰ ਨੂੰ, ਭਾਰੀ ਵਿਆਜ ਉੱਤੇ। ਯੂਰਪ ਅੰਦਰਲੀਆਂ ਜੰਗਾਂ ਵਿਚ ਵੀ ਰੌਥਚਾਈਲਡ ਦਾ 'ਪਾੜੋ ਅਤੇ ਲੜਾਉ' ਢੰਗ ਬਾਖ਼ੂਬੀ ਚੱਲਦਾ ਰਿਹਾ ਸੀ। ਕੋਈ 1000 ਪ੍ਰਚਾਰਕ ਕੁੱਲ ਅਮਰੀਕਾ ਦੇਸ ਅੰਦਰ ਭਾਵਨਾਵਾਂ ਭੜਕਾਉਣ ਲਈ ਛੱਡੇ ਗਏ। ਆਖ਼ਰ ਜੰਗ ਭੜਕ ਉੱਠੀ। ਏਸ ਘਰੋਗੀ ਜੰਗ ਵਿਚ (1861-1865) ਸਵਾ ਛੇ ਲੱਖ ਫ਼ੌਜੀ ਮਰੇ ਅਤੇ ਪੌਣੇ ਪੰਜ ਲੱਖ ਜ਼ਖ਼ਮੀ ਹੋਏ। ਅਮਰੀਕੀ ਪ੍ਰਧਾਨ ਅਬਰਾਹਮ ਲਿੰਕਨ (ਮਾਰਚ 1861 ਤੋਂ ਅਪ੍ਰੈਲ 15, 1865) ਦਾ ਮਤ ਸੀ ਕਿ ਦੇਸ ਦੀ ਕਰੰਸੀ ਆਪਣੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਸਰਕਾਰ ਨੂੰ ਆਪ ਪੈਦਾ ਕਰਨੀ ਚਾਹੀਦੀ ਹੈ। ਇਸ ਗ਼ਰਜ਼ ਲਈ ਉਸ ਨੇ ਨਿਰ-ਵਿਆਜ ਪੰਦਰਾਂ ਕਰੋੜ ਮੁੱਲ ਦੇ 'ਗਰੀਨ ਬੈਕ' ਛਾਪੇ। ਅੰਤਰਰਾਸ਼ਟਰੀ ਬੈਂਕਰਾਂ ਦੀਆਂ ਨਜ਼ਰਾਂ ਵਿਚ ਇਹ ਇਕ ਜੁਰਮ ਸੀ, ਏਸੇ ਲਈ ਲਿੰਕਨ ਨੂੰ ਕਤਲ ਕਰਵਾ ਦਿੱਤਾ ਗਿਆ।

ਬੈਂਕਾਂ ਦੇ ਕਰਜ਼ੇ ਕਿੰਨ੍ਹੇ ਲਾਹੁਣੇ ਸਨ ? ਫ਼ਰਵਰੀ 21, 1871 ਨੂੰ ਇਕਤਾਲਵੀਂ ਅਮਰੀਕੀ ਕਾਂਗਰਸ ਨੇ ਇਕ ਐਕਟ ਪਾਸ ਕੀਤਾ, "ਕੋਲੰਬੀਆ ਜ਼ਿਲ੍ਹੇ ਲਈ ਇਕ ਸਰਕਾਰ ਦੇਣ ਦਾ ਐਲਾਨ," ਇਸ ਦਾ ਅਰਥ ਹੈ ਕਿ ਅਮਰੀਕਾ ਦੇ ਅੰਦਰ ਇਕ ਵੱਖਰੇ ਜ਼ਿਲ੍ਹੇ ਕੋਲੰਬੀਆ ਅੰਦਰ ਇਕ ਵੱਖਰੀ ਸਰਕਾਰ! ਇਸ ਸਰਕਾਰ ਲਈ ਦਸ ਮੀਲ ਲੰਮਾ ਅਤੇ ਦਸ ਮੀਲ ਚੌੜਾ (ਸੌ ਵਰਗ ਮੀਲ) ਦਾ ਇਲਾਕਾ ਚੁਣਿਆ ਗਿਆ। ਇਹ ਹੋਇਆ ਇਸ ਲਈ ਕਿਉਂਕਿ ਅਮਰੀਕਾ ਲੰਮੀ ਜੰਗ ਦੇ ਨਾਲ ਦੀਵਾਲੀਆ ਹੋ ਚੁੱਕਾ ਸੀ। ਬੈਂਕਰ ਜਦੋਂ ਕਰਜ਼ਾ ਦੇਂਦੇ ਨੇ ਤਾਂ ਉਹ ਕੋਈ ਰਹਿਮ ਨਹੀਂ ਕਰਦੇ। ਉਹ ਕੋਈ ਨਾ ਕੋਈ ਜਾਇਦਾਦ ਨੱਥੀ ਕਰ ਕੇ ਹੀ ਕਰਜ਼ਾ ਦੇਂਦੇ ਹਨ। ਅਮਰੀਕੀ ਨੇਤਾ ਉੱਲੂ ਬਣ ਗਏ ਅਤੇ ਬੈਂਕਰਾਂ ਨੇ ਆਪਣੇ ਪੈਰ ਜਮਾ ਲਏ। 1871 ਦਾ ਐਕਟ ਪਾਸ ਹੋ ਗਿਆ। ਇਸ ਐਕਟ ਅਨੁਸਾਰ ਇਕ ਕਾਰਪੋਰੇਸ਼ਨ (ਜੀ ਹਾਂ, ਕਾਰਪੋਰੇਸ਼ਨ) ਬਣਾਈ ਗਈ ਜਿਸਦਾ ਨਾਂ ਹੈ 'ਦ ਯੂਨਾਈਟਿਡ ਸਟੇਟਸ'। ਇਸ ਨੂੰ ਅੰਗਰੇਜ਼ੀ ਦੇ ਵੱਡੇ ਅੱਖਰਾਂ ਵਿਚ ਇੰਜ ਲਿਖਿਆ ਜਾਂਦਾ ਹੈ—THE UNITED STATES.

ਇਸ ਦਾ ਸੰਵਿਧਾਨ ਵੀ ਵੱਖਰਾ ਲਿਖਿਆ ਗਿਆ। ਅਸਲੀ ਪੁਰਾਣੇ ਸੰਵਿਧਾਨ ਅੰਦਰ ਜੋ ਹੱਕ "ਗਰੰਟੀ" ਕੀਤੇ ਹੋਏ ਸਨ, ਉਹ ਹੁਣ "ਆਗਿਆ" ਹੇਠ ਆ ਗਏ। ਇੰਜ 1871 ਦੀ ਕਾਂਗਰਸ ਨੇ ਅਮਰੀਕਾ ਦੇਸ ਦੇ ਨਾਲ ਧ੍ਰੋਹ ਕੀਤਾ। 1913 ਵਿਚ ਅਮਰੀਕੀ ਕਾਂਗਰਸ ਨੇ ਡਾਲਰਾਂ ਦੀ ਛਪਾਈ ਅਤੇ ਕੰਟ੍ਰੋਲ ਨਿੱਜੀ ਬੈਂਕਾਂ ਦੀ ਮਲਕੀਅਤ ਬਣਾ ਦਿੱਤਾ। ਇਹ ਸੀ ਇਕ ਹੋਰ ਮਹਾਂ-ਧ੍ਰੋਹ।

ਕੋਲੰਬੀਆ ਜ਼ਿਲ੍ਹੇ ਦੀ ਸਰਕਾਰ, 1871 ਦੇ ਐਕਟ ਅਨੁਸਾਰ ਸਾਧਾਰਨ ਕਾਨੂੰਨਾਂ ਦੇ ਅੰਦਰ ਨਹੀਂ ਹੈ। ਉਹ ਇਕ ਕਾਰਪੋਰੇਸ਼ਨ ਹੈ ਜੋ ਅੰਤਰਰਾਸ਼ਟਰੀ ਪ੍ਰਾਈਵੇਟ ਕਾਨੂੰਨ ਦੇ ਨਾਲ ਚੱਲਦੀ ਹੈ। ਇਸ ਦੇ ਕਾਨੂੰਨ ਦਾ ਘੇਰਾ ਕੇਵਲ ਕੋਲੰਬੀਆ ਜ਼ਿਲ੍ਹੇ ਅੰਦਰ ਲਾਗੂ ਹੋਣਾ ਚਾਹੀਦਾ ਸੀ। ਕਾਰਪੋਰੇਸ਼ਨ ਦੇ ਖ਼ਜ਼ਾਨੇ ਅਤੇ ਇਨਸਾਫ਼ ਤਾਂ ਕੇਵਲ 'ਦ ਯੂਨਾਈਟਿਡ ਸਟੇਟਸ' ਵਾਸਤੇ ਸਨ। ਪਰ ਇਹ ਕਾਰਪੋਰੇਸ਼ਨ ਧੋਖੇ ਫ਼ਰੇਬ ਦੇ ਨਾਲ ਕੁਲ ਅਮਰੀਕਾ ਦੇ ਉੱਤੇ ਛਾ ਗਈ ਹੈ। ਲੋਕ ਜਿਸ ਨੂੰ ਅਮਰੀਕਾ ਦੀ ਆਪਣੀ ਸਰਕਾਰ ਸਮਝਦੇ ਹਨ, ਅਸਲ ਵਿਚ ਉਹ ਹੈ 'ਦ ਯੂਨਾਈਟਿਡ ਸਟੇਟਸ' ਦਾ ਕਾਰਪੋਰੇਟ ਸਾਮਰਾਜ। ਕਾਂਗਰਸ ਦੇ ਮੈਂਬਰ ਲੋਕਾਂ ਲਈ ਨਹੀਂ, ਬਲਕਿ ਕਾਰਪੋਰੇਸ਼ਨ ਦਾ ਪਾਣੀ ਭਰਦੇ ਹਨ।

ਮੁੱਕਦੀ ਗੱਲ, 'ਦ ਯੂਨਾਈਟਿਡ ਸਟੇਟਸ' ਅੰਤਰਰਾਸ਼ਟਰੀ ਬੈਂਕਰਾਂ ਦਾ ਕਾਰਪੋਰੇਟਰੀ ਹੱਥ-ਠੋਕਾ ਹੈ। ਹਰ ਅਮਰੀਕਨ ਪ੍ਰਾਣੀ ਜੰਮਣ ਤੋਂ ਮਰਨ ਤਕ ਕਾਰਪੋਰੇਸ਼ਨ ਦੀ ਮਲਕੀਅਤ ਵਿਚ ਹੈ। ਲੋਕਾਂ ਦੀਆਂ ਕੁਲ ਜਾਇਦਾਦਾਂ, ਬਲਕਿ ਉਨ੍ਹਾਂ ਦੇ ਬੱਚੇ ਵੀ ਕਾਰਪੋਰੇਸ਼ਨਾਂ ਦੀ ਮਾਲਕੀ ਹੇਠ ਹਨ। ਬੇਅੰਤ ਕਿਸਮਾਂ ਦੇ ਟੈਕਸ, ਲਾਇਸੰਸ ਅਤੇ ਜੁਰਮਾਨੇ, ਲੋਕਾਂ ਦੀਆਂ ਜੇਬਾਂ 'ਚੋਂ ਨਿਕਲੇ ਕਾਰਪੋਰੇਸ਼ਨ ਦੀ ਜੇਬ ਵਿਚ ਜਾਂਦੇ ਹਨ। ਅਮਰੀਕਨ ਲੋਕਾਂ ਨੂੰ ਕੁਝ ਨਾ ਕੁਝ ਖੜਕਦਾ ਜ਼ਰੂਰ ਹੈ, ਪਰ ਉਹ ਖੁੱਲ੍ਹ ਕੇ ਕਹਿਣ ਜੋਗੇ ਨਹੀਂ ਕਿ ਉਹ 'ਆਜ਼ਾਦ' ਨਹੀਂ ਹਨ। ਕਾਰਪੋਰੇਟਰੀ 'ਦ ਯੂਨਾਈਟਿਡ ਸਟੇਟਸ', 'ਯੂਨਾਈਟਿਡ ਸਟੇਟਸ ਆਫ਼ ਅਮਰੀਕਾ' ਨੂੰ ਦੋਹੀਂ ਹੱਥੀਂ ਲੁੱਟਦਾ ਹੈ ਅਤੇ ਅੰਤਰਰਾਸ਼ਟਰੀ ਝਗੜਿਆਂ ਅਤੇ ਜੰਗਾਂ ਵਿਚ ਰੁਝਾਈ ਫਿਰਦਾ ਹੈ। ਇਸ ਕਾਰਪੋਰੇਸ਼ਨ ਦੀ ਮਲਕੀਅਤ 'ਦ ਸਿਟੀ' ਇੰਗਲੈਂਡ ਦੇ ਯਹੂਦੀ ਬੈਂਕਰਾਂ ਦੇ ਹੱਥ ਵਿਚ ਹੈ।

ਬੈਂਕਰਾਂ ਦੇ ਮੋਢੀ ਰੌਥਚਾਈਲਡ ਦੀਆਂ ਵਿਸ਼ਵ ਪ੍ਰਾਪਤੀਆਂ ਬਾਰੇ ਕਈ ਲਿਖਣ ਵਾਲਿਆਂ ਦਾ ਕਹਿਣਾ ਹੈ ਕਿ ਕੇਵਲ ਪੰਜ ਦੇਸਾਂ ਨੂੰ ਛੱਡ ਕੇ, ਕੁਲ ਦੁਨੀਆਂ ਦੇ ਕੇਂਦਰੀ ਬੈਂਕ, ਰੌਥਚਾਈਲਡ ਦੀ ਮਲਕੀਅਤ ਹਨ। ਕੁਲ ਦੁਨੀਆਂ ਦੇ ਅੰਦਰ ਭਾਰਤ

ਵੀ ਆਉਂਦਾ ਹੈ, ਯਕੀਨ ਨਹੀਂ ਆਉਂਦਾ। ਆਗਿਆਕਾਰੀਆਂ ਦੀ ਸੂਚੀ ਅੰਦਰ ਰੂਸ ਅਤੇ ਚੀਨ ਜਿਹੇ ਅਮਰੀਕਾ ਵਿਰੋਧੀ ਦੇਸ ਵੀ ਹਨ। ਇਹ ਤਾ ਅਸੰਭਵ ਹੈ ਕਿ ਉਨ੍ਹਾਂ ਨੂੰ 'ਦ ਯੂਨਾਈਟਿਡ ਸਟੇਟਸ' ਦੀ ਸ਼ੈਤਾਨ ਹਸਤੀ ਦਾ ਪਤਾ ਹੀ ਨਾ ਹੋਵੇ। ਆਕੀ ਦੇਸਾਂ ਦੀ ਸੂਚੀ ਵਿਚ ਕੇਵਲ ਇਹ ਪੰਜ ਦੇਸ ਹਨ—ਈਰਾਨ, ਉੱਤਰੀ ਕੋਰੀਆ, ਸੂਡਾਨ, ਲਿਬੀਆ ਅਤੇ ਕਿਊਬਾ। ਪਹਿਲਾਂ ਇਰਾਕ ਵੀ ਇਸ ਸੂਚੀ ਵਿਚ ਸੀ, ਹੁਣ ਉਹ 'ਸੁਧਰ' ਗਿਆ ਹੈ। ਬੈਂਕਰਾਂ ਦੀ ਵਿਸ਼ਵ ਸ਼ਤਰੰਜ ਅੰਦਰ ਇੱਕੋ ਇਕ ਲੱਠਬਾਜ਼ ਮੋਹਰਾ ਅਮਰੀਕਾ, ਉਨ੍ਹਾਂ ਦੇ ਟੀਚੇ 'ਇਕ ਵਿਸ਼ਵ ਸਾਮਰਾਜ' ਦੀ ਪੂਰਤੀ ਲਈ ਆਹਰੇ ਲੱਗਾ ਹੋਇਆ ਹੈ।

ਮੁੱਠੀ ਭਰ ਬੈਂਕਰਾਂ ਦੀਆਂ ਸਵਾ ਦੋ ਸੌ ਸਾਲਾਂ ਦੀਆਂ ਕੁਟਲ-ਨੀਤੀਆਂ ਰਾਹੀਂ ਕੀਤੀਆਂ ਪ੍ਰਾਪਤੀਆਂ ਹੈਰਾਨੀ ਵਿਚ ਡੋਬ ਦੇਂਦੀਆਂ ਹਨ। ਉਹ ਆਪ ਅੱਗੇ ਕਦੇ ਨਹੀਂ ਆਉਂਦੇ। ਕੀ ਸਾਡੇ ਦੇਸ ਅੰਦਰ ਵੀ ਕੋਈ 'ਦ ਸਿਟੀ' ਛੁਪਿਆ ਹੋਇਆ ਹੈ ਜੋ ਦੇਸ ਦੀਆਂ 'ਮਹਾਨ ਪ੍ਰਾਪਤੀਆਂ' ਦਾ ਫਲ ਕੁਲ ਲੋਕਾਂ ਤਕ ਨਹੀਂ ਪਹੁੰਚਣ ਦੇਂਦਾ ? ਦੇਸ ਦੇ ਸਿਆਸੀ ਸੇਵਾਦਾਰ ਇਕ ਇਲੈਕਸ਼ਨ ਸਮੇਂ ਬੇਅੰਤ ਕਰੋੜ ਕਿਵੇਂ ਖ਼ਰਚ ਕਰ ਲੈਂਦੇ ਹਨ ? ਪੰਜਾਬ ਅੰਦਰ ਐਨਾ ਖ਼ਰਚ ਨਹੀਂ ਹੁੰਦਾ, ਜਿੰਨਾ ਦੱਖਣੀ ਭਾਰਤ ਵਿਚ ਹੁੰਦਾ ਹੈ।

# ਪ੍ਰਮਾਣੂ ਜੰਗ ਕੋਈ ਖੇਡ ਨਹੀਂ

ਆਮ ਤੌਰ ’ਤੇ ਮੰਨਿਆ ਜਾਂਦਾ ਹੈ ਕਿ ਭਾਰਤ ਅਤੇ ਪਾਕਿਸਤਾਨ, ਦੋਹਾਂ ਦੇ ਕੋਲ ਲਗਪਗ 100 ਪ੍ਰਮਾਣੂ ਬੰਬ ਹਨ। ਦੋਵੇਂ ਇਸ ਯੋਗ ਹਨ ਕਿ ਇਨ੍ਹਾਂ ਬੰਬਾਂ ਨੂੰ ਜਹਾਜ਼ਾਂ ਜਾਂ ਰਾਕਟਾਂ ਦੇ ਨਾਲ ਮਿਥੇ ਹੋਏ ਟਿਕਾਣਿਆਂ ਉੱਤੇ ਇਕ ਦੂਜੇ ਦੇਸ ਉੱਤੇ ਸੁੱਟ ਸਕਣ। ਭਾਰਤੀ ਪ੍ਰਮਾਣੂ ਤਕਨਾਲੋਜੀ ਤਾਂ ਸ਼ਾਇਦ ਘਰ ਦੀ ਹੀ ਉਪਜ ਸੀ ਪਰ ਪਾਕਿਸਤਾਨ ਦੇ ਅੰਦਰ ਪ੍ਰਮਾਣੂ ਹਥਿਆਰ ਦੀ ਤਕਨਾਲੋਜੀ ਅਮਰੀਕਨ ਸੀ. ਆਈ. ਏ. ਵੱਲੋਂ ਤੋਹਫ਼ਾ ਸੀ। ਉਨ੍ਹਾਂ ਡਾ. ਖ਼ਾਨ ਨੂੰ ਮੋਹਰਾ ਬਣਾ ਕੇ ਨਾ ਕੇਵਲ ਪਾਕਿਸਤਾਨ ਨੂੰ ਹੀ ਬੰਬ ਬਣਾਉਣ ਯੋਗ ਕੀਤਾ, ਬਲਕਿ ਉਹਦੇ ਰਾਹੀਂ ਪ੍ਰਮਾਣੂ ਤਕਨਾਲੋਜੀ ਲਿਬੀਆ, ਈਰਾਨ ਅਤੇ ਉੱਤਰੀ ਕੋਰੀਆ ਤਕ ਪੁਚਾਈ। ਅਮਰੀਕਾ ਦੀ ਇਹ ਇਕ ਗਿਣੀ ਮਿਥੀ ਸ਼ਤਰੰਜੀ ਚਾਲ ਸੀ। ਉਨ੍ਹਾਂ ਆਪਣੇ ਚੁਣੇ ਸਮੇਂ ਸਿਰ ਇਨ੍ਹਾਂ ਦੇਸਾਂ ਨੂੰ ਚੁਣੌਤੀ ਦੇਣੀ ਸੀ। ਲਿਬੀਆ ਬਹੁਤ ਪਹਿਲਾਂ ਏਸ ਚਾਲ ਨੂੰ ਸਮਝ ਕੇ ਹੱਥ ਖੜੇ ਕਰ ਗਿਆ ਅਤੇ ਨਾਲ ਹੀ ਬੇਅੰਤ ਤੇਲ ਸੋਮਿਆਂ ਨੂੰ ਅਮਰੀਕਨ ਕੰਪਨੀਆਂ ਦੇ ਹਵਾਲੇ ਕਰ ਕੇ “ਅਮਨ ਪਸੰਦ” ਦੇਸ ਬਣ ਗਿਆ। ਈਰਾਨ ਨੇ ਵੀ ਪ੍ਰਮਾਣੂ ਹਥਿਆਰ ਬਣਾਉਣ ਦੇ ਇਰਾਦੇ ਨੂੰ ਤਿਆਗ ਦਿੱਤਾ, ਅੱਜ ਤੋਂ 17 ਸਾਲ ਪਹਿਲਾਂ, ਪ੍ਰੰਤੂ “ਅਮਨ ਪਸੰਦ” ਬਣਨ ਲਈ ਆਪਣਾ ਤੇਲ ਅਮਰੀਕਨ ਕੰਪਨੀਆਂ ਨੂੰ ਵਾਰਨ ਦੀ ਕੁਰਬਾਨੀ ਨਹੀਂ ਦਿੱਤੀ। ਏਸੇ ਲਈ ਅੱਜ ਉਸ ਦੇਸ ਦੇ ਦੁਆਲੇ ਆਕਰਮਕ ਜੰਗੀ ਬੱਦਲ ਛਾਏ ਹੋਏ ਹਨ। ਉੱਤਰੀ ਕੋਰੀਆ ਅੱਜ ਤੋਂ 57 ਸਾਲ ਪਹਿਲਾਂ ਅਮਰੀਕਾ ਨਾਲ ਖਹਿ ਚੁੱਕਿਆ ਸੀ ਅਤੇ ਕੇਵਲ ਯੁੱਧ ਬੰਦੀ ਦੇ ਪੜਾਅ ਉੱਤੇ ਹੀ ਸੀ। ਉੱਤਰੀ ਕੋਰੀਆ ਅਮਰੀਕਨ ਬੰਬਾਰੀ ਦੇ ਨਾਲ ਖੰਡਰਾਂ ਦੀ ਹਾਲਤ ਵਿੱਚੋਂ ਮੁਸ਼ਕਲ ਦੇ ਨਾਲ ਉੱਠਿਆ ਸੀ। ਉਹ ਮੌਕੇ ਦਾ ਫ਼ਾਇਦਾ ਉਠਾ ਕੇ ਆਪਣੀ ਰੱਖਿਆ ਦੀ ਤਿਆਰੀ ਵਿਚ ਪ੍ਰਮਾਣੂ ਬੰਬ ਅਤੇ ਮਿਜ਼ਾਇਲਾਂ ਤਿਆਰ ਕਰ ਗਿਆ। ਉਸ ਨੂੰ ਅਮਰੀਕਾ ਵੱਲੋਂ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ ਪਰ ਉੱਤਰੀ ਕੋਰੀਆ ਦੀ ਫ਼ੌਜੀ ਤਿਆਰੀ ਨੂੰ ਵੇਖਦਿਆਂ ਅਜੇ ਅਮਰੀਕਾ ਦੀ ਹਿੰਮਤ ਨਹੀਂ ਪੈਂਦੀ ਕਿ ਉਸ ਨਾਲ ਸਚਮੁੱਚ ਲੜਾਈ ਛੇੜ ਲਵੇ। ਪਿਛਲੇ ਸੱਤਾਂ ਦਹਾਕਿਆਂ ਵਿਚ ਅਮਰੀਕਾ ਨੇ ਬੇਅੰਤ ਗ਼ਰੀਬ ਅਤੇ ਮਾੜੂਏ ਦੇਸਾਂ ਉੱਤੇ ਹਮਲੇ ਅਤੇ ‘ਕਬਜ਼ੇ’ ਕੀਤੇ ਹਨ। ਈਰਾਨ ਅਤੇ ਉੱਤਰੀ ਕੋਰੀਆ ਅੰਦਰ ਸੰਭਾਵੀ ਜੰਗਾਂ ਸ਼ੁਰੂ ਕਰਨ ਲਈ ਅਮਰੀਕਾ ਨੇ ਪ੍ਰਮਾਣੂ ਹਥਿਆਰ ‘ਵਰਤੇਗਾ’ ਦੇ ਸੰਕੇਤ ਕਈ ਵਾਰ ਦੇ ਦਿੱਤੇ ਹਨ।

ਪ੍ਰਮਾਣੂ ਹਥਿਆਰ ਦਾ ਕਿਸੇ ਵੀ ਦੇਸ ਕੋਲ ਹੋਣਾ, ਹੋਰਨਾਂ ਦੇਸਾਂ ਲਈ ਖ਼ਤਰਾ ਹੈ। ਏਸੇ ਡਰ ਦੇ ਮਾਰੇ, ਗ਼ੈਰ-ਪ੍ਰਮਾਣੂ ਦੇਸ, ਕਿਸੇ ਨਾ ਕਿਸੇ ਗਠਬੰਧਨ ਵਿਚ ਆਪ ਫਸ ਜਾਂਦੇ ਨੇ ਜਾਂ ਫਸਾਏ ਜਾਂਦੇ ਹਨ। ਕਈ ਨਾਟੋ ਦੇਸ ਏਸੇ ਹੀ ਸ਼੍ਰੇਣੀ ਵਿਚ ਆਉਂਦੇ ਹਨ।

ਭਾਰਤ ਅਤੇ ਪਾਕਿਸਤਾਨ ਦੀ ਵੱਖਰੀ ਹੀ ਸ਼੍ਰੇਣੀ ਹੈ। ਇਹ ਮੂਰਖ ਦੇਸ ਆਪਣਾ ਬੇਅੰਤ ਸਰਮਾਇਆ ਏਸ ਰਸਤੇ ਫੂਕ ਕੇ ਪਛੜੇ ਹੋਏ ਦੇਸਾਂ ਦੀ ਕਤਾਰ ਨੂੰ ਸ਼ਿੰਗਾਰ ਰਹੇ ਹਨ। ਪਾਕਿਸਤਾਨ ਤਾਂ ‘ਭਾਰਤ ਤੋਂ ਖ਼ਤਰਾ’ ਕਹਿ ਕੇ ਪ੍ਰਮਾਣੂ ਹਥਿਆਰ ਬਣਾਉਂਦਾ ਹੈ ਪਰ ਭਾਰਤ ਚੀਨ ਨੂੰ ਅਗਾਊਂ ਦੁਸ਼ਮਣ ਕਰਾਰ ਦੇ ਕੇ ਆਪਣੀ ਰੱਖਿਆ ਲਈ ਪ੍ਰਮਾਣੂ ਹਥਿਆਰ ਅਤੇ ਰਾਕਟ ਤਿਆਰ ਕਰਦਾ ਹੈ। ਭਾਰਤ ਨੂੰ ਪਾਕਿਸਤਾਨ ਜੇਹੇ ‘ਤੁੱਛ’ ਦੇਸ ਦਾ ਨਾਂ ਲੈਣ ਵਿਚ ਹੇਠੀ ਹੁੰਦੀ ਜਾਪਦੀ ਹੈ।

ਭਾਰਤ ਅਤੇ ਪਾਕਿਸਤਾਨ ਦੋਵੇਂ ਆਪਣੇ ਆਪ ਨੂੰ ਬੜੇ ਚਤੁਰ ਦਰਸਾਉਂਦੇ ਹਨ। ਦੋਵੇਂ ਸਰਹੱਦਾਂ ਦੇ ਅੰਦਰ ਅਤੇ ਉੱਤੇ ਤਾਪਮਾਨ ਵਧਾ ਕੇ ਆਪਣੀਆਂ ਫ਼ੌਜਾਂ ਨੂੰ ਸਾਵਧਾਨ ਰੱਖਦੇ ਨੇ। ਕਦੇ-ਕਦਾਈਂ ਅਜੇਹੇ ਬਿਆਨ ਵੀ ਆ ਜਾਂਦੇ ਨੇ ਕਿ ਕਿਹੜੇ ਕਿਹੜੇ ਭਾਰਤੀ ਜਾਂ ਪਾਕਿਸਤਾਨੀ ਸ਼ਹਿਰ ਰਾਕਟਾਂ ਦੀ ਮਾਰ ਹੇਠ ਹਨ।

ਭਾਰਤੀ ਉਪ-ਮਹਾਂਦੀਪ ਅੰਦਰ ਬੇਅੰਤ ਸਮੱਸਿਆਵਾਂ, ਸਮੇਤ ਕਸ਼ਮੀਰ ਦੇ, ਐਂਗਲੋ-ਅਮਰੀਕਨ ਸਾਮਰਾਜ ਦੀ ਦੇਣ ਹਨ। ਜੰਗੀ ਨਗਾਰਿਆਂ ਦੀ ਚੋਟ ਹੇਠ, ਇਹ ਦੇਸ ਤਰੱਕੀ ਕਰਨ ਦੀ ਥਾਂ, ਪੱਛਮ ਤੋਂ ਹਥਿਆਰ ਖ਼ਰੀਦਦੇ ਹਨ। ਜਦੋਂ ਵੀ ਅਮਨ ਵੱਲ ਲਿਜਾਂਦੀ ਕੋਈ ਵਾਰਤਾ ਸਫਲਤਾ ਵੱਲ ਜਾਂਦੀ ਦਿੱਸਦੀ ਹੈ ਤਾਂ ਇਕ ਨਵਾਂ ‘ਹਾਦਸਾ’ ਹੋ ਜਾਂਦਾ, ਭਾਵ ਕਰਵਾਇਆ ਜਾਂਦਾ ਹੈ। ਸਾਮਰਾਜ ਦੇ ਕੰਨਾਂ ਨੂੰ ਮਿੱਠੇ ਲੱਗਦੇ ਬਿਆਨ, ਦੋਹਾਂ ਦੇਸਾਂ ਵੱਲੋਂ ਬੁਛਾੜੇ ਜਾਂਦੇ ਹਨ ਅਤੇ ਦੋ-ਪਾਸੀਂ ਲੋਕਾਂ ਦੀ ਸਦੀਵੀ ਅਮਨ ਦੀ ਖ਼ਾਹਸ਼ ਛੂ-ਮੰਤਰ ਹੋ ਜਾਂਦੀ ਹੈ।

ਪੱਛਮੀ ਸਾਮਰਾਜ ਨਾ ਕੇਵਲ ਭਾਰਤੀ ਉਪ-ਮਹਾਂਦੀਪ ਦੀ ਹਾਲਤ ਜਿਉਂ ਦੀ ਤਿਉਂ ਰੱਖਣਾ ਚਾਹੁੰਦਾ ਹੈ, ਬਲਕਿ ਕਦੇ ਕਦਾਈਂ ਦੇ ਇੱਟ ਖੜੱਕੇ ਨੂੰ ਵੀ ਦਿਲੋ-ਜਾਨ ਪਸੰਦ ਕਰਦਾ ਹੈ। ਮੈਨੂੰ ਤਾਂ ਇਹ ਵੀ ਡਰ ਹੈ ਕਿ ਕੋਈ ਅਜਿਹਾ ਸਮਾਂ ਵੀ ਪੈਦਾ ਕੀਤਾ ਜਾ ਸਕਦੈ ਜਦੋਂ ਜ਼ਬਾਨੀ ਗਾਲੀ ਗਲੋਚ (ਸਿਆਸੀ) ਤੋਂ ਉਠਾ ਕੇ ਇਨ੍ਹਾਂ ਦੇਸਾਂ ਦੇ ਕੋਲੋਂ ਸਚਮੁੱਚ ਦੀ ਪ੍ਰਮਾਣੂ ਜੰਗ ਕਰਵਾਈ ਜਾਵੇ।

ਪ੍ਰਮਾਣੂ ਹਥਿਆਰਾਂ, ਰਾਕਟਾਂ ਅਤੇ ਇਨ੍ਹਾਂ ਦੇ ਨਾਲ ਜੰਗਾਂ ਦੀਆਂ ਸੰਭਾਵਨਾਵਾਂ ਨੂੰ ਨਿਹਾਇਤ ਸਾਧਾਰਨ ਜਿਹੇ ਸ਼ਬਦਾਂ ਦੇ ਨਾਲ ਉਲੀਕਿਆ ਜਾਂਦਾ ਹੈ। ਇੰਜ ਲੱਗਦਾ ਹੈ ਕਿ ਸਿਆਸੀ ਨੀਤੀਆਂ ਦੇ ਮਾਲਕ ਅਤੇ ਜਨ-ਸਮੂਹ, ਪ੍ਰਮਾਣੂ ਸ਼ਸਤਰਾਂ ਦੇ ਵਿਨਾਸ਼ਕਾਰੀ ਚਿਹਰੇ ਤੋਂ ਬੇਖ਼ਬਰ ਹਨ। ਏਸੇ ਲਈ ਪ੍ਰਮਾਣੂ ਜੰਗ ਬਾਰੇ ਵਧੇਰੇ ਸੁਚੇਤ ਹੋਣ ਦੀ ਲੋੜ ਹੈ।

ਸਭ ਤੋਂ ਪਹਿਲਾਂ ਇਹ ਚੰਗੀ ਤਰ੍ਹਾਂ ਜਾਣਨਾ ਚਾਹੀਦਾ ਹੈ ਕਿ ਪ੍ਰਮਾਣੂ ਬੰਬ ਹਮਲੇ ਦਾ ਹਥਿਆਰ ਹੈ, ਰੱਖਿਆ ਦਾ ਨਹੀਂ। ਜੋ ਵੀ ਹਮਲਾ ਕਰੇਗਾ, ਉਸ ਦੀ ਕੋਸ਼ਿਸ਼ ਇਹ ਹੋਵੇਗੀ ਕਿ ਦੁਸ਼ਮਣ ਦੀ ਅਜਿਹੀ ਤਬਾਹੀ ਹੋਵੇ ਕਿ ਵਾਪਸੀ ਜਵਾਬ ਨਾ ਦੇ ਸਕੇ। ਜ਼ਾਹਿਰ ਹੈ ਕਿ ਹਮਲਾ, ਇਕ ਪ੍ਰਮਾਣੂ ਬੰਬ ਦੇ ਨਾਲ ਨਹੀਂ ਬਲਕਿ ਆਪਣੇ ਕੁੱਲ ਜ਼ਖੀਰੇ ਦੇ ਨਾਲ ਕੀਤਾ ਜਾਵੇਗਾ। ਉਸ ਨੇ ਹੀਰੋਸ਼ੀਮਾ, ਨਾਗਾਸਾਕੀ ਵਾਲੇ 20 ਕਿਲੋ ਟਨ ਵਾਲੇ ਨਿੱਕੇ ਬੰਬ ਵੀ ਨਹੀਂ ਵਰਤਣੇ ਬਲਕਿ ਵੱਧ ਤੋਂ ਵੱਧ ਸ਼ਕਤੀ ਵਾਲੇ ਮੈਗਾਟਨਾਂ ਵਾਲੇ ਬੰਬ ਵਰਤਣੇ ਹਨ। ਭਾਰਤ ਅਤੇ ਪਾਕਿਸਤਾਨ ਦੇ ਕੋਲ ਕਿੰਨੀ ਸ਼ਕਤੀ ਵਾਲੇ ਬੰਬ ਹਨ, ਸਾਨੂੰ ਕੋਈ ਖ਼ਬਰ ਨਹੀਂ।

ਇੱਕੋ ਹੀ ਸਮੇਂ ਬੇਅੰਤ ਪ੍ਰਮਾਣੂ ਬੰਬਾਂ ਤੋਂ ਉਤਪੰਨ ਹੋਈ ਹਾਲਤ ਤਾਂ ਬਿਆਨ ਕਰਨ ਤੋਂ ਬਾਹਰ ਹੈ। ਕੋਸ਼ਿਸ਼ ਕਰਦੇ ਹਾਂ, ਵੇਖੀਏ ਕਿ ਇਕ ਪ੍ਰਮਾਣੂ ਬੰਬ ਦਾ ਧਮਾਕਾ ਕੀ 'ਨਜ਼ਾਰਾ' ਲਿਆ ਸਕਦੈ। ਘੱਟੋ-ਘੱਟ ਮੈਗਾਟਨ ਤਾਂ ਇਕ ਹੀ ਹੁੰਦਾ ਹੈ। ਚਲੋ ਏਡੇ ਕੁ ਪ੍ਰਮਾਣੂ ਬੰਬ ਦੇ ਅਸਰਾਂ ਬਾਰੇ ਜਾਣਕਾਰੀ ਲਈਏ। ਭਾਰਤ ਅਤੇ ਪਾਕਿਸਤਾਨ ਅੰਦਰ (ਅਮਰੀਕਾ ਅੰਦਰ ਵੀ ਏਹੀ ਹਾਲ ਹੈ) ਲੋਕ ਇਹ ਸੋਚਦੇ ਹਨ ਕਿ ਪ੍ਰਮਾਣੂ ਲਿਸ਼ਕਾਰਾ ਵੱਜੇਗਾ ਅਤੇ ਸਰੀਰ ਭਸਮ ਹੋ ਜਾਵੇਗਾ। ਬਸ, ਏਨਾ ਹੀ। ਅਸਲੀਅਤ ਏਨੀ ਸਾਦ ਮੁਰਾਦੀ ਨਹੀਂ ਹੈ।

ਇਕ ਪ੍ਰਮਾਣੂ ਭੜਾਕੇ ਵਾਲੀ ਥਾਂ ਦੇ ਛੇ ਵਰਗ ਮੀਲ ਦੇ ਇਲਾਕੇ ਨੂੰ 'ਗਰਾਉਂਡ ਜ਼ੀਰੋ' ਕਿਹਾ ਜਾ ਸਕਦਾ ਹੈ। ਓਥੇ ਖੜੋਤੇ ਲੋਕਾਂ ਨੂੰ ਤਾਂ ਖ਼ਬਰ ਹੀ ਨਹੀਂ ਹੋਣੀ ਕਿ ਉਹ ਬੰਬ ਦੀਆਂ 'ਗਾਮਾ ਕਿਰਨਾਂ' ਦੇ ਨਾਲ ਕਦੋਂ ਭਸਮ ਅਤੇ ਗ਼ਾਇਬ ਹੋ ਗਏ। ਹਜ਼ਾਰਾਂ ਲੱਖਾਂ ਲੋਕਾਂ ਦੇ ਪੱਥਰਾਂ ਅਤੇ ਕੰਧਾਂ ਉੱਤੇ, ਭੂਤਨੁਮਾ ਪਰਛਾਵੇਂ ਛਪੇ ਹੋਏ ਦਿੱਸਣਗੇ। ਪ੍ਰਮਾਣੂ ਜੰਗ ਅੰਦਰ ਇੰਜ ਮਰ ਕੇ ਸਰੀਰ ਅਤੇ ਆਤਮਾ ਨੂੰ ਪਰਮਾਤਮਾ ਨਾਲ ਮਿਲਣ ਵਾਲੇ ਸਭ ਤੋਂ ਖ਼ੁਸ਼ਕਿਸਮਤ ਲੋਕ ਹੋਣਗੇ।

ਪ੍ਰਮਾਣੂ ਭੜਾਕੇ ਵਿੱਚੋਂ ਨਿਕਲੀ ਰੌਸ਼ਨੀ ਅਤੇ ਗਰਮੀ ਸੂਰਜ ਦੀ ਅੰਦਰਲੀ ਗਰਮੀ ਨਾਲੋਂ ਵੀ ਕਈ ਗੁਣਾ ਵੱਧ ਹੋਵੇਗੀ। ਦਸ ਮੀਲ ਦੂਰ ਤੱਕ ਹਰ ਸੜ ਸਕਣ ਵਾਲੀ ਚੀਜ਼ ਨੂੰ ਅੱਗ ਲੱਗ ਜਾਵੇਗੀ। ਕਰੀਬ 700 ਵਰਗ ਮੀਲ ਦੇ ਇਲਾਕੇ ਅੰਦਰ ਹਰ ਜਾਨਦਾਰ, ਇਕਦਮ ਅਤੇ ਸਦਾ ਲਈ ਅੰਨ੍ਹਾ ਹੋ ਜਾਵੇਗਾ—ਇਨਸਾਨ, ਪਸ਼ੂ, ਪਾਲਤੂ ਜਾਨਵਰ, ਉਡਦੇ ਜਾਂਦੇ ਪੰਛੀ ਆਦਿ। ਨਾ ਕੋਈ ਸਰਕਾਰੀ, ਨਾ ਕੋਈ ਫ਼ੌਜੀ, ਨਾ ਹੀ ਕੋਈ ਸਾਧਾਰਨ ਮਨੁੱਖ, ਅੰਨ੍ਹੇ ਹੋਣ ਤੋਂ ਬਚ ਸਕੇਗਾ ਭਾਵੇਂ ਉਸ ਨੇ ਅੱਖਾਂ ਖੁੱਲ੍ਹੀਆਂ ਰੱਖੀਆਂ ਹੋਣ, ਭਾਵੇਂ ਬੰਦ। ਪੰਜਾਹ ਮੀਲ ਦੂਰ ਭਾਵ ਕਰੀਬ 7500 ਵਰਗ ਮੀਲ ਦੇ ਇਲਾਕੇ ਅੰਦਰ ਜੇ ਕਿਸੇ ਨੇ ਏਸ ਭੜਾਕੇ ਵੱਲ ਅੱਖ ਉਠਾ ਕੇ ਵੇਖ ਵੀ ਲਿਆ ਤਾਂ ਉਸਦੀ ਅੱਖ ਦਾ ਕੇਂਦਰੀ ਭਾਗ, ਮੈਕੂਲਾ ਪੂਰੀ ਤਰ੍ਹਾਂ ਸੜ ਜਾਵੇਗਾ। ਉਹ ਲੋਕ ਚੱਲਣ ਫਿਰਨ ਜੋਗਾ ਤਾਂ ਵੇਖ ਲੈਣਗੇ ਪਰ ਪੜ੍ਹਨਾ ਜਾਂ ਪਛਾਣਨਾ ਸਦਾ ਲਈ ਨਾਕਸ ਰਹੇਗਾ। ਇਕਦਮ ਜਾਂ ਸਕਿੰਟ ਦੇ ਦਸਵੇਂ ਹਿੱਸੇ ਵਿਚ ਮਰਨ ਵਾਲੇ ਖ਼ੁਸ਼ਕਿਸਮਤਾਂ ਦੀ ਗਿਣਤੀ ਤਾਂ ਦਸ ਫ਼ੀਸਦੀ ਦੇ ਕਰੀਬ ਹੋਵੇਗੀ। ਬਾਕੀ ਨੱਬੇ ਫ਼ੀਸਦੀ ਮਰਨ ਵਾਲਿਆਂ ਨੂੰ ਹੇਠ ਲਿਖੇ ਦੁਖ ਸਹਿਣੇ ਪੈਣਗੇ। ਭੜਾਕੇ ਦੀ ਪ੍ਰੈਸ਼ਰ ਲਹਿਰ ਦੇ ਨਾਲ, ਸਰੀਰ ਦੇ ਹਰ ਰਸਤੇ ਵਿੱਚੋਂ ਖ਼ੂਨ ਚੋਣਾ ਸ਼ੁਰੂ ਹੋ ਜਾਵੇਗਾ। ਭੜਾਕੇ ਦੀ ਥਾਂ ਤੋਂ ਸੈਂਕੜੇ ਮੀਲ ਰਫ਼ਤਾਰ ਦੀ ਹਨੇਰੀ ਝੁੱਲੇਗੀ ਜੋ 6 ਮੀਲ ਦੂਰ ਜਾ ਕੇ 70 ਮੀਲ ਪ੍ਰਤੀ ਘੰਟਾ ਰਹਿ ਜਾਵੇਗੀ। ਤੇਜ਼ ਹਨੇਰੀ ਨੇ ਬੇਅੰਤ ਕੁਝ ਉਡਾ ਕੇ ਜਾਨਦਾਰਾਂ ਨਾਲ ਟਕਰਾਉਣਾ ਅਤੇ ਜ਼ਖ਼ਮੀ ਕਰਨਾ ਹੈ। ਕੋਈ 100 ਮੀਲ ਦੇ ਚੱਕਰ (7500 ਵਰਗ ਮੀਲ) ਵਿਚ ਪ੍ਰੈਸ਼ਰ ਲਹਿਰ ਅਤੇ ਹਨੇਰੀ ਦੇ ਨਾਲ ਇਮਾਰਤਾਂ ਅਤੇ ਜਾਨਦਾਰਾਂ ਦੀ ਭਾਰੀ ਤਬਾਹੀ ਹੋਵੇਗੀ। ਲੋਕਾਂ ਦੀਆਂ ਉਲਟੀਆਂ ਨਹੀਂ ਰੁਕਣਗੀਆਂ, ਚਮੜੀ ਉੱਤੇ ਛਾਲੇ ਪੈ ਜਾਣਗੇ, ਬੇਅੰਤ ਤ੍ਰੇਹ ਲੱਗੇਗੀ (ਕੋਈ ਪਾਣੀ ਪਿਆਉਣ ਵਾਲਾ ਨਹੀਂ ਮਿਲੇਗਾ) ਅਤੇ ਸਿਰ ਦੇ ਵਾਲਾਂ ਦੇ ਗੁੱਛੇ ਝੜਨ ਲੱਗ ਪੈਣਗੇ। ਜਾਨਵਰਾਂ ਦਾ

ਵੀ ਇਹੀ ਹਾਲ ਹੋਵੇਗਾ। ਪ੍ਰਭਾਵਿਤ ਲੋਕਾਂ ਨੂੰ ਏਸ ਇਲਾਕੇ ਤੋਂ ਦੂਰ ਲਿਜਾਣਾ ਔਖਾ ਹੋਵੇਗਾ। ਲੱਖਾਂ ਲੋਕਾਂ ਨੂੰ ਕੌਣ ਤੁਰੰਤ ਲਿਜਾਣ ਵਾਲਾ ਹੈ ? ਜੇ ਕਾਮਯਾਬੀ ਹੋ ਵੀ ਜਾਏ ਤਾਂ ਵੀ ਉੱਪਰ ਲਿਖੀਆਂ ਤਕਲੀਫ਼ਾਂ ਤਾਂ ਹੋਣੀਆਂ ਹੀ ਹੋਣੀਆਂ ਹਨ।

ਇਕ ਮੈਗਾਟਨ ਪ੍ਰਮਾਣੂ ਭੜਾਕੇ ਤੋਂ ਉੱਠਦਾ ਬੱਦਲ ਕਰੀਬ ਦਸ ਮੀਲ ਉੱਚਾ ਅਤੇ ਏਨਾ ਹੀ ਚੌੜਾ ਹੋਵੇਗਾ। ਘੰਟੇ ਕੁ ਪਿੱਛੋਂ ਇਹ ਦਿਸਣੋਂ ਹਟ ਜਾਵੇਗਾ। ਉਪਰ ਚੜ੍ਹੀ ਰੇਡੀਓ ਐਕਟਿਵ ਟੁੱਟ ਭੱਜ ਧਰਤੀ ਉੱਤੇ ਬਰਸਾਤ ਵਾਂਗ ਡਿੱਗੇਗੀ। ਰੇਡੀਓ ਐਕਟਿਵ ਬੱਦਲ ਅੰਦਰਲਾ ਮਾਦਾ ਹਵਾ ਦੇ ਰੁਖ਼ ਨਾਲ ਖਿਲਰੇਗਾ। ਇਹ ਬੱਦਲ 60 ਮੀਲ ਚੌੜਾ ਅਤੇ 400 ਮੀਲ ਲੰਮਾ ਹੋ ਕੇ ਖਿਲਰੇਗਾ। ਬੇਅੰਤ ਮੌਤਾਂ ਅਤੇ ਤਬਾਹੀ ਦੀ ਜ਼ਿੰਮੇਵਾਰੀ, ਦੋਹਾਂ ਦੇਸਾਂ ਵਿਚ ਕੌਣ ਲੈਣ ਵਾਲਾ ਹੈ ? ਕੋਈ ਬਚਿਆ ਹੋਵੇਗਾ ਤਾਂ ਬੋਲੂ, ਜੇ ਕੋਈ ਟੀ. ਵੀ. ਜਾਂ ਰੇਡੀਓ ਮੀਡੀਆ ਕੰਮ ਕਰਦਾ ਬਚਿਆ ਹੋਵੇਗਾ ਤਾਂ ਹੀ ਖ਼ਬਰ ਖਿਲਰੂ। ਸੁਣਨ ਵੇਖਣ ਵਾਲਿਆਂ ਦੇ ਯੰਤਰ ਬਚ ਰਹੇ ਹੋਣਗੇ ? ਬਿਜਲੀ ਚੱਲ ਰਹੀ ਹੋਵੇਗੀ ?

ਹਮਲੇ ਦਾ ਹੁਕਮ ਦੇਣ ਵਾਲੇ ਅਤੇ ਕੰਪਿਊਟਰ ਰਾਹੀਂ ਰਾਕਟ ਦਾਗ਼ਣ ਵਾਲੇ ਆਪ ਤਾਂ ਧਰਤੀ ਦੇ ਹੇਠਾਂ ਏਅਰ ਕੰਡੀਸ਼ਨਡ ਭੋਰਿਆਂ ਵਿਚ ਹੋਣਗੇ। ਜਦੋਂ ਕਦੇ ਬਾਹਰ ਨਿਕਲ ਕੇ ਵੇਖਣਗੇ ਤਾਂ ਸਮਝ ਆਵੇਗੀ ਕਿ ਉਨ੍ਹਾਂ ਨੇ ਕਿੰਨਾ ਭਾਰੀ ਗੁਨਾਹ ਕੀਤਾ ਹੈ।

ਪ੍ਰਮਾਣੂ ਭੜਾਕੇ ਦਾ ਧੱਕਾ ਮਹਿਸੂਸ ਕਰਨ ਵਾਲੇ ਤਾਂ ਹੈਰਾਨੀ ਅਤੇ ਸਹਿਮ ਨਾਲ ਸੁੰਨ ਹੋਏ ਪਏ ਹੋਣਗੇ। ਉਨ੍ਹਾਂ ਦੀ ਸੋਚਣ ਸ਼ਕਤੀ ਤਾਂ ਸਿਫ਼ਰ ਦੇ ਨੇੜੇ ਹੋਵੇਗੀ। ਕਈ ਤਾਂ ਪਲਾਂ ਵਿਚ ਪਾਗਲ ਹੋ ਜਾਣਗੇ (ਉਨ੍ਹਾਂ ਨੂੰ ਵੀ ਕਿਸਮਤ ਵਾਲੇ ਕਹਿ ਲਵੋ)। ਹੁਣ ਤਾਂ ਮਹਾਂ ਤੱਤੀ ਅੱਗ ਹਨੇਰੀ ਨੇ ਆਉਣਾ ਹੈ।

ਅੱਗ ਹਨੇਰੀ, ਮਿੰਟਾਂ ਵਿਚ ਹੀ ਤੂਫ਼ਾਨ ਵਾਂਗ ਉੱਠੇਗੀ। ਏਨੀ ਤੱਤੀ ਕਿ ਪੱਕੀਆਂ ਸੜਕਾਂ ਦੇ ਪੱਥਰ ਵੀ ਪੰਘਰ ਜਾਣਗੇ। ਭੱਜ ਕੇ ਸੜਕ ਟੱਪਣ ਵਾਲੇ ਰਾਹ ਵਿਚ ਹੀ ਖੁਰ ਕੇ ਸੜਕ ਵਿਚ ਰਲ ਜਾਣਗੇ। ਲੋਕ ਛੱਪੜਾਂ, ਨਹਿਰਾਂ, ਦਰਿਆਵਾਂ ਵਿਚ ਛਾਲਾਂ ਮਾਰਨਗੇ। ਜਿਉਂ ਹੀ ਸਰੀਰ ਨੂੰ ਪਾਣੀਓਂ ਬਾਹਰ ਕੱਢਣਗੇ, ਫਿਰ ਅੱਗ ਲੱਗ ਜਾਵੇਗੀ, ਬਚਣ ਦਾ ਤਾਂ ਸਵਾਲ ਹੀ ਨਹੀਂ ਉੱਠਦਾ। ਇਹ ਸੜ ਮਰਨ ਵਾਲੇ ਵੀ ਥੋੜ੍ਹਾ ਬਹੁਤ ਕਿਸਮਤ ਵਾਲੇ ਸਮਝੋਗੇ, ਜਦੋਂ ਅਗਲਿਆਂ ਦਾ ਹਾਲ ਪੜ੍ਹੋਗੇ ਤਾਂ।

ਬੇਅੰਤ ਬਚੇ ਹੋਏ ਕੁਝ ਚਿਰ ਲਈ ਆਪਣੇ ਆਪ ਨੂੰ ਠੀਕ ਠਾਕ ਸਮਝਣਗੇ। ਉਨ੍ਹਾਂ ਨੂੰ ਆਉਣ ਵਾਲੀ ਭਿਆਨਕ ਦੁਖਦਾਈ ਮੌਤ ਦਾ ਗਿਆਨ ਹੌਲੀ ਹੌਲੀ ਹੋਣਾ ਹੈ। ਸ਼ੁਰੂਆਤ ਹੁੰਦੀ ਹੈ ਚਮੜੀ ਦੀ ਝੁਨਝੁਨਾਹਟ ਦੇ ਨਾਲ। ਦਰਅਸਲ ਅੰਦਰਲੇ ਸਰੀਰ ਦਾ ਕਿਣਕਾ ਕਿਣਕਾ ਮਾਲੀਕਿਊਲ ਦੀ ਪੱਧਰ ਉੱਤੇ ਟੁੱਟ ਚੁੱਕਾ ਹੁੰਦਾ ਹੈ। ਫੇਫੜੇ, ਜਿਗਰ, ਆਂਦਰਾਂ, ਦਿਲ, ਗੁਰਦੇ ਆਦਿ, ਸਭ ਲਹੂ-ਲੁਹਾਨ ਪਿਲਪਿਲੇ ਹੋ ਜਾਂਦੇ ਹਨ। ਸਰੀਰ ਦੀ ਹਰ ਮੋਰੀ ਵਿੱਚੋਂ ਲਹੂ ਸਿੰਮਦਾ ਹੈ। ਅਖ਼ੀਰ ਮੌਤ ਹੀ ਇਕ ਦੇਵੀ ਵਾਂਗ ਆ ਕੇ ਦੁਖਾਂ ਤੋਂ ਛੁਟਕਾਰਾ ਦਿਵਾਉਂਦੀ ਹੈ।

ਮੌਤ ਨੇ ਏਥੇ ਹੀ ਬਸ ਨਹੀਂ ਕਰ ਦੇਣੀ। ਰੇਡੀਓ ਐਕਟਿਵ ਕਿਣਕੇ ਬੜੀ ਦੂਰ ਤਕ ਬਲਕਿ ਕੁਲ ਦੁਨੀਆਂ ਅੰਦਰ ਫੈਲਣੇ ਹਨ ਅਤੇ ਕੈਂਸਰ, ਲਿਊਕੀਮੀਆ ਦੇ ਨਾਲ ਨਾਲ ਬੇਅੰਤ ਜੱਦੀ ਰੋਗਾਂ ਦਾ ਕਾਰਨ ਬਣਨੇ ਹਨ। ਪ੍ਰਮਾਣੂ ਹਥਿਆਰਾਂ ਨੂੰ ਕੀ ਪਤਾ ਕਿ ਜੰਗ ਬੰਦ ਹੋ ਗਈ ਹੈ। ਉਨ੍ਹਾਂ ਦੇ ਕਿਣਕੇ ਜਿਸ ਕਿਸੇ ਅੰਦਰ ਗਏ, ਉਸ ਦਾ ਸਮਝੋ ਕਿਸੇ ਭਿਆਨਕ ਰੋਗ ਦੇ ਨਾਲ ਕਲਿਆਣ ਹੋ ਗਿਆ। ਪ੍ਰਮਾਣੂ ਕਿਣਕਿਆਂ ਨੇ ਦਰਿਆਵਾਂ, ਨਹਿਰਾਂ ਦੇ ਪਾਣੀਆਂ ਦੇ ਨਾਲ ਵਹਿ ਕੇ ਦੂਰ-ਦੁਰਾਡੇ ਪਹੁੰਚ ਕੇ ਮਾਰ ਕਰਨੀ ਹੈ। ਹਨੇਰੀਆਂ ਤੇ ਬਾਰਿਸ਼ਾਂ ਨੇ ਵੀ ਇਹੀ ਕੁਝ ਕਰਨਾ ਹੈ।

ਪ੍ਰਮਾਣੂ ਹਥਿਆਰ ਦੇਸਾਂ ਦੀਆਂ ਸਿਆਸੀ ਸਰਹੱਦਾਂ ਨੂੰ ਨਹੀਂ ਪਛਾਣਦੇ। ਉਨ੍ਹਾਂ ਲਈ ਤਾਂ ਲਾਹੌਰ ਅਤੇ ਅੰਮ੍ਰਿਤਸਰ ਇਕ ਹੀ ਹੈ। ਪ੍ਰਮਾਣੂ ਬੰਬ ਕਿਸੇ ਇਕ ਉੱਤੇ ਫਟ ਜਾਵੇ, ਤਬਾਹ ਦੋਵੇਂ ਹੀ ਹੋਣਗੇ। ਜੇ ਦੋਹਾਂ ਉੱਤੇ ਹਮਲਾ ਹੋਇਆ, ਫਿਰ ਤਾਂ ਕੁਝ ਕਹਿਣ ਸੁਣਨ ਦੀ ਲੋੜ ਹੀ ਨਹੀਂ। ਦੋਵੇਂ ਸ਼ਹਿਰ ਰਲ ਕੇ ਇਕ ਨਵਾਂ 'ਖੰਡਰ ਸ਼ਹਿਰ' ਬਣਾਉਣਗੇ, ਜੋ ਸਦੀਵੀ ਹੋਵੇਗਾ।

ਜੇ ਪ੍ਰਮਾਣੂ ਬੰਬ ਹਵਾ ਵਿਚ ਫਟਾਇਆ ਜਾਵੇ ਤਾਂ ਉਸ ਤੋਂ ਉਪਜਦੀਆਂ ਜ਼ੋਰਦਾਰ ਬਿਜਲ-ਚੁੰਬਕੀ ਤਰੰਗਾਂ (ਇਲੈਕਟ੍ਰੋਮੈਗਨੈਟਿਕ ਲਹਿਰਾਂ) ਉੱਚ ਤਕਨੀਕ ਇਲੈਕਟ੍ਰਾਨਿਕ ਸਾਜ਼ੋ-ਸਾਮਾਨ ਦੇ ਕੰਮ ਵਿਚ ਤਬਾਹੀ ਲੈ ਆਉਂਦੀਆਂ ਹਨ। ਏਸੇ ਲਈ ਅੱਜ-ਕੱਲ੍ਹ ਪ੍ਰਮਾਣੂ ਟੈਸਟ ਧਰਤੀ ਹੇਠਾਂ ਕੀਤੇ ਜਾਂਦੇ ਹਨ। ਭੜਾਕਾ ਜਿੰਨਾ ਉੱਚਾ ਕੀਤਾ ਜਾਵੇਗਾ, ਬਿਜਲ-ਚੁੰਬਕੀ ਹਮਲਾ ਓਨਾ ਹੀ ਦੂਰ ਤਕ ਜਾਵੇਗਾ। ਟੈਲੀਫੋਨ ਅਤੇ ਮੋਬਾਈਲ ਸੰਪਰਕ, ਕੁੱਲ ਦੁਨੀਆਂ ਤੋਂ ਕੱਟ। ਜਿਹੜੇ ਹਿਰਦਾ ਰੋਗੀ, ਪੇਸਮੇਕਰਾਂ ਦੇ ਸਿਰ 'ਤੇ ਜਿਊਂਦੇ ਹਨ, ਉਹ ਤਾਂ ਉਸੇ ਪਲ ਮਰ ਡਿੱਗਣਗੇ। ਕੁਲ ਕੰਪਿਊਟਰ ਸਦਾ ਲਈ ਬੰਦ ਹੋ

ਜਾਣਗੇ ਅਤੇ ਬਿਜਲੀ ਵੀ ਗੁੱਲ ਹੋ ਜਾਵੇਗੀ। ਉੱਡ ਰਹੇ ਸਵਾਰੀ ਅਤੇ ਤਜਾਰਤੀ ਹਵਾਈ ਜਹਾਜ਼ ਬੇਕਾਬੂ ਹੋ ਕੇ ਧੜੰਮ ਡਿੱਗਣਗੇ। ਇਸ ਪਿੱਛੋਂ ਹਵਾਈ ਸਹਾਇਤਾ ਕਿਹੜੇ ਪਾਸਿਓਂ ਆਉਣੀ ਹੈ ?

ਜਦੋਂ ਵੀ ਭਾਰਤ ਅਤੇ ਪਾਕਿਸਤਾਨ ਅੰਦਰ ਪ੍ਰਮਾਣੂ ਤਜਰਬੇ ਹੋਏ ਹਨ, ਮੂੜ੍ਹ ਸਿਆਸੀਆਂ ਦੀ ਚੁੱਕ ਵਿਚ ਆ ਕੇ ਲੋਕਾਂ ਨੇ ਸੜਕਾਂ ਉੱਤੇ ਜਸ਼ਨ ਮਨਾਏ ਹਨ, ਲੱਡੂ ਵੰਡੇ ਹਨ, ਪ੍ਰਮਾਣੂ ਮੰਦਰ ਉਸਾਰਨ ਦੀ ਗੱਲ ਹੋਈ ਹੈ। ਕਿਉਂ ਭਲਾ ? ਨਿਰੀ ਮੂਰਖਤਾ।

ਘਰਾਂ ਦੇ ਅੰਦਰ ਜਿਥੇ ਵੀ ਕੋਈ ਧਾਤ ਵਰਤੀ ਗਈ ਹੈ, ਇਕਦਮ ਬੇਅੰਤ ਬਿਜਲੀ ਉੱਚੀ ਚੜ੍ਹ ਜਾਵੇਗੀ, ਜਿਸ ਨਾਲ ਕੁਲ ਮੋਟਰਾਂ ਆਦਿ ਅਤੇ ਇਲੈਕਟ੍ਰਾਨਿਕ ਉਪਕਰਨ ਸੜ ਜਾਣਗੇ। ਫਿਰ ਪੀਣ ਲਈ ਪਾਣੀ ਕਿਥੋਂ ਆਉਣਾ ਹੈ ? ਕੋਈ ਵੀ ਕੰਮ ਨਵੇਂ ਸਿਰਿਓਂ ਕਿਵੇਂ ਸ਼ੁਰੂ ਕਰਨਾ ਹੈ ? ਰੇਲਵੇ ਲਾਈਨਾਂ, ਟੈਲੀਫ਼ੋਨ ਤਾਰਾਂ, ਮੋਟਰ ਗੱਡੀਆਂ, ਗੱਲ ਕੀ, ਧਾਤ ਵਾਲੀਆਂ ਚੀਜ਼ਾਂ ਅੰਦਰ ਇੱਕੋ ਹੀ ਸਮੇਂ ਬੇਅੰਤ ਬਿਜਲੀ ਸ਼ਕਤੀ ਨੇ ਪ੍ਰਵੇਸ਼ ਕਰਨਾ ਹੈ ਅਤੇ ਇੱਕੋ ਹੀ ਪਲ ਵਿਚ ਕੁਲ ਗੈਸ ਸਿਲੰਡਰ ਟੈਂਕੀਆਂ ਕਾਰਾਂ ਅਤੇ ਟਰੱਕ ਫਟ ਜਾਣਗੇ। ਜੋ ਚੀਜ਼ ਪਾਟੇਗੀ ਨਹੀਂ, ਉਹ ਕੰਮ ਕਰਨੋਂ ਤਾਂ ਹਟ ਹੀ ਜਾਵੇਗੀ।

ਅਜੇ ਤਾਂ ਇੱਕੋ ਹੀ ਮੈਗਾਟਨ ਦੇ ਪ੍ਰਮਾਣੂ ਬੰਬ ਦੇ ਨਤੀਜਿਆਂ ਤੋਂ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਹੈ। ਜੇ ਬੰਬਾਂ ਦੀ ਗਿਣਤੀ ਦਰਜਨਾਂ ਤੋਂ ਉੱਪਰ ਹੋਈ ਜਾਂ ਬੰਬ ਵੱਡਾ ਹੋਇਆ ਤਾਂ ਕੁਲ 'ਹਿੰਦ-ਪਾਕਿ ਖੰਡਰਸਤਾਨ' ਹੋਂਦ ਵਿਚ ਆ ਜਾਵੇਗਾ।

ਕਿਸੇ ਫ਼ੌਜੀ ਪ੍ਰਮਾਣੂ ਪ੍ਰਾਪਤੀ ਸਮੇਂ ਭੰਗੜੇ ਅਤੇ ਲੱਡੂਆਂ ਦੀ ਕੋਈ ਥਾਂ ਨਹੀਂ। ਗੰਭੀਰ ਵਿਚਾਰਾਂ ਦੀ ਲੋੜ ਹੈ। ਪ੍ਰਮਾਣੂ ਹਥਿਆਰਾਂ ਦੇ ਵਿਕਾਸ ਦੀ ਥਾਂ ਕੁਲ ਦੇਸਾਂ ਨੂੰ ਬਹੁਪੱਖੀ ਵਿਕਾਸ ਵੱਲ ਧਿਆਨ ਦੇਣਾ ਚਾਹੀਦਾ ਹੈ। ਪ੍ਰਮਾਣੂ ਡਿਪਲੋਮੇਸੀ ਨਾਂ ਦੀ ਕੋਈ ਚੀਜ਼ ਨਹੀਂ। ਪ੍ਰਮਾਣੂ ਹਥਿਆਰਾਂ ਨੂੰ ਕੁਲ ਦੇਸਾਂ ਅੰਦਰੋਂ ਖ਼ਤਮ ਕਰਨ ਲਈ ਲੋਕਾਈ ਨੂੰ ਇਕਜੁੱਟ ਹੋਣਾ ਚਾਹੀਦਾ ਹੈ।

ਸੰਨ 2000 ਦੇ ਅੰਤ ਜਾਂ 2001 ਦੇ ਸ਼ੁਰੂ ਵਿਚ ਇਕ ਯੂਰਪੀ-ਅਮਰੀਕੀ ਡੈਲੀਗੇਸ਼ਨ, ਜਿਸ ਦੀ ਅਗਵਾਈ ਅਮਰੀਕਨ ਮੀਤ ਸਕੱਤਰ 'ਕ੍ਰਿਸਟੀਨਾ ਰੋਕਾ' ਕਰ ਰਹੀ ਸੀ, ਅੰਮ੍ਰਿਤਸਰ ਵਿੱਚੋਂ ਲੰਘਿਆ। ਰਾਤ ਨੂੰ ਪ੍ਰਸ਼ਾਸਨ ਵੱਲੋਂ ਕਰਵਾਏ ਭੋਜ ਸਮੇਂ ਮੈਂ ਇੱਕੋ ਇਕ ਗ਼ੈਰ ਸਰਕਾਰੀ ਸ਼ਹਿਰੀ ਸਾਂ। ਗੱਲਾਂ ਗੱਲਾਂ ਵਿਚ ਮੈਂ ਇਕ ਯੂਰਪੀ ਇਸਤਰੀ ਨੂੰ ਉਨ੍ਹਾਂ ਦੇ ਹਿੰਦ-ਪਾਕਿ ਦੌਰੇ ਦੇ ਕਾਰਨ ਬਾਰੇ ਪੁੱਛਿਆ। ਉਸ ਨੇ ਜਵਾਬ ਦਿੱਤਾ, "ਵੀ ਆਰ ਲੁਕਿੰਗ ਐਟ ਦਾ ਪੌਸੀਬਲ ਨਿਊਕਲੀਅਰ ਫਲੈਸ਼ ਪੁਆਇੰਟ" ਭਾਵ ਭਵਿੱਖ ਵਿਚ ਸੰਭਵ ਪ੍ਰਮਾਣੂ ਲੜਾਈ ਦਾ ਖਿੱਤਾ। ਓਦੋਂ ਕਾਰਗਿਲ ਦਾ ਝਗੜਾ ਨਹੀਂ ਸੀ ਸ਼ੁਰੂ ਹੋਇਆ। ਬਾਹਰਲੀਆਂ ਸ਼ਕਤੀਆਂ ਨੂੰ ਇਲਹਾਮ ਹੁੰਦੈ ਜਾਂ ਜੰਗਾਂ ਦੇ ਪਿੱਛੇ ਇਹ ਆਪ ਹੁੰਦੀਆਂ ਨੇ ?

ਕਾਰਲ ਕਲਾਸਵਿਟਜ਼ (1780-1831) ਇਕ ਜਰਮਨ ਫ਼ਿਲਾਸਫ਼ਰ ਦੇ ਕਥਨ ਅਨੁਸਾਰ, "ਜੰਗ, ਸਿਆਸਤ ਨੂੰ ਜਾਰੀ ਰੱਖਣ ਦਾ ਇਕ ਵੱਖਰਾ ਰੂਪ ਹੈ।" ਇਸ ਸਿਆਸਤ ਨੂੰ ਸਮਝਣ ਦੀ ਲਗਾਤਾਰ ਕੋਸ਼ਿਸ਼ ਕਰਨਾ ਹਰ ਸਮਝਦਾਰ ਪ੍ਰਾਣੀ ਦਾ ਫ਼ਰਜ਼ ਹੈ।

# ਚਰਨੋਬਿਲ ਹਾਦਸੇ ਦੀ ਚੇਤਾਵਨੀ

ਅੱਜ ਦੀ ਐਟਮੀ ਸ਼ਕਤੀ ਦੀ ਦੁਨੀਆਂ ਵਿਚ ਰਹਿੰਦੇ ਹੋਏ ਜ਼ਰੂਰੀ ਹੈ ਕਿ ਸਾਨੂੰ ਅਜਿਹੇ ਹਾਦਸਿਆਂ ਬਾਰੇ ਪੂਰਾ ਗਿਆਨ ਹੋਵੇ, ਜੋ ਕਿਸੇ ਦਿਨ ਸਾਡੇ ਉਪਰ ਵੀ ਵਾਪਰ ਸਕਦੇ ਹਨ। ਚਰਨੋਬਿਲ ਐਟਮੀ ਬਿਜਲੀ ਘਰ ਮਾਸਕੋ ਤੋਂ 750 ਕਿਲੋਮੀਟਰ ਦੂਰ ਯੂਕ੍ਰੇਨ (ਪਹਿਲਾਂ ਸੋਵੀਅਤ ਸੰਘ ਦਾ ਹਿੱਸਾ ਸੀ, ਹੁਣ ਆਜ਼ਾਦ ਦੇਸ ਹੈ) ਵਿਚ 1977 ਵਿਚ ਉਸਾਰਿਆ ਗਿਆ ਸੀ, ਜਿਸ ਦੇ ਚਾਰ ਰੀਐਕਟਰ ਰਲ ਕੇ 4000 ਮੈਗਾਵਾਟ ਬਿਜਲੀ ਤਿਆਰ ਕਰਦੇ ਸਨ (ਸਾਡੇ ਭਾਖੜਾ ਡੈਮ ਵਿੱਚੋਂ 1000 ਮੈਗਾਵਾਟ ਬਿਜਲੀ ਨਿਕਲਦੀ ਹੈ)। 1970 ਵਿਚ ਏਸ ਦਾ ਵਿਕਾਸ ਸ਼ੁਰੂ ਹੋਇਆ ਅਤੇ 1983 ਤਕ ਚਾਰ ਰੀਐਕਟਰ ਚਾਲੂ ਹੋ ਗਏ। ਦੋ ਰੀਐਕਟਰ ਹੋਰ ਬਣ ਰਹੇ ਸਨ ਜਦੋਂ 28 ਅਪ੍ਰੈਲ 1986 ਵਿਚ ਭਿਆਨਕ ਹਾਦਸਾ ਹੋ ਗਿਆ। ਅੱਜ ਸਭ ਮਸ਼ੀਨਾਂ ਉਥੇ ਦੀਆਂ ਉਥੇ ਖੜੀਆਂ ਹਨ, ਖ਼ੂਬਸੂਰਤ ਚਰਨੋਬਿਲ ਦਾ ਸ਼ਹਿਰ ਖੜਾ ਹੈ ਪਰ ਹੈ ਸੁੰਨ ਮਸਾਣ। ਕੋਈ ਇਨਸਾਨ ਨਹੀਂ, ਕੋਈ ਜਾਨਵਰ ਨਹੀਂ, ਕੋਈ ਪੰਛੀ ਨਹੀਂ। ਚਰਨੋਬਿਲ, ਬੇਲਾਰੂਸ-ਯੂਕ੍ਰੇਨ ਸਰਹੱਦ ਤੋਂ ਕੇਵਲ 16 ਕਿਲੋਮੀਟਰ ਦੂਰ ਹੈ। ਸ਼ਹਿਰ 'ਕੀਵ' 110 ਕਿਲੋਮੀਟਰ ਉੱਤਰ ਵੱਲ ਹੈ। ਹਾਦਸਾ ਰੀਐਕਟਰ ਨੰਬਰ ਚਾਰ ਅੰਦਰ ਹੋਇਆ ਸੀ। ਬਿਜਲੀ ਦੀ ਕਿੱਲਤ ਕਾਰਨ ਸੋਵੀਅਤ ਸੰਘ ਤੋਂ ਅੱਡ ਅਤੇ ਆਜ਼ਾਦ ਹੋਏ ਯੂਕ੍ਰੇਨ ਨੇ ਬਾਕੀ ਦੇ ਤਿੰਨ ਰੀਐਕਟਰਾਂ ਤੋਂ 14 ਸਾਲ ਹੋਰ ਕੰਮ ਲਿਆ ਅਤੇ ਕੇਵਲ ਦਸੰਬਰ 2000 ਵਿਚ ਹੀ ਕੰਮ ਠੱਪ ਹੋਇਆ। ਯੂਕ੍ਰੇਨ ਸਰਕਾਰ ਨੇ ਹੁਣੇ ਜਹੇ ਫ਼ੈਸਲਾ ਕੀਤਾ ਹੈ ਕਿ ਸਾਲ 2065 ਤਕ ਏਸ ਥਾਂ ਨੂੰ ਸਾਫ਼ ਕੀਤਾ ਜਾਵੇਗਾ। ਹਾਲਾਂ ਤਾਂ ਐਕਸੀਡੈਂਟ ਵਾਲੇ ਰੀਐਕਟਰ ਨੰਬਰ ਚਾਰ ਨੂੰ ਢੱਕਣ ਦੀ ਕੋਸ਼ਿਸ਼ ਹੋ ਰਹੀ ਹੈ, ਜਿਸ ਉੱਤੇ ਕਈ ਬਿਲੀਅਨ ਡਾਲਰ ਖ਼ਰਚ ਆਉਣਗੇ। ਥਾਂ ਸਾਫ਼ ਕਰਨ ਉੱਤੇ ਕਿੰਨਾ ਖ਼ਰਚ ਆਵੇਗਾ, ਅਜੇ ਸਰਕਾਰ ਦੀ ਸੋਚ ਤੋਂ ਵੀ ਉਤਾਂਹ ਹੈ।

ਯਾਦ ਕਰੋ 2-3 ਸਤੰਬਰ, 1984 ਦੇ ਭੋਪਾਲ ਗੈਸ ਹਾਦਸੇ ਨੂੰ ਜਿਸਨੇ ਹਜ਼ਾਰਾਂ ਲੋਕਾਂ ਨੂੰ ਪਲਾਂ ਅਤੇ ਮਿੰਟਾਂ ਅੰਦਰ ਮਾਰ ਦਿੱਤਾ ਅਤੇ ਬੇਅੰਤ ਹਜ਼ਾਰਾਂ ਨੂੰ ਜੀਵਨ ਭਰ ਲਈ ਅਪਾਹਜ ਕਰ ਦਿੱਤਾ। ਪੰਝੀ ਸਾਲ ਬੀਤ ਜਾਣ ਪਿੱਛੋਂ ਵੀ ਅਜੇ ਤਕ ਹਾਦਸੇ ਵਾਲੀ ਥਾਂ ਦਾ ਜ਼ਹਿਰ ਹਟਾਇਆ ਨਹੀਂ ਜਾ ਸਕਿਆ। ਨਾ ਹੀ ਪੀੜਤ ਲੋਕਾਂ ਨੂੰ ਉਨ੍ਹਾਂ ਦੀ ਤਸੱਲੀ ਨਾਲ ਮਾਇਕ ਸਹਾਇਤਾ ਕੀਤੀ ਗਈ ਹੈ। ਟੱਬਰਾਂ ਦੇ ਟੱਬਰ ਰੁਲ ਗਏ ਅਤੇ ਰੁਲ ਰਹੇ ਹਨ।

ਅਪ੍ਰੈਲ 1986 ਵਿਚ ਹਾਲਾਂ ਚਰਨੋਬਿਲ ਹਾਦਸੇ ਦੀ ਜ਼ਿਆਦਾ ਭਿਣਕ ਨਹੀਂ ਸੀ ਨਿਕਲੀ, ਜਦੋਂ ਮੈਂ ਇਕ ਵੱਡੀ ਅੰਤਰਰਾਸ਼ਟਰੀ ਨੇਤਰ ਕਾਨਫ਼ਰੰਸ ਲਈ ਇਟਲੀ ਪੁੱਜਿਆ। ਮੇਰੀਆਂ ਮੀਟਿੰਗਾਂ ਰੋਮ, ਕੈਪਰੀ ਅਤੇ ਮਿਲਾਨ ਸ਼ਹਿਰਾਂ ਵਿਚ ਸਨ। ਉਥੋਂ ਦੀਆਂ ਖ਼ਬਰਾਂ ਵਿਚ ਏਨਾ ਹੀ ਸੁਣੀਦਾ ਸੀ ਕਿ ਰੂਸ ਅਤੇ ਉਸਦੇ ਸਾਥੀ ਪੂਰਬੀ ਦੇਸਾਂ ਅੰਦਰੋਂ ਸਬਜ਼ੀਆਂ, ਦੁੱਧ ਅਤੇ ਮੀਟ ਦੀ ਖ਼ਰੀਦ ਬੰਦ ਕੀਤੀ ਗਈ ਹੈ। ਇਟਲੀ ਅੰਦਰ ਜ਼ਿੰਦਗੀ ਇੰਜ ਸਾਧਾਰਨ ਚੱਲ ਰਹੀ ਸੀ ਜਿਵੇਂ ਕੁਝ ਹੋਇਆ ਹੀ ਨਹੀਂ। ਪਰ ਸਵਿਟਜ਼ਰਲੈਂਡ ਪਿਛਲੇ ਤੀਹਾਂ ਸਾਲਾਂ ਤੋਂ ਰੂਸ ਅੰਦਰ ਹੁੰਦੇ ਐਟਮੀ ਟੈਸਟਾਂ ਤੋਂ ਉਪਜੇ ਪ੍ਰਮਾਣੂ ਕਿਣਕਿਆਂ ਦੇ ਪਸਾਰ ਉੱਤੇ ਨਜ਼ਰ ਰੱਖ ਰਿਹਾ ਸੀ। ਪ੍ਰਮਾਣੂ ਰੇਡੀਏਸ਼ਨ ਵਧਦਿਆਂ ਹੀ ਇਸ ਦੇ ਕੇਂਦਰ ਚੁਕੰਨੇ ਹੋ ਗਏ ਅਤੇ ਮਾਸਕੋ ਅੰਦਰ ਸਵਿਸ ਐਂਮਬੈਸੀ ਤੋਂ ਖ਼ਬਰ ਮੰਗੀ। ਦੂਤਘਰ ਅੰਦਰ ਉਸ ਸਮੇਂ, ਖਾਣਾ ਪਾਰਟੀ ਚੱਲ ਰਹੀ ਸੀ, ਜਿਥੇ ਰੂਸੀ ਡਿਪਲੋਮੈਟ ਵੀ ਸਨ। ਪੁੱਛਣ ਉੱਤੇ ਉਨ੍ਹਾਂ ਨੇ ਦੱਸਿਆ ਕਿ ਕਿਸੇ ਪ੍ਰਮਾਣੂ ਹਾਦਸੇ ਬਾਰੇ ਖ਼ਬਰ ਨਹੀਂ ਹੈ। ਇਹ ਗੱਲਾਂ ਚੱਲ ਹੀ ਰਹੀਆਂ ਸਨ ਕਿ ਰੂਸੀ ਟੀ.ਵੀ. ਉੱਤੇ ਇਕ ਚੌਦਾਂ ਸਕਿੰਟ ਦੀ ਫਲੈਸ਼ ਖ਼ਬਰ ਆਈ ਕਿ "ਚਰਨੋਬਿਲ ਐਟਮੀ ਬਿਜਲੀ ਘਰ ਅੰਦਰ ਅੱਗ ਲੱਗੀ ਹੈ। ਅੱਗ ਬੁਝਾਉਣ ਦੇ ਜਤਨ ਕੀਤੇ ਜਾ ਰਹੇ ਹਨ ਅਤੇ ਪ੍ਰਭਾਵਤ ਵਿਅਕਤੀਆਂ ਦੇ ਇਲਾਜ ਲਈ ਲੋੜੀਂਦੇ ਕਦਮ ਸ਼ੁਰੂ ਹਨ।" ਖ਼ਬਰ ਆਉਂਦਿਆਂ ਹੀ ਪਾਰਟੀ ਦਾ ਭੋਗ ਪੈ ਗਿਆ। ਅਮਰੀਕਨ ਉਪ-ਗ੍ਰਹਿ ਨੇ ਵੀ ਬਲਦੇ ਪ੍ਰਮਾਣੂ ਬਿਜਲੀ ਪਲਾਂਟ ਦੀਆਂ ਤਸਵੀਰਾਂ ਖਿੱਚੀਆਂ, ਜਿੱਥੇ ਅੱਗ ਦੀਆਂ ਲਪਟਾਂ ਸੈਂਕੜੇ ਮੀਟਰ ਉੱਚੀਆਂ ਜਾ ਰਹੀਆਂ ਸਨ।

ਜੇ ਰੀਐਕਟਰ ਨੰਬਰ ਇਕ ਜਾਂ ਦੋ ਨਾਲ ਹਾਦਸਾ ਹੁੰਦਾ ਤਾਂ ਏਨਾ ਖਿਲਾਰਾ ਨਾ ਪੈਂਦਾ, ਕਿਉਂ ਜੋ ਉਸਦੀ ਬਣਤਰ ਵਿਚ ਸੁਰੱਖਿਆ ਦਾ ਚੋਖਾ ਪ੍ਰਬੰਧ ਸੀ। ਪਰ ਕਿਹਾ ਜਾਂਦੈ ਕਿ ਰੀਐਕਟਰ ਨੰਬਰ ਤਿੰਨ ਅਤੇ ਚਾਰ ਵਿਚ ਡਿਜ਼ਾਇਨ ਵਿਚ ਕੀਤੀ ਤਬਦੀਲੀ ਕਾਫ਼ੀ ਹੱਕ ਤਕ ਕੋਤਾਹੀ ਵਾਲੀ ਸੀ। ਨਤੀਜਾ, ਫਟੇ ਹੋਏ ਰੀਐਕਟਰ ਵਿੱਚੋਂ ਪ੍ਰਮਾਣੂ ਕਿਣਕੇ ਉੱਚੀਆਂ ਹਵਾਵਾਂ

ਵਿਚ ਰਲ ਕੇ ਪੱਛਮੀ ਯੂਰਪ ਵੱਲ ਖਿਲਰਨ ਲੱਗੇ। ਪਹਿਲਾਂ ਸਟੀਮ ਦੇ ਦਬਾਉ ਹੇਠ 1000 ਟਨ ਵਜ਼ਨੀ ਢੱਕਣ ਉੱਡ ਕੇ ਪਾਸੇ ਡਿੱਗਿਆ, ਤਿੰਨ ਸਕਿੰਟਾਂ ਪਿੱਛੋਂ ਭਿਆਨਕ ਰੇਡੀਓ ਐਕਟਿਵ ਕੀਮਿਆਈ ਧਮਾਕਾ ਹੋਇਆ। ਸੋਵੀਅਤ ਸੰਘ ਨੇ, ਜਿਵੇਂ ਸਰਕਾਰਾਂ ਕਰਦੀਆਂ ਨੇ, ਹਾਦਸੇ ਨੂੰ ਛੁਟਿਆਉਣ ਲਈ ਬਿਆਨ ਦਿੱਤਾ ਕਿ ਕੇਵਲ 3.5 ਪ੍ਰਤੀਸ਼ਤ ਸ਼ਕਤੀ ਚੋਅ ਗਈ ਹੈ। ਅਮਰੀਕਾ ਨੇ ਚੇਤਾਵਨੀ ਦਿੱਤੀ ਕਿ ਘੱਟੋ-ਘੱਟ ਵੀ ਦੂਣੀ ਸ਼ਕਤੀ ਦਾ ਖਿਲਾਰ ਹੋਇਆ ਹੈ। ਚਾਰੇ ਪਾਸੇ ਤੀਹ-ਤੀਹ ਕਿਲੋਮੀਟਰ ਤਕ ਦਾ ਇਲਾਕਾ ਰੇਡੀਓ ਐਕਟਿਵ ਕਿਣਕਿਆਂ ਦੇ ਨਾਲ ਪਲੀਤ ਹੋ ਗਿਆ। 29 ਅਪ੍ਰੈਲ ਨੂੰ ਰੇਡੀਓ-ਐਕਟਿਵ ਬੱਦਲ ਕੁੱਲ ਸਕੈਂਡੇਨੇਵੀਆ ਦੇਸਾਂ ਉੱਤੇ ਪਹੁੰਚ ਗਿਆ। ਜਿਥੇ ਕਿਤੇ ਵੀ ਬਾਰਸ਼ ਹੋਈ, ਉਹ ਥਾਂ 'ਤੱਤਾ' ਹੋ ਗਿਆ, ਭਾਵ ਚੋਖੀ ਰੇਡੀਓ ਐਕਟੀਵਿਟੀ ਮਾਤਰਾ ਦੀ ਹੋਂਦ। 7 ਮਈ ਤਕ ਕੁਲ ਯੂਰਪ ਨੂੰ ਰੇਡੀਓ ਐਕਟੀਵਿਟੀ ਨੇ ਲਪੇਟ ਲਿਆ।

ਫਲ, ਸਬਜ਼ੀਆਂ, ਦੁੱਧ ਅਤੇ ਮੀਟ "ਸੀਜ਼ੀਅਮ 134" ਅਤੇ "ਸੀਜ਼ੀਅਮ 137" ਲਈ ਟੈਸਟ ਹੋਣ ਲੱਗ ਪਏ। ਪੋਲੈਂਡ ਦੇਸ ਦੀ ਬਰਾਮਦ ਨੂੰ ਬਹੁਤ ਵੱਡਾ ਧੱਕਾ ਲੱਗਾ। ਬੱਚਿਆਂ ਨੂੰ ਘਰਾਂ ਦੇ ਅੰਦਰ ਰੱਖਣ ਦੀ ਹਦਾਇਤ ਹੋ ਗਈ। ਨਵੰਬਰ ਤਕ ਮੀਟ ਖਾਣ ਉੱਤੇ ਪਾਬੰਦੀ ਲੱਗ ਗਈ। ਮੈਂ 10 ਮਈ ਨੂੰ ਵਾਪਸ ਭਾਰਤ ਪਰਤਿਆ, ਓਦੋਂ ਤਕ ਚਰਨੋਬਿਲ ਹਾਦਸੇ ਦੀ ਗੰਭੀਰਤਾ ਤੋਂ ਬੇਖ਼ਬਰ ਸਾਂ।

ਤਿੱਖੀ ਰੇਡੀਏਸ਼ਨ ਅੰਦਰ ਕਰੀਬ 500 ਕਾਮੇ ਲਪੇਟੇ ਗਏ। ਮੌਤ ਸਿਰ ਉੱਤੇ ਮੰਡਰਾਉਣ ਲੱਗੀ। ਅਮਰੀਕਾ ਤੋਂ ਇਕ ਵਿਸ਼ੇਸ਼ੱਗ 'ਰਾਬਰਟ ਗੇਲ' ਆਇਆ ਜਿਸ ਨੇ 50 ਕਾਮਿਆਂ ਨੂੰ ਬੋਨ-ਮੈਰੋ (ਲੰਮੀਆਂ ਹੱਡੀਆਂ ਅੰਦਰਲੀ ਸੰਖੀ) ਟ੍ਰਾਂਸਪਲਾਂਟ ਕੀਤੇ। ਇਨ੍ਹਾਂ ਵਿੱਚੋਂ ਕੇਵਲ 19 ਹੀ ਬਚ ਸਕੇ—ਕਿੰਨੀ ਦੇਰ ਲਈ, ਇਹ ਪਤਾ ਨਹੀਂ।

ਓਧਰ ਚਰਨੋਬਿਲ ਦੀ ਅੱਗ ਜਾਰੀ ਸੀ, ਜਿਸ ਨੂੰ ਬੁਝਾਉਣ ਲਈ ਫ਼ੌਜ ਦੇ ਕੈਮੀਕਲ ਯੂਨਿਟਾਂ ਦੇ ਜਵਾਨਾਂ ਨੇ ਹੈਲੀਕਾਪਟਰਾਂ ਅਤੇ ਟਰੱਕਾਂ ਰਾਹੀਂ ਲਗਾਤਾਰ ਪਾਣੀ ਅਤੇ ਖ਼ਾਸ ਪਲਾਸਟਿਕ ਦੀ ਵਰਤੋਂ ਕੀਤੀ। ਉਨ੍ਹਾਂ ਕੋਲ ਆਪਣੇ ਕੋਈ ਰੇਡੀਏਸ਼ਨ-ਰੋਕ ਪਹਿਰਾਵੇ ਨਹੀਂ ਸਨ (ਅਜੇਹਾ ਹਾਦਸਾ ਕਦੇ ਸੋਚਿਆ ਹੀ ਨਹੀਂ ਸੀ ਗਿਆ)। ਡਰ ਹੈ ਕਿ ਅਜਿਹੇ ਬੇਅੰਤ ਜੁਆਨਾਂ ਨੂੰ ਰੇਡੀਏਸ਼ਨ ਦੀ ਚੋਖੀ ਮਾਤਰਾ ਮਿਲੀ। ਹਾਦਸੇ ਵਾਲੀ ਥਾਂ ਦੇ ਆਲੇ-ਦੁਆਲੇ ਜੰਗਲ ਵੀ ਝੁਲਸ ਗਿਆ।

8000 ਚਰਨੋਬਿਲੀਏ ਉਸੇ ਹੀ ਸਮੇਂ ਕੱਢ ਲਏ ਗਏ ਜਦੋਂ ਹਾਲਾਂ ਰੇਡੀਏਸ਼ਨ ਕਿਣਕੇ ਧਰਤੀ ਵੱਲ ਨਹੀਂ ਸਨ ਆਏ। ਚਰਨੋਬਿਲ ਤੋਂ ਤੀਹ ਕਿਲੋਮੀਟਰ ਦੇ ਘੇਰੇ ਵਿਚ ਰਹਿੰਦੇ 250,000 ਲੋਕਾਂ ਨੂੰ ਤੁਰੰਤ ਕੱਢ ਲਿਆ ਗਿਆ। ਨਾ ਦਿਨ ਵੇਖਿਆ ਨਾ ਰਾਤ, ਜਿਥੇ ਕੋਈ ਜਿਸ ਹਾਲ ਵਿਚ ਸੀ, ਸਭ ਕੁਝ ਪਿੱਛੇ ਛੱਡ ਕੇ ਆ ਗਿਆ। ਲੋਕਾਂ ਨੂੰ ਕੱਢ ਲਿਆਉਣ ਵਿਚ ਕਰੀਬ 4000 ਨਰਸਾਂ ਨੇ ਸੇਵਾ ਦਿੱਤੀ।

ਕੁਲ ਯੂਰਪ ਵਿਚ ਕੋਈ 20 ਕਰੋੜ ਲੋਕਾਂ ਦੇ ਇਲਾਕੇ ਵਿਚ ਰੇਡੀਏਸ਼ਨ ਕਿਣਕੇ ਪੁੱਜੇ, ਭਾਵੇਂ ਹਵਾ ਅਤੇ ਬਾਰਸ਼ ਰਾਹੀਂ ਅਤੇ ਭਾਵੇਂ ਪਾਣੀ ਦੁੱਧ ਅਤੇ ਹੋਰ ਖ਼ੁਰਾਕ ਰਾਹੀਂ। ਅੰਦਾਜ਼ਾ ਲਾਇਆ ਜਾਂਦਾ ਹੈ ਕਿ ਘੱਟੋ-ਘੱਟ ਹਰ 50,000 ਲੋਕਾਂ ਪਿੱਛੇ ਇਕ ਵਿਅਕਤੀ ਏਸ ਨਵੀਂ ਰੇਡੀਏਸ਼ਨ ਕਰਕੇ, ਕੈਂਸਰ ਦਾ ਸ਼ਿਕਾਰ ਬਣਿਆ ਹੋਵੇਗਾ। ਕਈ ਸੈਰ-ਸਪਾਟੇ ਦੇ ਥਾਂ 'ਹਾਟ ਸਪਾਟ' ਬਣਨ ਕਾਰਨ ਬੰਦ ਹੀ ਕਰ ਦਿੱਤੇ ਗਏ। ਓਧਰ ਰੇਂਡੀਅਰ ਦਾ ਮੀਟ ਸ਼ੌਕ ਨਾਲ ਖਾਧਾ ਜਾਂਦਾ ਹੈ। 1300 ਰੇਂਡੀਅਰਾਂ ਨੂੰ ਸੀਜ਼ੀਅਮ 137 ਦੀ ਮਾਤਰਾ ਵੱਧ ਹੋਣ ਕਰਕੇ ਇਕ ਥਾਂ ਉੱਤੇ ਦਫ਼ਨਾ ਦਿੱਤਾ ਗਿਆ। ਲੈਪਲੈਂਡ ਇਲਾਕੇ ਵਿਚ ਰੇਂਡੀਅਰ ਵਪਾਰ ਨੂੰ ਧੱਕਾ ਲੱਗਾ।

ਸੋਵੀਅਤ ਸੰਘ ਦੇ ਅੰਦਰਲੇ ਹਾਲਾਤ ਦਾ ਗਿਆਨ ਬੜੀ ਦੇਰ ਪਿੱਛੋਂ ਪਤਾ ਲੱਗਿਆ। ਅਜਿਹੀ ਕੁੜਿੱਕੀ ਵਿਚ ਫਸਿਆ ਦੇਸ, ਝੂਠ ਦੇ ਸਹਾਰੇ ਹੀ ਦਿਨ ਟਪਾਉਣ ਦੀ ਕੋਸ਼ਿਸ਼ ਕਰਦਾ ਹੈ। ਖ਼ਾਸ ਕਰਕੇ ਜੇ ਪ੍ਰੈਸ ਅਤੇ ਟੀ.ਵੀ. ਸਰਕਾਰ ਦੇ ਆਖੇ ਵਿਚ ਹੋਣ ਤਾਂ। ਸੋਵੀਅਤ ਸੰਘ ਦੇ ਅੰਗ "ਬੈਲਾਰੂਸ" ਰਾਜ ਵਿਚ ਭਿਆਨਕ ਰੂਪ ਵਿਚ ਅਸਰ ਹੋਇਆ। ਸੋਵੀਅਤ ਸੰਘ ਟੁੱਟਣ ਪਿੱਛੋਂ ਬੈਲਾਰੂਸ (1990) ਲਈ ਆਪਣੇ ਪੈਰਾਂ ਉੱਤੇ ਖੜਾ ਹੋਣਾ ਮੁਸ਼ਕਿਲ ਹੋ ਗਿਆ। ਬੈਲਾਰੂਸ ਦਾ ਖਿਲਾਰ ਕੇਵਲ 80105 ਵਰਗ ਮੀਲ ਹੈ ਅਤੇ ਆਬਾਦੀ ਮਸਾਂ ਹੀ ਇਕ ਕਰੋੜ ਭਾਵ ਭਾਰਤੀ ਪੰਜਾਬ ਨਾਲੋਂ ਚਾਰ ਗੁਣਾ ਵੱਡਾ ਅਤੇ ਆਬਾਦੀ ਢਾਈ ਗੁਣਾ ਘੱਟ। ਚਰਨੋਬਿਲ ਹਾਦਸੇ ਦੇ ਨਾਲ ਬੈਲਾਰੂਸ ਦਾ ਕਰੀਬ 23 ਪ੍ਰਤੀਸ਼ਤ ਇਲਾਕਾ, ਕਰੀਬ 20000 ਵਰਗ ਮੀਲ ਭ੍ਰਿਸ਼ਟ ਹੋ ਗਿਆ। (ਯੂਕ੍ਰੇਨ ਦਾ ਸੱਤ ਪ੍ਰਤੀਸ਼ਤ ਅਰਥਾਤ 16240 ਵਰਗ ਮੀਲ ਅਤੇ ਰੂਸ ਦਾ ਡੇਢ ਪ੍ਰਤੀਸ਼ਤ ਇਲਾਕਾ, ਭਾਵ 98000 ਵਰਗ ਮੀਲ ਭ੍ਰਿਸ਼ਟ ਹੋਇਆ ਸੀ) ਇਸ ਦੁਰਘਟਨਾ ਦੇ ਕਾਰਨ ਹੁਣ ਤਕ ਕਰੀਬ 250 ਬਿਲੀਅਨ ਡਾਲਰਾਂ ਦੇ ਬਰਾਬਰ ਨੁਕਸਾਨ ਹੋਇਆ ਹੈ (ਅਮਰੀਕਾ ਦੀ ਇਰਾਕ ਅਤੇ ਅਫ਼ਗ਼ਾਨਿਸਤਾਨ ਉਪਰ ਠੋਸੀ ਜੰਗ ਦੇ ਖ਼ਰਚੇ ਦਾ

ਚੌਥਾ ਹਿੱਸਾ ਅਤੇ ਭਾਰਤ ਦੇ ਸਾਲਾਨਾ ਬਜਟ ਨਾਲੋਂ ਚਾਰ ਗੁਣਾ ਵੱਧ)। ਸਪੱਸ਼ਟ ਹੈ ਕਿ ਬੇਅੰਤ ਹਾਨੀ ਹੋਈ ਸੀ ਅਤੇ ਹੁੰਦੀ ਹੀ ਜਾ ਰਹੀ ਹੈ, ਕਿਉਂਕਿ ਵਿਗਾੜੀ ਹੋਈ ਧਰਤੀ ਨੂੰ ਠੀਕ ਹੁੰਦਿਆਂ ਸੈਂਕੜੇ, ਹਜ਼ਾਰਾਂ ਸਾਲ ਲੱਗ ਜਾਣਗੇ। ਬੈਲਾਰੂਸ ਦੀ ਖੇਤੀਯੋਗ ਜ਼ਮੀਨ ਦਾ ਪੰਜਵਾਂ ਹਿੱਸਾ ਨਸ਼ਟ ਹੋ ਗਿਆ। ਇਨਸਾਨਾਂ ਨਾਲ ਘੱਟ ਨਹੀਂ ਬੀਤੀ। ਵੀਹ ਲੱਖ ਲੋਕ ਪ੍ਰਭਾਵਿਤ ਹੋਏ। ਤੇਰਾਂ ਲੱਖ ਲੋਕ ਅਜੇ ਵੀ ਖ਼ਤਰੇ ਵਾਲੇ ਇਲਾਕੇ ਵਿਚ ਰਹਿ ਰਹੇ ਹਨ। ਜਾਣ ਕਿਧਰ ? ਕੈਂਸਰ, ਖ਼ਾਸਕਰ ਥਾਇਰਾਇਡ ਦਾ ਕੈਂਸਰ, ਬੱਚਿਆਂ ਅੰਦਰ ਚਾਲੀ ਗੁਣਾ ਅਤੇ ਵੱਡਿਆਂ ਅੰਦਰ ਪੰਜ ਗੁਣਾ ਵਧਿਆ (ਗੁਣਾ, ਪ੍ਰਤੀਸ਼ਤ ਨਹੀਂ)। ਬੇਅੰਤ ਹੋਰ ਬੀਮਾਰੀਆਂ ਵੀ। ਕੁੱਲ ਜੰਗਲਾਂ ਦਾ ਚੌਥਾ ਹਿੱਸਾ, ਖਣਿਜ ਪਦਾਰਥਾਂ ਦੇ 132 ਇਲਾਕੇ ਅਤੇ 320 ਵੱਡੀਆਂ ਸਨਅਤਾਂ ਦੇ ਇਲਾਕੇ ਚਰਨੋਬਿਲ ਤੋਂ ਭ੍ਰਿਸ਼ਟ ਹੋ ਗਏ।

ਧਰਤੀ ਉੱਤੇ ਹਰ ਸਾਲ ਕੋਈ ਨਾ ਕੋਈ ਦੁਰਘਟਨਾ ਹੁੰਦੀ ਰਹਿੰਦੀ ਹੈ, ਜੋ ਅਖ਼ਬਾਰਾਂ ਅਤੇ ਟੀ.ਵੀ. ਦੀਆਂ ਸੁਰਖ਼ੀਆਂ ਉੱਤੇ ਛਾਅ ਜਾਂਦੀ ਹੈ। ਚਰਨੋਬਿਲ ਜਿਹੇ ਭਿਆਨਕ ਹਾਦਸੇ ਵੀ ਨਿੱਤ ਨਵੀਆਂ ਸੁਰਖ਼ੀਆਂ ਦੀ ਮੋਟੀ ਤਹਿ ਹੇਠ ਦੱਬੇ ਜਾਂਦੇ ਹਨ। ਬੜੇ ਗੁਣੀ ਗਿਆਨੀ ਸਾਇੰਸਦਾਨਾਂ ਦੀ ਯਾਦ ਅੰਦਰ ਚਰਨੋਬਿਲ ਹਾਦਸੇ ਦਾ ਨਾਂ ਕੋਈ ਉਤੇਜਨਾ ਪੈਦਾ ਨਹੀਂ ਕਰਦਾ। ਸੋਵੀਅਤ ਸੰਘ ਦੇ ਸਰਕਾਰੀ ਪ੍ਰਚਾਰ ਅਤੇ ਤਿੰਨ ਪ੍ਰਮਾਣੂ ਬਿਜਲੀ ਘਰਾਂ ਦੇ ਕਈ ਸਾਲ ਹੋਰ ਚਲਦੇ ਰਹਿਣ ਕਰਕੇ, ਚਰਨੋਬਿਲ ਹਾਦਸੇ ਦੀ ਗੰਭੀਰਤਾ ਨੂੰ ਘੁੱਟ ਕੇ ਰੱਖਿਆ। ਪਰ ਕਈ ਏਜੰਸੀਆਂ ਅਤੇ ਸਾਇੰਸਦਾਨ ਬੁਰੇ ਦੇ ਘਰ ਤਕ ਪਹੁੰਚਣ ਲਈ ਸਾਲੋ ਸਾਲ ਯਤਨਸ਼ੀਲ ਰਹੇ ਹਨ।

ਨਿਊਯਾਰਕ ਅਕੈਡਮੀ ਆਫ਼ ਸਾਇੰਸਿਜ਼ ਨੇ 24 ਸਾਲਾਂ ਪਿੱਛੋਂ ਇਕ ਕਿਤਾਬ ਛਾਪੀ ਹੈ, ਜਿਸ ਵਿਚ ਏਸ ਮਹਾਂ ਹਾਦਸੇ ਦੇ ਲੋਕਾਂ ਅਤੇ ਵਾਤਾਵਰਣ ਉੱਤੇ ਅਸਰ ਬਿਆਨ ਕੀਤੇ ਹਨ। ਲਿਖਣ ਵਾਲੇ ਹਨ ਮਾਸਕੋ ਦੇ ਸਾਇੰਸਦਾਨ ਯਾਬਲੋਕੋਵ ਅਤੇ ਬੇਲਾਰੂਸ ਦੇ ਨੈਸਤ੍ਰੈਂਕੋ। ਇਨ੍ਹਾਂ ਲੇਖਕਾਂ ਨੇ ਪਿਛਲੇ 23 ਸਾਲਾਂ ਵਿਚ ਛਪੇ 5000 ਤੋਂ ਵੱਧ ਖੋਜ-ਪੱਤਰਾਂ ਵਿੱਚੋਂ ਆਪਣੀ ਖੋਜ ਸਮੱਗਰੀ ਇਕੱਠੀ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੀਰੋਸ਼ੀਮਾ ਨਾਗਾਸਾਕੀ ਉੱਤੇ ਸੁੱਟੇ ਅਮਰੀਕੀ ਬੰਬਾਂ ਨਾਲੋਂ, ਚਰਨੋਬਿਲ ਤੋਂ ਸੌ ਗੁਣਾ ਵਧੇਰੇ ਰੇਡੀਓਐਕਟਿਵ ਸਮੱਗਰੀ ਉਛਲੀ ਹੈ। ਉਨ੍ਹਾਂ ਦੇ ਮੁਤਾਬਕ ਚਰਨੋਬਿਲ ਉਛਾਲੇ ਤੋਂ ਧਰਤੀ ਦਾ ਕੁੱਲ ਉੱਤਰੀ ਅੱਧਗੋਲਾ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਕੁਲ ਦੁਨੀਆਂ ਅੰਦਰ ਚਰਨੋਬਿਲ ਕਾਰਨ ਹੁਣ ਤਕ ਦਸ ਲੱਖ ਤੋਂ ਵੱਧ ਲੋਕ ਮਰ ਚੁੱਕੇ ਹਨ।

ਲੇਖਕਾਂ ਦੇ ਵਿਚਾਰ ਵਿਸ਼ਵ ਸਿਹਤ ਸੰਸਥਾ ਅਤੇ ਪ੍ਰਮਾਣੂ ਸ਼ਕਤੀ ਏਜੰਸੀ ਦੇ ਬਿਆਨਾਂ ਦੇ ਬਿਲਕੁਲ ਵਿਰੁੱਧ ਹਨ। ਏਜੰਸੀਆਂ ਅਨੁਸਾਰ ਸ਼ੁਰੂ ਵਿਚ ਕੇਵਲ 31 ਉਹ ਲੋਕ ਮਰੇ, ਜਿਨ੍ਹਾਂ ਨੇ ਅੱਗ ਬੁਝਾਉਣ ਲਈ ਸੇਵਾ ਦਿੱਤੀ ਸੀ। ਇਨ੍ਹਾਂ ਨੂੰ 'ਲਿਕੁਈਡੇਟਰ' ਆਖਿਆ ਗਿਆ ਸੀ। ਕਰੀਬ 8,30,000 ਕਾਮਿਆਂ ਨੇ ਚਰਨੋਬਿਲ ਰੀਐਕਟਰ ਦੀ ਅੱਗ ਬੁਝਾਉਣ ਅਤੇ ਟਿਕਾਣੇ ਦੀ ਸਫ਼ਾਈ ਵਿਚ ਹਿੱਸਾ ਲਿਆ ਸੀ (ਸਫ਼ਾਈ ਕਾਮਿਆਂ ਦੀ ਗਿਣਤੀ ਨੋਟ ਕਰੋ)। ਕਿਤਾਬ ਦਾ ਕਹਿਣਾ ਹੈ ਕਿ ਸੰਨ 2005 ਤਕ 1,12,000 ਤੋਂ 1,25,000 'ਲਿਕੁਈਡੇਟਰ'/'ਮਾਸ਼ਕੀ'/ਫ਼ਾਇਰ ਫ਼ਾਈਟਰ ਮਰ ਚੁੱਕੇ ਸਨ।

ਚਰਨੋਬਿਲ ਘੋਰ-ਤਬਾਹੀ ਦੀ 24ਵੀਂ ਵਰ੍ਹੇਗੰਢ ਉੱਤੇ ਹੁਣ ਘੱਟੋ ਘੱਟ ਇਹ ਸਮਝ ਆਉਂਦੀ ਹੈ ਕਿ ਸਾਡੀ ਸੋਚ ਦੇ ਦਾਇਰੇ ਤੋਂ ਕਿਤੇ ਵੱਧ ਤਬਾਹੀ ਹੋਈ ਹੈ। ਕੁਲ ਦੁਨੀਆਂ ਅੰਦਰੋਂ ਅੰਕੜੇ ਕੱਢ ਕੇ ਅੰਦਾਜ਼ਾ ਲਗਾਇਆ ਗਿਆ ਹੈ ਕਿ 1986 ਤੋਂ 2004 ਤਕ ਚਰਨੋਬਿਲ ਰੇਡੀਆਈ ਧੂੜੇ ਕਾਰਨ 9,85,000 ਮੌਤਾਂ ਹੋਈਆਂ। ਵਿਸ਼ਵ ਸਿਹਤ ਸੰਸਥਾ ਅਤੇ ਵਿਸ਼ਵ ਐਟਮੀ ਏਜੰਸੀ ਮੁਤਾਬਕ ਚਰਨੋਬਿਲ ਕਾਰਨ 9000 ਮੌਤਾਂ ਹੋਈਆਂ ਹਨ ਅਤੇ 2005 ਤਕ 2,00,000 ਲੋਕ ਰੇਡੀਏਸ਼ਨ ਬੀਮਾਰੀਆਂ ਵਿਚ ਗ੍ਰਸਤ ਹੋਏ ਹਨ।

ਯਾਬਲੋਕੋਵ ਸਾਥੀਆਂ ਦਾ ਕਹਿਣਾ ਹੈ ਕਿ ਪਹਿਲਾਂ ਮੰਨਿਆ ਜਾਂਦਾ ਸੀ ਕਿ ਪ੍ਰਮਾਣੂ ਰੀਐਕਟਰ ਅੰਦਰੋਂ ਪੰਜਾਹ ਮਿਲੀਅਨ 'ਕਿਊਰੀ' ਬਰਾਬਰ ਰੇਡੀਆਈ ਧੂੜਾ ਨਿਕਲਿਆ ਸੀ। ਹੁਣ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਉਹ ਰੇਡੀਆਈ ਧੂੜਾ 10 ਬਿਲੀਅਨ 'ਕਿਊਰੀ' ਬਰਾਬਰ ਭਾਵ ਪਹਿਲੇ ਅੰਦਾਜ਼ੇ ਤੋਂ ਦੋ ਸੌ ਗੁਣਾ ਵੱਧ ਸੀ।

ਸੋਵੀਅਤ ਸੰਘ ਤੋਂ ਬਾਹਰ ਚੋਖੀ ਰੇਡੀਓਐਕਟਿਵ ਧੂੜ ਡਿੱਗਣ ਵਾਲੇ ਦੇਸਾਂ ਅੰਦਰ ਸਨ ਨਾਰਵੇ, ਸਵੀਡਨ, ਫ਼ਿਨਲੈਂਡ, ਯੂਗੋਸਲਾਵੀਆ, ਬਲਗਾਰੀਆ, ਰੋਮਾਨੀਆ, ਗ੍ਰੀਸ, ਯੂ.ਕੇ ਅਤੇ ਜਰਮਨੀ ਦੇ ਕੁਝ ਹਿੱਸੇ। ਹਾਦਸੇ ਦੇ ਨੌਂ ਦਿਨਾਂ ਦੇ ਅੰਦਰ ਇਹ ਧੂੜਾ ਕੈਨੇਡਾ ਅਤੇ ਯੂ.ਐਸ.ਏ. ਪਹੁੰਚ ਗਿਆ। ਸੋਵੀਅਤ ਸੰਘ ਅੰਦਰ ਪ੍ਰਭਾਵਿਤ ਜੋੜਿਆਂ ਦੀ ਔਲਾਦ 80 ਫ਼ੀਸਦੀ ਬੀਮਾਰੂ ਸੀ।

ਚਰਨੋਬਿਲ ਪ੍ਰਭਾਵਿਤ ਇਲਾਕਿਆਂ ਅੰਦਰ ਬਿਮਾਰੀਆਂ ਵਿਚ ਬੇਅੰਤ ਵਾਧਾ ਹੋਇਆ—ਬੱਚੇ ਗਿਰ ਜਾਣੇ, ਜਨਮ ਸਮੇਂ ਹੀ ਮੌਤਾਂ, ਸਰੀਰ ਅੰਦਰ ਪੈਦਾਇਸ਼ੀ ਖੋਟਾਂ, ਸਾਹ, ਪਾਚਣ, ਪੱਠਿਆਂ, ਨਰਵ, ਐਂਡੋਕ੍ਰਾਈਨ, ਖ਼ੂਨ, ਪੇਸ਼ਾਬ, ਦਿਲ ਅਤੇ ਖ਼ੂਨ ਨਾੜੀਆਂ, ਜੈਨੇਟਿਕ ਅਤੇ ਇਮਿਊਨਿਟੀ ਪ੍ਰਣਾਲੀਆਂ ਵਿਚ ਬੇਅੰਤ ਰੋਗ ਉਤਪੰਨ ਹੋਏ। ਇਸ ਤੋਂ ਛੁੱਟ ਕੈਂਸਰ ਅਤੇ ਨਾ-ਕੈਂਸਰ ਰਸੌਲੀਆਂ ਵਿਚ ਵਾਧਾ ਹੋਇਆ।

ਇਨਸਾਨਾਂ ਤੋਂ ਇਲਾਵਾ ਕੁਲ ਢੋਰ ਡੰਗਰ, ਪੰਛੀ, ਮੱਖੀਆਂ, ਬੂਟੇ, ਦਰੱਖ਼ਤ ਬੈਕਟੀਰੀਆ ਅਤੇ ਵਾਇਰਸਾਂ ਉੱਤੇ ਵੀ ਅਸਰ ਹੋਇਆ। ਪ੍ਰਭਾਵਤ ਇਲਾਕਿਆਂ ਅੰਦਰ ਪੈਦਾ ਕੀਤੀ ਗਈ ਖ਼ੁਰਾਕ ਸਮੇਂ ਸਿਰ ਰੇਡੀਏਸ਼ਨ ਧੂੜੇ ਦੀ ਪਛਾਣ ਨਾ ਹੋਣ ਕਰਕੇ ਦੂਰ-ਦੂਰ ਤਕ ਵੰਡੀ ਅਤੇ ਖਾਧੀ ਗਈ, ਜਿਸਦੇ ਨਤੀਜੇ ਕਈ ਦਹਾਕਿਆਂ ਤਕ ਨਿਕਲਦੇ ਰਹਿਣਗੇ। ਦੁਨੀਆਂ ਦੇ ਅੰਦਰ ਇਸ ਵੇਲੇ 435 ਪ੍ਰਮਾਣੂ ਰੀਐਕਟਰ ਹਨ, ਜਿਨ੍ਹਾਂ ਵਿੱਚੋਂ 104 ਤਾਂ ਅਮਰੀਕਾ ਅੰਦਰ ਹਨ।

ਲੇਖਕਾਂ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਪ੍ਰਮਾਣੂ ਏਜੰਸੀਆਂ ਨੇ ਚਰਨੋਬਿਲ ਹਾਦਸੇ ਨੂੰ ਗੰਭੀਰਤਾ ਨਾਲ ਨਹੀਂ ਲਿਆ, ਬਲਕਿ ਖ਼ਤਰੇ ਨੂੰ ਛੁਟਿਆਉਣ ਦੀ ਕੋਸ਼ਿਸ਼ ਕੀਤੀ ਹੈ।

ਕੁਲ ਪ੍ਰਮਾਣੂ ਸ਼ਕਤੀ ਪੈਦਾ ਕਰਦੇ ਰੀਐਕਟਰਾਂ ਦਾ ਬੇਅੰਤ ਰੇਡੀਓਐਕਟਿਵ ਕੂੜਾ ਪੈਦਾ ਹੁੰਦਾ ਹੈ। ਇਸ ਕੂੜੇ ਨੂੰ ਸਦਾ ਸਦਾ ਲਈ ਸਿਫ਼ਰ-ਖ਼ਤਰੇ ਵਾਲਾ ਬਣਾ ਕੇ ਕਿਸੇ ਸੁਰੱਖਿਆ ਟਿਕਾਣੇ ਉੱਤੇ ਰੱਖਣਾ, ਅੱਜ ਸਾਇੰਸ ਦੀ ਪੂਰਨ ਤਸੱਲੀਬਖ਼ਸ਼ ਪਹੁੰਚ ਤੋਂ ਬਾਹਰ ਹੈ। ਜਿੰਨੇ ਪ੍ਰਮਾਣੂ ਰੀਐਕਟਰ ਬਣੇ ਹਨ, ਉਨ੍ਹਾਂ ਨੇ ਇਕ ਦਿਨ ਕੰਮ ਬੰਦ ਕਰਨਾ ਹੈ। ਉਨ੍ਹਾਂ ਦੀ ਰੇਡੀਏਸ਼ਨ ਸਦਾ ਲਈ ਬੰਦ ਕਰਨਾ, ਇਹ ਵੀ ਇਕ ਸਮੱਸਿਆ ਹੈ। ਜਿੰਨ, ਬੋਤਲ 'ਚੋਂ ਬਾਹਰ ਆ ਗਿਆ ਹੈ, ਉਸਨੂੰ ਵਾਪਸ ਕੌਣ ਭੇਜੇ ? ਸਮਝਿਆ ਜਾ ਰਿਹਾ ਹੈ ਕਿ ਜਿੰਨਾ ਖ਼ਰਚ ਪ੍ਰਮਾਣੂ ਰੀਐਕਟਰ ਬਣਾਉਣ ਉੱਤੇ ਆਵੇਗਾ, ਉਸ ਤੋਂ ਵੱਧ ਖ਼ਰਚਾ ਆਵੇਗਾ ਉਸ ਨੂੰ ਬੰਦ ਅਤੇ ਸੁਰੱਖਿਅਤ ਕਰਨ ਉੱਤੇ।

ਸਾਡਾ ਦੇਸ ਕੰਪਨੀਆਂ ਅਤੇ ਸਰਕਾਰਾਂ ਦੇ ਬਾਹਰੋਂ ਦਬਾਅ ਅਤੇ 'ਹੱਲਾਸ਼ੇਰੀ' ਅਤੇ ਦੇਸ ਅੰਦਰ ਨਿੱਜੀ ਸਰਮਾਇਆਦਾਰੀ ਦੇ ਉਤਸ਼ਾਹ ਨਾਲ ਚੋਖੇ ਪ੍ਰਮਾਣੂ ਬਿਜਲੀ ਘਰ ਬਣਾਉਣ ਵਾਲੇ ਮਾਰਗ ਉੱਤੇ ਠਿੱਲ੍ਹ ਪਿਆ ਹੈ। ਪ੍ਰਮਾਣੂ ਊਰਜਾ ਦੇ ਖ਼ਿਲਾਫ਼ ਬੋਲਣ ਵਾਲਿਆਂ ਨੂੰ ਝੱਟ ਦੇਸ-ਧ੍ਰੋਹੀਆਂ ਦਾ ਦਰਜਾ ਮਿਲ ਜਾਂਦਾ ਹੈ। ਸਾਡਾ ਦੇਸ ਬਹੁਤ ਗਾੜ੍ਹੀ ਵੱਸੋਂ ਵਾਲਾ ਹੈ। ਕੇਵਲ ਇਕ ਹੀ ਚਰਨੋਬਿਲ ਜਿਹਾ ਹਾਦਸਾ, ਸਾਡੇ ਦੇਸ ਦਾ ਲੱਕ ਤੋੜ ਸਕਦਾ ਹੈ। ਸਾਡੇ ਆਪਣੇ ਪਾਸ ਤਾਂ ਨਵੇਂ ਪ੍ਰਮਾਣੂ ਬਿਜਲੀ ਘਰਾਂ ਲਈ ਪ੍ਰਮਾਣੂ ਬਾਲਣ ਵੀ ਨਹੀਂ ਹੈ। ਅਸੀਂ ਸਦਾ ਲਈ ਏਸ ਬਾਲਣ ਲਈ ਹੱਥ ਅੱਡਦੇ ਰਹਾਂਗੇ ਅਤੇ ਬਾਹਰਲੀਆਂ ਸ਼ਕਤੀਆਂ ਦੀ ਬਲੈਕਮੇਲ ਵਿਚ ਫਸੇ ਰਹਾਂਗੇ। ਕਿਸੇ ਪ੍ਰਮਾਣੂ ਹਾਦਸੇ ਦੀ ਹਾਲਤ ਵਿਚ ਸਾਨੂੰ ਹਜ਼ਾਰਾਂ ਭੋਪਾਲ ਕਾਂਡਾਂ ਵਰਗੇ ਦੁਖੜੇ ਕਈ ਸਦੀਆਂ ਸਹਿਣੇ ਪੈਣਗੇ।

ਅੰਤ ਵਿਚ ਸਵਾਲ ਹਨ :

ਅਮਰੀਕਾ ਨੇ 1996 ਤੋਂ ਪਿੱਛੋਂ ਕੋਈ ਨਵਾਂ ਪ੍ਰਮਾਣੂ ਬਿਜਲੀ ਘਰ ਕਿਉਂ ਨਹੀਂ ਉਸਾਰਿਆ ?

ਪ੍ਰਧਾਨ ਬੁਸ਼ ਨੂੰ ਭਾਰਤ ਲਈ ਪ੍ਰਮਾਣੂ ਉਦਾਰਤਾ ਦਾ ਪਿਆਰ ਕਿਵੇਂ ਉੱਮਡ ਪਿਆ ?

ਕੀ ਅਸੀਂ ਲੋੜੀਂਦੀ ਗ਼ੈਰ ਪ੍ਰਮਾਣੂ ਸ਼ਕਤੀ ਪੈਦਾ ਕਰਨ ਲਈ ਬਿਲਕੁਲ ਅਸਮਰੱਥ ਹਾਂ ?

# ਟਾਈਟੈਨਿਕ ਨੂੰ ਕਿਵੇਂ ਡੋਬਿਆ ਗਿਆ

ਇਕ ਮਹਾਨ ਤੈਰਦਾ ਮਹੱਲ ਸੀ "ਟਾਈਟੈਨਿਕ", ਜਿਸ ਨੂੰ ਪਹਿਲੀ ਹੀ ਤੈਰੀ ਸਮੇਂ ਡੋਬ ਦੇਣ ਦਾ ਫ਼ੈਸਲਾ, ਉਸਦੇ ਬਣਾਉਣ ਤੋਂ ਵੀ ਪਹਿਲਾਂ ਨਿਸਚਿਤ ਕੀਤਾ ਜਾ ਚੁੱਕਾ ਸੀ। ਅਕਸ਼ਨਾਜ਼ੀ ਚਾਨਣ-ਬਰਦਾਰ ਬੈਂਕਰਾਂ ਲਈ ਅਜਿਹਾ ਸੰਭਵ ਕਰਨਾ ਖੱਬੇ ਹੱਥ ਦੀ ਖੇਡ ਸੀ। ਟਾਈਟੈਨਿਕ ਦੇ ਭਿਆਨਕ ਹਾਦਸੇ ਦਾ ਟੀਚਾ ਸੀ, ਨਿੱਜੀ ਬੈਂਕਕਾਰੀ ਦੇ ਅੰਦਰ, ਰਾਹ ਵਿਚ ਅੜਦੇ ਕੁਝ ਸ਼ਕਤੀਸ਼ਾਲੀ ਬੈਂਕਰਾਂ ਦਾ ਇੱਕੋ ਝਟਕੇ ਨਾਲ ਖ਼ਾਤਮਾ ਕਰਨਾ।

ਅਕਸ਼ਨਾਜ਼ੀ ਯਹੂਦੀ ਬੈਂਕਰਾਂ ਦਾ ਯਸੂਹੀਆਂ ਦੇ ਨਾਲ ਦੂਰੋਂ ਪਾਰੋਂ ਵੀ ਕੋਈ ਧਾਰਮਿਕ ਵਾਸਤਾ ਨਹੀਂ ਸੀ। ਪਰ ਰੌਥਚਾਈਲਡ ਘਰਾਣਾ ਰੋਮਨ ਕੈਥੋਲਿਕ ਪੋਪ ਅਤੇ ਉਸਦੇ ਖ਼ਜ਼ਾਨੇ ਦੇ ਨਾਲ ਗਾੜ੍ਹਾ ਸੰਬੰਧ ਰੱਖਦਾ ਸੀ। ਹੁਸ਼ਿਆਰ ਯਹੂਦੀ ਬੈਂਕਰਾਂ ਨੂੰ ਰੋਮਨ ਕੈਥੋਲਿਕ ਸਮਾਜ ਬਾਰੇ ਗੂੜ੍ਹੀ ਵਾਕਫ਼ੀ ਸੀ। ਪੋਪ ਤਾਂ ਉਨ੍ਹਾਂ ਲਈ ਇਕ ਸਿੱਧਾ ਸਾਦਾ ਵਿਅਕਤੀ ਸੀ ਜੋ ਕੁਲ ਦੁਨੀਆਂ ਦੇ ਯਸੂਹੀਆਂ ਲਈ ਮਹਾਰਾਜਾ ਸੀ, ਜਿਸਦੇ ਪਰਮਾਤਮਾ ਦੇ ਨਾਲ ਸਿੱਧੇ ਸੰਬੰਧ ਸਨ ਅਤੇ ਜਿਸਦੇ ਮੂੰਹੋਂ ਨਿਕਲਿਆ ਕੋਈ ਵੀ ਫ਼ੁਰਮਾਨ ਇਲਾਹੀ ਹੁਕਮ ਸੀ। ਪੋਪ ਤੋਂ ਹੇਠਾਂ ਚਲਦੀ ਵਿਸ਼ਾਲ ਲੜੀ ਅੰਦਰ ਇਕ ਪਾਦਰੀ ਦੀ ਖ਼ਾਸ ਹਸਤੀ ਹੁੰਦੀ ਸੀ। ਉਹ ਪਾਦਰੀ ਯਸੂਹੀ ਮੱਤ ਅੰਦਰ ਜ਼ਿੰਮੇਵਾਰੀ ਸੰਭਾਲਣ ਵੇਲੇ ਕੁਝ ਇੰਜ ਦੀ ਸਹੁੰ ਖਾਂਦਾ ਸੀ, "ਮੈਂ ਆਪਣੇ ਆਪ ਨੂੰ ਇਕ ਲੋਥ ਸਮਝਾਂਗਾ, ਜਿਸ ਦੀ ਨਾ ਕੋਈ ਸਮਝ ਹੈ ਅਤੇ ਨਾ ਹੀ ਇਰਾਦਾ। ਜਿਸਦੇ ਨਿੱਕੇ ਸਲੀਬ ਨੂੰ ਉਸ ਦੇ ਹੁਕਮ ਅੰਦਰ ਜਿਧਰ ਮਰਜ਼ੀ ਘੁਮਾਇਆ ਜਾਵੇ ਜਾਂ ਉਹ ਕਿਸੇ ਬਜ਼ੁਰਗ ਦੇ ਹੱਥਾਂ ਵਿਚ ਲਾਠੀ ਬਣ ਜਾਵੇ, ਜਿਸ ਨੂੰ ਉਹ ਜਿਵੇਂ ਭਾਵੇ ਵਰਤ ਲਵੇ।" ਇਸ ਸਹੁੰ ਦੇ ਨਾਲ ਉਹ ਮਰਦੇ ਦਮ ਤਕ ਮਾਲਕ ਦਾ ਗ਼ੁਲਾਮ ਹੋ ਜਾਂਦਾ ਸੀ।

ਟਾਈਟੈਨਿਕ ਉੱਤੇ ਇਕ ਫ਼ਿਲਮ ਵੀ ਬਣੀ ਹੋਈ ਹੈ, ਜਿਸ ਨੂੰ ਦੁਨੀਆਂ ਭਰ ਵਿਚ ਕਰੋੜਾਂ ਲੋਕਾਂ ਨੇ ਵੇਖਿਆ ਹੋਇਆ ਹੈ ਅਤੇ ਬਹੁਤ ਪ੍ਰਭਾਵਤ ਹੋਏ ਹਨ। ਟਾਈਟੈਨਿਕ ਦਾ ਕਪਤਾਨ ਸੀ ਐਡਵਰਡ ਸਮਿੱਥ, ਛੱਬੀ ਸਾਲਾਂ ਤੋਂ ਬਰਫ਼ਾਨੀ ਸਮੁੰਦਰਾਂ ਦੇ ਵਿੱਚੋਂ ਜਹਾਜ਼ਾਂ ਨੂੰ ਸੁਰੱਖਿਆ ਦੇ ਨਾਲ ਲਿਜਾਣ ਵਾਲਾ ਮਹਾਨ ਤਜਰਬੇਕਾਰ ਵਿਅਕਤੀ। ਇਸ ਵੇਲੇ ਇਹ ਜਾਨਣ ਦੀ ਲੋੜ ਹੈ ਕਿ ਐਡਵਰਡ ਸਮਿੱਥ ਨੇ ਵੀ ਉਪਰ ਲਿਖੀ ਸਹੁੰ ਖਾਧੀ ਹੋਈ ਸੀ। ਉਹ ਇਸ ਸਹੁੰ ਪਿੱਛੇ ਕੁਝ ਵੀ ਕਰਨ ਨੂੰ ਤਿਆਰ ਸੀ, ਆਪਾ ਵੀ ਵਾਰ ਸਕਦਾ ਸੀ।

ਪਿਛਲੇ ਸੌ ਦੋ ਸੌ ਸਾਲਾਂ ਦੇ ਅੰਦਰ ਕਈ ਐਸੀਆਂ ਘਟਨਾਵਾਂ ਹੋਈਆਂ ਜਿਨ੍ਹਾਂ ਨੇ ਹੈਰਾਨ ਅਤੇ ਉਦਾਸ ਹੀ ਨਹੀਂ ਕੀਤਾ, ਬਲਕਿ ਦਿਲਾਂ ਨੂੰ ਕੰਬਾ ਦਿੱਤਾ। ਇਨ੍ਹਾਂ ਵਿੱਚੋਂ ਦੋ ਉੱਘੀਆਂ ਘਟਨਾਵਾਂ ਨੇ ਨਿਊਯਾਰਕ ਅੰਦਰ ਵਰਲਡ ਟ੍ਰੇਡ ਸੈਂਟਰ ਦੀ ਤਬਾਹੀ ਅਤੇ ਟਾਈਟੈਨਿਕ ਜਹਾਜ਼ ਦਾ ਸਮੁੰਦਰ ਵਿਚ ਗਰਕਣਾ। ਟੀ.ਵੀ. ਅਤੇ ਮੀਡੀਆ ਨੇ ਨਿਊਯਾਰਕ ਘਟਨਾ ਦੀ ਜ਼ਿੰਮੇਵਾਰੀ ਮੱਧ ਏਸ਼ੀਆ ਦੇ ਮੁਸਲਮਾਨ ਅਰਬਾਂ ਉੱਤੇ ਥੋਪੀ। ਪਰ ਇੰਟਰਨੈੱਟ ਦੇ ਸਾਇੰਸੀ ਯੁੱਗ ਵਿਚ ਝੱਟ ਹੀ ਖ਼ਬਰ ਨਿਕਲ ਗਈ ਕਿ ਇਹ ਕਾਰਨਾਮਾ ਉਨ੍ਹਾਂ ਦਾ ਸੀ, ਜਿਨ੍ਹਾਂ ਦਾ ਨੇਤਾ ਸੀ ਪ੍ਰਧਾਨ ਬੁਸ਼! ਕੁੱਲ ਦੁਨੀਆਂ ਨੂੰ ਜੌੜੇ ਟਾਵਰਾਂ ਦੇ ਡਿੱਗਣ ਦਾ ਭੇਤ ਪਤਾ ਹੈ, 'ਕੰਟ੍ਰੋਲਡ ਡੈਮੋਲੀਸ਼ਨ' ਭਾਵ 'ਕਾਬੂ ਹੇਠ ਇਮਾਰਤ ਗਿਰਾਈ'। ਜਾਣਕਾਰਾਂ ਦੀ ਗਿਣਤੀ ਨਿੱਤ ਵਧਦੀ ਜਾ ਰਹੀ ਹੈ। ਇਸ ਹਾਦਸੇ ਦੇ ਟਾਕਰੇ ਉੱਤੇ ਟਾਈਟੈਨਿਕ ਹਾਦਸੇ ਦੀ ਜਾਣਕਾਰੀ ਬਹੁਤ ਘੱਟ ਹੈ। ਆਓ ਵੇਖੀਏ, ਏਹ ਅਸੰਭਵ ਹਾਦਸਾ ਜੋ ਸਚਮੁੱਚ ਹੋਇਆ, ਕਿਸ ਨੇ ਕਰਵਾਇਆ ?

1830 ਤੋਂ ਲੈ ਕੇ ਵੀਹਵੀਂ ਸਦੀ ਦੇ ਸ਼ੁਰੂ ਤਕ ਅਮਰੀਕਾ ਅੰਦਰ ਕੋਈ ਕੇਂਦਰੀ ਬੈਂਕ ਨਹੀਂ ਸੀ। ਯਸੂਹੀ ਬੈਂਕਰਾਂ ਦੀਆਂ, ਇਹ ਸੋਚ ਸੋਚ ਕੇ ਰਾਲਾਂ ਵਗਦੀਆਂ ਸਨ ਕਿ ਕਿਵੇਂ ਨਾ ਕਿਵੇਂ ਮਹਾਨ ਅਮਰੀਕਾ ਦੀ ਬੈਂਕਕਾਰੀ ਦਾ ਖ਼ਜ਼ਾਨਾ ਉਨ੍ਹਾਂ ਦੇ ਹੱਥ ਆ ਜਾਵੇ, ਜਿਸ ਨੂੰ ਉਹ ਕੁਲ ਦੁਨੀਆਂ ਅੰਦਰ ਆਪਣੇ ਕਾਰਨਾਮਿਆਂ ਅਤੇ ਜੰਗਾਂ ਲਈ ਵਰਤ ਸਕਣ।

1910 ਵਿਚ ਅਮਰੀਕਨ ਜਾਰਜੀਆ ਸਟੇਟ ਦੇ ਸਾਹਿਲ ਕੋਲ, ਜੈਕਿਲ ਟਾਪੂ ਵਿਚ ਸੱਤ ਵਿਅਕਤੀਆਂ ਦੀ ਮੁਲਾਕਤ ਹੋਈ, ਜੋ 'ਜੇ ਪੀ ਮਾਰਗਨ' ਅਤੇ ਰੌਥਚਾਈਲਡ ਦੇ ਯੂਰਪੀ ਘਰਾਣਿਆਂ ਦੇ ਨੁਮਾਇੰਦੇ ਸਨ। ਇਹ ਤਾਂ ਅਸੀਂ ਜਾਣਦੇ ਹਾਂ ਕਿ ਰੌਥਚਾਈਲਡ, ਪੋਪ ਦੇ ਵਿਸ਼ਵ ਦੇ ਯਸੂਹੀ ਖ਼ਜ਼ਾਨੇ ਦੇ ਵੀ ਬੈਂਕਰ ਸਨ।

ਬੈਂਕਰ ਮਾਰਗਨ 1857 ਤੋਂ ਰੌਥਚਾਈਲਡਾਂ ਦੇ ਓਦੋਂ ਤੋਂ ਦੋਸਤ ਸਨ, ਜਦੋਂ ਉਨ੍ਹਾਂ ਨੂੰ ਬੈਂਕ ਆਫ਼ ਇੰਗਲੈਂਡ ਨੇ ਦੀਵਾਲੀਆ ਹੋਣ ਤੋਂ ਬਚਾਇਆ ਸੀ। ਰੌਥਚਾਈਲਡ ਦੀ ਮੁੱਠੀ ਵਿਚ ਸੀ ਬੈਂਕ ਆਫ਼ ਇੰਗਲੈਂਡ। ਮਾਰਗਨ ਓਦੋਂ ਤੋਂ ਹੀ ਆਪਣਾ ਸ਼ੁੱਧ ਅਮਰੀਕੀ ਚਿਹਰਾ ਲੈ ਕੇ ਰੌਥਚਾਈਲਡਾਂ ਦੇ ਵਿੱਤੀ ਏਜੰਟਾਂ ਵਾਂਗ ਅਮਰੀਕਾ ਅੰਦਰ ਕੰਮ ਕਰ ਰਹੇ ਸਨ। ਰਾਕਫੈਲਰ ਵੀ ਏਸੇ ਹੀ ਰਸਤੇ ਸੀ, ਜਿਸ ਦੇ ਨਾਲ ਝਗੜਾ ਕਰਨ ਦੀ ਥਾਂ, ਨਾਲ ਹੀ ਆੜੀ ਬਣਾ ਲਿਆ ਗਿਆ। ਅਖ਼ੀਰ ਫ਼ੈਡਰਲ ਰੀਜ਼ਰਵ ਨੂੰ ਇਨ੍ਹਾਂ ਦੋਸਤਾਂ ਨੇ ਕਾਬੂ ਕਰ ਲਿਆ।

ਤਿੰਨ ਯਹੂਦੀ ਬੈਕਿੰਗ ਘਰਾਣੇ—ਰਾਕਫੈਲਰ, ਮਾਰਗਨ ਅਤੇ ਰੌਥਚਾਈਲਡ, ਅਕਸ਼ਨਾਜ਼ੀ ਯਹੂਦੀ ਹੁੰਦਿਆਂ ਹੋਇਆਂ ਵੀ, ਯਸੂਹੀ ਹੁਕਮਾਂ ਹੇਠ ਚਲਦੇ ਜਾਪਦੇ ਸਨ। ਇਨ੍ਹਾਂ ਦੀਆਂ ਜਥੇਬੰਦੀਆਂ ਯਸੂਹੀਆਂ ਦੇ ਨਾਲ ਭਰੀਆਂ ਹੋਈਆਂ ਸਨ। ਵੀਹਵੀਂ ਸਦੀ ਵਿਚ ਇਨ੍ਹਾਂ ਯਸੂਹੀ ਗੁੱਟਾਂ ਦੀ ਬੇਅੰਤ ਚੜ੍ਹਤ ਹੁੰਦੀ ਰਹੀ ਹੈ। ਇਨ੍ਹਾਂ ਨੇ ਅਮਰੀਕਨ ਦੌਲਤ ਨੂੰ ਖ਼ੂਬ ਉਜਾੜਿਆ ਹੈ ਅਤੇ ਏਸੇ ਸਨੇਹੀ ਦੇਸ ਦੀ ਸ਼ਹਿਰੀ ਆਜ਼ਾਦੀ ਉੱਤੇ ਲਗਾਤਾਰ ਹਮਲਾ ਕੀਤਾ ਹੈ।

ਹੁਣ ਆਈਏ ਟਾਈਟੈਨਿਕ ਵੱਲ। ਇਹ ਜਹਾਜ਼ 1909 ਵਿਚ ਉੱਤਰੀ ਆਇਰਲੈਂਡ ਦੀ ਰਾਜਧਾਨੀ ਬੈਲਫਾਸਟ ਵਿਚ ਬਣਨਾ ਸ਼ੁਰੂ ਹੋਇਆ। ਬੈਲਫਾਸਟ ਪ੍ਰੋਟੈਸਟੈਂਟਾਂ ਦਾ ਗੜ੍ਹ ਸੀ, ਜਿਨ੍ਹਾਂ ਨਾਲ ਯਸੂਹੀਆਂ ਦੀ ਖੜਕਦੀ ਸੀ। ਇਕ ਇੰਟਰਨੈਸ਼ਨਲ ਜਹਾਜ਼ੀ ਕੰਪਨੀ ਸੀ 'ਵਾਈਟ ਸਟਾਰ ਲਾਈਨ'। ਟਾਈਟੈਨਿਕ ਏਸੇ ਦਾ ਹੀ ਇਕ ਜਹਾਜ਼ ਸੀ। ਮਾਰਗਨ ਨਿਰੇ ਬੈਂਕਰ ਹੀ ਨਹੀਂ ਸਨ, ਉਨ੍ਹਾਂ ਦੀਆਂ ਜਰਮਨੀ ਵਿਚ ਦੋ ਸ਼ਿਪਿੰਗ ਲਾਈਨਜ਼ ਵੀ ਸਨ। ਇੰਗਲੈਂਡ ਅੰਦਰ ਦੋ ਸ਼ਿਪਿੰਗ ਲਾਈਨਾਂ ਵਿੱਚੋਂ ਇਕ 'ਵਾਈਟ ਸਟਾਰ ਲਾਈਨ' ਮਾਰਗਨਾਂ ਦੀ ਹੀ ਸੀ।

ਮਾਰਗਨ, ਰਾਕਫੈਲਰ, ਰੌਥਚਾਈਲਡਾਂ ਦੇ ਸਾਹਮਣੇ ਬੜੇ ਤਾਕਤਵਰ ਧਨਾਢ ਸਨ ਜੋ ਫ਼ੈਡਰਲ ਰੀਜ਼ਰਵ (ਅਮਰੀਕੀ ਖ਼ਜ਼ਾਨੇ ਨੂੰ ਨਿੱਜੀ ਕਰਨਾ) ਦੇ ਖ਼ਿਆਲ ਦੀ ਵਿਰੋਧਤਾ ਕਰਦੇ ਸਨ। ਰੌਥਚਾਈਲਡ ਦੇ ਇਸ਼ਾਰੇ 'ਤੇ ਯਸੂਹੀਆਂ ਨੇ ਮਾਰਗਨ ਨੂੰ ਹੁਕਮ ਕੀਤਾ ਕਿ ਉਹ ਇਕ ਅਜਿਹਾ ਨਾ ਡੁੱਬ ਸਕਣ ਵਾਲਾ ਜਹਾਜ਼ ਬਣਾਉਣ, ਜਿਸ ਦੇ ਰਾਹੀਂ ਉਹ ਕੁੱਲ ਵਿਰੋਧੀਆਂ ਦਾ ਇੱਕੋ ਹੀ ਝਟਕੇ ਦੇ ਨਾਲ ਖ਼ਾਤਮਾ ਕਰ ਸਕਣ। ਇਨ੍ਹਾਂ ਵਿਰੋਧੀਆਂ ਨੂੰ ਅਜਿਹੇ ਢੰਗ ਨਾਲ ਮਾਰ ਮੁਕਾਉਣਾ ਸੀ ਕਿ ਕਿਸੇ ਨੂੰ ਯਸੂਹੀਆਂ ਦੀ ਗੋਂਦ ਦੀ ਭਿਣਕ ਤਕ ਨਾ ਪਵੇ। ਏਸੇ ਲਈ ਅਮਰੀਕਾ ਵੱਲ ਜਾਣ ਵਾਲਿਆਂ ਵਿਚ ਫ਼ਰਾਂਸ, ਇਟਲੀ ਅਤੇ ਆਇਰਲੈਂਡ ਤੋਂ ਰੋਮਨ ਕੈਥੋਲਿਕ ਯਸੂਹੀਆਂ ਨੂੰ ਵੀ ਨਾਲ ਹੀ ਬਲੀ ਚਾੜ੍ਹਨਾ ਸੀ। ਬੈਲਫਾਸਟ ਤੋਂ ਪ੍ਰੋਟੈਸਟੈਂਟ ਫ਼ਿਰਕੇ ਵਾਲਿਆਂ ਨੂੰ ਵੀ ਨਾਲ ਚੱਲਣ ਦਾ ਸੱਦਾ ਦਿੱਤਾ ਗਿਆ।

ਕੁਲ ਧਨਾਢ ਅਤੇ ਤਾਕਤਵਰ, ਜਿਨ੍ਹਾਂ ਤੋਂ ਯਸੂਹੀਆਂ ਨੇ ਮੁਕਤੀ ਪਾਉਣੀ ਸੀ, ਏਸ ਸਮੁੰਦਰੀ ਸੈਰ, ਕਰੂਜ਼ ਲਈ ਸੱਦਾ ਭੇਜਿਆ ਗਿਆ। ਨਾਮਵਰ ਲੋਕਾਂ ਵਿਚ ਸਨ ਬੈਂਜਮਨ ਮਗਨਹਾਈਮ, ਈਸਾਡੋਰ ਸਟ੍ਰਾਸ (ਮੇਸੀ ਸਟੋਰ ਦਾ ਮਾਲਕ) ਅਤੇ ਜੈਕਬ ਐਸਟਰ, ਉਸ ਸਮੇਂ ਦਾ ਦੁਨੀਆਂ ਦਾ ਸਭ ਤੋਂ ਧਨਾਢ ਇਨਸਾਨ। ਉਸ ਸਮੇਂ ਇਨ੍ਹਾਂ ਤਿੰਨਾਂ ਦੀ ਮਲਕੀਅਤ 500 ਮਿਲੀਅਨ ਡਾਲਰ ਤੋਂ ਵੱਧ ਸੀ। ਇਨ੍ਹਾਂ ਤਿੰਨਾਂ ਨੂੰ ਕਈ ਪਾਸਿਆਂ ਤੋਂ ਸਲਾਹ ਦਿਵਾਈ ਗਈ, ਸੱਦੇ ਦਿੱਤੇ ਗਏ ਕਿ ਉਹ ਇਸ ਤੈਰਦੇ ਮਹੱਲ ਦੀ ਸ਼ੁਰੂਆਤੀ ਸੈਰ ਜ਼ਰੂਰ ਕਰਨ। ਘਾਤੀ ਬੈਂਕਰਾਂ ਨੂੰ ਪਤਾ ਸੀ ਕਿ ਇਨ੍ਹਾਂ ਦੇ ਜਿਊਂਦੇ ਜੀਅ ਫ਼ੈਡਰਲ ਰੀਜ਼ਰਵ ਹੋਂਦ ਵਿਚ ਆਉਣਾ ਅਤੇ ਜੰਗੀ ਸਕੀਮਾਂ ਦਾ ਕਾਮਯਾਬ ਹੋਣਾ ਨਾਮੁਮਕਿਨ ਸੀ।

ਏਸੇ ਸਕੀਮ ਵਿਚ ਯਸੂਹੀ ਐਡਵਰਡ ਸਮਿੱਥ ਨੇ ਆਉਣਾ ਸੀ, ਉੱਤਰ ਐਟਲਾਂਟਿਕ ਸਮੁੰਦਰ ਦਾ ਸਭ ਤੋਂ ਵੱਧ ਤਜਰਬੇਕਾਰ ਜਹਾਜ਼ੀ ਕਪਤਾਨ। ਉਹ ਬੈਂਕਰ ਮਾਰਗਨ ਲਈ ਕਈ ਸਾਲਾਂ ਤੋਂ ਕੰਮ ਕਰ ਰਿਹਾ ਸੀ। ਐਡਵਰਡ ਸਮਿੱਥ ਇਕ ਖ਼ਾਸ ਸ਼੍ਰੇਣੀ ਦਾ ਯਸੂਹੀ ਸੀ, ਜਿਸ ਨੇ ਚੋਗਾ ਨਹੀਂ ਸੀ ਪਾਉਣਾ। ਉਸ ਨੇ ਆਪਣੇ ਕਿੱਤੇ ਰਾਹੀਂ ਯਸੂਹੀ ਮੱਤ ਦੀ ਸੇਵਾ ਕਰਨੀ ਸੀ। ਅਜਿਹੇ ਯਸੂਹੀ ਆਪਣੇ ਆਪ ਨੂੰ ਜ਼ਾਹਿਰ ਨਹੀਂ ਕਰਦੇ, ਛੁਪ ਕੇ ਸੇਵਾ ਨਿਭਾਉਂਦੇ ਹਨ, ਜਾਨ ਤਕ ਨਿਛਾਵਰ ਕਰਦੇ ਹਨ।

*ਨੈਸ਼ਨਲ ਜੀਓਗ੍ਰਾਫ਼ਿਕ* ਮੈਗਜ਼ੀਨ ਨੇ 9/11 (ਗਿਆਰਾਂ ਸਤੰਬਰ) ਦੀ ਨਿਊਯਾਰਕ ਦੀ ਸਰਕਾਰੀ ਕਾਰਵਾਈ ਉੱਤੇ ਪੂਰਨ ਪਰਦਾ ਪਾਇਆ ਹੈ। ਪਰ ਇਸ ਅਦਾਰੇ ਨੇ 1986 ਦੇ ਇਕ ਵੀਡੀਓ ਟੇਪ ਵਿਚ ਅਨਭੋਲ, ਟਾਈਟੈਨਿਕ ਦੇ ਕੁਝ ਰਾਜ਼ ਖੋਲ੍ਹ ਦਿੱਤੇ। ਟੇਪ ਦਾ ਨਾਂ ਹੈ 'ਦ ਸੀਕਰਟਸ ਆਫ਼ ਦ ਟਾਈਟੈਨਿਕ'। ਜਦੋਂ ਟਾਈਟੈਨਿਕ 10 ਅਪ੍ਰੈਲ 1912 ਨੂੰ ਦੱਖਣੀ ਇੰਗਲੈਂਡ ਤੋਂ ਚੱਲਿਆ ਤਾਂ ਉਸ ਵਿਚ ਐਡਵਰਡ ਸਮਿੱਥ ਦਾ ਯਸੂਹੀ ਮਾਲਕ, ਫ਼ਾਦਰ ਫ਼੍ਰਾਂਸਿਸ ਬ੍ਰਾਊਨ ਵੀ ਸੀ। ਇਹ ਫ਼ਾਦਰ ਰੋਮ ਦੇ ਯਸੂਹੀ ਨਿਜ਼ਾਮ ਦਾ ਆਇਰਲੈਂਡ ਅੰਦਰ ਸਿੱਧਾ ਸੰਪਰਕ ਰੱਖਣ ਵਾਲਾ, ਕੁਲ ਸ਼ਕਤੀ ਵਾਲਾ ਯਸੂਹੀ ਸੀ। ਫ਼ਾਦਰ

ਬ੍ਰਾਊਨ ਨੇ ਸਾਥੀ ਜਹਾਜ਼ ਸਵਾਰਾਂ ਦੀਆਂ ਫੋਟੋਆਂ ਵੀ ਖਿੱਚੀਆਂ, ਜਿਨ੍ਹਾਂ ਦਾ ਸਫ਼ਰ ਅਗਲੇ ਜਹਾਨ ਵੱਲ ਸੀ। ਅਗਲੇ ਦਿਨ ਕੁਈਨਜ਼ਟਾਊਨ, ਆਇਰਲੈਂਡ ਦੇ ਅੰਦਰ ਆਖ਼ਰੀ ਸਟਾਪ ਸੀ। "ਕਿਸਮਤ ਵਾਲਾ ਫ਼ਾਦਰ ਬ੍ਰਾਊਨ ਏਥੇ ਉਤਰ ਗਿਆ। ਉਸ ਸਮੇਂ ਫ਼ਾਦਰ ਬ੍ਰਾਊਨ ਨੇ ਟਾਈਟੈਨਿਕ ਦੇ ਬ੍ਰਿਜ 'ਤੇ ਖੜੇ ਕਪਤਾਨ ਸਮਿੱਥ ਨਾਲ ਨਜ਼ਰ ਮਿਲਾਈ ਜੋ ਆਪਣੇ ਮੁਕੱਦਰ ਦੇ ਨਾਲ ਮਿਲਣ ਲਈ ਖੜਾ ਸੀ।" ਧੋਖੇ ਦੀ ਮਹਾਨ ਮਿਸਾਲ! ਪ੍ਰਾਂਤੀ ਫ਼ਾਦਰ ਫ਼੍ਰਾਂਸਿਸ ਬ੍ਰਾਊਨ ਟਾਈਟੈਨਿਕ ਉੱਤੇ ਚੜ੍ਹਦਾ ਹੈ, ਸਭ ਸ਼ਿਕਾਰਾਂ ਦੀਆਂ ਤਸਵੀਰਾਂ ਖਿੱਚਦਾ ਹੈ, ਕਪਤਾਨ ਸਮਿੱਥ ਨੂੰ ਪੂਰੀ ਤਸੱਲੀ ਦੇ ਨਾਲ ਚੁੱਕੀ ਸਹੁੰ ਦੀ ਯਾਦ ਦਿਵਾਉਂਦਾ ਹੈ ਅਤੇ ਅਗਲੇ ਦਿਨ ਅਲਵਿਦਾ ਕਹਿ ਕੇ ਉਤਰ ਜਾਂਦਾ ਹੈ।

ਐਡਵਰਡ ਸਮਿੱਥ ਨੂੰ ਆਪਣੀ ਡਿਊਟੀ ਦਾ ਪਤਾ ਸੀ। ਸਮਿੱਥ ਨੇ ਜਹਾਜ਼ ਨੂੰ ਪੂਰੀ ਰਫ਼ਤਾਰ ਨਾਲ ਤੈਰਾਇਆ, ਚੰਦਰਮਾ ਰਹਿਤ ਕਾਲੀ ਰਾਤ ਵਿਚ, ਉਹ ਵੀ ਉਸ ਇਲਾਕੇ ਵਿਚ ਜੋ ਆਈਸਬਰਗਾਂ (ਬਰਫ਼ ਦੇ ਪਹਾੜ, ਜੋ ਉਪਰੋਂ ਛੋਟੇ ਦਿਸਦੇ ਹਨ ਅਤੇ ਪਾਣੀ ਅੰਦਰ ਬਹੁਤ ਵੱਡੇ ਹੁੰਦੇ ਹਨ) ਦੇ ਨਾਲ ਭਰਿਆ ਹੋਇਆ ਸੀ। ਉਸ ਨੂੰ ਅੱਠ ਤਾਰਾਂ ਵੀ ਭੇਜੀਆਂ ਗਈਆਂ ਕਿ ਉਹ ਜ਼ਿਆਦਾ ਸਾਵਧਾਨੀ ਵਰਤੇ। ਪਰ ਕਪਤਾਨ ਐਡਵਰਡ ਸਮਿੱਥ ਨੂੰ ਕਿਸ ਦੀ ਪ੍ਰਵਾਹ ਸੀ, ਜਦਕਿ ਉਸ ਨੇ ਸਾਖਸ਼ਾਤ ਭਗਵਾਨ ਤੋਂ ਜਹਾਜ਼ ਡੋਬਣ ਦੀ ਸੇਵਾ ਲਈ ਹੋਈ ਸੀ।

ਜਹਾਜ਼ ਵਿਚ ਲਾਈਫ਼ ਬੋਟ ਵੀ ਘੱਟ ਰੱਖੇ ਸਨ। ਜਦੋਂ ਔਰਤਾਂ ਅਤੇ ਬੱਚਿਆਂ ਨੂੰ ਉਤਾਰਿਆ ਗਿਆ ਤਾਂ ਬੇੜੀਆਂ ਅੱਧੀਆਂ ਹੀ ਭਰ ਕੇ ਪਰ੍ਹਾਂ ਕੀਤੀਆਂ ਗਈਆਂ। ਕਪਤਾਨ ਨੇ ਸ਼ਾਇਦ ਤਸੱਲੀ ਕੀਤੀ ਕਿ ਨਿਸ਼ਾਨੇ ਹੋਏ ਸ਼ਿਕਾਰ ਬਚ ਕੇ ਨਾ ਜਾਣ, ਉਨ੍ਹਾਂ ਦੀਆਂ ਬੀਵੀਆਂ ਬੇਸ਼ੱਕ ਨਿਕਲ ਜਾਣ। ਉਸ ਇਲਾਕੇ ਵਿੱਚੋਂ ਹੋਰ ਜਹਾਜ਼ ਵੀ ਲੰਘ ਰਹੇ ਸਨ। ਜਦੋਂ ਜਹਾਜ਼ ਉੱਤੇ ਕੋਈ ਭੀੜ ਹੁੰਦੀ ਹੈ ਤਾਂ ਲਾਲ ਰੰਗ ਦੀਆਂ ਰੌਸ਼ਨੀਆਂ ਹਵਾ ਵਿਚ ਦਾਗੀਆਂ ਜਾਂਦੀਆਂ ਹਨ। ਪਰ ਟਾਈਟੈਨਿਕ ਜਹਾਜ਼ ਵੱਲੋਂ ਸਫ਼ੈਦ ਰੌਸ਼ਨੀਆਂ ਦਾਗੀਆਂ ਗਈਆਂ ਤਾਂ ਜੋ ਹੋਰਨਾਂ ਜਹਾਜ਼ਾਂ ਨੂੰ ਇੰਜ ਲੱਗੇ ਕਿ ਕੋਈ ਪਾਰਟੀ ਹੋ ਰਹੀ ਹੈ ਅਤੇ ਉਹ ਮਦਦ ਉੱਤੇ ਨਾ ਆਉਣ।

ਵੀਹਵੀਂ ਸਦੀ ਦਾ ਇਹ ਮਹਾਂ ਦੁਖਾਂਤ, ਇਲਾਹੀ ਹੁਕਮਾਂ ਦੇ ਨਾਲ 'ਤੈਰਦੇ ਮਹੱਲ' ਨੂੰ ਫ਼ੈਡਰਲ ਰੀਜ਼ਰਵ ਪ੍ਰਣਾਲੀ ਦੇ ਵਿਰੋਧੀ ਅਮੀਰਾਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਡੁੱਬ ਗਿਆ। ਰਸਤਾ ਸਾਫ਼ ਹੋ ਗਿਆ। ਦਸੰਬਰ 1913 ਵਿਚ ਯੂਨਾਈਟਿਡ ਸਟੇਟਸ ਨੇ ਆਪਣਾ ਖ਼ਜ਼ਾਨਾ ਪ੍ਰਾਈਵੇਟ ਬੈਂਕਰਾਂ ਨੂੰ ਲੁਟਾ ਦਿੱਤਾ, ਭਾਵ ਫ਼ੈਡਰਲ ਰੀਜ਼ਰਵ ਹੋਂਦ ਵਿਚ ਆ ਗਿਆ। ਅਗਲੇ ਅੱਠਾਂ ਮਹੀਨਿਆਂ ਵਿਚ ਇਹਦੇ ਰਾਹੀਂ ਬੈਂਕਰਾਂ ਕੋਲ ਏਨਾ ਕੁ ਪੈਸਾ ਇਕੱਠਾ ਹੋ ਗਿਆ, ਜਿਸਦੇ ਨਾਲ ਪਹਿਲੀ ਵਿਸ਼ਵ ਜੰਗ ਸ਼ੁਰੂ ਹੋ ਸਕੇ।

ਰੌਥਚਾਈਲਡ ਅਤੇ ਮਿੱਤਰਾਂ ਵੱਲੋਂ ਟਾਈਟੈਨਿਕ ਦੀ ਕੇਵਲ ਇਕ ਹੀ ਸ਼ਤਰੰਜੀ ਚਾਲ ਦੇ ਨਾਲ, ਕੁਲ ਦੁਨੀਆਂ ਦੇ ਇਤਿਹਾਸ ਦਾ ਮੂੰਹ ਮੁੜ ਗਿਆ। ਪੂਰੀ ਵੀਹਵੀਂ ਸਦੀ ਜੰਗ ਜਾਂ ਜੰਗੀ ਹਾਲਤ ਅੰਦਰੋਂ ਲੰਘੀ। ਬੇਅੰਤ ਕਰੋੜਾਂ ਲੋਕ ਜੰਗਾਂ ਦੀ ਭੇਟ ਹੋ ਗਏ। ਪੂਰੀ ਸਦੀ ਦੇ ਵੱਡੇ ਇਤਿਹਾਸਕਾਰ ਅਤੇ ਸੁਲਝੇ ਸਿਆਸਤਦਾਨ, ਜੰਗਾਂ ਦੇ ਨਵੇਂ ਦੇਸਾਂ ਅੰਦਰ ਖਿਲਾਰ ਨੂੰ ਨਹੀਂ ਰੋਕ ਸਕੇ, ਸਗੋਂ ਉਹ ਆਪ-ਮੁਹਾਰੇ ਬੈਂਕਰਾਂ ਦੇ ਹੱਥਾਂ ਵਿਚ ਪਾਲਤੂ ਕਤੂਰਿਆਂ ਵਾਂਗ, ਉਨ੍ਹਾਂ ਦੇ ਇਸ਼ਾਰਿਆਂ ਉੱਤੇ ਭੌਂਕਦੇ ਅਤੇ ਵੱਢਦੇ ਰਹੇ ਹਨ।

ਜਦੋਂ 11 ਸਤੰਬਰ, 2001 ਨੂੰ ਨਿਊਯਾਰਕ ਦੇ ਜੌੜੇ ਟਾਵਰ ਉਡਾਏ ਗਏ ਤਾਂ ਇਕ ਜੁਰਮ ਉਸ ਤੋਂ ਵੀ ਵੱਡਾ ਹੋਰ ਕੀਤਾ ਗਿਆ। ਉਹ ਸੀ ਮਲਬੇ ਦੀ ਜਲਦੀ ਤੋਂ ਜਲਦੀ ਪੂਰਨ ਸਫ਼ਾਈ ਤਾਂ ਜੋ ਏਸ ਭਿਆਨਕ ਜੁਰਮ ਦੀ ਖੋਜ ਨਾ ਹੋ ਸਕੇ, ਤਾਂ ਜੋ ਲੋਕਾਂ ਨੂੰ ਪਤਾ ਨਾ ਲੱਗੇ ਕਿ ਏਡੀਆਂ ਪੱਕੀਆਂ ਇਮਾਰਤਾਂ, ਨੈਨੋ ਥਰਮਾਈਟ ਅਤੇ ਪ੍ਰਮਾਣੂ ਮਿਨੀ ਨਿਊਕਾਂ ਦੀ ਮਦਦ ਨਾਲ ਉਡਾਈਆਂ ਗਈਆਂ ਸਨ। ਤਾਂ ਵੀ ਸਾਇੰਸੀ ਢੰਗਾਂ ਅਤੇ ਖੋਜਾਂ ਨਾਲ ਸਿੱਧ ਹੋ ਗਿਆ ਅਤੇ ਇੰਟਰਨੈੱਟ ਰਾਹੀਂ ਲੋਕਾਂ ਤਕ ਪਹੁੰਚ ਗਿਆ ਕਿ ਇਮਾਰਤਾਂ ਕਿਵੇਂ ਤਬਾਹ ਕੀਤੀਆਂ ਗਈਆਂ।

ਟਾਈਟੈਨਿਕ ਜਹਾਜ਼, ਡੁੱਬਿਆ ਕਿਹੜੇ ਥਾਂ ? ਇਹ ਲੱਭਦਿਆਂ 72 ਸਾਲ ਲੱਗ ਗਏ। ਟਾਈਟੈਨਿਕ ਢਾਈ ਮੀਲ ਡੂੰਘੇ ਸਮੁੰਦਰ ਦੇ ਫ਼ਰਸ਼ ਉੱਤੇ ਲੱਭ ਗਿਆ, ਨਵੇਂ ਉਪਕਰਨਾਂ ਅਤੇ ਉਪਗ੍ਰਹਿਆਂ ਦੇ ਰਾਹੀਂ। ਅਜੇ ਤਕ ਏਹੀ ਕਹਾਣੀ ਚਲਦੀ ਰਹੀ ਹੈ ਅਤੇ ਸਿਵਾਏ ਖੋਜੀਆਂ ਦੇ ਏਹੀ ਮੰਨਿਆ ਜਾਂਦਾ ਹੈ ਕਿ ਜਹਾਜ਼ ਬਰਫ਼-ਪਹਾੜ ਨਾਲ ਟਕਰਾ ਕੇ ਡੁੱਬਿਆ। ਹਾਦਸਾ ਰਾਤ ਵੇਲੇ 11.40 ਵਜੇ ਹੋਇਆ, ਕੈਨੇਡਾ ਦੇ ਨਿਊ ਫਾਊਂਡਲੈਂਡ ਤੋਂ ਕਰੀਬ 400 ਮੀਲ ਦੂਰ। ਜਹਾਜ਼ੀ ਸਵਾਰ ਅਮਲੇ ਅਤੇ ਲੋਕਾਂ ਸਮੇਤ 2228 ਸਨ। ਕੇਵਲ 705 ਲੋਕ ਬਚਾਏ ਗਏ, ਜਦ ਕਿ 1523 ਲੋਕ ਬਰਫ਼ੀਲੇ ਪਾਣੀ ਅੰਦਰ ਠੰਢ ਨਾਲ ਮਰ ਗਏ।

ਕੇਵਲ 20 ਲਾਈਫ਼ ਬੋਟ ਵਰਤੇ ਜਾ ਸਕੇ। ਉੱਚ ਸ਼੍ਰੇਣੀ ਦੀਆਂ ਔਰਤਾਂ ਅਤੇ ਬੱਚੇ ਅਤੇ ਜਹਾਜ਼ ਦੇ ਕਰਮੀਆਂ ਵਿੱਚੋਂ, ਜ਼ਿਆਦਾਤਰ ਬਚਾਏ ਜਾ ਸਕੇ ਜਾਂ ਕਹਿ ਲਵੋ ਕਿ ਕਿਸੇ ਤਰਤੀਬ ਦੇ ਨਾਲ ਬਚਾਏ ਗਏ।

ਟਾਈਟੈਨਿਕ ਦੇ ਡੁੱਬਣ ਦੀ ਖੋਟੀ ਕਹਾਣੀ ਬਾਰੇ ਸ਼ੱਕ ਸ਼ੁਰੂ ਤੋਂ ਹੀ ਪੈਣੇ ਸ਼ੁਰੂ ਹੋ ਗਏ ਸਨ। ਕਿਸੇ ਵੀ ਸਵਾਰੀ ਨੇ ਇਹ ਨਹੀਂ ਕਿਹਾ ਕਿ ਟਾਈਟੈਨਿਕ ਦੀ ਮਹਾਨ ਟੱਕਰ ਬਰਫ਼-ਪਹਾੜ ਨਾਲ ਹੋਈ ਹੈ। ਜੇ ਟੱਕਰ ਹੋਈ ਹੁੰਦੀ ਤਾਂ ਹਰ ਇਕ ਨੇ ਅੰਤਾਂ ਦਾ ਝਟਕਾ ਮਹਿਸੂਸ ਕਰਨਾ ਸੀ। ਹਰ ਖੁੱਲ੍ਹੀ ਚੀਜ਼ ਨੇ ਫ਼ਰਸ਼ ਉੱਤੇ ਠਾਹ ਪਟਕਣਾ ਸੀ, ਪਰ ਅਜਿਹਾ ਕਿਸੇ ਨੇ ਨਹੀਂ ਜਾਣਿਆ।

ਅੱਜ ਇਸ ਦੁਖਾਂਤ ਬਾਰੇ ਹੋਰ ਵਾਕਫ਼ੀ ਇਕੱਠੀ ਹੋਈ ਹੈ। 1982 ਦੀ ਇਕ ਖੋਜ ਮੁਹਿੰਮ ਨੇ, ਰੂਸੀ ਪਣ-ਡੁਬਕਣੀ ‘ਮੀਰ’ ਰਾਹੀਂ ਟਾਈਟੈਨਿਕ ਦੇ ਦੋ ਟੋਟੇ ਲੱਭ ਲਏ। ਸੰਨ 2005 ਦੀ ਨਵੀਂ ਖੋਜ ਵਿਚ ਇਕ ਵਾਰ ਫਿਰ ਦੋ ਆਜ਼ਾਦ ਖੋਜੀ ਚੈਟਰਸਨ ਅਤੇ ਕੋਹਲਰ ਰੂਸੀ ‘ਮੀਰ’ ਪਣ-ਡੁਬਕਣੀ ਰਾਹੀਂ ਡੁੱਬੇ ਹੋਏ ਟਾਈਟੈਨਿਕ ਤਕ ਪਹੁੰਚ ਗਏ। ਉਨ੍ਹਾਂ ਨੇ ਵੇਖਿਆ ਕਿ ਟਾਈਟੈਨਿਕ ਦੇ ਪਹਿਲਾਂ ਜਾਣੇ ਹੋਏ ਦੋ ਟੋਟਿਆਂ ਤੋਂ ਇਲਾਵਾ ਦੋ ਟੋਟੇ ਹੋਰ ਵੀ ਸਨ। ਜਹਾਜ਼ ਦੇ ਥੱਲੇ ਦੇ ਇਹ ਦੋ ਟੋਟੇ, ਜੋ ਪਾਸਿਆਂ ਅਤੇ ਪੂਛਲੇਰੇ ਭਾਗ ਨਾਲੋਂ ਅੱਡ ਸਨ, ਨੇ ਖੋਜੀਆਂ ਨੂੰ ਸੋਚਣੇ ਲਾ ਦਿੱਤਾ। ਜਹਾਜ਼ ਤਾਂ ਆਈਸਬਰਗ ਨਾਲ ਚੰਗੀ ਤਰ੍ਹਾਂ ਖਹਿਆ ਵੀ ਨਹੀਂ, ਡੁੱਬਣ ਲੱਗਿਆਂ ਚਾਰ ਟੋਟੇ ਕਿਵੇਂ ਹੋ ਗਏ ?

ਟਾਈਟੈਨਿਕ ਅੰਧਾਧੁੰਦ ਰਫ਼ਤਾਰ ਨਾਲ ਚਲਾਇਆ ਦੱਸਿਆ ਗਿਆ। ਅਜਿਹਾ ਹੋ ਨਹੀਂ ਸਕਦਾ, ਕਿਉਂਕਿ ਉਸ ਦੇ ਅੱਗੇ ਇਕ ਹੋਰ ਜਹਾਜ਼ “ਕੂਨਾਰਡ” ਚੱਲ ਰਿਹਾ ਸੀ। ਲੋਕਾਂ ਦੇ ਕਹਿਣ ਮੁਤਾਬਕ ਟਾਈਟੈਨਿਕ ਜਹਾਜ਼ ਆਈਸਬਰਗ ਦੇ ਕੋਲੋਂ ਹੀ ਲੰਘਿਆ, ਟੱਕਰ ਨਹੀਂ ਹੋਈ। ਝੱਟ ਹੀ ਪਿੱਛੋਂ ਇਕ ਭਿਆਨਕ ਲੀਕੇਜ ਸ਼ੁਰੂ ਹੋ ਗਈ, ਜਿਸ ਨਾਲ ਪੰਜ ਵੱਡੇ ਪਾਣੀ-ਰੋਕ ਹਵਾਈ ਖ਼ਾਨਿਆਂ ਅੰਦਰ ਪਾਣੀ ਭਰਨਾ ਸ਼ੁਰੂ ਹੋ ਗਿਆ। ਦੋ ਘੰਟੇ ਚਾਲੀ ਮਿੰਟ ਪਿੱਛੋਂ ਜਹਾਜ਼ ਆਪਣੇ ਅੱਗੇ ਦੇ ਉੱਤੇ ਘੁੰਮਿਆ ਅਤੇ ਪਾਣੀ ਦੇ ਅੰਦਰ ਡੁਬਕੀ ਮਾਰ ਗਿਆ। ਇਹ ਬਿਆਨ ਜਹਾਜ਼ ਦੇ ਪ੍ਰਥਮ ਅਫ਼ਸਰ ਨੇ ਇਕ ਅਮਰੀਕਨ ਅਦਾਲਤ ਅੱਗੇ ਦਿੱਤੇ। ਇਕ ਗੱਲ ਤਾਂ ਪੱਕੀ ਸੀ ਕਿ ਕਿਸੇ ਵਿਅਕਤੀ ਨੂੰ ਝਟਕਾ ਮਹਿਸੂਸ ਨਹੀਂ ਹੋਇਆ। ਇਹ ਵੀ ਕਹਿਣਾ ਮੁਸ਼ਕਿਲ ਹੈ ਕਿ ਕਪਤਾਨ ਐਡਵਰਡ ਸਮਿੱਥ ਜਿਹਾ ਜਾਣਕਾਰ, ਜਹਾਜ਼ ਦੀ ਬਰਫ਼ ਨਾਲ ਟੱਕਰ ਕਰ ਸਕਦਾ ਸੀ।

ਹੁਣ ਇਹ ਸਮਝਣਾ ਪਵੇਗਾ ਕਿ ਜੇ ਆਈਸਬਰਗ ਦੇ ਨਾਲ ਜਹਾਜ਼ ਛੂਹਿਆ ਹੀ ਨਹੀਂ ਤਾਂ ਚਾਰ ਟੋਟੇ ਕਿਵੇਂ ਹੋ ਗਏ ? ਇਹ ਟੋਟੇ ਥੱਲੇ ਤੋਂ ਹਨ, ਜਿਸਦੇ ਵਿਚ ਇਕ ਇੰਚ ਮੋਟੀ ਸਟੀਲ ਦੀ ਚਾਦਰ ਦੇ ਨਾਲ ਚੌਰਸ ਖ਼ਾਨੇ ਬਣਾਏ ਗਏ ਸਨ। ਦੋ ਤੈਹਾਂ ਵਿਚ ਥੱਲਾ ਬਣਿਆ ਹੋਇਆ ਸੀ, ਜਿਨ੍ਹਾਂ ਵਿਚਕਾਰ ਪੰਜ ਫ਼ੁੱਟ ਦਾ ਫ਼ਾਸਲਾ ਸੀ। ਥੱਲੇ ਦੀਆਂ ਦੋਵੇਂ ਸਟੀਲ ਚਾਦਰਾਂ ਆਪੋ ਵਿਚ ਸਟੀਲ ਦੀਆਂ ਪਸਲੀਆਂ ਰਾਹੀਂ ਜੁੜੀਆਂ ਹੋਈਆਂ ਸਨ। ਜਹਾਜ਼ ਟੁੱਟਣ ਵੇਲੇ ਇੰਜ ਟੁੱਟਿਆ ਜਿਵੇਂ ਕਿਸੇ ਦਰਜ਼ੀ ਨੇ ਕੈਂਚੀ ਦੇ ਨਾਲ, ਪਸਲੀਆਂ ਦੀ ਲਾਈਨ ਵਿਚ, ਥੱਲੇ ਦੀਆਂ ਦੋਹਾਂ ਤੈਹਾਂ ਨੂੰ ਇਕ ਪਾਸਿਓਂ ਦੂਜੇ ਪਾਸੇ ਤਕ ਕੱਟ ਦਿੱਤਾ ਹੋਵੇ। ਸਮਝੋ ਇਕ ਦੋਹਰੇ ਥਾਣ ਨਾਲੋਂ ਕੱਪੜਾ ਚੀਰ ਦਿੱਤਾ ਹੋਵੇ। ਇਹ ਦੋਵੇਂ ਟੁਕੜੇ ਮਿਣ ਕੇ 30 ਫ਼ੁੱਟ ਲੰਮੇ ਅਤੇ 92 ਫ਼ੁੱਟ ਚੌੜੇ ਸਨ।

ਜਹਾਜ਼ ਦੇ ਅਜਿਹੇ ਟੋਟੇ ਕਿਸੇ ਐਕਸੀਡੈਂਟ ਅੰਦਰ, ਅਜਿਹੀ ਹੁਸ਼ਿਆਰੀ ਅਤੇ ਸਫ਼ਾਈ ਨਾਲ ਕਰਨ ਲਈ ਇੱਕੋ ਇਕ ਢੰਗ ਸੀ—ਉਹ ਸੀ ਥਾਂ ਟਿਕਾਣੇ ਸਿਰ ਫਟਣ ਵਾਲੀਆਂ ਅਤੇ ਇੰਜ ਕੱਟਣ ਵਾਲੀਆਂ ਸੁਰੰਗਾਂ ਦੀਆਂ ਕਤਾਰਾਂ, ਜੋ 92 ਫ਼ੁੱਟ ਲੰਮੀਆਂ ਸਨ ਅਤੇ ਜਹਾਜ਼ ਦੇ ਸੱਜੇ ਅਤੇ ਖੱਬੇ ਨੂੰ ਮਿਲਾਉਂਦੀਆਂ ਸਨ। ਕੇਵਲ ਸਟੀਲ ਕੱਟਣ ਵਾਲੇ ਬਾਰੂਦੀ ਚਾਰਜ ਵਰਤੇ ਜਾਣੇ ਹੀ, ਏਸ ਰਹੱਸਮਈ ਕਤਲ ਕਹਾਣੀ ਨੂੰ ਸਮਝਾ ਸਕਦੇ ਹਨ।

ਅਖ਼ੀਰ ਉੱਤੇ ਇੱਕੋ ਹੀ ਗੱਲ ਬਾਕੀ ਰਹਿ ਗਈ। ਜਹਾਜ਼ ਅੰਦਰ ਫਿਟ ਕੀਤੀ ਫਟਾਕਾ/ਬਾਰੂਦੀ ਸਮੱਗਰੀ ਨੂੰ ਉਡਾਉਣ ਲਈ ਸਵਿੱਚ ਕਿਸ ਦੇ ਕੋਲ ਸੀ ? ਕਪਤਾਨ ਐਡਵਰਡ ਸਮਿੱਥ ਤੋਂ ਵੱਧ ਕੌਣ ਜਾਣਕਾਰ ਹੋ ਸਕਦਾ ਸੀ ? ਇੰਜ ਲਗਦਾ ਹੈ ਕਿ ਸਕੀਮੀ ਬੈਂਕਰਾਂ ਦੇ ਹੱਥੋਂ ਯਸੂਹੀ ਲੋਕ ਵਰਤ ਲਏ ਗਏ।

1912 ਵਿਚ ਇਹ ਸੋਚਣਾ ਵੀ ਮੁਸ਼ਕਿਲ ਸੀ ਕਿ ਇਕ ਦਿਨ ਸਮੁੰਦਰ ਅੰਦਰਲੀ ਤਕਨਾਲੋਜੀ ਟਾਈਟੈਨਿਕ ਦੇ ਟੁਕੜੇ ਲੱਭ ਕੇ ਉਸਦੇ ਉਡਾਏ ਜਾਣ ਦਾ ਭੇਦ ਧਰਤੀ ਉੱਤੇ ਲੈ ਆਏਗੀ। ਅੱਜ, ਧਰਤੀ ਦਾ ਲਗਾਤਾਰ ਸਾਹ ਘੁਟਾਈ ਜਾਂਦੇ ਬੈਂਕਰਾਂ ਦੇ ਇਤਿਹਾਸ ਬਾਰੇ ਜਿੰਨਾ ਵੀ ਜਾਣ ਲਈਏ, ਥੋੜ੍ਹਾ ਹੈ।

# ਭੇਡ-ਬਿਰਤੀ ਕਿ ਸੂਝ ਬਿਰਤੀ ?

ਵਿਸ਼ਵੀਕਰਣ/ਭੂਗੋਲੀਕਰਣ ਦੇ ਘੜੇ ਹੋਏ ਸਾਹ-ਘੋਟੂ ਖ਼ਤਰੇ ਨੂੰ ਹੁਣ ਕੁਲ ਜਹਾਨ ਅੰਦਰ ਕਰੋੜਾਂ ਲੋਕਾਂ ਨੇ ਮਹਿਸੂਸ ਕਰਨਾ ਸ਼ੁਰੂ ਕੀਤਾ ਹੈ ਅਤੇ ਉਹ ਕੁੰਭਕਰਨੀ ਨੀਂਦ ਤੋਂ ਜਾਗ ਰਹੇ ਹਨ। ਭੂਗੋਲੀਕਰਣ ਦੇ ਵਿੱਤੀ ਅਤੇ ਸਿਆਸੀ ਸੇਵਕਾਂ ਦੇ ਪੈਦਾ ਕੀਤੇ ਜਾ ਰਹੇ 'ਨਵੇਂ ਆਲਮੀ ਨਿਜ਼ਾਮ' ਜਾਂ 'ਨਵੇਂ ਵਿਸ਼ਵ ਰਾਜ' ਦੀ ਸਮਝ ਆਉਣ ਲੱਗ ਪਈ ਹੈ। ਜਿਹੜੇ ਲੋਕ ਸੱਚ ਨੂੰ ਵੇਖ ਕੇ ਅਣਡਿੱਠ ਕਰਦੇ ਰਹੇ ਹਨ, ਅੱਜ ਉਹੀ ਸੱਚ ਉਨ੍ਹਾਂ ਦਾ ਧਿਆਨ ਖਿੱਚਣ ਲੱਗ ਪਿਐ। ਜਿਸ ਕਿਸੇ ਨੂੰ ਸੱਚ ਖੋਜਣ ਦੀ ਜਾਗ ਲੱਗ ਜਾਂਦੀ ਹੈ, ਉਹ ਸੱਜਣਾਂ ਮਿੱਤਰਾਂ ਨੂੰ ਵੀ ਹਲੂਣਾ ਦੇਂਦਾ ਹੈ।

ਹਰ ਖੋਜੀ, ਹਰ ਲੇਖਕ ਜਾਂ ਰਚਨਾਤਮਕ ਕਲਾਕਾਰ ਦਾ ਨਿੱਤ ਉਨ੍ਹਾਂ ਸੱਜਣਾਂ ਨਾਲ ਵਾਹ ਪੈਂਦਾ ਹੈ ਜੋ ਸਚਾਈ ਤੋਂ ਬਿਲਕੁਲ ਕੋਰੇ ਹਨ। ਏਸ ਸਮੂਹ ਦੀ ਠੀਕ ਤਰ੍ਹਾਂ ਪਛਾਣ ਕਰਨੀ ਵੀ ਏਨੀ ਆਸਾਨ ਨਹੀਂ। ਕੀ ਉਨ੍ਹਾਂ ਦਾ ਦਿਮਾਗ਼ੀ ਪੱਧਰ ਹੀ ਸੋਚਣ ਦੇ ਸਮਰੱਥ ਨਹੀਂ ਜਾਂ ਕਿ ਉਹ ਪ੍ਰਚਾਰ ਮੀਡੀਆ ਰਾਹੀਂ ਏਨੀ ਦਿਮਾਗ਼ੀ ਧੁਲਾਈ ਕਰਵਾ ਚੁੱਕੇ ਨੇ ਕਿ ਆਪ ਸੋਚਣ ਜੋਗੇ ਹੀ ਨਹੀਂ ਰਹੇ ? ਜਾਂ ਉਹ ਸੱਚ ਅਤੇ ਝੂਠ ਵਿੱਚੋਂ ਠੀਕ ਦੀ ਤਮੀਜ਼ ਨਹੀਂ ਕਰਨ ਜੋਗੇ ? ਕੁਝ ਵੀ ਕਹਿ ਲਉ, ਜਨਤਾ ਅੰਦਰ ਬੇਅੰਤ ਅਜਿਹੇ ਲੋਕ ਹਨ, ਜਿਨ੍ਹਾਂ ਨੂੰ ਤੱਥਾਂ ਅਤੇ ਤਰਕ ਭਰਪੂਰ ਦਲੀਲਾਂ ਵੀ ਪੋਹ ਨਹੀਂ ਸਕਦੀਆਂ। ਲਾਈਲੱਗਾਂ ਦੇ ਏਸ ਲਾਣੇ ਲਈ ਇਕ ਨਾਂ ਰੱਖਣਾ ਲਾਜ਼ਮੀ ਹੋ ਜਾਂਦਾ ਹੈ। ਕੁਝ ਨਾਂ ਇਹ ਹਨ : ਭੇਡ ਲਾਣਾ, ਜਨ-ਭੇਡਾਂ, ਭੇਡ-ਜਨ ਜਾਂ ਭੇਡ-ਬਿਰਤੀ।

ਭੇਡ ਲਾਣਾ ਹਰ ਦੇਸ, ਹਰ ਪਿਛੋਕੜ ਅਤੇ ਹਰ ਧਰਮ ਵਿਚ ਅਤੇ ਛੋਟੇ ਸਮਾਜ ਵਿਚ ਦਿਸਦਾ ਹੈ। ਉਨ੍ਹਾਂ ਦੇ ਦਿਮਾਗ਼ੀ ਸਵਿੱਚ ਹਰ ਸਿਆਣਪ ਅਤੇ ਦਲੀਲ ਨੂੰ ਪਲਾਂ ਵਿਚ ਰੱਦ ਕਰ ਦੇਂਦੇ ਹਨ। ਅਖ਼ੀਰ ਉਨ੍ਹਾਂ ਨੂੰ ਜਗਾਉਣ ਦੇ ਆਹਰ ਲੱਗੇ, ਛਿੱਥੇ ਪੈ ਕੇ ਕਹਿਣ ਲਈ ਮਜਬੂਰ ਹੁੰਦੇ ਹਨ, "ਇਹ ਭੇਡ ਬਿਰਤੀ ਇੰਜ ਹੀ ਹੈ, ਜਿਹੋ ਜੇਹੀ ਏਨ੍ਹਾਂ ਕੋਲ ਹੈ, ਛੱਡੋ ਖਹਿੜਾ ਏਨ੍ਹਾਂ ਦਾ।"

ਲੋਕ ਬਿਰਤੀ ਕੀ ਕਰੇ, ਜਦੋਂ ਕੁੱਲ ਮੀਡੀਆ ਅਤੇ ਟੀ.ਵੀ. ਖ਼ਬਰਾਂ ਦੀ ਬੇਥਵ੍ਹੀ ਜਾਂ ਕੁਰਾਹੇ ਲਿਜਾਂਦੀ ਥਾਲੀ ਪਰੋਸ ਕੇ, ਹਰ ਰੋਜ਼ ਅੱਗੇ ਧਰ ਦੇਂਦੇ ਹਨ। ਸੋਚਣ ਢੰਗ ਦੇ ਹਰ ਪਾਸੇ ਝੂਠ ਦੀਆਂ ਕੰਧਾਂ ਦੇ ਨਾਲ ਭੂਲ-ਭੁਲੱਈਆਂ ਉੱਸਰ ਜਾਂਦੀਆਂ ਨੇ। ਕਿਸੇ ਵੀ ਸੱਚ ਖੋਜ ਦੀ ਲਹਿਰ ਲਈ, ਹਰ ਕੋਰਾ ਜਾਂ ਭੁੱਲਿਆ ਇਨਸਾਨ ਬੇਸ਼ਕੀਮਤੀ ਹੈ, ਉਸ ਦੇ ਮਨ ਤਕ ਪਹੁੰਚਣ ਲਈ ਸਭ ਰੁਕਾਵਟਾਂ ਨੂੰ ਪਾਰ ਕਰਨਾ ਜ਼ਰੂਰੀ ਹੈ।

ਸਾਡੇ ਲੋਕ ਤਾਂ ਸਾਧਾਰਨ ਵਾਕਫ਼ੀ ਦੇ ਖੇਤਰ ਵਿਚ ਬਿਲਕੁਲ ਪਿਛੜੇ ਹੋਏ ਦਿਸਦੇ ਹਨ। ਉਨ੍ਹਾਂ ਨੂੰ ਦੁਨੀਆਂ ਅੰਦਰ ਕਿਸੇ ਲੱਥੀ ਚੜ੍ਹੀ ਦਾ ਅਸਰ ਹੁੰਦਾ ਨਹੀਂ ਦਿਸਦਾ। ਅਫ਼ਗ਼ਾਨਿਸਤਾਨ, ਈਰਾਨ ਅਤੇ ਇਰਾਕ ਨਾਲ ਸੰਬੰਧਿਤ ਖ਼ਬਰਾਂ ਤਾਂ ਛੱਡੋ, ਲਾਹੌਰ ਵਿਚ ਹੁੰਦੇ ਭਿਆਨਕ ਵਿਸਫੋਟਾਂ ਨਾਲ ਵੀ ਸੋਚ ਪ੍ਰਣਾਲੀ ਉੱਤੇ ਜੂੰ ਨਹੀਂ ਰੀਂਗਦੀ। ਸਰਹੱਦ ਦੇ ਨਾਲ ਹੀ ਦੂਜੇ ਪਾਸੇ ਇਕ ਵਿਸਫ਼ੋਟ ਦੇ ਨਾਲ ਸੱਠ ਲੋਕ ਮਰਨੇ ਅਤੇ ਢਾਈ ਸੌ ਜ਼ਖ਼ਮੀ ਹੋਣ ਦੀ ਖ਼ਬਰ ਨਾਲ ਵੀ ਸਾਡੇ ਕੰਨਾਂ 'ਤੇ ਜੂੰ ਨਹੀਂ ਰੀਂਗਦੀ। ਇਹ ਸਹਿਮਵਾਦੀ/ਡਰਾਵਾਵਾਦੀ ਹਮਲੇ ਕੋਈ ਦੇਸ, ਨਿੱਤ ਦਿਹਾੜੇ ਆਪਣੇ ਉੱਤੇ ਆਪ ਨਹੀਂ ਕਰਵਾ ਸਕਦਾ। ਜ਼ਰਾ ਸੋਚ ਕੇ ਵੇਖੋ ਕਿ ਅਸਥਿਰਤਾ ਅਤੇ ਅਸ਼ਾਂਤੀ ਪੈਦਾ ਕਰਨ ਪਿੱਛੋਂ, ਕਿਹੜੇ ਦੇਸ ਅਤੇ ਸੰਗਠਨ ਦੀਆਂ ਫ਼ੌਜਾਂ ਨੇ "ਲੋਕਤੰਤਰ ਅਤੇ ਸ਼ਾਂਤੀ ਬਹਾਲ" ਕਰਨ ਦੇ ਬਹਾਨੇ ਆ ਪਹੁੰਚਣਾ ਹੈ ?

ਭੂਗੋਲੀ ਉੱਚੀਆਂ ਸ਼ਕਤੀਆਂ ਦੇ ਖ਼ਿਲਾਫ਼ ਲਗਾਤਾਰ ਜੂਝਦੀਆਂ ਲਹਿਰਾਂ ਅਤੇ ਵਿਅਕਤੀਆਂ ਨੂੰ ਇਕ ਦੁਖਦਾਈ ਝੋਰਾ ਮਾਰਦਾ ਹੈ। ਉਹ ਹੈ ਆਪਣੇ ਹੀ ਸਾਥੀਆਂ ਅਤੇ ਗੁਆਂਢੀਆਂ ਦੀ ਭੂਗੋਲਿਕ ਹੜੱਪ ਕਰਦੀਆਂ ਸ਼ਕਤੀਆਂ ਦੇ ਖ਼ਿਲਾਫ਼ ਸੋਚ ਪ੍ਰਤੀ ਲਗਾਤਾਰ ਅਵੇਸਲਾਪਣ। ਝੂਠ ਦਾ ਮਾਇਆ-ਜਾਲ ਏਨਾ ਪ੍ਰਬਲ ਹੈ ਕਿ ਕਈ ਵਾਰ ਸਾਡੇ ਆਪਣੇ ਨਜ਼ਦੀਕੀ ਵੀ ਉਸ ਦੇ ਉਲਟ ਸੁਣਨ ਲਈ ਤਿਆਰ ਨਹੀਂ ਹੁੰਦੇ। ਉਨ੍ਹਾਂ ਭੇਡ-ਜਨਾਂ ਦੀ ਸੋਚ ਅਨੁਸਾਰ ਤਾਂ ਹੋਕਾ ਦੇਣ ਵਾਲੇ ਆਪ ਹੀ ਕੁਰਾਹੀਏ ਹੁੰਦੇ ਹਨ।

ਏਨ੍ਹਾਂ 'ਕੁਰਾਹੀਆਂ' ਨੂੰ ਵੀ ਸੋਚਣਾ ਚਾਹੀਦਾ ਹੈ ਕਿ ਜਿਸ ਸਮੇਂ ਭੂਗੋਲਿਕ ਮੰਦ ਸ਼ਕਤੀਆਂ ਬਾਰੇ ਉਹ ਆਪ ਬੇਖ਼ਬਰ ਸਨ ਤਾਂ ਕੀ ਉਹ ਆਪ ਭੇਡ-ਜਨ ਨਹੀਂ ਸਨ ? ਜਾਨਣ ਅਤੇ ਨਾ-ਜਾਨਣ ਵਿਚਲੀ ਸੀਮਾ ਪਾਰ ਕਰਨੀ, ਹਰ ਇਕ ਲਈ ਜਲਦੀ ਅਤੇ ਸੌਖੀ ਨਹੀਂ ਹੁੰਦੀ। ਜਦੋਂ ਅੱਖਾਂ ਖੁੱਲ੍ਹਦੀਆਂ ਹਨ ਤਾਂ ਇੰਜ ਲੱਗਦਾ ਹੈ ਜਿਵੇਂ ਮਹਾਤਮਾ ਬੁੱਧ ਨੂੰ ਤੇਜ਼ ਲਿਸ਼ਕਾਰਾ ਪਿਆ ਹੋਵੇ ਜਾਂ ਮਾਰਟਿਨ ਲੂਥਰ ਉੱਤੇ ਅਸਮਾਨੀ ਬਿਜਲੀ ਡਿੱਗੀ ਹੋਵੇ।

ਮਸਲਾ ਬੜਾ ਸਿੱਧਾ ਹੈ। ਸਵਾ ਦੋ ਸੌ ਸਾਲਾਂ ਤੋਂ ਇਕ ਬੈਂਕਰਾਂ ਦੇ ਪਰਿਵਾਰ ਨੇ, ਆਪਣੀ ਚਤੁਰਾਈ ਦੇ ਨਾਲ ਲਗਭਗ ਕੁਲ ਦੁਨੀਆਂ ਦੀ ਬੈਂਕ ਪ੍ਰਣਾਲੀ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ। ਦੇਸਾਂ ਅਤੇ ਲੋਕਾਂ ਵਿਚ ਫੁੱਟ, ਹਥਿਆਰਾਂ ਦੀ ਦੌੜ ਅਤੇ ਸਭ ਜੰਗਾਂ ਦੇ ਪਿੱਛੇ ਏਨ੍ਹਾਂ ਦਾ ਹੀ ਹੱਥ ਹੈ। ਦੁਨੀਆਂ ਦੇ ਕੁਲ ਪ੍ਰਚਾਰ ਮਾਧਿਅਮ ਟੀ.ਵੀ., ਅਖ਼ਬਾਰ, ਪੁਸਤਕ ਵਪਾਰ, ਫ਼ਿਲਮ ਅਤੇ ਸੰਗੀਤ ਜਗਤ ਉੱਤੇ ਏਨ੍ਹਾਂ ਦਾ ਮੋਟੇ ਤੌਰ ਉੱਤੇ ਕਬਜ਼ਾ ਹੈ। ਏਨ੍ਹਾਂ ਦਾ ਸਾਥ ਦੇ ਰਹੇ ਹਨ ਸਦੀਆਂ ਤੋਂ ਚਲੇ ਆ ਰਹੇ ਬੇਅੰਤ ਹਾਕਮ ਪਰਿਵਾਰ। ਉਨ੍ਹਾਂ ਦੇ ਅੰਦਰਲੇ ਗਠਜੋੜ ਦੇ ਭੇਦ ਅਤੇ ਪਾਜ ਦਿਨੋ-ਦਿਨ ਉਘੜਦੇ ਪਏ ਹਨ। ਉਨ੍ਹਾਂ ਦੀ 'ਧੱਕੇ ਨਾਲ ਜਾਂ ਮਨਾ ਕੇ', 'ਇਕ ਵਿਸ਼ਵ ਸਰਕਾਰ' ਦੇ ਟੀਚੇ ਵੱਲ ਤੋਰ, ਅਫ਼ਗ਼ਾਨਿਸਤਾਨ, ਇਰਾਕ, ਮੱਧ ਏਸ਼ੀਆ ਅਤੇ ਦੁਨੀਆਂ ਦੇ ਬੇਅੰਤ ਹੋਰ ਯੁੱਧ ਮੋਰਚਿਆਂ ਦੇ ਉੱਤੇ, ਇੱਕੋ ਹੀ ਸਮੇਂ ਪਸਰਦੀ ਵਿਖਾਈ ਦੇਂਦੀ ਹੈ। ਇਹ ਘੋਰ ਅੱਤਿਆਚਾਰੀ ਅਤੇ ਵਿਨਾਸ਼ਕਾਰੀ ਬੈਂਕਰ-ਹਾਕਮ ਗਠਬੰਧਨ ਦਾ ਖ਼ੂਨੀ ਪੰਜਾ, ਬਹੁ-ਦੇਸ਼ੀ ਕੰਪਨੀਆਂ ਰਾਹੀਂ, ਕੁਲ ਦੇਸਾਂ, ਸ਼ਹਿਰਾਂ ਅਤੇ ਘਰਾਂ ਅੰਦਰ ਪਹੁੰਚਣ ਦੇ ਯਤਨ ਵਿਚ ਹੈ। ਏਸ ਦੀ ਲੋਟੂ ਅਤੇ ਗਲਘੋਟੂ ਚਾਲ ਸਦੀਆਂ ਤੋਂ ਹੈ। ਬੇਅੰਤ ਸਮਝਦਾਰ ਇਨਸਾਨਾਂ ਨੇ ਏਸ ਚਾਲ ਨੂੰ ਕਈ ਦਹਾਕਿਆਂ ਵਿਚ ਅੱਖੀਂ ਡਿੱਠਿਆ ਅਤੇ ਮਹਿਸੂਸ ਕੀਤਾ ਹੈ। ਅੱਜ "ਪੂਰਨ ਰੂਪ ਵਿਚ ਜਾਗੇ", ਉਨ੍ਹਾਂ ਨੂੰ ਸਮਝਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਅੰਦਰ ਤੜਪ ਹੈ ਕਿ ਉਹ ਆਪਣੇ ਨਿਕਟਵਰਤੀਆਂ ਨੂੰ, ਛੇਤੀ ਤੋਂ ਛੇਤੀ, ਧਰਤੀ ਉੱਤੇ ਨਿੱਤ ਬਦਲਦੇ ਹਾਲਾਤ ਨੂੰ ਨਵੀਂ ਸੋਚ ਨਾਲ, ਆਪਣੇ ਆਪ ਵੇਖਣ ਪਰੋਖਣ ਦੀ ਸ਼ਕਤੀ ਦੇ ਸਕਣ।

'ਨਵੀਂ ਵਿਸ਼ਵ ਸਰਕਾਰ' ਪਰੋਸਣ ਵਾਲਿਆਂ ਦੀ ਹਰ ਨਵੀਂ ਚਾਲ ਉੱਤੇ, ਆਜ਼ਾਦ ਹੋਏ ਮਨਾਂ ਨੂੰ ਇਕ ਧੱਕਾ ਲੱਗਦਾ ਹੈ, ਫਿਰ ਵੀ ਉਹ ਝੱਟ ਡੂੰਘੇਰੀ ਖੋਜ ਲਈ ਤਿਆਰ ਹੋ ਜਾਂਦੇ ਹਨ। ਇਸ ਦੇ ਉਲਟ ਜਨ-ਭੇਡਾਂ ਦੇ ਕੋਲ ਰਤਾ ਵੀ ਗੁੰਜਾਇਸ਼ ਨਹੀਂ ਹੁੰਦੀ, ਸ਼ੱਕ ਕਰਨ ਅਤੇ ਮੁਆਮਲੇ ਨੂੰ ਕੁਰੇਦ ਕੇ ਵੇਖਣ ਦੀ।

ਇਕ ਜ਼ਰੂਰੀ ਸਵਾਲ ਹਰ ਇਕ ਨੂੰ ਆਪਣੇ ਕੋਲੋਂ ਪੁੱਛਣਾ ਚਾਹੀਦਾ ਹੈ ਪਈ ਵਿਸ਼ਵ ਬਾਰੇ ਨਜ਼ਰੀਆ, ਉਸਦਾ ਆਪਣਾ ਹੈ ਜਾਂ ਉਸਨੂੰ ਤਿਆਰ ਕੀਤਾ ਕਰਾਇਆ ਮਿਲਿਆ ਹੈ ? ਪਿਛਲੇਰੀ ਹਾਲਤ ਵਿਚ ਤਾਂ ਤੁਸੀਂ ਓਹੀ ਲਫ਼ਜ਼ ਜਾਂ ਫ਼ਿਕਰੇ ਬੋਲੋਗੇ, ਜੋ ਤੁਹਾਡੇ ਲਈ ਮੀਡੀਆ ਅਤੇ ਟੀ.ਵੀ. ਉੱਤੇ ਬਾਰ-ਬਾਰ ਦੁਹਰਾਏ ਗਏ ਸਨ। ਆਪਣੇ ਮਾਲਕ ਆਪ ਬਣਨ ਲਈ, ਦਿਮਾਗ਼ੀ ਸਾਧਨਾਂ ਦੀ ਲੋੜ ਪੈਂਦੀ ਹੈ। ਜ਼ਿਆਦਾਤਰ ਲੋਕ ਅਜਿਹੀ ਮਿਹਨਤ ਤੋਂ ਕਤਰਾਉਂਦੇ ਹਨ। ਤਾਂ ਤੇ ਬਣਿਆ ਬਣਾਇਆ ਪ੍ਰਚਾਰ ਮਸਾਲਾ ਮੀਡੀਆ ਅਤੇ ਟੀ.ਵੀ. ਰਾਹੀਂ ਝੱਟ ਗਲਬਾ ਪਾ ਲੈਂਦਾ ਹੈ। ਬੇਅੰਤ ਸਮਾਜ, ਹਿਪਨੋਟਿਜ਼ਮ ਨਾਲ ਕੀਲਿਆ ਵਿਖਾਈ ਦੇਂਦਾ ਹੈ। ਇਕ ਹੋਰ ਲਹਿਰ ਚਲਦੀ ਵਿਖਾਈ ਦੇਂਦੀ ਹੈ—ਚੰਗਾ ਸੋਚੋ, ਘਟਨਾਵਾਂ ਦੁਰਘਟਨਾਵਾਂ ਦੀ ਚਿੰਤਾ ਨਾ ਲਾਉ, ਪਰਮਾਤਮਾ ਸਭ ਭਲੀ ਕਰੇਗਾ। ਇਹ ਨਜ਼ਰੀਆ/ਰੁਖ਼ ਕਿਸੇ ਜੰਗ ਦੇ ਮੈਦਾਨ ਤੋਂ ਦੂਰ ਸੁਖਾਵੇਂ ਘਰ ਵਿਚ ਤਾਂ ਅਪਣਾਇਆ ਜਾ ਸਕਦਾ ਹੈ, ਪਰ ਉਹ ਅਫ਼ਗ਼ਾਨੀ ਨਹੀਂ ਅਪਣਾ ਸਕਦਾ, ਜਿਸਦਾ ਟੱਬਰ ਪ੍ਰੀਡੇਟਰ ਜਹਾਜ਼ ਦੇ ਰਾਕਟਾਂ ਦੀ ਮਾਰ ਵਿਚ ਹੈ। ਨਾ ਹੀ ਇਹ ਰੁਖ਼ ਅਮਰੀਕਨ ਮਾਪੇ ਵਿਖਾਉਣਗੇ ਜਿਨ੍ਹਾਂ ਦਾ ਜਵਾਨ ਬੱਚਾ ਬੇਗਾਨੇ ਦੇਸ਼ ਅੰਦਰ ਅਣਚਾਹੀਆਂ ਜੰਗਾਂ ਲੜ ਰਿਹਾ ਹੈ। ਕਈ ਮਹਾਂਪੁਰਸ਼ ਇਹ ਸਲਾਹ ਦੇਂਦੇ ਹਨ ਕਿ ਭਾਈ ਇਹ ਤਾਂ ਸਭ ਕੁਝ ਉਪਰ ਵਾਲੇ ਦੀ ਰਜ਼ਾ ਅੰਦਰ ਹੋ ਰਿਹਾ ਹੈ, ਜੋ ਉਹ ਕਰਦਾ ਹੈ, ਠੀਕ ਹੀ ਕਰਦਾ ਹੈ। ਏਸ ਲਈ ਸ਼ਾਂਤ ਹੋ ਕੇ ਭਜਨ ਬੰਦਗੀ ਕਰੋ। ਇਹ ਉਪਰਲੀ ਰਜ਼ਾ ਅਤੇ ਠੀਕ ਸੋਚ ਵਾਲੇ ਰੁਖ਼ ਤਦੋਂ ਤਕ ਹੀ ਹੁੰਦੇ ਨੇ, ਜਦੋਂ ਤਕ ਦੁਰਘਟਨਾ ਆਪਣੇ ਨਾਲ ਨਹੀਂ ਵਾਪਰਦੀ। ਭਾਣੇ ਅਤੇ ਲੇਖਾਂ ਦੀਆਂ ਲਕੀਰਾਂ ਦੇ ਘੇਰੇ ਅੰਦਰ ਤਾਂ ਕੇਵਲ ਗ਼ੁਲਾਮੀ ਹੀ ਪੱਲੇ ਪੈ ਸਕਦੀ ਹੈ।

## ਬੁੱਧੀਜੀਵੀ ਕਿ ਬੁੱਧੂ ਜੀਵੀ

ਚੋਖੀ ਪੜ੍ਹੀ ਪ੍ਰੋਫ਼ੈਸ਼ਨਲ ਕਲਾਸ ਬਹੁਤੇ ਦੇਸਾਂ ਵਿਚ ਦਸ ਪ੍ਰਤੀਸ਼ਤ ਦੇ ਕਰੀਬ ਹੁੰਦੀ ਹੈ। ਏਸ ਪਾਹੜੂ ਤਬਕੇ ਵਿਚ ਆਉਂਦੇ ਹਨ ਡਾਕਟਰ, ਵਕੀਲ, ਸਾਇੰਸਦਾਨ, ਜਿਹੜੇ ਅਜਿਹੇ ਪੜ੍ਹਾਈ ਚੱਕਰ ਦੇ ਵਿੱਚੋਂ ਲੰਘਦੇ ਹਨ ਜਿਥੇ ਹਰ ਖ਼ਿਆਲ ਅਤੇ ਪ੍ਰਚਾਰ, ਬਿਨਾਂ ਕਿੰਤੂ ਦੇ ਮੰਨਿਆ ਅਤੇ ਯਾਦ ਕੀਤਾ ਜਾਂਦਾ ਹੈ। ਜਦੋਂ ਇਹ ਪੜ੍ਹ ਕੇ ਨਿਕਲਦੇ ਹਨ ਤਾਂ ਆਪਣੇ ਆਪ

ਨੂੰ ਕੁਲ ਹੋਰਨਾਂ ਲੋਕਾਂ ਨਾਲੋਂ ਬਹੁਤ ਉੱਚਾ ਸਮਝਦੇ ਹਨ। ਏਹੀ ਦਸ ਫ਼ੀਸਦੀ 'ਬੁੱਧੀਜੀਵੀ' ਜਾਂ 'ਬੁੱਧੂ ਜੀਵੀ' ਬਾਕੀ ਦੀ ਵਸੋਂ ਨੂੰ ਆਪਣੀ ਸੋਚ ਦੇ ਕਲਾਵੇ ਅੰਦਰ ਲੈ ਕੇ ਰੱਖਦੇ ਹਨ। ਬਹੁਗਿਣਤੀ ਏਨ੍ਹਾਂ ਪੜ੍ਹੇ ਗਿਆਨੀਆਂ ਦੀ ਸਲਾਹ ਨੂੰ ਏਨਾ ਹੀ ਕਹਿੰਦੀ ਹੈ, "ਸਤ ਬਚਨ ਜੀ।"

ਨੌਮ ਚੌਮਸਕੀ ਜੇਹਾ ਸੋਚਵਾਨ, ਦਰਅਸਲ ਭੇਡ-ਜਨਾਂ ਦਾ ਇਕ ਉਸਤਾਦ ਹੈ। ਸੁਣੋ ਉਹ 9/11 ਅਤੇ ਐਂਗਲੋ ਅਮਰੀਕਨ ਦੇ ਇਰਾਕ ਅਫ਼ਗਾਨਿਸਤਾਨ ਕਾਰਵਾਈ ਬਾਰੇ ਕੀ ਕਹਿੰਦਾ ਹੈ, "9/11 ਦਾ ਹਾਦਸਾ ਤਾਂ ਏਨ੍ਹਾਂ (ਐਂਗਲੋ ਅਮਰੀਕਨ ਹਮਲਾਵਰ ਧੜਾ) ਦੇ ਕੰਮ ਆ ਗਿਆ, ਜਿਸਦਾ ਫ਼ਾਇਦਾ ਉਠਾ ਲਿਆ ਗਿਆ, ਪਰ ਸਾਡੇ ਕੋਲ ਸਬੂਤ ਨਹੀਂ ਕਿ ਇਹ ਹਾਦਸਾ ਕੋਈ ਫ਼ਾਇਦਾ ਹਾਸਲ ਕਰਨ ਲਈ ਕਰਵਾਇਆ ਗਿਆ ਹੋਵੇ।" ਉਹ ਇਹ ਵੀ ਕਹਿੰਦਾ ਹੈ ਕਿ "ਚਲੋ ਜੇ ਉਪਰਲਿਆਂ ਨੇ ਇਹ ਕਰਵਾਇਆ ਵੀ ਹੋਵੇ ਤਾਂ ਵੀ ਇਸ ਦਾ ਕੋਈ ਮਹੱਤਵ ਨਹੀਂ।" ਇਹ ਖ਼ਿਆਲ ਜੇ ਬੁੱਧੀਜੀਵੀਆਂ ਦੇ ਜਿਊਂਦੇ ਰਾਹ ਵਿਖਾਊ ਨੇਤਾ/ਮਹਾਤਮਾ ਦੇ!

ਪ੍ਰੋਫ਼ੈਸ਼ਨਲ ਵਰਗ ਦੇ ਲੋਕਾਂ ਬਾਰੇ ਆਮ ਭੁਲੇਖਾ ਰਹਿੰਦਾ ਹੈ ਕਿ ਉਨ੍ਹਾਂ ਦੀ ਜਾਣਕਾਰੀ ਬਾਕੀ ਕੁਲ ਜਹਾਨ ਤੋਂ ਕਿਤੇ ਉੱਪਰ ਹੁੰਦੀ ਹੈ। ਅਸਲ ਗੱਲ ਤਾਂ ਇਹ ਹੈ ਕਿ ਗਿਆਨ ਜਾਂ ਵਾਕਫ਼ੀ ਤਾਂ ਹਰ ਮਨੁੱਖ ਲਈ ਖੁੱਲ੍ਹੀ ਹੈ ਜੇ ਉਹ ਖੋਜਣਾ ਜਾਂ ਸਿੱਖਣਾ ਚਾਹੇ ਤਾਂ। ਫਿਜ਼ਿਕਸ, ਬਾਇਆਲੋਜੀ ਅਤੇ ਸਮਾਜ ਦੇ ਕਾਨੂੰਨ ਤਾਂ ਹਰ ਇਕ ਦੀ ਪਹੁੰਚ ਵਿਚ ਹਨ, ਨਿਰੇ-ਪੁਰੇ ਕੁਝ ਉਪਰਲੇ ਚੋਣਵਿਆਂ ਦੇ ਕੋਲ ਨਹੀਂ।

ਪ੍ਰੋਫ਼ੈਸ਼ਨਲਾਂ ਵਿਚ ਜਿਹੜੇ ਵੀ ਵਿਅਕਤੀ ਖੁੱਲ੍ਹੀ ਸੋਚ ਦੇ ਹੋ ਕੇ ਸਚਾਈ ਵੱਲ ਦੇ ਖ਼ਿਆਲ ਪ੍ਰਗਟ ਕਰਦੇ ਹਨ, ਉਨ੍ਹਾਂ ਦੇ ਉੱਤੇ 'ਅਗਿਆਨੀ' ਅਤੇ 'ਗ਼ੈਰ-ਪੇਸ਼ਾਵਰ' ਹੋਣ ਦੇ ਦੋਸ਼ ਲਾਏ ਜਾਂਦੇ ਨੇ। ਭੇਡ ਬਿਰਤੀ ਵਾਲੇ ਵਿਗਿਆਨੀਆਂ ਨੂੰ ਉੱਚੀਆਂ ਪਦਵੀਆਂ ਮਿਲਦੀਆਂ ਹਨ। ਜੇ ਏਹੀ ਮੋਢੀ ਭੇਡ-ਜਨਾਂ ਦੀ ਅਗਵਾਈ ਕਰਦੇ ਜਾਣਗੇ ਤਾਂ ਦੇਸਾਂ ਅਤੇ ਦੁਨੀਆਂ ਨੂੰ ਕੇਵਲ ਤਬਾਹੀ ਵੱਲ ਹੀ ਲਿਜਾਣਗੇ।

ਕਿਸੇ ਉੱਤੇ ਵੀ ਜਨ-ਭੇਡ ਦਾ ਲੇਬਲ ਲਾਉਣਾ ਠੀਕ ਨਹੀਂ ਹੁੰਦਾ। ਜ਼ਿਆਦਾ ਲੋਕ ਦਿਲੋਂ ਠੀਕ ਰਸਤੇ ਜਾਣਾ ਚਾਹੁੰਦੇ ਹਨ। ਉਹ ਨਿਜ਼ਾਮ ਨੂੰ ਠੀਕ ਹੁੰਦਾ ਵੇਖਣਾ ਚਾਹੁੰਦੇ ਹਨ ਕਿਉਂਕਿ ਉਹ ਆਪ ਉਸੇ ਨਿਜ਼ਾਮ ਦੀਆਂ ਗ਼ਲਤੀਆਂ ਦੇ ਸ਼ਿਕਾਰ ਹੁੰਦੇ ਹਨ। ਬੇਅੰਤ ਲੋਕ ਵਾੜ ਦੇ ਕੰਢੇ ਉੱਤੇ ਹੁੰਦੇ ਹਨ। ਜਦੋਂ ਉਨ੍ਹਾਂ ਦੀ ਆਤਮਾ ਤੱਥਾਂ ਅਤੇ ਉਦਾਹਰਣਾਂ ਦੇ ਨਾਲ ਸੰਤੁਸ਼ਟ ਹੋ ਜਾਂਦੀ ਹੈ ਤਾਂ ਉਹ ਵੀ ਜਨ-ਭੇਡਾਂ ਦੇ ਦਾਇਰੇ ਤੋਂ ਬਾਹਰ ਹੋ ਜਾਂਦੇ ਹਨ। ਉਹ ਹੈਰਾਨ ਹੋ ਕੇ ਕਹਿੰਦੇ ਹਨ 'ਕਮਾਲ' ਹੈ ਏਨੀ ਦੇਰ ਸਮਝ ਹੀ ਨਹੀਂ ਆਈ। ਕਿਸ ਨੇ ਐਨੀ ਦੇਰ ਸਾਡੀ ਮੱਤ ਮਾਰੀ ਰੱਖੀ ?

# ਵੀਅਤਨਾਮ ਦੀਆਂ ਸੁਰੰਗਾਂ

ਅੱਜ-ਕੱਲ੍ਹ ਐਂਗਲੋ-ਅਮਰੀਕਨ ਸਾਮਰਾਜ ਦੀ ਹਰ ਪਾਸੇ ਚੜ੍ਹਤ ਦੀਆਂ ਕਹਾਣੀਆਂ, ਮੀਡੀਆ ਅੰਦਰ, ਵੇਖਣ ਅਤੇ ਪੜ੍ਹਨ ਲਈ ਲਗਾਤਾਰ ਮਿਲਦੀਆਂ ਆ ਰਹੀਆਂ ਹਨ। ਉਹ ਕਹੇ ਤਾਂ ਦਿਨ ਹੈ, ਉਹ ਇਜਾਜ਼ਤ ਦੇਵੇ ਤਾਂ ਰਾਤ ਹੈ। ਕਹਿੰਦੀਆਂ ਕਹਾਂਦੀਆਂ ਰੂਸ ਅਤੇ ਚੀਨ ਦੀਆਂ ਸਰਕਾਰਾਂ, ਏਸ ਸਾਮਰਾਜ ਤੋਂ ਭੈਅ ਖਾਂਦੀਆਂ ਹਨ ਅਤੇ ਉਸ ਦੀਆਂ ਚਿੱਟੇ ਦਿਨ, ਕਮਜ਼ੋਰ ਦੇਸਾਂ ਉੱਤੇ ਵਧੀਕੀਆਂ, ਬੰਬਾਰੀਆਂ ਅਤੇ ਤਬਾਹੀਆਂ ਵੇਖ ਕੇ ਵੀ ਚੁੱਪ ਹੀ ਰਹਿੰਦੀਆਂ ਹਨ। ਸ਼ਾਇਦ ਉਮੀਦ ਕਰਦੀਆਂ ਹਨ ਕਿ ਸਾਮਰਾਜੀ ਫ਼ੌਜਾਂ, ਇੱਕੋ ਹੀ ਸਮੇਂ ਕਈ ਦੇਸਾਂ ਅੰਦਰ ਜੰਗੀ ਦਲਦਲਾਂ ਵਿਚ ਫਸੇ ਰਹਿਣ ਨਾਲ, ਕਮਜ਼ੋਰ ਹੋ ਜਾਣ। ਸ਼ਾਇਦ ਇਹ ਵੀ ਸੋਚਦੀਆਂ ਹਨ ਕਿ ਸਾਮਰਾਜ ਦਾ ਵਿੱਤੀ ਢਾਂਚਾ ਜੰਗਾਂ ਦੇ ਬੇਅੰਤ ਖ਼ਰਚੇ ਦੇ ਨਾਲ ਢਹਿ-ਢੇਰੀ ਹੋ ਜਾਵੇਗਾ। ਐਸ ਵੇਲੇ ਤਾਂ ਐਂਗਲੋ-ਅਮਰੀਕਨ ਹੰਕਾਰ ਅਤੇ ਫੁੰਕਾਰ ਸਿਖਰਾਂ ਉੱਤੇ ਹੈ। ਕੁਦਰਤ ਦਾ ਅਸੂਲ ਹੈ ਕਿ ਜੋ ਵੀ ਚੀਜ਼ ਧੱਕੇ ਨਾਲ ਉੱਚੀ ਲਿਜਾਈ ਜਾਂਦੀ ਹੈ, ਇਕ ਦਿਨ ਤਾਂ ਉਸਨੇ ਹੇਠਾਂ ਆਉਣਾ ਹੀ ਹੈ। ਉਸਨੇ ਆਪਣੇ ਆਪ ਜਿੱਤਾਂ ਪ੍ਰਾਪਤ ਕਰਕੇ ਸ਼ਾਂਤ ਹੋਣਾ ਹੈ ਜਾਂ ਉਸਨੇ ਜੰਗ ਅੰਦਰ ਮਾਤ/ਹਾਰ ਪ੍ਰਾਪਤ ਕਰਨ ਦਾ ਤਮਗ਼ਾ ਲੈਣਾ ਹੈ, ਇਹ ਤਾਂ ਚੱਲ ਰਹੇ ਧੱਕਾ-ਯੁੱਧ ਦਾ ਅੰਤ ਹੀ ਦੱਸੇਗਾ। ਏਸ ਸਮੇਂ ਉਸ ਯੁੱਧ ਨੂੰ ਯਾਦ ਕਰਨ ਨਾਲ ਰਾਹਤ ਅਤੇ ਰੌਸ਼ਨੀ ਮਿਲਦੀ ਹੈ, ਜਦੋਂ ਮਹਾਂ ਸਾਮਰਾਜ ਦੀ ਕ੍ਰੋਪੀ ਇਕ ਗ਼ਰੀਬੜੇ ਜਿਹੇ ਕਿਸਾਨੀ ਦੇਸ ਉੱਤੇ ਆਈ ਹੋਈ ਸੀ। ਉਹ ਦੇਸ ਹੈ ਵੀਅਤਨਾਮ।

ਕਿਥੇ ਫ਼ਰਾਂਸ ਯੂਰਪ ਦੀ ਪੱਛਮੀ ਬਾਹੀ 'ਤੇ ਅਤੇ ਕਿਥੇ ਫ਼ਰਾਂਸੀਸੀ ਬਸਤੀ ਇੰਡੋ-ਚਾਈਨਾ, ਏਸ਼ੀਆ ਦੀ ਦੱਖਣ ਪੂਰਬੀ ਬਾਹੀ ਉੱਤੇ। ਫ਼ਰਾਂਸ ਨੇ ਪਹਿਲੀ ਰਾਜਧਾਨੀ ਬਣਾਈ ਸਾਇਗਾਨ (1887 ਤੋਂ 1901) ਅਤੇ ਦੂਜੀ ਬਣਾਈ ਹੈਨੋਈ (1902-1954)। ਕਰੀਬ 7,50,000 ਵਰਗ ਕਿਲੋਮੀਟਰ ਅੰਦਰ ਦੋ ਕਰੋੜ ਤੋਂ ਵੱਧ ਲੋਕ। ਫ਼ਰਾਂਸ ਦੇ ਵਿਰੁੱਧ ਬੇਅੰਤ ਆਜ਼ਾਦੀ ਦੀਆਂ ਲਹਿਰਾਂ ਉੱਠੀਆਂ ਅਤੇ ਕੁਚਲੀਆਂ ਗਈਆਂ। ਦੂਜੇ ਵਿਸ਼ਵ ਯੁੱਧ ਵਿਚ ਵੀਅਤਨਾਮ ਉੱਤੇ ਜਾਪਾਨੀਆਂ ਦਾ ਕਬਜ਼ਾ ਸੀ ਅਤੇ 'ਵਿਚੀ ਫ਼ਰਾਂਸ' ਦੇਸ ਦਾ ਸ਼ਾਸਕ ਸੀ। 1941 ਵਿਚ ਹੋ ਚੀ ਮਿੰਨ ਨੇ ਬਗ਼ਾਵਤ ਸ਼ੁਰੂ ਕੀਤੀ। ਮਾਰਚ 1945 ਵਿਚ ਏਥੇ ਜਾਪਾਨ ਨੇ 'ਵਿਚੀ ਫ਼ਰਾਂਸ' ਨੂੰ ਲਾਂਭੇ ਕਰ ਕੇ 'ਬਾਓ ਦਾਈ' ਨੂੰ ਹਾਕਮ ਬਣਾ ਦਿੱਤਾ। ਦੂਜੀ ਵਿਸ਼ਵ ਜੰਗ ਖ਼ਤਮ ਹੋਣ ਉੱਤੇ ਫ਼ਰਾਂਸ ਨੂੰ ਮੁੜ ਕਾਬਜ਼ ਹੋਣ ਦਾ ਹੱਕ ਮਿਲ ਗਿਆ। ਅਗਸਤ 1945 ਵਿਚ ਹੋ ਚੀ ਮਿੰਨ ਦੇ ਗੁਰੀਲਿਆਂ ਨੇ ਹੈਨੋਈ ਉੱਤੇ ਕਬਜ਼ਾ ਕਰ ਕੇ ਸਰਕਾਰ ਬਣਾ ਲਈ। ਹੋ ਚੀ ਮਿੰਨ ਦੀ ਨਵੀਂ ਸਰਕਾਰ ਦਾ ਐਲਾਨ ਐਨ ਉਨ੍ਹਾਂ ਲੀਹਾਂ ਉੱਤੇ ਸੀ, ਜੋ 1776 ਵਿਚ ਅਮਰੀਕਾ ਦੀ ਆਜ਼ਾਦੀ ਵੇਲੇ ਐਲਾਨਿਆ ਗਿਆ ਸੀ। ਵੀਅਤਨਾਮੀ ਜਮਹੂਰੀ ਰੀਪਬਲਿਕ ਦਾ ਐਲਾਨ ਅਮਰੀਕੀ ਪ੍ਰਧਾਨ ਹੈਰੀ ਟਰੂਮੈਨ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ। ਹੋ ਚੀ ਮਿੰਨ ਦੀਆਂ ਸਭ ਬੇਨਤੀਆਂ ਠੁਕਰਾਈਆਂ ਗਈਆਂ। ਚਿਆਂਗ ਕਾਈ ਸ਼ੈਕ ਦੀਆਂ ਨੈਸ਼ਲਿਸਟ ਚੀਨੀ ਫ਼ੌਜਾਂ ਨੇ (ਗਿਣਤੀ 1,50,000) ਹੈਨੋਈ ਸ਼ਹਿਰ ਅਤੇ ਕੁਲ ਆਲਾ-ਦੁਆਲਾ ਲੁੱਟ ਲਿਆ। ਖ਼ਿਆਲ ਹੈ ਕਿ ਚਿਆਂਗ ਕਾਈ ਸ਼ੈਕ ਦੀ ਫ਼ੌਜ ਅਮਰੀਕਾ ਦੇ ਇਸ਼ਾਰੇ ਉੱਤੇ ਆਈ ਸੀ।

ਝੱਟ ਪਿੱਛੋਂ ਅਕਤੂਬਰ 1945 ਵਿਚ ਫ਼ਰਾਂਸ ਦੀ 35,000 ਫ਼ੌਜ ਜਰਨੈਲ ਫਿਲਿਪ ਲਕਲਰਕ ਦੀ ਅਗਵਾਈ ਹੇਠ ਪਹੁੰਚ ਗਈ ਅਤੇ ਆਉਂਦਿਆਂ ਹੀ ਸਾਇਗਾਨ ਅੰਦਰੋਂ ਵੀਅਤਨਾਮੀ ਗੁਰੀਲਿਆਂ ਨੂੰ ਕੱਢਣ ਵਿਚ ਕਾਮਯਾਬ ਹੋਈ। ਨੈਸ਼ਲਿਸਟ ਚੀਨੀ ਵਾਪਸ ਪਰਤ ਗਏ। ਹੋ ਚੀ ਮਿੰਨ ਦੀਆਂ ਵੀਅਤਨਾਮ ਨੂੰ ਆਜ਼ਾਦ ਕਰਵਾਉਣ ਲਈ ਯੂਰਪ ਅੰਦਰ ਕੁਲ ਗੱਲਾਂ-ਬਾਤਾਂ ਫ਼ੇਲ੍ਹ ਹੋ ਗਈਆਂ। ਫ਼ਰਾਂਸ ਨੇ ਬਾਓ ਦਾਈ ਕਠਪੁਤਲੇ ਨੂੰ ਇਕ ਵਾਰ ਫੇਰ ਦੱਖਣੀ ਵੀਅਤਨਾਮ ਦਾ ਮੁਖੀਆ ਬਣਾ ਦਿੱਤਾ।

ਜਨਵਰੀ 1950 ਵਿਚ ਕਮਿਊਨਿਸਟ ਚੀਨ ਨੇ, ਜੋ ਹੁਣੇ ਹੀ ਹੋਂਦ ਵਿਚ ਆਇਆ ਸੀ, ਉੱਤਰੀ ਵੀਅਤਨਾਮ ਦੀ ਹੋ ਚੀ ਮਿੰਨ ਸਰਕਾਰ ਨੂੰ ਮਾਨਤਾ ਦੇ ਦਿੱਤੀ। ਚੀਨ ਵੱਲੋਂ ਹਥਿਆਰਾਂ ਦਾ ਹੜ੍ਹ ਪਹੁੰਚ ਗਿਆ। ਉੱਤਰੀ ਵੀਅਤਨਾਮ ਦੇ ਜਰਨੈਲ ਗਿਆਪ ਨੇ ਗੁਰੀਲੇ ਲੜਾਕਿਆਂ ਤੋਂ ਇਕ ਸਾਧਾਰਨ ਫ਼ੌਜ ਤਿਆਰ ਕਰ ਦਿੱਤੀ।

ਫ਼ਰਾਂਸ ਅਤੇ ਵੀਅਤਨਾਮੀਆਂ ਵਿਚਕਾਰ ਜੰਗ ਛਿੜ ਗਈ। ਇਕ ਪਾਸੇ ਪੂਰਨ ਰੂਪ ਵਿਚ ਮਦਦ ਅਮਰੀਕਾ ਵੱਲੋਂ ਅਤੇ ਦੂਜੇ ਪਾਸੇ ਚੀਨ ਵੱਲੋਂ। ਚੱਲ ਸੋ ਚੱਲ ਲੜਾਈ ਮਈ 7, 1954 ਤਕ, ਜਦੋਂ ਫ਼ਰਾਂਸ ਦੀ ਫ਼ੌਜ ਨੇ ਹਾਰ ਮੰਨ ਕੇ ਹਥਿਆਰ ਸੁੱਟ ਦਿੱਤੇ। ਇਹ ਹਾਰ ਹੋਈ ਵੀਅਤਨਾਮ ਦੇ ਉੱਤਰ ਵਿਚ ਹੈਨੋਈ ਦੇ ਨੇੜੇ।

ਵੀਅਤਨਾਮ ਬੜਾ ਲੰਮਾ ਦੇਸ ਹੈ, ਕਰੀਬ 1000 ਮੀਲ ਪਰ ਚੌੜਾਈ ਵਿਚ ਘੱਟ ਹੈ ਕਾਫ਼ੀ ਹਿੱਸੇ ਵਿਚ ਕੇਵਲ 25-30 ਮੀਲ। ਉਨ੍ਹਾਂ ਦਿਨਾਂ ਵਿਚ ਹੈਨੋਈ ਤੋਂ ਸਾਇਗਾਨ ਪਹੁੰਚਣ ਵਿਚ ਇਕ ਫ਼ੌਜੀ ਨੂੰ ਕੋਈ ਛੇ ਮਹੀਨੇ ਲੱਗ ਜਾਂਦੇ ਸਨ (ਰੇਲਾਂ, ਸੜਕਾਂ ਨਹੀਂ ਸਨ)। ਬਾਹਰਲੇ ਦੇਸ ਦੀ ਨੇਵੀ ਕਿਤੇ ਵੀ, ਝੱਟ ਪਹੁੰਚ ਜਾਂਦੀ ਸੀ। ਹੋ ਚੀ ਮਿੰਨ ਨੇ ਸਭ ਤੋਂ ਪਹਿਲਾਂ ਉੱਤਰ ਤੋਂ ਦੱਖਣ ਦੇ ਰਸਤੇ ਸੁਖਾਲੇ ਕੀਤੇ ਤਾਂ ਜੁ ਫ਼ੌਜੀ ਜਥੇ ਲੰਮਾ ਸਫ਼ਰ ਇਕ ਮਹੀਨੇ ਵਿਚ ਮੁਕਾ ਲੈਣ। ਰਸਤੇ, ਪਹਾੜਾਂ ਅਤੇ ਜੰਗਲਾਂ ਵਿੱਚੋਂ ਲੰਘਦੇ ਸਨ। ਉੱਤਰੀ ਵੀਅਤਨਾਮ ਦੇ ਫ਼ੌਜੀਆਂ ਅਤੇ ਦੱਖਣੀ ਵੀਅਤਨਾਮ ਅੰਦਰ ਗੁਰੀਲਿਆਂ ਦੇ ਠਹਿਰਨ, ਰੁਕਣ ਅਤੇ ਰਹਿਣ ਲਈ ਟਿਕਾਣੇ ਕਿਥੇ ਸਨ ? ਉਹ ਸਨ ਜੰਗਲਾਂ ਅੰਦਰ ਜਾਂ ਧਰਤੀ ਦੇ ਹੇਠਾਂ ਸੁਰੰਗਾਂ ਵਿਚ। ਫ਼ਰਾਂਸ ਦੇ ਨਾਲ ਲੜਾਈ ਵਿਚ ਵੀਅਤਨਾਮੀਆਂ ਨੇ ਸੁਰੰਗਾਂ ਪੁੱਟਣ ਵਿਚ ਅੰਤਾਂ ਦੀ ਮੁਹਾਰਤ ਹਾਸਲ ਕੀਤੀ ਹੋਈ ਸੀ। "ਡਿਨ ਬਿਨ ਫੂ" ਹਵਾਈ ਅੱਡੇ, ਜਿਥੇ ਫ਼ਰਾਂਸ ਨੇ ਮਹਾਂ ਪੱਕੀ ਮੋਰਚਾਬੰਦੀ ਕੀਤੀ ਹੋਈ ਸੀ ਅਤੇ ਜਿਥੇ ਇਕ ਚਿੜੀ ਵੀ ਨਹੀਂ ਸੀ ਫਟਕ ਸਕਦੀ, ਵੀਤਮਿੰਨ ਦੀਆਂ ਸੁਰੰਗਾਂ ਨੇ ਉਨ੍ਹਾਂ ਨੂੰ ਹਵਾਈ ਅੱਡੇ ਅੰਦਰ ਪੁਚਾ ਕੇ ਫ਼ਰਾਂਸੀਸੀਆਂ ਨੂੰ ਹੱਕੇ ਬੱਕੇ ਕਰ ਦਿੱਤਾ। ਹਾਰ ਮੰਨਣ ਤੋਂ ਬਿਨਾਂ ਉਨ੍ਹਾਂ ਕੋਲ ਕੋਈ ਰਸਤਾ ਨਹੀਂ ਸੀ। ਫ਼ਰਾਂਸ ਦੀ ਕੁਲ ਸੈਨਾ ਏਸ ਅੱਡੇ ਉੱਤੇ ਆਪਣੀ ਕਿਸਮਤ ਦਾਅ ਉੱਤੇ ਲਾ ਕੇ ਬੈਠੀ ਹੋਈ ਸੀ।

ਜਨੀਵਾ ਸਮਝੌਤਾ ਹੋਇਆ, ਵੀਅਤਨਾਮ ਦੋ ਹਿੱਸਿਆਂ ਵਿਚ ਵੰਡਿਆ ਗਿਆ। ਸਮਝੌਤੇ ਅਨੁਸਾਰ ਦੋ ਸਾਲਾਂ ਪਿੱਛੋਂ ਦੇਸ ਸਾਂਝਾ ਕਰਨ ਲਈ ਇਲੈਕਸ਼ਨ ਹੋਣੀ ਸੀ। ਪਰ ਅਮਰੀਕਾ ਨੇ ਇਲੈਕਸ਼ਨ ਨੂੰ ਰੋਕਿਆ, ਕਿਉਂਕਿ ਹੋ ਚੀ ਮਿੰਨ ਦੀ ਜਿੱਤ ਯਕੀਨੀ ਸੀ।

ਓਧਰ ਅੱਠ ਸਾਲ ਜੰਗਲਾਂ ਅੰਦਰ ਰਹਿ ਕੇ ਲੜਨ ਵਾਲੇ ਹੋ ਚੀ ਮਿੰਨ ਦੀ ਹਕੂਮਤ ਹੈਨੋਈ ਵਿਚ ਬਣੀ ਤਾਂ ਦੱਖਣੀ ਵੀਅਤਨਾਮ ਅੰਦਰ ਅਮਰੀਕਾ, ਆਪਣਾ ਇਕ ਈਸਾਈ ਹੱਥਠੋਕਾ "ਨਗੋ ਡਿੰਨ ਡੈਮ" ਲੈ ਆਇਆ, ਜਦਕਿ ਬਹੁਤਾ ਦੇਸ ਬੋਧੀਆਂ ਦਾ ਹੈ। ਉੱਤਰੀ ਵੀਅਤਨਾਮ ਅੰਦਰੋਂ ਕਰੀਬ ਦਸ ਲੱਖ ਈਸਾਈਆਂ ਨੂੰ ਦੱਖਣੀ ਵੀਅਤਨਾਮ ਵਿਚ ਆਉਣ ਲਈ ਉਤਸ਼ਾਹਿਤ ਕੀਤਾ ਗਿਆ। ਦੱਖਣ ਵਿੱਚੋਂ 90,000 ਕਮਿਊਨਿਸਟ ਉੱਤਰ ਨੂੰ ਚਲੇ ਗਏ। ਪਰ ਕਰੀਬ 10,000 ਵੀਤਮਿੰਨ ਨੂੰ ਹਿਦਾਇਤ ਸੀ ਕਿ ਉਹ ਚੁੱਪਚਾਪ ਆਪਣੀ ਥਾਂ 'ਤੇ ਟਿਕੇ ਰਹਿਣ।

ਜਨਵਰੀ 1955 ਤੋਂ ਦੱਖਣੀ ਵੀਅਤਨਾਮ ਨੂੰ ਸਿੱਧੀ ਅਮਰੀਕੀ ਸਹਾਇਤਾ ਮਿਲਣੀ ਸ਼ੁਰੂ ਹੋ ਗਈ। ਜਿਉਂ ਜਿਉਂ ਸਮਾਂ ਬੀਤਿਆ, ਇਕ ਤੋਂ ਪਿੱਛੋਂ ਦੂਜਾ ਪ੍ਰਧਾਨ ਥਾਪੀਂਦਾ ਗਿਆ। ਈਸਾਈ ਪ੍ਰਧਾਨਾਂ ਨੇ ਬੋਧੀ ਕਿਸਾਨਾਂ ਤੋਂ ਜ਼ਮੀਨਾਂ ਖੋਹਣ ਦਾ ਸਿਲਸਿਲਾ ਸ਼ੁਰੂ ਕਰਕੇ ਵੀਤਮਿੰਨ ਦੇ ਹੱਥ ਪੱਕੇ ਕਰਨੇ ਸ਼ੁਰੂ ਕਰ ਦਿੱਤੇ।

ਜਨਵਰੀ 1957 ਵਿਚ ਸੋਵੀਅਤ ਰੂਸ ਨੇ ਵੀਅਤਨਾਮ ਨੂੰ ਉੱਤਰੀ ਅਤੇ ਦੱਖਣੀ ਭਾਗਾਂ ਵਿਚ ਸਦਾ ਲਈ ਵੰਡਣ ਦੀ ਸਲਾਹ ਰੱਖੀ। ਅਮਰੀਕਾ ਨੇ ਕਿਹਾ ਕਿ ਉਹ ਕਮਿਉਨਿਸਟ ਉੱਤਰੀ ਵੀਅਤਨਾਮ ਨੂੰ ਕਦਾਚਿਤ ਮਾਨਤਾ ਨਹੀਂ ਦੇਵੇਗਾ। ਮਾਰਚ 1959 ਵਿਚ ਉੱਤਰੀ ਅਤੇ ਦੱਖਣੀ ਵੀਅਤਨਾਮ ਵਿਚਕਾਰ ਜੰਗ ਸ਼ੁਰੂ ਹੋ ਗਈ। ਅਮਰੀਕਾ ਵੱਲੋਂ ਕਿੰਨੀ ਵੀ ਫ਼ੌਜੀ ਮਦਦ ਜਾਂ ਸਲਾਹਕਾਰੀ ਆਉਂਦੀ, ਦੱਖਣੀ ਵੀਅਤਨਾਮ ਦੀ ਹਾਰ ਨਿਸਚਿਤ ਸੀ।

ਮਈ 1961 ਤੋਂ ਅਮਰੀਕਾ ਨੇ ਆਪਣੇ ਫ਼ੌਜੀ ਵੀਅਤਨਾਮ ਭੇਜਣੇ ਸ਼ੁਰੂ ਕੀਤੇ। ਦਸ ਸਾਲ ਪਹਿਲਾਂ ਅਮਰੀਕਾ ਉੱਤਰੀ ਕੋਰੀਆ ਦੇ ਨਾਲ ਭਿੜ ਚੁੱਕਾ ਸੀ, ਜਿਸ ਵਿਚ ਨਤੀਜਾ ਬਰਾਬਰ ਰਿਹਾ ਸੀ। ਅਗਲੇ ਦਸਾਂ ਸਾਲਾਂ ਅੰਦਰ ਅਮਰੀਕਾ ਨੇ ਆਪਣੀ ਫ਼ੌਜ ਨੂੰ ਅਤਿ ਆਧੁਨਿਕ ਬਣਾ ਲਿਆ ਸੀ। ਅਜਿਹੇ ਹਥਿਆਰ ਵੀ ਤਿਆਰ ਕਰ ਲਏ ਸਨ, ਜਿਨ੍ਹਾਂ ਦੀ ਯੂ ਐਨ ਵੱਲੋਂ ਮਨਾਹੀ ਸੀ। ਨੇਪਾਮ ਬੰਬ ਅਤੇ ਬੂਟਿਆਂ ਦੇ ਅਤੇ ਧਰਤੀ ਦੇ ਮੁਹਲਿਕ ਜ਼ਹਿਰ ਵੀ ਤਿਆਰ ਸਨ। ਅਮਰੀਕਾ ਵੱਲੋਂ ਪਹਿਲਾਂ ਸਲਾਹਕਾਰਾਂ ਅਤੇ ਹਥਿਆਰਾਂ ਨਾਲ ਦੱਖਣੀ ਵੀਅਤਨਾਮ ਦੀ ਸਹਾਇਤਾ ਵਧਾਈ ਗਈ, ਫਿਰ ਖੁੱਲ੍ਹੇ ਤੌਰ 'ਤੇ ਜੰਗ ਵਿਚ ਸ਼ਰੀਕ ਹੋ ਗਿਆ। ਜਦੋਂ ਜੰਗ ਜੋਬਨ ਉੱਤੇ ਸੀ ਤਾਂ ਅਮਰੀਕਾ ਅੰਦਰ ਅਤੇ ਉੱਤਰੀ ਵੀਅਤਨਾਮ ਅੰਦਰ, ਦੋਹਾਂ ਦੇਸਾਂ ਵਿਚ ਲਾਜ਼ਮੀ ਲਾਮਬੰਦੀ/ਭਰਤੀ ਸ਼ੁਰੂ ਹੋ ਗਈ।

ਲੜਾਈ 1975 ਤਕ ਚੱਲੀ। ਇਸ ਅੰਦਰ ਕੋਈ 50,000 ਅਮਰੀਕੀ ਫ਼ੌਜੀ ਮਰੇ। ਵੀਅਤਨਾਮੀਆਂ ਵੱਲ, ਸ਼ਹਿਰੀਆਂ ਨੂੰ ਮਿਲਾ ਕੇ ਕੋਈ 35,00,000 ਭਾਵ ਸੱਤਰ ਗੁਣਾ ਮੌਤਾਂ ਹੋਈਆਂ। ਏਨੀਆਂ ਮੌਤਾਂ ਦਾ ਮੁੱਖ ਕਾਰਨ ਸੀ ਅੰਧਾ-ਧੁੰਦ ਬੰਬਾਰੀ। ਵੀਅਤਨਾਮ ਨੂੰ ਛੱਡੋ, ਗੁਆਂਢੀ ਦੇਸਾਂ ਲਾਓਸ ਅਤੇ ਕੰਬੋਡੀਆ ਅੰਦਰ ਵੀ ਲੱਖਾਂ ਸ਼ਹਿਰੀ ਬੰਬਾਰੀ ਦਾ ਸ਼ਿਕਾਰ ਹੋਏ। ਪੂਰੀ ਵੀਅਤਨਾਮ ਜੰਗ ਅੰਦਰ 80 ਲੱਖ ਟਨ ਬੰਬ ਸੁੱਟੇ ਗਏ, ਜੋ ਦੂਜੀ ਵਿਸ਼ਵ ਜੰਗ ਅੰਦਰ ਕੁਲ ਬੰਬਾਰੀ ਦੇ ਨਾਲੋਂ ਚਾਰ ਗੁਣਾ ਜ਼ਿਆਦਾ ਹਨ। ਜ਼ਮੀਨੀ ਲੜਾਈ ਵਿਚ ਬੇਅੰਤ ਹੈਲੀਕਾਪਟਰ ਅਤੇ ਟੈਂਕਾਂ ਦੀ ਵਰਤੋਂ ਹੋਈ। ਕੁਲ ਦੇਸ ਅੰਦਰ ਪੰਜ ਲੱਖ ਤੋਂ ਵੱਧ ਅਮਰੀਕੀ ਫ਼ੌਜਾਂ ਦੀ ਕਾਰਵਾਈ ਲਈ ਬੇਅੰਤ ਅੱਡੇ ਸਨ। ਇਸ ਮਾਰੂ ਜੰਗ ਵਿਚ ਵੀਅਤਨਾਮੀ 'ਗੂਕ' ਭਾਵ ਕਿਸਾਨ, ਬੱਚੇ ਔਰਤਾਂ ਨੂੰ ਗੋਲੀ ਨਾਲ ਉਡਾ ਦੇਣ ਲਈ ਕਿਸੇ ਬਹਾਨੇ ਦੀ ਲੋੜ ਨਹੀਂ ਹੁੰਦੀ ਸੀ। ਖ਼ਿਆਲ ਸੀ, ਜਿੰਨੇ ਵੀ ਪੇਂਡੂ ਮਰ ਜਾਣਗੇ, ਵੀਤਕਾਂਗ ਦਾ ਜ਼ੋਰ ਘਟੇਗਾ।

ਏਡੀ ਲੰਮੀ ਜੰਗ ਦੀ ਸੰਖੇਪ ਕਹਾਣੀ ਦਾ ਮੰਤਵ ਸੀ ਪਾਠਕ ਨੂੰ ਇਕ ਅਜਿਹੀ ਜੰਗ ਦੀ ਤਸਵੀਰ ਵਿਖਾਉਣੀ, ਜੋ ਧਰਤੀ ਦੇ ਉਪਰ ਹੀ ਨਹੀਂ, ਬਲਕਿ ਹੇਠੋਂ ਵੀ ਲੜੀ ਜਾ ਰਹੀ ਸੀ। ਜੇ ਧਰਤੀ ਦੇ ਉਪਰ ਹਰ ਸਮੇਂ ਮੌਤ ਦਾ ਭੈਅ ਸੀ ਤਾਂ ਧਰਤੀ ਮਾਂ ਦਾ ਪੇਟ ਇਕ ਅਜਿਹੀ ਥਾਂ ਸੀ ਜਿਥੇ ਵੀਤਕਾਂਗ ਗੁਰੀਲੇ/ਲੜਾਕੇ ਸਾਹ ਲੈ ਸਕਦੇ ਸਨ। ਜਿਨ੍ਹਾਂ ਇਲਾਕਿਆਂ ਵਿਚ ਅਮਰੀਕਨ ਫ਼ੌਜਾਂ ਦਾ ਦਿਨ ਵੇਲੇ ਕੰਟਰੋਲ ਹੁੰਦਾ ਸੀ, ਉਥੇ ਹੀ ਰਾਤ ਵੇਲੇ ਵੀਤਕਾਂਗ ਦਾ ਕਬਜ਼ਾ ਹੁੰਦਾ ਸੀ। ਆਓ ਵੇਖੀਏ, ਧਰਤੀ ਮਾਂ ਦੇ ਅੰਦਰ ਇਹ ਚਮਤਕਾਰ ਕੀ ਸੀ ?

ਧਰਤੀ ਹੇਠਾਂ ਲੁਕਣ ਲਈ ਬੇਅੰਤ ਥਾਵਾਂ ਉੱਤੇ ਸੁਰੰਗਾਂ ਦੇ ਜਾਲ ਸਨ, ਜਿਨ੍ਹਾਂ ਵਿੱਚੋਂ ਸਭ ਤੋਂ ਉੱਘਾ ਸੀ "ਕੂ ਚੀ ਸੁਰੰਗਾਂ"। ਅੱਜ ਕੂ ਚੀ ਸੁਰੰਗਾਂ ਬਾਹਰੋਂ ਆਏ ਮਹਿਮਾਨਾਂ ਲਈ ਇੰਜ ਹੀ ਹਨ ਜਿਵੇਂ ਅੰਮ੍ਰਿਤਸਰ ਵਿਚ ਆਏ ਟੂਰਿਸਟ ਲਈ ਜਲ੍ਹਿਆਂਵਾਲਾ ਬਾਗ਼ ਹੈ। ਜਲ੍ਹਿਆਂਵਾਲਾ ਬਾਗ਼ ਵਿਚ ਨਿਹੱਥੇ ਲੋਕਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। 'ਕੂ ਚੀ' ਯੋਧਿਆਂ ਦੀ ਛੁਪਣ-ਧਰਤੀ ਸੀ। ਇਹ ਥਾਂ ਸਾਇਗਾਨ (ਹੁਣ ਹੋ ਚੀ ਮਿੰਨ ਸ਼ਹਿਰ) ਦੇ 70 ਕਿਲੋਮੀਟਰ ਉੱਤਰ ਪੱਛਮ ਵੱਲ ਹੈ।

ਕੂ ਚੀ ਸੁਰੰਗਾਂ ਕਰੀਬ 200 ਕਿਲੋਮੀਟਰ (ਮੀਟਰ ਨਹੀਂ; ਕਿਲੋਮੀਟਰ) ਲੰਮੀਆਂ ਹਨ। ਇਨ੍ਹਾਂ ਦਾ ਇਕ ਸ਼ਾਹ-ਰਾਹ ਹੈ, ਜਿਥੋਂ ਕਈ ਪਾਸੇ ਰਸਤੇ, ਲੁਕਣ ਥਾਵਾਂ, ਬਸੇਰੇ ਅਤੇ ਹੋਰਨਾਂ ਸੁਰੰਗਾਂ ਨੂੰ ਰਸਤੇ ਜਾਂਦੇ ਸਨ। 1968 ਦੇ ਨਵੇਂ ਸਾਲ ਦੇ ਸਾਇਗਾਨ ਉੱਤੇ ਹਮਲੇ ਏਥੋਂ ਹੀ ਸ਼ੁਰੂ ਕੀਤੇ ਗਏ ਸਨ। ਸੁਰੰਗਾਂ ਅੱਧੇ ਤੋਂ ਇਕ ਮੀਟਰ ਚੌੜੀਆਂ ਹਨ ਜਿਨ੍ਹਾਂ ਵਿਚ ਕੋਡੇ ਹੋ ਕੇ ਹੀ ਲੰਘਿਆ ਜਾ ਸਕਦਾ ਹੈ ਜਾਂ ਬਹੁਤ ਝੁਕ ਕੇ ਜਾਂ ਰੀਂਗ ਕੇ। ਅੱਜ-ਕੱਲ੍ਹ ਸੁਰੰਗਾਂ ਦੇ ਕੁਝ ਹਿੱਸੇ ਖੁੱਲ੍ਹੇ ਕੀਤੇ ਗਏ ਹਨ ਤਾਂ ਜੋ ਵੇਖਣ ਆਏ ਮਹਿਮਾਨਾਂ ਨੂੰ ਘਬਰਾਹਟ ਨਾ ਹੋਵੇ। ਸੁਰੰਗਾਂ ਧਰਤੀ ਤੋਂ ਤਿੰਨ ਤੋਂ ਚਾਰ ਮੀਟਰ ਡੂੰਘੀਆਂ ਹਨ। ਏਨੀ ਮੋਟੀ ਧਰਤੀ ਦੀ ਤਹਿ, ਇਕ ਪੰਜਾਹ ਟਨ ਦੇ ਟੈਂਕ ਨੂੰ ਸਹਾਰ ਸਕਦੀ ਹੈ ਅਤੇ ਹਲਕੀਆਂ ਤੋਪਾਂ ਦੇ ਗੋਲਿਆਂ ਦਾ ਵੀ ਅਸਰ ਨਹੀਂ ਹੁੰਦਾ। ਇਸ ਸੁਰੰਗ ਜਾਲ ਵਿਚ ਸੌਣ ਦੇ ਟਿਕਾਣੇ, ਮੀਟਿੰਗ ਕਮਰੇ ਅਤੇ ਹਸਪਤਾਲ ਵੀ ਸਨ ਅਤੇ ਮੇਲ-ਜੋਲ ਦੇ ਕਮਰੇ ਵੀ। ਕੂ ਚੀ ਸੁਰੰਗਾਂ ਨੂੰ ਵੇਖ ਕੇ ਪਤਾ ਚਲਦਾ ਹੈ ਕਿ ਐਨੀ ਲੰਮੀ ਗੁਰੀਲਾ ਜੰਗ ਕਿਵੇਂ ਲੜੀ ਜਾ ਸਕੀ। ਇਹ ਵੀ ਪਤਾ ਲਗਦਾ ਹੈ ਕਿ ਵੀਅਤਨਾਮੀ ਕਿਸਾਨ ਬੜੇ ਹੁਸ਼ਿਆਰ ਅਤੇ ਕਾਢੂ ਲੜਾਕੇ ਸਨ। ਸੁਰੰਗਾਂ ਵਾਲਾ ਇਲਾਕਾ ਤਾਂ ਵਿਖਾਈ ਹੀ ਨਹੀਂ ਸੀ ਦੇਂਦਾ, ਜੰਗ ਅੰਦਰ ਗੁਰੀਲਿਆਂ ਦਾ ਇਹ ਇਕ ਵੱਡਾ ਹਥਿਆਰ ਸੀ। ਜੰਗ ਖ਼ਤਮ ਹੋਣ ਪਿੱਛੋਂ ਹੀ ਅਮਰੀਕਨਾਂ ਨੂੰ ਇਨ੍ਹਾਂ ਦੀ ਹੋਂਦ ਦਾ ਠੀਕ ਪਤਾ ਲੱਗਾ। ਇਹ ਸੁਰੰਗਾਂ, ਚਿਰ ਪਹਿਲਾਂ ਮਾਰੂ ਫ਼ਰਾਂਸੀਸੀ ਫ਼ੌਜਾਂ ਤੋਂ ਬਚਣ ਲਈ ਖੇਤੀ ਕਾਮਿਆਂ ਦਾ ਹਥਿਆਰ ਸਨ, ਜੋ 1947 ਤੋਂ 1950 ਤਕ ਪੁੱਟੀਆਂ ਗਈਆਂ ਸਨ। ਪਲਾਨ ਬਿਲਕੁਲ ਸਿੱਧੀ ਸੀ : ਦੁਸ਼ਮਣ ਦੇ ਨਾਲ ਛੋਟੀ ਜਿਹੀ ਟੱਕਰ ਲਵੋ ਅਤੇ ਇਕਦਮ ਗ਼ਾਇਬ ਹੋ ਜਾਵੋ। ਦੁਸ਼ਮਣ ਪ੍ਰੇਸ਼ਾਨੀ ਵਿਚ ਡੁੱਬ ਜਾਂਦਾ ਸੀ।

ਫ਼ਰਾਂਸੀਸੀਆਂ ਪਿੱਛੋਂ ਅਮਰੀਕੀ ਵੀ ਭੰਬਲਭੂਸੇ ਵਿਚ ਫਸੇ ਰਹੇ ਕਿ ਇਹ ਵੀਅਤਨਾਮੀ ਕਿਧਰ ਖੁਰ ਜਾਂਦੇ ਨੇ। ਅਖ਼ੀਰ ਇਹ ਸੋਚ ਲੈਂਦੇ ਕਿ ਸ਼ਾਇਦ ਮੇਕਾਂਗ ਦਰਿਆ ਦੇ ਮੁਹਾਨੇ ਕੋਲ, ਹਨੇਰੇ ਦੀ ਆੜ ਵਿਚ ਲੁਕ ਜਾਂਦੇ ਨੇ। ਜਵਾਬ ਅਸਲ ਵਿਚ ਸੀ ਉਨ੍ਹਾਂ ਦੇ ਕਦਮਾਂ ਦੇ ਹੇਠ, ਮੀਲੋ ਮੀਲ ਲੰਮੀਆਂ ਸੁਰੰਗਾਂ ਦਾ ਜਾਲ। ਫ਼ਰਾਂਸੀਸੀਆਂ ਦੇ ਜਾਣ ਅਤੇ ਅਮਰੀਕਨਾਂ ਦੇ ਆਉਣ ਵਿਚਲੇ ਸਮੇਂ ਵਿਚ ਸੁਰੰਗਾਂ ਦੀ ਦੇਖਭਾਲ ਬੰਦ ਹੋ ਗਈ, ਪਰ ਕੁਦਰਤੀ ਤੌਰ 'ਤੇ ਮੋਟੀ ਅਤੇ ਪੀਡੀ ਜ਼ਮੀਨ ਨੇ ਆਸਰਾ ਦੇਈ ਰੱਖਿਆ। ਧਰਤੀ ਮਾਂ ਦੀ ਗੋਦ ਅੰਦਰ ਨਿਰੇ ਪੁਰੇ ਘੁਰਨੇ ਹੀ ਨਹੀਂ ਸਨ, ਬਲਕਿ ਉਥੇ ਫੌਲਾਦੀ ਇਰਾਦੇ ਅਤੇ ਨਫ਼ਰਤ ਦਾ ਗੜ੍ਹ ਸੀ। ਇੰਜ ਸਮਝੋ ਕਿ ਅਮਰੀਕਨਾਂ ਦੇ ਨੱਕ ਥੱਲੇ ਵੀਅਤਨਾਮੀ ਮੁਕਤੀ ਫ਼ੌਜ ਦਾ ਪ੍ਰਮੁੱਖ ਅੱਡਾ ਸੀ। ਅਮਰੀਕਨਾਂ ਨੂੰ ਸਮਝ ਨਹੀਂ ਸੀ ਪੈਂਦੀ ਕਿ ਹਮਲਾਵਰ ਕਿਧਰੋਂ ਆਉਂਦੇ ਨੇ ਅਤੇ ਖ਼ਾਸਕਰ ਚਲੇ ਕਿਥੇ ਜਾਂਦੇ ਨੇ। ਸੁਰੰਗਾਂ ਦੇ ਆਉਣ ਜਾਣ ਦੇ ਰਾਹਾਂ ਦੇ

ਭੇਤ ਅਤੇ ਖ਼ਾਸਕਰ ਉਨ੍ਹਾਂ ਦੇ ਬੇਅੰਤ ਖਿਲਾਰ (200 ਮੀਲ ਤੋਂ ਵੱਧ ਕੰਘੀਨੁਮਾ ਜਾਲ) ਦਾ ਕਿਆਸ ਕਰਨਾ ਵੀ ਉਸ ਸਮੇਂ ਅਮਰੀਕਨਾਂ ਲਈ ਔਖਾ ਸੀ। ਸ਼ੱਕੀ ਸੁਰੰਗਾਂ ਅੰਦਰ ਦੱਖਣੀ ਵੀਅਤਨਾਮੀ ਫ਼ੌਜੀ ਵਾੜੇ ਗਏ, ਗੈਸ ਛੱਡੀ ਗਈ, ਬੁਲਡੋਜ਼ਰ ਚਲਾਏ ਗਏ, ਪਰ ਛੋਟੀ ਮੋਟੀ ਸੁਰੰਗ ਤੋਂ ਅੱਗੇ ਨਹੀਂ ਜਾ ਸਕੇ। ਸੁਰੰਗਾਂ ਦਾ ਬੇਅੰਤ ਪਸਾਰਾ ਉਨ੍ਹਾਂ ਦੀ ਅਕਲ ਤੋਂ ਬਹੁਤ ਉੱਤੇ ਸੀ : ਸਕੂਲ, ਰਿਹਾਇਸ਼ੀ ਟਿਕਾਣੇ, ਹਸਪਤਾਲ ਅਤੇ ਮੀਲੋ ਮੀਲ ਸੁਰੰਗਾਂ। ਪੀਣ ਲਈ ਸਾਫ਼ ਸੁਥਰਾ ਪਾਣੀ, ਬਾਉਲੀਆਂ ਦੇ ਅੰਦਰੋਂ ਆਉਂਦਾ ਸੀ। ਸੁਰੰਗਾਂ ਦੇ ਕੋਈ ਨਕਸ਼ੇ ਨਹੀਂ ਸਨ ਪਰ ਰਹਿਣ ਵਾਲਿਆਂ ਨੂੰ ਸੁਤੇ ਹੀ ਰਸਤਿਆਂ ਦੀ ਸਹੀ ਜਾਣਕਾਰੀ ਸੀ।

ਇਹ ਵੀ ਨਹੀਂ ਕਹਿ ਸਕਦੇ ਕਿ ਅਮਰੀਕੀ ਫ਼ੌਜ ਸੁਰੰਗਾਂ ਤੋਂ ਬਿਲਕੁਲ ਬੇਖ਼ਬਰ ਸੀ। ਉਹ ਗਾਹੇ-ਬਗਾਹੇ ਖੋਜ ਕਰਦੇ ਰਹਿੰਦੇ ਸਨ। ਜਿਥੇ ਕਿਤੇ ਸੁਰੰਗ ਮਿਲਦੀ ਸੀ, ਉਥੇ ਬੰਬ ਛੱਡਦੇ ਸਨ, ਜ਼ਹਿਰੀਲੀ ਗੈਸ ਅਤੇ ਰੋੜ੍ਹਵਾਂ ਪਾਣੀ ਛੱਡਦੇ ਸਨ। ਸੁੰਘਦੇ ਜਰਮਨ ਸ਼ੈਫਰਡ ਕੁੱਤਿਆਂ ਦੀ ਵੱਡੀ ਗਿਣਤੀ ਲਿਆਂਦੀ ਗਈ, ਪਰ ਉਹ ਕੁੱਤੇ ਏਨੇ ਭਾਰੇ ਸਨ ਕਿ ਉਨ੍ਹਾਂ ਲਈ ਸੁਰੰਗਾਂ ਅੰਦਰ ਖੁੱਲ੍ਹੇ ਚੱਲਣਾ ਅਸੰਭਵ ਸੀ।

ਇਕ ਕਮਾਂਡਰ ਨੇ ਇਹ ਬਿਆਨ ਦਿੱਤਾ, "ਸੁਰੰਗਾਂ ਏਨੀਆਂ ਡੂੰਘੀਆਂ ਅਤੇ ਵਲੇਵੇਂਦਾਰ ਨੇ ਕਿ ਇਨ੍ਹਾਂ ਨੂੰ ਤਬਾਹ ਕਰਨਾ ਅਸੰਭਵ ਹੈ।" ਸਭ ਤੋਂ ਵੱਡੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਸੁਰੰਗਾਂ ਦੇ ਅਤਿਅੰਤ ਵੱਡੇ ਖਿਲਾਰ ਦਾ ਗਿਆਨ ਨਹੀਂ ਸੀ।

ਅੱਜ ਇਹ ਸੁਰੰਗਾਂ ਕੌਮ ਦੇ ਵਿਰਸੇ ਦਾ ਹਿੱਸਾ ਬਣ ਗਈਆਂ ਹਨ। ਅਸੀਂ ਵੇਖ ਸਕਦੇ ਹਾਂ ਉਹ ਹਾਲ ਕਮਰੇ ਜਿਥੇ ਪ੍ਰਚਾਰ ਫ਼ਿਲਮਾਂ ਵਿਖਾਈਆਂ ਜਾਂਦੀਆਂ ਸਨ, ਰਸੋਈ ਘਰ ਜਿਥੇ ਯਾਤਰੂ ਉਨ੍ਹਾਂ ਸਮਿਆਂ ਦੇ ਪਕਵਾਨਾਂ ਨੂੰ ਚੱਖ ਸਕਦੇ ਹਨ ਅਤੇ ਉਨ੍ਹਾਂ ਸਮਿਆਂ ਦੀਆਂ ਸੱਚੀਆਂ ਗਾਥਾਵਾਂ ਸੁਣ ਸਕਦੇ ਹਨ। ਸੁਰੰਗਾਂ ਅੰਦਰ ਵੱਡਿਆਂ ਦੀ ਪ੍ਰਸਤਿਸ਼ ਹੁੰਦੀ ਸੀ, ਪੜ੍ਹਾਈਆਂ ਲਈ ਸਮੇਂ ਸਾਰਣੀ ਨਿਸਚਿਤ ਸੀ। ਏਥੇ ਸ਼ਾਦੀਆਂ ਵੀ ਹੋਈਆਂ, ਹਨੀਮੂਨ ਵੀ ਹੋਏ, ਕਦੇ ਕਦਾਈਂ ਬੱਚੇ ਵੀ ਹੋਏ। ਅੱਜ ਦੇ ਯਾਤਰੂ ਤਾਂ ਖੁੱਲ੍ਹਾ ਸਾਹ ਲੈ ਸਕਦੇ ਹਨ ਪਰ ਉਹ ਉਨ੍ਹਾਂ 18,000 ਦੇਸ਼ ਭਗਤਾਂ ਦੀ ਧਰਤੀ ਹੇਠਾਂ ਦੀ ਸਾਹ-ਘੁਟਣ ਕਦੇ ਮਹਿਸੂਸ ਨਹੀਂ ਕਰ ਸਕਦੇ, ਜਿਨ੍ਹਾਂ ਵਿੱਚੋਂ ਕੇਵਲ ਇਕ ਤਿਹਾਈ ਹੀ ਬਚ ਸਕੇ, ਬਾਕੀ ਦੇ ਅਮਰੀਕਨ ਹਮਲਿਆਂ, ਸੱਪਾਂ, ਚੂਹਿਆਂ ਅਤੇ ਕੀੜਿਆਂ ਦੇ ਹੱਥੋਂ ਮਾਰੇ ਗਏ।

ਜੇ ਵੀਅਤਨਾਮ ਜਾਣ ਦਾ ਕਦੇ ਸਬੱਬ ਬਣਿਆ ਤਾਂ ਮੈਂ ਇਹ ਸੁਰੰਗਾਂ ਵੇਖਣ ਦਾ ਅਤੀ ਚਾਹਵਾਨ ਹਾਂ।

# ਇਕ ਨਵੇਂ ਦੱਖਣੀ ਏਸ਼ੀਆ ਦੀ ਰੂਪ-ਰੇਖਾ

ਅਮਰੀਕਾ-ਨਾਟੋ ਦੀਆਂ ਹੁਣ ਤਕ ਦੀਆਂ ਹਰਕਤਾਂ ਦੱਸਦੀਆਂ ਹਨ ਕਿ ਉਨ੍ਹਾਂ ਦਾ ਅਫ਼ਗ਼ਾਨਿਸਤਾਨ ਅੰਦਰ ਲਾਂਘਾ ਆਰਜ਼ੀ ਨਹੀਂ, ਬਲਕਿ ਸਦੀਵੀ ਕਬਜ਼ਾ ਹੈ। ਇਸ ਕਿਰਿਆ ਅੰਦਰ ਸੰਭਾਵਨਾ ਹੈ ਕਿ ਦੱਖਣੀ ਏਸ਼ੀਆ ਦੇ ਕਈ ਹੋਰ ਦੇਸਾਂ ਨੂੰ ਵੀ ਤੋੜਿਆ ਜਾਵੇਗਾ।

ਭੂਗੋਲ ਵਿਚ ਅਫ਼ਗ਼ਾਨਿਸਤਾਨ ਦਾ ਟਿਕਾਣਾ ਹੀ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਇਹ ਉਥੇ ਬੈਠਾ ਹੈ ਜਿਸਦੇ ਨਾਲ ਲਗਦੇ ਪੱਛਮੀ, ਦੱਖਣੀ ਅਤੇ ਕੇਂਦਰੀ ਏਸ਼ੀਆ ਦੇ ਤੇਲ ਅਤੇ ਗੈਸ ਦੇ ਖ਼ਜ਼ਾਨੇ ਹਨ। ਹੁਣ ਤਾਂ ਇਹ ਵੀ ਪਤਾ ਲੱਗ ਗਿਆ ਹੈ ਕਿ ਅਫ਼ਗ਼ਾਨਿਸਤਾਨ ਆਪ ਖਣਿਜ ਪਦਾਰਥਾਂ ਦੇ ਨਾਲ ਮਾਲਾ-ਮਾਲ ਹੈ।

ਅਮਰੀਕਾ-ਨਾਟੋ ਦੀ ਸੋਚੀ ਸਮਝੀ, ਜਾਪਦਾ ਹੈ ਸਿਰਫਿਰੀ ਜਮਾਤ ਨੇ ਆਪਣੀ ਅਖੌਤੀ 'ਹਊਏ ਖ਼ਿਲਾਫ਼ ਜੰਗ' ਵਿਚ ਹੁਣ ਤੱਕ 40,000 ਤੋਂ ਵੱਧ ਅਫ਼ਗਾਨੀ ਕਤਲ ਕੀਤੇ ਹਨ ਅਤੇ ਬੇਅੰਤਾਂ ਨੂੰ ਘਰੋਂ ਬੇਘਰ ਕੀਤਾ ਹੈ। ਦੱਖਣੀ ਅਫ਼ਗਾਨਿਸਤਾਨ ਅੰਦਰ ਜਬਰੀ ਅਫ਼ੀਮ-ਪੌਪੀ ਉਗਾਈ ਜਾ ਰਹੀ ਹੈ। ਪੱਛਮੀ ਅਤੇ ਦੱਖਣੀ ਏਸ਼ੀਆ ਅੰਦਰ ਜ਼ਹਿਰੀ ਹਥਿਆਰਾਂ ਦੀ ਵਰਤੋਂ ਨਾਲ, ਵੱਡੇ ਇਲਾਕੇ ਵਿਚ 'ਡਿਪਲੀਟਿਡ ਯੂਰੇਨੀਅਮ' ਦਾ ਖਿਲਾਰਾ ਪਾਇਆ ਜਾ ਚੁੱਕਾ ਹੈ।

ਅੱਜ ਉੱਨ੍ਹੀਵੀਂ ਸਦੀ ਦੇ ਬਸਤੀਵਾਦ ਦੀ ਕਹਾਣੀ ਦੁਹਰਾਈ ਜਾ ਰਹੀ ਹੈ। ਪਰ ਇਸ ਵਾਰ ਟੀਚਾ ਨਵਾਂ ਹੈ। ਇਸ ਵਾਰ ਏਸ ਇਲਾਕੇ ਦੀ ਆਬਾਦੀ ਦਾ ਸਦਾ ਲਈ ਘਾਣ ਕਰਨਾ ਅਤੇ ਘਟਾਉਣਾ ਹੈ। ਦੂਜਾ, ਫ਼ੌਜੀਅਤ ਨਾਲ ਸ਼ਕਤੀ ਦਾ ਸੋਮਾ ਤੇਲ ਅਤੇ ਹੋਰ ਕੁਦਰਤੀ ਵਸੀਲਿਆਂ ਉੱਤੇ ਕਬਜ਼ਾ ਕਰਨਾ ਹੈ। ਤੀਜੇ, ਅਫ਼ਗਾਨਿਸਤਾਨ ਜਿਸ ਅੰਦਰ ਸੰਨ 2001 ਵਿਚ ਅਫ਼ੀਮ ਪੌਪੀ ਉਗਾਉਣੀ ਉੱਕੀ ਬੰਦ ਸੀ, ਹੁਣ ਵਿਦੇਸ਼ੀ ਫ਼ੌਜਾਂ ਦੀ ਸਿੱਧੀ ਸਰਪ੍ਰਸਤੀ ਹੇਠ, ਕੁਲ ਦੁਨੀਆਂ ਦੀ ਅਫ਼ੀਮ ਅਤੇ ਹੈਰੋਇਨ ਸਪਲਾਈ ਦਾ ਕੇਂਦਰ ਅਤੇ ਵੱਡੀ ਕਮਾਈ ਦਾ ਵਸੀਲਾ ਬਣ ਗਿਆ ਹੈ। ਘੱਟ ਤੋਂ ਘੱਟ ਸੱਤ ਸੌ ਬਿਲੀਅਨ ਡਾਲਰ ਮੁੱਲ ਬਰਾਬਰ ਹੈਰੋਇਨ ਤਿਆਰ ਕਰ ਕੇ ਕੁੱਲ ਦੁਨੀਆਂ ਅੰਦਰ ਖ਼ਾਸਕਰ ਰੂਸ ਅਤੇ ਹੋਰ ਗੁਆਂਢੀ ਦੇਸਾਂ ਅੰਦਰ ਵੇਚੀ ਖਿਲਾਰੀ ਜਾਂਦੀ ਹੈ। ਭਾਰਤ ਅੰਦਰ ਵੀ ਬੇਅੰਤ ਹੈਰੋਇਨ ਆਉਂਦੀ ਜਾਪਦੀ ਹੈ, ਜਿਸ ਵਿੱਚੋਂ ਪੰਜਾਹ ਕਰੋੜ ਰੁਪਏ (ਇਕ ਬਿਲੀਅਨ ਡਾਲਰਾਂ ਦਾ ਦਸਵਾਂ ਹਿੱਸਾ) ਮੁੱਲ ਦੀ ਵੰਨਗੀ ਮਾਤਰ, ਸਰਹੱਦੀ ਇਲਾਕਿਆਂ ਵਿੱਚੋਂ ਹਰ ਸਾਲ ਫੜੀ ਜਾਂਦੀ ਹੈ। ਪੰਜਾਬ ਪ੍ਰਾਂਤ ਨੂੰ ਨਸ਼ਿਆਂ ਵਿਚ ਡੋਬਣ ਦੇ ਪਿੱਛੇ, ਇਕ ਵੱਡੀ ਅੰਤਰਰਾਸ਼ਟਰੀ ਸਿਆਸੀ ਅਤੇ ਫ਼ੌਜੀ ਚਾਲ ਹੋ ਸਕਦੀ ਹੈ। ਆਪ ਹੀ ਜਾਗਣਾ ਪੈਣਾ ਹੈ। ਸਿਆਸਤ ਨਾਲ ਜੁੜੇ ਨਸ਼ਾ ਵਪਾਰੀਆਂ ਨੂੰ ਨਕੇਲ ਕਿਸ ਨੇ ਪਾਉਣੀ ਹੈ ?

ਅਫ਼ਗ਼ਾਨਿਸਤਾਨ ਉੱਤੇ ਕਬਜ਼ਾ ਬਹੁਤ ਚਿਰਾਂ ਤੋਂ ਪਲਾਨ ਹੋ ਚੁੱਕਿਆ ਸੀ। ਏਸ ਦੇਸ ਦਾ 11 ਸਤੰਬਰ 2001 ਦੇ ਜੌੜੇ ਟਾਵਰਾਂ ਨੂੰ ਡੇਗਣ ਨਾਲ, ਦੂਰੋਂ ਪਾਰੋਂ ਵੀ ਸੰਬੰਧ ਨਹੀਂ ਸੀ। 11 ਸਤੰਬਰ, 2001 ਦਾ ਬਹਾਨਾ ਘੜਨ ਤੋਂ ਪਿੱਛੋਂ ਘਾਤਕ ਜ਼ੋਰਦਾਰ ਹਮਲਾ ਸ਼ੁਰੂ ਕੀਤਾ ਗਿਆ। ਏਸ ਦੇਸ ਨੂੰ ਉਜਾੜਨ ਲਈ ਡਿਪਲੀਟਿਡ ਯੂਰੇਨੀਅਮ ਹਥਿਆਰਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਅਤੇ ਹੁਣ ਤਕ ਕੀਤੀ ਜਾ ਰਹੀ ਹੈ। ਬੰਬਾਂ ਦੇ ਨਾਲ ਕਿਸੇ ਦੇਸ ਨੂੰ ਉਡਾਉਣਾ (ਜਿਵੇਂ ਉੱਤਰੀ ਕੋਰੀਆ ਵਿਚ ਕੀਤਾ ਗਿਆ ਸੀ) ਅਤੇ ਖੰਡਰਾਂ ਵਿਚ ਬਦਲਣਾ ਇਕ ਹੋਰ ਚੀਜ਼ ਹੈ। ਆਮ ਬੰਬਾਂ ਨਾਲ ਬੰਬਾਰੀ ਪਿੱਛੋਂ ਇਲਾਕਿਆਂ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ। ਪਰ ਜਿਥੇ ਡਿਪਲੀਟਿਡ ਯੂਰੇਨੀਅਮ ਦਾ ਸਦੀਵੀ ਜ਼ਹਿਰ ਧਰਤੀ, ਪਾਣੀ ਅਤੇ ਜੀਵਤ ਚੀਜ਼ਾਂ ਵਿਚ ਵੜ ਜਾਵੇ, ਉਹ ਥਾਂ ਨਾ-ਰਹਿਣਯੋਗ ਹੋ ਜਾਂਦੀ ਹੈ, ਭਾਵ ਸਦਾ ਲਈ ਉੱਜੜ ਜਾਂਦੀ ਹੈ। ਐਨ ਉਸੇ ਤਰ੍ਹਾਂ ਜਿਵੇਂ ਯੂਕ੍ਰੇਨ ਵਿਚ ਚਰਨੋਬਿਲ ਪ੍ਰਮਾਣੂ ਬਿਜਲੀ ਘਰ ਹਾਦਸੇ ਦੁਆਲੇ ਹਜ਼ਾਰਾਂ ਮੀਲ ਇਲਾਕੇ ਸਦਾ ਲਈ ਉੱਜੜ ਚੁੱਕੇ ਹਨ।

ਯੂਰੇਨੀਅਮ ਰੀਸਰਚ ਮੈਡੀਕਲ ਸੈਂਟਰ (ਯੂ.ਆਰ.ਐੱਮ.ਸੀ.) ਅਮਰੀਕਾ ਅਤੇ ਕੈਨੇਡਾ ਸਥਿਤ ਸੰਸਥਾ ਹੈ, ਜੋ ਪ੍ਰਮਾਣੂ ਸ਼ਕਤੀ ਦੇ ਧਾਤੂਆਂ ਅਤੇ ਮਸਾਲਿਆਂ ਦੇ ਧਰਤੀ ਅਤੇ ਜਾਨਦਾਰਾਂ ਉੱਤੇ ਹੁੰਦੇ ਅਸਰਾਂ ਦੀ ਖੋਜ ਕਰਦੀ ਹੈ। ਏਸ

'ਯੂ.ਆਰ.ਐੱਮ.ਸੀ.' ਨੇ ਅਫ਼ਗਾਨਿਸਤਾਨ ਦੇ ਉਨ੍ਹਾਂ ਇਲਾਕਿਆਂ ਵਿਚ ਲੋਕਾਂ ਦੇ ਟੈਸਟ ਕੀਤੇ ਜਿਥੇ ਡਿਪਲੀਟਿਡ ਯੂਰੇਨੀਅਮ (ਡੀ.ਯੂ.) ਦੇ ਹਥਿਆਰਾਂ ਦੀ ਵਰਤੋਂ ਕੀਤੀ ਗਈ ਸੀ। ਬੰਬਾਰੀ ਦੇ ਕੁੱਲ ਇਲਾਕਿਆਂ ਅੰਦਰ ਲੋਕਾਂ ਨੂੰ ਅਜੇਹੇ ਰੋਗ ਲੱਗੇ ਹਨ, ਜੋ ਕੇਵਲ ਡੀ.ਯੂ. ਜੇਹੇ ਪ੍ਰਮਾਣੂ ਧਾਤੂ ਹੀ ਕਰ ਸਕਦੇ ਹਨ। ਅਜੇਹੀ ਹਾਲਤ ਕੁਲ ਇਰਾਕ ਅਤੇ ਅਫ਼ਗਾਨਿਸਤਾਨ ਦੇ ਪ੍ਰਭਾਵਤ ਇਲਾਕਿਆਂ ਵਿਚ ਵੇਖੀ ਗਈ ਹੈ। ਡੀ.ਯੂ. ਦੀ ਪ੍ਰਵਾਣਿਤ ਸਾਧਾਰਨ ਮਾਤਰਾ ਦੇ ਨਾਲੋਂ ਚਾਰ ਤੋਂ ਚਾਰ ਸੌ ਗੁਣਾ ਵੱਧ ਮਾਤਰਾ ਲੱਭੀ ਗਈ।

ਹੁਣ ਤਕ ਦੀ ਇਰਾਕ ਅਤੇ ਅਫ਼ਗਾਨਿਸਤਾਨ ਅੰਦਰ ਫਟਾਈ ਗਈ ਡੀ.ਯੂ. ਦੀ ਮਾਤਰਾ ਦੀ ਪ੍ਰਮਾਣੂਈ, ਸਦੀਵੀ ਰੇਡੀਏਸ਼ਨ, ਲਗਭਗ 4,00,000 ਨਾਗਾਸਾਕੀ ਉੱਤੇ ਸੁੱਟੇ ਐਟਮ ਬੰਬਾਂ ਦੇ ਬਰਾਬਰ ਹੈ। ਯਾਦ ਰਹੇ 1945 ਵਿਚ ਅਮਰੀਕਾ ਵੱਲੋਂ ਜਾਪਾਨ ਦੇ ਦੋ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ, ਪ੍ਰਮਾਣੂ ਬੰਬਾਂ ਨਾਲ ਉਡਾਏ ਗਏ ਸਨ। ਡੀ.ਯੂ. ਦੀ ਰੇਡੀਏਸ਼ਨ, ਪ੍ਰਮਾਣੂ ਬੰਬ ਦੀਆਂ ਹਾਨੀਕਾਰਕ ਕਿਰਨਾਂ ਵਾਂਗ ਹੀ ਹੁੰਦੀ ਹੈ, ਕੇਵਲ ਇਸ ਨੂੰ ਬੰਬ ਵਾਂਗ ਨਹੀਂ ਵਰਤਿਆ ਜਾਂਦਾ, ਬਲਕਿ ਇਰਾਕ ਅਤੇ ਅਫ਼ਗਾਨਿਸਤਾਨ ਵਾਂਗ, ਬਿਨਾਂ ਐਲਾਨ ਕੀਤਿਆਂ, ਗੋਲੀ ਸਿੱਕੇ, ਬੰਬਾਂ ਅਤੇ ਰਾਕਟਾਂ ਰਾਹੀਂ ਵਰਤਿਆ ਜਾਂਦਾ ਹੈ। ਅਮਰੀਕਾ, ਆਪਣੇ ਸ਼ਹਿਰੀਆਂ ਅਤੇ ਕੁਲ ਦੁਨੀਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਕਹਿੰਦਾ ਹੈ ਕਿ ਡੀ.ਯੂ. ਦਾ ਕੋਈ ਹਾਨੀਕਾਰਕ ਅਸਰ ਨਹੀਂ ਹੈ। ਦੁਨੀਆਂ ਦੇ ਹਰ ਕੋਨੇ ਵਿਚ ਇਸ ਵਿਸ਼ੇ ਉੱਤੇ ਗੋਸ਼ਟੀ ਅਤੇ ਤਕਨੀਕੀ ਰਸਾਲਿਆਂ ਅੰਦਰ ਇਸ ਦੇ ਨਾਂ ਨੂੰ ਵੀ ਵੱਧ ਤੋਂ ਵੱਧ ਦਬਾ ਕੇ ਰੱਖਿਆ ਜਾਂਦਾ ਹੈ। ਕਿਸੇ ਵੀ ਵਿਸ਼ਵਵਿਦਿਆਲੇ ਵਿਚ ਹੁੰਦੀ ਡੀ.ਯੂ. ਦੀ ਖੋਜ ਉੱਤੇ ਨਿਗਰਾਨੀ ਅਤੇ ਪੂਰਨ ਦਬਾਅ ਰੱਖਿਆ ਜਾਂਦਾ ਹੈ, ਤਾਂ ਜੁ ਭੇਦ ਨ ਖੁਲ੍ਹ ਜਾਵੇ।

ਯੂ.ਆਰ.ਐੱਮ.ਸੀ. ਦੀ ਟੀਮ ਨੇ ਅਫ਼ਗਾਨਿਸਤਾਨ ਦੇ ਅੰਦਰ ਜਾ ਕੇ ਖੋਜ ਕੀਤੀ। ਜਲਾਲਾਬਾਦ ਇਲਾਕੇ ਵਿਚ ਰੇਡੀਏਸ਼ਨ ਦੀ ਮਾਤਰਾ, ਸਾਧਾਰਨ ਨਾਲੋਂ 4 ਤੋਂ 20 ਗੁਣਾ ਵੱਧ ਸੀ। ਨੰਗਰਹਾਰ ਵਿਖੇ ਏਹੀ ਮਾਤਰਾ 100 ਤੋਂ 400 ਗੁਣਾ ਵੱਧ ਸੀ। ਜਿੰਨੇ ਵੀ ਲੋਕਾਂ ਦਾ ਪੇਸ਼ਾਬ ਟੈਸਟ ਕੀਤਾ ਗਿਆ, ਹਰ ਨਮੂਨੇ ਦੇ ਅੰਦਰ ਡੀ.ਯੂ. ਪਾਇਆ ਗਿਆ। ਯੂ.ਆਰ.ਐੱਮ.ਸੀ. ਦਾ ਕਹਿਣਾ ਹੈ ਕਿ ਜਿਥੇ ਕਿਤੇ ਵੀ ਬੰਬਾਰੀ ਕੀਤੀ ਗਈ ਹੈ, ਉਥੇ ਦੇ ਲੋਕਾਂ ਅੰਦਰ ਰੇਡੀਏਸ਼ਨ ਤੋਂ ਉਤਪੰਨ ਬੇਅੰਤ ਪ੍ਰਕਾਰ ਦੀ ਬਿਮਾਰੀ ਵੇਖੀ ਗਈ ਹੈ।

ਸਿੱਧ ਹੈ ਕਿ ਦੱਖਣੀ ਏਸ਼ੀਆ ਅਤੇ ਇਰਾਕ ਅੰਦਰ ਅਮਰੀਕਾ ਅਤੇ ਉਸਦੇ ਨਿਕਟ ਸਾਥੀਆਂ ਵੱਲੋਂ ਲੋਕਾਈ ਮਾਰੂ ਹਥਿਆਰ ਵਰਤੇ ਗਏ ਅਤੇ ਵਰਤੇ ਜਾ ਰਹੇ ਹਨ। ਦੱਖਣੀ ਏਸ਼ੀਆ ਕਿਤੇ ਦੂਰ ਨਹੀਂ ਹੈ। ਅਸੀਂ ਆਪ ਭਾਰਤੀ ਵੀ ਦੱਖਣੀ ਏਸ਼ੀਆ ਵਿਚ ਆਉਂਦੇ ਹਾਂ। 2001 ਵਿਚ ਤੋਰਾ ਬੋਰਾ (ਅਫ਼ਗਾਨਿਸਤਾਨ) ਦੀ ਬੰਬਾਰੀ ਮਗਰੋਂ, ਡੀ.ਯੂ. ਦੇ ਅੰਸ਼, ਕੁਝ ਹੀ ਦਿਨਾਂ ਅੰਦਰ ਇੰਗਲੈਂਡ ਪਹੁੰਚੇ ਲੱਭ ਗਏ। ਕੀ ਉਹ ਸਾਡੇ ਵੱਲ ਨਹੀਂ ਆਏ ਹੋਣਗੇ ? ਡੀ.ਯੂ. ਬੰਬਾਰੀ ਦੇ ਨਾਲ ਹਰ ਪਾਸੇ ਘੱਟੋ-ਘੱਟ 1000 ਮੀਲ ਦੇ ਚੱਕਰ ਵਿਚ ਰੇਡੀਓ ਐਕਟਿਵ ਧੂੜ ਪਹੁੰਚ ਕੇ, ਹਵਾ ਪਾਣੀ ਅਤੇ ਧਰਤੀ ਨੂੰ ਦਾਗ਼ੀ ਕਰ ਦੇਂਦਾ ਹੈ। ਇਸ ਧੂੜੇ ਦੀ ਮਾਰੂ ਸ਼ਕਤੀ ਪੰਜ ਦਸ ਵੀਹ ਮਿਲੀਅਨ ਸਾਲ ਰਹਿਣੀ ਹੈ। ਡੀ.ਯੂ. ਦੀ ਵਰਤੋਂ ਦੇ ਮਹਾਂ ਜੁਰਮ ਦੇ ਖਿਲਾਰ ਨੂੰ ਏਥੋਂ ਮਾਪਿਆ ਜਾ ਸਕਦਾ ਹੈ—ਜਦੋਂ ਡੀ.ਯੂ. ਉੱਡ ਕੇ ਹਿਮਾਲਾ ਦੀਆਂ ਬਰਫ਼ਾਂ ਉੱਤੇ ਡਿੱਗਦਾ ਹੈ ਤਾਂ ਸਹਿਜੇ ਹੀ ਉਥੋਂ ਨਿਕਲਦੇ ਦਰਿਆਵਾਂ ਰਾਹੀਂ, ਦੂਰ ਦੂਰ ਦੀਆਂ ਖੇਤੀਆਂ ਤਕ ਪਹੁੰਚ ਜਾਂਦਾ ਹੈ। ਡੀ. ਯੂ. ਹਥਿਆਰ ਫਟਣ ਟਿਕਾਣੇ ਦੇ ਜਿੰਨੀ ਵੀ ਨੇੜੇ ਕੋਈ ਵਸੋਂ ਹੋਵੇਗੀ, ਓਨੀ ਹੀ ਜਲਦੀ ਰੇਡੀਏਸ਼ਨ ਰੋਗ ਸ਼ੁਰੂ ਹੋਣਗੇ। ਜਿਹੜੇ ਜੰਗ ਦੇ ਮੈਦਾਨ ਤੋਂ ਹਟਵੇਂ ਹਨ, ਉਥੇ ਰੋਗ ਉਤਪੰਨ ਹੁੰਦਿਆਂ ਪੰਜ ਦਸ ਸਾਲ ਲੱਗ ਜਾਂਦੇ ਹਨ। ਜੇ ਕਾਬਲ ਨੂੰ ਕੇਂਦਰ ਬਣਾ ਕੇ, ਇਕ ਹਜ਼ਾਰ ਮੀਲ ਦਾ ਚੱਕਰ ਵਾਹਿਆ ਜਾਵੇ ਤਾਂ 31,40,000 ਵਰਗ ਮੀਲ ਦੇ ਇਲਾਕੇ ਵਿਚ ਅੰਮ੍ਰਿਤਸਰ ਦਿੱਲੀ ਤਾਂ ਛੱਡੋ, ਲਖਨਊ, ਭੋਪਾਲ ਅਤੇ ਸੂਰਤ ਵੀ ਆ ਜਾਂਦੇ ਹਨ ਭਾਵ ਕੁਲ ਉੱਤਰੀ ਭਾਰਤ ਦਾਗ਼ਿਆ ਜਾ ਚੁੱਕਾ ਹੈ।

ਇਸ ਸਮੇਂ ਦੁਨੀਆਂ ਦੇ 75 ਪ੍ਰਤੀਸ਼ਤ ਚਾਲੂ ਤੇਲ ਦੇ ਖੂਹ, ਮੁਸਲਿਮ ਦੇਸਾਂ ਦੇ ਅੰਦਰ ਹਨ। ਫ਼ੌਜੀ ਤੌਰ 'ਤੇ ਇਹ ਦੇਸ ਬੜੇ ਲਿੱਸੇ ਹਨ। ਕਿੰਨਾ ਸੌਖਾ ਹੈ ਇਨ੍ਹਾਂ ਉੱਤੇ ਕਾਬੂ ਪਾ ਲੈਣਾ। ਪਹਿਲਾਂ 'ਮੁਸਲਿਮ' ਦੇ ਖ਼ਿਲਾਫ਼ ਝੂਠੀਆਂ ਊਜਾਂ ਵਾਲੇ ਕਾਰਨਾਮੇ ਕਰਵਾ ਕੇ ਭੰਡੋ, ਉਸ ਪਿੱਛੋਂ ਹਮਲੇ ਕਰ ਕੇ ਦੇਸਾਂ ਉੱਤੇ ਕਬਜ਼ੇ ਕਰੋ। ਸਭ ਤੋਂ ਵੱਡੀ ਗੱਲ, ਇਨ੍ਹਾਂ ਦੇਸਾਂ ਦੇ ਅੰਦਰੋਂ ਕਦੇ ਵਿਰੋਧੀ ਲਹਿਰਾਂ ਨਾ ਉੱਠ ਪੈਣ, ਏਸ ਲਈ ਡੀ. ਯੂ. ਹਥਿਆਰਾਂ ਦੇ ਨਾਲ ਸਦੀਵੀ ਘਾਣ ਕਰੋ। ਕੁਲ ਵੱਸੋਂ ਨੂੰ ਅਗਲੇ ਦਹਾਕਿਆਂ ਅੰਦਰ ਬੇਅੰਤ ਰੇਡੀਏਸ਼ਨ ਰੋਗਾਂ ਦੇ ਵਿਚ ਡੋਬ ਦੇਵੋ। ਅਫ਼ਗਾਨਿਸਤਾਨ ਅਤੇ ਇਰਾਕ ਅੰਦਰੋਂ ਅਮਰੀਕੀ ਨਾਟੋ ਫ਼ੌਜਾਂ ਨੇ ਕਦੇ ਨਹੀਂ ਨਿਕਲਣਾ, ਏਸ ਵਾਰ ਸਾਮਰਾਜ ਆਪਣੇ ਵੱਲੋਂ, ਸਦਾ ਦੇ ਲਈ ਆਇਆ ਹੈ। ਲੜਾਈ ਕਰਨ ਲਈ

ਸਾਹਮਣੇ ਕੋਈ ਫ਼ੌਜ ਤਾਂ ਹੈ ਨਹੀਂ, ਇਸ ਲਈ 'ਮੁਸਲਿਮ ਅੱਤਵਾਦ' ਨਾਂ ਦੇ ਹਊਏ ਦੇ ਨਾਲ ਪਛਾਵਾਂ-ਜੰਗ ਕਰਨ ਦੀ ਖੇਡ ਜਾਰੀ ਹੈ। ਆਪਣਾ ਅਤੇ ਦੇਸ ਦਾ ਸਵੈਮਾਣ ਕਾਇਮ ਕਰਨ ਵਾਲੇ ਘੁਲਾਟੀਆਂ ਦੀ ਅਫ਼ਗ਼ਾਨਿਸਤਾਨ ਅੰਦਰ ਕੋਈ ਕਮੀ ਨਹੀਂ। ਉਨ੍ਹਾਂ ਵੱਲੋਂ ਗੁਰੀਲਾ ਲੜਾਈ ਕਦੇ ਬੰਦ ਨਹੀਂ ਹੋਣੀ। ਲੱਖਾਂ ਅਮਰੀਕੀ ਨਾਟੋ ਫ਼ੌਜੀ ਅਤੇ ਭਾੜੇ ਦੇ ਲੜਾਕੇ (ਕੰਟ੍ਰੈਕਟਰ), ਕਰੀਬ 700 ਫ਼ੌਜੀ ਅੱਡਿਆਂ ਅੰਦਰ ਰਹਿ ਕੇ ਦੇਸ ਭਰ ਵਿਚ ਹਮਲੇ ਕਰ ਰਹੇ ਹਨ। ਇਨ੍ਹਾਂ ਅੱਡਿਆਂ ਦੀ ਉਸਾਰੀ, ਦੱਖਣੀ ਏਸ਼ੀਆ ਦੇ ਡਾਲਰਾਂ ਦੇ ਭੁੱਖੇ ਦੇਸਾਂ ਤੋਂ ਬੇਅੰਤ ਕਾਮੇ ਅਤੇ ਕਾਰੀਗਰ ਕਰ ਰਹੇ ਹਨ। ਅਫ਼ਗ਼ਾਨੀ ਕਾਮਿਆਂ ਉੱਤੇ ਉਨ੍ਹਾਂ ਨੂੰ ਘੱਟ ਇਤਬਾਰ ਹੈ।

ਅਫ਼ਗ਼ਾਨਿਸਤਾਨ ਉੱਤੇ ਕੀਤੇ ਕਬਜ਼ੇ ਦੇ ਸੇਧ ਨਿਸ਼ਾਨੇ ਸਾਫ਼ ਦਿਸਦੇ ਹਨ। ਇਕ, ਨਾਲ ਲਗਦੇ ਕਦੇ ਸੋਵੀਅਤ ਰੀਪਬਲਿਕਾਂ ਅੰਦਰੋਂ ਤੇਲ ਅਤੇ ਗੈਸ ਕੱਢਣ ਲਈ ਪਾਈਪ ਲਾਈਨਾਂ ਵਿਛਾਉਣਾ। ਦੂਜਾ, ਛੇ ਦਹਾਕਿਆਂ ਤੋਂ ਸ਼ੁਰੂ ਕੀਤੀ ਹੋਈ ਕਸ਼ਮੀਰ ਦੀ ਸਮੱਸਿਆ ਨੂੰ ਸੇਕੀ ਜਾਣਾ। ਤੀਜਾ, ਪਾਕਿਸਤਾਨੀ ਬਲੋਚਿਸਤਾਨ ਅੰਦਰ, ਉਥੋਂ ਦੀ ਨਵ-ਉਸਾਰੀ ਬੰਦਰਗਾਹ 'ਗਵਾਧਰ' ਅਤੇ ਉਥੋਂ ਨਿਕਲਦੀ, ਚੀਨ ਨੂੰ ਜਾਂਦੀ ਸੜਕ ਉੱਤੇ ਕਬਜ਼ਾ ਕਰਨਾ। ਏਸ ਨੇਕ ਕੰਮ ਲਈ ਬਲੋਚਿਸਤਾਨ ਨੂੰ ਪਾਕਿਸਤਾਨ ਤੋਂ ਅੱਡ ਕਰ ਕੇ ਇਕ 'ਆਜ਼ਾਦ ਡੈਮੋਕ੍ਰੇਸੀ' ਹੋਂਦ ਵਿਚ ਆਉਣ ਦੀ ਸੰਭਾਵਨਾ ਹੈ। ਅਜਿਹੀ ਨਵੀਂ ਸ਼ਤਰੰਜੀ ਚਾਲ ਅਤੇ ਪੈਦਾ ਹੁੰਦੀ ਅਸਥਿਰਤਾ ਸਾਡੇ ਲਈ ਕਿਸੇ ਖ਼ੁਸ਼ੀ ਦਾ ਸਬੱਬ ਨਹੀਂ ਹੈ। ਸਾਡੇ ਆਪਣੇ ਸ਼ਤਰੰਜੀਆਂ ਨੂੰ ਆਪ ਸੋਚਣਾ ਚਾਹੀਦਾ ਹੈ ਕਿ ਸਹਿਮਵਾਦ/'ਹਊਆਵਾਦ' ਦੇ ਖ਼ਿਲਾਫ਼ ਜੰਗ ਨੂੰ ਸਰਹੱਦਾਂ ਟੱਪ ਕੇ ਸਾਡੇ ਆਪਣੇ ਦੇਸ ਅੰਦਰ ਆਉਂਦਿਆਂ ਕਿੰਨੀ ਕੁ ਦੇਰ ਲੱਗੇਗੀ ? 'ਇਕ ਆਲਮੀ ਨਿਜ਼ਾਮ' ਦੀ ਫ਼ੌਜੀ ਮੁਹਿੰਮ ਨੇ ਸਾਡੀਆਂ ਸਰਹੱਦਾਂ ਉੱਤੇ ਆ ਕੇ ਰੁਕ ਨਹੀਂ ਜਾਣਾ। ਸਾਨੂੰ ਵੀ ਰਲਾਇਆ ਜਾਵੇਗਾ, ਭਾਵੇਂ ਕੁੱਟ ਕੇ ਜਾਂ ਫਿਰ ਕੁੱਟ ਦੇ ਡਰ ਹੇਠ, ਰਜ਼ਾਮੰਦੀ ਦੇ ਨਾਲ। ਐਸ ਵੇਲੇ ਤੇਲ ਅਤੇ ਗੈਸ ਭਰਪੂਰ ਜਿਨ੍ਹਾਂ ਦੇਸਾਂ ਅੰਦਰ, ਅਮਰੀਕਾ ਦੇ ਖ਼ਰਚੇ ਉੱਤੇ 'ਸ਼ਹਿਰੀ ਜੰਗਾਂ' ਜਾਰੀ ਹਨ, ਉਨ੍ਹਾਂ ਦੇ ਨਾਂ ਹਨ ਨਾਈਜੀਰੀਆ, ਸੂਡਾਨ, ਕੋਲੰਬੀਆ, ਸੋਮਾਲੀਆ, ਯਮਨ ਅਤੇ ਏਥੋਂ ਤਕ ਕਿ ਰੂਸ ਅੰਦਰ ਚੇਚਨੀਆਂ ਵਿਚ ਵੀ। ਸਾਨੂੰ ਉਜਾੜਨ ਲਈ, ਬੂਟਿਆਂ ਵਿੱਚੋਂ ਤੇਲ ਕੱਢ ਕੇ ਯੂਰਪ ਨੂੰ ਵੇਚਣ ਦੀਆਂ ਖੋਟੀਆਂ ਸਕੀਮਾਂ ਲਈ ਜਤਨ ਜਾਰੀ ਹਨ। ਅਖੇ 'ਜਲਟ੍ਰੋਪਾ ਕਰਕਸ' ਉਗਾਉ (ਅੰਨ ਦੀ ਥਾਂ) ਅਤੇ ਤੇਲ ਦੀ ਖੱਟੀ ਖਾਉ।

# ਰਿੰਗਵਰਮ ਚਿਲਡਰਨ
# ਅਰਥਾਤ 'ਧੱਦਰ ਵਾਲੇ ਬੱਚੇ'

ਪਸ਼ੂਆਂ ਅਤੇ ਬਨਸਪਤੀ ਅੰਦਰ ਖ਼ਾਸ ਗੁਣ ਲਿਆਉਣ ਅਤੇ ਕਈ ਸਮਝੇ ਜਾਂਦੇ ਔਗੁਣਾਂ ਨੂੰ ਕੱਢਣ ਲਈ, ਆਦਮੀ ਵੱਲੋਂ ਕਈ ਤਜਰਬੇ ਕੀਤੇ ਜਾਂਦੇ ਰਹੇ ਹਨ। ਧਰਤੀ ਦੇ ਬੇਅੰਤ ਫੈਲਾਅ ਦੇ ਅੰਦਰ, ਆਦਮੀ ਦੀਆਂ ਇਹ ਕੋਸ਼ਿਸ਼ਾਂ ਕੇਵਲ ਪਾਲਤੂ ਜਾਨਵਰਾਂ ਅਤੇ ਬੂਟਿਆਂ ਤਕ ਹੀ ਸੀਮਤ ਹੁੰਦੀਆਂ ਹਨ। ਧਰਤੀ ਦੇ ਉੱਤੇ ਨਸਲ-ਸੁਧਾਈ ਦਾ ਖੇਤਰ ਵੀ ਅਤਿ ਛੋਟਾ ਸੀਮਤ ਜੇਹਾ ਹੁੰਦਾ ਹੈ।

ਕਈ ਮੂਰਖ ਰਾਜਿਆਂ, ਹਕੂਮਤਾਂ ਅਤੇ ਤਾਨਾਸ਼ਾਹੀਆਂ ਨੇ ਇਨਸਾਨਾਂ ਅੰਦਰ ਨਸਲ ਸੁਧਾਰ ਕਾਰਜ ਸ਼ੁਰੂ ਕੀਤੇ। ਊਜ ਲਾਈ ਜਾਂਦੀ ਹੈ ਕਿ ਹਿਟਲਰ ਨੇ ਸ਼ੁੱਧ ਆਰੀਅਨ ਨਸਲ ਦੀ ਤਿਆਰੀ ਆਰੰਭ ਕੀਤੀ। ਇਨਸਾਨ ਦੇ ਸੰਬੰਧ ਵਿਚ ਕਿਹੜਾ ਸਾਇੰਸਦਾਨ ਜਾਂ ਡਿਕਟੇਟਰ ਫ਼ੈਸਲਾ ਕਰ ਸਕਦਾ ਹੈ ਕਿ ਆਉਂਦੀਆਂ ਇਨਸਾਨੀ ਪੀੜ੍ਹੀਆਂ ਅੰਦਰ ਕੀ ਗੁਣ ਹੋ ਸਕਦੇ ਹਨ ? ਇਹ ਵੀ ਕਿਵੇਂ ਪੱਕਾ ਕੀਤਾ ਜਾ ਸਕਦਾ ਹੈ ਕਿ ਨਵੀਂ ਪੀੜ੍ਹੀ ਹੁਣ ਦੀ ਸੋਚ ਅਨੁਸਾਰ ਚੰਗੇਰੀ ਜਾਂ ਮੰਦੇਰੀ ਨਿਕਲੇਗੀ ? ਹਿਟਲਰ ਦੀਆਂ ਚਰਚਿਤ ਮੰਦ ਕੋਸ਼ਿਸ਼ਾਂ, ਜਰਮਨੀ ਦੇ ਹਾਰ ਜਾਣ ਨਾਲ ਖ਼ਤਮ ਹੋ ਗਈਆਂ।

ਦੂਜੀ ਵਿਸ਼ਵ ਜੰਗ ਪਿੱਛੋਂ ਇਕ ਨਵਾਂ ਦੇਸ ਧੱਕੇ ਨਾਲ ਪੈਦਾ ਹੋਇਆ, ਮੱਧ ਏਸ਼ੀਆ ਅੰਦਰ-ਇਸਰਾਈਲ। ਸ਼ੁਰੂ ਵਿਚ ਯਹੂਦੀਆਂ ਦੀ ਗਿਣਤੀ ਨਾਮ-ਮਾਤਰ ਹੀ ਸੀ। ਇਸ ਨੂੰ ਯਹੂਦੀਆਂ ਦੀ ਬਹੁਗਿਣਤੀ ਵਾਲਾ ਦੇਸ਼ ਬਣਾਉਣ ਲਈ, ਦੁਨੀਆਂ ਦੇ ਕੁਲ ਯਹੂਦੀਆਂ ਨੂੰ ਇਸਰਾਈਲ ਵਿਖੇ ਆ ਕੇ ਵੱਸ ਜਾਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ।

ਪੁਰਾਣੇ ਸਮਿਆਂ ਵਿਚ ਬੇਅੰਤ ਅਸਲ ਯਹੂਦੀ, ਸਪੇਨ ਅਤੇ ਪੁਰਤਗਾਲ ਤੋਂ, ਅਫ਼ਰੀਕਾ ਅੰਦਰ ਮੁਸਲਿਮ ਦੇਸ, ਮੋਰਾਕੋ ਵਿਚ ਜਾ ਵੱਸੇ ਸਨ। ਉਥੇ ਉਨ੍ਹਾਂ ਦਾ ਚੰਗਾ ਮਾਣ ਸੀ ਅਤੇ ਹਕੂਮਤ ਅੰਦਰ ਉਨ੍ਹਾਂ ਦੇ ਕਈ ਵਜ਼ੀਰ ਵੀ ਸਨ। ਦੂਜੀ ਵਿਸ਼ਵ ਜੰਗ ਖ਼ਤਮ ਹੋਣ ਉੱਤੇ ਚੋਖੇ ਅਮੀਰ ਯਹੂਦੀ, ਮੋਰਾਕੋ ਛੱਡ ਕੇ ਯੂਰਪ ਵਿਚ ਵਾਪਸ ਜਾ ਵੱਸੇ। ਘੱਟ ਵਿੱਤੀ ਪਹੁੰਚ ਵਾਲੇ ਯਹੂਦੀ ਵੀ ਵੇਖੋ-ਵੇਖੀ ਮੋਰਾਕੋ ਨੂੰ ਛੱਡਣ ਲੱਗ ਪਏ। ਇਸਰਾਈਲ ਯੂਰਪ ਨਾਲੋਂ ਕਿਤੇ ਸਸਤਾ ਸੀ ਅਤੇ ਉਥੋਂ ਦੀ ਸਰਕਾਰ, ਬਾਹਵਾਂ ਖੋਲ੍ਹੀ ਉਨ੍ਹਾਂ ਦੀ ਉਡੀਕ ਕਰ ਰਹੀ ਸੀ। ਨਤੀਜਾ, ਬੇਅੰਤ ਯਹੂਦੀ ਮੋਰਾਕੋ ਅਤੇ ਮੱਧ ਏਸ਼ੀਆ ਤੋਂ ਇਸਰਾਈਲ ਪਹੁੰਚ ਗਏ, ਜਿਨ੍ਹਾਂ ਵਿਚ ਚੋਖੇ ਬੱਚੇ ਵੀ ਸਨ।

ਅੱਜ ਤੋਂ ਤਿੰਨ ਸਾਲ ਪਹਿਲਾਂ, ਇੰਟਰਨੈੱਟ ਫਰੋਲਦਿਆਂ ਮੇਰੀ ਨਜ਼ਰ ਪਈ "ਰਿੰਗਵਰਮ ਚਿਲਡਰਨ" ਫ਼ਿਲਮ ਦੀ ਖ਼ਬਰ ਉੱਤੇ। ਲਿਖਿਆ ਸੀ ਕਿ ਇਸ ਫ਼ਿਲਮ ਨੂੰ ਕਿਸੇ ਅੰਤਰਰਾਸ਼ਟਰੀ ਮੇਲੇ ਵਿਚ ਉੱਚਤਮ ਦਸਤਾਵੇਜ਼ੀ ਫ਼ਿਲਮ ਦਾ ਇਨਾਮ ਮਿਲਿਆ ਹੈ। ਇੰਟਰਨੈੱਟ ਤੋਂ ਫ਼ਿਲਮ ਵਿਕਰੇਤਾ ਦਾ ਪਤਾ ਲੈ ਕੇ ਇਕ ਸੀ.ਡੀ. ਖ਼ਰੀਦਣ ਦੀ ਕੋਸ਼ਿਸ਼ ਕੀਤੀ ਤਾਂ ਜਵਾਬ ਆਇਆ ਕਿ ਭਾਰਤ ਅੰਦਰ ਉਸਦੀ ਵਿਕਰੀ ਦੀ ਮਨਾਹੀ ਸੀ। ਫਿਰ ਤਾਂ ਮੈਂ ਪੱਕਾ ਮਨ ਬਣਾ ਲਿਆ ਇਹ ਸੀ.ਡੀ. ਲੈਣ ਦਾ। ਇਹ ਫ਼ਿਲਮ ਕਿਸੇ ਅਮਰੀਕਨ ਹੱਥੋਂ ਖ਼ਰੀਦਵਾ ਕੇ, ਮੇਰੇ ਹੱਥ ਪਹੁੰਚ ਗਈ। ਹੁਣ ਤਾਂ ਇਹ ਚਾਲੀ ਮਿੰਟ ਦੀ ਫ਼ਿਲਮ ਯੂ ਟਿਊਬ ਵਿਚ ਹਰ ਕੋਈ ਵੇਖ ਸਕਦਾ ਹੈ। ਫ਼ਿਲਮ ਦਾ ਨਾਂ ਹੈ : Ringworm Children.

ਇਸ ਫ਼ਿਲਮ ਦਾ ਸੰਬੰਧ ਰੇਡੀਏਸ਼ਨ ਕਿਰਨਾਂ ਦੇ ਨਾਲ ਹੈ, ਜੋ ਐਟਮ ਬੰਬ ਅਤੇ ਐਕਸ-ਰੇ ਮਸ਼ੀਨਾਂ ਅੰਦਰੋਂ ਨਿਕਲਦੀਆਂ ਹਨ। 1951 ਸੰਨ ਵਿਚ ਕੁਲ ਸਾਇੰਸੀ ਦੁਨੀਆਂ ਨੂੰ, ਬੱਚਿਆਂ ਅੰਦਰ ਇਨ੍ਹਾਂ ਕਿਰਨਾਂ ਦੇ ਥੋੜ੍ਹੇ ਅਤੇ ਲੰਮੇ ਸਮੇਂ ਦੇ ਮਾਰੂ ਅਸਰਾਂ ਦਾ ਪੂਰਾ ਪਤਾ ਸੀ। ਉਨ੍ਹੀਂ ਦਿਨੀਂ ਅਮਰੀਕੀ ਸਰਕਾਰ ਨੇ ਸ਼ਹਿਰੀ ਕੈਦੀਆਂ ਦੇ ਉੱਤੇ ਜਬਰੀ ਰੇਡੀਏਸ਼ਨ ਦੇ ਨਾਲ ਨਸਲ-ਸੁਧਾਰ ਜਹੇ ਟੈਸਟਾਂ ਉੱਤੇ ਪਾਬੰਦੀ ਲਾਈ ਹੋਈ ਸੀ। ਪਰ ਉਹ ਇਨਸਾਨੀ ਚੂਹਿਆਂ ਉੱਤੇ ਚੋਖੇ ਪ੍ਰਮਾਣੂ ਅਤੇ ਹੋਰ ਟੈਸਟਾਂ ਨੂੰ ਪਰਤਾਉਣ ਲਈ ਬਹੁਤ ਇਛੁੱਕ ਸੀ।

ਐਨ ਏਸੇ ਸਮੇਂ ਇਸਰਾਈਲੀ ਸਰਕਾਰ ਨਾ-ਖ਼ੁਸ਼ ਸੀ, ਬੇਅੰਤ ਗ਼ਰੀਬ ਮੱਧ ਏਸ਼ੀਆਈ ਅਤੇ ਖ਼ਾਸ ਤੌਰ 'ਤੇ ਮੋਰਾਕੋ ਤੋਂ ਆਦਿ-ਯਹੂਦੀਆਂ ਦੀ ਵਾਪਸੀ 'ਤੇ। ਇਸਰਾਈਲੀ ਸਿਹਤ ਮੰਤਰਾਲੇ ਦੇ ਡਾਇਰੈਕਟਰ ਡਾ. ਚਾਲਮ ਸ਼ੇਬਾ ਨੇ ਆਪਣੀ ਸਰਕਾਰ ਵੱਲੋਂ ਅਮਰੀਕਾ ਦੇ ਨਾਲ ਇਕ ਸਮਝੌਤਾ ਕੀਤਾ ਜਿਸ ਅਨੁਸਾਰ ਚੋਖੇ ਪੈਸੇ ਬਦਲੇ, ਇਨਸਾਨਾਂ ਉੱਤੇ ਰੇਡੀਏਸ਼ਨ ਟੈਸਟ ਕੀਤੇ ਜਾਣੇ ਅਤੇ ਉਨ੍ਹਾਂ ਦੇ ਖੋਜ ਨਤੀਜੇ ਅਮਰੀਕਾ ਨੂੰ ਸੌਂਪੇ ਜਾਣੇ ਸਨ। ਅਮਰੀਕਾ ਤੋਂ ਵਾਪਸੀ ਸਮੇਂ ਡਾ. ਸ਼ੇਬਾ ਆਪਣੇ ਨਾਲ ਅਮਰੀਕਨ ਫ਼ੌਜ ਤੋਂ ਬਖ਼ਸ਼ੀਆਂ ਸੱਤ ਸ਼ਕਤੀਸ਼ਾਲੀ ਐਕਸ-ਰੇ ਮਸ਼ੀਨਾਂ ਲੈ ਕੇ ਆਇਆ।

ਇਨ੍ਹਾਂ ਮਸ਼ੀਨਾਂ ਨੂੰ ਅਫ਼ਰੀਕਾ ਤੋਂ ਆਏ 'ਸ਼ਫਾਰਡੀ' ਆਦਿ-ਯਹੂਦੀ ਨਸਲ ਦੇ ਬੱਚਿਆਂ ਦੀ ਪੂਰੀ ਪੀੜ੍ਹੀ ਉੱਤੇ ਵਰਤਿਆ ਜਾਣਾ ਸੀ। ਮੁੱਖ ਨਿਸ਼ਾਨਾ ਇਹ ਸੀ ਕਿ ਇਨ੍ਹਾਂ ਗ਼ਰੀਬੜਿਆਂ ਦੀ ਅੱਗੋਂ ਨਸਲ ਖ਼ਤਮ ਕੀਤੀ ਜਾਵੇ। ਦੂਜਾ, ਹਰ ਇਕ ਬੱਚੇ ਉੱਤੇ ਰੇਡੀਏਸ਼ਨ ਲਾਉਣ ਪਿੱਛੇ ਇਸਰਾਈਲ ਨੂੰ ਤਿੰਨ ਲੱਖ 'ਲੀਰਾ' ਮਿਲਣੇ ਸਨ (ਅੱਜ ਦੇ ਹਿਸਾਬ ਅੰਦਰ ਕਈ ਬਿਲੀਅਨ ਡਾਲਰ)। ਡਾ. ਸ਼ੇਬਾ ਨੇ ਹੁਕਮ ਕੱਢਿਆ ਕਿ ਕੁਲ ਉੱਤਰੀ ਅਫ਼ਰੀਕਾ ਤੋਂ ਆਏ ਬੱਚਿਆਂ ਨੂੰ ਹੈਲਥ ਸੈਂਟਰਾਂ ਅੰਦਰ ਪੇਸ਼ ਕੀਤਾ ਜਾਵੇ ਜਿਥੇ ਉਨ੍ਹਾਂ ਦੇ ਰਿੰਗਵਰਮ (ਧੱਦਰ) ਦਾ ਇਲਾਜ ਰੇਡੀਏਸ਼ਨ ਦੇ ਨਾਲ ਕੀਤਾ ਜਾਵੇਗਾ। ਰਿੰਗਵਰਮ ਹੋਵੇ ਜਾਂ ਨਾ ਹੋਵੇ, ਇਲਾਜ ਲਾਜ਼ਮੀ ਸੀ। ਉਨ੍ਹਾਂ ਸਮਿਆਂ ਵਿਚ ਇਸ ਮਾਮੂਲੀ ਰੋਗ ਦਾ ਇਲਾਜ ਘਰੇਲੂ ਸਿਰਕਾ ਲਗਾ ਕੇ ਕੀਤਾ ਜਾਂਦਾ ਸੀ। ਹਰ ਇਕ ਬੱਚੇ ਦੇ ਸਿਰ ਨੂੰ ਵੱਧ ਤੋਂ ਵੱਧ ਐਕਸ-ਰੇ ਦੀ ਇਜਾਜ਼ਤੀ ਮਾਤਰਾ ਦੇ ਨਾਲੋਂ ਵੀ 35,000 ਗੁਣਾ ਵਧੀਕ ਰੇਡੀਏਸ਼ਨ ਦੇਣੀ ਤੈਅ ਸੀ।

ਮਾਪਿਆਂ ਨੂੰ ਉੱਲੂ ਬਣਾਉਣ ਲਈ ਦੱਸਿਆ ਗਿਆ ਕਿ ਬੱਚਿਆਂ ਨੂੰ ਸਕੂਲ-ਸੈਰ ਉੱਤੇ ਲਿਜਾਇਆ ਜਾ ਰਿਹਾ ਹੈ। ਪਿੱਛੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਸਿਰ ਦੀ ਰਿੰਗਵਰਮ ਦਾ ਇਲਾਜ ਕੀਤਾ ਗਿਆ ਹੈ। ਛੇ ਹਜ਼ਾਰ ਬੱਚੇ ਤਾਂ ਪੂਰੀ ਰੇਡੀਏਸ਼ਨ ਖ਼ੁਰਾਕ ਲੈਣ ਤੋਂ ਪਿੱਛੋਂ ਕੁਝ ਹਫ਼ਤਿਆਂ ਦੇ ਅੰਦਰ ਹੀ ਮਰ ਗਏ। ਬਾਕੀਆਂ ਨੂੰ ਬੇਅੰਤ ਰੋਗ ਲੱਗੇ—ਮਿਰਗੀ, ਚੇਤਾ-ਗ਼ਾਇਬ, ਸਿਰ ਉੱਤੇ ਭੈੜੇ ਦਾਗ਼, ਚਿਹਰੇ ਅਤੇ ਸਰੀਰ ਦੀ ਚਮੜੀ ਉੱਤੇ ਸਕਾਰ, ਦੰਦਾਂ ਅਤੇ ਵਾਲਾਂ ਦਾ ਝੜਨਾ, ਬੇਅੰਤ ਸਿਰ ਪੀੜਾਂ, ਦਿਮਾਗ਼ੀ ਅਸੰਤੁਲਨ ਅਤੇ ਕਈ ਤਰ੍ਹਾਂ ਦੇ ਕੈਂਸਰ।

ਦਸਤਾਵੇਜ਼ੀ ਫ਼ਿਲਮ ਵਿਚ ਸਿਹਤ ਅਮਲੇ ਦੇ ਲੋਕਾਂ ਨੇ ਬਿਆਨ ਦਿੱਤੇ ਹਨ ਕਿ ਬੱਚਿਆਂ ਉੱਤੇ ਜ਼ੁਲਮ ਕਿਵੇਂ ਕੀਤੇ ਗਏ। ਬਿਨਾਂ ਕਿਸੇ ਸਮਝਾਉਣ ਬੁਝਾਉਣ ਦੇ ਉਨ੍ਹਾਂ ਨੂੰ ਕਲੀਨਿਕ ਅੰਦਰ ਲਿਆਂਦਾ ਗਿਆ, ਜਿਥੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਮੁੰਨ ਕੇ ਵਾਲਾਂ ਦੀਆਂ ਜੜ੍ਹਾਂ ਨੂੰ ਐਕਸ-ਰੇ ਕਿਰਨਾਂ ਨਾਲ ਸਾੜ ਦਿੱਤਾ ਗਿਆ। ਨਰਸਾਂ ਨੇ ਬਿਆਨ ਦਿੱਤੇ ਹਨ ਕਿ ਕਿਵੇਂ ਰੋਂਦਿਆਂ ਕੁਰਲਾਉਂਦਿਆਂ ਬੱਚਿਆਂ ਨਾਲ ਦਰਿੰਦਗੀ ਵਾਲਾ ਸਲੂਕ ਹੋਇਆ ਸੀ। ਜਦੋਂ ਇਹ ਫ਼ਿਲਮ ਤੁਸੀਂ ਆਪ ਵੇਖੋਗੇ ਤਾਂ ਏਸ ਭਿਆਨਕ ਜ਼ੁਲਮ ਦੀ ਕੁਝ ਨਾ ਕੁਝ ਸਮਝ ਆਵੇਗੀ।

ਬਚੇ ਹੋਏ ਇਨ੍ਹਾਂ ਰੋਗੀ ਗ਼ਰੀਬੜਿਆਂ ਨੇ ਕੀ ਕਰਨਾ ਸੀ ? ਜਦੋਂ ਕੋਈ ਫ਼ਰਾਂਸ ਅੰਦਰਲੇ ਮੋਰਾਕਨ ਯਹੂਦੀਆਂ ਨਾਲ ਟਾਕਰਾ ਕਰਦਾ ਸੀ ਤਾਂ ਏਧਰੋਂ ਕਿਹਾ ਜਾਂਦਾ ਸੀ ਕਿ ਇਸਰਾਈਲ ਅੰਦਰ ਆਏ ਯਹੂਦੀ, ਗ਼ਰੀਬ ਅਤੇ ਜੁਰਮ ਪੇਸ਼ੇ ਵਾਲੇ ਟੱਬਰਾਂ ਨਾਲ ਸੰਬੰਧਿਤ ਸਨ। ਅਸਲ ਗੱਲ ਤਾਂ ਇਹ ਹੈ ਕਿ ਫ਼ਰਾਂਸ ਅੰਦਰ ਰਹਿੰਦੇ ਯਹੂਦੀ ਬੱਚਿਆਂ ਦੇ ਦਿਮਾਗ਼, ਐਕਸ-ਰੇ ਨਾਲ ਨਹੀਂ ਸਨ ਭੁੰਨੇ ਗਏ।

ਕੇਵਲ 'ਸ਼ਫਾਰਡੀ' ਬੱਚਿਆਂ ਨੂੰ ਹੀ ਐਕਸ-ਰੇ ਦਾ ਨਿਸ਼ਾਨਾ ਬਣਾਇਆ ਗਿਆ। ਕਲਾਸ ਅੰਦਰ ਜਦੋਂ ਬੱਚੇ ਦਾ ਨਾਂ ਲਿਆ ਜਾਂਦਾ ਸੀ ਤਾਂ ਅਕਸ਼ਨਾਜ਼ੀ (ਯੂਰਪੀ ਔਲਾਦ) ਬੱਚੇ ਨੂੰ ਬੈਠਣ ਲਈ ਕਿਹਾ ਜਾਂਦਾ ਸੀ, ਜਦਕਿ ਦੂਜਿਆਂ ਨੂੰ ਬੱਸਾਂ ਅੰਦਰ ਚਾੜ੍ਹ ਲਿਆ ਜਾਂਦਾ ਸੀ। ਜ਼ੀਓਨਿਸਟ 'ਹੋਲੋਕਾਸਟ' ਦਾ ਰੌਲਾ ਖ਼ੂਬ ਪਾਉਂਦੇ ਰਹਿੰਦੇ ਹਨ। ਜੋ ਉਨ੍ਹਾਂ ਨੇ ਇਨ੍ਹਾਂ ਬੱਚਿਆਂ ਦੇ ਨਾਲ ਕੀਤਾ, ਕੀ ਉਹ 'ਹੋਲੋਕਾਸਟ' ਨਹੀਂ ਸੀ ?

ਪੰਜਾਹ ਸਾਲ ਬੀਤ ਗਏ, ਬਚ ਰਹੇ ਮਜ਼ਲੂਮਾਂ ਦੀ ਆਵਾਜ਼ ਕੋਈ ਸੁਣਨ ਲਈ ਤਿਆਰ ਨਹੀਂ। ਸਰਕਾਰ ਕੋਈ ਸਹਾਇਤਾ ਨਹੀਂ ਦੇਂਦੀ। ਕੋਈ ਇਹ ਦੱਸਣ ਲਈ ਤਿਆਰ ਨਹੀਂ ਕਿ ਅਜਿਹਾ ਜ਼ੁਲਮ ਕਿਸ ਦੇ ਹੁਕਮ ਉੱਤੇ ਕੀਤਾ ਗਿਆ। ਸਿਹਤ ਮੰਤਰਾਲਾ ਕਹਿੰਦਾ ਹੈ ਕਿ ਉਨ੍ਹਾਂ ਦੇ ਰਿਕਾਰਡ ਕਿਸੇ ਅੱਗ ਵਿਚ ਸੜ ਗਏ ਹਨ।

ਫ਼ਿਲਮ ਨਿਰਮਾਤਾ ਦਾ ਕਹਿਣਾ ਹੈ ਕਿ ਸਰਕਾਰ ਨੂੰ ਖ਼ੂਬ ਪਤਾ ਹੈ ਕਿ ਏਸ ਪ੍ਰੋਗਰਾਮ ਦਾ ਫ਼ਾਇਦਾ ਕਿਸ ਨੂੰ ਹੋਇਆ। ਕਈ ਬਿਲੀਅਨ ਡਾਲਰਾਂ ਨੂੰ ਹੱਥ ਵਿਚ ਲਿਆਉਣ ਵਾਲੇ 'ਅਲੀਜ਼ਰ' ਦੇ ਨਾਂ ਉੱਤੇ ਇਕ ਹਸਪਤਾਲ ਖੋਲ੍ਹਿਆ ਹੋਇਆ ਹੈ।

ਡਾ. ਚਾਲਮ ਸ਼ੇਬਾ ਦੇ ਨਾਂ ਉੱਤੇ ਇਕ ਪੂਰਾ ਮੈਡੀਕਲ ਕੰਪਲੈਕਸ ਬਣਿਆ ਹੋਇਆ ਹੈ, ਜਿਸ ਨੇ ਬੱਚਿਆਂ ਦੀ ਫ਼ਰਜ਼ੀ ਰਿੰਗਵਰਮ ਦਾ ਇਲਾਜ ਭਿਆਨਕ ਅਤੇ ਮਾਰੂ ਐਕਸ-ਰੇ ਮਾਤਰਾ ਨਾਲ ਕਰਵਾਇਆ। ਮਹਾਨ ਡਾਕਟਰ ਸੀ ਉਹ!

ਇਸਰਾਈਲੀ ਟੀ.ਵੀ. ਉੱਤੇ ਇਹ ਫ਼ਿਲਮ ਸਿਰਫ਼ ਇਕ ਹੀ ਵਾਰ ਵਿਖਾਈ ਗਈ। ਉਸ ਤੋਂ ਪਿੱਛੋਂ ਕਿਸੇ ਅਖ਼ਬਾਰ ਵਿਚ ਵੀ ਇਸ ਦੇ ਨਾਂ ਦੀ ਭਿਣਕ ਨਹੀਂ ਪਈ। ਗ਼ਲਤੀ ਨਾਲ ਇਕ ਵਾਰ ਵਿਖਾਈ ਏਸ ਤਰ੍ਹਾਂ ਗਈ ਕਿਉਂਕਿ ਇਸ ਨੂੰ ਅੰਤਰਰਾਸ਼ਟਰੀ ਐਵਾਰਡ ਮਿਲਿਆ ਸੀ।

ਇਸਰਾਈਲ ਉੱਤੇ ਯੂਰਪੀ ਅਕਸ਼ਨਾਜ਼ੀਆਂ ਦਾ ਰਾਜ ਹੈ। ਅਫ਼ਰੀਕਾ ਦੇ ਦੇਸ ਮੋਰਾਕੋ ਅੰਦਰ ਹਜ਼ਾਰਾਂ ਸਾਲ ਤੋਂ ਰਹਿ ਰਹੇ (ਭਾਵੇਂ ਉਹ ਪੁਰਤਗਾਲੀ ਅਤੇ ਸਪੇਨੀ ਮੂਲ ਦੇ ਹੀ ਸਨ) ਆਦਿ ਯਹੂਦੀਆਂ ਦੀਆਂ ਰਸਮਾਂ ਵਾਲਿਆਂ ਦੇ ਕੁਲ ਬੱਚਿਆਂ ਨੂੰ ਰੇਡੀਏਸ਼ਨ ਦੇ ਨਾਲ ਮਾਰ ਮੁਕਾਉਣਾ ਜਾਂ ਬਾਂਝ ਕਰ ਦੇਣਾ, ਨਸਲ-ਸੁਧਾਰ ਨੀਤੀ ਵਾਲੀ, ਇਨਸਾਨੀਅਤ ਤੋਂ ਡਿੱਗੀ ਹੋਈ ਇਕ ਸਿਆਸੀ ਚਾਲ ਸੀ। ਯਾਦ ਰਹੇ ਅਕਸ਼ਨਾਜ਼ੀ ਯਹੂਦੀਆਂ ਦੇ ਵੱਡੇ ਵਡੇਰਿਆਂ ਦੇ ਇਸਰਾਈਲ ਦੇ ਨਾਲ ਕੋਈ ਸੰਬੰਧ ਨਹੀਂ ਸਨ। ਇਹ ਲੋਕ ਅੱਜ ਦੇ ਜਿਓਰਜੀਆ ਦੇਸ ਵਿੱਚੋਂ ਸਤਵੀਂ ਸਦੀ ਵਿਚ ਯੂਰਪ ਵੱਲ ਖਿਲਰਨੇ ਸ਼ੁਰੂ ਹੋਏ ਸਨ। ਯਹੂਦੀ ਇੰਜ ਬਣੇ ਕਿਉਂਕਿ ਉਨ੍ਹਾਂ ਦੇ ਰਾਜੇ ਨੇ ਆਪਣੇ ਆਪ ਨੂੰ ਯਹੂਦੀ ਕਹਿਣਾ ਸ਼ੁਰੂ ਕੀਤਾ ਅਤੇ ਸਾਰੀ ਰਿਆਇਆ ਨੂੰ ਇੰਜ ਕਰਨ ਦਾ ਹੁਕਮ ਦਿੱਤਾ।

'ਰਿੰਗਵਰਮ ਚਿਲਡਰਨ' ਇਸਰਾਈਲੀ ਜ਼ੀਓਨਿਸਟ ਨੇਤਾਵਾਂ ਦੀ ਦਿਮਾਗ਼ੀ ਬਣਤਰ ਦਾ ਸੰਕੇਤ ਦਿੰਦੀ ਹੈ। ਜਿਹੜੇ ਸੰਗਠਨ ਕਹਿਣ ਨੂੰ ਆਪਣੇ ਹੀ ਦੇਸ ਦੇ, ਸਹਿ-ਧਰਮੀ ਸ਼ਹਿਰੀਆਂ ਉੱਤੇ ਵਹਿਸ਼ੀਆਨਾ ਜ਼ੁਲਮ ਕਰ ਸਕਦੇ ਹਨ, ਉਹ ਹੋਰਨਾਂ 'ਦੁਸ਼ਮਣਾਂ' 'ਦੋਸਤਾਂ' ਦੀਆਂ ਭਾਵਨਾਵਾਂ ਜਾਂ ਹੱਕਾਂ ਦੀ ਕੀ ਕਦਰ ਕਰਦੇ ਹੋਣਗੇ ? ਸਾਨੂੰ ਆਪਣੇ ਗਰੇਬਾਨ ਅੰਦਰ ਸਿਰ ਨੀਵਾਂ ਕਰ ਕੇ ਝਾਤੀ ਮਾਰਨ ਦੀ ਲੋੜ ਹੈ। ਵਕਤ ਦੀ ਇਹੀ ਮੰਗ ਹੈ।

# ਰੋਥਚਾਈਲਡ ਆਕਟੋਪਸ/ਤੇਂਦੂਆ ਅਤੇ ਭੂਗੋਲਿਕ ਸਮਾਜ

ਰੋਥਚਾਈਲਡ ਪਰਿਵਾਰ ਦਾ ਇਕ ਪੂਰਨ ਅਦਿੱਖ ਸਾਮਰਾਜ ਹੈ, ਜਿਸ ਦੀ ਹੋਂਦ ਲਈ ਮਿੱਠੇ ਅਤੇ ਨਰਮ ਸ਼ਬਦ ਵਰਤੇ ਜਾਂਦੇ ਹਨ—ਮਾਰਕਸਿਜ਼ਮ, ਗਲੋਬਲਿਜ਼ਮ ਜਾਂ ਭੂਗੋਲਵਾਦ, ਨਵਾਂ ਵਿਸ਼ਵ ਨਿਜ਼ਾਮ, ਖੁਲ੍ਹਦਿਲਾ ਸਮਾਜ ਆਦਿ। ਰੋਥਚਾਈਲਡ ਕਦੇ ਮਰਦੇ ਨਹੀਂ ਸਗੋਂ ਇਤਿਹਾਸ ਅੰਦਰੋਂ ਮਲਕੜੇ ਜਿਹੇ ਖਿਸਕ ਜਾਂਦੇ ਹਨ ਅਤੇ ਚੁੱਪ ਕੀਤੇ ਉਨ੍ਹਾਂ ਦੇ ਥਾਂ ਉਨ੍ਹਾਂ ਦੇ ਪੁੱਤਰ ਅਤੇ ਪੋਤਰੇ ਆ ਜਾਂਦੇ ਹਨ।

ਖ਼ਬਰ ਆਉਂਦੀ ਹੈ : "ਬਜ਼ੁਰਗ ਜੈਕਬ ਚਲਾ ਗਿਆ।" ਉਹਦੀ ਥਾਂ ਆਉਂਦੇ ਹਨ ਨਾਥਨ ਰੋਥਚਾਈਲਡ, ਜੋ ਇੰਗਲੈਂਡ ਅੰਦਰ ਰੋਥਚਾਈਲਡਾਂ ਦੀ ਨੀਂਹ ਰੱਖਦੇ ਹਨ। ਇਕੱਲੀ ਜਾਨ ਅਤੇ ਸਲਤਨਤ ਦਾ ਏਨਾ ਭਾਰ। ਉਸਦੀ ਮਦਦ 'ਤੇ ਆਉਂਦੇ ਹਨ ਚਾਚੇ ਐਲਵਿਨ ਅਤੇ ਐਡਮੁੰਡ ਅਤੇ ਇੰਗਲੈਂਡ ਅੰਦਰ ਪਰਿਵਾਰ ਦੀਆਂ ਹੋਰ ਟਾਹਣੀਆਂ (ਕੈਥਰੀਨ, ਐਮਾ ਲਿਓਪੋਰਡ) ਅਤੇ ਚਚੇਰੇ ਭਰਾ ਫ਼ਰਾਂਸ ਅੰਦਰੋਂ ਵੀ ਡੇਵਿਡ ਅਤੇ ਐਡੂਅਰਡ।

ਰੋਥਚਾਈਲਡ ਟੱਬਰ ਨੇ ਪੈਦਾ ਕੀਤੇ ਨੇ ਗਵਰਨਰ, ਪ੍ਰਧਾਨ ਮੰਤਰੀ, ਹੋਰ ਮੰਤਰੀ ਅਤੇ ਸਰਪ੍ਰਸਤ। ਉਹ ਧਿਆਨ ਰੱਖਦੇ ਨੇ, ਕਿ ਸਭ ਕੁਝ ਮਿਥੇ ਪਲਾਨ ਅਨੁਸਾਰ ਚੱਲ ਰਿਹਾ ਹੈ ਜਾਂ ਨਹੀਂ। ਯੂਰਪੀਅਨ ਯੂਨੀਅਨ ਕਿਸ ਨੇ ਖੜੀ ਕੀਤੀ ? ਸ਼ੂਮੈਨ, ਇਕ ਖ਼ਜ਼ਾਰੀ, ਅਕਸ਼ਨਾਜ਼ੀ ਰੋਥਚਾਈਲਡ ਦੇ ਬੰਦੇ ਨੇ। ਯੂਰਪੀ ਯੂਨੀਅਨ (ਈ.ਯੂ.) ਦਾ ਰੂਸ ਦੇ ਅੰਦਰ ਵੜਨਾ ਅਤੇ ਲੁੱਟਣਾ ਹੇਠ ਲਿਖੇ ਲੋਕਾਂ ਦੀ ਜ਼ਿੰਮੇਵਾਰੀ ਸੀ—ਸੋਰੇਸ, ਬ੍ਰੈਜ਼ੋਵਸਕੀ, ਹੋਡੋਰਕੋਵਸਕੀ, ਕੈਸਪਾਰੋਵ ਅਤੇ ਮਿੱਤਲ ਦੀ। ਨੋਟ ਕਰੋ ਕਿ ਇਹ ਆਖ਼ਰੀ ਨਾਂ ਭਾਰਤੀ ਮੂਲ ਦਾ ਹੈ। ਰੋਥਚਾਈਲਡ ਦੇ ਖ਼ਜ਼ਾਰ ਘਰਾਣੇ ਦਾ ਕਾਲਾ ਇਤਿਹਾਸ, ਉਨ੍ਹਾਂ ਦੇ ਭੂਗੋਲਿਕ ਏਜੰਟਾਂ ਦਾ ਜਾਲ ਅਤੇ ਸੰਬੰਧਿਤ ਮਸ਼ਹੂਰ ਹਸਤੀਆਂ ਦੀ ਪੜਚੋਲ ਕਰਨਾ ਇਕ ਵੱਖਰਾ ਅਤੇ ਬਹੁਤ ਵੱਡਾ ਕੰਮ ਹੈ।

ਦੂਜੇ ਵਿਸ਼ਵ ਯੁੱਧ ਪਿੱਛੋਂ ਰੋਥਚਾਈਲਡਾਂ ਦੇ ਕੰਮ ਦਾ ਢੰਗ ਬਹੁਤ ਹੀ ਖ਼ੁਫ਼ੀਆ ਹੋ ਗਿਆ ਹੈ। ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਫ਼ਰਾਂਸ ਦੇ ਅੰਦਰ ਵੱਡੇ ਪੈਮਾਨੇ ਉੱਤੇ ਅੰਗੂਰ ਉਗਾਉਣ ਅਤੇ ਬ੍ਰਿਟੇਨ ਅੰਦਰ ਬੇਅੰਤ ਦਾਨ ਦੇ ਕੰਮਾਂ ਕਾਰਨ ਜਾਣਿਆ ਜਾਵੇ। ਅਸਲ ਵਿਚ ਅੱਜ ਦੀ ਪੀੜ੍ਹੀ, ਪਿਓ ਦਾਦਿਆਂ ਦੇ ਸਦੀਆਂ ਪੁਰਾਣੇ ਮਿਸ਼ਨ ਨੂੰ ਸਿਰੇ ਚੜ੍ਹਾਉਣ ਵਿਚ ਰੁੱਝੀ ਹੋਈ ਹੈ। ਰੋਥਚਾਈਲਡ ਦੀ ਖ਼ਜ਼ਾਰੀ ਗੱਡੀ ਦਾ ਇੰਜਣ ਰੂਸ ਵੱਲ ਮੂੰਹ ਕੀਤਾ ਖੜਾ ਹੈ ਅਤੇ ਸਾਇਬੇਰੀਆ ਦੇ ਖੁੱਲ੍ਹੇ ਇਲਾਕਿਆਂ ਅੰਦਰੋਂ ਲੰਘਣਾ ਇਸ ਦਾ ਅੱਜ ਦਾ ਟੀਚਾ ਹੈ। ਏਸ ਗੱਡੀ ਉੱਤੇ ਸਵਾਰ ਹੋਣਗੇ ਨਵੇਂ ਨਾਟੋ ਦੇ ਮੈਂਬਰ ਅਤੇ ਉਹ ਲੜਨਗੇ ਲੜਾਈਆਂ ਰੋਥਚਾਈਲਡਾਂ ਦੇ ਸਾਮਰਾਜ ਵਾਸਤੇ। ਏਸ ਗੱਡੀ ਦਾ ਇਕ ਡੱਬਾ ਜੌਰਜੀਆ ਦਾ, ਅਗਸਤ 2008 ਵਿਚ ਰੂਸ ਨਾਲ ਪੰਗਾ ਲੈ ਕੇ ਲਾਈਨਾਂ ਤੋਂ ਹੇਠਾਂ ਉਤਰ ਗਿਆ ਸੀ। ਉਸ ਨੂੰ ਫਿਰ ਪਟੜੀ ਉੱਤੇ ਚੜ੍ਹਾਉਣ ਦੀ ਕੋਸ਼ਿਸ਼ ਹੋ ਰਹੀ ਹੈ।

ਰੋਥਚਾਈਲਡਾਂ ਦੇ ਨਵੇਂ ਸ਼ਹਿਨਸ਼ਾਹ ਅਤੇ ਉਸਦੇ ਵਜ਼ੀਰਾਂ ਦੀ ਵਿਰਾਸਤ ਜਾਣਨੀ ਜ਼ਰੂਰੀ ਹੈ। ਇਹ ਸਿਲਸਿਲਾ ਸ਼ੁਰੂ ਹੋਇਆ ਅਠਾਰ੍ਹਵੀਂ ਸਦੀ ਦੇ ਅੰਤ ਦੇ ਕੋਲ, ਐਮਸ਼ਲ ਰੋਥਚਾਈਲਡ ਦੇ ਨਾਲ (ਉਸਦਾ ਦੂਜਾ ਨਾਂ ਸੀ ਮੋਜ਼ੇ ਬਾਇਰ)। ਰੋਥਚਾਈਲਡ ਦਾ ਅਰਥ ਹੈ ਲਾਲ-ਢਾਲ, ਜੋ ਜਰਮਨੀ ਦੇ ਫ਼੍ਰੈਂਕਫ਼ਰਟ ਸ਼ਹਿਰ ਦੇ ਚਿੰਨ੍ਹ ਤੋਂ ਆਈ ਹੈ। ਇਹ ਸ਼ਹਿਰ ਯੂਰਪੀ ਯੂਨੀਅਨ ਦਾ ਵਿੱਤੀ ਕੇਂਦਰ ਹੈ। ਏਥੇ ਕੇਂਦਰੀ ਯੂਰਪੀ ਬੈਂਕ, ਕੁਲ ਵੱਡੇ ਯੂਰਪੀ ਬੈਂਕ ਅਤੇ ਅਮਰੀਕੀ ਬੈਂਕ ਹਨ, ਜੋ ਸਾਰੇ ਦੇ ਸਾਰੇ ਰੋਥਚਾਈਲਡ ਪਰਿਵਾਰ ਦੀ ਮੁੱਠੀ ਵਿਚ ਹਨ। ਦੁਨੀਆਂ ਦੀ ਉੱਘੀ ਸਟਾਕ ਮਾਰਕਿਟ ਹੈ "ਡਿਊਸ਼ ਬੋਰਸ" ਜਾਂ ਫ਼੍ਰੈਂਕਫ਼ਰਟ ਸਟਾਕ ਮਾਰਕਿਟ ਜੋ ਰੋਥਚਾਈਲਡਾਂ ਦੀ ਮਲਕੀਅਤ ਹੈ। ਰੋਥਚਾਈਲਡਾਂ ਦੇ ਵਿਖਾਈ ਦੇਂਦੇ ਚਿਹਰੇ ਹਨ ਪਿਆਰੇ ਨਾਵਾਂ ਵਾਲੇ "ਚਿਲਡਰਨ ਇਨਵੈਸਟਮੈਂਟ ਟਰੱਸਟ", "ਐਟੀਕਸ ਕੈਪੀਟਲ" ਅਤੇ ਉਨ੍ਹਾਂ ਦੀਆਂ ਸ਼ਾਖਾਂ "ਮੈਰਿਲ ਲਿੰਚ" ਅਤੇ "ਫਾਈਡੈਲਿਟੀ ਇਨਵੈਸਮੈਂਟ"। ਫ਼੍ਰੈਂਕਫ਼ਰਟ ਸ਼ਹਿਰ ਦਾ ਚਿੰਨ੍ਹ ਹੈ ਇਕ "ਲਾਲ ਢਾਲ"। ਅੱਜ ਦੇ ਜੌਰਜੀਆ ਦੇਸ, ਜੋ ਪਹਿਲਾਂ "ਖ਼ਜ਼ਾਰ ਸਾਮਰਾਜ" ਸੀ, ਓਥੋਂ ਦਾ ਚਿੰਨ੍ਹ ਵੀ ਏਹੀ ਸੀ।

ਖ਼ਜ਼ਾਰਾਂ ਦੇ ਪਿਛੋਕੜ ਬਾਰੇ ਡੀਜਾਨ ਲਿਊਸਿਕ ਇੰਜ ਲਿਖਦਾ ਹੈ : ਅੱਜ ਦੇ 90 ਫ਼ੀਸਦੀ ਯਹੂਦੀ ਖ਼ਜ਼ਾਰੀ ਹਨ। ਇਨ੍ਹਾਂ ਦੀ ਸ਼ੁਰੂਆਤ ਤੁਰਕ-ਮੰਗੋਲ ਕਬੀਲੇ ਤੋਂ ਸ਼ੁਰੂ ਹੋਈ ਹੈ, ਜਿਹੜੇ ਅਠਵੀਂ ਸਦੀ ਵਿਚ ਜੂਡਾਇਜ਼ਮ (ਯਹੂਦੀ ਮਤ) ਦੀ ਸ਼ਰਨ

ਵਿਚ ਆ ਗਏ। ਦਸਵੀਂ ਸਦੀ ਵਿਚ ਜਦੋਂ ਖ਼ਜ਼ਾਰ ਸਾਮਰਾਜ ਟੁੱਟ ਗਿਆ ਤਾਂ ਇਹ ਕਬੀਲੇ ਰੂਸ ਅਤੇ ਯੂਰਪ ਅੰਦਰ ਖਿੱਲਰ ਗਏ, ਅੱਗੋਂ ਜਾ ਕੇ ਅਮਰੀਕਾ ਅੰਦਰ ਵੀ ਪਹੁੰਚ ਗਏ। ਇਨ੍ਹਾਂ ਲੋਕਾਂ ਦਾ ਕੋਈ ਯਹੂਦੀ ਪਿਛੋਕੜ ਨਹੀਂ, ਕੇਵਲ ਯਹੂਦੀਆਂ ਦੀ ਪੁਸ਼ਾਕ ਚੜ੍ਹੀ ਹੋਈ ਹੈ। ਅਸਲ ਯਹੂਦੀ ਫ਼ਲਸਤੀਨ ਨਾਲ ਸੰਬੰਧਿਤ ਹਨ ਅਤੇ ਉਨ੍ਹਾਂ ਦੀ ਗਿਣਤੀ ਕੇਵਲ 7-10 ਪ੍ਰਤੀਸ਼ਤ ਹੈ।

ਜੈਕਬ ਦੇ ਪੰਜ ਬੱਚੇ ਸਨ, ਜੋ ਉਸਨੇ ਕੁਲ ਯੂਰਪ ਵਿਚ ਖਿਲਾਰ ਦਿੱਤੇ—ਸੋਲੋਮਨ ਵੀਆਨਾ (ਆਸਟ੍ਰੀਆ) ਵਿਚ, ਕਾਰਲ ਨੇਪਲਜ਼ (ਇਟਲੀ) ਵਿਚ ਨਾਥਨ ਲੰਡਨ ਵਿਚ, ਜੇਮਜ਼ ਗਿਆ ਪੈਰਿਸ (ਫ਼ਰਾਂਸ) ਵਿਚ ਅਤੇ ਪੰਜਵਾਂ ਬੱਚਾ ਐਮਸ਼ਲ ਉਸਦੇ ਆਪਣੇ ਕੋਲ ਫ਼੍ਰੈਂਕਫ਼ਰਟ ਵਿਚ ਟਿਕਿਆ ਰਿਹਾ। ਦੋ ਸੌ ਸਾਲਾਂ ਤੋਂ ਘੱਟ ਸਮੇਂ ਦੇ ਅੰਦਰ ਜੈਕਬ ਦੇ ਪੁੱਤਰਾਂ ਅਤੇ ਅਗਲੀਆਂ ਪੀੜ੍ਹੀਆਂ ਨੇ ਕੁੱਲ ਪੱਛਮੀ ਦੇਸਾਂ ਨੂੰ ਆਪਣੇ ਚੁੰਗਲ ਵਿਚ ਕਾਬੂ ਕਰ ਲਿਆ।

ਰੌਥਚਾਈਲਡ ਦੀਆਂ ਚੜ੍ਹਤਾਂ ਦੇ ਕਿੱਸੇ ਜਦੋਂ ਵੀ ਲਿਖੇ ਗਏ ਤਾਂ ਲਾਇਬ੍ਰੇਰੀਆਂ ਭਰ ਦੇਣਗੇ। ਕਿਉਂਕਿ ਦੋ ਸਦੀਆਂ ਤੋਂ ਪੱਛਮ ਕੀ, ਦੁਨੀਆਂ ਦਾ ਕੁਲ ਇਤਿਹਾਸ ਅਸਲ ਵਿਚ ਰੌਥਚਾਈਲਡ ਇਤਿਹਾਸ ਹੈ—ਕੁਲ ਦੇਸਾਂ ਦੀਆਂ ਵਿੱਤੀ ਤਣਾਵਾਂ ਤਾਂ ਏਹੀ ਖਿੱਚਦੇ ਆ ਰਹੇ ਹਨ, ਪੱਛਮੀ ਦੇਸ ਤਾਂ ਇਨ੍ਹਾਂ ਦੀਆਂ ਕਠਪੁਤਲੀਆਂ ਹਨ। ਬ੍ਰਿਟਿਸ਼ ਸਮਰਾਟ ਅਤੇ ਉਸਦੇ ਪਰਿਵਾਰ ਦੇ ਨਾਲ ਉੱਨ੍ਹੀਵੀਂ ਸਦੀ ਤੋਂ ਸਾਂਝ ਸੀ। ਓਥੋਂ ਖਿਲਰੇ ਕੈਨੇਡਾ ਅਤੇ ਹਾਲੈਂਡ ਵੱਲ। ਬੀ.ਬੀ.ਸੀ. ਕਾਰਪੋਰੇਸ਼ਨ ਦਾ ਮੁਖੀਆ ਮਾਰਕਸ ਰੌਥਚਾਈਲਡ ਬਣਿਆ। ਕੁਲ ਪ੍ਰਾਪਤੀਆਂ ਲਿਖਣੀਆਂ ਬਹੁਤ ਵੱਡਾ ਕੰਮ ਹੈ। *ਦ ਇਕਾਨੋਮਿਸਟ* ਅਤੇ *ਡੇਲੀ ਟੈਲੀਗ੍ਰਾਫ਼* ਉੱਤੇ ਕਬਜ਼ਾ ਕੀਤਾ। 'ਡ ਬਾਇਰ' ਦੁਨੀਆਂ ਦੀ ਪ੍ਰਮੁੱਖ ਹੀਰਿਆਂ ਦੀ ਕੰਪਨੀ ਏਨ੍ਹਾਂ ਦੀ ਹੈ। ਰੌਚਕ ਹੈ ਭਾਰਤੀ ਮਿੱਤਲ ਘਰਾਣੇ ਨਾਲ ਭਿਆਲੀ, ਜਿਸ ਰਾਹੀਂ ਭਾਰਤ ਅੰਦਰੋਂ 'ਫ਼ੀਲਡ ਫ਼ਰੈਸ਼ ਫ਼ੂਡਜ਼' ਯੂਰਪ ਨੂੰ ਜਾਂਦੇ ਹਨ। ਮਹਾਨ "ਭਾਰਤੀ" ਗਰੁੱਪ ਰੌਥਚਾਈਲਡਾਂ ਦੇ ਕਾਰੋਬਾਰਾਂ ਅਤੇ ਸਰਮਾਏ ਦੀ ਦੇਖਭਾਲ ਕਰਦਾ ਜਾਪਦਾ ਹੈ।

ਗੱਲ ਕੀ, ਰੌਥਚਾਈਲਡ ਕਾਰਿੰਦੇ ਕੁਲ ਦੁਨੀਆਂ ਦੀਆਂ ਵਿੱਤੀ, ਸਿਆਸੀ, ਮੀਡੀਆ ਅਤੇ ਫ਼ੌਜੀ ਸੰਸਥਾਵਾਂ ਦੇ ਅੰਦਰ ਛਾਏ ਹੋਏ ਹਨ। ਜਿਹੜਾ ਉਨ੍ਹਾਂ ਦੀ ਹਸਤੀ ਨੂੰ ਜਾਣ ਜਾਵੇ, ਉਹ ਤਾਂ ਕਹਿ ਉਠੇਗਾ, "ਜਿਧਰ ਦੇਖੂੰ, ਤੂੰ ਹੀ ਤੂੰ ਹੈ"। ਜਨਮ ਮਰਨ ਨੂੰ ਛੱਡ ਕੇ, ਧਰਤੀ ਦੇ ਰੱਬ ਹਨ ਰੌਥਚਾਈਲਡ।

ਜਾਰਜ ਸੋਰੇਜ਼, ਦੁਨੀਆਂ ਦੇ ਅੰਦਰ ਰੌਥਚਾਈਲਡਾਂ ਦੇ ਸਭ ਤੋਂ ਵੱਡੇ ਏਜੰਟ ਹਨ। ਉਨ੍ਹਾਂ ਆਪਣੀ ਮਸ਼ਹੂਰੀ ਰਾਬਿਨ ਹੁੱਡ ਵਾਂਗ ਬਣਾਈ ਹੋਈ ਹੈ, ਬਈ ਅਮੀਰ ਲੋਕਾਂ ਤੋਂ ਪੈਸਾ ਇਕੱਠਾ ਕਰ ਕੇ, ਆਪਣੀਆਂ ਦਾਨੀ ਸੰਸਥਾਵਾਂ ਦੇ ਰਸਤੇ, ਪੂਰਬੀ ਯੂਰਪ ਅਤੇ ਰੂਸ ਅੰਦਰ ਡੈਮੋਕ੍ਰੇਸੀ ਅਤੇ ਮਹੱਜ਼ਬ ਸਮਾਜ ਉਸਾਰਨ ਉੱਤੇ ਖ਼ਰਚ ਕਰਦੇ ਹਨ। ਰੂਸ ਨੂੰ ਤਾਂ ਸਮਝ ਆ ਗਈ ਲਗਦੀ ਹੈ, ਉਸਨੇ ਐਸੀਆਂ ਕੁਲ "ਗ਼ੈਰ ਸਰਕਾਰੀ" ਤਨਜ਼ੀਮਾਂ ਦੇ ਕੰਮ ਉੱਤੇ ਪਾਬੰਦੀ ਲਾ ਦਿੱਤੀ ਹੈ, ਜਿਨ੍ਹਾਂ ਨੂੰ ਨਕਦੀ ਦੇਸ ਬਾਹਰੋਂ ਆਉਂਦੀ ਹੈ। ਇਨ੍ਹਾਂ ਤਨਜ਼ੀਮਾਂ ਦੇ ਪੈਸੇ ਨਾਲ ਕਈ ਪੂਰਬੀ ਯੂਰਪ ਦੇ ਦੇਸਾਂ ਅੰਦਰ ਰਾਜ ਪਲਟੇ ਹੋਏ ਹਨ। ਈਰਾਨ ਵਿਚ ਵੀ ਪਿਛਲੇ ਸਾਲ ਕੋਸ਼ਿਸ਼ ਹੋਈ ਸੀ, ਪਰ ਕੰਮ ਸਿਰੇ ਨਹੀਂ ਚੜ੍ਹਿਆ। ਗੱਲ ਕੀ ਰੌਥਚਾਈਲਡ ਆਕਟੋਪਸ/ਤੇਂਦੂਏ ਦੀ ਉਂਗਲ, ਕਿਸੇ ਨਾ ਕਿਸੇ ਰੂਪ ਵਿਚ ਹਰ ਦੇਸ, ਹਰ ਘਰ ਦੇ ਅੰਦਰ ਪਹੁੰਚੀ ਹੋਈ ਹੈ। ਹਰ ਦੇਸ ਦੀ ਆਜ਼ਾਦੀ ਦਾ ਆਖ਼ਰੀ ਪੜਾਅ ਹੈ ਰੌਥਚਾਈਲਡ ਦੀ ਗ਼ੁਲਾਮੀ। ਰੌਥਚਾਈਲਡ ਦਾ ਨਾਮ ਸੁਣਨ ਵਿਚ ਨਹੀਂ ਆਉਣਾ। ਉਨ੍ਹਾਂ ਦੀਆਂ ਚਾਲਾਂ ਅੰਦਰ ਰਹਿ ਕੇ ਇਹ ਕੰਮ, ਅਮਰੀਕਾ, ਨਾਟੋ ਅਤੇ ਅੱਗੋਂ ਉਨ੍ਹਾਂ ਦੇ ਹੇਠਾਂ ਜਾਪਦੇ ਟੁਕੜਬੋਚ ਦੇਸ, ਆਪਣੇ ਬੱਚਿਆਂ ਦੀ ਆਹੂਤੀ ਦੇ ਕੇ, ਸਿਰੇ ਚੜ੍ਹਾਉਣ ਦੇ ਆਹਰ ਲੱਗੇ ਹੋਏ ਹਨ। ਅੱਜ-ਕੱਲ੍ਹ ਮਾਰ ਹੇਠਾਂ ਆਏ ਦੇਸ ਹਨ—ਅਫ਼ਗ਼ਾਨਿਸਤਾਨ, ਇਰਾਕ, ਪਾਕਿਸਤਾਨ ਅਤੇ ਈਰਾਨ। ਨਾਲ ਹੀ ਨਾਲ ਦੁਨੀਆਂ ਅੰਦਰ ਇਕ ਦਰਜਨ ਦੇਸਾਂ ਉੱਤੇ ਫ਼ੌਜੀ ਜਕੜ ਵਧਾਈ ਜਾ ਰਹੀ ਹੈ।

ਸਾਡੀ "ਉੱਭਰ ਰਹੀ ਮਹਾਂ ਸ਼ਕਤੀ" ਦੀ ਆਜ਼ਾਦ ਹਸਤੀ ਬਾਰੇ ਸਹੀ ਹਾਲਾਤ ਕੀ ਹਨ ? ਸਾਡੇ ਉੱਤੇ ਬਾਹਰਲੀਆਂ "ਮਲਟੀ ਨੈਸ਼ਨਲ" ਕਾਰਪੋਰੇਸ਼ਨਾਂ ਅਤੇ ਹਕੂਮਤਾਂ ਅਤੇ ਖ਼ਾਸ ਤੌਰ ਉੱਤੇ ਅਲੋਪ ਰੌਥਚਾਈਲਡ ਮਹਾਂਪੁਰਸ਼ਾਂ ਦਾ ਕਿੰਨਾ ਰਸੂਖ਼ ਜਾਂ ਦਬਦਬਾ ਕੰਮ ਕਰ ਰਿਹੈ, ਜਾਨਣ, ਪ੍ਰਚਾਰਨ ਅਤੇ ਆਖ਼ਿਰ ਝਾੜਨ ਦੀ ਲੋੜ ਹੈ।

# ਇਸਰਾਈਲ

## ਜੀਓਨਿਜ਼ਮ

ਜੀਓਨਿਜ਼ਮ ਲਹਿਰ ਯਹੂਦੀ ਕੌਮ ਲਈ ਇਕ ਵੱਖਰਾ ਦੇਸ ਬਣਾਉਣ ਲਈ ਸੀ, ਜੋ ਇਸਰਾਈਲ ਬਣ ਗਿਆ ਹੈ। ਹੁਣ ਜੀਓਨਿਜ਼ਮ ਦਾ ਧਿਆਨ ਏਸ ਦੇਸ ਦੇ ਖਿਲਾਰ ਅਤੇ ਤਰੱਕੀ ਵੱਲ ਹੈ। 1897 ਵਿਚ ਜੀਓਨਿਜ਼ਮ ਸਿਆਸੀ ਪਾਰਟੀ ਦੀ ਬੁਨਿਆਦ, ਥੀਓਡੋਰ ਹਰਜ਼ਲ ਨੇ ਰੱਖੀ ਜਿਸ ਨੂੰ ਅੱਗੋਂ ਚੈਮ ਵਾਈਜ਼ਮੈਨ ਨੇ ਚਲਾਇਆ।

## ਜੁਡਾਇਜ਼ਮ

ਜੁਡਾਇਜ਼ਮ ਦੀ ਬੁਨਿਆਦ, ਰੱਬ ਦੇ ਅਬਰਾਹਮ ਮੌਜ਼ਿਜ਼ ਅਤੇ ਡੇਵਿਡ ਨਾਲ ਧਾਰਮਿਕ ਸੰਬੰਧਾਂ ਰਾਹੀਂ ਬੱਝਦੀ ਹੈ। ਰੱਬ ਦੇ ਕਾਨੂੰਨ ਹੀਬਰੂ ਲਿਪੀ ਵਿਚ ਪੰਜ ਕਿਤਾਬਾਂ ਵਿਚ ਅੰਕਿਤ ਹਨ। ਇਸ ਤੋਂ ਇਲਾਵਾ ਯਹੂਦੀ ਸ਼ਹਿਰੀ ਅਤੇ ਰਸਮੋਂ-ਰਿਵਾਜ ਦੇ ਕਾਨੂੰਨ ‘ਤਾਲਮੁਦ’ ਵਿਚ ਦਰਜ ਹਨ, ਜਿਨ੍ਹਾਂ ਦੇ ਰਸਤੇ, ਕਿਹਾ ਜਾਂਦੈ ਕਿ ਰੱਬ ਦੇ ਨਾਲ ਖ਼ਾਸ ਸੰਬੰਧ ਪੈਦਾ ਹੋ ਜਾਂਦੈ। 70 ਏ.ਡੀ. ਵਿਚ ਯਰੂਸਲਮ ਵਿਚ ਯਹੂਦੀਆਂ ਦਾ ਮੰਦਰ ਤਬਾਹ ਹੋਇਆ। ਉਦੋਂ ਤੋਂ ਕੁਲ ਕਰਮ-ਕਾਂਡ ਘਰਾਂ ਦੇ ਅੰਦਰ ਕੀਤੇ ਜਾਂਦੇ ਹਨ ਅਤੇ ਜਾਂ ਯਹੂਦੀ ‘ਸਿਨੇਗੋਗ’ ਮੰਦਰ ਵਿਚ। ਸ਼ੁਕਰਵਾਰ ਸ਼ਾਮ ਤੋਂ ਸਨਿਚਰਵਾਰ ਸ਼ਾਮ ਤਕ ‘ਸਬਾਥ’ ਪ੍ਰਾਰਥਨਾ ਕਰਦੇ ਹਨ। ਯੋਮ ਕਿਪੁਰ ਅਤੇ ਪਾਸਓਵਰ ਇਨ੍ਹਾਂ ਦੇ ਸਾਲਾਨਾ ਖ਼ਾਸ ਦਿਨ ਹਨ। ਯੋਮ ਕਿਪੁਰ ਦੇ ਦਸ ਦਿਨ, ਯਹੂਦੀ ਲੋਕ ਭੁੱਲਾਂ ਬਖ਼ਸ਼ਾਉਂਦੇ ਹਨ। ਪਾਸਓਵਰ ਸੱਤ ਦਿਨ ਮਨਾਇਆ ਜਾਂਦਾ ਹੈ, ਮੌਸਮ ਬਹਾਰ ਵਿਚ, ਯਹੂਦੀਆਂ ਦੀ ਮਿਸਰੀਆਂ ਕੋਲੋਂ ਰਿਹਾਈ ਮਿਲਣ ਦੀ ਖ਼ੁਸ਼ੀ ਦੀ ਯਾਦ ਵਿਚ। ਦੂਜੀ ਵਿਸ਼ਵ ਜੰਗ ਪਿੱਛੋਂ, ਇਸਰਾਈਲ ਦੇਸ ਬਣਿਆ, ਇਕ ਹੋਰ ਦੇਸ, ਫ਼ਲਸਤੀਨ ਨੂੰ ਤਬਾਹ ਕਰ ਕੇ। ਏਥੋਂ ਦੇ 500 ਤੋਂ ਵੱਧ ਪਿੰਡਾਂ ਨੂੰ ਅਰਬ ਮੂਲ ਦੇ ਲੋਕਾਂ ਤੋਂ ਸਾਫ਼ ਕਰ ਦਿੱਤਾ ਗਿਆ। ‘ਨਵੇਂ’ ਇਸਰਾਈਲ ਵਿੱਚੋਂ 40 ਲੱਖ ਅਰਬ ਲੋਕਾਂ ਨੂੰ ਦੇਸ ਨਿਕਾਲਾ ਦਿੱਤਾ ਗਿਆ। 60 ਹਜ਼ਾਰ ਤੋਂ ਵੱਧ ਘਰਾਂ ਨੂੰ ਢਾਹਿਆ। ਯੂ.ਐੱਨ.ਓ. ਦੇ ਅੰਦਰ ਇਸਰਾਈਲ ਦੇ ਜ਼ੁਲਮਾਂ ਦੇ ਖ਼ਿਲਾਫ਼ ਮਤਿਆਂ ਨੂੰ 100 ਵਾਰ ਤੋਂ ਵੱਧ, ਅਮਰੀਕੀ ਵੀਟੋ ਨਾਲ ਨਕਾਰਾ ਕੀਤਾ ਗਿਆ। 50 ਹਜ਼ਾਰ ਤੋਂ ਵੱਧ ਅਰਬ ਨਾਗਰਿਕਾਂ ਨੂੰ ਕਤਲ ਕੀਤਾ ਜਾ ਚੁੱਕੈ। ਕਰੀਬ ਏਨੇ ਹੀ ਲੋਕਾਂ ਨੂੰ ਜ਼ਖ਼ਮੀ ਕਰ ਕੇ ਅਪਾਹਜ ਕੀਤਾ ਗਿਐ। ਯੂ.ਐੱਨ.ਓ. ਦੇ ਅੰਦਰ ਇਸਰਾਈਲ ਦੀ ਮਦਦ ਕਰਨ ਵਾਲੇ ਕੇਵਲ ਦੋ ਦੇਸ ਹਨ—ਅਮਰੀਕਾ ਅਤੇ ਮਾਈਕ੍ਰੋਨੇਸੀਆ। ਪਿਛਲੇਰੇ ਦੇਸ ਦੀ ਕੁਲ ਵਸੋਂ 1,08,000 ਹੈ। ਇਸਰਾਈਲ ਇੱਕੋ ਇਕ ਦੇਸ ਹੈ ਜੋ ਸ਼ਰਨਾਰਥੀਆਂ ਨੂੰ ਵਾਪਸ ਘਰ ਨਹੀਂ ਆਉਣ ਦਿੰਦਾ। ਇਹ ਗੁਆਂਢੀ ਦੇਸਾਂ ਦਾ ਪਾਣੀ ਸ਼ਰੇਆਮ ਚੋਰੀ ਕਰਦਾ ਹੈ। ਲੋਕਾਂ ਨੂੰ ਸਾਂਝੀ ਸਜ਼ਾ ਦੇਣ ਲਈ ਏਥੇ ਮੁਹੱਲਿਆਂ ਦੇ ਮੁਹੱਲੇ ਢਾਹ ਦਿੱਤੇ ਜਾਂਦੇ ਹਨ। ਇਥੋਂ ਤਕ ਕਿ ਰੁੱਖ ਵੀ ਪੁੱਟੇ ਜਾਂਦੇ ਹਨ। ਦੁਨੀਆਂ ਦਾ ਇੱਕੋ ਦੇਸ ਹੈ ਜਿਥੇ ਕਤਲ ਕਰਨ ਦੀ ਨੀਤੀ ਨੂੰ ਕਾਨੂੰਨੀ ਮਾਨਤਾ ਹੈ। ਰਿਕਾਰਡ ਨੰਬਰ ਵਿਚ ਚੌਕੀਆਂ ਹਨ ਜੋ ਬੱਚਿਆਂ, ਔਰਤਾਂ ਅਤੇ ਰਾਹੀਆਂ ਦੇ ਆਉਣ ਜਾਣ ਵਿਚ ਰੁਕਾਵਟਾਂ ਪਾਉਂਦੀਆਂ ਹਨ। ਇਸਰਾਈਲ ਹਮੇਸ਼ਾ ਹਾਲ-ਪਾਹਰਿਆ ਕਰਦਾ ਹੈ ਕਿ ਉਸਦੇ ਦੁਸ਼ਮਣ ਉਸ ਨੂੰ ਖ਼ਤਮ ਕਰਨਾ ਚਾਹੁੰਦੇ ਹਨ ਪਰ ਉਸਨੇ ਆਪ ਇਕ ਪੂਰੇ ਦੇਸ ਫ਼ਲਸਤੀਨ ਨੂੰ ਨਕਸ਼ੇ ਤੋਂ ਸਾਫ਼ ਕਰ ਦਿੱਤਾ ਹੈ। ਇਸਰਾਈਲ ਬੇਅੰਤ ਅਮੀਰ ਦੇਸ ਹੈ। ਇਸਦੀ ਪ੍ਰਤੀ ਜੀਅ ਸਾਲਾਨਾ ਆਮਦਨ 26,000 ਅਮਰੀਕੀ ਡਾਲਰਾਂ ਤੋਂ ਵੱਧ ਹੈ ਤਾਂ ਵੀ ਅਮਰੀਕਾ ਤੋਂ ਬੇਅੰਤ ਵਿੱਤੀ ਮਦਦ ਹਰ ਸਾਲ ਆਉਂਦੀ ਹੈ। ਇਹ ਗੁੱਛਾ ਬੰਬ ਅਤੇ ਡਿਪਲੀਟਿਡ ਯੂਰੇਨੀਅਮ ਦੇ ਹਥਿਆਰ ਬਣਾਉਂਦਾ ਅਤੇ ਵਰਤਦਾ ਹੈ। ਇਕ ਹੋਰ ਦੇਸ ਏਹੀ ਕੁਝ ਕਰਦਾ ਹੈ, ਉਹ ਹੈ ਅਮਰੀਕਾ। ਇਸਰਾਈਲੀ ਸੜਕਾਂ ਉੱਤੇ ਲੋਹੇ ਦੇ ਗੇਟ ਹਨ। ਸ਼ਹਿਰਾਂ ਦੇ ਦੁਆਲੇ ਲੋਹੇ ਦੇ ਗੇਟ ਹਨ, ਜਿਨ੍ਹਾਂ ਨੂੰ ਜੇਲ੍ਹਾਂ ਵਾਂਗ ਬੰਦ ਕੀਤਾ ਜਾਂਦਾ ਹੈ, ਜਿਨ੍ਹਾਂ ਦੇ ਖੁੱਲ੍ਹਣ ਬੰਦ ਹੋਣ ਦੇ ਸਮੇਂ ਨੀਯਤ ਹਨ। ਇਸਰਾਈਲ ਅੰਦਰ ਜ਼ੁਲਮਾਂ ਦੀ ਕਹਾਣੀ ਦਾ ਅੰਤ ਨਹੀਂ ਹੋ ਸਕਦਾ। ਦੁਨੀਆਂ ਇਸ ਦੇ ਜ਼ੁਲਮਾਂ ਨੂੰ ਰੋਕਣ ਤੋਂ ਬੇਬੱਸ ਹੈ ਕਿਉਂਕਿ ਅਮਰੀਕਾ ਦੀ ਮਹਾਂਸ਼ਕਤੀ, ਜਿਸਦੀ ਮਦਦ ਦੇ ਨਾਲ ਉਹ ਜਾਇਆ ਗਿਆ ਹੈ, ਉਸਦੀ ਪਿੱਠ ਦੇ ਉੱਤੇ ਹੈ।

ਪਿਛਲੀ ਸਦੀ ਦੇ ਅੰਤਲੇ ਸਾਲਾਂ ਵਿਚ ਕਰੀਬ ਦਸ ਲੱਖ ਅਕਸ਼ਨਾਜ਼ੀ ਯਹੂਦੀ ਪੁਰਾਣੇ ਸੋਵੀਅਤ ਸੰਘ ਵੱਲੋਂ ਆ ਕੇ ਇਸਰਾਈਲ ਅੰਦਰ ਆਬਾਦ ਹੋਏ ਹਨ। ਹੀਬਰੂ, ਅਰਬੀ ਤੋਂ ਪਿੱਛੋਂ ਰੂਸੀ ਜ਼ਬਾਨ ਤੀਜੇ ਨੰਬਰ ਉੱਤੇ ਬੋਲੀ ਜਾਂਦੀ ਹੈ। ਪ੍ਰਧਾਨ ਪੂਤਿਨ ਦੇ ਆਉਣ ਉੱਤੇ ਰੂਸ ਨੇ ਆਪਣੀਆਂ ਨੀਤੀਆਂ ਅੰਦਰ ਕੁਝ ਬਦਲਾਉ ਕੀਤਾ, ਜਿਸ ਨਾਲ ਉਸ ਨੇ ਇਸਰਾਈਲ ਦੁਆਲੇ ਅਰਬ ਦੇਸਾਂ ਨਾਲ ਵਪਾਰਕ ਅਤੇ ਫ਼ੌਜੀ ਸੰਬੰਧ ਵਧਾਉਣੇ ਸ਼ੁਰੂ ਕੀਤੇ। ਅਰਬ ਦੇਸਾਂ, ਖ਼ਾਸ ਕਰਕੇ ਈਰਾਨ ਅਤੇ ਸੀਰੀਆ ਨੂੰ ਰੱਖਿਅਕ ਹਥਿਆਰਾਂ ਦੀ ਵਿਕਰੀ, ਇਸਰਾਈਲ ਨੂੰ ਕਾਫ਼ੀ ਚੁੱਭਦੀ ਹੈ। ਜੇ ਉਨ੍ਹਾਂ ਦੇਸਾਂ ਕੋਲ ਰੱਖਿਆ ਦੇ ਕੁਝ ਠੋਸ ਵਸੀਲੇ ਨਾ ਹੁੰਦੇ ਤਾਂ ਕਦੋਂ ਦੇ ਇਸਰਾਈਲੀ ਹਮਲੇ ਦਾ ਸ਼ਿਕਾਰ ਹੋ ਗਏ ਹੁੰਦੇ।

ਇਸਰਾਈਲ ਇਕ ਪ੍ਰਮਾਣੂ ਸ਼ਕਤੀ ਹੈ। ਪਾਕਿਸਤਾਨ ਅਤੇ ਭਾਰਤ ਵਾਂਗ ਏਸ ਨੇ ਵੀ ਪ੍ਰਮਾਣੂ ਨਾ-ਖਿਲਾਰ ਸੰਧੀ ਉੱਤੇ ਦਸਤਖ਼ਤ ਨਹੀਂ ਕੀਤੇ ਹੋਏ। ਇਸ ਦਾ ਪ੍ਰਮਾਣੂ ਖੋਜ ਕੇਂਦਰ, ਡਾਈਮੋਨਾ ਸ਼ਹਿਰ ਦੇ ਕੋਲ ਨੈਜੀਵ ਰੇਗਿਸਤਾਨ ਵਿਚ ਹੈ। ਨੈਜੀਵ ਦਾ ਅਰਥ ਹੈ ਦੱਖਣ। ਇਸਰਾਈਲ ਦੇ 8000 ਵਰਗ ਮੀਲਾਂ ਵਿੱਚੋਂ ਕਰੀਬ 6700 ਵਰਗ ਮੀਲ ਵਿਚ ਰੇਤ ਦੇ ਟਿੱਲੇ ਹਨ। ਉੱਤਰੀ ਅਤੇ ਪੱਛਮੀ ਇਲਾਕਿਆਂ ਵਿਚ ਗੁਜ਼ਾਰੇ ਮੁਤਾਬਕ ਬਾਰਸ਼ ਹੋ ਜਾਂਦੀ ਹੈ। ਬਾਕੀ ਪਾਣੀ ਗੁਆਂਢੀ ਦੇਸਾਂ ਤੋਂ ਧੱਕੇਜ਼ੋਰੀ ਖੋਹਿਆ ਜਾਂਦਾ ਹੈ। ਪ੍ਰਮਾਣੂ ਕੇਂਦਰ, ਫ਼ਰਾਂਸ ਦੀ ਮਦਦ ਨਾਲ ਨਿਹਾਇਤ ਖ਼ੁਫ਼ੀਆ ਢੰਗ ਦੇ ਨਾਲ, 1958 ਵਿਚ ਉਸਰਨਾ ਸ਼ੁਰੂ ਹੋਇਆ। ਇਸ ਦੀ ਉਸਾਰੀ ਦਾ ਕੁਲ ਮਾਲ ਇੰਜ ਦਰਾਮਦ ਕੀਤਾ ਗਿਆ ਜਿਵੇਂ ਕਿ "ਖਾਰਾ ਪਾਣੀ ਸਾਫ਼ ਕਰਨ ਦੇ ਟੈਂਕ", ਦੱਖਣੀ ਅਮਰੀਕਾ ਲਿਜਾਏ ਜਾ ਰਹੇ ਹਨ। ਚਾਰ ਪੰਜ ਸਾਲਾਂ ਦੇ ਅੰਦਰ ਡਾਈਮੋਨਾ ਰੀਐਕਟਰ ਚਾਲੂ ਹੋ ਗਿਆ। ਅਮਰੀਕਾ ਨੂੰ ਕਦੋਂ ਦਾ ਪਤਾ ਸੀ ਕਿ ਨਿਰਾ ਰੀਐਕਟਰ ਨਹੀਂ ਚਾਲੂ ਹੋਇਆ, ਬਲਕਿ ਪ੍ਰਮਾਣੂ ਬੰਬ ਵੀ ਬਣ ਰਹੇ ਹਨ। ਅੰਤਰਰਾਸ਼ਟਰੀ ਪ੍ਰਮਾਣੂ ਏਜੰਸੀ ਦੀਆਂ ਇਨਸਪੈਕਸ਼ਨਾਂ ਵੇਲੇ ਆਰਜ਼ੀ ਕੰਧਾਂ ਪਾਈਆਂ ਜਾਂਦੀਆਂ ਸਨ ਅਤੇ ਹੋਰ ਹੀ ਤਰ੍ਹਾਂ ਦੇ ਉਪਕਰਨ ਰੱਖੇ ਜਾਂਦੇ ਸਨ। ਇੰਸਪੈਕਟਰ ਬਿਨਾਂ ਕੁਝ ਲੱਭਿਆਂ ਬੇਰੰਗ ਵਾਪਸ ਜਾਂਦੇ ਸਨ। ਕਈ ਵਾਰ ਇੰਜ ਸੰਭਵ ਹੋਇਆ, ਕਿਉਂਕਿ ਇੰਸਪੈਕਸ਼ਨ ਤਰੀਕ ਦੀ ਖ਼ਬਰ, ਇਸਰਾਈਲ ਨੂੰ ਪਹਿਲਾਂ ਹੀ ਮਿਲ ਜਾਂਦੀ ਸੀ ਅਤੇ ਉਹ ਕੁਲ ਇਲਾਕੇ ਵਿਚ ਨਕਲੀ ਫੇਰ ਬਦਲ ਕਰ ਲੈਂਦੇ ਸਨ। 1967 ਪਿੱਛੋਂ ਇੰਸਪੈਕਸ਼ਨਾਂ ਵੀ ਬੰਦ ਹੋ ਗਈਆਂ। ਇਕ ਅੰਦਾਜ਼ੇ ਅਨੁਸਾਰ ਇਸਰਾਈਲ ਦੇ ਕੋਲ 200 ਐਟਮ ਬੰਬ ਅਤੇ ਵੀਹ ਹਾਈਡ੍ਰੋਜਨ ਬੰਬ ਹਨ। ਇਸਰਾਈਲੀ ਸਰਕਾਰ ਇਹ ਤੱਥ ਮੰਨਣ ਦੀ ਥਾਂ ਚੁੱਪ-ਗੜੁੱਪ ਹੈ।

1986 ਵਿਚ ਡਾਈਮੋਨਾ ਵਿਚ ਕੰਮ ਕਰਦੇ ਇਕ ਕਾਰਿੰਦੇ ਨੇ, ਇਥੋਂ ਦੀਆਂ ਅੰਦਰਲੀਆਂ ਕਾਰਵਾਈਆਂ ਬਾਰੇ ਇਟਲੀ ਵਿਚ ਮੀਡੀਆ ਦੇ ਸਾਹਮਣੇ ਭੇਦ ਖੋਲ੍ਹਿਆ। ਇਸਰਾਈਲੀ ਏਜੰਟਾਂ ਨੇ 'ਮੌਰਡਿਕੇ ਵਾਨੂਨੂ' ਨੂੰ ਇਟਲੀ ਵਿੱਚੋਂ ਅਗ਼ਵਾ ਕਰ ਕੇ ਇਸਰਾਈਲ ਲੈ ਆਂਦਾ, ਜਿਥੇ ਉਸ ਨੂੰ ਅਠਾਰਾਂ ਸਾਲ ਦੀ ਕੈਦ ਸੁਣਾਈ ਗਈ। 2004 ਵਿਚ ਜੇਲ੍ਹ ਵਿੱਚੋਂ ਛੱਡਿਆ ਗਿਆ ਤਾਂ ਘਰ ਅੰਦਰ ਕੈਦ ਕੀਤਾ ਗਿਆ। ਕੁਝ ਮਹੀਨੇ ਪਹਿਲਾਂ ਉਸਦੇ ਉੱਤੇ ਕਈ ਨਵੇਂ ਇਲਜ਼ਾਮ ਲਗਾ ਕੇ ਵਾਪਸ ਜੇਲ੍ਹ ਭੇਜ ਦਿੱਤਾ ਗਿਆ ਹੈ।

ਏਸ ਪਿੱਦੇ ਜਹੇ ਦੇਸ ਦੀ ਸ਼ਕਤੀ ਦਾ ਰਾਜ਼ ਕੀ ਹੈ ? ਕੀ ਉਹ ਯਹੂਦੀ ਬੈਂਕਰ ਹਨ ਜੋ ਕੁਲ ਦੁਨੀਆਂ ਦੇ ਕੇਂਦਰੀ ਬੈਂਕਾਂ ਦੀ ਸ਼ਾਹ-ਰਗ ਦੇ ਉੱਤੇ ਬੈਠੇ ਹੋਏ ਹਨ ? ਬਹੁਤੇ ਯੂਰਪੀ ਬੈਂਕ, ਬੈਂਕ ਆਫ਼ ਇੰਗਲੈਂਡ ਅਤੇ ਅਮਰੀਕੀ ਫ਼ੈਡਰਲ ਰੀਜ਼ਰਵ ਤਾਂ ਇਨ੍ਹਾਂ ਦੀ ਮੁੱਠ ਵਿਚ ਹਨ ਹੀ। ਇਸੇ ਲਈ ਜਾਣਕਾਰ ਲੋਕ ਕਹਿੰਦੇ ਹਨ ਕਿ ਅਮਰੀਕਾ ਨੂੰ ਅਮਰੀਕਨ ਲੋਕ ਨਹੀਂ, ਬਲਕਿ ਇਸਰਾਈਲ ਦੇ ਲੰਡਨ ਸਥਿਤ ਯਹੂਦੀ ਬੈਂਕਰ ਚਲਾਉਂਦੇ ਹਨ। ਉਹੀ ਨਿੱਤ ਨਵੀਆਂ ਜੰਗਾਂ ਉਕਸਾਉਂਦੇ ਹਨ। "ਵਿਸ਼ਵ ਦੀ ਨਵੀਂ ਸਰਕਾਰ" ਜਾਂ "ਨਵਾਂ ਆਲਮੀ ਨਿਜ਼ਾਮ" ਜਾਂ "ਨਿਊ ਵਰਲਡ ਆਰਡਰ" ਦੀ ਅਮਰੀਕਨ ਨੇਤਾਵਾਂ ਦੇ ਮੂੰਹੋਂ ਤੋਤਾ-ਰਟਨ ਸੁਣ ਕੇ ਅੱਤ ਹੈਰਾਨੀ ਹੁੰਦੀ ਹੈ। ਉਨ੍ਹਾਂ ਨੂੰ ਅਤੇ ਅਮਰੀਕਨ ਲੋਕਾਂ ਨੂੰ ਪਤਾ ਨਹੀਂ ਕਿਉਂ ਵਿਖਾਈ ਨਹੀਂ ਦੇਂਦਾ ਕਿ "ਨਿਊ ਵਰਲਡ ਆਰਡਰ" ਵਿਚ ਉਨ੍ਹਾਂ ਦੀ ਆਪਣੀ ਕੁਰਬਾਨੀ ਵੀ ਨਿਸਚਿਤ ਹੈ।

ਸਾਡਾ ਦੇਸ ਸਰਕਦੇ ਸਰਕਦੇ ਅਮਰੀਕਾ-ਇਸਰਾਈਲ ਚੁੰਗਲ ਦੇ ਅੰਦਰ ਫਸਦਾ ਜਾ ਰਿਹਾ ਹੈ। ਅੰਤਰਰਾਸ਼ਟਰੀ ਮਸਲਿਆਂ ਦੇ ਅੰਦਰ ਅਸੀਂ ਡਰ ਦੇ ਮਾਰੇ, ਇਸਰਾਈਲ ਦੀਆਂ ਵਧੀਕੀਆਂ ਦੇ ਖ਼ਿਲਾਫ਼ ਉਭਾਸਰ ਨਹੀਂ ਸਕਦੇ। ਸਾਡੀ ਖੁੱਸ ਗਈ ਆਜ਼ਾਦੀ ਨੂੰ ਕਿਸ ਨੇ, ਕਦੋਂ ਵਾਪਸ ਲਿਆਉਣਾ ਹੈ ?

# ਰੌਥਚਾਈਲਡ, ਵੈਟੀਕਨ ਅਤੇ ਨਵਾਂ ਵਿਸ਼ਵ ਢਾਂਚਾ

ਇਟਲੀ ਦੀ ਧਰਤੀ ਯੂਰਪ ਦੇ ਹੇਠਾਂ ਉਸੇ ਤਰ੍ਹਾਂ ਲਟਕੀ ਹੋਈ ਹੈ ਜਿਵੇਂ ਏਸ਼ੀਆ ਦੇ ਹੇਠਾਂ ਕੋਰੀਆ। ਇਸਦੇ ਤਿੰਨ ਪਾਸੇ ਪਾਣੀ ਹੈ। ਇਟਲੀ ਅੰਦਰ ਪ੍ਰਾਚੀਨ ਰੋਮ ਇਕ ਖੇਤੀ ਬਸਤੀ ਵਾਂਗ ਕਰੀਬ 1000 ਬੀ.ਸੀ. ਵਿਚ ਸ਼ੁਰੂ ਹੋਇਆ। ਮੈਡੀਟ੍ਰੇਨੀਅਨ ਸਮੁੰਦਰ ਕੰਢਿਓਂ ਸ਼ੁਰੂ ਹੋ ਕੇ ਏਸ ਨੇ ਪ੍ਰਾਚੀਨ ਦੁਨੀਆਂ ਦਾ ਸਭ ਤੋਂ ਵੱਡਾ ਰੋਮਨ ਸਾਮਰਾਜ ਕਾਇਮ ਕੀਤਾ। ਇਕ ਰਾਜੇ ਤੋਂ ਸ਼ੁਰੂ ਹੋ ਕੇ ਇਕ ਫ਼ੌਜੀ ਜੁੰਡਲੀ ਅਤੇ ਫਿਰ ਇਕ ਵਿਅਕਤੀ ਦੇ ਕਾਬੂ ਹੇਠ ਰਹਿ ਕੇ ਦੱਖਣ-ਪੱਛਮੀ ਯੂਰਪ, ਦੱਖਣ-ਪੂਰਬੀ ਯੂਰਪ ਅਤੇ ਮੈਡੀਟ੍ਰੇਨੀਅਨ ਇਲਾਕੇ ਨੂੰ ਲੜਾਈਆਂ ਜਾਂ ਦਬਾਅ ਨਾਲ ਹੜੱਪ ਕਰ ਲਿਆ।

ਅੰਦਰੂਨੀ ਅਸਥਿਰਤਾ ਅਤੇ ਉੱਖੜੇ ਲੋਕਾਂ ਵੱਲੋਂ ਬਾਰ-ਬਾਰ ਹਮਲਿਆਂ ਕਾਰਨ, ਰੋਮਨ ਸਾਮਰਾਜ ਦੇ ਪੱਛਮੀ ਭਾਗ ਦੇ ਪੰਜਵੀਂ ਸਦੀ ਏ.ਡੀ. ਵੇਲੇ, ਕਈ ਟੋਟੇ ਹੋ ਗਏ : ਹਿਸਪਾਨੀਆ, ਗਾਲ, ਬ੍ਰਿਟਾਨੀਆ ਅਤੇ ਅਫ਼ਰੀਕਾ। ਰੋਮਨ ਸਾਮਰਾਜ ਦੇ ਪੂਰਬੀ ਭਾਗ ਉੱਤੇ ਇਸ ਦਾ ਅਸਰ ਨਹੀਂ ਹੋਇਆ। ਇਸਦਾ ਰਾਜ ਕੇਂਦਰ ਸੀ ਕਾਂਸਟੈਂਟੀਨੋਪੋਲ (ਅੱਜ ਦਾ ਇਸਤੰਬੋਲ) ਅਤੇ ਇਸਦੇ ਅਧੀਨ ਸਨ ਗ੍ਰੀਸ, ਏਸ਼ੀਆ ਮਾਈਨਰ (ਛੋਟਾ) ਸੀਰੀਆ ਅਤੇ ਮਿਸਰ। ਅੱਗੋਂ ਚਲਦੇ ਸੀਰੀਆ ਅਤੇ ਮਿਸਰ ਅਰਬ-ਇਸਲਾਮੀ ਸਾਮਰਾਜ ਵਿਚ ਰਲ ਗਏ। ਫਿਰ ਵੀ ਪੂਰਬੀ ਰੋਮਨ ਸਾਮਰਾਜ ਇਕ ਹਜ਼ਾਰ ਸਾਲ ਹੋਰ ਕਾਇਮ ਰਿਹਾ ਅਤੇ ਆਖ਼ਿਰ ਇਸ ਨੂੰ ਤੁਰਕੀ ਦੇ ਓਟਮੋਨ ਸਾਮਰਾਜ ਨੇ ਕਾਬੂ ਕਰ ਲਿਆ।

ਪੱਛਮੀ ਰੋਮਨ ਸਾਮਰਾਜ ਨੂੰ ਬਾਈਜ਼ੇਂਟੀਨ ਸਾਮਰਾਜ ਵੀ ਕਿਹਾ ਜਾਂਦਾ ਹੈ। ਇਸਦੇ ਰਾਜੇ ਸਿੱਧੇ ਕ੍ਰਾਈਸਟ ਦੇ ਥਾਪੇ ਮੰਨੇ ਜਾਂਦੇ ਸਨ। ਏਸੇ ਲਈ ਪੱਛਮੀ ਰੋਮਨ ਸਾਮਰਾਜ ਨੂੰ ਈਸਾਈ ਮੱਤ ਵਾਲਾ ਮੰਨਿਆ ਜਾਂਦਾ ਹੈ।

ਰੋਮ ਦੀ ਸ਼ੁਰੂਆਤ 753 ਬੀ.ਸੀ. ਦੀ 21 ਅਪ੍ਰੈਲ ਤੋਂ ਮੰਨੀ ਜਾਂਦੀ ਹੈ। ਰੋਮੂਲਸ ਅਤੇ ਰੇਮੂਸ ਇਸਦੇ ਬਾਨੀ ਸਨ। ਰੋਮਨ ਰੀਪਬਲਿਕ 509 ਬੀ ਸੀ ਵਿਚ ਬਣੀ, ਜਦੋਂ ਆਕੜਖਾਨ ਤਾਰਕੁਇਨ ਰਾਜੇ ਨੂੰ ਉਲਟ ਦਿੱਤਾ ਗਿਆ। ਇਕ ਸੰਵਿਧਾਨ ਬਣਿਆ, ਜਿਸ ਵਿਚ ਹਕੂਮਤੀ ਸ਼ਕਤੀਆਂ ਦੀ ਵੰਡ ਕੀਤੀ ਗਈ। ਰੋਮਨ ਸਾਮਰਾਜ ਨੇ ਆਲੇ-ਦੁਆਲੇ ਦੇ ਦੇਸਾਂ ਅੰਦਰ ਪੈਰ ਪਸਾਰਨੇ ਸ਼ੁਰੂ ਕੀਤੇ ਅਤੇ ਦੂਜੀ ਸਦੀ ਬੀ ਸੀ ਵਿਚ ਮੈਡੀਟ੍ਰੇਨੀਅਨ ਇਲਾਕੇ ਦੇ ਲੋਕਾਂ ਉੱਤੇ ਗ਼ਲਬਾ ਪਾ ਲਿਆ।

ਬਾਹਰ ਲੜਾਈਆਂ ਲੜਨ ਲਈ ਫ਼ੌਜਾਂ ਕਿਥੋਂ ਭਰਤੀ ਹੁੰਦੀਆਂ ਸਨ—ਕਿਸਾਨਾਂ ਵਿੱਚੋਂ। ਜਦੋਂ ਉਹ ਬਹੁਤਾ ਚਿਰ ਘਰੋਂ ਬਾਹਰ ਰਹਿੰਦੇ ਸਨ ਤਾਂ ਉਨ੍ਹਾਂ ਦੀਆਂ ਖੇਤੀਆਂ ਉੱਜੜਦੀਆਂ ਸਨ। ਏਸ ਲਈ ਬਾਹਰਲੇ ਦੇਸਾਂ ਤੋਂ ਬੰਦੀ ਲਿਆਂਦੇ ਰਹੇ। ਵੱਡੇ ਵੱਡੇ ਫ਼ਾਰਮ ਬੰਦੀਆਂ ਦੁਆਰਾ ਚੱਲਣ ਲੱਗ ਪਏ। ਉਜਰਤ ਵਾਲੇ ਕੰਮ ਘਟ ਗਏ।

ਸਿਆਸੀ ਨੇਤਾ, ਜਿਨ੍ਹਾਂ ਨੂੰ ਸੈਨੇਟਰ (ਅੱਜ ਦੇ ਅਮਰੀਕਨ ਸੈਨੇਟਰਾਂ ਵਾਂਗ) ਕਿਹਾ ਜਾਂਦਾ ਸੀ, ਆਪਣੇ ਇਲਾਕਿਆਂ ਦੇ ਸਿਰ 'ਤੇ ਅਮੀਰ ਹੋ ਗਏ। ਜੰਗੀ ਲੁੱਟ ਦੇ ਮਾਲ ਅਤੇ ਬੰਦੀ ਮਦਦ ਹੱਥੋਂ ਚੋਖੀ ਪੈਦਾਵਾਰ ਦੇ ਨਾਲ ਵਪਾਰੀਆਂ ਦੀ ਇਕ ਨਵੀਂ ਜਮਾਤ ਪੈਦਾ ਹੋ ਗਈ। ਸੈਨੇਟਰਾਂ ਨੇ ਰੋਮ ਦੇ ਵਿਹਲੜਾਂ ਵਿੱਚੋਂ ਗੁੰਡੇ ਪਾਲਣੇ ਸ਼ੁਰੂ ਕੀਤੇ। ਰੋਮ ਦੀ ਸ਼ਹਿਰੀਅਤ ਦੇ ਸੁਆਲ ਉੱਤੇ ਕਈ ਲੜਾਈਆਂ ਹੋਈਆਂ। ਮਸਾਂ ਹੀ ਰੀਪਬਲਿਕ ਨੂੰ ਕਾਬੂ ਹੇਠ ਆਂਦਾ ਜੂਲੀਅਸ ਸੀਜ਼ਰ, ਪਾਂਮਪੇ ਅਤੇ ਕਰਾਸਸ ਨੇ। ਸੈਨੇਟ ਦੀ ਮੀਟਿੰਗ ਵਿਚ ਜੂਲੀਅਸ ਸੀਜ਼ਰ ਨੂੰ ਉਮਰ ਭਰ ਲਈ ਡਿਕਟੇਟਰ ਬਣਾ ਦਿੱਤਾ ਗਿਆ।

ਨੋਟ ਕਰੋ ਸੈਨੇਟ ਅਤੇ ਸੈਨੇਟਰ ਲਫ਼ਜ਼ਾਂ ਦਾ, ਜੋ ਅੱਜ-ਕੱਲ੍ਹ ਅਮਰੀਕਾ ਵਿਚ ਵਰਤੇ ਜਾਂਦੇ ਹਨ। ਸੀਜ਼ਰ ਨੂੰ 45 ਬੀ. ਸੀ. ਵਿਚ ਕਤਲ ਕੀਤਾ ਗਿਆ। ਫਿਰ ਕਈ ਛੋਟੀਆਂ ਮੋਟੀਆਂ ਘਟਨਾਵਾਂ ਪਿੱਛੋਂ ਸ਼ਖ਼ਸੀ ਰਾਜ ਸ਼ੁਰੂ ਹੋ ਗਿਆ।

ਰੋਮਨ ਸਮਾਜ ਕਈ ਵਰਗਾਂ ਦੇ ਵਿਚ ਸੀ, ਜਿਸ ਵਿਚ ਸਭ ਤੋਂ ਹੇਠਾਂ ਆਉਂਦੇ ਸਨ ਗ਼ੁਲਾਮ ਜਾਂ ਬੰਦੀ, ਉਨ੍ਹਾਂ ਤੋਂ ਉਪਰ ਆਜ਼ਾਦ ਕੀਤੇ ਬੰਦੀ, ਉਨ੍ਹਾਂ ਤੋਂ ਉੱਤੇ ਪੈਦਾਇਸ਼ੀ ਆਜ਼ਾਦ ਸ਼ਹਿਰੀ। ਵੋਟ ਦਾ ਢੰਗ ਵੀ ਇਸ ਤਰ੍ਹਾਂ ਕਾਇਮ ਕੀਤਾ ਗਿਆ ਕਿ ਕੇਵਲ ਅਮੀਰ ਕੁਨਬਿਆਂ ਤੋਂ ਹੀ ਨੇਤਾ ਚੁਣੇ ਜਾ ਸਕਣ।

ਸਮਾਜ ਟੱਬਰ ਉੱਤੇ ਆਧਾਰਿਤ ਸੀ ਜਿਸ ਵਿਚ ਪਿਤਾ ਕੋਲ ਬੇਅੰਤ ਸ਼ਕਤੀ ਸੀ—ਬਾਲ ਬੱਚਿਆਂ, ਨੌਕਰਾਂ ਅਤੇ ਬੰਦੀਆਂ ਉੱਪਰ। ਉਹ ਬੱਚਿਆਂ ਦੀ ਸ਼ਾਦੀ ਜਬਰੀ ਕਰਵਾ ਸਕਦਾ ਸੀ, ਬੱਚਿਆਂ ਨੂੰ ਬੰਦੀਪੁਣੇ ਵਿਚ ਵੇਚ ਸਕਦਾ ਸੀ, ਏਥੋਂ ਤਕ ਕਿ ਕਤਲ ਵੀ ਕਰ ਸਕਦਾ ਸੀ।

ਰੋਮ ਅਤੇ ਰੋਮਨ ਸਾਮਰਾਜ ਨੂੰ ਪੜ੍ਹਦਿਆਂ ਸਮਝਦਿਆਂ ਉਮਰਾਂ ਲੰਘ ਜਾਂਦੀਆਂ ਹਨ। ਸਾਡਾ ਏਸ ਵੇਲੇ ਮੰਤਵ ਇਹ ਹੈ ਕਿ ਜਾਣੀਏ ਕਿ ਈਸਾਈ ਮਤ ਰੋਮ ਵਿਚ ਸ਼ੁਰੂ ਹੋ ਕੇ ਵੈਟੀਕਨ ਦੀ ਹਸਤੀ ਤਕ ਕਿਵੇਂ ਪਹੁੰਚਿਆ ਅਤੇ ਕਿਵੇਂ ਇਸ ਦਾ ਭਾਰੀ ਪਰਛਾਵਾਂ ਅੱਜ ਦੀ ਕੁਲ ਦੁਨੀਆਂ ਦੇ ਉੱਪਰ ਪੈ ਰਿਹਾ ਹੈ।

ਪਹਿਲੀ ਸਦੀ ਏ. ਡੀ. ਵਿਚ ਸਰਕਾਰੀ ਨੀਤੀ ਈਸਾਈ ਮਤ ਦੀ ਵਿਰੋਧੀ ਸੀ। ਕਿਸੇ ਵੇਲੇ ਤਾਂ ਕੇਵਲ ਈਸਾਈ ਹੋਣ ਕਰਕੇ, ਮੌਤ ਦੀ ਸਜ਼ਾ ਮਿਲ ਸਕਦੀ ਸੀ। ਬਾਦਸ਼ਾਹ ਡਾਇਓਕਲੀਸ਼ਨ ਵੇਲੇ ਤਾਂ ਈਸਾਈਆਂ ਉੱਤੇ ਡਾਢੀ ਸਖ਼ਤੀ ਆਈ। ਉਸ ਤੋਂ ਪਿੱਛੋਂ ਆਇਆ ਬਾਦਸ਼ਾਹ ਕਾਂਸਟੈਨਟੀਨ ਇਕ, ਜਿਸਨੇ ਰੋਮਨ ਰਾਜ ਵਿਚ ਈਸਾਈ ਮਤ ਨੂੰ ਸਰਕਾਰੀ ਧਰਮ ਦਾ ਦਰਜਾ ਦੇ ਦਿੱਤਾ। ਇਹ ਐਲਾਨ ਮੀਲਾਨ ਸ਼ਹਿਰ ਵਿਚ ਕੀਤਾ ਗਿਆ। ਬਾਦਸ਼ਾਹ ਥੀਓਡੋਸੀਅਸ ਨੇ 391 ਏ. ਡੀ. ਵਿਚ ਈਸਾਈ ਮਤ ਨੂੰ ਛੱਡ ਕੇ ਹੋਰ ਕੁਲ ਧਰਮਾਂ ਦੇ ਉੱਤੇ ਪਾਬੰਦੀ ਲਗਾ ਦਿੱਤੀ।

ਵੈਟੀਕਨ ਇਕ ਆਜ਼ਾਦ 'ਸ਼ਹਿਰ ਦੇਸ' ਹੈ, ਇਟਲੀ ਦੀ ਰਾਜਧਾਨੀ ਰੋਮ ਦੇ ਅੰਦਰ। ਇਸ ਦੀ ਕੁਲ ਧਰਤੀ 110 ਏਕੜ ਹੈ ਅਤੇ ਆਬਾਦੀ 800 ਦੇ ਕਰੀਬ। ਇਸ ਸ਼ਹਿਰ ਦੀ ਹਸਤੀ ਐਨ ਉਸੇ ਤਰ੍ਹਾਂ ਹੈ ਜਿਵੇਂ ਲੰਡਨ (ਇੰਗਲੈਂਡ) ਦੇ ਅੰਦਰ ਇਕ ਵਰਗ ਮੀਲ ਦਾ 'ਦ ਸਿਟੀ' ਅਤੇ ਅਮਰੀਕਾ ਦੇ ਅੰਦਰ 'ਡਿਸਟ੍ਰਿਕਟ ਕੋਲੰਬੀਆ', ਇਕ ਸੌ ਵਰਗ ਮੀਲ ਦੇ ਅੰਦਰ। ਇਹ ਤਿੰਨੇ ਥਾਂ ਆਜ਼ਾਦ ਹਨ ਉਨ੍ਹਾਂ ਦੇਸਾਂ ਤੋਂ, ਜਿਨ੍ਹਾਂ ਦੇ ਅੰਦਰ ਇਹ ਹੈਨ।

ਵੈਟੀਕਨ ਸ਼ਹਿਰ 1929 ਵਿਚ ਕਾਇਮ ਕੀਤਾ ਗਿਆ। ਇਸ ਦੀ ਹੋਂਦ, ਓਸ ਈਸਾਈ ਮਤ ਦੀ ਵੱਡੀ ਲਹਿਰ ਨਾਲੋਂ ਬਿਲਕੁਲ ਵੱਖਰੀ ਹੈ, ਜਿਸਦੀ ਕੁਲ ਦੁਨੀਆਂ ਦੇ ਅੰਦਰ ਸਵਾ ਸੌ ਕਰੋੜ ਲੋਕਾਂ ਦੀ ਰਿਆਇਆ ਹੈ। ਵੈਟੀਕਨ ਸ਼ਹਿਰ ਦੇ ਹੁਕਮਨਾਮੇ ਇਤਾਲਵੀ ਜ਼ਬਾਨ ਵਿਚ ਛਪਦੇ ਹਨ, ਜਦਕਿ 'ਹੋਲੀ ਸੀ' ਜਾਂ ਧਾਰਮਿਕ ਰਾਜ ਦੇ ਹੁਕਮ ਲਾਤੀਨੀ ਭਾਸ਼ਾ ਵਿਚ ਆਉਂਦੇ ਹਨ। ਦੋਹਾਂ ਦੇ ਪਾਸਪੋਰਟ ਵੀ ਅੱਡਰੇ ਹਨ, ਭਾਵੇਂ ਕਿ ਉਨ੍ਹਾਂ ਦੀ ਗਿਣਤੀ ਬਹੁਤ ਛੋਟੀ ਹੈ।

ਗਿਰਜਿਆਂ ਦੀਆਂ ਬਹੁਤ ਵੱਡੀਆਂ ਰਿਆਸਤਾਂ ਰਹੀਆਂ ਹਨ ਸੰਨ 752 ਤੋਂ 1870 ਤਕ। ਇਟਲੀ ਦੇ ਸਭ ਤੋਂ ਉਪਜਾਊ ਇਲਾਕੇ ਇਨ੍ਹਾਂ ਕੋਲ ਸਨ। ਇਹ ਪੋਪਈ ਹਕੂਮਤਾਂ ਦੋ ਢੰਗਾਂ ਨਾਲ ਚਲਦੀਆਂ ਸਨ—ਇਕ, ਹਾਕਮ ਪੋਪ ਦੇ ਦੁਨਿਆਵੀ ਹੁਕਮ ਅਤੇ ਦੂਜੇ ਉਸਦੀ ਰੂਹਾਨੀ ਧਾਰਮਿਕ ਸੱਤਾ।

1860 ਵਿਚ ਇਟਲੀ ਦੀ ਬਾਦਸ਼ਾਹਤ ਕਾਇਮ ਹੋਣ ਦੇ ਨਾਲ ਬਹੁਤ ਸਾਰੇ ਪੋਪਈ ਇਲਾਕੇ ਓਸ ਰਿਆਸਤ ਵਿਚ ਰਲਾਏ ਗਏ। ਉਸਦਾ ਆਖ਼ਰੀ ਹਿੱਸਾ ਰੋਮ ਦਾ ਸ਼ਹਿਰ ਅਤੇ ਆਲਾ-ਦੁਆਲਾ 1870 ਵਿਚ ਰਲਾ ਲਿਆ ਗਿਆ। ਜ਼ਾਹਿਰ ਹੈ ਕਿ ਈਸਾਈ ਪਿਤਾਮਾ ਰਾਜ ਨੂੰ ਚੋਖਾ ਧੱਕਾ ਲੱਗਿਆ। ਏਸ ਸਮੇਂ ਦੀ ਉੱਥਲ-ਪੁੱਥਲ ਵਿਚ ਪੋਪ 'ਪੀਓ ਨੋਨੋ' ਨੂੰ ਭੇਸ ਬਦਲ ਕੇ 15 ਨਵੰਬਰ, 1869 ਨੂੰ ਰੋਮ ਸ਼ਹਿਰ ਤੋਂ ਭੱਜਣਾ ਪਿਆ। ਉਸਦੇ ਨਾਲ ਉਸਦਾ ਸਿਆਸੀ ਅਤੇ ਕਾਨੂੰਨੀ ਸਲਾਹਕਾਰ ਸੀ 'ਮਾਰਕੈਨਟੋਨੀਓ ਪਾਸੇਲੀ'। ਉਨ੍ਹਾਂ ਨੇ ਗੁਆਂਢੀ ਰਾਜ 'ਨੇਪਲਜ਼' ਦੇ ਅੰਦਰ ਜਾ ਸ਼ਰਨ ਲਈ। ਏਸ ਮਹਿਫ਼ੂਜ਼ ਕਿਲ੍ਹੇ ਅੰਦਰੋਂ ਪੋਪ ਪੀਓ ਨੋਨੋ ਨੇ ਸਿਆਸੀ ਹਵਾ ਬਦਲਣ ਵਾਲਿਆਂ ਦੇ ਖ਼ਿਲਾਫ਼ ਫਿਟਕਾਰਾਂ ਦੀ ਬੁਛਾੜ ਆਰੰਭ ਕੀਤੀ। ਉਸ ਨੇ ਡੈਮੋਕ੍ਰੇਸੀ ਨੂੰ ਇਕ ਮਹਾਂ ਧ੍ਰੋਹ ਦੱਸਿਆ ਅਤੇ ਵੋਟਰਾਂ ਨੂੰ ਈਸਾਈ ਪੰਥ ਅੰਦਰੋਂ ਛੇਕ ਦੇਣ ਦੀ ਧਮਕੀ ਦਿੱਤੀ। ਯਾਦ ਰਹੇ ਪੋਪ ਧਰਤੀ ਦੇ ਕੁਲ ਈਸਾਈਆਂ ਦਾ ਮਹਾਰਾਜਾ ਹੈ। ਉਸ ਦਾ ਹਰ ਉਚਰਿਆ ਫ਼ੁਰਮਾਨ ਇਕ ਪੱਥਰ 'ਤੇ ਲਕੀਰ ਹੈ। ਇੰਜ ਇਕ ਸਾਲ ਚਲਦਾ ਰਿਹਾ। ਫਿਰ ਰੌਥਚਾਈਲਡ ਵੱਲੋਂ ਦਿੱਤੇ ਕਰਜ਼ੇ ਅਤੇ ਫ਼ਰਾਂਸ ਦੀਆਂ ਸੰਗੀਨਾਂ ਦੀ ਮਦਦ ਨਾਲ 'ਪੋਪ ਪੀਓ ਨੋਨੋ' ਨੇ ਵਾਪਸ ਰੋਮ ਸ਼ਹਿਰ ਅਤੇ ਲਾਗਲੇ ਬਚੇ-ਖੁਚੇ ਇਲਾਕਿਆਂ ਉੱਤੇ ਆਪਣਾ ਰਾਜ ਸ਼ੁਰੂ ਕੀਤਾ। ਵੈਟੀਕਨ ਇਤਿਹਾਸ ਅੰਦਰ ਰੌਥਚਾਈਲਡਾਂ ਦੇ ਨਾਲ ਏਸ ਸਮੇਂ ਦਾ ਮਿਲਾਪ ਬਹੁਤ ਮਹੱਤਵ ਰੱਖਦਾ ਹੈ। ਬਲਕਿ ਵੈਟੀਕਨ ਦੀ ਹੋਂਦ ਰੌਥਚਾਈਲਡ ਦੇ ਉੱਪਰ ਪੂਰੀ ਤਰ੍ਹਾਂ ਨਿਰਭਰ ਸੀ। ਏਸੇ ਹੀ ਤਰ੍ਹਾਂ ਮਾਰਕੈਨਟੋਨੀਓ ਪਾਸੇਲੀ ਦੇ ਰੌਥਚਾਈਲਡਾਂ ਦੇ ਨਾਲ ਗੂੜ੍ਹੇ ਸੰਬੰਧ ਸਨ।

ਇਟਲੀ ਦੀ ਰਾਜਧਾਨੀ ਰੋਮ ਦੇ ਅੰਦਰ 1929 ਵਿਚ 'ਵੈਟੀਕਨ ਸ਼ਹਿਰ' ਦੀ ਇਕ ਆਜ਼ਾਦ ਰਿਆਸਤ ਬਣ ਜਾਣਾ, ਬਹੁਤ ਵੱਡੀ ਸਿਆਸੀ ਜਿੱਤ ਸੀ। ਅੱਜ ਦੇ ਸਮੇਂ ਕੁਲ ਦੁਨੀਆਂ ਦੇ 120 ਕਰੋੜ ਰੋਮਨ ਕੈਥੋਲਿਕ ਈਸਾਈਆਂ ਲਈ ਇਕ ਤਰ੍ਹਾਂ ਦੀ ਰਾਜਧਾਨੀ ਹੈ। ਏਥੇ ਬੈਠਾ ਪੋਪ ਕੁਲ ਦੁਨੀਆਂ ਦਾ ਰਾਜਾ ਹੈ।

ਰੋਮਨ ਚਰਚ ਦੀ ਔਖੀ ਘੜੀ ਵਿਚ ਜਿਨ੍ਹਾਂ ਵੀ ਸਰਦਾਰਾਂ ਨੇ ਸਾਥ ਨਹੀਂ ਸੀ ਛੱਡਿਆ, ਉਨ੍ਹਾਂ ਨੂੰ ਕਾਲੇ ਸਰਦਾਰ ਜਾਂ ਬਲੈਕ ਨੋਬਿਲਿਟੀ ਕਿਹਾ ਜਾਂਦਾ ਸੀ। ਮਾਰਕੈਨਟੋਨੀਓ ਪਾਸੇਲੀ ਦੇ ਕਈ ਬੱਚਿਆਂ 'ਚੋਂ ਇਕ ਸੀ 1837 ਵਿਚ ਜੰਮਿਆ 'ਫਿਲੀਪੋ'। ਫਿਲੀਪੋ ਦਾ ਪੁੱਤਰ ਸੀ 'ਯੂਜੀਨੀਓ ਪਾਸੇਲੀ' ਜੋ ਅੱਗੋਂ ਚੱਲ ਕੇ ਪੋਪ ਪਾਇਸ ਬਾਰ੍ਹਾਂ ਬਣਿਆ। 'ਗਾਈ ਰੌਥਚਾਈਲਡ' ਨੇ ਯੁਜੀਨੀਓ ਦੇ ਪੋਪ ਬਣਨ ਤੋਂ ਅੱਠ ਸਾਲ ਪਹਿਲਾਂ ਤੋਂ, ਚਿੱਠੀ ਪੱਤਰ ਰਾਹੀਂ 'ਬਣਾ' ਕੇ ਰੱਖਣੀ ਸ਼ੁਰੂ ਕੀਤੀ ਸੀ। ਬੈਂਕਿੰਗ ਕਿੱਤੇ ਵਿਚ ਇਹ ਉਸਦੀ ਸਭ ਤੋਂ ਉਪਰਲੀ ਡਿਊਟੀ ਸੀ। ਓਸ ਵੇਲੇ ਸੀ ਉਹ ਕਾਰਡੀਨਲ ਪਾਸੇਲੀ, ਜੋ ਪਵਿੱਤਰ ਖ਼ਜ਼ਾਨੇ ਦਾ ਰਖਵਾਲਾ ਸੀ ਅਤੇ ਰੌਥਚਾਈਲਡ ਬੈਂਕ ਵਿਚ ਇਕ ਨਿੱਕਾ ਜਿਹਾ ਖ਼ਾਤਾ ਵੀ ਸੀ। ਉਹ ਨਿਹਾਇਤ ਹੁਸ਼ਿਆਰ ਵਕੀਲ ਸੀ ਅਤੇ ਉਸਨੇ ਧਾਰਮਿਕ ਬਲੈਕਮੇਲ ਅਤੇ ਮੱਕਾਰੀ ਦੇ ਨਾਲ ਜਰਮਨੀ ਦੇ ਉੱਤੇ ਰੋਮ ਦਾ ਗ਼ਲਬਾ ਪਾ ਦਿੱਤਾ। 1933 ਵਿਚ ਉਸਨੇ ਹਿਟਲਰ ਦੇ ਨਾਲ ਇਕ ਸੰਧੀ ਕੀਤੀ, 'ਰੀਸ਼ ਕੋਨਕਾਰੈਟ' ਜਿਸ ਅਨੁਸਾਰ ਕੁੱਲ ਈਸਾਈ ਮੱਤ ਨੇ ਹਿਟਲਰ ਨੂੰ ਨਿਰਵਿਰੋਧ ਜਿੱਤਣ ਦੇਣਾ ਸੀ।

ਯੂਜੀਨੀਓ ਪਾਸੇਲੀ ਅੰਦਰ ਪਵਿੱਤਰਤਾ ਦੀ ਥਾਂ ਕੁਟਿਲਤਾ ਭਰੀ ਹੋਣ ਦੇ ਬਾਵਜੂਦ ਉਹ ਛੁਪਿਆ ਕਿਵੇਂ ਰਿਹਾ, ਜਦਕਿ ਉਸਦੇ ਰੌਥਚਾਈਲਡਾਂ ਦੇ ਨਾਲ ਜ਼ਾਤੀ ਸੰਬੰਧ ਹਨ ? ਗਾਈ ਰੌਥਚਾਈਲਡ ਉਸਦਾ ਚਿੱਠੀ ਪੱਤਰ ਰਾਹੀਂ ਦੋਸਤ ਸੀ, ਪੋਪ ਬਣਨ ਤੋਂ ਅੱਠ ਸਾਲਾਂ ਤੋਂ ਪਹਿਲਾਂ ਦਾ। ਪਾਸੇਲੀ ਇਕ ਤਰ੍ਹਾਂ ਹਿਟਲਰ ਦਾ ਪੋਪ ਸੀ। ਆਪ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਹਿਟਲਰ, ਨਾਥਨ ਰੌਥਚਾਈਲਡ ਦੀ ਨਾਜਾਇਜ਼ ਔਲਾਦ ਦਾ ਪੁੱਤਰ ਸੀ। ਇੰਜ ਪਾਸੇਲੀ ਦੂਹਰੇ ਰੌਥਚਾਈਲਡਾਂ ਦਾ ਪੋਪ ਸੀ।

ਬੈਰਨ ਐਵਰੋ ਮੈਨਹਟਨ ਨੇ ਵੈਟੀਕਨ ਉੱਤੇ ਕਈ ਦਿਲ-ਕੰਬਾਊ ਕਿਤਾਬਾਂ ਲਿਖੀਆਂ ਹਨ, ਉਨ੍ਹਾਂ ਵਿੱਚੋਂ ਇਕ ਹੈ "ਵੈਟੀਕਨ ਬਿਲੀਅਨਜ਼"। ਕਈ ਖੋਜੀਆਂ, ਇਤਿਹਾਸਕਾਰਾਂ ਅਤੇ ਇਕ ਅਮਰੀਕੀ ਕਾਂਗਰਸਮੈਨ ਦਾ ਕਹਿਣਾ ਹੈ "ਯਹੂਦੀ ਹੁਕਮਾਂ ਅੰਦਰ ਵੈਟੀਕਨ, ਚਾਨਣ-ਬਰਦਾਰਾਂ (ਇਲੀਊਮੀਨਾਟੀ) ਦੇ ਰਸਤੇ, ਅਮਰੀਕੀ ਫ਼ੈਡਰਲ ਰੀਜ਼ਰਵ ਨੂੰ ਆਪਣੀ ਮੁੱਠੀ ਹੇਠ ਰੱਖਦਾ ਹੈ।"

"ਇਲੀਊਮੀਨਾਟੀ" ਪੰਦਰ੍ਹਵੀਂ ਸਦੀ ਦਾ ਇਕ ਜਰਮਨ ਫ਼ਿਰਕਾ ਸੀ, ਜਿਸਨੂੰ ਯਸੂਹੀ ਐਡਮ ਵਿਸ਼ੁਪਤ ਨੇ 1776 ਵਿਚ ਪਹਿਲੀ ਮਈ ਨੂੰ ਬਾਵੇਰੀਆ ਦੀ ਯਸੂਹੀ ਯੂਨੀਵਰਸਿਟੀ ਅੰਦਰ ਸਥਾਪਤ ਕੀਤਾ। ਇਨ੍ਹਾਂ ਸਮਿਆਂ ਵਿਚ ਰੋਮ ਅਤੇ ਯੂਰਪ ਦੇ ਕਈ ਭਾਗਾਂ ਵਿਚੋਂ ਮਸੀਹੀਆਂ ਉੱਤੇ ਸਖ਼ਤੀ ਦਾ ਦੌਰ ਸੀ। ਵਿਸ਼ੁਪਤ ਨੇ ਰੌਥਚਾਈਲਡਾਂ ਦੀ ਮਦਦ ਨਾਲ ਚਾਨਣ-ਬਰਦਾਰਾਂ ਨੂੰ ਉੱਤੇ ਚੁੱਕਿਆ। ਨਿਸ਼ਾਨਾ ਇਕ ਹੀ ਸੀ—ਪੋਪ ਦੇ ਆਖੇ ਅੰਦਰ ਲਿਆ ਕੇ, ਯੂਰਪੀ ਰਾਜਿਆਂ ਨੂੰ ਸਬਕ ਸਿਖਾਉਣਾ। ਯਸੂਹੀ ਜਰਨੈਲ ਰੀਸੀ, ਵਿਸ਼ੁਪਤ ਦੀ ਅਗਵਾਈ 1775 ਤਕ ਕਰਦਾ ਰਿਹਾ। ਸਮਝ ਆਈ ?

ਯਸੂਹੀ ਸੰਗਠਨ ਦੀ ਆਪਣੀ ਜਰਮਨ ਯੂਨੀਵਰਸਿਟੀ ਅੰਦਰ ਅਠਾਰ੍ਹਵੀਂ ਸਦੀ ਵਿਚ, ਚਾਨਣ-ਬਰਦਾਰਾਂ ਦੀ ਸਥਾਪਨਾ ਕੀਤੀ ਗਈ। ਚਾਨਣ-ਬਰਦਾਰਾਂ ਨੇ ਰੌਥਚਾਈਲਡ ਘਰਾਣੇ ਦੀ ਦੇਖ-ਰੇਖ ਸ਼ੁਰੂ ਕੀਤੀ ਅਤੇ ਕੁਲ ਦੁਨੀਆਂ ਅੰਦਰ ਅਤਿਅੰਤ ਮਾਲਦਾਰ ਬਣਾ ਕੇ ਵਿਖਾਇਆ।

ਅੱਜ ਚਾਨਣ-ਬਰਦਾਰਾਂ ਦੇ ਟੋਲੇ ਵਿਚ ਗਿਣੇ ਜਾਂਦੇ ਹਨ—ਫ਼੍ਰੀਮੇਸਨਜ਼, ਸਕੱਲ ਐਂਡ ਬੋਨਜ਼, ਕੌਂਸਿਲ ਔਨ ਫ਼ਾਰਿਨ ਰੀਲੇਸ਼ਨਜ਼ ਅਤੇ ਟ੍ਰੀਏਲੇਟਰਲ ਕਮਿਸ਼ਨ। ਇਨ੍ਹਾਂ ਸਭਨਾਂ ਦੇ ਫ਼ਰਜ਼ੀ ਪਤੇ, ਮੀਟਿੰਗਾਂ ਅਤੇ ਵੈੱਬਸਾਈਟਾਂ ਹਨ। ਸਭ ਕੰਮ ਛੁਪ ਕੇ ਹੁੰਦਾ ਹੈ।

ਪ੍ਰਧਾਨ ਬੁਸ਼ ਦਾ ਦਾਦਾ ਪ੍ਰੈਸਟਕਾਟ ਬੁਸ਼ 1917 ਵਿਚ ਸਕੱਲ ਐਂਡ ਬੋਨਜ਼ ਵਿਚ ਆਇਆ। ਦੋ ਸਾਲ ਪਿੱਛੋਂ ਐਡੋਲਫ ਹਿਟਲਰ ਵੀ ਏਸ ਸੰਸਥਾ ਵਿਚ ਆਇਆ। ਜਰਮਨ ਵਿਚ ਇਸ ਸੰਸਥਾ ਦਾ ਨਾਂ ਸੀ "ਮੌਤ ਅੰਦਰ ਭਰੱਪਣ"। ਪ੍ਰੈਸਟਕਾਟ ਬੁਸ਼ ਨੇ ਹਿਟਲਰ ਦੀ ਚੜ੍ਹਤ ਵੇਲੇ ਦਿਲ ਖੋਲ੍ਹ ਕੇ ਪੈਸਾ ਦਿੱਤਾ, ਹੈਰੀਮਨ ਬੈਂਕ ਦੇ ਰਸਤੇ। ਹੁਣ ਜ਼ਰਾ ਧਿਆਨ ਨਾਲ ਪੜ੍ਹਨਾ। ਹੈਰੀਮਨ ਬੈਂਕ ਦੇ ਹਿੱਸੇ ਪੁਰਜ਼ੇ ਚਲਾਉਣ ਵਾਲੇ ਸਨ ਰੌਥਚਾਈਲਡ ਜਿਹੜੇ ਪੁਸ਼ਤਾਂ ਤੋਂ ਬੈਂਕ ਆਫ਼ ਇੰਗਲੈਂਡ ਚਲਾਉਂਦੇ ਸਨ। ਹੁਣ ਆਉਂਦੀ ਹੈ ਅਸਲ ਗੱਲ। ਬੈਂਕ ਆਫ਼ ਇੰਗਲੈਂਡ ਦੀ ਨਕਦੀ ਆਉਂਦੀ ਸੀ ਰੋਮ ਦੇ ਜੈਸੂਈ ਬੈਂਕ ਤੋਂ।

ਥਾਮਸ ਜੈਫ਼ਰਸਨ ਦਾ ਕਹਿਣਾ ਹੈ, "ਏਨ੍ਹਾਂ ਜੈਸੂਅਟਾਂ ਨੇ ਈਸਾਈ ਮਤ ਦਾ ਹੁਲੀਆ ਵਿਗਾੜ ਦਿੱਤਾ ਹੈ ਅਤੇ ਇਹ ਕੁਲ ਦੌਲਤ ਅਤੇ ਸ਼ਕਤੀ ਇਕੱਠੀ ਕਰ ਕੇ ਪੂਰਨ ਦੁਨੀਆਂ ਨੂੰ ਬੰਦੀ ਬਣਾਉਣ ਵਿਚ ਜੁਟੇ ਹੋਏ ਹਨ।"

ਮੌਨਟਲਾਰਕ (1700 ਏ. ਡੀ.) ਦਾ ਕਹਿਣਾ ਹੈ, "ਜੈਸੂਈਟ ਸਮਾਜ ਆਪਣੀ ਸ਼ਕਤੀ ਦੇ ਬਲ-ਬੂਤੇ ਦਿਨ ਨੂੰ ਰਾਤ ਕਰ ਸਕਦਾ ਹੈ ਅਤੇ ਲੋਕਾਂ ਨੂੰ ਆਪਣੇ ਝੱਟ ਬਦਲਦੇ ਸੁਭਾਅ ਬਾਰੇ ਅੰਨ੍ਹਿਆਂ ਬੋਲ੍ਹਿਆਂ ਕਰ ਸਕਦਾ ਹੈ।"

1929 ਵਿਚ ਵੈਟੀਕਨ 'ਦੇਸ' ਦਾ ਦਰਜਾ ਮਿਲਦੇ ਹੀ ਹਿਟਲਰ ਦੇ ਇਤਾਲਵੀ ਸਾਥੀ ਮਸੋਲੀਨੀ ਦੇ ਨਾਲ 'ਸਾਥੀ' ਸੰਧੀ ਕਰਦਿਆਂ 85 ਮਿਲੀਅਨ ਡਾਲਰ ਪੋਪ ਦੀ ਝੋਲੀ ਪਏ। ਪੋਪ ਪਾਇਸ ਨੇ ਜਰਮਨੀ ਵਿਚ ਕੇਂਦਰੀ ਈਸਾਈ ਪਾਰਟੀ ਭੰਗ ਕਰ ਦਿੱਤੀ, ਜਿਸ ਨਾਲ ਹਿਟਲਰ ਦੀ ਨਾਜ਼ੀ ਸੋਸ਼ਲਿਸਟ ਪਾਰਟੀ ਲਈ ਰਾਹ ਸਾਫ਼ ਹੋ ਗਿਆ। ਅਮਰੀਕਾ ਦੇ 1946 ਦੇ ਖ਼ਜ਼ਾਨਾ ਵਿਭਾਗ ਮੁਤਾਬਕ ਓਸ ਵੇਲੇ ਵੈਟੀਕਨ ਕੋਲ 200 ਮਿਲੀਅਨ ਤੋਂ ਵੱਧ ਸਵਿਸ ਫ਼ਰਾਂਕ ਸਨ।

ਦੂਜੀ ਵਿਸ਼ਵ ਜੰਗ ਦੇ ਖ਼ਾਤਮੇ ਉੱਤੇ ਵੈਟੀਕਨ ਵਸੀਲਿਆਂ (ਜਿਨ੍ਹਾਂ ਨੂੰ 'ਰੈਟਲਾਈਨ' ਕਿਹਾ ਜਾਂਦਾ ਸੀ) ਰਾਹੀਂ 30,000 ਤੋਂ ਵੱਧ ਨਾਜ਼ੀਆਂ ਨੂੰ ਜਰਮਨੀ ਵਿੱਚੋਂ ਕੱਢ ਲਿਆ ਗਿਆ। ਵੈਟੀਕਨ ਆਸਰੇ ਨਾਲ ਇਹ ਲੋਕ ਦੱਖਣੀ ਅਮਰੀਕਾ ਅਤੇ ਯੂ.ਐਸ.ਏ. ਪਹੁੰਚ ਗਏ।

ਦੁਨੀਆਂ ਦੀ ਕੁਲ ਬੈਂਕਕਾਰੀ ਪਿੱਛੇ ਵੈਟੀਕਨ ਦਾ ਹੱਥ ਹੈ। ਪੈਸਾ ਏਧਰੋਂ ਉਧਰ ਹਿਲਾਉਣ ਦੀ ਚਾਬੀ ਜਿਸ ਦੇ ਕੋਲ ਹੈ, ਉਹ ਹੈ ਬੈਂਕ ਆਫ਼ ਇੰਗਲੈਂਡ। ਅਮਰੀਕਾ ਦਾ ਫ਼ੈਡਰਲ ਰੀਜ਼ਰਵ ਤਾਂ ਚੀਜ਼ ਹੀ ਕੁਝ ਨਹੀਂ।

ਅਮਰੀਕੀ ਬੈਂਕਾਂ ਨੂੰ ਹੁਕਮ ਕਿਧਰੋਂ ਆਉਂਦੇ ਨੇ ? ਫ਼ੈਡਰਲ ਰੀਜ਼ਰਵ ਅਮਰੀਕਾ ਅੰਦਰ ਇਕ ਮਹਾਂ ਧੋਖਾ ਹੈ। ਇਹ ਮੁਨਾਫ਼ਾ ਕਮਾਉਂਦਾ ਨਿੱਜੀ ਅਦਾਰਾ, ਅਮਰੀਕੀ ਬੈਂਕਾਂ ਨੂੰ ਡਾਲਰ ਨੋਟ ਛਾਪ ਛਾਪ ਕੇ ਦੇਂਦਾ ਹੈ ਜਿਸ ਉੱਤੇ ਸੂਦ ਵਸੂਲ ਕਰਦਾ ਹੈ। ਇਕ ਮਦਾਰੀ ਵਾਂਗ ਹਵਾ ਵਿਚ ਹੱਥ ਹਿਲਾਉਂਦਾ ਹੈ ਅਤੇ ਡਾਲਰਾਂ ਦੀਆਂ ਪੇਟੀਆਂ ਤਿਆਰ। ਇਕ ਡਾਲਰ ਛਾਪਣ 'ਤੇ ਇਕ ਸੈਂਟ ਦਾ ਤੀਜਾ ਹਿੱਸਾ ਖ਼ਰਚ ਆਉਂਦਾ ਹੈ। ਇਹ ਲੁੱਟ 1913 ਤੋਂ ਜਾਰੀ ਹੈ ਜਦੋਂ ਯਹੂਦੀ ਪ੍ਰਧਾਨ ਵਿਲਸਨ ਦੀ ਅਗਵਾਈ ਹੇਠ ਅਮਰੀਕੀ ਖ਼ਜ਼ਾਨੇ ਦੀ ਸ਼ਾਹ-ਰਗ ਰੌਥਚਾਈਲਡ ਅਤੇ ਸਾਥੀ ਬੈਂਕਰਾਂ ਦੇ ਹਵਾਲੇ ਕਰ ਦਿੱਤੀ ਗਈ। ਫ਼ੈਡਰਲ ਰੀਜ਼ਰਵ ਐਕਟ ਜੋ ਅਮਰੀਕੀ ਸੈਨੇਟ ਨੇ ਪਾਸ ਕੀਤਾ ਸੀ, ਉਸਦੇ ਲਿਖਣ ਵਾਲਾ ਸੀ ਲੰਡਨ ਵਿਚ ਬੈਠਾ, ਬੈਰਨ ਅਲਫ਼ਰਡ ਰੌਥਚਾਈਲਡ। ਇਹ ਐਕਟ ਪਾਸ ਹੋਣ ਤੋਂ ਪਹਿਲਾਂ ਨਿੱਜੀ ਬੈਂਕਰ (ਵਾਰਬਰਗ, ਮਾਰਗਨ, ਰਾਕਫੈਲਰ, ਕੁਹਨ, ਲੋਇਬ ਕੰਪਨੀ ਆਦਿ) ਆਪੋ ਵਿਚ ਖਹਿੰਦੇ ਰਹਿੰਦੇ ਸਨ। ਹੁਣ ਉਨ੍ਹਾਂ ਨੇ ਸੰਗਠਨ ਬਣਾ ਲਿਆ।

ਬੈਂਕਾਂ ਦੇ ਗੁੱਟ ਵਿਚ ਸਭ ਤੋਂ ਜਾਣਕਾਰ ਸੀ ਵਾਰਬਰਗ। ਏਸ ਜੈਸੂਈ ਏਜੰਡੇ ਨੂੰ ਅੱਗੇ ਲਿਆਉਣ ਵਾਲੇ ਨੇ ਇਕ ਵਾਰ ਸੈਨੇਟ ਦੇ ਅੰਦਰ ਇਹ ਬਿਆਨ ਦਿੱਤਾ, "ਭਾਵੇਂ ਚੰਗਾ ਲੱਗੇ ਜਾਂ ਨਾ, ਅਸਾਂ ਦੁਨੀਆਂ ਲਈ ਇਕ ਸਰਕਾਰ ਬਣਾਉਣੀ ਹੈ। ਸੁਆਲ ਇਕ ਹੀ ਹੈ ਕਿ ਇਹ ਵਿਸ਼ਵ ਸਰਕਾਰ ਧੱਕੇ ਨਾਲ ਬਣੇਗੀ ਜਾਂ ਰਜ਼ਾਮੰਦੀ ਨਾਲ।"

# ਜੰਗ ਖ਼ਾਤਮੇ ਉਪਰੰਤ ਜਰਮਨੀ ਵਿਚ ਨਰ-ਸੰਘਾਰ

ਭਵਿੱਖ ਨੂੰ ਆਪਣੇ ਕਾਬੂ ਹੇਠ ਕਰਨਾ ਹੋਵੇ ਤਾਂ ਵਧੀਆ ਢੰਗ ਹੈ ਕਿ ਉਸ ਨੂੰ ਆਪੇ ਹੀ ਘੜ ਲਵੋ। ਭਵਿੱਖ ਘੜਨ ਦੇ ਚੱਕਰ ਵਿਚ ਇਨਸਾਨ ਅਤੇ ਇਨਸਾਨੀਅਤ ਦਾ ਘਾਣ ਹੋ ਜਾਂਦਾ ਹੈ। 1984 ਵਿਚ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ, ਭਵਿੱਖ ਘੜਨ ਦੀ ਇਕ ਦੇਸੀ ਲੜੀ ਦਾ ਆਖ਼ਰੀ ਅਧਿਆਇ ਸੀ। ਕਈ ਸਾਲਾਂ ਦੀ ਉਕਸਾਈ ਵਧਾਈ, ਭੜਕਾਈ ਅਤੇ ਆਖ਼ਿਰ ਸਚਮੁੱਚ ਹੀ ਲੜਾਈ ਅਤੇ ਸਰਕਾਰ ਦੀ ਜਿੱਤ ਪਿੱਛੋਂ, ਸਰਾਵਾਂ ਤੇ ਪਰਿਕਰਮਾਂ ਵਿੱਚੋਂ ਹਜ਼ਾਰਾਂ ਮਰਦ ਔਰਤਾਂ ਅਤੇ ਬੱਚੇ "ਜੰਗੀ ਕੈਦੀ" ਫੜੇ ਗਏ। ਅਤਿ ਗਰਮੀ ਦੇ ਮੌਸਮ ਵਿਚ ਉਨ੍ਹਾਂ 'ਕੈਦੀਆਂ' ਅਤੇ ਜ਼ਖ਼ਮੀਆਂ ਦੇ ਉੱਤੇ ਜੋ ਜ਼ਿਆਦਤੀਆਂ ਅਤੇ ਜ਼ੁਲਮ ਹੋਏ, ਉਨ੍ਹਾਂ ਦੇ 'ਅੱਖੀਂ ਵੇਖੇ' ਗਵਾਹ ਜਿਊਂਦੇ ਹਨ। ਇਸ ਵਿਸ਼ੇ ਉੱਤੇ ਕਈ ਲੇਖ ਅਤੇ ਪੁਸਤਕਾਂ ਛਪੇ ਰੂਪ ਵਿਚ ਮਿਲਦੇ ਹਨ। ਇਸ ਅਕਾਰਨ 'ਘੜੇ ਹੋਏ' ਭਵਿੱਖ ਦੀ ਜੰਗ, ਕਤਲ ਅਤੇ ਤਬਾਹੀ ਲਈ ਅੰਤਰਰਾਸ਼ਟਰੀ ਅਸੂਲਾਂ ਅਨੁਸਾਰ, ਭਾਰਤ ਸਰਕਾਰ ਉੱਤੇ ਬੇਅੰਤ ਦੰਡ ਲੱਗਣਾ ਚਾਹੀਦਾ ਸੀ। ਪਰ ਇੰਜ ਹੋਇਆ ਨਹੀਂ। ਅਜੇ ਤਕ ਆਪਣੀ ਸਰਕਾਰ ਨੇ ਆਪਣੀ ਭੁੱਲ ਨਹੀਂ ਮੰਨੀ ਅਤੇ ਨਾ ਹੀ ਸਨਿਮਰ ਮੁਆਫ਼ੀ। ਨਾ ਹੀ ਅਜਿਹੀ ਉਮੀਦ ਰੱਖਣੀ ਚਾਹੀਦੀ ਹੈ। ਸਰਕਾਰਾਂ ਕਦੇ ਝੁਕਦੀਆਂ ਨਹੀਂ। ਦਰਬਾਰ ਸਾਹਿਬ ਦੀ ਜੰਗ ਪਿੱਛੋਂ ਕਤਲ ਹੋਇਆਂ ਦੇ ਪੋਸਟ ਮਾਰਟਮਾਂ ਵਿੱਚੋਂ ਇਕ ਅਤਿ ਘਿਰਣਾ ਯੋਗ ਵਾਕਫ਼ੀ ਮਿਲੀ। ਚੋਖੀਆਂ ਲਾਸ਼ਾਂ ਦੇ ਹੱਥ ਪਿੱਠ ਪਿੱਛੇ ਬੰਨ੍ਹੇ ਹੋਏ ਸਨ। ਜ਼ਾਹਰ ਹੈ ਕਿ ਕੇਵਲ ਨਿਹੱਥੇ ਹੀ ਨਹੀਂ ਬਲਕਿ ਬੇਬੱਸ ਬੰਦੀਆਂ ਨੂੰ ਗੋਲੀ ਨਾਲ ਉਡਾਇਆ ਗਿਆ ਸੀ। ਸਿਵਲ ਸਰਜਨ ਅੰਮ੍ਰਿਤਸਰ ਦੇ ਦਫ਼ਤਰ ਵਿੱਚੋਂ ਪੋਸਟ ਮਾਰਟਮ ਰਿਪੋਰਟਾਂ ਮੈਂ ਆਪਣੀਆਂ ਅੱਖਾਂ ਦੇ ਨਾਲ ਵੇਖੀਆਂ ਸਨ। ਮੇਰੇ ਨਾਲ ਪੱਤਰਕਾਰ ਕੰਵਰ ਸੰਧੂ ਵੀ ਸੀ।

1971 ਦੀ ਭਾਰਤ-ਪਾਕਿ ਜੰਗ ਵਿਚ ਹਜ਼ਾਰਾਂ ਪਾਕਿਸਤਾਨੀ ਅਤੇ ਸੈਂਕੜੇ ਭਾਰਤੀ ਜੰਗੀ ਕੈਦੀ ਬਣੇ। ਦੋਵੇਂ ਪਾਸੇ ਇਨ੍ਹਾਂ ਜੰਗੀ ਕੈਦੀਆਂ ਨਾਲ ਚੰਗਾ ਸਲੂਕ ਕੀਤਾ ਗਿਆ, ਸਰਕਾਰਾਂ ਵਿਚਕਾਰ ਸ਼ਿਮਲਾ ਸਮਝੌਤਾ ਹੋਇਆ ਅਤੇ ਆਖ਼ਿਰ ਸਭ ਕੈਦੀ ਰਾਜ਼ੀ ਬਾਜ਼ੀ ਆਪਣੇ ਦੇਸਾਂ ਅਤੇ ਘਰਾਂ ਨੂੰ ਪਰਤ ਗਏ। ਦੋਹਾਂ ਦੇਸਾਂ ਵਿਚਕਾਰ ਕਿਸੇ ਮਾੜੇ ਵਤੀਰੇ ਦੀ ਕੁੜੱਤਣ ਨਹੀਂ ਪਾਈ ਜਾਂਦੀ।

ਜਿੰਨੇ ਬੇਅੰਤ ਜ਼ੁਲਮ ਅਤੇ ਕਤਲ ਪੱਛਮੀ ਸਭਿਅਤਾ ਅੰਦਰ ਹੋਏ ਹਨ ਜੋ ਉਨ੍ਹਾਂ ਦੀਆਂ ਫ਼ੌਜਾਂ ਨੇ ਦੂਜਿਆਂ ਲੋਕਾਂ ਅਤੇ ਦੇਸਾਂ ਉੱਤੇ ਕੀਤੇ ਹਨ, ਉਨ੍ਹਾਂ ਦਾ ਵਰਣਨ ਕਰਨਾ ਮੇਰੇ ਜਿਹੇ ਤੁੱਛ ਇਨਸਾਨ ਦੇ ਵੱਸ ਨਹੀਂ, ਇਨ੍ਹਾਂ ਜ਼ੁਲਮਾਂ ਦੀਆਂ ਦਾਸਤਾਨਾਂ ਦੇ ਨਾਲ ਸਾਹਿਤ ਅਤੇ ਇਤਿਹਾਸ ਭਰਿਆ ਪਿਆ ਹੈ। ਮੀਡੀਆ ਅਤੇ ਟੀ.ਵੀ. ਉੱਤੇ ਪੂਰਾ ਗ਼ਲਬਾ ਅਤੇ ਸਾਡੀ ਕਮ-ਅਕਲੀ ਦੇ ਕਾਰਨ, ਸਾਨੂੰ ਪੱਛਮ ਦਾ ਚਿਹਰਾ ਸਾਫ਼ ਸੁਥਰਾ ਅਤੇ ਅਤਿ ਮੁਹੱਜ਼ਬ ਵਿਖਾਈ ਦੇਂਦਾ ਹੈ। ਅਸੀਂ ਹਰ ਅਗਵਾਈ ਅਤੇ ਕਮਾਈ ਲਈ ਪੱਛਮ ਵੱਲ ਮੂੰਹ ਚੁੱਕੀ ਫਿਰਦੇ ਹਾਂ।

ਸਵਾ ਦੌ ਸੌ ਨਾਲੋਂ ਵੱਧ ਸਾਲਾਂ ਤੋਂ ਭਵਿੱਖ ਨੂੰ ਆਪ ਘੜਨ ਦਾ ਬੀੜਾ ਅਕਸ਼ਨਾਜ਼ੀ ਯਹੂਦੀ ਬੈਂਕਰਾਂ ਨੇ ਆਪਣੇ ਸਿਰ ਚੁੱਕਿਆ ਹੋਇਆ ਹੈ। ਜਰਮਨੀ ਅੰਦਰ ਇਕ ਰੌਥਚਾਈਲਡ, ਸੂਦਖ਼ੋਰ ਤੋਂ ਸ਼ੁਰੂ ਹੋ ਕੇ ਅੱਜ ਬੈਂਕਰਾਂ ਦਾ ਛੋਟਾ ਜੇਹਾ ਲਾਣਾ, ਕੁਲ ਦੁਨੀਆਂ ਉੱਤੇ ਹੁੰਦੀਆਂ ਲੜਾਈਆਂ ਅਤੇ ਅੱਤਿਆਚਾਰਾਂ ਨੂੰ ਕੰਟਰੋਲ ਕਰਦਾ ਹੈ। ਪੱਛਮੀ ਗੋਰਿਆਂ ਨੇ ਕੈਨੇਡਾ ਅਤੇ ਅਮਰੀਕਾ ਦੀ ਧਰਤੀ ਉੱਤੇ ਕਰੋੜਾਂ ਸਥਾਨਕ "ਰੈੱਡ ਇੰਡੀਅਨ" ਕਤਲ ਕਰ ਕੇ ਸਫ਼ਾਇਆ ਕਰ ਦਿੱਤਾ। ਅੱਜ ਕੇਵਲ ਵੰਨਗੀ ਮਾਤਰ ਹੀ ਰੈੱਡ ਇੰਡੀਅਨ ਵਿਖਾਈ ਦੇਂਦੇ ਹਨ। ਰੋਮਨ ਕੈਥੋਲਿਕ ਚਰਚ ਇਨ੍ਹਾਂ ਦੀ ਪਿੱਠ ਉੱਤੇ ਸੀ। ਦਸਾਂ ਸਾਲਾਂ ਤੋਂ ਇਰਾਕ ਅਤੇ ਅਫ਼ਗ਼ਾਨਿਸਤਾਨ ਦੇ ਅਕਾਰਨ ਲਗਾਤਾਰ ਹਮਲੇ ਵਿਚ ਲੱਖਾਂ ਲੋਕ ਕਤਲ ਕੀਤੇ ਗਏ ਹਨ ਅਤੇ ਕਰੋੜਾਂ ਘਰਾਂ ਤੋਂ ਪੁੱਟੇ ਗਏ ਹਨ। ਨਾਲ ਹੀ ਇਹ ਦੇਸ ਤਹਿਸ ਨਹਿਸ ਹੋ ਗਏ ਹਨ।

ਅੱਜ ਉਸ ਦਰਿੰਦਗੀ ਉੱਤੇ ਨਜ਼ਰ ਮਾਰਾਂਗੇ ਜੋ ਅਮਰੀਕਾ ਦੇ ਜਰਨੈਲ ਆਈਜ਼ਨਹਾਵਰ ਦੀ ਨਜ਼ਰਸਾਨੀ ਅੰਦਰ ਗੋਰੇ ਯੂਰਪੀ ਜਰਮਨ ਫ਼ੌਜੀ ਕੈਦੀਆਂ ਉੱਤੇ ਢਾਹੀ ਗਈ।

ਹੁਣ ਵੇਖੀਏ ਇਕ ਜਰਮਨ ਫ਼ੌਜੀ ਦੀ ਹਾਲਤ, ਜਿਹੜਾ ਦੂਜੀ ਵਿਸ਼ਵ ਜੰਗ ਦੀਆਂ ਕਈ ਲੜਾਈਆਂ ਵਿੱਚੋਂ ਲੰਘ ਕੇ ਕੁਦਰਤ ਆਸਰੇ ਜਿਊਂਦਾ ਰਹਿ ਗਿਆ। ਉਹ ਪੜ੍ਹਾਈ ਛੁਡਾ ਕੇ ਜਬਰੀ ਭਰਤੀ ਕੀਤਾ ਗਿਆ ਸੀ। ਸਿਆਸਤ ਉਸ ਦੇ ਅਤੇ ਉਸਦੇ ਪਰਿਵਾਰ ਦੇ ਨੇੜਿਓਂ ਨਹੀਂ ਸੀ ਲੰਘਦੀ। ਜਰਮਨ ਫ਼ੌਜ ਨੇ ਜਿਧਰ ਧੱਕਿਆ, ਉਹ ਉਧਰ ਚਲਦਾ ਰਿਹਾ। 1945 ਦੇ ਮੌਸਮ ਬਹਾਰ ਵਿਚ ਜਰਮਨ ਦੇਸ ਅਤੇ ਸ਼ਹਿਰ ਤਬਾਹ ਸਨ, ਪਰਿਵਾਰ ਦੇ ਜਿਊਂਦੇ ਮੋਏ ਦੀ ਖ਼ਬਰ ਨਹੀਂ, ਚਾਰੇ ਪਾਸਿਉਂ ਫ਼ੌਜ ਘਿਰੀ ਪਈ ਹੈ। ਕਰਨਾ ਕੀ ਹੈ ? ਹਥਿਆਰ ਸੁੱਟ ਕੇ ਆਤਮ-ਸਮਰਪਣ। ਬਣ ਗਏ ਜੰਗੀ ਕੈਦੀ। ਜੰਗ ਦੇ ਆਖ਼ਰੀ ਸਾਲ ਸਰਦੀਆਂ ਦੀ ਠੰਡ ਕੜਾਕੇਦਾਰ ਸੀ ਅਤੇ ਜਾਣ ਦਾ ਨਾਂ ਨਹੀਂ ਸੀ ਲੈਂਦੀ। ਉਤੋਂ ਬਾਰਸ਼ਾਂ ਨੇ ਬੁਰਾ ਹਾਲ ਕੀਤਾ ਸੀ। ਬੂਟ ਟੁੱਟੇ ਪਏ ਸਨ, ਕੱਪੜੇ ਉਧੜਦੇ ਜਾਂਦੇ ਸਨ, ਮੱਤ ਮਾਰੀ ਪਈ ਸੀ। ਹੁਣ ਹਥਿਆਰ ਸੁੱਟੋ ਜਾਂ ਗੋਲੀ ਨਾਲ ਮਰੋ। ਇਹ ਹੁੰਦੀ ਜੇ ਜੰਗ ਦੀ ਅਸਲੀਅਤ।

ਜਰਮਨ ਜੰਗੀ ਕੈਦੀ ਅਮਰੀਕਨ ਹੱਥਾਂ ਵਿਚ ਸਹੀ ਸਲਾਮਤ ਪਹੁੰਚ ਜਾਂਦੇ ਹਨ। ਕੁਲ ਜਰਮਨੀ ਅੰਦਰ ਜਰਮਨ ਕੈਦੀਆਂ ਦੇ 200 ਕੈਂਪ ਹਨ। ਹਰ ਕੈਂਪ ਵਿਚ ਇਕ ਵੱਡਾ ਖੁੱਲ੍ਹਾ ਅਹਾਤਾ ਹੈ। ਜਿਸ ਦੇ ਚਾਰੇ ਪਾਸੇ ਜਿਥੋਂ ਤਕ ਨਜ਼ਰ ਜਾਂਦੀ ਹੈ, ਕੰਡਿਆਲੀ ਤਾਰ ਹੈ। ਹਜ਼ਾਰਾਂ ਜਰਮਨ ਪਹਿਲਾਂ ਹੀ ਏਥੇ ਹਨ। ਕਈ ਘੰਟੇ ਚਿੱਕੜ ਵਿਚ ਚੱਲ ਕੇ ਕੈਦੀ ਪਹੁੰਚਦਾ ਹੈ। ਪੇਟ ਵਿਚ ਵੱਟ ਪੈ ਰਿਹਾ ਹੈ, ਖ਼ਾਲੀ ਕਰਨ ਲਈ ਟਿਕਾਣਾ ਲੱਭਣ ਲਈ ਨਜ਼ਰ ਘੁਮਾਉਂਦਾ ਹੈ। ਹੋਰਨਾਂ ਤੋਂ ਪੁੱਛਦਾ ਹੈ, ਜਵਾਬ ਮਿਲਦਾ ਹੈ ਲੈਟਰੀਨ ਨਾਂ ਦੀ ਏਥੇ ਕੋਈ ਥਾਂ ਨਹੀਂ, ਜਿਥੇ ਜੀ ਕਰਦੈ ਬੈਠ ਜਾਵੋ। ਕੈਦੀ ਪਹਿਲਾਂ ਥੱਕਿਆ ਮਰਿਆ ਸੀ, ਭੁੱਖਾ ਸੀ, ਸਹਿਮਿਆ ਸੀ, ਹੁਣ ਉਹ ਫ਼ੌਜੀ ਗੰਦਾ ਵੀ ਹੋ ਗਿਆ। ਅੱਗੇ ਪਿੱਛੇ ਹਰ ਪਾਸੇ ਜਰਮਨ ਜੰਗੀ ਕੈਦੀ ਹਨ, ਸਭ ਲੈਟਰੀਨ ਨੂੰ ਢੂੰਡ ਰਹੇ ਹਨ। ਦਿਨ ਬੀਤ ਚੱਲਿਆ ਹੈ, ਲੱਤਾਂ ਥੱਕ ਕੇ ਚੂਰ ਹਨ, ਬੈਠਣ ਲਈ ਕੋਈ ਥਾਂ ਨਹੀਂ। ਖਾਣ ਲਈ ਕੁਝ ਨਹੀਂ ਮਿਲ ਰਿਹਾ। ਝਟ ਪਤਾ ਲੱਗ ਜਾਂਦਾ ਹੈ ਕਿ ਕਈ ਦਿਨ ਪਹਿਲਾਂ ਤੋਂ ਆਏ ਕੈਦੀਆਂ ਨੂੰ ਵੀ ਨਾ ਖਾਣਾ ਮਿਲਿਆ ਹੈ ਅਤੇ ਨਾ ਪਾਣੀ। ਪਰ ਇੰਜ ਕਿਵੇਂ ਹੋ ਸਕਦੈ ? ਜੈਨੀਵਾ ਕਨਵੈਨਸ਼ਨ ਸਾਫ਼ ਕਹਿੰਦੀ ਹੈ ਕਿ ਜੰਗੀ ਕੈਦੀਆਂ ਦੇ ਨਾਲ ਵਤੀਰਾ ਕਿਵੇਂ ਹੋਣਾ ਚਾਹੀਦਾ ਹੈ। ਜ਼ਰੂਰ ਕਿਤੇ ਭੁੱਲ ਹੋਈ ਹੈ। ਉਮੀਦ ਕਰੀਏ ਸ਼ਾਇਦ ਏਨੀ ਠੰਡ ਅਤੇ ਮੀਂਹ ਵਿਚ ਕਿਤੇ ਆਸਰਾ ਮਿਲ ਜਾਵੇ। ਵਰਦੀ ਗਿੱਲੀ ਹੈ, ਬਹਾਦਰ ਸਿਪਾਹੀ ਤੁਹਾਡੇ ਆਲੇ-ਦੁਆਲੇ ਰੋਂਦੇ ਪਏ ਹਨ, ਭੁੱਖ ਤ੍ਰੇਹ ਉਨੀਂਦਰੇ ਅਤੇ ਰੜੇ ਵਿਚ ਖਲੋਤੇ, ਮੌਸਮ ਦੇ ਮਾਰੇ ਇਕ ਇਕ ਕਰਕੇ ਡਿੱਗਣੇ ਸ਼ੁਰੂ ਹੋ ਗਏ ਹਨ। ਪਹਿਲਾਂ ਮਰਦਾਨਗੀ ਗਈ, ਫਿਰ ਸਵੈਮਾਣ ਗਿਆ ਅਤੇ ਅੰਤ ਜਾਨ ਵੀ। ਜੋ ਵੀ ਡਿੱਗ ਪਿਆ ਉਸਦਾ ਮੂੰਹ ਮਲ-ਮੂਤਰ ਅਤੇ ਚਿੱਕੜ ਤੋਂ ਫਿਰ ਨਹੀਂ ਉੱਠਿਆ।

ਜੋ ਮਰਿਆ, ਉਸਦੀ ਲਾਸ਼ ਘੜੀਸ ਕੇ ਇਕ ਤੰਬੂ ਵਿਚ ਲਿਜਾਈ ਜਾਂਦੀ ਹੈ, ਜਿਥੇ ਉਸਦੇ ਕੱਪੜੇ ਉਤਾਰੇ ਜਾਂਦੇ ਹਨ, ਪਛਾਣ-ਪੱਟੀ ਕੱਟ ਕੇ ਦੋ ਟੋਟੇ ਕੀਤੀ ਜਾਂਦੀ ਹੈ ਅਤੇ ਨੰਗੇ ਸਰੀਰ ਉੱਤੇ ਅਜੇਹੇ ਕੈਮੀਕਲ ਛਿੜਕੇ ਜਾਂਦੇ ਹਨ, ਜਿਨ੍ਹਾਂ ਦੇ ਨਾਲ ਸਰੀਰ ਜਲਦੀ ਗਲ ਜਾਵੇ। ਅਜਿਹਾ ਸਰੀਰ ਵੱਡੀ ਖਾਈ ਵਿਚ ਸੁੱਟਿਆ ਜਾਂਦਾ ਹੈ। ਅਮਰੀਕਾ ਦੇ ਹੱਥ ਆਏ ਸਤਾਰ੍ਹਾਂ ਲੱਖ ਜਰਮਨੀ ਜੰਗੀ ਕੈਦੀਆਂ ਨੂੰ ਸੋਚ ਸਮਝ ਕੇ ਭੁੱਖ, ਠੰਢ ਅਤੇ ਬਿਮਾਰੀ ਦੇ ਨਾਲ ਇੰਜ ਖ਼ਤਮ ਕੀਤਾ ਗਿਆ।

ਅਜਿਹਾ ਨਰ-ਸੰਘਾਰ ਜਰਨੈਲ ਆਈਜ਼ਨਹਾਵਰ ਜੀ ਦੇ ਸਿੱਧੇ ਹੁਕਮ ਅਨੁਸਾਰ ਕੀਤਾ ਗਿਆ। ਲਿਖਤੀ ਰੂਪ ਵਿਚ ਉਨ੍ਹਾਂ ਦੇ ਹੁਕਮਾਂ ਨੇ ਇਹ ਫ਼ੁਰਮਾਇਆ, "ਕੈਦੀਆਂ ਦੇ ਵਾੜਿਆਂ ਵਿਚ ਕੋਈ ਛੱਤ ਜਾਂ ਕਿਸੇ ਸੁਖ ਦਾ ਸਾਧਨ ਨਹੀਂ ਹੋਵੇਗਾ।"

ਸਟੀਫ਼ਨ ਐਂਬਰੋਜ਼ ਨੇ ਆਈਜ਼ਨਹਾਵਰ ਦੀ ਜੀਵਨੀ ਲਿਖੀ ਹੈ। ਏਸ ਕੰਮ ਲਈ ਉਸਨੂੰ ਆਈਜ਼ਨਹਾਵਰ ਦੇ ਕੁਝ ਨਿੱਜੀ ਪੱਤਰ ਪੜ੍ਹਨ ਲਈ ਮਿਲੇ ਸਨ। ਆਈਜ਼ਨਹਾਵਰ ਕੇਵਲ ਨਾਜ਼ੀ ਸਰਕਾਰ ਜਾਂ ਉਪਰਲੇ ਲੀਡਰਾਂ ਨਾਲ ਨਹੀਂ, ਬਲਕਿ ਕੁਲ ਜਰਮਨ ਕੌਮ ਨਾਲ ਨਫ਼ਰਤ ਕਰਦਾ ਸੀ। ਉਸ ਦੀ ਇੱਛਾ ਸੀ, ਵੱਧ ਤੋਂ ਵੱਧ ਜਰਮਨਾਂ ਨੂੰ ਮਿਟਾ ਦਿੱਤਾ ਜਾਵੇ।

ਆਈਜ਼ਨਹਾਵਰ ਨੂੰ ਖ਼ਬਰ ਸੀ ਕਿ ਫ਼ੌਜੀ ਕੈਦੀਆਂ ਉੱਤੇ ਅਜੇਹੇ ਅੱਤਿਆਚਾਰ ਅੰਤਰਰਾਸ਼ਟਰੀ ਜੁਰਮ ਸਨ। ਏਸ ਲਈ ਉਸਨੇ "ਜੰਗੀ ਕੈਦੀਆਂ" ਦੇ ਨਾਂ ਦੀ ਥਾਂ ਘੜ ਲਿਆ "ਬੇਹਥਿਆਰ ਕੀਤੇ ਦੁਸ਼ਮਣ" ਜਾਂ "ਡੀ. ਈ. ਐੱਫ."। ਸਵਿਸ ਰੈੱਡ ਕ੍ਰਾਸ ਵੀ ਇਨ੍ਹਾਂ ਕੈਦੀਆਂ ਤਕ ਨਹੀਂ ਸੀ ਪਹੁੰਚ ਸਕਦੀ।

ਜੰਗ ਖ਼ਾਤਮੇ ਦੇ ਐਲਾਨ ਪਿੱਛੋਂ ਕਈ ਚਿਰ ਪਿੱਛੋਂ ਤਕ ਆਈਜ਼ਨਹਾਵਰ ਦੇ ਖ਼ਾਸ ਜਰਮਨ 'ਡੀ. ਏ. ਐਫ." ਕੈਂਪ ਚਲਦੇ ਰਹੇ। ਆਈਜ਼ਨਹਾਵਰ ਨੇ ਫ਼ੌਜੀਆਂ ਨੂੰ ਭੁੱਖੇ ਭਾਣੇ ਤਾੜ ਕੇ ਰੱਖਿਆ ਹੋਇਆ ਸੀ ਅਤੇ ਉਨ੍ਹਾਂ ਤੋਂ ਜੰਗੀ ਕੈਦੀਆਂ ਦਾ

ਹੱਕ ਵੀ ਖੋਹ ਲਿਆ ਸੀ। ਸਤਾਰ੍ਹਾਂ ਲੱਖ ਇਨਸਾਨਾਂ ਨੂੰ ਮਾਰਨਾ ਅਤੇ ਟਿਕਾਣੇ ਲਾਉਣਾ ਕੋਈ ਛੋਟਾ ਕੰਮ ਨਹੀਂ ਸੀ। ਮਰਦਿਆਂ, ਮੁਰਦਿਆਂ ਅਤੇ ਲੋਥਾਂ ਨਾਲ ਭਰੀਆਂ ਖੰਦਕਾਂ ਦੀਆਂ ਚੋਖੀਆਂ ਤਸਵੀਰਾਂ ਅਤੇ ਫ਼ਿਲਮਾਂ ਬਣਾਈਆਂ ਗਈਆਂ। ਹੋ ਸਕਦਾ ਹੈ ਕਿ ਇਨ੍ਹਾਂ ਹੀ ਤਸਵੀਰਾਂ ਦੀ, ਕਥਿਤ ਯਹੂਦੀਆਂ ਦੀ ਦੁਰਦਸ਼ਾ ਵਿਖਾਉਣ ਲਈ ਵਰਤੋਂ ਕੀਤੀ ਗਈ ਹੋਵੇ। ਮੁਰਦਾ ਤਸਵੀਰ ਨੇ ਕਿਹੜਾ ਬੋਲਣਾ ਹੈ ਕਿ ਮੈਂ ਯਹੂਦੀ ਹਾਂ ਜਾਂ ਜਰਮਨ।

ਜਰਨੈਲ ਆਈਜ਼ਨਹਾਵਰ ਕੁਲ ਯੂਰਪੀ ਫ਼ੌਜਾਂ ਦਾ ਮੁਖੀ ਸੀ। ਸਭ ਉਸਦੇ ਹੁਕਮਾਂ ਅਨੁਸਾਰ ਹੋ ਰਿਹਾ ਸੀ। ਕੇਵਲ ਜਨਰਲ ਪੈਟਨ ਨੇ ਹੁਕਮਾਂ ਦੀ ਪ੍ਰਵਾਹ ਨਹੀਂ ਕੀਤੀ। ਜੰਗ ਖ਼ਤਮ ਹੁੰਦਿਆਂ ਹੀ ਜਰਨੈਲ ਪੈਟਨ ਨੇ ਜਰਮਨ ਕੈਦੀ ਫ਼ੌਜੀ, ਘਰੋ-ਘਰੀ ਜਾਣ ਲਈ ਖੁੱਲ੍ਹੇ ਛੱਡ ਦਿੱਤੇ। ਆਈਜ਼ਨਹਾਵਰ ਦੀ ਝਿੜਕ ਪਿੱਛੋਂ ਵੀ ਉਹ ਸੁਧਰਿਆ ਨਹੀਂ, ਇਸ ਲਈ ਉਸ ਦੀ ਕਮਾਨ ਖੋਹੀ ਗਈ। ਅਮਰੀਕਾ ਪਰਤ ਕੇ ਵੀ ਉਹ ਨਰ-ਸੰਘਾਰ ਸਕੀਮ ਦੇ ਵਿਰੁੱਧ ਰਿਹਾ। ਸ਼ਾਇਦ ਏਸ ਲਈ ਦਸੰਬਰ 1945 ਵਿਚ ਇਕ ਅਣਹੋਣੇ ਜਹੇ ਕਾਰ ਹਾਦਸੇ ਵਿਚ ਮਰ/ਮਾਰਿਆ ਗਿਆ।

ਜਰਨੈਲ ਆਈਜ਼ਨਹਾਵਰ ਨੂੰ ਕੀ ਤਕਲੀਫ਼ ਸੀ ਕਿ ਉਸਨੇ ਜੰਗੀ ਕੈਦੀਆਂ ਦਾ ਨਾਂ ਬਦਲ ਕੇ, (ਤਾਂ ਜੋ ਕੋਈ ਇਤਰਾਜ਼ ਨਾ ਉੱਠੇ) ਸਚਮੁੱਚ ਲੱਖਾਂ ਕੈਦੀਆਂ ਨੂੰ ਭੁੱਖੇ ਮਰਵਾ ਦਿੱਤਾ ? ਅਸਲ ਵਿਚ ਉਹ ਅਮਰੀਕਨ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰ ਰਿਹਾ ਸੀ। ਇਹ ਹੁਕਮ ਕਿਵੇਂ ਪੈਦਾ ਹੋਏ ?

ਅਗਸਤ 1944 ਵਿਚ ਜਰਮਨੀ ਅੰਦਰ ਆਉਣ ਵਾਲੀ ਕਾਬਜ਼ ਫ਼ੌਜੀ ਹਕੂਮਤ ਬਾਰੇ ਇਕ ਕਿਤਾਬਚਾ ਹੈਨਰੀ ਮਾਰਗੈਨਥੋ ਵੱਲੋਂ ਲਿਖਿਆ ਗਿਆ। ਇਸ ਵਿਚ ਵਿਸਥਾਰ ਕੀਤਾ ਗਿਆ ਸੀ ਕਿ ਕਿਵੇਂ ਸ਼ਹਿਰੀ ਜ਼ਿੰਦਗੀ ਬਹਾਲ ਕੀਤੀ ਜਾਵੇ ਅਤੇ ਤਬਾਹ ਹੋਇਆ ਜਰਮਨੀ ਆਪਣੇ ਪੈਰਾਂ ਉੱਤੇ ਖੜਾ ਕੀਤਾ ਜਾਵੇ। ਪ੍ਰਧਾਨ ਰੂਜ਼ਵੈਲਟ ਨੇ ਪੜ੍ਹਦਿਆਂ ਹੀ ਇਸ ਕਿਤਾਬਚੇ ਨੂੰ ਰੱਦ ਕਰ ਦਿੱਤਾ। ਹੈਨਰੀ ਨੇ ਕਿਹਾ, "ਇੰਗਲੈਂਡ ਵਿਚ ਬਹੁਗਿਣਤੀ ਲੋਕਾਂ ਦਾ ਖ਼ਿਆਲ ਹੈ ਕਿ ਜੋ ਕੁਝ ਵੀ ਹੋਇਆ ਉਸ ਵਿਚ ਕੁਝ ਨਾਜ਼ੀਆਂ ਨੂੰ ਛੱਡ ਕੇ ਬਾਕੀ ਜਰਮਨ ਵੱਸੋਂ ਦਾ ਕੋਈ ਦੋਸ਼ ਨਹੀਂ ਸੀ।" ਪਰ ਰੂਜ਼ਵੈਲਟ ਨੇ ਕਿਹਾ ਕਿ ਕੁਲ ਜਰਮਨ ਵੱਸੋਂ ਆਧੁਨਿਕ ਸਭਿਅਤਾ ਦੇ ਖ਼ਿਲਾਫ਼ ਸ਼ੜਯੰਤਰ ਵਿਚ ਸ਼ਾਮਲ ਹੋਣ ਦੀ ਕਸੂਰਵਾਰ ਹੈ।

ਮੁੱਕਦੀ ਗੱਲ ਇਕ ਨਵਾਂ ਕਿਤਾਬਚਾ ਤਿਆਰ ਹੋਇਆ—ਹੁਕਮ ਨੰ: ਜੇ.ਸੀ.ਐਸ. 1067। ਇਸ ਅੰਦਰ ਕਾਬਜ਼ ਅਮਰੀਕੀ ਫ਼ੌਜ ਨੂੰ ਹੁਕਮ ਸੀ ਕਿ ਜਰਮਨੀ ਦੀ ਵਿੱਤੀ "ਮੁੜ ਉਸਾਰੀ ਲਈ ਕੋਈ ਕਦਮ ਨਾ ਚੁੱਕੇ ਜਾਣ"। ਨਾਲ ਹੀ ਇਹ ਹੁਕਮ ਸੀ ਕਿ ਭੁੱਖ ਅਤੇ ਬਿਮਾਰੀ ਐਸੀ ਨੀਵੇਂ ਪੱਧਰ ਉੱਤੇ ਰੱਖੀ ਜਾਵੇ ਕਿ ਉਨ੍ਹਾਂ ਤੋਂ ਕਾਬਜ਼ ਫ਼ੌਜਾਂ ਨੂੰ ਕੋਈ ਖ਼ਤਰਾ ਨਾ ਰਹੇ। ਆਈਜ਼ਨਹਾਵਰ ਨੂੰ ਭੇਜਿਆ ਇਹ ਖ਼ੁਫ਼ੀਆ ਹੁਕਮਨਾਮਾ ਅਕਤੂਬਰ 17, 1945 ਤਕ ਲਾਗੂ ਰਿਹਾ, ਜਦੋਂ ਪੋਟਸਡੈਮ ਸਮਝੌਤਾ ਹੋਇਆ।

ਹੁਕਮ ਜੇ.ਸੀ.ਐਸ. 1067 ਉੱਤੇ ਸਖ਼ਤੀ ਦੇ ਨਾਲ ਅਮਲ ਕੀਤਾ, ਜਿਸ ਦਾ ਸਿੱਟਾ ਸੀ ਸਤਾਰ੍ਹਾਂ ਲੱਖ ਜਰਮਨ ਫ਼ੌਜੀ ਕੈਦੀਆਂ ਦੀ ਭੁੱਖ ਕਾਰਨ ਮੌਤ। ਪਿੱਛੋਂ ਜਾ ਕੇ ਇਸ ਨਰ-ਸੰਘਾਰ ਦੀ ਜ਼ਿੰਮੇਵਾਰੀ ਸੋਵੀਅਤ ਸੰਘ ਦੇ ਉੱਤੇ ਬਾਰ-ਬਾਰ ਥੋਪੀ ਗਈ।

ਆਈਜ਼ਨਹਾਵਰ ਦਾ ਪਿਛੋਕੜ ਸ਼ਾਇਦ ਉਸਦੀ ਜਰਮਨਾਂ ਪ੍ਰਤੀ ਪਾਗਲ ਅੰਨ੍ਹੀ ਦੁਸ਼ਮਣੀ ਬਾਰੇ ਚਾਨਣਾ ਪਾ ਸਕੇ। ਉਸ ਸਮੇਂ ਅਮਰੀਕਾ ਅੱਜ ਵਾਂਗ ਸੁਧਰਿਆ ਨਹੀਂ ਸੀ, ਬਲਕਿ ਨਸਲਵਾਦ ਪੂਰੇ ਜ਼ੋਰਾਂ ਉੱਤੇ ਸੀ। ਸਕੂਲ ਵਿਚ ਪੜ੍ਹਦੇ ਆਈਜ਼ਨਹਾਵਰ ਨੂੰ ਹੈੱਡਮਾਸਟਰ ਨੇ ਪੁੱਛਿਆ, "ਕੀ ਤੇਰਾ ਪਿੱਛਾ ਏਸ਼ੀਆਈ ਹੈ, ਤੂੰ ਦਿਸਦਾ ਹੋਰ ਤਰ੍ਹਾਂ ਦਾ ਹੈਂ ?" ਬੱਚੇ ਨੇ ਜਵਾਬ ਦਿੱਤਾ, "ਨਹੀਂ।" ਹੋਰ ਪੁੱਛ-ਗਿੱਛ ਕੀਤਿਆਂ ਉਹ ਮੰਨ ਗਿਆ ਕਿ ਉਸਦਾ ਪਿੱਛਾ ਯਹੂਦੀ ਹੈ। ਹੈੱਡਮਾਸਟਰ ਨੇ ਕਿਹਾ, "ਤਦੇ ਹੀ ਤੇਰਾ ਪਿੱਛਾ ਏਸ਼ੀਆਈ ਹੈ।"

ਅਮਰੀਕਨ ਮਿਲਟਰੀ ਅਕੈਡਮੀ ਅੰਦਰ ਕੇਵਲ ਗੋਰਿਆਂ ਨੂੰ ਹੀ ਲਿਆ ਜਾਂਦਾ ਸੀ। ਆਈਜ਼ਨਹਾਵਰ ਇੱਕੋ ਇਕ ਉਕਾਈ ਸੀ। ਅਕੈਡਮੀ ਅੰਦਰ ਉਸ ਨੂੰ "ਟੈਰਿਬਲ ਸਵੀਡਿਸ਼ ਜਿਊ" ਕਰਕੇ ਜਾਣਿਆ ਜਾਂਦਾ ਸੀ।

•